# ਵਪਾਰੀਕਰਨ ਦੇ ਦੁਰਪ੍ਰਭਾਵ

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ.**

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

**ਵਪਾਰੀਕਰਨ ਦੇ ਦੁਰਪ੍ਰਭਾਵ**

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**

**ਡਿਪਟੀ ਮੈਡੀਕਲ ਕਮਿਸ਼ਨਰ**

ਬੀਬੀ ਵਾਲਾ ਰੋਡ, ਗਲੀ ਨੰਬਰ 6,
ਬਠਿੰਡਾ।
ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2010

© ਲੇਖਕ

**ਪ੍ਰਕਾਸ਼ਕ :**

*ਤਰਕਭਾਰਤੀ ਪ੍ਰਕਾਸ਼ਨ,*

ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ

ਫ਼ੋਨ : 01679-233244 ਫ਼ੈਕਸ : 241744

e-mail : anu_bnl@yahoo.com

www.tarksheel.com

**ਛਾਪਕ : ਸੋਨੀ ਆਫ਼ਸੈੱਟ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** 100/-

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
   - ਭਾਗ–1
   - ਭਾਗ–2
   - ਭਾਗ–3
   - ਭਾਗ–4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਮੌਜੂਦਾ ਵਿਕਾਸ ਬਨਾਮ ਮੇਹਨਤਕਸ਼

# ਤਤਕਰਾ


1. ਕੀ ਹੈ ਦੇਸ਼ ਵਿਆਪੀ ਪੀਣਯੋਗ ਪਾਣੀ ਸੰਕਟ? 5
2. ਭਾਰਤ 'ਚ ਮੰਦੀ ਅਤੇ ਸਰਕਾਰ 10
3. ਕਾਰਲ ਮਾਰਕਸ ਤੇ "ਪੂੰਜੀ" ਦੀਆਂ ਸਿੱਖਿਆਵਾਂ ਦੀ ਵਾਪਸੀ ਕਿਵੇਂ? 12
4. ਵਾਤਾਵਰਣ 'ਚ ਪਾਰੇ ਦਾ ਵਧਦਾ ਪੱਧਰ ਕਿੰਨਾ ਕੁ ਖਤਰਨਾਕ 15
5. ਕਿਵੇਂ ਗਲੇ ਦੀ ਹੱਡੀ ਬਣਿਆ ਆਰਥਕ ਸੰਕਟ? 19
6. ਮੰਦੀ ਦੀ ਆੜ 'ਚ ਮੁਨਾਫੇ ਦੀ ਖੇਡ ਕਿਵੇਂ? 20
7. ਕੀ ਇਕ ਬੀਮਾਰੀ ਹੈ ਪੂੰਜੀਵਾਦ ਵੀ? 23
8. ਪ੍ਰਸਿਥਤੀਆਂ ਵਿਗਿਆਨ ਸਬੰਧੀ ਇਕ ਪ੍ਰਸਤਾਵ 26
9. ਕੀ ਹੈ ਵਿਸੇਸ਼ ਆਰਥਕ ਜੋਨ (ਸੇਜ) ਦਾ ਵਰਤਾਰਾ? 50
10. ਕੀ ਸੇਜ ਨਾਲ ਦੇਸ਼ ਦਾ ਆਰਥਕ ਵਿਕਾਸ ਸੰਭਵ ਹੈ? 52
11. ਰਾਸ਼ਟਰ ਮੰਡਲ ਖੇਡਾਂ ਦੀ ਤਿਆਰੀ 'ਤੇ ਕੀ ਹੈ ਮੰਦੀ ਦਾ ਅਸਰ? 56
12. ਪੁਰਸਕਾਰਾਂ ਦੀ ਚੋਣ ਕਿੰਨੀ ਕੁ ਪਾਰਦਰਸ਼ੀ? 59
13. ਭਾਰਤੀ ਰੇਲ - ਉੱਚੀ ਦੁਕਾਨ ਫਿੱਕਾ ਪਕਵਾਨ 64
14. ਕੀ ਹਨ ਲੋਕ ਸਭਾ ਚੋਣਾਂ ਦੇ ਸਿੱਟੇ ਤੇ ਸਬਕ? 67
15. ਕੀ ਹੈ ਸੈਂਕੜੇ ਮਜ਼ਦੂਰਾਂ ਦੀ ਹੱਤਿਆ ਤੇ ਪ੍ਰਸ਼ਾਸ਼ਨ ਦਾ ਰੁਖ? 73
16. ਕੀ ਹੈ ਨਵੀਂ ਸਰਕਾਰ ਦੀ ਕਾਰਜ ਨੀਤੀ? 75
17. ਸਮਾਜਕ ਜਨਵਾਦ ਵਿਰੁੱਧ ਸੰਘਰਸ਼ ਕਿਉਂ ਜ਼ਰੂਰੀ? 77
18. ਅਧੁਨਿਕ ਪਿਆਰ ਬਨਾਮ ਅਸ਼ਲੀਲਤਾ 82
19. ਅਦਾਲਤਾਂ 'ਚ ਬੰਦੇ ਬਿਰਖ ਹੋ ਗਏ....। 84
20. ਲੀਚੀ 'ਤੇ ਸਰਕਾਰੀ ਅਣਦੇਖੀ ਦੀ ਮਾਰ ਕਿਸਾਨ ਬਦਹਾਲ 86
21. ਬਸਤਰ 'ਚ ਸਲਵਾ ਜੁਡੂਮ ਬਨਾਮ ਮਾਓਵਾਦੀ 89
22. ਕੌਮੀ ਨਦੀ ਦਾ ਸ਼ੋਕ ਗੀਤ 91
23. ਕਿਉਂ ਸੁਲਗਿਆ ਲਾਲਗੜ੍ਹ? 93
24. ਕੀ ਅਸੀਂ ਪਾਣੀ ਬਾਰੇ ਗਰੀਬ ਹੋ ਗਏ 97
25. ਕਿਵੇਂ ਯੌਨ ਦੀ ਨਿਲਾਮੀ 'ਚ ਫਸੀਆਂ ਸ਼ਹਿਜਾਦੀਆਂ? 100
26. ਕਿਤੇ ਡੋਬਾ, ਕਿਤੇ ਸੋਕਾ 103
27. ਨਦੀ ਤੋਂ ਨਾਲੇ ਤੱਕ ਦਾ ਸਫ਼ਰ 105
28. ਕਿਵੇਂ ਸੁੱਕ ਰਿਹਾ ਦੱਖਣ ਦਾ ਪਾਣੀ? 107
29. ਅਪ੍ਰੇਸ਼ਨ ਬਲਿਊ ਸਟਾਰ ਜ਼ਖਮ ਅਜੇ ਵੀ ਅੱਲ੍ਹੇ 110
30. ਗੁਜਰਾਤ ਹਾਈਕੋਰਟ 'ਚ ਖੜ੍ਹੇ 17 ਜੱਜਾਂ ਦੀ ਜਬਰੀ ਸੇਵਾ ਨਵਿਰਤੀ 113
31. ਸਿੱਖਿਆ 'ਚ ਨਿੱਜੀ ਹਿੱਸੇਦਾਰੀ ਦੀ ਨੀਤੀ ਕੀ ਸਹੀ ਹੈ? 116
32. ਭ੍ਰਿਸ਼ਟਾਚਾਰ ਦਾ ਨਾਗ ਬਨਾਮ ਸੀ. ਆਰ. ਪੀ. ਐਫ. 121
33. ਸੀ. ਆਰ. ਪੀ. ਐਫ. 'ਚ ਭਰਤੀ ਘੋਟਾਲੇ ਦੀ ਵਿਆਪਕਤਾ 123
34. ਕੌਮੀ ਪਹਿਚਾਣ ਪੱਤਰ ਯੋਜਨਾ 125
35. ਸੰਸਦੀ ਪ੍ਰਬੰਧ ਦੇ ਸੰਕਟ ਦਾ ਹੱਲ ਕਿਵੇਂ? 127
36. ਮਾਓਵਾਦੀਆਂ ਨੂੰ ਉੜੀਸਾ 'ਚ ਲੋਕ-ਹਮਾਇਤ ਕਿੰਨੀ? 129
37. ਜਿਉਂਦਿਆਂ ਦੇ ਬੁੱਤ ਲੱਗਣ ਤੋਂ ਕੀ ਭਾਵ ਹੈ? 131
38. ਬਾਲੀਵੁੱਡ ਦੀ ਬਦਨੁਮਾ ਅਸਲੀਅਤ 136
39. ਆਂਧਰਾ ਪ੍ਰਦੇਸ਼ 'ਚ ਜਬਰ ਦਾ ਦੌਰ 139
40. ਰਾਹੁਲ ਹੋਵੇ ਜਾਂ ਵਰੁਣ-ਕਿਸੇ ਤੋਂ ਉਮੀਦ ਹੈ ਕੋਈ? 140
41. ਨਕਸਲੀ ਸਮੱਸਿਆਵਾਂ ਦੇ ਹੱਲ ਦਾ ਰਾਹ ਕੀ ਹੋਵੇ? 143
42. ਅਮੀਰਾਂ ਦੇ ਇਲਾਜ ਲਈ ਪੰਜ ਤਾਰਾ ਹਸਪਤਾਲ 145
43. ਚਿੜੀਆਘਰ ਜਾਂ ਮੌਤ ਦਾ ਪਿੰਜਰਾ 148
44. ਕੀ ਹੈ ਲਾਲਗੜ੍ਹ ਦਾ ਸੱਚ? 150
45. ਪ੍ਰਚੂਨ ਬਾਜ਼ਾਰ ਦੀ ਕੌਣ ਕਰੂਗਾ ਰਾਖੀ? 153
46. ਅਮੀਰ ਦੇਵਤੇ ਗਰੀਬ ਲੋਕ 159
47. ਕੀ ਛਤੀਸ਼ਗੜ੍ਹ ਸਰਕਾਰ ਝੂਠੀ ਹੈ? 162
48. ਭਾਰਤੀ ਸਿਨੇਮਾ 'ਚ ਅਸ਼ਲੀਲਤਾ ਕਿੰਨੀ ਜਾਇਜ਼? 166
49. ਕੀ ਬਣੂ ਦਿਲੀ ਮੈਟਰੋ ਦੀ ਉਸਾਰੀ ਦਾ? 170
50. ਵਧਦੀ ਬਦਹਾਲੀ 62 ਸਾਲਾਂ ਤੋਂ ਕਿਸਾਨਾਂ ਦੀ ਕਮਾਈ 172

# ਕੀ ਹੈ ਦੇਸ਼ ਵਿਆਪੀ ਪੀਣਯੋਗ ਪਾਣੀ ਸੰਕਟ?

ਇਕ ਸਰਵੇਖਣ ਅਨੁਸਾਰ ਦਿੱਲੀ 'ਚ ਘੱਟੋ-ਘੱਟ ਪੱਚੀ ਫੀਸਦੀ ਲੋਕਾਂ ਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿ ਇਥੇ ਯਮੁਨਾ ਨਾਂ ਦੀ ਨਦੀ ਵਗਦੀ ਹੈ। ਦਿੱਲੀ 'ਚ ਯਮੁਨਾ ਦੀ ਲੰਬਾਈ ਬਾਈ ਕਿਲੋ ਮੀਟਰ ਯਾਨੀ ਉਸ ਦੀ ਕੁਲ ਲੰਬਾਈ ਦਾ ਸਿਰਫ 2 ਫੀਸਦੀ ਹੈ, ਪਰ ਉਸ ਦਾ ਅੱਸੀ ਫੀਸਦੀ ਪ੍ਰਦੂਸ਼ਣ ਦਿੱਲੀ 'ਚ ਹੁੰਦਾ ਹੈ। ਉਸ ਨਾਲ ਸਾਫ ਕਰਾਉਣ ਲਈ ਅਰਬਾਂ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਪਰ ਹਾਲਤ ਵਿਗੜਦੀ ਹੀ ਜਾ ਰਹੀ ਹੈ। 'ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ' ਦੀ ਸੁਨੀਤਾ ਨਰਾਇਣ ਅਨੁਸਾਰ 'ਦਿੱਲੀ 'ਚ ਯਮੁਨਾ ਮਰ ਚੁੱਕੀ ਹੈ, ਸਿਰਫ ਉਸ ਨੂੰ ਅਜੇ ਦਫਨਾਇਆ ਨਹੀਂ ਗਿਆ।' ਦੂਜੇ ਪਾਸੇ ਦੇਸ਼ ਭਰ ਵਿਚ ਪੀਣ ਵਾਲੇ ਪਾਣੀ ਦੀ ਇਸ ਕਦਰ ਹਾ ਹਾ ਕਾਰ ਮੱਚੀ ਹੋਈ ਹੈ ਕਿ ਮੱਧ ਪ੍ਰਦੇਸ਼ 'ਚ ਪੁਲਸ ਦੀ ਦੇਖ ਰੇਖ 'ਚ ਪਾਣੀ ਵੰਡਿਆ ਜਾ ਰਿਹਾ ਹੈ ਅਤੇ ਲੋਕਾਂ ਨੂੰ ਰਾਸ਼ਣ ਕਾਰਡ ਦੇਣੇ ਪੈ ਰਹੇ ਹਨ। ਦੱਖਣੀ ਭਾਰਤ 'ਚ ਪਾਣੀ ਹਾਸਲ ਕਰਨ ਲਈ ਔਰਤਾਂ ਨੂੰ ਜਾਨ ਤੋਂ ਹੱਥ ਧੋਣੇ ਪੈ ਰਹੇ ਹਨ। ਦੱਖਣੀ ਭਾਰਤ 'ਚ ਪਾਣੀ ਹਾਸਲ ਕਰਨ ਲਈ ਔਰਤਾਂ ਨੂੰ ਜਾਨ ਤੋਂ ਹੱਥ ਧੋਣੇ ਪੈ ਰਹੇ ਹਨ ਅਤੇ ਗੁਜਰਾਤ ਵਿਚ ਜ਼ਮੀਨ ਖੋਦ ਕੇ ਪਾਣੀ ਨਿਕਲਣ ਪਿੱਛੋਂ ਉਸ ਥਾਂ ਨੂੰ ਘੇਰ ਕੇ ਤਾਲੇ ਲਾਏ ਜਾ ਰਹੇ ਹਨ। ਗੁਜਰਾਤ ਦੇ ਸੌਰਾਸ਼ਟਰ ਇਲਾਕੇ ਵਿਚ ਕੱਛ ਦੇ ਛੋਟੇ ਰਣ ਤੋਂ ਗੁਜਰਾਤੀ ਨਰਬਦਾ ਨਹਿਰ ਦੇ ਮਾਲਵਣੀ – ਮਾਲਿਆ ਦੇ ਨੇੜੇ ਟੁੱਟ ਜਾਣ ਕਰਕੇ ਪਾਣੀ ਮਰੂ ਭੂਮੀ 'ਚ ਫੈਲ ਗਿਆ। ਨਹਿਰ ਦੀ ਲੀਲਾਪੁਰ ਮੇਨ ਲਾਈਨ ਤੋਂ ਪਾਣੀ ਦੀ ਸਪਲਾਈ ਠੱਪ ਹੋ ਗਈ। ਨਰਬਦਾ ਦਾ ਪਾਣੀ ਨਾ ਮਿਲਣ ਕਰਕੇ ਰਾਜਕੋਟ, ਜਾਮਨ ਨਗਰ ਤੇ ਕੱਛ ਜ਼ਿਲ੍ਹਿਆਂ ਦੇ ਲੋਕਾਂ ਨੂੰ ਫਿਲਹਾਲ ਪਿਆਸੇ ਹੀ ਰਹਿਣਾ ਪੈ ਰਿਹਾ ਹੈ। ਪਿਛਲੇ 12-13 ਮਹੀਨਿਆਂ ਵਿਚ ਸੱਤਵੀਂ ਵਾਰੀ ਇਹ ਨਹਿਰ ਟੁੱਟੀ ਹੈ। ਸੌਰਾਸ਼ਟਰ ਦੀ ਹੀ ਗੋਡਲ ਤਹਿਸੀਲ ਦੇ ਦੇਰਡੀ ਕੁੰਭਾਜੀ ਪਿੰਡ ਵਿਚ ਪਾਣੀ ਮੁਹੱਈਆ ਕਰਾਉਣ ਦੀ ਮੰਗ ਕਰ ਰਹੇ ਲੋਕਾਂ ਨੇ ਰਾਤ ਸਮੇਂ ਔਰਤ ਸਰਪੰਚ ਭਾਨੂ ਬੇਨ ਗੋਦਾ ਦੇ ਘਰ ਹੰਗਾਮਾ ਕੀਤਾ ਅਤੇ ਸਰਪੰਚ ਦੀਆਂ ਦੋ ਧੀਆਂ, ਦੇਵਰਾਨੀ ਤੇ ਗੁਆਂਢ 'ਚ ਰਹਿਣ ਵਾਲੇ ਨੌਜਵਾਨਾਂ ਨੂੰ ਜ਼ਖਮੀ ਕਰ ਦਿੱਤਾ। ਗੁਜਰਾਤ ਦੇ ਹੀ ਸੁਰਿੰਦਰ ਨਗਰ ਜ਼ਿਲ੍ਹੇ ਚਿ ਲੀਬੜੀ ਤਹਿਸੀਲ ਦੇ ਧੌਲੀ ਪਿੰਡ ਦੇ ਵਸਨੀਕ ਪਾਣੀ ਲਈ ਆਪਸ 'ਚ ਲੜ ਰਹੇ ਹਨ। ਪਿੰਡ ਦੇ ਤਲਾਅ 'ਤੇ ਇਕ ਸਿਪਾਹੀ ਤਾਇਨਾਤ ਕੀਤਾ ਗਿਆ ਹੈ। ਤਲਾਅ ਦੇ ਇਰਦ ਗਿਰਦ ਟੋਏ ਪੁੱਟ ਕੇ ਪਾਣੀ ਕੱਢਿਆ ਜਾਂਦਾ ਹੈ। ਪਰ ਆਪਣੀ ਮਿਹਨਤ ਨਾਲ ਕੱਢਿਆ ਪਾਣੀ ਕਿਤੇ ਚੋਰੀ ਨਾ ਹੋ ਜਾਵੇ। ਇਸ ਲਈ ਪਾਣੀ ਵਾਲੇ ਟੋਏ 'ਤੇ ਲੱਕੜੀ ਦਾ ਦਰਵਾਜ਼ਾ ਬਣਾ ਕੇ ਉਸ 'ਤੇ ਤਾਲਾ ਲਾਇਆ ਜਾਂਦਾ ਹੈ। ਕਈ ਪਿੰਡਾਂ ਵਿਚ ਪਾਣੀ ਦੀ ਐਸੀ ਕਿਲਤ ਹੈ ਕਿ ਲੋਕ ਉੱਥੇ ਆਪਣੀਆਂ ਧੀਆਂ ਵਿਆਹੁਣਾ ਨਹੀਂ ਚਾਹੁੰਦੇ ਅਤੇ ਪਿੰਡ ਵਾਲੇ ਗਰਮੀ ਵਿਚ ਆਪਣੀਆਂ ਬਹੂਆਂ ਤੇ ਬੱਚਿਆਂ ਨੂੰ ਸੁਹਰਿਆਂ ਦੀ ਬਜਾਏ ਆਪਣੇ ਕੋਲ ਹੀ ਰੱਖਣਾ ਪਸੰਦ ਕਰਦੇ ਹਨ। ਮੱਧ ਪ੍ਰਦੇਸ਼ ਤੋਂ ਮਿਲੀ ਇਕ ਖ਼ਬਰ ਅਨੁਸਾਰ ਪਾਣੀ ਹਾਸਲ ਕਰਨ ਲਈ ਲੋਕਾਂ ਨੂੰ ਮਜ਼ਬੂਰਨ ਖੂਨਦਾਨ ਵੀ ਕਰਨਾ ਪੈਂਦਾ ਹੈ ਭੁਪਾਲ 'ਚ ਹਰ ਪੰਜਵੇਂ ਘਰ ਨੂੰ ਟੈਂਕਰ ਰਾਹੀ ਪਾਣੀ

ਦੇਣਾ ਪੈਂਦਾ ਹੈ। ਜਦ ਕਿ ਵਿਦਿਸ਼ਾ ਦਾ ਜਲਘਰ ਹੋਲੀ ਤੱਕ ਸੁੱਕ ਜਾਂਦਾ ਹੈ ਸਰਕਾਰੀ ਹੈਂਡਪੰਪ ਵੀ ਸੁੱਕ ਗਏ ਹਨ। ਅੱਧੀ ਆਬਾਦੀ ਟੈਂਕਰਾਂ ਤੋਂ ਪਾਣੀ ਪੀ ਰਹੀ ਹੈ ਪਿੱਛੇ ਜਿਹੇ ਹੀ ਰਤਲਾਮ, ਵਿਦਿਸ਼ਾ ਸਾਗਰ ਤੇ ਗਵਾਲੀਅਰ 'ਚ ਪਾਣੀ ਸਬੰਧੀ ਝਗੜੇ ਮੁਕੱਦਮੇ ਵੀ ਹੋਏ। ਜੋ ਭੁਪਾਲ ਤਲਾਬਾਂ ਲਈ ਮਸ਼ਹੂਰ ਸੀ ਤੇ ਜਿਸ ਕੋਲ ਦਰਜਨ ਭਰ ਨਦੀਆਂ ਦਾ ਫੇਰਾ ਸੀ ਉੱਥੇ ਫਰਵਰੀ ਤੋਂ ਹੀ ਟੈਂਕਰਾਂ ਨਾਲ 20 ਫੀਸਦੀ ਅਬਾਦੀ ਨੂੰ ਪਾਣੀ ਪਹੁੰਚਾਇਆ ਜਾ ਰਿਹਾ ਹੈ। ਦਿੱਲੀ 'ਚ ਰੋਜ਼ਾਨਾ 30 ਕਰੋੜ ਗੇਲਨ ਪਾਣੀ ਦੀ ਘਾਟ ਲਗਾਤਾਰ ਬਣੀ ਹੋਈ ਹੈ। ਪਾਣੀ ਦੀ ਸਪਲਾਈ ਤਾਂ ਕੁਲ ਮਿਲਾ ਕੇ ਠੀਕ ਹੈ। ਪਰ ਦਿੱਲੀ ਦੇ ਰੇਟ ਸਾਰੇ ਮਹਾਂਨਗਰਾਂ ਤੋਂ ਵੱਧ ਹੈ। 10 ਕਰੋੜ ਗੇਲਨ ਰੋਜ਼ਾਨਾ ਧਰਤੀ ਹੇਠਲੇ ਪਾਣੀ ਦੀ ਵਰਤੋਂ ਵੀ ਬੇਹਤਰ ਸਥਿਤੀ ਦੀ ਤਰਫ ਇਸ਼ਾਰਾ ਨਹੀਂ ਕਰਦੀ। ਸਭ ਤੋਂ ਵੱਡੀ ਸਮੱਸਿਆ ਪਾਣੀ ਦੀ ਕਾਣੀ ਵੰਡ ਹੈ। ਮਹਰੌਲੀ 'ਚ ਜਿੱਥੇ ਇਕ ਬੰਦੇ ਨੂੰ ਰੋਜਾਨਾ 28 ਲੀਟਰ ਪਾਣੀ ਮਿਲਦਾ ਹੈ, ਉੱਥੇ ਛਾਉਣੀ ਇਲਾਕੇ ਦੇ ਬਸ਼ਿੰਦਿਆਂ ਨੂੰ ਰੋਜਾਨਾ 500 ਲੀਟਰ ਤੋਂ ਵੱਧ ਪਾਣੀ ਮਿਲਦਾ ਹੈ। ਲਖਨਊ ਦੀ ਪਿਆਸ ਬੁਝਾਉਣ ਦੀ ਹੁਣ ਤੱਕ ਅਸਾਨੀ ਨਾਲ ਮੁਹਈਆ ਧਰਤੀ ਹੇਠਲਾ ਪਾਣੀ ਆਉਣ ਵਾਲੇ ਦਿਲਾਂ 'ਚ ਪਹੁੰਚ ਤੋਂ ਦੂਰ ਹੋ ਸਕਦਾ ਹੈ। ਇਸ ਸ਼ਹਿਰ ਵਿਚ ਜ਼ਮੀਨ ਦੇ ਗਰਭ 'ਚੋਂ ਰੋਜ਼ਾਨਾ ਕਰੀਬ 60 ਕਰੋੜ ਲਿਟਰ ਪਾਣੀ ਕੱਢਿਆ ਜਾ ਰਿਹਾ ਹੈ। 407 ਸਰਕਾਰੀ ਖੂਹਾਂ ਅਤੇ ਲੱਖਾਂ ਜੈਟ ਪੰਪਾਂ ਰਾਹੀਂ ਭੂ-ਜਲ ਸਰੋਤਾਂ ਦੀ ਬੇਰਹਿਮ ਲੁੱਟ ਦੇ ਨਤੀਜੇ ਹੁਣ ਸਾਹਮਣੇ ਆਉਣ ਲੱਗੇ ਹਨ। ਦੋ ਦਹਾਕੇ ਪਹਿਲਾਂ ਜਦ ਸ਼ਹਿਰ ਵਿਚ ਆਮ ਪਾਣੀ ਦਾ ਪੱਧਰ 5 ਤੋਂ 10 ਮੀਟਰ ਦੀ ਗਹਿਰਾਈ 'ਤੇ ਰਹਿੰਦਾ ਸੀ ਅੱਜ ਇਹ ਜ਼ਿਆਦਾਤਰ ਖੇਤਰਾਂ ਵਿਚ 15-35 ਮੀਟਰ ਦੇ ਚਿੰਤਾਜਨ ਪੱਧਰ ਤੱਕ ਪਹੁੰਚ ਗਿਆ ਹੈ।

ਉੱਤਰ ਪ੍ਰਦੇਸ਼ 'ਚ ਹਾਕਮ ਇਸ ਗੱਲ 'ਤੇ ਆਪਣੀ ਪਿੱਠ ਥਪਥਪਾ ਰਹੇ ਹਨ ਕਿ ਵਿਸ਼ਵ ਸਿਹਤ ਸੰਗਠਨ ਦੇ ਪੈਮਾਨੇ ਮੁਤਾਬਕ ਪ੍ਰਤੀ ਵਿਅਕਤੀ ਪ੍ਰਤੀ ਦਿਨ 40 ਲੀਟਰ ਪਾਣੀ ਮੁਹਈਆ ਕਰਨਾ ਯਕੀਨੀ ਬਣਾ ਲਿਆ ਗਿਆ ਹੈ। ਪਰ ਹਕੀਕਤ ਕੋਹਾਂ ਦੂਰ ਹੈ। ਲੋਕਾਂ ਨੂੰ ਪਾਣੀ ਮੁਹਈਆ ਕਰਾਉਣ ਲਈ ਸਾਲ 2002 'ਚ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਜਨਮ ਦਿਨ (25 ਦਸੰਬਰ) 'ਤੇ ਸ਼ੁਰੂ ਕੀਤਾ ਗਿਆ। ਆਸਾਂ ਭਰਪੂਰ ਸਵੈ ਜਲਧਾਰ ਪ੍ਰੋਜੈਕਟ ਉਸੇ ਸੂਬੇ ਆਪਣਾ ਦਮ ਤੋੜ ਰਿਹਾ ਹੈ। ਜਿੱਥੋਂ ਇਸ ਦੀ ਸ਼ੁਰੂਆਤ ਹੋਈ ਸੀ। ਪ੍ਰੋਜੈਕਟ ਦੀ ਸ਼ੁਰੂਆਤ ਵੀ ਮੁੱਖ ਮੰਤਰੀ ਮਾਇਆਵਤੀ ਨੇ ਹੀ ਲਖਨਊ ਦੇ ਇਕ ਪਿੰਡ 'ਚ ਕੀਤੀ ਸੀ ਅਤੇ ਅੱਜ ਜਦ ਇਹ ਪ੍ਰੋਜੈਕਟ ਦਮ ਤੋੜ ਰਿਹਾ ਹੈ, ਤਦ ਉਹ ਸੂਬੇ ਦੀ ਮੁਖੀ ਮਾਇਆਵਤੀ ਹੀ ਹੈ। ਮੁੰਬਈ 'ਚ ਤਪਸ਼ ਵਧਣ ਦੇ ਨਾਲ ਹੀ ਪਾਣੀ ਦੀ ਕਿੱਲਤ ਸ਼ੁਰੂ ਹੋ ਗਈ ਹੈ। ਪਿਛਲੇ ਸਾਲ ਮਾਰਚ ਦੀ ਸ਼ੁਰੂਆਤ ਵਿਚ ਮੁੰਬਈ ਮਹਾਂਨਗਰ ਪਾਲਿਕਾ (ਮਨਪਾ) ਨੇ ਜਲ ਸਪਲਾਈ 'ਚ 10-15 ਫੀਸਦੀ ਦੀ ਕਟੌਤੀ ਸ਼ੁਰੂ ਕਰ ਦਿੱਤੀ ਹੈ। ਮੁੰਬਈ 'ਚ ਪਾਣੀ ਸਪਲਾਈ ਛੇ ਬਣਾਉਟੀ ਝੀਲਾਂ ਤੋਂ ਹੁੰਦੀ ਹੈ।

ਮਨਪਾ ਨੇ ਹਾਈਡ੍ਰੋਲਿਕ ਪ੍ਰਭਾਗ ਮੁਤਾਬਕ, ਇਸ ਸਮੇਂ ਮੁੰਬਈ ਦੇ ਮੂਲ ਸਰੋਤਾਂ 'ਚ 497000 ਮੈਗਾਲੀਟਰ ਪਾਣੀ ਵੀ ਮੁਹਈਆ ਹੈ। ਇਹ ਪਾਣੀ ਦੇ ਆਮ ਪੱਧਰ ਤੋਂ 60 ਫੀਸਦੀ ਘੱਟ ਹੈ। ਕੋਲਕਾਤਾ ਮਹਾਂਨਗਰ ਆਪਣੇ ਬਸ਼ਿੰਦਿਆਂ ਨੂੰ ਜ਼ਰੂਰਤ ਭਰ ਪੀਣ ਦਾ ਸਾਫ਼ ਪਾਣੀ ਮੁਹਈਆ ਨਹੀਂ ਕਰਵਾ ਸਕਿਆ ਹੈ। ਕੋਲਕਾਤਾ ਨਗਰ ਨਿਗਮ

ਦੇ 141 ਵਾਰਡਾਂ ਦੀ ਅਬਾਦੀ 44 ਲੱਖ ਹੈ। ਇਨ੍ਹਾਂ ਵਿਚ 49 ਵਾਰਡਾਂ 'ਚ ਪਾਈਪ ਲਾਈਨ ਨਾਲ ਪਾਣੀ ਦੀ ਸਪਲਾਈ ਨਹੀਂ ਹੁੰਦੀ। ਇਹ ਵਾਰਡ ਖੂਹਾਂ ਤੇ ਨਲਕਿਆਂ ਉੱਪਰ ਨਿਰਭਰ ਹਨ। ਪੱਛਮੀ ਬੰਗਾਲ 'ਚ ਸਿਰਫ ਗਰਮੀ ਵਿਚ ਹੀ ਨਹੀਂ ਤੇ ਸਿਰਫ ਪੀਣ ਲਈ ਹੀ ਨਹੀਂ ਸਿੰਚਾਈ ਆਦਿ ਲਈ ਵੀ ਪਾਣੀ ਦਾ ਗੰਭੀਰ ਸੰਕਟ ਹੈ। ਭੂ-ਗਰਭ ਜਲ ਸਰੋਤ ਘਟ ਜਾਣ ਕਰਕੇ ਕਲਕੱਤਾ ਸ਼ਹਿਰ ਬੀਤੇ 25 ਸਾਲਾਂ ਵਿਚ 60 ਸੈਂਟੀਮੀਟਰ ਹੇਠਾਂ ਧੱਸ ਗਿਆ ਹੈ। ਇਹ ਜਾਨਣ ਵਾਲਿਆਂ ਲਈ ਲੋਕ ਸਭਾ ਚੋਣਾਂ 'ਚ ਮਮਤਾ ਦੀ ਜਿੱਤ ਅਤੇ ਖੱਬਿਆਂ ਦੀ ਹਾਰ ਸਮਝਣ 'ਚ ਕੋਈ ਦਿਕਤ ਨਹੀਂ ਹੋਵੇਗੀ।

ਯਾਦਵਪੁਰ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਵਾਤਾਵਰਣ ਵਾਦੀ ਦੀ ਪਸੰਕਰ ਚਕਰਵਰਤੀ ਦੱਸਦੇ ਹਨ ਕਿ ਜਲ ਪ੍ਰਵਾਹ 'ਚ ਇਹ ਅਸੁਭਾਵਿਕ ਤਬਦੀਲੀ ਬੀਤੇ 30 ਸਾਲਾਂ 'ਚ ਅਣਵਿਉਂਤੇ ਤੇ ਉਗੜ ਦੁਗੜ ਤਰੀਕੇ ਨਾਲ ਹੋਏ ਸ਼ਹਿਰਾਂ ਦੇ ਵਿਕਾਸ ਦੀ ਦੇਣ ਹੈ। ਅੰਧਾਧੁੰਦ ਪਾਣੀ ਕੱਢਣ ਨਾਲ ਸੰਕਟ ਹੋਰ ਵਧੇਗਾ। ਕਲਕੱਤਾ 'ਚ ਕਈ ਵਾਰਡਾਂ 'ਚ ਧਰਤੀ ਹੇਠਲੇ ਪਾਣੀ 'ਚ ਆਰਸੇਨਿਕ ਦੀ ਭਾਰੀ ਮਾਤਰਾ ਪਾਈ ਜਾ ਰਹੀ ਹੈ। ਚੇਨਈ ਦੇ ਬਸ਼ਿੰਦਿਆਂ ਨੂੰ ਰੋਜ਼ਮਰਾ ਦੀਆਂ ਪਾਣੀ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ 50 ਲੱਖ ਰੁਪਏ ਹਰ ਰੋਜ਼ ਖਰਚ ਕਰਨੇ ਪੈਂਦੇ ਹਨ। ਮਤਲਬ ਸਾਲ 'ਚ 182.50 ਕਰੋੜ ਰੁਪਏ। ਪਰ ਇਸ ਨਾਲ ਮਿਲਣ ਵਾਲਾ ਪਾਣੀ ਸਿਰਫ ਗਲਾ ਹੀ ਗਿੱਲਾ ਕਰ ਸਕਦਾ ਹੈ। ਜੇ ਲੋਕਾਂ ਨੇ ਜੀ ਭਰ ਕੇ ਪਿਆਸ ਬੁਝਾਉਣੀ ਹੈ ਤਾਂ ਸ਼ਾਇਦ ਉਸ ਦੀ ਕੀਮਤ ਅਰਬਾਂ 'ਚ ਹੋਵੇਗੀ। ਸ਼ਹਿਰ 'ਚ ਪਾਣੀ ਦੀ ਕਿੱਲਤ 'ਤੇ ਕਾਬੂ ਪਾਉਣ ਲਈ ਰਾਜ ਸਰਕਾਰਾਂ ਨੇ ਜੋ ਵੀ ਯੋਜਨਾਵਾਂ ਬਣਾਈਆਂ ਤੇ ਨਾਕਾਮ ਰਹੀਆਂ। ਤਾਮਿਲਨਾਡੂ 'ਚ ਜਨਤਕ ਮਹੱਤਵ ਦੇ ਹੋਰ ਮੁੱਦਿਆਂ ਵਾਂਗੂੰ ਪਾਣੀ ਵੀ ਰਾਜਸੀ ਝਮੇਲੇ 'ਚ ਉਲਝ ਰਿਹਾ ਹੈ ਅਤੇ ਅਜੇ ਇਸ ਦਾ ਕੋਈ ਹੱਲ ਨਹੀਂ ਦਿਸਦਾ ਹੈ। ਤਤਕਾਲੀਨ ਕੇਂਦਰੀ ਵਿੱਤ ਮੰਤਰੀ ਪੀ. ਚਿਦੰਬਰਮ ਨੇ ਬਜਟ ਭਾਸ਼ਣ 'ਚ ਚੇਨਈ ਲਈ ਸਮੁੰਦਰੀ ਪਾਣੀ ਦਾ ਖਾਰਾਪਨ ਦੂਰ ਕਰਨ ਦਾ ਵੱਡਾ ਪ੍ਰੋਜੈਕਟ ਲਾਉਣ ਦਾ ਐਲਾਨ ਕੀਤਾ ਸੀ। ਜੈ ਲਲਿਤਾ ਸਰਕਾਰ ਵੀ ਇਸ ਤਰ੍ਹਾਂ ਐਲਾਨ ਕਰ ਚੁੱਕੀ ਹੈ। ਪਰ ਹੁਣ ਮੁੱਖ ਮੰਤਰੀ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਨੇ ਪ੍ਰੋਜੈਕਟ ਦੀ ਸਥਾਪਨਾ ਲਈ ਨਾ ਤਾਂ ਪਿਛਲੇ ਸਾਲ ਅਤੇ ਨਾ ਇਸ ਸਾਲ ਕੋਈ ਪੈਸਾ ਦਿੱਤਾ। ਰਾਜ ਸਰਕਾਰ ਦੀ ਖੁਦ ਦੀ ਯੋਜਨਾ ਅਦਾਲਤੀ ਝਮੇਲੇ 'ਚ ਫਸ ਗਈ। ਹਿੰਦੁਸਤਾਨ ਦੇ ਹਿੱਸੇ ਦੁਨੀਆਂ ਦਾ 5 ਫੀਸਦੀ ਪਾਣੀ ਆਉਂਦਾ ਹੈ। ਪਰ ਅਸੀਂ ਕਰੀਬ 13 ਫੀਸਦੀ ਵਰਤਦੇ ਹਾਂ। ਉੱਥੇ ਚੀਨ 'ਚ 12 ਫੀਸਦੀ ਤੇ ਅਮਰੀਕਾ 'ਚ 9 ਫੀਸਦੀ ਪਾਣੀ ਵਰਤਿਆ ਜਾਂਦਾ ਹੈ। ਇਸ ਦੇ ਠੀਕ ਉਲਟ ਬਰਸਾਤ ਦੇ ਪਾਣੀ ਦੀ ਇਕਤਰਤਾ ਕਰਨ 'ਚ ਬਾਕੀ ਦੇਸ਼ਾਂ ਦੇ ਮੁਕਾਬਲੇ ਭਾਰਤ ਕਾਫੀ ਪਿੱਛੇ ਹੈ। ਭਾਰਤ 'ਚ ਹਰ ਸਾਲ ਬਰਫ ਦੇ ਪਿਘਲਨ ਨਾਲ ਅਤੇ ਮੀਂਹ ਵਜੋਂ ਔਸਤਨ 4000 ਅਰਬ ਘਣ ਮੀਟਰ ਪਾਣੀ ਹਾਸਲ ਹੁੰਦਾ ਹੈ। ਇਸ 'ਚ ਧਰਤੀ ਹੇਠਲਾ ਪਾਣੀ ਅਤੇ ਨਦੀਆਂ ਤੋਂ ਕਰੀਬ 1869 ਅਰਬ ਘਣ ਮੀਟਰ ਪਾਣੀ ਮਿਲਦਾ ਹੈ।

ਭਾਰਤ 'ਚ ਮਿਲਣ ਵਾਲੇ ਕੁਲ ਪਾਣੀ ਦਾ ਸਿਰਫ 60 ਫੀਸਦੀ ਹੀ ਵਰਤੋਂ 'ਚ ਆਉਂਦਾ ਹੈ ਬਾਕੀ ਪਾਣੀ ਨਦੀਆਂ ਤੇ ਸਮੁੰਦਰ 'ਚ ਮਿਲ ਜਾਂਦਾ ਹੈ। ਦੇਸ਼ 'ਚ ਸਲਾਨਾ ਸਿਰਫ 690 ਅਰਬ ਘਨ ਮੀਟਰ ਤਹਿ ਦੇ ਪਾਣੀ ਅਤੇ 432 ਅਰਬ ਘਨ

ਮੀਟਰ ਧਰਤੀ ਹੇਠਲੇ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ। ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਪਾਣੀ ਖਪਤਕਾਰ ਬਣ ਗਿਆ ਹੈ। ਅੱਜ ਸਾਨੂੰ 81,30,000 ਕਰੋੜ ਲੀਟਰ ਪਾਣੀ ਦੀ ਲੋੜ ਹੈ।

ਨੌਵੇਂ ਦਹਾਕੇ 'ਚ ਨੇਪਾਲ ਤੇ ਇੰਡੋਨੇਸ਼ੀਆ ਵਰਗੇ ਦੇਸ਼ਾਂ ਤੋਂ ਪੇਂਡੂ ਪੀਣ ਵਾਲੇ ਪਾਣੀ ਤੇ ਸਫਾਈ ਦੇ ਖੇਤਰ 'ਚ ਸੁਧਾਰ ਪ੍ਰੋਗਰਾਮਾਂ ਦੀ ਸ਼ੁਰੂਆਤ ਹੋਈ। ਭਾਰਤ 'ਚ ਸੰਸਾਰ-ਬੈਂਕ ਦੇ ਸਹਿਯੋਗ ਨਾਲ ਕਰਨਾਟਕ ਨੇ ਸੰਨ 1992 'ਚ ਅਗਵਾਈ ਕੀਤੀ। 1996 'ਚ ਇਸ ਅਧੂਰੇ ਪ੍ਰੋਗਰਾਮ ਨੂੰ ਉੱਤਰ ਪ੍ਰਦੇਸ਼ ਦੇ 10 ਜਨਤਕ ਸੜਕਾਂ ਦੇ ਕਰੀਬ 1000 ਪਿੰਡਾਂ 'ਚ ਸੰਸਾਰ ਬੈਂਕ ਦੇ ਸਹਿਯੋਗ ਨਾਲ ਸਵੈ ਜਲ ਪ੍ਰੋਜੈਕਟ ਵਜੋਂ ਸ਼ੁਰੂ ਕੀਤਾ ਗਿਆ। ਪ੍ਰੋਜੈਕਟ 'ਚ ਭਾਈਚਾਰੇ ਦੀ ਸਵੈ-ਭਾਗੀਦਾਰੀ ਦੇ ਨਾਲ ਔਰਤਾਂ ਨੂੰ ਮੁੱਖ ਅਧਾਰ ਬਣਾਇਆ ਗਿਆ। ਇਸ ਯੋਜਨਾ ਦੇ ਅਮਲ ਦੇ ਸ਼ੁਰੂ ਦੇ 4 ਸਾਲਾਂ 'ਚ ਸੰਸਾਰ ਬੈਂਕ ਨੇ ਆਪਣੇ ਮੁਲਾਂਕਣ 'ਚ ਸੰਸਾਰ ਦੇ ਸਫਲ ਪ੍ਰੋਗਰਾਮ ਵਜੋਂ ਉਸ ਦੀ ਨਿਸ਼ਾਨ ਦੇਹੀ ਕੀਤੀ। ਇਸ ਯੋਜਨਾ ਪਿੱਛੇ ਪੇਂਡੂ ਵਿਕਾਸ ਵਿਭਾਗ ਦੇ ਉਸ ਵੇਲੇ ਦੇ ਵਿਸ਼ੇਸ਼ ਸਕੱਤਰ ਪਰਮੇਸ਼ਰ ਅਈਅਰ ਦਾ ਦਿਮਾਗ ਸੀ। ਸੰਨ 2002 ਤੋਂ ਲੈ ਕੇ 2007 ਤੱਕ ਸਵੈਜਲ ਧਾਰਾ ਪ੍ਰੋਗਰਾਮ ਦੇ ਜ਼ਿਆਦਾਤਰ ਪ੍ਰੋਜੈਕਟ ਅਧੂਰੀ ਹਾਲਤ ਵਿਚ ਹਨ। ਸਿਟੇ ਵਜੋਂ ਭਾਰਤ ਸਰਕਾਰ ਦੇ ਪੇਂਡੂ ਵਿਕਾਸ ਮੰਤਰਾਲੇ ਦੇ ਅਧੀਨ ਪੀਣ ਵਾਲੇ ਪਾਣੀ ਦੇ ਸਪਲਾਈ ਵਿਭਾਗ ਨੇ ਇਹ ਫੈਸਲਾ ਲਿਆ ਹੈ ਕਿ ਕੇਂਦਰ ਤੇ ਸੰਸਾਰ ਬੈਂਕ ਦੇ ਫੰਡ ਨਾਲ ਚੱਲਣ ਵਾਲੇ ਸਾਫ ਜਲ ਪ੍ਰੋਗਰਾਮ ਨੂੰ ਬੰਦ ਕਰ ਦਿੱਤਾ ਜਾਵੇ। ਇਸ ਫੈਸਲੇ ਨਾਲ ਪੇਂਡੂ ਪੀਣ ਵਾਲੇ ਪਾਣੀ ਦੀ ਦਿਸ਼ਾ ਵਿਚ ਲਗਭਗ ਦੋ ਦਹਾਕੇ ਤੋਂ ਸ਼ੁਰੂ ਹੋਏ ਸੁਧਾਰ ਪ੍ਰੋਗਰਾਮਾਂ ਨੂੰ ਗੰਭੀਰ ਝਟਕਾ ਲੱਗਿਆ ਹੈ। ਲਗਭਗ 23 ਸਾਲ ਪਹਿਲਾਂ 14 ਜੂਨ 1986 ਨੂੰ ਉਸ ਵੇਲੇ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਵਾਰਾਣਸੀ ਦੇ ਰਾਜਿੰਦਰ ਪ੍ਰਸਾਦ ਘਾਟ ਤੋਂ ਗੰਗਾ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਸੀ। 19 ਸਾਲਾਂ 'ਚ ਕਰੋੜਾਂ ਰੁਪਏ ਪਾਣੀ 'ਚ ਬਹਾ ਆਇਆ। ਇਲਾਹਾਬਾਦ, ਵਾਰਾਣਸੀ, ਗਾਜੀਪੁਰ, ਬਲਿਆ ਸਮੇਤ ਸੂਬੇ ਦੀ ਹੱਦ 'ਚ ਜਿਸ ਵੀ ਸ਼ਹਿਰ 'ਚੋਂ ਗੰਗਾ ਲੰਘਦੀ ਹੈ। ਉੱਥੋਂ ਦੇ ਕਚਰੇ, ਸੀਵਰੇਜ, ਕਾਰਖਾਨਿਆਂ ਦੀ ਰਹਿੰਦ-ਖੂੰਹਦ ਆਦਿ ਨਾਲ ਇਸ ਦਾ ਪ੍ਰਦੂਸ਼ਣ ਵਧਦਾ ਜਾ ਰਿਹਾ ਹੈ। ਇਹੀ ਦੁਰਦਸ਼ਾ ਯਮੁਨਾ, ਗੋਮਤੀ ਤੇ ਘਾਘਰਾ ਦੇ ਨਾਲ-ਨਾਲ ਗੁਜਰਾਤ ਦੀ ਨਰਮਦਾ, ਤਾਪਤੀ ਅਤੇ ਸਾਬਰਮਤੀ ਵਰਗੀਆਂ ਨਦੀਆਂ ਵੀ ਹਨ। ਕੇਂਦਰੀ ਗੰਗਾ ਅਥਾਰਟੀ ਨੇ ਵੱਖ-ਵੱਖ ਪੜਾਵਾਂ 'ਚ ਗੰਗਾ ਸਫ਼ਾਈ ਕਾਰਜ ਲਈ ਜੋ ਵੀ ਪੈਸਾ ਮਨਜ਼ੂਰ ਕੀਤਾ, ਉਸ ਦੀ ਸਹੀ ਤਰੀਕੇ ਨਾਲ ਵਰਤੋਂ ਨਹੀਂ ਕੀਤੀ ਜਾ ਸਕੀ। ਰਿਪੋਰਟ 'ਚ ਭਾਵੇਂ ਸਾਰੇ ਨਾਲਿਆਂ ਨੂੰ ਬੰਦ ਵਿਖਾਇਆ ਗਿਆ ਹੋਵੇ, ਪਰ ਸਚਾਈ ਇਹ ਹੈ ਕਿ ਮਾਘੀ ਮੇਲੇ ਵਰਗੇ ਪ੍ਰਸਿਧ ਧਾਰਮਕ ਤਿਉਹਾਰ ਮੌਕੇ 'ਤੇ ਵੀ ਰਾਤ ਸਮੇਂ ਇਨ੍ਹਾਂ ਨਾਲਿਆਂ ਦਾ ਗੰਦਾ ਪਾਣੀ ਗੰਗਾ 'ਚ ਛੱਡ ਦਿੱਤਾ ਜਾਂਦਾ ਹੈ। ਕਰੋੜਾਂ ਰੁਪਏ ਖਰਚ ਹੋਣ ਦੇ ਬਾਵਜੂਦ ਕਾਨਪੁਰ 'ਚ ਗੰਗਾ ਅੱਜ ਵੀ ਬੇਹੱਦ ਪ੍ਰਦੂਸ਼ਿਤ ਹੈ। ਕਈ ਨਾਲੇ ਪ੍ਰਦੂਸ਼ਿਤ ਪਾਣੀ ਗੰਗਾ 'ਚ ਸੁੱਟ ਰਹੇ ਹਨ। ਬਿਜਲੀ ਜਾਣ 'ਤੇ ਜਲ ਸੋਧਕ ਪਲਾਂਟ ਚਲਾਉਣ ਲਈ ਡੀਜ਼ਲ ਤੱਕ ਨਹੀਂ ਹੈ। ਸਰਯੂ ਨਦੀ 'ਚ ਪ੍ਰਦੂਸ਼ਣ ਦੀ ਰਫਤਾਰ ਪਿਛਲੇ ਦੋ ਦਹਾਕਿਆਂ 'ਚ ਮੁਕਾਬਲਤਣ ਤੇਜ਼ ਹੋਈ ਹੈ। ਇਸ ਤੇਜ਼ੀ ਪਿੱਛੇ ਕਾਫੀ ਹੱਦ ਤੱਕ ਸਨਅਤੀ ਤੇ ਸੈਲਾਨੀ ਸਰਗਰਮੀਆਂ 'ਚ ਵਾਧਾ ਹੋਇਆ ਹੈ। ਚਿੰਤਾਜਨਕ ਪਹਿਲੂ

ਇਹ ਹੈ ਕਿ ਇਸ ਪ੍ਰਦੂਸ਼ਣ ਤੋਂ ਮੁਕਤੀ ਲਈ ਕੋਈ ਪ੍ਰਾਜੈਕਟ ਬਣਾਉਣ 'ਤੇ ਹੁਣ ਤੱਕ ਵਿਚਾਰ ਹੀ ਨਹੀਂ ਕੀਤਾ ਗਿਆ। ਗੰਗਾ, ਗੋਮਤੀ, ਯਮੁਨਾ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਵੱਡੀਆਂ-ਵੱਡੀਆਂ ਯੋਜਨਾਵਾਂ ਬਣੀਆਂ ਪਰ ਸਰਯੂ ਦਾ ਭਲਾ ਕਰਨ ਬਾਰੇ ਉਨ੍ਹਾਂ ਸਰਕਾਰਾਂ ਨੇ ਵੀ ਕਦੀ ਨਹੀਂ ਸੋਚਿਆ ਜੋ ਅਯੋਧਿਆ ਦੇ ਹੀ ਨਾਂ 'ਤੇ ਸਤਾ ਦੀ ਪੌੜੀ ਚੜਨ 'ਚ ਕਾਮਯਾਬ ਹੋਈ ਸੀ। ਯਮੁਨਾ ਦੇ ਪਾਣੀ 'ਚ ਘੁਲਣਸ਼ੀਲ ਅਮੋਨੀਆ ਦਾ ਪੈਮਾਨਾ ਇਕ ਦੇ ਮੁਕਾਬਲੇ 40 ਤੱਕ ਪਹੁੰਚ ਚੁੱਕਾ ਹੈ ਜਦ ਕਿ ਘੁਲਣਸ਼ੀਲ ਆਕਸੀਜਨ ਦੀ ਮਾਤਰਾ ਸਿਰਫ਼ ਇਕ ਹੈ। ਯਾਨੀ ਇਨ੍ਹਾਂ ਦੇ ਪਾਣੀ ਨੂੰ ਜ਼ਹਿਰ ਕਹਿਣਾ ਗਲਤ ਨਹੀਂ ਹੋਵੇਗਾ। ਸੰਨ 2001 'ਚ ਸ਼ੁਰੂ ਕੀਤੇ ਗਏ ਗੋਮਤੀ ਐਕਸ਼ਨ ਪਲਾਨ ਦੇ ਪਹਿਲੇ ਪੜਾਅ ਪਿੱਛੋਂ ਗੋਮਤੀ ਦੇ ਪ੍ਰਦੂਸ਼ਣ 'ਚ ਕੋਈ ਸੁਧਾਰ ਨਹੀਂ ਹੋਇਆ। ਹੁਣ ਸਭ ਦੀਆਂ ਨਜ਼ਰਾਂ 263 ਕਰੋੜ ਦੀ ਲਾਗਤ ਦੇ ਦੂਜੇ ਪੜਾਅ 'ਤੇ ਹਨ। ਸੁਆਲ ਪੈਦਾ ਹੁੰਦਾ ਹੈ ਕਿ ਇਸ ਪਿੱਛੋਂ ਗੋਮਤੀ ਦੀ ਧਾਰਾ ਨਿਰਮਲ ਹੋ ਸਕੇਗੀ। ਇਹ ਸੁਆਲ ਇਸ ਲਈ ਵੀ ਵਾਜਬ ਹੈ ਕਿ ਇਸ ਦੂਸਰੇ ਪੜਾਅ ਲਈ ਕੌਮੀ ਨਦੀ ਰੱਖਿਆ ਡਾਇਰੈਕਟੋਰੇਟ ਅਤੇ ਰਾਜ ਸਰਕਾਰ ਵੱਲੋਂ ਪ੍ਰਸਤਾਵਿਤ ਕੰਮਾਂ ਲਈ ਮਿਲੇ ਪੱਚੀ ਕਰੋੜ ਰੁਪਏ ਦਾ ਜਲ ਨਿਗਮ ਛੇ ਸਾਲ ਤੋਂ ਵਰਤੋਂ 'ਚ ਹੀ ਨਹੀਂ ਲਿਆਂਦਾ ਜਾ ਸਕਿਆ। ਸੇਵਾ ਗ੍ਰਾਮ 'ਚ ਆਯੋਜਿਤ ਤੀਜੇ ਕੌਮੀ ਨਦੀ ਸੰਮੇਲਨ 'ਚ ਕਿਹਾ ਗਿਆ ਹੈ ਕਿ ਨਦੀਆਂ ਪਵਿੱਤਰ, ਜੀਵਨ ਦਾਨੀ ਤੇ ਮਾਪਿਆਂ ਵਰਗੀਆਂ ਹਨ। ਨਦੀਆਂ ਨੂੰ ਵੀ ਜਿਉਂਦੇ ਰਹਿਣ ਦਾ ਅਧਿਕਾਰ ਹੈ। ਨਦੀਆਂ ਨੂੰ ਬੰਨੋ ਨਾ, ਸਾਫ਼ ਕਰੋ ਪਰ ਅਸੀਂ ਨਦੀਆਂ ਸਾਫ ਕਰਨਾ ਭੁੱਲ ਗਏ। ਨਤੀਜਾ ਅਸੀਂ ਪੀਣ ਲਈ ਪਾਣੀ ਨੂੰ ਵੀ ਤਰਸ ਰਹੇ ਹਾਂ।

# ਭਾਰਤ ’ਚ ਮੰਦੀ ਅਤੇ ਸਰਕਾਰ

ਬੀਤੇ ਅਕਤੂਬਰ ਮਹੀਨੇ ਤੋਂ ਆਈ ਮੰਦੀ ਅਜੇ ਵੀ ਜਾਰੀ ਹੈ। ਇਸ ਦੌਰਾਨ ਦੇਸ਼ ’ਚ ਲੋਕ ਸਭਾ ਦੀਆਂ ਚੋਣਾਂ ਦਾ ਮੌਸਮ ਹੋ ਗਿਆ। ਦੇਸ਼-ਦੁਨੀਆਂ ’ਚ ਜਾਰੀ ਮੰਦੀ ਦੇ ਦੌਰ ਵਿਚ ਹੀ ਹਿੰਦੁਸਤਾਨ ਵਿਚ ਵੀ ਪੰਦਰਵੀਂ ਲੋਕ ਸਭਾ ਦੀ ਚੋਣ ਮੁਕੰਮਲ ਹੋਈ ਅਤੇ ਕਾਂਗਰਸ ਦੀ ਸਰਕਾਰ ਦੁਆਰਾ ਬਣੀ। ਮੰਦੀ ਨੂੰ ਖਤਮ ਕਰਨ ਦਾ ਨਾ ਤਾਂ ਚੋਣਾਂ ਵਿਚ ਕੋਈ ਮੁੱਦਾ ਸੀ ਅਤੇ ਨਾ ਚੋਣਾਂ ਪਿੱਛੋਂ। ਮੰਦੀ ਕਿਵੇਂ ਦੂਰ ਹੋਵੇਗੀ, ਇਸ ’ਤੇ ਕੋਈ ਪੂੰਜੀਵਾਦੀ ਪਾਰਟੀ ਬਿਆਨ ਹੀ ਜਾਰੀ ਨਹੀਂ ਕਰਦੀ। ਮੰਦੀ ਕਿਉਂ ਹੈ ਅਤੇ ਮੰਦੀ ਕਿਉਂ ਆਈ ਇਸ ਦਾ ਜੁਆਬ ਕਿਸੇ ਕੋਲ ਨਹੀਂ। ਪਹਿਲਾਂ ਤਾਂ ਭਾਰਤ ਦੇ ਵਿਤ ਮੰਤਰੀ ਅਤੇ ਪ੍ਰਧਾਨ ਮੰਤਰੀ ਮੰਨਣ ਨੂੰ ਹੀ ਤਿਆਰ ਨਹੀਂ ਕਿ ਭਾਰਤ ’ਚ ਵੀ ਮੰਦੀ ਹੈ। ਭਾਰਤ ਸਰਕਾਰ ਮੰਦੀ ਸਬੰਧੀ ਗੱਲ ਵੀ ਇਉਂ ਕਰਦੀ ਜਿਵੇਂ ਅਮਰੀਕਾ ਨੇ ਭਾਰਤ ’ਚ ਮੰਦੀ ਦੀ ਬਰਾਮਦ ਕਰ ਦਿੱਤੀ ਹੋਵੇ ਮੰਦੀ ਤੋਂ ਪਹਿਲਾਂ ਜਦ ਹੋਰ ਸੂਬਿਆਂ ਦੇ ਮੁੱਖ ਮੰਤਰੀ (ਪੱਛਮੀ ਬੰਗਾਲ ਦੇ ਮੁੱਖ ਮੰਤਰੀ ਵੀ) ਵਿਦੇਸ਼ੀ ਦੌਰਿਆਂ ’ਤੇ ਜਾਂਦੇ ਸਨ ਤਾਂ ਇਹ ਆਪਣੇ ਲੜਕੇ-ਲੜਕੀਆਂ ਲਈ ਰਿਸ਼ਤਾ ਵੇਖਣ ਨਹੀਂ ਜਾਂਦੇ ਸਨ ਬਲਕਿ ਉੱਥੇ ਅਜਿਹੇ ਸਮਝੌਤੇ ਕਰਨ ਜਾਂਦੇ ਸਨ ਜਿਸ ਨਾਲ ਉਥੋਂ ਦੇ ਸਨਅਤਕਾਰਾਂ ਨੂੰ ਸਪਲਾਈ ਆਰਡਰ ਮਿਲਣ। ਕਦੀ-ਕਦੀ ਤਾਂ ਪੂੰਜੀਪਤੀਆਂ ਦਾ ਇਕ ਦਲ ਵੀ ਇਨ੍ਹਾਂ ਦੇ ਨਾਲ ਰਹਿੰਦਾ ਹੈ। ਜਪਾਨ, ਅਮਰੀਕਾ, ਯੂਰਪ ਦੇ ਚੱਕਰ ਇਸ ਲਈ ਲਾਏ ਜਾਂਦੇ ਹਨ ਕਿ ਵਿਦੇਸ਼ਾਂ ਤੋਂ ਆਰਡਰ ਦਿਵਾਉਣ ਤੋਂ ਲੈ ਕੇ ਉਨ੍ਹਾਂ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਸਰਕਾਰ ਨੂੰ ਪਹਿਲਾਂ ਆਰਡਰ ਦਿਵਾਉ, ਫਿਰ ਆਰਡਰ ਪੂਰੇ ਕਰਵਾਉਣ ਲਈ ਸਰਕਾਰ ਨੇ ਕੀ ਨੀਤੀ ਅਪਣਾਈ? ਸਰਕਾਰ ਨੇ ਕਿਸਾਨਾਂ ਤੋਂ ਜ਼ਮੀਨਾਂ ਖੋਹ ਕੇ ਸਨਅਤਕਾਰਾਂ ਲਈ ਵਿਸ਼ੇਸ਼ ਬਰਾਮਦ ਖੇਤਰ ਅਤੇ ਵਿਸ਼ੇਸ਼ ਆਰਥਕ ਖੇਤਰ ਬਣਾਏ ਅਤੇ ਬਿਜਲੀ ਪਾਣੀ ਸਸਤੇ ਭਾਵਾਂ ’ਤੇ ਮੁਹੱਈਆ ਕਰਵਾਇਆ। ਉਹ ਅੱਜ ਵੀ ਮੁਹਈਆ ਕਰਵਾ ਰਹੀ ਹੈ ਹੁਣ ਜਦ ਵਿਦੇਸ਼ਾਂ ਵਿਚ ਹੀ ਮੰਦੀ ਹੈ ਭਾਵ ਮਾਲ ਨਹੀਂ ਵਿਕ ਰਿਹਾ ਹੈ ਤਾਂ ਸਾਡੇ ਦੇਸ਼ ’ਚ ਸਨਅਤਕਾਰਾਂ ਨੂੰ ਵੀ ਆਰਡਰ ਮਿਲਣੇ ਘੱਟ ਹੋਏ। ਹੁਣ ਮੰਦੀ ’ਚ ਸਰਕਾਰ ਅਤੇ ਉਸ ਦੇ ਅਰਥ ਸ਼ਾਸ਼ਤਰੀ ਕੀ ਕਰ ਰਹੇ ਹਨ? ਇਸ ’ਤੇ ਗੌਰ ਕੀਤਾ ਜਾਵੇ ਕਿ ਹੁਣ ਮੰਦੀ ਨਾਲ ਨਿਪਟਣ ਲਈ ਇਨ੍ਹਾਂ ਕੋਲ ਕੀ ਉਪਾਅ ਹੈ? ਭਾਰਤ ’ਚ ਸਰਕਾਰ ਤੇ ਉਸ ਦੇ ਅਰਥ ਸ਼ਾਸ਼ਤਰੀ ਅਰਥਚਾਰੇ ’ਚ ਜਾਨ ਫੂਕਣ ਦੇ ਲਈ ਕੀ-ਕੀ ਕਰ ਰਹੇ ਹਨ? ਹੁਣ ਮਨਮੋਹਨ ਸਿੰਘ, ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਡੀ ਸੁਬਾਰਾਓ, ਵਿੱਤ ਮੰਤਰੀ ਪ੍ਰਣਬ ਮੁਕਰਜੀ, ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਸਭ ਦੇਸ਼ ਦੀ ਆਬਾਦੀ ਨੂੰ ਕਰਜਦਾਰ ਚਾਹੁੰਦੇ ਹਨ। ਬਿਲਕੁਲ ਅਮਰੀਕਾ ਵਰਗਾ ਹਾਲ ਕਰਨਾ ਚਾਹੁੰਦੇ ਹਨ। ਇਹ ਸਭ ਬੈਂਕਾਂ ਨੂੰ ਇਹ ਕਹਿ ਰਹੇ ਹਨ ਕਿ ਕਰਜਾ ਸਸਤਾ ਕਰੋ। ਵਿਆਜ ਦਰਾਂ ਘੱਟ ਕਰੋ ਜਿਸ ਨਾਲ ਕਾਰਪੋਰੇਟ ਸੈਕਟਰ ਸਸਤਾ ਕਰਜਾ ਲੈ ਕੇ ਪੈਦਾਵਾਰ ਕਰੇ ਅਤੇ ਖਰੀਦਦਾਰਾਂ ਨੂੰ ਵੀ ਸਸਤੀਆਂ ਵਿਆਜ ਦਰਾਂ ’ਤੇ ਕਰਜਾ ਮੁਹਈਆ ਕਰਵਾਓ ਜਿਸ ਨਾਲ ਉਹ ਮਕਾਨਾਂ, ਕਾਰਾਂ, ਟੀ. ਵੀ., ਕੂਲਰ, ਏ. ਸੀ., ਫਰਿਜ, ਬਾਈਕ ਅਤੇ ਹੋਰ ਦੂਜੀਆਂ ਵਸਤਾਂ ਜਾ ਮਾਲਾਂ ਨੂੰ ਖਰੀਦ ਸਕਣ। ਸਭ ਕੁੱਝ ਹੈ ਤਾਂ ਕਰਜਾ ਲੈ ਕੇ ਬੱਚਿਆਂ ਨੂੰ ਮਹਿੰਗੇ ਸਕੂਲਾਂ ’ਚ ਪੜਾਓ। ਲੋਕ ਜੇ ਕਰਜਾ ਲੈ ਕੇ ਮਾਲਾਂ ਨੂੰ ਨਹੀਂ ਖਰੀਦਣਗੇ ਤਾਂ ਅਰਥਚਾਰੇ ’ਚ ਤੇਜ਼ੀ ਨਹੀਂ ਆਵੇਗੀ। ਮੰਦੀ ਦੇ ਸਮੇਂ ਲੋਕਾਂ ਦੀਆਂ ਜਦ ਨੌਕਰੀਆਂ ਹੀ ਖੁਸ ਰਹੀਆਂ ਹਨ ਜਾਂ ਫਿਰ ਉਨ੍ਹਾਂ

ਦੀਆਂ ਤਨਖਾਹਾਂ 'ਚ ਕਟੌਤੀ ਕੀਤੀ ਜਾ ਰਹੀ ਹੈ ਤਾਂ ਅਜਿਹੇ 'ਚ ਲੋਕ ਸਨਅਤੀ ਵਸਤਾਂ ਕਿੱਥੋਂ ਖਰੀਦਣ, ਉਹ ਵੀ ਕਰਜਾ ਲੈ ਕੇ? ਨਵੀਆਂ ਨੌਕਰੀਆਂ ਤਾਂ ਅਰਥਚਾਰੇ 'ਚ ਪੈਦਾ ਹੀ ਨਹੀਂ ਹੋ ਰਹੀਆਂ ਹਨ। ਜੋ ਨੌਕਰੀਆਂ ਹਨ ਵੀ ਜਾਂ ਚਲ ਵੀ ਰਹੀਆਂ ਹਨ, ਉਨ੍ਹਾਂ ਦਾ ਵੀ ਭਰੋਸਾ ਨਹੀਂ ਕਿ ਕਦੋਂ ਤੱਕ ਨੌਕਰੀ ਬਚੀ ਰਹੇਗੀ, ਅਜਿਹੀਆਂ ਨੌਕਰੀਆਂ ਕਰਨ ਵਾਲੇ ਮੱਧ ਵਰਗ ਦੇ ਲੋਕ ਵੀ ਕਰਜਾ ਲੈਣ ਤੋਂ ਬਚ ਰਹੇ ਹਨ ਅਤੇ ਸਰਕਾਰੀ ਤੇ ਨਿੱਜੀ ਬੈਂਕ ਵੀ ਅਜਿਹੇ 'ਚ ਕਰਜਾ ਦੇਣ ਤੋਂ ਬਚ ਰਹੇ ਹਨ। ਪਰ ਏਨੀ ਜਿਹੀ ਗੱਲ ਇਨ੍ਹਾਂ ਅਰਥਸਾਸ਼ਤਰੀਆਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਵਿੱਤ ਮੰਤਰੀ ਪ੍ਰਣਬ ਮੁਕਰਜੀ ਅਤੇ ਗਵਰਨਰ ਡੀ ਸੁਬਾਰਾਓ ਨੂੰ ਸਮਝ 'ਚ ਨਹੀਂ ਆ ਰਹੀ, ਨਾ ਹੀ ਇਹ ਗੱਲ ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਨੂੰ ਸਮਝ 'ਚ ਆਈ ਅਤੇ ਨਾ ਹੀ ਯੋਜਨਾ ਆਯੋਗ ਦੇ ਮੀਤ ਪ੍ਰਧਾਨ ਮੌਂਟੇਕ ਸਿੰਘ ਆਹਲੂਵਾਲੀਆ ਨੂੰ। ਉਹ ਇਸ ਨੂੰ ਬਾਜ਼ਾਰ 'ਚ ਜੇ ਖੂਬ ਨੋਟ ਹੋਣਗੇ ਤਾਂ ਇੰਜਨੀਅਰ, ਪ੍ਰਬੰਧਕ, ਮੈਨੇਜਰ, ਕਲਰਕ, ਡਾਕਟਰ, ਵਕੀਲ, ਦੁਕਾਨਦਾਰ ਆਦਿ ਕਰਜਾ ਲੈਣਗੇ ਅਤੇ ਖਰੀਦਦਾਰੀ ਕਰਨਗੇ। ਜਿਸ ਨਾਲ ਪ੍ਰਬੰਧ 'ਚ ਤੇਜੀ ਆਵੇਗੀ। ਕਰਜ਼ਖੋਰ ਸਮਾਜ ਭਾਵ ਕਰਜਾ ਲੈ ਕੇ ਐਸ਼ ਕਰੋ ਜਾਂ ਕਰਜਾ ਲੈ ਕੇ ਵੀ ਖਰਚ ਕਰੋ। ਸਰਕਾਰ ਵੈਸੇ ਤਾਂ ਕੋਈ ਉਪਾਅ ਕਰ ਨਹੀਂ ਰਹੀ ਜਿਸ ਨਾਲ ਰੁਜ਼ਗਾਰ ਵਧਣ ਅਤੇ ਲੋਕਾਂ ਦੀ ਆਮਦਨੀ ਵਧੇ ਅਤੇ ਬਾਜ਼ਾਰ ਤੋਂ ਵਸਤੂਆਂ ਖਰੀਦੀਆਂ ਜਾਣ। ਸਰਕਾਰ ਸਨਅਤਕਾਰਾਂ ਨੂੰ 'ਵਿਸ਼ੇਸ਼ ਆਰਥਕ ਖੇਤਰ' ਤੇ ਟੈਕਸਾਂ 'ਚ ਛੋਟ ਦਿੰਦੇ-ਦਿੰਦੇ ਖੁਦ ਵੀ ਘਾਟੇ 'ਚ ਆ ਚੁੱਕੀ ਹੈ ਅਤੇ ਇਹ ਘਾਟਾ ਕੁਲ ਘਰੇਲੂ ਪੈਦਾਵਾਰ ਦਾ ਲਗਭਗ 6 ਫੀਸਦੀ ਹੈ ਜੋ ਅਨੁਮਾਨ ਦੇ 3 ਫੀਸਦੀ ਦਾ ਦੁਗਣਾ ਹੈ। ਘਾਟੇ ਨੂੰ ਪੂਰਾ ਕਰਨ ਲਈ ਨਵੀਂ ਕੇਂਦਰ ਸਰਕਾਰ ਨੇ ਬਣਦੇ ਹੀ ਐਲਾਨ ਕਰ ਦਿੱਤਾ ਕਿ ਜਨਤਕ ਖੇਤਰ ਦੀਆਂ ਕੰਪਨੀਆਂ ਦੇ ਸ਼ੇਅਰਾਂ ਨੂੰ ਵੇਚਿਆ ਜਾਵੇਗਾ। ਕੰਪਨੀਆਂ ਦੇ ਸ਼ੇਅਰ ਵੇਚ ਕੇ ਸਰਕਾਰ ਕਦੋਂ ਤੱਕ ਆਪਣਾ ਘਾਟਾ ਪੂਰਾ ਕਰਦੀ ਰਹੇਗੀ? ਨਿੱਜੀ ਸਨਅਤਾਂ ਨੂੰ ਫਾਇਦਾ ਪਹੁੰਚਾਉਣ ਲਈ ਇਹ ਸਭ ਕੁੱਝ ਕੀਤਾ ਗਿਆ ਗਿਆ ਤੇ ਕੀਤਾ ਜਾ ਰਿਹਾ ਹੈ। ਜਦ 9-10 ਫੀਸਦੀ ਵਿਕਾਸ ਦਰ ਦੀ ਗੱਲ ਹੁੰਦੀ ਸੀ ਤਾਂ ਇਹ ਕਿਸ ਦਾ ਵਿਕਾਸ 10 ਫੀਸਦੀ ਦੀ ਦਰ ਨਾਲ ਹੋ ਰਿਹਾ ਸੀ? ਸਰਕਾਰ ਘਾਟੇ ਵਿਚ ਅਤੇ ਲੋਕ ਖਾਲੀ ਹੱਥ ਤਾਂ ਇਸ ਵਿਕਾਸ ਦਾ ਫਾਇਦਾ ਹੋਇਆ ਕਿਸ ਨੂੰ? ਫਾਇਦਾ ਸਿਰਫ ਸਨਅਤਕਾਰਾਂ ਬਰਾਮਦਕਾਰਾਂ ਨੂੰ ਹੋਇਆ। 10 ਫੀਸਦੀ ਦੀ ਵਿਕਾਸ ਦਰ 'ਚ ਕੰਪਨੀਆਂ ਨੇ 50 ਤੋਂ 100 ਫੀਸਦੀ ਤੱਕ ਦੀ ਵਿਕਾਸ ਦਰ 'ਚ ਕੰਪਨੀਆਂ ਨੇ 50 ਤੋਂ 100 ਫੀਸਦੀ ਤੱਕ ਦੀ ਵਿਕਾਸ ਦਰ ਨਾਲ ਵਿਕਾਸ ਕੀਤਾ।

ਅਜਿਹੇ 'ਚ ਜਦ ਜਪਾਨ, ਯੂਰਪ, ਅਮਰੀਕਾ 'ਚ ਮੰਦੀ ਹੈ ਤਾਂ ਬਰਾਮਦ ਘਟੀ ਹੈ। ਬਰਾਮਦ ਦੀ ਕਮੀ ਨਾਲ ਪੈਦਾਵਾਰ ਘੱਟ ਹੋਈ ਜਾਂ ਢਿੱਲੀ ਪਈ ਤਾਂ ਅਰਥਚਾਰੇ 'ਚ ਜਾਨ ਫੂਕਣ ਲਈ ਮੰਤਰੀ ਤੇ ਨੌਕਰਸ਼ਾਹ ਕਹਿ ਰਹੇ ਹਨ ਕਿ ਬੈਂਕ ਵਿਆਜ ਦਰਾਂ ਘੱਟ ਕਰੋ ਤੇ ਕਰਜੇ ਦੇਣ 'ਚ ਢਿੱਲ ਕਿਉਂ ਇਸ ਖਾਤਰ, ਭਾਰਤੀ ਰਿਜ਼ਰਵ ਬੈਂਕ ਵੀ ਕਈ ਵਾਰ ਬੈਂਕਾਂ ਨੂੰ ਦੇਣ ਵਾਲੀਆਂ ਵਿਆਜ ਦਰਾਂ ਘਟਾ ਚੁੱਕਿਆ ਹੈ। ਪਰ ਬੈਂਕ ਹੈ ਕਿ ਅਜਿਹਾ ਕਰਨ ਨੂੰ ਤਿਆਰ ਹੀ ਨਹੀਂ ਹੈ। ਸਰਕਾਰ ਹਾਲਾਤ ਪੈਦਾ ਕਰ ਰਹੀ ਹੈ ਕਿ ਕਰਜਾ ਲੈ ਕੇ ਵਸਤਾਂ ਖਰੀਦੋ ਅਤੇ ਖਪਤ ਕਰੋ ਅਤੇ ਕਰਜਾ ਨਾ ਮੋੜ ਸਕੇ ਤਾਂ ਆਤਮ ਹੱਤਿਆ ਕਰੋ। ਪਰ ਇਸ ਸਭ ਨੇ ਤਾਂ ਯੂਰਪ ਤੇ ਅਮਰੀਕਾ ਨੂੰ ਡੂੰਘੀ ਮੰਦੀ 'ਚ ਧੱਕਿਆ। ਕੀ ਇਸ ਸਭ ਕੁੱਝ ਨਾਲ ਭਾਰਤ ਮੰਦੀ 'ਚੋਂ ਨਿਕਲ ਜਾਵੇਗਾ?

# ਕਾਰਲ ਮਾਰਕਸ ਤੇ "ਪੂੰਜੀ" ਦੀਆਂ ਸਿੱਖਿਆਵਾਂ ਦੀ ਵਾਪਸੀ ਕਿਵੇਂ?

ਅੱਜ ਪੂੰਜੀਵਾਦੀ-ਸਾਮਰਾਜੀ ਪ੍ਰਬੰਦ ਆਪਣੇ ਇਤਿਹਾਸ ਦੇ ਸਭ ਤੋਂ ਗੰਭੀਰ ਸੰਕਟ ਦੇ ਦੌਰ ਵਿਚੋਂ ਲੰਘ ਰਿਹਾ ਹੈ। ਇਸ ਸੰਕਟ ਦੀ ਸ਼ੁਰੂਆਤ ਪਿਛਲੇ ਸਾਲ ਅਮਰੀਕਾ ਤੋਂ ਹੋਈ ਸੀ ਦਤਜੋ ਅੱਜ ਸਾਮਰਾਜੀ ਖੇਮੇ ਦਾ ਸਰਗਨਾ ਹੈ। ਜਲਦੀ ਹੀ ਇਹ ਸੰਕਟ ਸਭ ਵਿਕਸਤ ਸਾਮਰਾਜੀ ਦੇਸ਼ਾਂ ਵਿਚ ਫੈਲ ਗਿਆ ਅਤੇ ਅੱਜ ਪੂਰੀ ਦੁਨੀਆਂ ਇਸ ਦੀ ਲਪੇਟ ਵਿਚ ਹੈ। ਕਾਰਲ ਮਾਰਕਸ ਨੇ ਅੱਜ ਤੋਂ ਲਗਭਗ 150 ਸਾਲ ਪਹਿਲਾਂ ਪੂੰਜੀਵਾਦ ਦੀ ਗਤੀ ਦੇ ਨਿਯਮਾਂ ਦੀ ਡੂੰਘੀ ਪੜ੍ਹਾਈ ਕਰਕੇ ਦੱਸਿਆ ਕਿ ਪੂੰਜੀਵਾਦ ਆਪਣੇ ਖੁਦ ਦੇ ਅੰਤਰ ਵਿਰੋਧਾਂ ਕਾਰਨ ਚੱਕਰੀ ਰੂਪ ਨਾਲ ਸੰਕਟ ਦੀ ਘੁੰਮਣ ਘੇਰੀ 'ਚ ਫਸਦਾ ਰਹੇਗਾ। ਮੌਜੂਦਾ ਸੰਕਟ ਨੇ ਸਿੱਧ ਕਰ ਦਿੱਤਾ ਹੈ ਕਿ ਮਾਰਕਸ ਨੂੰ ਬੀਤੇ ਜ਼ਮਾਨੇ ਦੀ ਗੱਲ ਦੱਸਿਆ ਜਾ ਰਿਹਾ ਸੀ ਅੱਜ ਲੋਕ ਉਸ ਨੂੰ ਫਿਰ ਦੁਬਾਰਾ ਪੜ੍ਹਨ-ਵਿਚਾਰਨ ਤੇ ਉਸ ਨਾਲ ਆਪਣਾ ਰਾਹ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਪ੍ਰਸੰਗ 'ਚ ਆਪਾਂ ਕਨੇਡਾ ਤੋਂ ਪ੍ਰਕਾਸ਼ਿਤ 'ਨਾਰਥ ਸਟਾਰ ਕਮਪਾਸ' ਦੇ ਮਾਰਚ ਅੰਕ 'ਚ ਛਪੇ ਲੇਖ ਦਾ ਹਵਾਲਾ ਦੇ ਸਕਦੇ ਹਾਂ।

ਇਕ ਦਾਰਸ਼ਨਿਕ, ਅਰਥ ਸਾਸ਼ਤਰੀ ਤੇ ਮਨੁੱਖੀ ਸਮਾਜ ਸਾਸ਼ਤਰੀ ਵਜੋਂ ਚਾਹੇ ਜਿਸ ਰੂਪ 'ਚ ਵੀ ਵੇਖਿਆ ਜਾਵੇ 'ਪੂੰਜੀ' ਦੇ ਲੇਖਕ ਕਾਰਲ ਮਾਰਕਸ ਤੇ ਉਹਨਾਂ ਦੇ ਵਿਸਲੇਸ਼ਣ ਦੀ ਅਟਲ ਪ੍ਰਸੰਗਿਕਤਾ ਨੂੰ ਮੌਜੂਦਾ ਗੰਭੀਰ ਸੰਕਟ ਸਹੀ ਠਹਿਰਾਅ ਰਿਹਾ ਹੈ। ਵਿਸ਼ਵੀ ਪੂੰਜੀਵਾਦ ਜਿਸ ਜ਼ਮੀਨ 'ਤੇ ਖੜ੍ਹਾ ਹੈ, ਇਸ ਸੰਕਟ ਨੇ ਅੱਜ ਉਸ ਨੂੰ ਤਹਿਸ ਨਹਿਸ ਕਰ ਦਿੱਤਾ ਹੈ।

"ਜੇ ਮਾਰਕਸ ਆਪਣੇ ਆਪ ਨੂੰ ਸਾਡੇ ਸਮੇਂ ਦੇ ਇਕ ਅਜਿਹੇ ਵਿਚਾਰਕ ਵਜੋਂ ਪੇਸ਼ ਕਰਦੇ ਹਨ ਜਿਹਨਾਂ ਨੂੰ ਲੰਘ ਕੇ ਅੱਗੇ ਨਹੀਂ ਜਾਇਆ ਜਾ ਸਕਦਾ ਤਾਂ ਇਸ ਦਾ ਕਾਰਨ ਇਹ ਵੀ ਹੈ ਕਿ ਉਹ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਪੂੰਜੀਵਾਦ ਵਿਚ ਅੰਤਰਗਤੀ ਦੀ ਪਹਿਚਾਣ ਕੀਤੀ ਸੀ।"ਇਹ ਸ਼ਬਦ ਕਾਰਲ ਮਾਰਕਸ ਦੇ ਕਿਸੇ ਅਤੀਤਜੀਵੀ ਜੋਤਿਸ਼ ਲਾਉਣ ਵਾਲੇ ਦੇ ਨਹੀਂ ਬਲਕਿ ਬਿਜਨਸ ਮੈਨ, ਲੇਖਕ ਤੇ ਸਲਾਹਕਾਰ ਏਲੈਨ ਮੀਂਦਦੇ ਹਨ ਜੋ ਫਰਾਂਸ ਦੇ ਰਾਸ਼ਟਰਪਤੀ ਦੀਆਂ ਅੱਖਾਂ-ਕੰਨ ਮੰਨੇ ਜਾਂਦੇ ਸਨ। ਉਹਨਾਂ ਨੇ ਇਹ ਗੱਲ ਪਿੱਛੇ ਜਿਹੇ ਹੀ ਮੈਗਜ਼ੀਨ 'ਚ ਪ੍ਰਕਾਸ਼ਿਤ ਇਕ ਇੰਟਰਵਿਊ 'ਚ ਕਹੀ ਹੈ। ਸਮੀਖਿਆ ਜੋ ਏਨੀ ਵਧੀਆ ਹੈ ਕਿ ਉਸ 'ਚ ਮਾਰਕਸ ਦੀਆਂ ਲਿਖਤਾਂ ਲਈ ਤੀਹ ਸਫੇ ਦਿੱਤੇ ਗਏ ਹਨ, ਇਸ ਨੂੰ ਧੜੱਲੇ ਨਾਲ ਮਾਰਕਸ ਦੇ 'ਪੁਨਰ ਜਨਮ ਦਾ ਕਾਰਨ" ਜਿਵੇਂ ਕਿ ਖੁਦ ਬ੍ਰਿਟਿਸ਼ ਇਤਿਹਾਸਕਾਰ ਏਰਿਕ ਹਾਬਸ਼ਬਾਨ ਮਜਾਕਿਆ ਲਹਿਜੇ ਨਾਲ ਕਹਿੰਦੇ ਹਨ, "ਇਹ ਪੂੰਜੀਪਤੀ ਜੋ ਦੂਜਿਆਂ ਦੇ ਮੁਕਾਬਲਤਨ ਕਿਤੇ ਵੱਧ ਮਾਰਕਸ ਤੋਂ ਫਿਰ ਤੋਂ ਖੋਜ ਕਰਨ ਲੱਗੇ ਹਨ।"

ਜਿਵੇਂ ਕਿ ਜਾਰਜ ਸੋਰੋਸ। ਜਾਰਜ ਸੋਰੋਸ ਇਕ ਫਾਈਨੇਸਿਅਰ ਅਤੇ ਬਾਜ਼ਾਰ-ਪੱਖੀ ਰਾਜਸੀ ਨੇਤਾ ਹਨ। ਉਹਨਾਂ ਨੇ ਪਿੱਛੇ ਜਿਹੇ ਹੀ ਮੰਨਿਆ ਹੈ "ਮੈਂ ਹੁਣੇ-ਹੁਣੇ

ਮਾਰਕਸ ਨੂੰ ਪੜ੍ਹ ਰਿਹਾ ਹਾਂ। ਉਹਨਾਂ ਨੇ ਜੋ ਕਿਹਾ ਹੈ ਉਸ 'ਚ ਕੁਝ ਬੇਹੱਦ ਰੌਚਿਕ ਗੱਲਾਂ ਹਨ।"

ਇਹ ਹੈਰਾਨੀਜਨਕ ਲੱਗ ਸਕਦਾ ਹੈ ਕਿ ਮਾਰਕਸ ਜਿਹਨਾਂ ਦਾ ਬਹੁਤ ਹੀ ਪਹਿਲਾਂ ਦੇਹਾਂਤ ਹੋ ਚੁੱਕਿਆ ਹੈ। ਅੱਜ ਫਿਰ ਤੋਂ ਪਸੰਦ ਕੀਤੇ ਜਾਣ ਲੱਗੇ ਹਨ। ਪਰ ਕੀ ਇਹ ਐਨੀ ਅਜੀਬ ਗੱਲ ਹੈ? ਹਾਬਸਬਾਨ ਕਹਿੰਦੇ ਹਨ, "ਇਹ ਹੈਰਾਨੀਜਨਕ ਨਹੀਂ ਹੈ ਕਿ ਬੁੱਧੀਮਾਨ ਪੂੰਜੀਪਤੀਆਂ ਨੂੰ ਵਿਸ਼ੇਸ਼ ਤੌਰ 'ਤੇ ਵਿਸ਼ਵੀ ਵਿਤੀ ਖੇਤਰ ਦੇ ਤਹਿਤ ਉਹ ਕੰਮ ਕਰਦੇ ਹਨ, ਉਸ ਦਾ ਕਿਰਦਾਰ ਕੀ ਹੈ ਅਤੇ ਇਹ ਕਿੰਨਾ ਅਸਥਿਰ ਹੈ, ਇਸ ਬਾਰੇ ਇਹ ਪੂੰਜੀਪਤੀ ਲਾਜ਼ਮੀ ਤੌਰ 'ਤੇ ਦੂਜਿਆਂ ਦੇ ਮੁਕਾਬਲਾਤਨ ਕਿਤੇ ਵੱਧ ਅੱਛੀ ਤਰ੍ਹਾਂ ਵਾਕਿਫ਼ ਹਨ।" ਸੁਭਾਵਿਕ ਤੌਰ 'ਤੇ ਇਹ ਉਮੀਦ ਨਹੀਂ ਕੀਤੀ ਜਾਣੀ ਚਾਹੀਦੀ ਕਿ ਇਹ ਵਿਤੀ ਪੂੰਜੀ ਦੇ ਮਾਲਕ ਉਸ ਪ੍ਰਬੰਦ ਦਾ ਤਿਆਗ ਕਰ ਦੇਣਗੇ ਜਿਸਨੇ ਉਹਨਾਂ ਨੂੰ ਤਾਜ ਪਹਿਨਾਇਆ ਹੈ ਜੋ ਉਹਨਾਂ ਨੂੰ ਪੂਰੇ ਸਮਾਜ 'ਤੇ ਕੱਪੜੇ ਬਣਾਉਣ ਦਿੰਦੇ ਹਨ। ਉਹ ਜਲਦੀ ਹੀ ਕਿਸੇ ਸਮੇਂ ਸਮਾਜਵਾਦ ਦੇ ਉਪਾਸ਼ਕ ਬਣਨ ਵਾਲੇ ਨਹੀਂ ਹਨ। ਇਸ ਵਿਚ ਉਹਨਾਂ ਦੀ ਰੁਚੀ ਨਹੀਂ ਹੈ। ਇਸ ਦੇ ਉਲਟ ਉਹ ਜਿਸ ਵਿਚ ਜਾਰਜ ਸੋਰੋਸ ਵੀ ਸ਼ਾਮਲ ਹਨ। ਨਿਸ਼ਚੇ ਹੀ ਹੁਣ ਵੀ ਇਹ ਭਰਮ ਪਾਲ ਰਹੇ ਹਨ ਕਿ ਉਹ ਮੌਜੂਦਾ ਸੰਕਟ ਨੂੰ ਆਪਣੇ ਖੁਦ ਦੇ ਫਾਇਦੇ ਵਿਚ ਬਦਲ ਸਕਦੇ ਹਨ ਅਤੇ ਉਹਨਾਂ ਦਾ ਮੁਨਾਫ਼ਾ ਵਧਾ ਸਕਦੇ ਹਨ ਕਿਉਂ ਸੰਕਟ ਨੇ ਸੱਟੇਬਾਜ਼ੀ ਦੀ ਭੁੱਖ ਨੂੰ ਵਧਾ ਦਿੱਤਾ ਹੈ। ਭਾਵੇਂ ਹੀ ਇਸ ਵਿਚ ਜੋਖਿਮ ਵੀ ਵਧ ਕਿਉਂ ਨਾ ਗਿਆ ਹੋਵੇ। ਮਾਰਕਸ ਨੇ 1867 ਵਿਚ ਆਪਣੀ ਮੁੱਖ ਰਚਨਾ "ਪੂੰਜੀ" ਲਿਖੀ ਸੀ ਇਸ ਤੋਂ ਬਹੁਤ ਪਹਿਲਾਂ 1848 ਵਿਚ 'ਕਮਿਊਨਿਸਟ ਮੈਨੀਫੈਸਟੋ" 'ਚ ਮਾਰਕਸ ਤੇ ਏਂਗਲਜ਼ ਨੇ ਦੱਸਿਆ ਕਿ ਇਹ ਵਿਵਸਥਾ ਪੂੰਜੀਪਤੀਆਂ ਦੇ ਦਾਅਵੇ ਵਾਲੇ ਪ੍ਰਬੰਧ, ਪਹਿਲਾਂ ਦੇ ਸਾਰੇ ਪ੍ਰਬੰਧਾਂ ਤੋਂ ਵੱਖ ਹੈ। ਉਹਨਾਂ ਲਿਖਿਆ ਕਿ, "ਪੈਦਾਵਾਰ 'ਚ ਨਿਰੰਤਰ, ਕ੍ਰਾਂਤੀਕਾਰੀ ਤਬਦੀਲੀ ਸਭ ਸਮਾਜਕ ਪ੍ਰਬੰਧਾਂ 'ਚ ਲਗਾਤਾਰ ਉਥਲ-ਪੁਥਲ, ਬੇਯਕੀਨੀ ਤੇ ਹਲਚਲ-ਇਹ ਚੀਜ਼ਾਂ ਪੂੰਜੀਵਾਦੀ ਯੁੱਗ ਨੂੰ ਸਭ ਯੁੱਗਾਂ ਤੋਂ ਵੱਖਰਾ ਕਰਦੀਆਂ ਹਨ।"

ਕੀ ਸੰਕਟ ਨੂੰ ਸਮਝਣ ਵਿਚ ਮਾਰਕਸ ਸਾਡੀ ਮਦਦ ਕਰ ਸਕਦੇ ਹਨ? ਜਿਵੇਂ ਕਿ ਅਰਥ ਸ਼ਾਸਤਰੀ ਜਾਨ-ਮੈਰੀ ਹੈਚੀਦੇ ਕਹਿੰਦੇ ਹਨ, ਤੱਥ ਇਹ ਹੈ ਕਿ "ਪੂੰਜੀਵਾਦ ਦੀ ਮਾਰਕਸ ਵਲੋਂ ਕੀਤੀ ਗਈ ਅਲੋਚਨਾ ਨਾਲ ਐਸੀ ਇਕ ਲੰਮੀ ਸੂਚੀ ਬਣਾਈ ਜਾ ਸਕਦੀ ਹੈ ਜਿਸ ਨਾਲ ਉਹ (ਯਾਨੀ ਕਿ ਪੂੰਜੀਪਤੀ) ਆਪਣੇ ਪ੍ਰਬੰਧ ਦੀਆਂ ਉਥਲਾਂ ਪੁਥਲਾਂ ਭਰੀਆਂ ਹਲਚਲਾਂ ਤੋਂ ਨਿਕਲਣ ਦਾ ਰਾਹ ਤਲਾਸ਼ਣ ਦਾ ਯਤਨ ਕਰ ਸਕਣ।" ਇਸ ਲਈ ਫੈਨਾਸ਼ੀਅਲ ਟਾਈਮਜ਼, ਵਾਲ ਸਟ੍ਰੀਟ ਜਨਰਲ ਦੀ ਇਕਾਨੋਮਿਸਟ, ਲੰਦਨ ਡੇਲੀ ਤੇ ਟੈਲੀਗ੍ਰਾਫ (ਜਿਸ ਨੇ ਕਿਹਾ ਹੈ ਕਿ 13 ਅਕਤੂਬਰ 2008 ਦਾ ਦਿਨ ਇਤਿਹਾਸ ਵਿਚ ਇਕ ਅਜਿਹੇ ਦਿਨ ਵਜੋਂ ਯਾਦ ਕੀਤਾ ਜਾਵੇਗਾ ਜਦ ਬ੍ਰਿਟਿਸ਼ ਪੂੰਜੀਵਾਦੀ ਵਿਵਸਥਾ ਨੇ ਅਸਫਲ ਹੋਣਾ ਮੰਨ ਲਿਆ ਸੀ।) ਤਕ ਸਭ ਅਖਬਾਰਾਂ 'ਚ ਲਿਖਣ ਵਾਲੇ ਟਿੱਪਣੀਕਾਰ ਇਹ ਮੰਨਣ ਲਈ ਮਜ਼ਬੂਰ ਹੋਏ ਕਿ "ਬਾਜ਼ਾਰ ਦੇ ਪਵਿੱਤਰ ਨਿਯਮ ਬਰਾਬਰੀ ਸਥਿਰਤਾ ਜਾਂ ਖੁਸ਼ਹਾਲੀ ਦੀ ਗਰੰਟੀ ਕਰਨ 'ਚ ਅਯੋਗ ਰਹੇ ਹਨ", ਅਤੇ ਕਿ ਇਹਨਾਂ ਸਾਰਿਆਂ ਕੇਸਾਂ ਵਿਚ ਮਾਰਕਸ ਦੀ ਗਹਿਰੀ ਨਜ਼ਰ ਸੀ। ਮਾਰਕਸ ਸਬੰਧੀ ਪੱਤਰਕਾਰ ਪੈਟ੍ਰਿਕ ਬੋਲਟੇਨ ਜ਼ੋਰ ਦੇ ਕੇ ਕਹਿੰਦੇ ਹਨ", ਉਹਨਾਂ ਦੇ ਵਿਚਾਰਾਂ

ਨੂੰ ਫਿਰ ਤੋਂ ਖੋਜਣ ਦੀ ਫੌਰੀ ਜ਼ਰੂਰਤ ਹੈ, ਜਿਸ ਨੂੰ ਅਕਸਰ ਕੁਝ ਕੁ ਪ੍ਰਸਿੱਧ ਉਦਾਹਣਾਂ ਤਕ ਸੀਮਤ ਕਰ ਦਿੱਤਾ ਜਾਂਦਾ ਹੈ।" ਮਾਰਕਸ ਨੂੰ ਪੜਨਾ, ਇਹ ਇਕ ਵਾਰੀ ਫਿਰ ਤੋਂ ਵਿਸ਼ਵੀਕਰਨ ਦੀਆਂ ਉਲਝਣਾ ਨੂੰ ਸੁਲਝਾਉਣ ਦੀ ਸਲਾਹ ਹੈ। ਇਸ ਵਿਸ਼ਵੀਕਰਨ ਨੇ "ਰੁਜ਼ਗਾਰ ਦੇ ਖਾਤਮੇ ਦੀ ਗਤੀ ਨੂੰ ਕਈ ਗੁਣਾ ਵਧਾ ਦਿੱਤਾ ਹੈ ਅਤੇ ਵੱਖ-ਵੱਖ ਦੇਸ਼ਾਂ ਵਿਚਕਾਰ ਨਾ ਬਰਾਬਰੀ ਨੂੰ ਹੋਰ ਇਕ ਹੀ ਦੇਸ਼ ਅੰਦਰ ਵੱਖ ਵੱਖ ਜਮਾਤਾਂ ਵਿਚਕਾਰ ਨਾ ਬਰਾਬਰੀ ਨੂੰ ਤੇਜ਼ੀ ਨਾਲ ਵਧਾ ਦਿੱਤਾ ਹੈ।" ਸੱਟੇਬਾਜ਼ੀ ਦੇ ਇਕ ਤੋਂ ਬਾਅਦ ਇੱਕ ਉਭਰਨ ਵਾਲੇ ਬੁਲਬੁਲੇ ਨੂੰ ਭੁਲਣਾ ਨਹੀਂ ਚਾਹੀਦਾ ਜਿਸ ਦੇ ਨਤੀਜੇ 'ਚ ਆਬਾਦੀ ਦਾ ਵਧਦਾ ਹੋਇਆ ਹਿੱਸਾ ਨਿਰੰਤਰ ਦਰਿੱਦ ਹੁੰਦਾ ਗਿਆ ਹੈ। ਮਾਰਕਸ ਨੇ ਅਸਲ ਵਿਚ ਇਤਿਹਾਸ ਦੀ ਗਤੀ, ਅਰਥਚਾਰੇ, ਪੈਦਾਵਾਰ, ਮੁੱਲ, ਪੂੰਜੀ, ਕਿਰਤ ਸ਼ਕਤੀ, ਮੁਦਰਾ ਮਾਲ, ਖਪਤ, ਉਧਾਰ, ਸਮਾਜਕ ਸੰਬੰਧ ਤੇ ਜਮਾਤੀ ਸੰਘਰਸ਼ ਦੀਆਂ ਗੁੱਥੀਆਂ ਨੂੰ ਵੀ ਸੁਲਝਾਇਆ ਸੀ। ਉਹਨਾਂ ਦੱਸਿਆ ਸੀ ਕਿ ਨਿਰੰਤਰ ਉਭਰਦੇ ਅੰਤਰ ਵਿਰੋਧਾਂ ਦੀ ਲੜੀ ਇਹ ਸੰਭਵ ਬਣਾਉਂਦੀ ਹੈ ਕਿ ਮਨੁੱਖ ਜਾਤੀ ਦੇ ਤੇ ਖਾਸੀਅਤਾਂ ਨੂੰ ਠੀਕ-ਠਾਕ ਚਿਤ੍ਰਤ ਕੀਤਾ ਜਾ ਸਕੇ। ਅੰਤਰ ਵਿਰੋਧਾਂ ਬਾਰੇ ਉਹਨਾਂ ਦੇ ਇਸ ਰਵੱਈਏ ਦੇ ਆਧਾਰ 'ਤੇ ਇਹ ਸਮਝ ਸਕਣਾ ਸੌਖਾ ਹੈ ਕਿ ਵਿਸ਼ਵੀ ਵਿੱਤੀ ਪੂੰਜੀ ਮੁਨਾਫੇ ਦੇ ਤਰਕ ਨੂੰ ਕਿਉਂ ਇਕ ਬੀਮਾਰੀ ਦੀ ਹੱਦ ਤੱਕ ਲਿਜਾ ਰਹੀ ਹੈ ਅਤੇ ਪੂੰਜੀਵਾਦ ਕਿਉਂ, 'ਪੱਖਪਾਤੀ ਪੂੰਜੀਵਾਦੀ" ਹੈ। ਉਹ ਕਿਉਂ ਇਕ ਐਸੀ ਵਿਵਸਥਾ ਹੈ ਜੋ ਪੈਸੇ ਨੂੰ ਸਭ ਚੀਜ਼ਾਂ ਦੇ ਉਪਰ ਰੱਖਦੀ ਹੈ ਤਾਂ ਕਿ ਹੋਰ ਪੈਸਾ ਬਚਾਇਆ ਜਾ ਸਕੇ। ਪੂੰਜੀਵਾਦ ਇਕ ਅਜਿਹਾ ਪ੍ਰਬੰਧ ਹੈ ਜੋ ਪਿੱਛੇ ਨਹੀਂ ਮੁੜ ਸਕਦਾ ਹੈ। ਇਹ ਇਕ ਅਜਿਹਾ ਪ੍ਰਬੰਧ ਹੈ ਜਿਸ ਦੇ 'ਪੁਰਾਣੇ ਸਮੇਂ ਦੇ ਪੂੰਜੀਵਾਦ' ਵੱਲ ਪਰਤਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਹੈ।

ਅਸਲ 'ਚ ਇਹ ਸੰਕਟ ਪ੍ਰਬੰਧ ਦਾ ਪੈਦਾ ਕੀਤਾ ਸੰਕਟ ਹੈ। ਇਸ ਦਾ ਸਿਰਫ ਦੋਹਰਾ ਹੋ ਸਕਦਾ ਹੈ ਅਤੇ ਇਹ ਹੋਰ ਵੱਧ ਯਾਨੀ ਕਿ ਵਿੱਤੀ ਪੂੰਜੀ ਦੀ ਤਾਨਾਸ਼ਾਹੀ ਅਤੇ ਵੱਧ ਬਦਤਰ ਰੂਪ ਹੀ ਲੈ ਸਕਦਾ ਹੈ। ਜੇ ਵਿਵਸਥਾ ਦੇ ਤਰਕ ਨੂੰ ਖੋਜ ਦੇ ਤਰਕ ਨੂੰ ਅਣਛੂਹਿਆ ਰੱਖਿਆ ਗਿਆ ਤਾਂ ਪੂੰਜੀਵਾਦ ਨੂੰ 'ਨੈਤਿਕ ਬਣਾਉਣਾ" ਇਸ ਵਿਚ "ਵੱਧ ਪਾਰਦ੍ਰਸ਼ਿਤਾ ਲਿਆਉਣ ਆਦਿ ਨਾਹਰੇ ਸਿਰਫ ਵਿਖਾਵਾ ਹੀ ਬਣੇ ਹੋਏ ਹਨ। ਜਿਵੇਂ ਕਿ ਫਰਾਂਸ ਦੇ ਰਾਸ਼ਟਰਪਤੀ ਨਿਕੋਲਾਈ ਸਰਕੋਜੀ ਦੀ ਤਜਵੀਜ਼ ਹੈ। ਅਸੀਂ ਇਕ ਅਜਿਹੇ ਪ੍ਰਬੰਧ 'ਚ ਰਹਿ ਰਹੇ ਹਾਂ ਕਿ ਜੋ ਖੁਦ ਨੂੰ ਨਿਯਮਤ ਕਰਨ 'ਚ ਬਿਲਕੁਲ ਹੀ ਅਸਮਰਥ ਹੈ ਅਤੇ ਜਿਸ ਲਈ ਸਾਨੂੰ ਏਨੀ ਕੀਮਤ ਚੁਕਾਉਣੀ ਪੈ ਰਹੀ ਹੈ। ਇਸ ਲਈ ਹੁਣ ਸਾਡਾ ਟੀਚਾ ਹੋਣਾ ਚਾਹੀਦਾ ਹੈ ਪੂੰਜੀਵਾਦ ਨੂੰ ਲੰਘ ਕੇ ਇਕ ਨਵੇਂ ਸਮਾਜਕ ਸੰਗਠਨ ਵੱਲ ਲੰਬੀ ਕੂਚ ਕਰਨਾ ਜਿਥੇ ਮਾਨਵਤਾ ਸੰਘ ਬਰਧਕ ਹੋ ਕੇ ਆਪਣੇ ਖੁਦ ਦੀ ਸਮਾਜਿਕ ਸੱਤਾ ਨੂੰ ਕੰਟਰੋਲ ਕਰੇਗੀ।

# ਵਾਤਾਵਰਣ 'ਚ ਪਾਰੇ ਦਾ ਵਧਦਾ ਪੱਧਰ ਕਿੰਨਾ ਕੁ ਖਤਰਨਾਕ

ਖਾਣ ਤੋਂ ਨਿਕਲਦਾ ਸੋਨਾ ਜਦ ਹੱਥਾਂ ਵਿੱਚ ਪੁੱਜਦਾ ਹੈ ਤਾਂ ਉਸ ਦੀ ਚਮਕ ਵੇਖਣ ਲਾਇਕ ਹੁੰਦੀ ਹੈ। ਪਾਰਾ (ਮਰਕਰੀ) ਦੀ ਵਰਤੋਂ ਨਾਲ ਸੋਨੇ ਦੀ ਚਮਕ ਤਾਂ ਨਿਖਰ ਜਾਂਦੀ ਹੈ ਪਰ ਵਾਯੂਮੰਡਲ ਲਈ ਖਤਰਨਾਕ ਪਾਰਾ ਬਹੁਤ ਹੱਦ ਤਕ ਜਲ ਥਲ ਤੇ ਵਾਯੂ 'ਚ ਸਮਾ ਜਾਂਦਾ ਹੈ ਜੋ ਸਾਨੂੰ ਨਹੀਂ ਦਿਸਦਾ ਪਾਰੇ ਦਾ ਮਕੜ ਜਾਲ ਬਣਦਾ ਰਹਿੰਦਾ ਹੈ ਤੇ ਸਾਨੂੰ ਉਸ ਦੀ ਖਬਰ ਵੀ ਨਹੀਂ ਲੱਗਦੀ। ਇਸ ਦੀ ਅਧਿਕਤਾ ਨਾਲ ਜਦ ਮਿਨਾਮਾਤਾ ਰੋਗ ਹੁੰਦਾ ਹੈ ਤਾਂ ਉਦੋਂ ਜਾ ਕੇ ਇਸ ਬਾਰੇ ਜਾਣਕਾਰੀ ਹੁੰਦੀ ਹੈ ਮਿਨਾਮਾਤਾ ਰੋਗ ਬਾਰੇ ਜਪਾਨ ਤੋਂ ਬੇਹਤਰ ਕੋਈ ਨਹੀਂ ਜਾਣਦਾ। ਸੰਸਾਰ 'ਚ ਪਾਰੇ ਦੇ ਪ੍ਰਦੂਸ਼ਣ ਨਾਲ ਪੀੜਤ ਹੋਣ ਵਾਲੇ ਸ਼ਹਿਰ ਵਿਚ ਜਾਪਾਨ ਦੇ ਮਿਨਾਮਾਤਾ ਸ਼ਹਿਰ ਦਾ ਨਾਂ ਆਉਂਦਾ ਹੈ ਜਿਥੇ ਇਸ ਰੋਗ ਨਾਲ ਵੱਡੀ ਗਿਣਤੀ 'ਚ ਲੋਕ ਮਾਰੇ ਗਏ ਅਤੇ ਕੁਝ ਬੀਮਾਰ ਰਹੇ। ਇਸ ਲਈ ਰੋਗ ਦਾ ਨਾਂ ਹੀ ਮਿਨਾਮਾਤਾ ਰੱਖ ਦਿੱਤਾ ਗਿਆ। ਸਰੀਰ 'ਚ ਤੱਤਰਿਕਾ ਨੂੰ ਪ੍ਰਭਾਵਿਤ ਕਰਨ ਵਾਲਾ ਪਾਰਾ ਅੱਜ ਵਾਤਾਵਰਣ ਅਸੰਤੁਲਨ ਵਜੋਂ ਵੱਡੀ ਸਮੱਸਿਆ ਵਜੋਂ ਉਭਰਦਾ ਜਾ ਰਿਹਾ ਹੈ। ਸਿੱਟੇ ਵਜੋਂ ਵਾਯੂਮੰਡਲ ਵਿੱਚ ਪਾਰੇ ਦੀ ਵੱਧਦੀ ਪੱਧਰ ਨੂੰ ਕੰਟਰੋਲ ਤੇ ਸੀਮਤ ਕਰਨ ਦੀ ਮੰਗ ਜੋਰ ਫੜਨ ਲੱਗੀ ਹੈ। ਸੰਸਾਰ ਵਿੱਚ ਵਾਤਾਵਰਣ ਨਾਲ ਸਬੰਧਿਤ ਸਮੱਸਿਆਵਾਂ 'ਤੇ ਯੂ. ਐੱਨ. ਓ. ਦੀ ਇਕਾਈ ਯੂ. ਐਨ. ਈ. ਪੀ. (ਯੂਨਾਈਟਡ ਨੇਸ਼ਨਜ਼ ਇਨਵਾਇਰਨਮੈਂਟ ਪ੍ਰੋਗਰਾਮ) ਇਕ ਮਹੱਤਵਪੂਰਨ ਸੰਸਥਾ ਹੈ। ਇਹ ਵਿਸ਼ਵੀ ਪੱਧਰ 'ਤੇ ਵਾਤਾਵਰਣ 'ਚ ਹੋਣ ਵਾਲੇ ਕਿਸੇ ਵੀ ਬਦਲਾਅ ਤੇ ਉਸ ਨਾਲ ਹੋਣ ਵਾਲੀ ਹਾਨੀ 'ਤੇ ਵਿਸ਼ਵ ਭਾਈਚਾਰੇ ਨੂੰ ਚੌਕਸ ਕਰਦੀ ਹੈ। ਵਿਕਸਤ ਤੇ ਵਿਕਾਸਸ਼ੀਲ ਦੇਸ਼ਾਂ ਵਿਚ ਹਾਲ ਦੇ ਸਾਲਾਂ ਵਿੱਚ ਵਿਗਿਆਨਕ ਖੋਜ ਤੇ ਬਾਜ਼ਾਰ ਲਈ ਵੱਖ-ਵੱਖ ਤਰ੍ਹਾਂ ਦੀਆਂ ਵਸਤਾਂ 'ਚ ਪਾਰੇ ਦੀ ਬੇਹੱਦ ਵਰਤੋਂ ਸਬੰਧੀ ਵਿਸ਼ਵ ਪੱਧਰ 'ਤੇ ਮਜ਼ਬੂਤੀ ਨਾਲ ਆਮ ਰਾਏ ਬਣਾਉਣ ਦੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਹੈ। ਇਸ ਦੇ ਮੱਦੇਨਜ਼ਰ ਯੂ. ਐਨ. ਈ. ਪੀ. ਦੇ ਮੁੱਖ ਦਫਤਰ ਨੈਰੋਬੀ (ਕੇਨਿਆ) 'ਚ ਪਿਛਲੇ ਮਹੀਨੇ 16 ਤੋਂ 20 ਫਰਵਰੀ ਤਕ ਇਕ ਵਿਸ਼ਵ ਪੱਧਰੀ ਸੰਮੇਲਨ ਹੋਇਆ। ਇਸ ਸੰਮੇਲਨ ਦਾ ਵਿਸ਼ਾ ਸੀ 'ਪਾਰੇ ਦੇ ਪ੍ਰਦੂਸ਼ਣ ਨਾਲ ਮਨੁਖੀ ਸਿਹਤ ਤੇ ਵਾਤਾਵਰਣ 'ਤੇ ਪੈਣ ਵਾਲੇ ਘਾਤਕ ਪ੍ਰਭਾਵ'। ਇਸ ਵਿਚ ਲਗਭਗ 140 ਦੇਸ਼ਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਇਥੇ ਯੂ. ਐਨ. ਈ. ਪੀ. ਦੇ ਪਿਛਲੇ ਛੱਤ ਸਾਲਾਂ ਤੋਂ ਚਲੇ ਆ ਰਹੇ ਯਤਨਾਂ ਨੂੰ ਭਰਪੂਰ ਸਹਿਯੋਗ ਤੇ ਹਮਾਇਤ ਮਿਲੀ ਅਤੇ ਗੱਲਬਾਤ ਰਾਹੀਂ ਵਿਸ਼ਵ ਪੱਧਰ 'ਤੇ ਸਮਝੌਤੇ ਨੂੰ ਕਨੂੰਨ ਰੂਪ ਦੇਣ ਦੀ ਗੱਲ ਕਹੀ ਗਈ। ਵਿਸ਼ਵ ਪੱਧਰ 'ਤੇ ਸਮਝੌਤੇ ਦੀ ਲੋੜ 'ਤੇ ਜ਼ੋਰ ਦਿੰਦਿਆਂ ਸੰਯੁਕਤ ਰਾਸ਼ਟਰ ਸੰਘ ਦੇ ਅੰਡਰ ਸੈਕਟਰੀ ਜਨਰਲ ਤੇ ਯੂ. ਐਨ. ਈ. ਪੀ. ਦੇ ਏਕਜੀਕੂਟਿਵ ਡਾਇਰੈਕਟਰ ਅਚੀਮ ਸਟੇਨਰ ਨੇ ਕਿਹਾ, ਯੂ. ਐਨ. ਈ. ਪੀ. ਪਿਛਲੇ ਸੱਤ ਸਾਲਾਂ ਤੋਂ ਪਾਰਾ ਮਾਮਲੇ ਦੇ ਹੱਲ ਲਈ ਮੈਂਬਰ ਦੇਸ਼ਾਂ ਵਿਚਕਾਰ ਗੱਲਬਾਤ ਰਾਹੀਂ ਆਮ ਸਹਿਮਤੀ ਸਥਾਪਤ ਕਰਨ

ਦੀ ਅੱਛੀ ਕੋਸ਼ਿਸ਼ ਕੀਤੀ ਗਈ ਹੈ। ਵਿਸ਼ਵ ਭਰ ਦੇ ਵਾਤਾਵਰਨ ਮੰਤਰੀ ਪੂਰੇ ਤੱਥਾਂ ਤੋਂ ਭਲੀਭਾਂਤ ਜਾਣੂ ਹੋ ਚੁੱਕੇ ਹਨ। ਅੱਜ ਗੱਲ ਕਰਨ ਦਾ ਸਮਾਂ ਖਤਮ ਹੋ ਚੁੱਕਿਆ ਹੈ ਅਤੇ ਕਾਰਵਾਈ ਕਰਨ ਦਾ ਸਮਾਂ ਆ ਗਿਆ ਹੈ। ਸੰਮੇਲਨ ਵਿਚ ਪਾਰੇ ਦੇ ਪ੍ਰਦੂਸ਼ਣ ਨਾਲ ਮੁਕਾਬਲਾ ਕਰਨ 'ਚ ਵਿਕਸਤ ਦੇਸ਼ਾਂ ਦਾ ਰਵੱਈਆ ਵਿਰੋਧ ਦਾ ਸੀ ਪਰ ਬਾਅਦ ਵਿੱਚ ਸਭ ਦੇਸ਼ ਅੱਗੇ ਆਏ ਅਤੇ ਅੱਠ ਸੂਤਰੀ ਸਾਂਝੇਦਾਰੀ ਯੋਜਨਾ 'ਚ ਸ਼ਾਮਲ ਹੋਏ। ਇਸ ਸਾਂਝ ਦਾ ਉਦੇਸ਼ ਪਾਰੇ ਨੂੰ ਸੁਰੱਖਿਅਤ ਤਰੀਕੇ ਨਾਲ ਜਮਾ ਕਰਨ ਲਈ ਦੇਸ਼ਾਂ ਦੀ ਸਮਰੱਥਾ ਨੂੰ ਵਧਾਉਣਾ, ਭਾਰਤੀਆਂ ਧਾਤੂਆਂ ਦੇ ਸ਼ੁਰੂਆਤੀ ਖਨਣ ਖੇਤਰਾਂ ਤੋਂ ਪਾਰੇ ਦੀ ਵੰਡ ਨੂੰ ਘਟਾਉਣਾ, ਖੁਦਾਈ ਖੇਤਰਾਂ ਵਿੱਚ ਖਣਿਜ ਤੇ ਪ੍ਰਭਾਵਿਤ ਹੋਣ ਵਾਲੇ ਖਤਰੇ ਸਬੰਧੀ ਜਾਣਕਾਰੀ ਦੇਣਾ ਸੀ। ਵਿਸਵ ਵਿਚ ਅਜੇਹੇ ਖਾਣ ਮਜ਼ਦੂਰਾਂ ਤੇ ਪਰਿਵਾਰਾਂ ਦੀ ਗਿਣਤੀ ਲਗਭਗ ਇਕ ਕਰੋੜ ਹੈ। ਸੰਮੇਲਨ 'ਚ ਥਰਮਾ ਮੀਟਰ ਕਾਗਜ਼ ਤੇ ਪਲਾਸਟਿਕ ਦੀ ਪੈਦਾਵਾਰ 'ਚ ਉੱਚ ਤੀਬਰਤਾ ਵਾਲੇ ਲੈਪ 'ਚ ਪਾਰੇ ਦੇ ਪ੍ਰਯੋਗ ਨੂੰ ਘੱਟ ਕਰਨ 'ਤੇ ਜ਼ੋਰ ਦਿੱਤਾ ਗਿਆ। ਇੱਥੇ ਇਹ ਵੀ ਤਹਿ ਹੋਇਆ ਕਿ ਇਹਨਾਂ ਸਾਂਝੀਆਂ ਯੋਜਨਾਵਾਂ 'ਤੇ ਅਮਲ ਕਰਨ ਦੇ ਨਾਲ-ਨਾਲ ਆਰਥਕ ਮਾਤਰਾ ਨੂੰ ਪ੍ਰਭਾਵਿਤ ਹੋਣ ਤੋਂ ਬਚਾਉਣਾ ਹੈ। ਪਾਰੇ ਦੀ ਬਹੁਤੀ ਵਰਤੋਂ ਵਿਗਿਆਨ ਉਪਰਕਣਾਂ 'ਚ ਕੀਤੀ ਜਾਂਦੀ ਹੈ। ਦੂਜੇ ਪਾਸੇ ਵਾਯੂਮੰਡਲ 'ਚ ਪਾਰੇ ਦਾ ਦਾਖ਼ਲਾ ਸੋਨਾ, ਚਾਂਦੀ ਵਰਗੇ ਤੱਤ ਕੱਢਣੇ। ਅਜਿਹੇ ਤੱਤਾਂ ਦੇ ਖਨਣ ਤੇ ਸੋਧਣ ਦਾ ਕੰਮ ਅਮਰੀਕਾ ਤੋਂ ਅਫਰੀਕੀ ਦੇਸ਼ਾਂ 'ਚ ਫੈਲਿਆ ਹੈ ਜਿਥੇ ਵੱਡੀ ਗਿਣਤੀ 'ਚ ਲੋਕ ਰੁਜਗਾਰ ਨਾਲ ਜੁੜੇ ਹਨ। ਇਹਨਾਂ ਯੋਜਨਾਵਾਂ 'ਤੇ ਅਮਲ ਕਰਨ ਨਾਲ ਤੋਂ ਪਹਿਲਾਂ ਪਾਰੇ ਦੇ ਵਿਕਲਪ 'ਤੇ ਵੀ ਵਿਚਾਰਾਂ ਕਰਨ ਦੀ ਲੋੜ ਹੈ। ਹਾਲਾਂਕਿ ਵਿਗਿਆਨ ਉਪਰਕਣਾ ਵਿੱਚ ਇਲੈਕਟ੍ਰਾਨਿਕ ਧਆਮੀਟਰ ਜਾਂ ਅਲਕੋਹਲ ਵਾਲੇ ਧਰਮ ਮੀਟਰ 'ਤੇ ਜੋਰ ਦਿੱਤਾ ਜਾਣ ਲੱਗਿਆ ਹੈ।

ਪਾਰਾ ਧਰਤੀ 'ਤੇ ਭਾਵੇਂ ਹੀ ਇਕ ਦੁਰਲੱਭ ਵਸਤੂ ਮੰਨੀ ਗਈ ਹੋਵੇ ਪਰ ਜਲ ਜੀਵਾਂ ਤੇ ਥਲ ਜੀਵਾਂ ਲਈ ਇਹ ਖਤਰਨਾਕ ਹੈ। ਜਪਾਨ ਵਰਗਾ ਵਿਕਸਤ ਦੇਸ਼ ਵੀ ਪਾਰੇ ਦੇ ਪ੍ਰਦੂਸ਼ਣ ਦਾ ਸਿੱਟਾ ਝੱਲ ਚੁੱਕਿਆ ਹੈ। 1956 ਵਿਚ ਕਯੁਸ਼ੂ ਦੀਪ 'ਤੇ ਮਿਨਾਮਾਤਾ ਅਤੇ ਨਿਗਾਤਾ ਸ਼ਹਿਰ ਵਿੱਚ ਇਕ ਰਸਾਇਣਕ ਫੈਕਟਰੀ ਤੋਂ ਨਿਕਲਣ ਵਾਲੇ ਦੂਸ਼ਿਤ ਜਲ ਨਾਲ ਲਗਭਗ 30 ਸਾਲਾਂ ਤੱਕ ਸਥਾਨਕ ਲੋਕ, ਮੱਛੀਆਂ ਤੇ ਜਾਨਵਰ ਵੱਖ-ਵੱਖ ਰੋਗਾਂ ਤੋਂ ਗ੍ਰਹਿਸਤ ਹੁੰਦੇ ਰਹੇ ਅਤੇ ਮਰਦੇ ਰਹੇ। ਉਕਤ ਸ਼ਹਿਰਾਂ ਦੇ ਪੀੜਤ ਲੋਕਾਂ ਵਿੱਚ ਜਦ ਪਾਰੇ ਦਾ ਪੱਧਰ ਮਾਪਿਆ ਗਿਆ ਤਾਂ 705 ਪੀ. ਪੀ. ਐਮ. (ਪਾਰਟ ਸਪਰ ਮਿਲੀਅਨ) ਸੀ ਜਦ ਮਿਨਾਮਾਤਾ ਸ਼ਹਿਰ ਦੇ ਬਾਹਰ ਦੇ ਲੋਕਾਂ 'ਚ ਪਾਰੇ ਦਾ ਪੱਧਰ ਪੀ. ਪੀ. ਪੀ. ਐਮ. ਸੀ.। ਮਾਰਚ ਤੱਕ ਅਧਿਕਾਰਿਤ ਤੌਰ 'ਤੇ ਉਥੇ ਲਗਭਗ 2265 ਪੀੜਤਾਂ ਦੀ ਸਨਾਖਤ ਕੀਤੀ ਗਈ ਸੀ। ਇਹਨਾਂ 'ਚੋਂ 1784 ਦੀ ਮੌਤ ਹੋ ਗਈ। ਲੋਕਾਂ ਦੇ ਸਰੀਰ ਵਿੱਚ ਪਾਰਾ ਭੋਜਨ ਤੇ ਹਵਾ ਰਾਹੀਂ ਦਾਖਲ ਹੁੰਦਾ ਹੈ। ਵਿਸ਼ਵ ਸਿਹਤ ਸੰਗਠਨ (WHO) ਦਾ ਮੰਨਣਾ ਹੈ ਕਿ ਪਾਰੇ ਦਾ ਕੋਈ ਸੁਰੱਖਿਅਤ ਪੱਧਰ ਨਹੀਂ ਹੈ। ਅਜਿਹੇ ਵਿਚ ਸਾਵਧਾਨੀ ਨਾਲ ਵਰਤੋਂ ਹੀ ਇਸ ਦਾ ਬਚਾਅ ਹੈ। ਪਾਰ ਨਾਲ ਤੰਤੂ-ਤੰਤਰ (ਨਰਵਸ ਸਿਸਟਮ) ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ ਜਿਸ ਨਾਲ ਉਨੀਂਦਰਾ, ਪਾਗਲਪਣ, ਡਿਪਰੈਸ਼ਨ ਵਰਗੀਆਂ ਬੀਮਾਰੀਆਂ ਹੁੰਦੀਆਂ ਹਨ। ਇਸ ਤੋਂ

ਇਲਾਵਾ ਪ੍ਰਜਨਣ ਸਮਰਥਾ ਤੇ ਸਰੀਰਕ ਵਿਕਾਸ ਆਦਿ ਵੀ ਪ੍ਰਭਾਵਿਤ ਹੁੰਦੇ ਹਨ। ਹਵਾ ਪ੍ਰਦੂਸ਼ਣ ਮਾਹਰਾਂ ਦਾ ਮੰਨਣਾ ਹੈ ਕਿਮ ਵਿਸ਼ਵੀ ਪੱਧਰ 'ਤੇ ਵਾਤਾਵਰਣ ਵਿਚ ਮਰਕਰੀ ਦਾ ਪੱਧਰ ਪਿਛਲੇ 17 ਸਾਲਾਂ ਤੋਂ ਕਾਫੀ ਤੇਜੀ ਨਾਲ ਵਧਿਆ ਹੈ। ਯੂ. ਐਨ. ਈ. ਪੀ. ਨੇ ਮਰਕਰੀ ਪ੍ਰਦੂਸ਼ਣ ਨੂੰ ਲੈ ਕੇ ਪਹਿਲੀ ਰਿਪੋਰਟ ਸੱਤ ਸਾਲ ਪਹਿਲਾਂ ਜਾਰੀ ਕੀਤੀ ਸੀ ਜਿਸ ਵਿਚ ਵਿਸ਼ਵ ਪੱਧਰ 'ਤੇ ਏਸ਼ੀਆ ਤੋਂ ਅਫਰੀਕੀ ਦੇਸ਼ਾਂ ਤੋਂ ਸਿਰਫ ਬਿਜਲੀ ਕੇਂਦਰਾਂ ਤੋਂ 1500 ਟਨ ਮਰਕਰੀ (ਪਾਰਾ) ਹਰ ਸਾਲ ਵਾਤਾਵਰਨ 'ਚ ਜਾਣ ਦੀ ਗੱਲ ਦੱਸੀ ਗਈ ਸੀ। ਇਸ ਤੋਂ ਇਲਾਵਾ ਸੋਨੇ-ਚਾਂਦੀ ਦੀਆਂ ਖਾਣਾ ਤੋਂ ਲਗਭਗ 400-500 ਟਨ ਹਰ ਸਾਲ ਪਾਰਾ ਨਿਕਲਣ ਦੀ ਗੱਲ ਕਹੀ ਗਈ ਹੈ। ਅੱਜਕਲ ਲਗਭਗ 6000 ਟਨ ਪਾਰੇ ਦਾ ਜ਼ਹਿਰ ਹਰ ਸਾਲ ਵਾਯੂਮੰਡਲ 'ਚ ਘੁਲ ਰਿਹਾ ਹੈ। ਲਗਭਗ 50 ਫੀਸਦੀ ਪਾਰਾ ਤਾਂ ਕੋਲੇ ਦੇ ਜਲਣ ਤੇ ਕੋਲਾ ਅਧਾਰਤ ਬਿਜਲੀ ਕੇਂਦਰਾਂ ਤੋਂ ਨਿਕਲਦਾ ਹੈ। ਅਜਿਹੇ ਵਿੱਚ ਜਿਨ੍ਹਾਂ ਦੇਸ਼ਾਂ ਵਿੱਚ ਉਦਯੋਗ ਧੰਦੇ ਕੋਲੇ 'ਤੇ ਨਿਰਭਰ ਹਨ। ਉਥੇ ਸਮਝੌਤੇ ਨੂੰ ਲਾਗੂ ਕਰਨਾ ਕਾਫੀ ਮੁਸ਼ਕਲ ਹੋ ਸਕਦਾ ਹੈ। ਸੰਸਾਰ 'ਚ ਕੋਲੇ ਦੀ ਪੈਦਾਵਾਰ 'ਚ ਅਮਰੀਕਾ, ਚੀਨ ਤੇ ਭਾਂਰਤ ਦੀ ਹਿੱਸੇਦਾਰੀ ਲਗਭਗ 50 ਫੀਸਦੀ ਹੈ, ਇਹਨਾਂ ਦੇਸ਼ਾਂ ਵਿਚ ਕੋਲੇ 'ਤੇ ਅਧਾਰਤ ਸਨਅਤਾਂ ਦੀ ਭਰਮਾਰ ਹੈ। ਇਸ ਲਈ ਪਾਰੇ ਸਬੰਧੀ ਕਿਸੇ ਵੀ ਯੋਜਨਾ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਵੱਡੀ ਜ਼ਿੰਮੇਵਾਰੀ ਇਹਨਾਂ ਦੇਸ਼ਾਂ 'ਤੇ ਵੱਧ ਹੈ। ਯੂਰਪੀ ਦੇਸ਼ ਵੀ ਪਾਰਾ ਪ੍ਰਦੂਸ਼ਣ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹਨ। ਸਵੀਡਨ 'ਚ ਲਗਭਗ 50 ਹਜ਼ਾਰ ਛੋਟੀਆਂ ਵੱਡੀਆਂ ਝੀਲਾਂ ਵਿੱਚ ਪਾਰੇ ਦਾ ਪੱਧਰ ਆਮ ਨਾਲੋਂ ਵੱਧ ਚੁੱਕਿਆ ਹੈ। ਉਥੇ ਗਰਭਵਤੀ ਔਰਤਾਂ ਨੂੰ ਝੀਲ 'ਚ ਪਾਏ ਜਾਣ ਵਾਲੇ ਪਾਈਕ, ਪਰਚ, ਟਰਬੋਟ, ਈਲ ਆਦਿ ਮੱਛੀਆਂ ਦੇ ਖਾਣ ਤੋਂ ਪ੍ਰਹੇਜ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਹੋਰ ਲੋਕਾਂ ਨੂੰ ਹਫਤੇ 'ਚ ਸਿਰਫ ਇਕ ਵਾਰੀ ਮੱਛੀ ਖਾਣ ਨੂੰ ਕਿਹਾ ਗਿਆ ਹੈ। ਯੂਰਪੀ ਯੂਨੀਅਨ ਪਾਰੇ ਦੇ ਪ੍ਰਦੂਸ਼ਣ ਪ੍ਰਤੀ ਕਾਫੀ ਗੰਭੀਰ ਹੋਈ ਹੈ। ਸਪੇਨ ਨੈ ਐਲਾਨ ਕੀਤਾ ਹੈ ਕਿ ਉਹ ਅਲਮਾਡੇਨ ਸਥਿਤ ਯੂਰਪ ਦੀ ਸਭ ਤੋਂ ਵੱਡੀ ਪਾਰਾ ਖਾਣ ਤੋਂ ਸਾਲ 2011 ਤਕ ਮੈਂਬਰ ਦੇਸ਼ਾਂ ਨੂੰ ਪਾਰਾ ਬਰਾਮਦ ਕਰਨਾ ਬੰਦ ਕਰ ਦੇਵੇਗਾ। ਅਮਰੀਕੀ ਬੁਸ਼ ਪ੍ਰਸ਼ਾਸਨ (ਸਾਮਰਾਜ ਦਾ ਗੜ੍ਹ) ਹਮੇਸ਼ਾ ਹੀ ਪਾਰਾ ਕੰਟਰੋਲ ਸਬੰਧੀ ਸਖਤ ਕਾਨੂੰਨ ਦੇ ਮਸੌਦੇ ਦਾ ਵਿਰੋਧ ਕਰਦਾ ਆ ਰਿਹਾ ਸੀ। ਸੰਸਾਰ ਦੇ ਲੋਕਾਂ ਦੇ ਦਬਾਅ ਦਾ ਨਤੀਜਾ ਹੈ ਕਿ ਅਮਰੀਕਾ ਵੀ ਅੱਜ ਯੂਰਪੀ ਯੂਨੀਅਨ ਵਾਂਗੂ 2003 ਤਕ ਪਾਰੇ ਦੀ ਬਰਾਮਦ ਤੇ ਰੋਕ ਲਾਉਣ ਦੀ ਗੱਲ ਦੀ ਪੈਰੋਕਾਰੀ ਕਰ ਰਿਹਾ ਹੈ। ਹਾਲਾਂਕਿ ਭਾਰਤ ਅਤੇ ਚੀਨ ਵੀ ਹੱਲ ਵਾਸਤੇ ਕਿਸੇ ਕਨੂੰਨੀ ਬੰਧੇਜ ਦੇ ਖਿਲਾਫ ਸਨ ਪਰ ਬਾਅਦ ਵਿੱਚ ਵਿਰੋਧ ਵਾਪਸ ਲੈ ਲਿਆ। ਇਹਨਾਂ ਦੇਸ਼ਾਂ ਨੇ ਅਗਲੇ ਸਾਲ ਕੋਪੇਨਹੇਗਨ 'ਚ ਹੋਣ ਵਾਲੇ ਇੰਟਰਨੈਸ਼ਨਲ ਕਲਾਈਮੇਟ ਚੇਂਜ ਡੀਲ 'ਚ ਇਸ 'ਤੇ ਅੱਗੇ ਕੰਮ ਕਰਨ ਦੀ ਉਮੀਦ ਜਤਾਈ ਹੈ। ਅੱਜ ਅਮਰੀਕਾ ਵਰਗੇ ਸਾਮਰਾਜੀ ਵੀ ਪਾਰੇ ਦੇ ਪ੍ਰਦੂਸ਼ਣ ਦੀ ਮਾਰ ਝੱਲ ਰਹੇ ਹਨ। ਅਸਲ 'ਚ ਅਮਰੀਕਾ 'ਚ ਹਰੇਕ ਛੇ ਔਰਤਾਂ ਪਿਛੇ ਇਕ ਦੇ ਖੂਨ ਵਿਚ ਪਾਰਾ ਕਾਫੀ ਮਾਤਰਾ ਵਿਚ ਮਿਲਦਾ ਹੈ। ਇਸ ਨਾਲ ਇਹਨਾਂ ਔਰਤਾਂ ਵਿਚ ਵਿਕਸਤ ਹੋ ਰਹੇ ਭਰੂਣ ਉਪਰ ਖਤਰਾ ਮੰਡਰਾ ਰਿਹਾ ਹੈ। ਇਸ ਦਾ ਮਤਲਬ ਸਾਫ ਹੈ ਕਿ ਅਮਰੀਕਾ ਵਿਚ ਲਗਭਗ 63000 ਨਵ ਜਨਮੇ ਬੱਚਿਆਂ ਦੀ ਸਿਹਤ ਅਤੇ ਸੁਰੱਖਿਆ ਖਤਰੇ ਵਿੱਚ ਹੈ। ਪਾਰੇ ਦਾ ਪ੍ਰਦੂਸ਼ਣ ਵਾਤਾਵਰਣ ਤੇ ਸਿਹਤ

ਲਈ ਚੁਣੌਤੀ ਬਣਦਾ ਜਾ ਰਿਹਾ ਹੈ। ਇਸ ਤੋਂ ਬਚਣ ਲਈ ਦਰੇ ਨਾਲ ਹੀ ਸਹੀ ਪਰ ਵਿਸ਼ਵ ਦੇ ਸਭ ਦੇਸ਼ਾਂ ਨੇ ਇਕ ਜੁੱਟਤਾ ਤਾਂ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ। ਪਰ ਹਾਕਮਾਂ ਦੀਆਂ ਮੁਨਾਫਾਖੋਰ ਨੀਤੀਆਂ ਅੜਿੱਕਾ ਬਣਨਗੀਆਂ। ਨੇਰੋਬੀ ਸੰਮੇਲਨ ਵਿੱਚ ਸਾਂਝੇਦਾਰੀ ਯੋਜਨਾ ਸਬੰਧੀ ਜੇ ਅਮਲਾ ਹੁੰਦਾ ਹੈ ਤਾਂ ਖ਼ੂਨ 'ਚ ਦੌੜ ਰਹੇ ਪਾਰੇ ਦੇ ਪ੍ਰਕੋਪ ਨੂੰ ਕੁਝ ਠੱਲ੍ਹ ਪਾਈ ਜਾ ਸਕਦੀ ਹੈ ਬਲਕਿ ਵਾਤਾਵਰਣ ਅਸੰਤੁਲਨ ਦੇ ਖਤਰੇ ਨੂੰ ਵੀ ਘਟਾਇਆ ਜਾ ਸਕਦਾ ਹੈ। ਇਹ ਤਾਂ ਸਮਾਂ ਹੀ ਦੱਸੇਗਾ ਕਿ ਸਾਮਰਾਜੀਆਂ ਖਿਲਾਫ ਕੌਣ ਖੜ੍ਹਦਾ ਹੈ।

# ਕਿਵੇਂ ਗਲੇ ਦੀ ਹੱਡੀ ਬਣਿਆ ਆਰਥਕ ਸੰਕਟ?

ਅਪ੍ਰੈਲ-ਮਈ 2009 'ਚ ਇਕ ਪਿੱਛੋਂ ਇਕ ਆਉਣ ਵਾਲੀਆਂ ਖਬਰਾਂ ਨੇ ਵਿਸ਼ਵੀ ਭਾਈਚਾਰੇ ਦੀ ਲਗਾਤਾਰ ਖਰਾਬ ਹੁੰਦੀ ਹਾਲਤ ਨੂੰ ਬਹੁਤ ਤਿੱਖੇ ਰੂਪ 'ਚ ਸਾਹਮਣੇ ਲੈ ਆਂਦਾ ਹੈ 4 ਮਈ ਨੂੰ ਯੂਰਪੀ ਕਮਿਸ਼ਨ ਨੇ ਇਹ ਐਲਾਨ ਕੀਤਾ ਕਿ 2009 'ਚ ਯੂਰੋ ਖੇਤਰ ਤੇ ਯੂਰਪੀ ਸੰਘ ਦੇ ਅਰਥਚਾਰੇ ਵਿਚ 4 ਫੀਸਦੀ ਦੀ ਗਿਰਾਵਟ ਆਵੇਗੀ। ਅਜੇ ਜਨਵਰੀ 'ਚ ਉਸ ਨੇ ਸਿਰਫ ਦੋ ਫੀਸਦੀ ਗਿਰਾਵਟ ਦੀ ਗੱਲ ਕੀਤੀ ਸੀ ਉਸ ਅਨੁਸਾਰ 2010 'ਚ ਵੀ 0.1 ਫੀਸਦੀ ਦੀ ਗਿਰਾਵਟ ਆਵੇਗੀ। ਬੇਰੁਜਗਾਰੀ ਬਾਰੇ ਇਸ ਦਾ ਕਹਿਣਾ ਹੈ ਕਿ 2010 'ਚ ਇਹ 11.5 ਫੀਸਦੀ ਤੱਕ ਪੁੱਜ ਜਾਵੇਗੀ। ਲਗਭਗ ਏਨੀ ਹੀ ਗੰਭੀਰ ਭਵਿੱਖ ਬਾਣੀ ਕੌਮਾਂਤਰੀ ਮੁਦਰਾ ਕੋਸ਼ ਨੇ ਆਪਣੀ ਅਪ੍ਰੈਲ ਦੀ ਰਿਪੋਰਟ (World Economic Out Pool) 'ਚ ਕੀਤੀ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਵਿਸ਼ਵੀ ਪੈਦਾਵਾਰ 'ਚ ਗਿਰਾਵਟ ਦੀ ਇਹ ਭਵਿੱਖਬਾਣੀ ਲਗਾਤਾਰ ਗੰਭੀਰ ਹੁੰਦੀ ਜਾ ਰਹੀ ਹੈ। ਅਜੇ ਅਕਤੂਬਰ 'ਚ ਕੌਮਾਂਤਰੀ ਮੁਦਰਾ ਕੋਸ਼ ਨੇ ਜੋ ਭਵਿੱਖ ਬਾਣੀ ਕੀਤੀ ਸੀ ਉਸ ਤੋਂ ਇਹ ਕਰੀਬ 4 ਫੀਸਦੀ ਹੇਠਾਂ ਹੈ। ਵੈਸੇ ਏਨੀ ਤਿੱਖੀ ਗਿਰਾਵਟ ਦਾ ਅੰਦਾਜ਼ਾ ਲਾਉਣਾ ਏਨਾ ਮੁਸ਼ਕਿਲ ਨਹੀਂ ਸੀ। ਪਿਛਲੇ ਸਾਲ ਗੰਭੀਰ ਵਿਤੀ ਸੰਕਟ ਪਿੱਛੋਂ ਵਿਤੀ ਬਾਜ਼ਾਰ ਠੱਪ ਹੋ ਗਿਆ।

ਬਾਕੀ ਉਦਮਾ ਨੂੰ ਕਰਜਾ ਮਿਲਣਾ ਬੰਦ ਹੋ ਗਿਆ। ਸਾਰੀ ਦੁਨੀਆਂ ਵਿਚ ਅੱਜ ਸਰਮਾਏਦਾਰ ਆਪਣਾ ਮਾਲ ਉਧਾਰ ਵੇਚ ਰਹੇ ਹਨ ਯਾਨੀ ਖਪਤਕਾਰ ਉਧਾਰੇ ਲੈ ਕੇ ਖਰਚ ਕਰ ਰਹੇ ਹਨ। ਵਿਤੀ ਸੰਕਟ ਕਾਰਨ ਉਨ੍ਹਾਂ ਵੀ ਉਧਾਰ ਮਿਲਣਾ ਬੰਦ ਹੋ ਗਿਆ ਹੈ ਜਾਂ ਵਿਆਜ ਦਰਾਂ ਬਹੁਤ ਉੱਚੀਆਂ ਹੋ ਗਈਆਂ। ਮਕਾਨਾਂ ਦੀਆਂ ਕੀਮਤਾਂ 'ਚ ਤਿੱਖੀ ਗਿਰਾਵਟ ਕਾਰਨ ਉਨ੍ਹਾਂ ਤੇ ਨਵੇਂ ਕਰਜੇ ਸੰਭਵ ਨਹੀਂ ਹੋ ਸਕੇ। ਇਹੀ ਨਹੀਂ ਪੁਰਾਣੇ ਕਰਜਿਆਂ ਦੀ ਅਦਾਇਗੀ ਵੀ ਮੁਸ਼ਕਿਲ ਹੋ ਗਈ ਅਤੇ ਗਹਿਣੇ ਰੱਖੇ ਮਕਾਨ ਨਿਲਾਮ ਹੋਣ ਲੱਗੇ। ਉਨ੍ਹਾਂ ਹਾਲਤਾਂ 'ਚ ਪੈਦਾਵਾਰ 'ਚ ਤੇਜ਼ ਗਿਰਾਵਟ ਆਈ। ਪਰ ਸਰਮਾਏਦਾਰ ਜਮਾਤ ਖੁਦ ਨੂੰ ਅਤੇ ਹੋਰ ਮੇਹਨਤਕਸ਼ ਲੋਕਾਂ ਨੂੰ ਭਰਮ 'ਚ ਰੱਖਣਾ ਚਾਹੁੰਦੀ ਸੀ। ਉਹ ਵਾਰ-ਵਾਰ ਆਪਣੇ ਆਪ ਨੂੰ ਧੋਖਾ ਦਿੰਦਾ ਹੈ ਕਿ ਬਹੁਤ ਕੁਝ ਜਲਦੀ ਹੀ ਠੀਕ ਹੋ ਜਾਵੇਗਾ। 1930 ਦੇ ਦਹਾਕੇ ਦੀ ਮੰਦੀ 'ਚ ਵੀ ਇਹੀ ਹੋਇਆ ਸੀ। ਇਥੇ ਇਹ ਧਿਆਨ ਰੱਖਣ ਦੀ ਗੱਲ ਹੈ ਕਿ ਕੌਮਾਂਤਰੀ ਮੁਦਰਾ ਕੋਸ਼ ਦੇ ਇਹ ਅੰਕੜੇ ਕਾਰਜ ਸ਼ਕਤੀ ਸਮਤੁਲਤਾ 'ਤੇ ਹਨ। ਜੇ ਅੰਕੜਿਆਂ ਨੂੰ ਮੁਦਰਾਵਾਂ ਦੀ ਬਜ਼ਾਰ ਵਟਾਂਦਰਾ ਦਰ ਨੂੰ ਵੇਖਿਆ ਤਾਂ ਪੈਦਾਵਾਰ 'ਚ ਗਿਰਾਵਟ ਹੋਰ ਤੇਜ਼ ਹੋਵੇਗੀ। ਤਦ ਵਿਸ਼ਵੀ ਪੈਦਾਵਾਰ 2009 'ਚ 2.5 ਫੀਸਦੀ ਡਿੱਗ ਜਾਵੇਗੀ।

ਭਾਰਤ ਬਾਰੇ ਇਹ ਰਿਪੋਰਟ 2009 'ਚ 4.5 ਫੀਸਦੀ ਵਾਧੇ ਦੀ ਗੱਲ ਕਰਦੀ ਹੈ। ਮਜ਼ੇ ਦੀ ਗੱਲ ਇਹ ਹੈ ਕਿ ਭਾਰਤ ਸਰਕਾਰ ਅਜੇ ਵੀ 7 ਫੀਸਦੀ ਵਾਧੇ 'ਤੇ ਅੜੀ ਹੋਈ ਹੈ। ਬਹੁਤ ਖਿਚੋਤਾਣ ਕਰਕੇ ਉਸ ਨੇ ਪਿੱਛੇ ਜਿਹੇ 6.5 ਫੀਸਦੀ ਤੱਕ ਹੇਠਾਂ ਕੀਤਾ। ਇਹ ਸਿਰਫ ਉਸੇ ਗੱਲ ਦਾ ਇਕ ਹੋਰ ਸਬੂਤ ਹੈ ਕਿ ਸਰਮਾਏਦਾਰ ਜਮਾਤ ਕਿਵੇਂ ਲਗਾਤਾਰ ਝੂਠ ਦੇ ਸਿਰ 'ਤੇ ਆਸਾਂ ਬਣਾਈ ਰੱਖਣ ਦੀ ਕੋਸ਼ਿਸ਼ ਕਰਦੀ ਹੈ।

# ਮੰਦੀ ਦੀ ਆੜ 'ਚ ਮੁਨਾਫੇ ਦੀ ਖੇਡ ਕਿਵੇਂ?

ਦੇਸ਼ ਦਾ ਕਾਰਪੋਰੇਟ ਜਗਤ ਮੰਦੀ ਮੰਦੀ ਕੂਕ ਰਿਹਾ ਹੈ। ਚਾਲੂ ਵਿੱਤੀ ਸਾਲ ਦੀ ਤੀਜੀ ਤਿਮਾਹੀ ਦੇ ਸਿੱਧੇ ਐਕਟ ਦੇ ਅੰਕੜਿਆਂ ਨੂੰ ਵੇਖ ਕੇ ਇਹ ਸੁਆਲ ਕੀਤਾ ਜਾਣ ਲੱਗਿਆ ਹੈ ਕਿ ਕੀ ਅਸਲ 'ਚ ਮੰਦੀ ਦਾ ਸ਼ਿਕਾਰ ਹੋਈ ਹੈ ਜਾਂ ਫਿਰ ਸੁਸਤੀ ਦੇ ਦੌਰ ਵਿਚੋਂ ਗੁਜ਼ਰ ਰਹੀ ਹੈ। ਇਹ ਸੁਆਲ ਲਾਜ਼ਮੀ ਵੀ ਹੈ। ਹਜ਼ਾਰਾਂ ਪਰਿਵਾਰ ਨੌਕਰੀ ਚਲੇ ਜਾਣ ਕਰਕੇ ਦੋ ਡੰਗ ਦੀ ਰੋਟੀ ਤੋਂ ਵਾਂਝੇ ਹੋ ਗਏ ਹਨ ਜਾਂ ਫਿਰ ਭੁੱਖਮਰੀ ਕੰਢੇ ਪੁੱਜ ਗਏ ਹਨ। ਅਮਰੀਕਾ ਤੇ ਉਸ ਦੇ ਟੋਲੇ ਦੇ ਅਮੀਰ ਦੇਸ਼ਾਂ ਦੇ ਵਿਹੜੇ 'ਚੋਂ ਨਿਕਲਦੀ ਮੰਦੀ ਆਪਣੇ ਦੇਸ਼ 'ਚ ਆਈ ਹੈ। ਜਾਂ ਫਿਰ ਇਸ ਦੇ ਬਹਾਨੇ ਉਦਯੋਗ ਜਗਤ ਆਪਣੇ ਲਾਭ ਨੂੰ ਬਚਾਈ ਰੱਖਣ ਲਈ ਲੋਕਾਂ ਨੂੰ ਨੌਕਰੀ ਤੋਂ ਕੱਢ ਕੇ ਆਪਣਾ ਉੱਲੂ ਸਿੱਧਾ ਕਰ ਰਿਹਾ ਹੈ। ਲੱਗਦਾ ਹੈ ਕਿ ਦੇਸ਼ ਦਾ ਅਰਥਚਾਰਾ ਸੁਸਤੀ ਦਾ ਸ਼ਿਕਾਰ ਹੈ ਭਾਵੇਂ ਇਸ ਦਾ ਕਾਰਨ ਆਰਥਕ ਮੰਦੀ ਹੀ ਹੈ। ਨੈਸ਼ਨਲ ਬਿਊਰੋ ਆਫ਼ ਇਕਨਾਮਿਕ ਰਿਸਰਚ ਵੱਲੋਂ ਦਿੱਤੀ ਗਈ ਪਰਿਭਾਸ਼ਾ ਅਨੁਸਾਰ ਅਰਥਚਾਰੇ ਦੇ ਸਾਰੇ ਖੇਤਰਾਂ ਵਿਚ ਆਰਥਕ ਸਰਗਰਮੀਆਂ 'ਚ ਤਿੱਖੀ ਗਿਰਾਵਟ ਆਉਣ ਨਾਲ ਮੰਦੀ ਦਾ ਆਗਮਨ ਮੰਨਿਆ ਜਾਂਦਾ ਹੈ। ਇਸ ਗਿਰਾਵਟ ਦਾ ਪ੍ਰਭਾਵ ਅਸਲੀ ਕੁੱਝ ਘਰੇਲੂ ਉਤਪਾਦ ਅਸਲੀ ਆਮਦਨ, ਰੁਜ਼ਗਾਰ, ਸਨਅਤੀ ਪੈਦਾਵਾਰ ਤੇ ਥੋਕ ਮੁਦਰਾ ਵਿਕਰੀ 'ਤੇ ਕਾਫੀ ਸਮੇਂ ਤੱਕ ਵਿਖਾਈ ਦੇਣਾ ਚਾਹੀਦਾ ਹੈ। ਪ੍ਰਭਾਵ ਦਾ ਇਹ ਅਰਸਾ ਆਮ ਤੌਰ 'ਤੇ ਇਕ ਸਾਲ ਤੋਂ ਵੀ ਵੱਧ ਹੋਣਾ ਚਾਹੀਦਾ ਹੈ। ਕੁੱਝ ਦੂਜੇ ਜਾਣਕਾਰ ਮੰਨਦੇ ਹਨ ਕਿ ਕਿਸੇ ਵੀ ਅਰਥਚਾਰੇ ਦੀ ਕੁੱਲ ਘਰੇਲੂ ਉਤਪਾਦ ਦੀ ਵਾਧਾ ਦਰ ਨਕਾਰਾਤਮਕ ਹੋਣ ਦੀ ਹਾਲਤ ਵਿਚ ਵੀ ਉਸ ਅਰਥਚਾਰੇ ਨੂੰ ਮੰਦੀ ਦਾ ਸ਼ਿਕਾਰ ਮੰਨਿਆ ਜਾ ਸਕਦਾ ਹੈ। ਆਪਣੇ ਦੇਸ਼ ਵਿਚ ਮੰਦੀ ਪਿਛਲੇ ਸਾਲ ਅਕਤੂਬਰ 'ਚ ਸ਼ੁਰੂ ਹੋਈ ਸੀ। ਕੰਪਨੀਆਂ ਦੀ ਮੰਦੀ ਬਾਰੇ ਸ਼ੋਰ ਦੇ ਬਾਵਜੂਦ ਮੰਦੀ ਦੀ ਕਲਾਸੀਕਲ ਪ੍ਰੀਭਾਸ਼ਾ ਦੀ ਇਕ ਵੀ ਸੁਰਤ ਆਪਣੇ ਦੇਸ਼ 'ਤੇ ਪੂਰੀ ਹੁੰਦੀ ਨਹੀਂ ਦਿਸਦੀ। ਸਾਡੀ ਜੀ. ਡੀ. ਪੀ ਗ੍ਰੋਥ ਮਨਫੀ ਨਹੀਂ ਹੋਈ ਹੈ। ਅਜੇ ਵੀ ਇਸ ਦੇ 5 ਤੋਂ 7 ਫੀਸਦੀ ਵਿਚਕਾਰ ਰਹਿਣ ਦੀ ਸੰਭਾਵਨਾ ਹੈ। ਪਿਛਲੇ ਦਿਨੀ ਕੇਂਦਰੀ ਸਿੱਧੇ ਟੈਕਸ ਵੱਲੋਂ ਜਾਰੀ ਅੰਕੜਿਆਂ ਮੁਤਾਬਕ 17 ਮਾਰਚ ਤੱਕ ਵਿਭਾਗ ਨੂੰ 3, 12, 878 ਕਰੋੜ ਰੁਪਏ ਮਿਲੇ ਸਨ। ਇਹ ਰਾਸ਼ੀ ਪਿਛਲੇ ਵਿੱਤੀ ਸਾਲ 2007-08 ਵਿਚ ਵਸੂਲੀ ਗਈ ਕੁੱਲ ਰਾਸ਼ੀ 3, 12, 202 ਕਰੋੜ ਰੁਪਏ ਤੋਂ ਵੱਧ ਹੈ। ਵਿੱਤੀ ਸਾਲ 2007-08 ਦੇ 17 ਮਾਰਚ ਤੱਕ ਸਿੱਧੇ ਟੈਕਸ ਵਿਭਾਗ ਨੂੰ ਸਿਰਫ 2, 62, 298 ਕਰੋੜ ਰੁਪਏ ਹੀ ਅਗਾਊਂ ਸਿੱਧੇ ਟੈਕਸ ਵਜੋਂ ਮਿਲੇ। ਇਸ ਸਾਲ ਅਗਾਊਂ ਟੈਕਸ ਵਜੋਂ ਮਿਲੀ ਇਹ ਰਾਸ਼ੀ ਪਿਛਲੇ ਸਾਲ ਦੀ ਤੁਲਨਾ ਵਿਚ 18.8 ਫੀਸਦੀ ਵੱਧ ਸੀ। ਵਿੱਤ ਮੰਤਰਾਲੇ ਦੇ ਸਿੱਧੇ ਟੈਕਸ ਵਿਭਾਗ ਦੇ ਬੁਲਾਰੇ ਸ਼ਿਸ਼ਰ ਝਾ ਨੇ ਦੱਸਿਆ ਕਿ ਇਸ ਅਰਸੇ ਦੌਰਾਨ ਇਹ ਕਾਰਪੋਰੇਟ ਅਡਵਾਂਸ ਟੈਕਸ 1, 23, 440 ਕਰੋੜ ਰੁਪਏ ਸੀ। ਜਦ ਕਿ ਪਿਛਲੇ ਵਿੱਤੀ ਸਾਲ ਦੇ ਇਸ ਅਰਸੇ ਦੌਰਾਨ ਇਹ 1, 05, 050 ਕਰੋੜ ਰੁਪਏ ਸੀ। ਇਸ ਅਰਸੇ 'ਚ ਵਾਧਾ 17.5 ਫੀਸਦੀ ਰਿਹਾ। 36 ਫੀਸਦੀ ਵਾਧੇ ਦੇ ਨਾਲ ਕਾਰਪੋਰੇਟ ਟੀ. ਡੀ. ਐਸ. ਦਾ ਸੰਗ੍ਰਹਿ 59,543 ਕਰੋੜ ਰੁਪਏ ਰਿਹਾ। ਇਹ

ਰਾਸ਼ੀ ਪਿਛਲੇ ਸਾਲ 43,793 ਕਰੋੜ ਰੁਪਏ ਸੀ। ਹਰ ਸਗਮੈਂਟ 'ਚ ਵਾਧੇ ਪਿੱਛੋਂ ਵੀ ਅਰਥਚਾਰੇ ਨੂੰ ਕੀ ਕਿਹਾ ਜਾਵੇ? ਵਿੱਤ ਮੰਤਰਾਲੇ ਦੇ ਇਕ ਅਧਿਕਾਰੀ ਕਹਿੰਦੇ ਹਨ ਕਿ ਐਡਵਾਂਸ ਟੈਕਸ ਨੂੰ ਕਾਰਪੋਰੇਟ ਜਗਤ, ਵਿੱਤੀ ਸਾਲ ਦੇ ਕੁੱਲ ਅਨੁਮਾਨਿਤ ਲਾਭ ਦਾ ਮੁਲਾਂਕਣ ਕਰਨ ਪਿੱਛੋਂ ਜਮ੍ਹਾਂ ਕਰਾਉਂਦਾ ਹੈ। ਸਭ ਤੋਂ ਮਹੱਤਵਪੂਰਨ ਇਸ ਅਡਵਾਂਸ ਟੈਕਸ ਨੂੰ ਜਮ੍ਹਾਂ ਕਰਾਉਣ ਲਈ ਸਿੱਧਾ ਟੈਕਸ ਵਿਭਾਗ ਵੱਲੋਂ ਕੋਈ ਜ਼ੋਰ-ਜਬਰਦਸਤੀ ਨਹੀਂ ਕੀਤੀ ਜਾਂਦੀ ਹੈ। ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਦੇ ਵਿਸਲੇਸ਼ਣ ਤੋਂ ਵੇਖਿਆ ਜਾ ਸਕਦਾ ਹੈ ਕਿ ਦੇਸ਼ 'ਚ ਆਈ ਅਰਥਚਾਰੇ ਦੀ ਸੁਸਤੀ ਦਾ ਸਭ ਤੋਂ ਵੱਧ ਅਸਰ ਰਿਆਲਟੀ ਤੇ ਬਰਾਮਦ ਹੈ ਕਿ ਦੇਸ਼ ਪਿਛਲੇ ਕੁਝ ਸਾਲਾਂ ਤੋਂ ਰਿਆਲਟੀ ਟੈਕਸ 'ਚ ਆਈ ਬਨਾਵਟੀ ਉਛਾਲ (ਬੂਮ) ਨਾਲ ਜੂਝ ਰਿਹਾ ਸੀ। ਵਿਦੇਸ਼ਾਂ 'ਚ ਆਈ ਮੰਦੀ ਕਾਰਨ ਜਦ ਵਿਦੇਸ਼ ਦੇ ਸੰਸਥਾਗਤ ਤੇ ਗੈਰ-ਸੰਸਥਾਗਤ ਨਿਵੇਸ਼ਕਾਂ ਨੇ ਆਪਣੇ ਦੇਸ਼ ਦੀਆਂ ਮਜ਼ਬੂਰੀਆਂ ਕਾਰਨ ਦੇਸ਼ ਤੋਂ ਆਪਣਾ ਪੈਸਾ ਵਾਪਸ ਲੈਣਾ ਸ਼ੁਰੂ ਕਰ ਦਿੱਤਾ ਤਾਂ ਰਿਆਲਟੀ ਦਾ ਬੁਲਬੁਲਾ ਫੁਟਨਾ ਹੀ ਸੀ। ਆਕਾਸ਼ 'ਤੇ ਚੜੇ ਭਾਵਾਂ ਨੇ ਡਿੱਗਣਾ ਹੀ ਸੀ। ਜਾਣਕਾਰ ਮੰਨਦੇ ਹਨ ਕਿ 15 ਤੋਂ 20 ਫੀਸਦੀ ਭਾਵਾਂ 'ਚ ਸੋਧ ਦੇ ਬਾਵਜੂਦ ਬਿਲਡਰਾਂ ਤੇ ਡਿਵੈਲਪਰਾਂ ਦੇ ਲਾਭ 'ਚ ਕੋਈ ਖਾਸ ਫਰਕ ਨਹੀਂ ਪਿਆ ਹੈ। ਰਿਆਲਟੀ ਦੀ ਹਵਾ ਨਿਕਲਣ ਦੇ ਕਾਰਨ ਉਸ ਨਾਲ ਜੁੜੇ ਮੇਟਲ, ਸੀਮੇਂਟ ਸੇਵਾ ਖੇਤਰ ਤੇ ਟਰਾਂਸਪੋਰਟ ਸੈਕਟਰ ਦੇ ਵਪਾਰ 'ਤੇ ਵੀ ਫਰਕ ਪਿਆ ਪਰ ਹੁਣ ਉਸ 'ਚ ਵੀ ਸੁਧਾਰ ਹੋਣ ਲੱਗਿਆ ਹੈ। ਜਾਣਕਾਰ ਮੰਨਦੇ ਹਨ ਕਿ ਵਿਦੇਸ਼ਾਂ ਤੋਂ ਆਈ ਮੰਦੀ ਕਾਰਨ ਬਰਾਮਦ ਖੇਤਰ 'ਤੇ ਕਾਫੀ ਪ੍ਰਭਾਵ ਪਿਆ ਹੈ। ਹੀਰੇ-ਜਵਾਹਰਾਤ, ਕੱਪੜਾ ਤੇ ਸਿਉਂਤੇ ਕੱਪੜਿਆਂ ਸਮੇਤ ਕਈ ਖੇਤਰਾਂ 'ਤੇ ਪ੍ਰਭਾਵ ਨਿਸ਼ਚਤ ਹੀ ਪਿਆ ਹੈ। ਪਰ ਜੀ. ਡੀ. ਪੀ. ਵਿਚ ਬਰਾਮਦ ਖੇਤਰ ਦੇ ਸਿਰਫ 15 ਤੋਂ 16 ਫੀਸਦੀ ਦੇ ਯੋਗਦਾਨ ਕਾਰਨ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਮੰਦੀ ਨਹੀਂ ਸੁਸਤੀ ਹੈ। ਇਹ ਦੂਜੇ ਤੱਥਾਂ ਤੋਂ ਵੀ ਜ਼ਾਹਰ ਤੇ ਸਿੱਧ ਹੁੰਦੀ ਹੈ। ਫਰਵਰੀ 'ਚ ਆਟੋ, ਸੀਮੇਂਟ ਤੇ ਖੁਦਰਾ ਖੇਤਰ ਦੀ ਵਿਕਰੀ ਉਦਯੋਗ ਜਗਤ ਦੇ ਅਨੁਮਾਨਾਂ ਨਾਲ ਕਿਤੇ ਵੱਧ ਰਹੀ ਹੈ। ਗ੍ਰਾਹਕਾਂ ਵੱਲੋਂ ਖਰਚ ਕੀਤੇ ਜਾਣ ਕਾਰਨ ਮੰਦੀ ਨਾਲ ਪ੍ਰਭਾਵਿਤ ਹੋਣ ਵਾਲੇ ਕੰਜਿਊਮਰ ਡੂਅਰਏਬਲ ਖੇਤਰ ਪਿਛਲੇ ਦੋ ਮਹੀਨਿਆਂ ਤੋਂ ਅੱਛੀ ਬੱਚਤ ਵੇਖਣ ਨੂੰ ਮਿਲੀ ਹੈ। ਇਸ ਅਰਸੇ ਦੌਰਾਨ ਸੈਮਸੰਗ ਦੇ ਕਾਰੋਬਾਰ 'ਚ 30 ਫੀਸਦੀ ਦਾ ਵਾਧਾ ਵੇਖਿਆ ਗਿਆ। ਮੰਦੀ ਜਾਂ ਸੁਸਤੀ ਦੇ ਮੌਜੂਦਾ ਦੌਰ ਨਾਲ ਘਰੇਲੂ ਇਸਪਾਤ ਉਦਯੋਗ ਵੀ ਬਾਹਰ ਨਿਕਲਦਾ ਲੱਗ ਰਿਹਾ ਹੈ। ਇਸ ਉਦਯੋਗ ਦੀਆਂ ਦਿਉ ਕੱਦ ਕੰਪਨੀਆਂ ਨੇ ਆਪਣੀ ਪੈਦਾਵਾਰ ਵਧਾਈ ਹੈ। ਭਾਰਤੀ ਸਟੀਲ ਅਥਾਰਟੀ (ਸੇਲ), ਟਾਟਾ ਸਟੀਲ ਜੇ. ਐਸ. ਡਬਲਯੂ, ਇਸਾਰ ਵਰਗੀਆਂ ਕੰਪਨੀਆਂ ਨੇ ਇਕ ਵਾਰੀ ਫਿਰ ਵਿਕਾਸ ਦਾ ਰਾਹ ਅਖਤਿਆਰ ਕੀਤਾ ਹੈ। ਪਿਛਲੇ ਸਾਲ ਤੇਜ਼ੀ ਨਾਲ ਕਮੀ ਆਈ ਤੇ ਕੁੱਝ ਕੰਪਨੀਆਂ ਨੂੰ ਪੈਦਾਵਾਰ 'ਚ 40 ਫੀਸਦੀ ਤੱਕ ਦੀ ਕਟੌਤੀ ਕਰਨੀ ਪਈ। ਸੇਲ ਨੂੰ ਇਸ ਤਿਮਾਹੀ 'ਚ ਬੇਹਤਰ ਪ੍ਰਦਰਸ਼ਨ ਦੀ ਉਮੀਦ ਹੈ। ਫਰਵਰੀ 'ਚ ਸ਼ਾਇਦ ਵਿਕਰੀ ਵਧੇ। ਇਸਾਰ ਨੇ ਵੀ ਮੰਦੀ ਕਾਰਨ 40 ਫੀਸਦੀ ਪੈਦਾਵਾਰ ਘਟਾਈ ਪਰ ਹੁਣ ਕੁੱਝ ਰਾਹਤ ਦੀ ਉਮੀਦ ਹੈ। ਸਰਕਾਰੀ ਕੰਟਰੋਲ ਢਿੱਲਾ ਪਿਆ ਤਾਂ ਮੰਦੀ ਆਈ। ਨਿੱਜੀ ਖੇਤਰ ਦੀਆਂ ਮੁੱਖ ਕੰਪਨੀਆਂ ਨੇ ਵੀ ਤੀਜੀ ਤਿਮਾਹੀ ਤੱਕ ਲਾਭ ਕਮਾਇਆ ਹੈ। ਲਾਭ 'ਚ ਫਰਕ ਹੋ ਸਕਦੈ। ਭਾਰਤੀ

ਅਰਥਚਾਰਾ ਖਪਤ ਅਧਾਰਤ ਹੈ। ਹੋ ਸਕਦਾ ਹੈ ਕਿ ਕੰਪਨੀਆਂ ਪਾਸ ਫਿਲਹਾਲ ਆਡਰਾਂ ਦੀ ਘਾਟ ਹੋਵੇ ਜਿਸ ਕਾਰਨ ਲਾਭ 'ਚ ਕਮੀ ਹੋ ਸਕਦੀ ਹੈ। ਲਾਭ ਦਾ ਤਹਿ ਟੀਚਾ ਪੂਰਾ ਨਹੀਂ ਹੋ ਰਿਹਾ। ਤਰਲਤਾ ਦੀ ਕਮੀ ਕਾਰਨ ਮੁਲਾਜ਼ਮਾਂ ਨੂੰ ਤਨਖਾਹ ਨਹੀਂ ਦਿੱਤੀ ਜਾ ਸਕੀ ਹੈ। ਇਹ ਮੰਦੀ ਹੈ ਜਾਂ ਸੁਸਤੀ? ਕੁੱਝ ਜਾਣਕਾਰ ਭਾਵੇਂ ਮੰਨਦੇ ਹਨ ਕਿ ਵਿੱਤੀ ਸਾਲ 'ਚ ਕੰਪਨੀਆਂ ਦੇ ਨਤੀਜਿਆਂ ਦਾ ਅੰਦਾਜ਼ਾ ਕੇਵਲ ਅਡਵਾਂਸ ਟੈਕਸ ਦੇ ਅੰਕੜਿਆਂ ਤੋਂ ਲਾਉਣਾ ਏਨਾ ਅਸਾਨ ਨਹੀਂ। ਪਰ ਮਾਰਜਿਨ 'ਚ ਸਲੋਡਾਊਨ ਆਈ ਹੈ।

# ਕੀ ਇਕ ਬੀਮਾਰੀ ਹੈ ਪੂੰਜੀਵਾਦ ਵੀ?

"ਪੱਛਮ" ਭਾਵ ਯੂਰਪ ਤੇ ਉਤਰੀ ਅਮਰੀਕਾ ਦੀ ਵਿਗਿਆਨਕ ਰਵਾਇਤ ਨੂੰ ਸਭ ਤੋਂ ਵੱਡੀ ਸਫਲਤਾ ਉਦੋਂ ਮਿਲੀ ਜਦ ਉਸ ਨੇ ਜਾਂਚ ਪੜਤਾਲ ਦੇ ਕੇਂਦਰੀ ਪ੍ਰਸ਼ਨਾਂ–"ਇਹ ਕਿਸ ਤੋਂ ਬਣਿਆ ਹੈ? ਅਤੇ "ਇਹ ਕਿਵੇਂ ਕੰਮ ਕਰਦਾ ਹੈ?" ਸੰਬੰਧੀ ਵਿਚਾਰ ਕੀਤਾ ਗਿਆ। ਸਦੀਆਂ ਦੀਆਂ ਕੋਸ਼ਿਸ਼ਾਂ ਨਾਲ ਇਹਨਾਂ ਸੁਆਲਾਂ ਦੇ ਜੁਆਬ ਦੇਣ ਦੇ ਵੱਧ ਤੋਂ ਵੱਧ ਬੇਹਤਰ ਤਰੀਕੇ ਵਿਕਸਤ ਕਰ ਲਏ ਹਨ। ਚੀਜ਼ਾਂ ਨੂੰ ਚੀਰ ਕੇ ਖੋਹਲ ਸਕਦੇ ਹਾਂ, ਉਹਨਾਂ ਨੂੰ ਸੂਖਮ ਪਰਤਾਂ 'ਚ ਕੱਟਕੇ ਅਤੇ ਵਿਸ਼ਿਸ਼ਟ ਰਸਾਇਣਾਂ ਰਾਹੀਂ ਰੰਗ ਕਰਕੇ ਸਲਾਈਡ ਬਣਾ ਸਕਦੇ ਹਨ ਤਾਂ ਕਿ ਉਹਨਾਂ ਦੀ ਅੰਦਰੂਨੀ ਰਚਨਾ ਬਾਰੇ ਜਾਣਿਆ ਜਾ ਸਕੇ। ਸੌਖੇ ਖੇਤਰਾਂ ਵਿਚ ਤਾਂ ਮਹਾਨ ਪ੍ਰਾਪਤ ਹਾਸਲ ਕਰ ਲਈਆਂ ਹਨ ਪਰ ਵੱਧ ਗੁੰਝਲਦਾਰ ਤੰਤਰਾਂ ਨੂੰ ਸਮਝਣ ਦੀ ਕੋਸ਼ਿਸ਼ 'ਚ ਜ਼ਬਰਦਸਤ ਅਸਫਲਤਾਵਾਂ ਹੱਥ ਲੱਗੀਆਂ ਹਨ। ਸਿਹਤ ਦੇ ਖੇਤਰ 'ਚ ਇਹ ਸਮਸਿਆ ਖਾਸ ਤੌਰ ਤੇ ਸਾਹਮਣੇ ਆਈ ਹੈ। ਪਿਛਲੀ ਲਗਭਗ ਇਕ ਸਦੀ ਦੌਰਾਨ ਸਿਹਤ ਦੇ ਖੇਤਰ ਵਿਚ ਆਏ ਬਦਲਾਵਾਂ 'ਤੇ ਨਜ਼ਰ ਮਾਰੀਏ ਤਾਂ ਜਿਥੇ ਇਕ ਪਾਸੇ ਖੁਸ਼ ਹੋਣ ਦੇ ਕਾਰਨ ਹਨ ਉਥੇ ਦੂਜੇ ਪਾਸੇ ਨਿਰਾਸ਼ ਹੋਣ ਦੇ ਕਾਰਨ ਵੀ ਮੌਜੂਦ ਹਨ। ਵੀਹਵੀਂ ਸਦੀ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਮਨੁੱਖ ਦੀ ਔਸਤ ਉਮਰ 'ਚ ਲਗਭਗ ਤੀਹ ਸਾਲ ਦਾ ਵਾਧਾ ਹੋਇਆ ਹੈ ਤੇ ਪੁਰਾਣੇ ਸਮੇਂ 'ਚ ਚਲੀਆਂ ਆ ਰਹੀਆਂ ਕਈ ਘਾਤਕ ਬੀਮਾਰੀਆਂ ਦਾ ਪ੍ਰਕੋਪ ਬਹੁਤ ਘੱਟ ਹੋਇਆ ਹੈ। ਚੇਚਕ ਦਾ ਲਗਭਗ ਹੱਲ ਹੋ ਗਿਆ ਹੈ, ਕੋਹੜ ਦੀ ਬੀਮਾਰੀ ਹੁਣ ਕਾਫੀ ਘੱਟ ਹੋ ਗਈ ਹੈ ਤੇ ਪੋਲੀਓ ਦੁਨੀਆਂ ਦੇ ਬਹੁਤੇ ਹਿਸਿਆਂ ਤੋਂ ਲਗਭਗ ਖਤਮ ਹੋ ਚੁਕਿਆ ਹੈ। ਵਿਗਿਆਨਕ ਤਕਨੀਕ ਇਨੀ ਉਨਤ ਹੋ ਚੁੱਕੀ ਹੈ ਕਿ ਅੱਜ ਇਕ ਦੂਜੇ ਨਾਲ ਬਹੁਤ ਮਿਲਦੇ ਜੁਲਦੇ ਰੋਗਾਣੂਆਂ 'ਚ ਫਰਕ ਕਰਕੇ ਰੋਗਾਂ ਦਾ ਇਲਾਜ ਕੀਤਾ ਜਾ ਸਕਦਾ ਹੈ। ਪਰ ਅਮੀਰ ਗਰੀਬ ਦੀ ਵਧਦੀ ਖਾਈ ਕਾਰਨ ਦੁਨੀਆਂ ਦੀ ਬਹੁਤ ਜਨਤਾ ਇਹਨਾਂ ਢੇਰ ਸਾਰੀਆਂ ਤਕਨੀਕਾਂ ਦਾ ਕੋਈ ਲਾਭ ਨਹੀਂ ਉਠਾ ਸਕਦੀ। ਕੁਝ ਨਵੀਆਂ ਬੀਮਾਰੀਆਂ ਦੇ ਪੈਦਾ ਹੋਣ ਅਤੇ ਜਿਹਨਾਂ ਬੀਮਾਰੀਆਂ ਦੇ ਹੱਲ ਦਾ ਦਾਅਵਾ ਕੀਤਾ ਗਿਆ ਸੀ ਉਹਨਾਂ ਦੇ ਦੁਬਾਰਾ ਪ੍ਰਗਟ ਹੋਣ 'ਤੇ ਜਨਤਕ ਸਿਹਤ ਅਧਿਕਾਰੀ ਅਚੰਭੇ 'ਚ ਪੈ ਗਏ ਹਨ। 1970 ਦੇ ਦਹਾਕੇ 'ਚ ਆਮ ਤੌਰ 'ਤੇ ਇਹ ਸੁਨਣ ਵਿਚ ਆਉਂਦਾ ਸੀ ਕਿ ਹੁਣ ਇਨਫੈਕਸ਼ ਵਾਲੀਆਂ ਬੀਮਾਰੀਆਂ 'ਤੇ ਖੋਜ ਦੀ ਲੋੜ ਖਤਮ ਹੁੰਦੀ ਜਾ ਰਹੀ ਹੈ। ਛੂਤ ਦੀਆਂ ਬੀਮਾਰੀਆਂ ਨਾਲ ਨਿਪਟਿਆ ਜਾ ਚੁੱਕਿਆ ਸੀ, ਇਹ ਮੰਨਿਆ ਜਾ ਰਿਹਾ ਸੀ ਕਿ ਸਿਹਤ ਸਮਸਿਆਵਾਂ ਸਿਰਫ ਖੋਰੇ ਦੀ ਬੀਮਾਰੀਆਂ (ਡਿਜਨਰੇਟਿਵ ਡਿਸੀਜ਼) ਬੁਢਾਪੇ ਦੀਆਂ ਸਮਸਿਆਵਾਂ ਤੇ ਲੰਮੇ ਅਰਸੇ ਦੀਆਂ (ਕਰਾਨਿਕ) ਬੀਮਾਰੀਆਂ ਨਾਲ ਹੀ ਸਬੰਧਤ ਹੋਣਗੀਆਂ। ਪਰ ਅੱਜ ਅਸੀਂ ਸਮਝ ਸਕਦੇ ਹਾਂ ਕਿ ਇਹ ਸੋਚ ਕਿੰਨੀ ਗਲਤ ਸੀ। ਜਨਤਕ ਸਿਹਤ ਪ੍ਰਣਾਲੀ ਦੇ ਦਾਅਵੇ ਨਾ ਸਿਰਫ ਮਲੇਰੀਆ, ਹੈਜਾ, ਟੀ. ਬੀ., ਡੇਂਗੂ ਤੇ ਹੋਰ ਪੁਰਾਣੀਆਂ ਬੀਮਾਰੀਆਂ ਦੇ ਪ੍ਰਗਟ ਹੋਣ ਨਾਲ ਹੀ ਇਦ ਸਿਸ਼ੋਪੰਜ 'ਚ ਪੈ ਗਈ। ਇਹਨਾਂ 'ਚ ਸਭ ਤੋਂ ਖਤਰਨਾਕ ਹੈ ਏਡਜ਼। ਇਸ ਤੋਂ ਇਲਾਵਾ ਲੀਜਨੇਅਰ ਰੋਗ, ਏਬੋਲਾ ਵਿਸ਼ਾਣੂ, ਟਾਕਸਿਕ ਸ਼ਾਕ ਸਿੰਡਰੋਮ ਟੀਬੀ

ਦੀਆਂ ਕਈ ਕਿਸਮਾਂ, ਜਿਹਨਾਂ ’ਤੇ ਦਵਾਈਆਂ ਦਾ ਅਸਰ ਨਹੀਂ ਹੁੰਦਾ। MDR (ਟੀ. ਬੀ.) ਅਤੇ ਬਹੁਤ ਸਾਰੀਆਂ ਹੋਰ ਬੀਮਾਰੀਆਂ ਵੀ ਇਹਨਾਂ ਵਿਚ ਸ਼ਾਮਲ ਹਨ। ਛੂਤ ਦੀ ਬੀਮਾਰੀਆਂ ਖਤਮ ਹੋਣਾ ਤਾਂ ਦੂਰ ਦੀ ਗੱਲ, ਪੁਰਾਣੀਆਂ ਬੀਮਾਰੀਆਂ ਹੋਰ ਵੱਧ ਘਾਤਕ ਹੋ ਕੇ ਵਾਪਸ ਮੁੜ ਰਹੀਆਂ ਹਨ ਤੇ ਇਸੇ ਵਕਤ ਨਵੀਆਂ ਬੀਮਾਰੀਆਂ ਵੀ ਪੈਦਾ ਹੋ ਗਈਆਂ ਹਨ। ਇਹ ਸਭ ਕਿਵੇਂ ਹੋਇਆ? ਜਨਤਕ ਸਿਹਤ ਪ੍ਰਣਾਲੀ ਦੀਆਂ ਨਾਕਾਮੀ ਦਾ ਕਾਰਨ ਕੀ ਹੈ? ਸਿਹਤ ਸੰਬੰਧੀ ਪੇਸ਼ੇ ’ਚ ਲੋਕਾਂ ਨੇ ਕਿਉਂ ਮੰਨ ਲਿਆ ਸੀ ਕਿ ਛੂਤ ਦੀਆਂ ਬੀਮਾਰੀਆਂ ਗਾਇਬ ਹੋ ਜਾਣਗੀਆਂ ਤੇ ਉਹ ਕਿਉਂ ਇਸ ਹੱਦ ਤਕ ਗਲਤ ਸਾਬਿਤ ਹੋਏ। ਹੋਇਆ ਇਹ ਸੀ ਕਿ ਪਿਛਲੇ 150 ਸਾਲਾਂ ਤੋਂ ਯੂਰਪ ਤੇ ਉਤਰੀ ਅਮਰੀਕਾ ’ਚ ਛੂਤ ਦੀਆਂ ਬੀਮਾਰੀਆਂ ਹੈਰਾਨੀਜਨਕ ਢੰਗ ਨਾਲ ਘੱਟ ਹੁੰਦੀਆਂ ਜਾ ਰਹੀਆਂ ਹਨ। ਇਸ ਨਾਲ ਸੁਭਾਵਿਕ ਹੀ ਇਹ ਅੰਦਾਜ਼ਾ ਲਾਇਆ ਜਾ ਸਕਦਾ ਸੀ ਕਿ ਮਾਮਲਾ ਇਉਂ ਹੀ ਚਲਦਾ ਰਹੇਗਾ, ਜਿਵੇਂ ਹੁਣ ਚਲ ਰਿਹਾ ਹੈ, ਉਸ ਵਕਤ ਸਿਹਤ ਦੇ ਪੇਸ਼ੇ ਨਾਲ ਜੁੜੇ ਲੋਕ ਦਲੀਲ ਦਿੰਦੇ ਸਨ ਕਿ ਛੂਤ ਦੀ ਬੀਮਾਰੀਆਂ ਇਸ ਲਈ ਅਲੋਪ ਹੋ ਜਾਣਗੀਆਂ ਕਿ ਉਹਨਾਂ ਨਾਲ ਨਿਪਟਣ ਲਈ ਅਸੀਂ ਸਭ ਤਰ੍ਹਾਂ ਦੀਆਂ ਨਵੀਆਂ ਤਕਨੀਕਾਂ ਦੀ ਕਾਢ ਕੱਢਦੇ ਜਾ ਰਹੇ ਹਨ। ਹੁਣ ਅਸੀਂ ਏਨੀ ਤੇਜ਼ੀ ਨਾਲ ਰੋਗ ਦੀ ਪਹਿਚਾਣ ਕਰ ਸਕਦੇ ਹਨ ਕਿ ਜੋ ਬੀਮਾਰੀਆਂ ਆਦਮੀ ਨੂੰ ਦੋ ਦਿਨ ’ਚ ਮਾਰ ਸਕਦੀਆਂ ਹਨ ਉਹਨਾਂ ਨੂੰ ਲਬਾਟਰੀ ’ਚ ਜਾਂਚ ਰਾਹੀਂ ਪਹਿਚਾਣ ਕਰਕੇ ਤੁਰੰਤ ਉਹਨਾਂ ਦਾ ਹੱਲ ਕੀਤ ਜਾ ਸਕਦਾ ਹੈ। ਬੈਕਟੀਰੀਆ ਨੂੰ ਕਲਚਰ ਕਰਨ ’ਚ ਹਫਤੇ ਲੱਗਣ ਦੀ ਬਜਾਏ ਹੁਣ ਡੀ. ਐਨ. ਏ. ਰਾਹੀਂ ਆਪਸ ’ਚ ਕਾਫੀ ਮਿਲਦੇ ਜੁਲਦੇ ਲੱਛਣਾਂ ਵਾਲੇ ਜੀਵਾਣੂਆਂ ਦੇ ਵਿਚ ਫਰਕ ਕਰ ਸਕਦੇ ਹਨ। ਇਸ ਤੋਂ ਵੀ ਵੱਧ ਮਹੱਤਵਪੂਰਨ ਹੈ ਕਿ ਅਸੀਂ ਨਵੇਂ ਰੋਗਾਣੂਆਂ ਵਿਰੋਧੀ ਹਥਿਆਰਾਂ ਦਵਾਈ ਤੇ ਟੀਕਿਆਂ ਦੇ ਨਾਲ ਨਾਲ ਬੀਮਾਰੀ ਫੈਲਾਉਣ ਵਾਲੇ ਮੱਛਰਾਂ ਤੇ ਹੋਰ ਕੀੜੇ ਮਕੌੜਿਆਂ ਦਾ ਨਾਸ਼ ਕਰਨ ਲਈ ਕੀਟ ਨਾਸ਼ਾਂ ਦਾ ਇਕ ਨਵਾਂ ਰੂਪ ਵਿਕਸਤ ਕਰ ਲਿਆ ਹੈ। ਅਸੀਂ ਇਹ ਜਾਣ ਗਏ ਹਾਂ ਕਿ ਮਿਊਟੇਸ਼ਨ (ਉਪ ਤਬਦੀਲੀ) ਤੇ ਕੁਦਰਤੀ ਚੋਣ ਰਾਹੀਂ ਪ੍ਰਤੀਰੋਧ ਸਮਰਥਾ ਵਿਕਸਤ ਕਰਕੇ ਸੂਖਮ ਜੀਵ ਸਾਡੇ ਲਈ ਲਗਾਤਾਰ ਖਤਰਾ ਪੈਦਾ ਕਰ ਸਕਦੇ ਹਨ। ਅਸੀਂ ਇਹ ਮੰਨ ਲਿਆ ਸੀ ਕਿ ਸੂਖਮ ਜੀਵਾਂ ਦੇ ਅੰਦਰ ਚਾਹੇ ਜੋ ਵੀ ਤਬਦੀਲੀਆਂ ਹੋ ਜਾਣ ਪਰ ਬੀਮਾਰੀ ਪੈਦਾ ਕਰਨ ਵਾਲੀ ਉਹਨਾਂ ਦੀ ਕ੍ਰਿਆ ਵਿਧੀ ਉਹੀ ਰਹੇਗੀ, ਜਦਕਿ ਅਸੀਂ ਉਹਨਾਂ ਖਿਲਾਫ ਹਮੇਸ਼ਾ ਨਵੇਂ ਨਵੇਂ ਹਥਿਆਰ ਵਿਕਸਤ ਕਰਦੇ ਰਹਾਂਗੇ। ਸਾਨੂੰ ਯਕੀਨ ਸੀ ਕਿ ਸਾਡੇ ਅਤੇ ਰੋਗਾਣੂਆਂ ਵਿਚਕਾਰ ਯੁੱਧ ’ਚ ਸਾਡਾ ਪਲੜਾ ਭਾਰੀ ਹੈ ਕਿਉਂਕਿ ਸਾਡੇ ਹਥਿਆਰ ਪਹਿਲਾਂ ਨਾਲੋਂ ਤਾਕਤਵਾਰ, ਜ਼ਿਆਦਾ ਪ੍ਰਭਾਵੀ ਹੁੰਦੇ ਜਾ ਰਹੇ ਹਨ। ਸਾਡੇ ਆਸ਼ਾਵਾਦੀ ਹੋਣ ਦਾ ਦੂਜਾ ਕਾਰਨ ਇਹ ਸੀ (ਘਟੋ ਘੱਟ ਮੁਦਰਾਕੋਸ਼ ਤੇ ਸੰਸਾਰ ਬੈਂਕ ਤਾਂ ਇਹ ਦਲੀਲ ਦੇ ਹੀ ਰਹੇ ਸਨ) ਕਿ ਆਰਥਕ ਵਿਕਾਸ ਗਰੀਬੀ ਖਤਮ ਕਰ ਦੇਵੇਗਾ ਤੇ ਖੁਸ਼ਹਾਲੀ ਲਿਆਵੇਗੀ, ਜਿਸ ਨਾਲ ਸਭ ਨਵੀਆਂ ਤਕਨੀਕਾਂ ਸਭ ਨੂੰ ਮੁਹਈਆ ਹੋ ਜਾਣਗੀਆਂ। ਕੁਲ ਮਿਲਾ ਕੇ ਆਬਾਦੀ ਮਾਹਰਾਂ ਦਾ ਮੰਨਣਾ ਸੀ ਕਿ ਕਿਉਂਕਿ ਛੂਤ ਦੀ ਬੀਮਾਰੀਆਂ ਬੱਚਿਆਂ ਲਈ ਮੁਖ ਤੌਰ ’ਤੇ ਘਾਤਕ ਹੁੰਦੀਆਂ ਹਨ ਅਤੇ ਕੁਲ ਅਬਾਦੀ ’ਚ ਬੱਚਿਆਂ ਦਾ ਅਨੁਪਾਤ ਘੱਟ ਹੈ। ਇਸ ਲਈ ਉਹਨਾਂ ਬੀਮਾਰੀਆਂ ਦੀ ਸੰਭਾਵਨਾ ਵਾਲੇ ਲੋਕਾਂ ਦਾ ਅਨੁਪਾਤ

ਮੁਕਾਬਲਤਨ ਘੱਟ ਹੋ ਜਾਵੇਗਾ। ਇਸ ਕਲਪਨਾ 'ਚੋ ਇਕ ਚੀਜ਼ ਗਾਇਬ ਸੀ ਕਿ ਬੱਚਿਆਂ ਦੇ ਵੱਧ ਰੋਗ ਗ੍ਰਸਿਤ ਹੋਣ ਦਾ ਕਾਰਨ ਉਹਨਾਂ ਅੰਦਰ ਪ੍ਰਤੀਰੋਧਕ ਸਮਰਥਾ ਦਾ ਲੋੜੀਂਦਾ ਵਿਕਾਸ ਨਾ ਹੋਣਾ ਹੁੰਦਾ ਹੈ। ਬੱਚਿਆਂ ਦੀ ਰੋਗ ਪ੍ਰਤੀਰੋਧਕ ਸਮਰਥਾ ਉਹਨਾਂ ਦੇ ਹਾਲਤਾਂ ਦੇ ਅਨੁਕੂਲ ਹੋਣ ਨਾਲ ਵਧਦੀ ਜਾਂਦੀ ਹੈ। ਠੀਕ ਇਹੀ ਵਜਾਹ ਹੈ ਕਿ ਬਾਲਗ ਵੀ ਹਾਲਤਾਂ ਦੇ ਅਨੁਕੂਲ ਹੋਣ ਨਾਲ ਵੱਧਦੀ ਜਾਂਦੀ ਹੈ। ਠੀਕ ਇਹੀ ਵਜ੍ਹਾ ਹੈ ਕਿ ਬਾਲਗ ਵੀ ਹਾਲਤਾਂ ਦੇ ਵਧਦੀ ਜਾਂਦੀ ਹੈ। ਘੱਟ ਰੋਗ ਗ੍ਰਸਿਤ ਹੁੰਦੇ ਹਨ ਪਰ ਜੇ ਅਬਾਦੀ 'ਚ ਬੱਚੇ ਘੱਟ ਹੋਣ ਤਾਂ ਬਾਲਗਾਂ 'ਚ ਪ੍ਰਤੀਰੋਧਕ ਸਮਰਥਾ ਦਾ ਪੱਧਰ ਘੱਟ ਹੋ ਜਾਵੇਗਾ ਤੇ ਉਹਨਾਂ ਨੂੰ ਵੱਡੀ ਉਮਰ ਵਿਚ ਵੀ ਬੀਮਾਰੀਆਂ ਫੜ ਸਕਦੀਆਂ ਹਨ। ਦਰਅਸਲ ਕੁਝ ਬੀਮਾਰੀਆਂ ਜਿਵੇਂ ਕੰਨ ਪੇੜੇ (ਮਮਸ) ਬੱਚਿਆਂ ਦੇ ਮੁਕਾਬਲਤਨ ਬਾਲਗਾਂ 'ਚ ਵੱਧ ਖਤਰਨਾਕ ਹੁੰਦੇ ਹਨ ਤਾਂ ਫਿਰ ਮਹਾਂਮਾਰੀ ਸੰਬੰਧੀ ਸਾਡੇ ਅੰਦਾਜ਼ਿਆਂ 'ਚ ਕੀ ਗੜਬੜ ਸੀ?

ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਇਲਾਜ ਤੇ ਸਬੰਧਿਤ ਇਸ਼ਤਿਹਾਰਾਂ ਵਿਚ ਇਤਿਹਾਸ਼ਕ ਸਮਝ ਵਿਚਾਰਧਾਰਕ ਤੌਰ ਤੇ ਤੰਗ ਨਜ਼ਰ ਸੀ। ਜਨਤਕ ਸਿਹਤ ਬਾਰੇ ਅੰਦਾਜ਼ੇ ਲਾਉਣ ਵਾਲੇ ਲਗਭਗ ਸਾਰੇ ਲੋਕਾਂ ਨੇ ਦੇਸ਼ ਕਾਲ ਸਬੰਧੀ ਬਹੁਤ ਤੰਗ ਦਿਲ ਨਜ਼ਰੀਆ ਅਪਣਾਇਆ। ਖਾਸ ਗੱਲ ਇਹੀ ਸੀ ਕਿ ਉਹਨਾਂ ਨੇ ਸਮੁੱਚੇ ਮਨੁੱਖੀ ਇਤਿਹਾਸ ਦੀ ਥਾਂ ਸਿਰਫ ਇਕ ਜਾਂ ਦੋ ਸ਼ਤਾਬੀਆਂ ਬਾਰੇ ਹੀ ਵਿਚਾਰ ਕੀਤਾ।

ਯੂਰਪ 'ਚ ਪਲੇਗ : ਛੇਵੀਂ ਸਦੀ 'ਚ ਜਦ ਜੁਸਿਤਨਿਅਨ ਦੀ ਹਕੂਮਤ ਸਮੇਂ ਰੋਜ਼ਨ ਸਾਮਰਾਜ ਦਾ ਪਤਨ ਹੋ ਰਿਹਾ ਸੀ। ਉਸੇ ਦੌਰਾਨ ਯੂਰਪ 'ਚ ਪਹਿਲੀ ਵਾਰ ਪਲੇਗ ਫੈਲਿਆ। ਯੂਰਪ ਉਸ ਸਮੇਂ ਸਮਾਜਕ ਉਥਲ-ਪੁਥਲ ਤੇ ਪੈਦਾਵਾਰ 'ਚ ਗਿਰਾਵਟ ਦਾ ਸ਼ਿਕਾਰ ਸੀ। ਪ੍ਰਾਚੀਨ ਮਹਾਂਨਗਰਾਂ ਦੀ ਸਫਾਈ-ਵਿਵਸਥਾ ਡਗਮਗਾ ਗਈ ਸੀ। ਅਜੇਹੀ ਹਾਲਤ ਵਿਚ ਜਦ ਪਲੇਗ ਦਾ ਹਮਲਾ ਹੋਇਆ ਤਾਂ ਉਸ ਨੇ ਭਾਰੀ ਤਬਾਹੀ ਮਚਾਉਂਦੇ ਹੋਇਆ ਇਕ ਵੱਡੀ ਅਬਾਦੀ ਦਾ ਸਫਾਇਆ ਕਰ ਦਿੱਤਾ। ਚੌਂਧਵੀਂ ਸਦੀ 'ਚ ਪਲੇਗ ਉਸ ਸਮੇਂ ਪ੍ਰਗਟ ਹੋਇਆ। ਜਦ ਜਾਗੀਰੂ ਪ੍ਰਬੰਧ ਦਾ ਸੰਕਟ ਵਧਦਾ ਜਾ ਰਿਹਾ ਸੀ ਜਿਸ ਕਾਰਨ ਪਲੇਗ ਦੇ ਫੈਲਣ ਤੋਂ ਪਹਿਲਾਂ ਹੀ ਅਬਾਦੀ 'ਚ ਕਮੀ ਆ ਗਈ ਸੀ। ਪਲੇਗ ਦੇ ਇਸ ਹਮਲੇ ਦਾ ਇਤਿਹਾਸ ਇਹ ਦਸਦਾ ਹੈ ਕਿ 1338 'ਚ ਕਾਲੇ ਸਾਗਰ ਦੀਆਂ ਬੰਦਰਗਾਹਾਂ 'ਚ ਆਉਣ ਵਾਲੇ ਜਹਾਜ਼ੀ ਏਸੀਆਂ ਤੋਂ ਆਪਣੇ ਨਾਲ ਪਲੇਗ ਲੈ ਕੇ ਆਏ ਸਨ। ਫਿਰ ਇਹ ਪੱਛਮ ਵੱਲ ਫੈਲਿਆ ਅਤੇ ਥੋੜੇ ਸਮੇਂ ਵਿਚ ਹੀ ਰੋਮ ਪੇਰਿਸ ਤੇ ਲੰਦਨ ਤਕ ਜਾ ਪਹੁੰਚਿਆ। ਦੂਜੇ ਸ਼ਬਦਾਂ 'ਚ ਪਲੇਗ ਇਸ ਲਈ ਫੈਲਿਆ ਕਿਉਂਕਿ ਲੋਕ ਉਸ ਨੂੰ ਬਾਹਰੋਂ ਲੈ ਕੇ ਆਏ ਸਨ। ਪਰ ਜਦ ਸੰਭਾਵਨਾ ਇਸ ਗੱਲ ਦੀ ਹੈ ਕਿ ਪਲੇਗ ਪਹਿਲਾਂ ਵੀ ਕਈ ਵਾਰ ਯੂਰਪ 'ਚ ਦਾਖਲ ਹੋਇਆ ਹੋਵੇ, ਪਰ ਉਸ ਦਾ ਅਸਲੀ ਪ੍ਰਕੋਪ ਨਾ ਹੋ ਸਕਿਆ ਹੋਵੇ। ਪਰ ਜਦ ਆਬਾਦੀ ਰੋਗਾਂ ਤੋਂ ਅੱਗੇ ਬੇਸਹਾਰਾ ਹੋ ਗਈ ਅਤੇ ਜਦ ਮਨੁੱਖੀ ਹਾਲਤਾਂ ਚੂਹਿਆਂ ਵਲੋਂ ਫੈਲਾਈ ਜਾ ਰਹੀ ਇਸ ਬੀਮਾਰੀ ਦਾ ਮੁਕਾਬਲਾ ਨਹੀਂ ਕਰ ਸਕੀਆਂ ਤਾਂ ਜਾ ਕੇ ਉਥੇ ਫਿਰ ਬੀਮਾਰੀ ਫੈਲੀ।

# ਪ੍ਰਸਿਥਤੀਆਂ ਵਿਗਿਆਨ ਸਬੰਧੀ ਇਕ ਪ੍ਰਸਤਾਵ

ਹੋਰ ਬੀਮਾਰੀਆਂ 'ਤੇ ਧਿਆਨ ਦੇਣ 'ਤੇ ਅਸੀਂ ਵੇਖਦੇ ਹਾਂ ਕਿ ਇਤਿਹਾਸਕ ਤਬਦੀਲੀਆਂ ਤੇ ਹਾਲਤਾਂ ਅਨੁਸਾਰ ਉਹਨਾਂ 'ਚ ਉਤਰਾਅ ਝੜਾਅ ਆਉਂਦੇ ਰਹੇ ਹਨ। ਇਸ ਲਈ ਮਹਾਂਮਾਰੀ ਨਾਲ ਸੰਬੰਧਤ ਸੰਕ੍ਰਮਣ (ਇਨਫੈਕਸ਼ਨ) ਸਿਧਾਂਤ ਜੋ ਇਹ ਮੰਨਦਾ ਹੈ ਕਿ ਦੇਸ਼ਾਂ ਦੇ ਵਿਕਸਤ ਹੋਣ ਦੇ ਨਾਲ ਹੀ ਛੂਤ (ਇਨਫੈਕਸ਼ਨ) ਦੀਆਂ ਬੀਮਾਰੀਆਂ ਅਲੋਪ ਹੋ ਜਾਣਗੀਆਂ, ਦੀ ਥਾਂ ਸਾਨੂੰ ਇਕ ਪ੍ਰਸੰਗ (ਹਾਲਤਾਂ) ਵਿਗਿਆਨ ਸੰਬੰਧੀ ਮਸੌਦਾ ਲਿਆਉਣ ਦੀ ਲੋੜ ਹੈ-ਕਿਸੇ ਆਬਾਦੀ ਦੇ ਜਿਉਣ ਦੇ ਤੌਰ ਤਰੀਕਿਆਂ (ਜਿਵੇਂ ਆਬਾਦੀ ਦੀ ਘਣਤਾ, ਘਰਾਂ ਦੀ ਬਨਾਵਟ, ਪੈਦਾਵਾਰ ਦਾ ਸਾਧਨ) ਵਿਚ ਜਦ ਵੀ ਕੋਈ ਵੱਡੀ ਤਬਦੀਲੀ ਆਵੇਗੀ ਤਾਂ ਉਹ ਰੋਗਾਣੂਆਂ, ਉਹਨਾਂ ਦੇ ਭੰਡਾਰਾਂ ਤੇ ਬੀਮਾਰੀਆਂ ਦੇ ਵਾਹਕਾਂ ਦੇ ਨਾਲ ਸਾਡੇ ਸਬੰਧਾਂ ਵਿਚ ਵੀ ਤਬਦੀਲੀ ਲਿਆਵੇਗਾ। ਦੱਖਣੀ ਅਫਰੀਕਾ, ਅਮਰੀਕਾ ਤੇ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਪ੍ਰਗਟ ਹੋ ਰਹੇ ਲਗਭਗ ਸਭ ਤਰ੍ਹਾ ਦੇ ਨਵੇਂ ਬੁਖਾਰ ਉਹਨਾਂ ਚੂਹਿਆਂ ਵਰਗੇ ਜਾਨਵਰਾਂ ਦੇ ਨਾਲ ਮਨੁੱਖ ਦੇ ਵਧਦੇ ਸੰਪਰਕ ਦਾ ਸਿੱਟਾ ਲੱਗਦੇ ਹਨ, ਜਿਹਨਾਂ ਨਾਲ ਮਨੁੱਖਾਂ ਦਾ ਪਹਿਲਾਂ ਕੱਲ ਤੇਲ ਮੇਲ ਨਹੀਂ ਸੀ। ਪਰ ਖਾਸ ਕਰਕੇ ਅਨਾਜ ਪੈਦਾ ਕਰਨ ਦੇ ਲਈ ਜੰਗਲਾਂ ਨੂੰ ਸਾਫ ਕਰਦੇ ਜਾਣ ਕਰਕੇ ਇਹ ਸੰਪਰਕ ਵੱਧ ਗਿਆ। ਕੁਤਰ ਕੇ ਖਾਣ ਵਾਲੇ ਇਹ ਜੀਵ ਬੀਜਾਂ ਤੇ ਘਾਹ ਨੂੰ ਖਾ ਕੇ ਆਪਣਾ ਗੁਜ਼ਾਰਾ ਕਰਦੇ ਹਨ। ਅਨਾਜ ਵੀ ਇਹਨਾਂ ਦਾ ਭੋਜਨ ਹੈ। ਜਦ ਅਸੀਂ ਕਿਸੇ ਜੰਗਲ ਨੂੰ ਕੱਟ ਕੇ ਉਥੇ ਅਨਾਜ ਦੀ ਕੋਈ ਖੇਤੀ ਕਰਨ ਲਗਦੇ ਹਾਂ ਤਾਂ ਨਾਲ ਹੀ ਅਸੀਂ ਭੇੜੀਏ, ਸੱਪਾਂ ਤੇ ਉਲੂਆਂ ਆਦਿ ਦਾ ਵੀ ਸਫਾਇਆ ਕਰ ਦਿੰਦੇ ਹਾਂ ਜੋ ਇਹਨਾਂ ਕੁਤਰਨ ਵਾਲੇ ਜੀਵਾਂ ਨੂੰ ਭਰਪੂਰ ਮਾਤਰਾ 'ਚ ਭੋਜਨ ਮਿਲਣ ਲਗਦਾ ਹੈ ਅਤੇ ਉਹਨਾਂ ਦੀ ਮੌਤ ਦਰ ਘਟ ਹੋ ਜਾਂਦੀ ਹੈ। ਇਸ ਤਰ੍ਹਾਂ ਉਹਨਾਂ ਦੀ ਆਬਾਦੀ ਵਧਣ ਲਗਦੀ ਹੈ। ਬੀਮਾਰੀਆਂ ਫੈਲਾਉਣ ਵਾਲੇ ਇਹ ਜੀਵ ਹੁਣ ਸਮਾਜਕ ਪ੍ਰਾਣੀ ਬਣ ਜਾਂਦੇ ਹਨ ਅਤੇ ਘਰਾਂ 'ਚ ਰਹਿੰਦੇ ਹਨ। ਜਦ ਉਹਨਾਂ ਦੀ ਨਵੀਂ ਪੀੜੀ ਪੈਦਾ ਹੁੰਦੀ ਹੈ ਤਾਂ ਨੌਜਵਾਨ ਪੀੜੀ ਨਵੇਂ ਘਰਾਂ ਦੀ ਖੋਜ ਵਿਚ ਦੂਜੀਆਂ ਥਾਵਾਂ ਵੱਲ ਨਿਕਲ ਜਾਂਦੀ ਹੈ ਜੋ ਅਕਸਰ ਲੋਕਾਂ ਦੇ ਘਰਾਂ ਤੇ ਸਟੋਰਾਂ, ਗੁਦਾਮਾਂ 'ਚ ਘੁਸਦੀ ਰਹਿੰਦੀ ਹੈ, ਜਿਸ ਨਾਲ ਬੀਮਾਰੀਆਂ ਦਾ ਪਸਾਰਾ ਸੌਖਾ ਹੋ ਜਾਂਦਾ ਹੈ।

ਇਕ ਹੋਰ ਇਨਸਾਨੀ ਵਰਤਾਰਾ : ਸਿੰਚਾਈ ਦਾ ਘੋਗਿਆ ਦੇ ਪ੍ਰਜਨਨ ਨਾਲ ਖਾਸ ਤੌਰ 'ਤੇ ਸਬੰਧ ਹੈ ਜੋ ਲਿਵਰ ਫਲੂਕ ਨੂੰ ਫੈਲਾਉਂਦੇ ਹਨ। ਸਿੰਚਾਈ ਨਾਲ ਮਲੇਰੀਆ, ਡੇਂਗੂ ਤੇ ਪੀਲਾ ਬੁਖਾਰ ਫੈਲਾਉਣ ਵਾਲੇ ਮੱਛਰ ਵੀ ਪੈਦਾ ਹੁੰਦੇ ਹਨ। ਉਦਾਹਰਣ ਵਜੋਂ ਮਿਸ਼ਰ ਵਿਚ ਆਸਵਨ ਬੰਨ ਬਣਨ ਨਾਲ ਜਦ ਵੱਡੇ ਪੈਮਾਨੇ 'ਤੇ ਸਿੰਚਾਈ ਹੋਣ ਲੱਗੀ ਤਾਂ ਉਥੇ ਮੱਛਰਾਂ ਦੇ ਵਧਣ ਫੁਲਣ ਲਈ ਕੁਦਰਤੀ ਨਿਵਾਸ ਸਥਾਨ ਪੈਦਾ ਹੋ ਗਏ। ਪਹਿਲਾਂ ਮਿਸ਼ਰ ਵਿਚ ਕਦੇ-ਕਦੇ ਫੈਲਣ ਵਾਲਾ ਰਿਫਲਵੈਲੀ ਬੁਖਾਰ ਹੁਣ ਇੱਥੇ ਬਾਰਾਂ ਮਹੀਨੇ ਤੀਹ ਦਿਨ ਮਿਲਦਾ ਹੈ। ਤੀਜੀ ਦੁਨੀਆਂ ਵਿਚ ਵਿਸ਼ਾਲ ਸ਼ਹਿਰਾਂ ਦੇ ਵਿਕਾਸ ਨੇ ਪੀਲਾ ਬੁਖ਼ਾਰ ਫੈਲਣ ਵਾਲੇ ਮੱਛਰਾਂ ਤੋਂ ਹੋਣ ਵਾਲੇ ਡੇਂਗੂ ਬੁਖ਼ਾਰ

ਲਈ ਨਵਾਂ ਵਾਤਾਵਰਣ ਤਿਆਰ ਕੀਤਾ ਹੈ। ਇਸ ਮੱਛਰ ਨੇ ਆਪਣੇ ਆਪ ਨੂੰ ਮਹਾਂਨਗਰਾਂ ਦੇ ਬਾਹਰੀ ਇਲਾਕਿਆਂ ਦੇ ਜੀਵਨ ਦੇ ਅਨੁਕੂਲ ਢਾਲ ਲਿਆ ਹੈ। ਇਹ ਮੱਛਰ ਜੰਗਲਾਂ 'ਚ ਰਹਿਣ ਵਾਲੇ ਮੱਛਰਾਂ ਦੀਆਂ ਹੋਰ ਜਾਤੀਆਂ ਦੀ ਤੁਲਨਾ ਵਿਚ ਕਮਜ਼ੋਰ ਹੋਣ ਦੇ ਬਾਵਜੂਦ ਚਿਕੜ ਪਾਣੀ ਦੇ ਪੀਪਿਆਂ ਤੇ ਪੁਰਾਣੇ ਟਾਇਰਾਂ 'ਚ ਕਾਫੀ ਮਾਤਰਾ 'ਚ ਵਧਣ ਫੁਲਣ ਦੀ ਸਮਰਥਾ ਰੱਖਦੇ ਹਨ-ਵਿਚ ਜੋ ਅਸੀਂ ਮਹਾਂਨਗਰਾਂ ਵਿਚ ਤਿਆਰ ਕੀਤਾ ਹੈ। ਵੱਧਦੇ ਸ਼ਹਿਰੀਕਰਨ ਇਕ ਖਾਸ ਵਾਤਾਵਰਣ ਕਰਕੇ ਵਿਕਸਤ ਹੋਏ ਬੈਂਕਾਕ, ਰਿਓ-ਡਿ-ਜਿਨੇਰੋ, ਮੈਕਸੀਕੋ ਸਿਟੀ ਅਤੇ ਐਸੇ ਹੀ ਦੂਜੇ ਇਕ ਦੋ ਕਰੋੜ ਆਬਾਦੀ ਵਾਲੇ ਸ਼ਹਿਰਾਂ ਵਿਚ ਡੇਂਗੂ ਤੇ ਪੀਲਾ ਬੁਖਾਰ ਫੈਲਣ ਦਾ ਵਿਸ਼ੇਸ਼ ਖਤਰਾ ਹੈ। ਜਿਵੇਂ ਜਿਵੇਂ ਮਨੁੱਖੀ ਆਬਾਦੀ ਵਧਦੀ ਜਾਂਦੀ ਹੈ। ਬੀਮਾਰੀਆਂ ਨੂੰ ਫੈਲਣ ਦੇ ਨਵੇਂ ਮੌਕੇ ਮਿਲਦੇ ਹਨ। ਉਦਾਹਰਣ ਵਜੋਂ ਖਸਰੇ ਦੇ ਕਾਇਮ ਰਹਿਣ ਲਈ ਕੁਝ ਲੱਖ ਦੀ ਆਬਾਦੀ ਚਾਹੀਦੀ ਹੈ। ਜੇ ਅਬਾਦੀ ਘੱਟ ਹੋਵੇ ਤਾਂ ਖਸਰਾ ਪੂਰੀ ਅਬਾਦੀ 'ਚ ਫੈਲ ਜਾਵੇਗਾ ਤੇ ਜੋ ਲੋਕ ਠੀਕ ਹੋ ਜਾਣਗੇ, ਉਹਨਾਂ 'ਚ ਖਸਰੇ ਦੀ ਪ੍ਰਤੀਰੋਧਕ ਸਮਰਥਾ ਵਿਕਸਤ ਹੋ ਜਾਵੇਗੀ। ਪਰ ਜੇ ਬੀਮਾਰੀ ਨੂੰ ਕਾਇਮ ਰੱਖਣ ਵਾਲੇ ਨਵੇਂ ਬੱਚੇ ਲੋੜੀਂਦੀ ਗਿਣਤੀ ਵਿਚ ਨਹੀਂ ਹਨ ਤਾਂ ਇਹ ਬੀਮਾਰੀ ਗਾਇਬ ਹੋ ਜਾਵੇਗੀ ਤੇ ਫੇਰ ਤਾਂ ਹੀ ਫੈਲੇਗੀ ਜਦ ਦੁਬਾਰਾ ਕਿਤੋਂ ਇਹਨੂੰ ਕੋਈ ਲਿਆਵੇ। ਪਰ ਢਾਈ ਲੱਖ ਦੀ ਅਬਾਦੀ ਵਿਚ ਲੋੜੀਂਦੀ ਗਿਣਤੀ 'ਚ ਅਜੇਹੇ ਬੱਚੇ ਹੋਣਗੇ ਜਿਹਨਾਂ 'ਚ ਪ੍ਰਤੀਰੋਧਕ ਸਮਰਥਾ ਨਹੀਂ ਹੋਵੇਗੀ ਤੇ ਬੀਮਾਰੀ ਖੁਦ ਨੂੰ ਇਸ ਆਬਾਦੀ 'ਚ ਕਾਇਮ ਰੱਖ ਸਕਦੀ ਹੈ। ਹੁਣ ਸੋਚੋ ਅਸੀਂ ਜਾਣਦੇ ਹਾਂ ਕਿ ਕੁਝ ਅਜਿਹੀਆਂ ਬਿਮਾਰੀਆਂ ਹਨ ਜਿਨ੍ਹਾਂ ਨੂੰ ਖੁਦ ਕਾਇਮ ਰੱਖਣ ਲਈ ਢਾਈ ਲੱਖ ਲੋਕਾਂ ਦੀ ਜ਼ਰੂਰਤ ਹੈ ਤਾਂ ਇਕ ਜਾਂ ਦੋ ਕਰੋੜ ਦੀ ਸੰਘਣੀ ਆਬਾਦੀ 'ਚ ਕਿੰਨੀਆਂ ਬੀਮਾਰੀਆਂ ਪੈਦਾ ਹੋ ਸਕਦੀਆਂ ਹਨ। ਸਪਸ਼ਟ ਹੈ ਕਿ ਜਿਵੇਂ-ਜਿਵੇਂ ਜੀਵਨ ਦੀਆਂ ਹਾਲਤਾਂ ਬਦਲਦੀਆਂ ਹਨ, ਤਿਵੇਂ-ਤਿਵੇਂ ਬੀਮਾਰੀ ਨੂੰ ਵੀ ਫੈਲਣ ਦਾ ਮੌਕਾ ਮਿਲਦਾ ਹੈ। ਜਨਤਕ ਸਿਹਤ ਬਰਾਦਰੀ ਅੰਦਰ ਇਕ ਹੋਰ ਵੀ ਤਰ੍ਹਾਂ ਦਾ ਅਦੂਰਦਰਸ਼ੀ ਚਿੰਤਨ ਇਸ ਗੱਲ ਨਾਲ ਪੈਦਾ ਹੋਇਆ ਕਿ ਡਾਕਟਰਾਂ ਨੂੰ ਸਿਰਫ਼ ਮਨੁੱਖਾਂ ਦੀਆਂ ਬੀਮਾਰੀਆਂ ਨਾਲ ਹੀ ਮਤਲਬ ਹੈ। ਉਹ ਜੰਗਲੀ ਜਾਨਵਰਾਂ, ਪਾਲਤੂ ਪਸ਼ੂਆਂ ਜਾਂ ਪੇੜ ਪੌਦਿਆਂ 'ਚ ਹੋਣ ਵਾਲੀ ਬੀਮਾਰੀਆਂ ਵੱਲ ਕੋਈ ਖਾਸ ਧਿਆਨ ਨਹੀਂ ਦਿੰਦੇ ਜੇ ਉਹ ਅਜੇਹਾ ਕਰਦੇ ਤਾਂ ਉਹਨਾਂ ਨੂੰ ਇਸ ਸਚਾਈ ਨਾਲ ਦੋ-ਚਾਰ ਹੋਣਾ ਪੈਂਦਾ ਕਿ ਸਭ ਜੀਵਧਾਰੀ ਬੀਮਾਰੀ ਦੇ ਵਾਹਕ ਹੁੰਦੇ ਹਨ। ਜਦ ਕੋਈ ਇਨਫੈਕਸ਼ਨ ਹੁੰਦੀ ਹੈ ਤਾਂ ਉਸ ਦੇ ਲੱਛਣ ਵੀ ਪ੍ਰਗਟ ਹੋ ਸਕਦੇ ਹਨ ਅਤੇ ਨਹੀਂ ਵੀ। ਜਦ ਕਿਸੇ ਜੀਵਧਾਰੀ 'ਤੇ ਕੋਈ ਪ੍ਰਜੀਵੀ ਧਾਵਾ ਬੋਲਦਾ ਹੈ ਤਦ ਬੀਮਾਰੀਆਂ ਹੁੰਦੀਆਂ ਹਨ। ਸਭ ਜੀਵਧਾਰੀਆਂ ਦਾ ਪ੍ਰਜੀਵੀਆਂ ਨਾਲ ਵਾਹ ਪੈਂਦਾ ਹੈ ਅਤੇ ਜੇ ਪ੍ਰਜੀਵੀਆਂ ਦੇ ਦ੍ਰਿਸ਼ਟੀਕੋਣ ਤੋਂ ਵੇਖੀਏ ਤਾਂ ਕਿਸੇ ਜੀਵਧਾਰੀ 'ਤੇ ਉਹਨਾਂ ਦਾ ਧਾਵਾ ਬੋਲਣਾ, ਪਾਣੀ 'ਚ ਅਤੇ ਜ਼ਮੀਨ ਉਪਰ ਜਿਉਂਦੇ ਰਹਿਣ ਲਈ ਜੋ ਮੁਕਾਬਲਾ ਕਰਨਾ ਪੈਂਦਾ ਹੈ ਉਸ ਤੋਂ ਭੱਜਣ ਦਾ ਇਕ ਰਾਹ ਹੈ। ਉਦਾਹਰਣ ਲਈ ਲੀਜਨੇਅਰ ਬੀਮਾਰੀ ਪੈਦਾ ਕਰਨ ਵਾਲਾ ਬੈਕਟੀਰੀਆ ਪਾਣੀ ਵਿਚ ਰਹਿੰਦਾ ਹੈ। ਇਹ ਪੂਰੀ ਦੁਨੀਆਂ ਵਿਚ ਪਾਇਆ ਜਾਂਦਾ ਹੈ। ਪਰ ਬਹੁਤ ਜ਼ਿਆਦਾ ਪ੍ਰਚਲਿਤ ਨਹੀਂ ਹੈ ਕਿਉਂਕਿ ਇਹ ਬਹੁਤ ਕੰਮਜ਼ੋਰ ਉਮੀਦਵਾਰ ਹੈ। ਜਿਉਂਦੇ ਰਹਿਣ ਲਈ ਇਸ ਨੂੰ ਅਤੀ ਪੌਸ਼ਟਿਕ ਭੋਜਨ ਦੀ ਲੋੜ ਹੁੰਦੀ

ਹੈ ਇਸ ਲਈ ਆਮ ਤੌਰ ਤੇ ਮਨੁੱਖ ਨੂੰ ਇਸ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਫਿਰ ਵੀ ਦੋ ਗੱਲਾਂ ਇਸ ਦੇ ਅਨਕੂਲ ਹਨ। ਇਕ ਤਾਂ ਇਹ ਉਚਾ ਤਾਪਮਾਨ ਬਰਦਾਸ਼ਿਤ ਕਰ ਲੈਂਦਾ ਹੈ ਅਤੇ ਦੂਜਾ ਇਸ 'ਚ ਕਲੋਰੀਨ ਤੋਂ ਬਚਣ ਦੀ ਸਮਰਥਾ ਹੈ। ਇਸ ਅਮੀਬਾ 'ਚ ਘੁਸ ਕੇ ਕਲੋਰੀਨ ਤੋਂ ਬਚਾਅ ਕਰ ਲੈਂਦਾ ਹੈ। ਮੇਲਿਆਂ, ਹੋਟਲਾਂ ਤੇ ਟਰੱਕਾਂ ਦੇ ਅੱਡਿਆਂ 'ਤੇ ਮਿਲਣ ਵਾਲਾ ਪਾਣੀ ਗਰਮ ਹੁੰਦਾ ਹੈ ਤੇ ਉਸ ਵਿਚ ਕਲੋਰੀਨ ਵੀ ਮਿਲੀ ਹੁੰਦੀ ਹੈ। ਜੇ ਹੋਟਲ ਅੱਛਾ ਹੋਵੇ ਤਾਂ ਉਥੇ ਸਾਨੂੰ ਇਕ ਫੁਹਾਰਾ ਵੀ ਮਿਲੇਗਾ ਜੋ ਛੋਟੀਆਂ-ਛੋਟੀਆਂ ਬੂੰਦਾਂ ਦੀ ਅੱਛੀ ਬਾਰਸ਼ ਕਰਦਾ ਹੈ। ਇਹ ਬੂੰਦਾਂ ਆਪਣੇ ਫੇਫੜਿਆਂ ਦੇ ਦੂਰ ਦਰਾਡੇ ਕੋਨਿਆਂ 'ਚ ਬੈਕਟਰੀਆਂ ਨੂੰ ਬੇਰੋਕ ਟੋਕ ਪਹੁੰਚਾ ਦਿੰਦਾ ਹੈ। ਅਸੀਂ ਖੁਦ ਹੀ ਲੀਜਨੇਅਰ ਬੀਮਾਰੀ ਦੇ ਪਸਾਰ ਲਈ ਆਦਰਸ਼ ਹਾਲਤਾਂ ਪੈਦਾ ਕਰ ਦਿੱਤੀਆਂ ਹਨ। ਕਲੋਰੀਨ ਅਤੇ ਉਚ ਤਾਪਮਾਨ ਉਸ ਦੇ ਗੁਆਂਢੀ ਉਮੀਦਵਾਰਾਂ ਨੂੰ ਮਾਰ ਦਿੱਤੇ ਹਨ। ਪਾਈਪ ਲਾਈਨਾਂ ਦੇ  ਅੰਦਰ ਉਹਨਾਂ ਮਰੇ ਹੋਏ ਜੀਵਾਂ ਦੀ ਰਹਿੰਦ ਖੂੰਦ ਦੀ ਇਕ ਪਰਤ ਜੰਮ ਜਾਂਦੀ ਹੈ ਜਿਸ ਨਾਲ ਲੀਜਨੇਅਰ ਬੈਕਟੀਰੀਆ ਨੂੰ ਆਪਣੇ ਮਨਪਸੰਦ ਭੋਜਨ ਦੀ ਅੱਛੀ ਤੇ ਭਰਪੂਰ ਖੁਰਾਕ ਮਿਲ ਜਾਂਦੀ ਹੈ। ਜੇ ਅਸੀਂ ਦੂਜੇ ਜੀਵਾਂ ਨੂੰ ਵੇਖੀਏ ਤਾਂ ਸਾਨੂੰ ਪ੍ਰਜੀਵੀਆਂ ਤੇ ਸਰੀਰ ਦੇ ਪੌਸ਼ਿਕਾਂ 'ਚ ਆਪਣੀ ਆਪਣੀ ਹੋਂਦ ਲਈ ਲਗਾਤਾਰ ਇਕ ਛਲ ਕਪਟ ਚਲਦਾ ਵਿਖਾਈ ਦਿੰਦਾ ਹੈ। ਕੋਈ ਪ੍ਰਜਾਤੀ ਕਿੰਨੀ ਵੱਧ ਪ੍ਰਚਲਿਤ ਹੁੰਦੀ ਹੈ। ਉਹ ਪ੍ਰਜੀਵੀਆਂ ਦੇ ਨਵੇਂ ਹਮਲਿਆਂ ਲਈ ਉਹਨਾਂ ਹੀ ਵੱਧ ਆਕ੍ਰਸ਼ਿਕ ਹੁੰਦੀਆਂ ਹਨ ਕਿਉਂਕਿ ਮਨੁੱਖ ਸਭ ਥਾਂ ਮਿਲਦਾ ਹੈ ਇਸ ਲਈ ਇਹ ਪ੍ਰਜੀਵੀਆਂ ਨੂੰ ਅਸਾਨੀ ਨਾਲ ਹਮਲੇ ਦਾ ਮੌਕਾ ਦਿੰਦਾ ਹੈ। ਜਦ ਅਸੀਂ ਬੀਮਾਰੀ ਫੈਲਣ ਦੇ ਪੈਟਰਨ ਨੂੰ ਵੇਖਦੇ ਹਾਂ ਕਿ ਹੈਜਾ ਪੂਰਵੀ ਅਰਧਗੋਲੇ ਤੋਂ ਫੈਲਣਾ ਸ਼ੁਰੂ ਕਰਕੇ ਅਮਰੀਕਾ 'ਚ ਦਾਖਲ ਹੁੰਦਾ ਹੈ ਅਤੇ ਉਥੋਂ ਪੀਰੂ ਹੁੰਦੇ ਹੋਏ ਮੱਧ ਅਮਰੀਕਾ ਤੱਕ ਦਾ ਸਫਰ ਕਰਦਾ ਹੈ। ਪਰ ਸੰਤਰੇ ਦੇ ਪੇੜ ਦੀ ਇਕ ਬੀਮਾਰੀ, ਟਮਾਟਰ ਤੇ ਬੀਨਸ਼ 'ਚ ਲੱਗਣ ਵਾਲੇ ਵਿਸ਼ਾਣੂ ਤੇ ਇਸ ਤੋਂ ਇਲਾਵਾ ਹੋਰ ਜੀਵਾਂ ਦੀਆਂ ਬੀਮਾਰੀਆਂ ਵੀ ਇਕਦਮ ਇਸ ਮਾਰਗ ਤੇ ਚਲਦੀਆਂ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਭ ਜਾਨਵਰਾਂ ਅਤੇ ਪੌਦਿਆਂ ਵਿਚ ਰੋਗਾਣੂਆਂ ਤੇ ਪ੍ਰੀਪੋਸ਼ਿਕ ਵਿਚਕਾਰ ਇਕ ਸਹਿ ਵਿਕਾਸ (ਕੋ-ਐਵੋਲੂਸ਼ਣ) ਵਿਖਾਈ ਦਿੰਦਾ ਹੈ। ਇਹ ਸਿਰਫ਼ ਮਰਦਾਂ 'ਚ ਪਾਈ ਜਾਣ ਵਾਲੀ ਅਨੋਖੀ ਗੱਲ ਨਹੀਂ ਹੈ। ਨਿਸ਼ਚਤ ਤੌਰ 'ਤੇ ਜੇ ਅਸੀਂ ਇਸੇ ਪ੍ਰਸੰਗ 'ਚ ਮਨੁੱਖਾਂ ਨੂੰ ਹੋਣ ਵਾਲੀਆਂ ਬੀਮਾਰੀਆਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਅਸੀਂ ਉਹਨਾਂ ਦੇ ਸੰਭਾਵਿਤ ਖਤਰਿਆਂ ਦੀ ਇਕ ਬੇਹਤਰ ਸਮਝਦਾਰੀ ਹਾਸਿਲ ਕਰ ਸਕਦੇ ਹਾਂ।

ਬੀਮਾਰੀਆਂ ਦਾ ਪਸਾਰ : ਕਿਸ ਤਰ੍ਹਾਂ ਦੇ ਕੀੜੇ ਵਿਸ਼ਾਣੂਆਂ (ਵਾਇਰਸ) ਨੂੰ ਲੋਕਾਂ 'ਚ ਫੈਲਾਉਂਦੇ ਹਨ? ਸਾਰੇ ਮੱਛਰ ਹਨ ਜਾਂ ਮੱਖੀਆਂ ਜਾਂ ਉਹ ਕੀਟਾਂ ਦੇ ਇਕ ਹੋਰ ਵਰਗ ਨਾਲ ਤੁਅੱਲਕ ਰਖਦੇ ਹਨ। ਜਿਹਨਾਂ 'ਚ ਜਿਹਨਾਂ ਵਿਚ ਪਿੱਸੂ, ਚਿਚੜ ਤੇ ਜੂੰਆਂ ਆਦਿ ਹਨ। ਹਾਲਾਂਕਿ ਜਬਰਦਸਤ ਤਰੀਕੇ ਨਾਲ ਮਨੁੱਖਾਂ 'ਚ ਬੀਮਾਰੀ ਦੇ ਵਿਸ਼ਾਣੂਆਂ ਨੂੰ ਫੈਲਾਉਣ ਵਾਲੇ ਇਹੀ ਦੋ ਮੁਖ ਵਰਗ ਹਨ। ਪਰ ਇਹਨਾਂ ਤੋਂ ਇਲਾਵਾ ਲੱਖਾਂ ਹੋਰ ਕਿਸਮ ਦੇ ਕੀੜੇ ਵੀ ਬੀਮਾਰੀਆਂ ਫੈਲਾਉਂਦੇ ਹਨ। ਭੌਂਰੇ ਬਹੁਤ ਘੱਟ ਬੀਮਾਰੀਆਂ ਫੈਲਾਉਂਦੇ ਹਨ। ਕੋਈ ਵੀ ਬੀਮਾਰੀ ਤਿਤਲੀਆਂ ਤੇ ਡਰੈਗਨ ਫੈਲਾਈ ਵਲੋਂ ਨਹੀਂ ਫੈਲਾਈ ਜਾਂਦੀ। ਅਜੇਹਾ ਕਿਉਂ? ਕੀ ਅਜਿਹੀ ਵੀ ਕੋਈ ਹਾਲਤ ਹੈ ਜਿਨਾਂ 'ਚ

ਇਹ ਬੀਮਾਰੀਆਂ ਦੇ ਵਾਹਕ ਹੋ ਸਕਦੇ ਹਨ? ਪੌਦਿਆਂ 'ਚ ਲੱਗਣ ਵਾਲੀਆਂ ਬੀਮਾਰੀਆਂ ਦੇ ਮੁੱਖ ਵਿਤਰਕ ਕੀਟਾਂ ਦੇ ਇਕ ਸਰਵਥਾ ਭਿੰਨ ਫਿਰਕੇ ਨਾਲ ਸੰਬਧਤ ਹਨ, ਜਿਸ ਦਾ ਨਾਂ ਹੈ ਮਾਹੂੰ (ਏਫੀਡਸ) ਹਾਲਾਂਕਿ ਦੋਨੋਂ ਸਮੂਹਾਂ ਦੇ ਮੂੰਹ ਦੀ ਬਣਾਵਟ ਇਕੋ ਜਿਹੀ ਹੁੰਦੀ ਹੈ ਅਤੇ ਉਹ ਸਰੀਰਾਂ 'ਚੋਂ ਰਸ ਚੂਸ ਕੇ ਹੀ ਆਪਣਾ ਗੁਜ਼ਾਰਾ ਕਰਦੇ ਹਨ ਮੱਛਰ ਖੂਨ ਚੂਸ ਕੇ ਤਾਂ ਮਾਹੂ ਪੌਦਿਆਂ ਦਾ ਰਸ ਚੂਸਕੇ ਜੇ ਤੁਸੀਂ ਨਲਕੀ ਰਾਹੀਂ ਕਦੇ ਕੋਈ ਚੀਜ਼ ਚੂਸੀ ਹੈ ਤਾਂ ਤੁਹਾਨੂੰ ਅਨੁਭਵ ਹੋਵੇਗਾ ਕਿ ਕੁਝ ਚਿਰ ਪਿਛੋਂ ਨਲਕੀ 'ਚ ਰੁਕਾਵਟ ਪੈਦਾ ਹੋ ਜਾਂਦੀ ਹੈ, ਰਸ ਨੂੰ ਚੂਸਦੇ ਰਹਿਣ ਲਈ ਥੋੜਾ ਜਿਹਾ ਰਸ ਨਲਕੀ ਤੋਂ ਵਾਪਸ ਭੇਜਣਾ ਜ਼ਰੂਰੀ ਹੋ ਜਾਂਦਾ ਹੈ। ਉਸੇ ਤਰ੍ਹਾਂ ਖੂਨ ਜਾਂ ਰਸ ਚੂਸਦੇ ਸਮੇਂ ਮੱਛਰ ਤੇ ਮਾਹੂ ਆਪਣੀ ਲਾਰ ਨੂੰ ਮੇਜ਼ਬਾਨ ਦੇ ਸਰੀਰ ਵਿਚ ਛੱਡਦੇ ਹਨ। ਵਿਸ਼ਾਣੂ ਇਸ ਲਾਰ ਵਿਚ ਹੁੰਦੇ ਹਨ ਇਹੀ ਕਾਰਨ ਹੈ ਕਿ ਜਦ ਅਸੀਂ ਵਿਸ਼ਾਣੂਆਂ ਦਾ ਅਧਿਐਨ ਕਰਦੇ ਹਾਂ ਤਾਂ ਅਸੀਂ ਮੱਛਰ ਜਾਂ ਹੋਰ ਪ੍ਰਜੀਵੀਆਂ ਦੀਆਂ ਲਾਰ ਗ੍ਰੰਥੀਆਂ ਨੂੰ ਵੀ ਧਿਆਨ ਨਾਲ ਵੇਖਦੇ ਹਾਂ। ਇਸ ਤਰ੍ਹਾਂ ਦੇ ਸਮੀਕਰਣਾਂ ਨਾਲ ਸਾਹਮਣਾ ਤਾਂ ਹੀ ਹੁੰਦਾ ਹੈ ਜਦ ਅਸੀਂ ਕਿਸੇ ਦੀ ਹੋਈ ਬੀਮਾਰੀ ਨੂੰ ਵਿਸ਼ੇਸ਼ ਬਿਓਰਿਆਂ ਦੀ ਮੁਲਅੰਕਣ ਕਰਨ ਪਿਛੋਂ ਅਸੀਂ ਪਿਛੇ ਮੁੜਦੇ ਹਾਂ ਤੇ ਉਸ ਨੂੰ ਵਿਆਪਕਤਾ 'ਚ ਦੇਖਣ ਦੀ ਕੋਸ਼ਿਸ਼ ਕਰਦੇ ਹਾਂ। ਪਰ ਅਜੇਹਾ ਨਹੀਂ ਕੀਤਾ ਗਿਆ।

ਜੀਵਾਂ ਦੇ ਲੜੀਵਾਰ ਵਿਕਾਸ ਅਤੇ ਸਮਾਜ ਦੇ ਅਧਿਐਨ ਵਿਚ ਅਸਫਲਤਾ : ਇਕ ਹੋਰ ਤਰ੍ਹਾਂ ਦੀ ਵਿਗਿਆਨਕ ਤੰਗ ਨਜ਼ਰੀ ਅਸਲ 'ਚ ਅਖਤਿਆਰ ਕੀਤੀ ਗਈ ਬੌਧਿਕ ਤੰਗ ਨਜ਼ਰੀ, ਲੜੀਵਾਰ ਵਿਕਾਸ ਦੇ ਅਧਿਐਨ ਵਿਚ ਅਸਫਲਤਾ ਹੈ। ਲੜੀਵਾਰ ਵਿਕਾਸ ਸਾਨੂੰ ਇਹ ਦਸਦਾ ਹੈ ਕਿ ਜੀਵ ਆਪਣੇ ਵਾਤਾਵਰਣ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਦੇ ਹਨ। ਮਿਸਾਲ ਵਜੋਂ ਜੇ ਕੋਈ ਐਂਟੀਬਾਇਟਕ ਰੋਗਾਣੂਆਂ ਲਈ ਖਤਰਾ ਹੈ ਤਾਂ ਉਸ ਐਟਬਾਇਟਕ ਲਈ ਖੁਦ ਨੂੰ ਢਾਲ ਕੇ ਇਸ ਚੁਣੌਤੀ ਦਾ ਮੁਕਾਬਲਾ ਕਰਦੇ ਹਨ। ਖੇਤੀ ਦੇ ਖੇਤਰ ਵਿਚ ਅਜੇਹੀਆਂ ਸੈਂਕੜੇ ਉਦਾਹਰਨਾਂ ਮਿਲਦੀਆਂ ਹਨ ਜਿਹਨਾਂ 'ਚ ਕੀੜੇ ਕੀਟਨਾਸ਼ਕਾਂ ਦੀ ਪ੍ਰਵਾਹ ਕਰਨੋਂ ਹੀ ਹਟ ਜਾਂਦੇ ਹਨ। ਇਸ ਤਰ੍ਹਾਂ ਇਲਾਜ ਦੇ ਖੇਤਰ ਵਿਚ ਵੀ ਅਜੇਹੇ ਰੋਗਾਣੂਆਂ ਦੀ ਗਿਣਤੀ ਵਧਦੀ ਜਾਂਦੀ ਹੈ ਜੋ ਐਂਟੀਬਾਇਟਕ ਦਵਾਈਆਂ ਪ੍ਰਤੀ ਸੰਵੇਦਨਹੀਣ (ਢੀਠ) ਹੋ ਗਏ ਹਨ। ਕੁਝ ਅਜੇਹੇ ਵੀ ਰੋਗਾਣੂ ਹਨ ਜੋ ਐਂਟੀਬਾਇਟਕ ਦਵਾਈਆਂ ਦੀ ਵਰਤੋਂ ਤੋਂ ਪਹਿਲਾਂ ਹੀ ਸੰਵੇਦਨਹੀਣ ਹੋ ਗਏ ਹਨ। ਇਹ ਉਦੋਂ ਹੁੰਦਾ ਹੈ ਜਦੋਂ ਕੋਈ ਦਵਾਈ ਬਜ਼ਾਰ 'ਚ ਨਵੇਂ ਵਪਾਰਕ ਨਾਂ ਹੇਠ ਆਉਂਦੀ ਹੈ ਪਰ ਆਪਣੀ ਪਹਿਲਾਂ ਵਰਤੀ ਜਾਂਦੀ ਦਵਾ ਤੋਂ ਸ਼ਾਇਦ ਹੀ ਕੁਝ ਅਲੱਗ ਹੁੰਦੀ ਹੋਵੇ। ਉਪਰ ਤੋਂ ਵੱਖ ਪ੍ਰਤੀਤ ਹੋਣ ਦੇ ਬਾਵਜੂਦ ਜੇ ਬੈਕਟੀਰੀਆ 'ਤੇ ਅਸਰ ਕਰਨ ਦਾ ਉਸ ਦਾ ਤਰੀਕਾ ਉਹੀ ਪੁਰਾਣਾ ਹੋਵੇ ਤਾਂ ਬੈਕਟੀਰੀਆ ਵੀ ਉਸੇ ਤਰੀਕੇ ਨਾਲ ਆਪਣਾ ਬਚਾਅ ਕਰ ਲੈਂਦੇ ਹਨ। ਬੀਮਾਰੀ ਦੇ ਵਾਹਕ ਨੂੰ ਵੇਖਣਾ ਕਾਫੀ ਹੀ ਨਹੀਂ ਹੈ ਸਾਨੂੰ ਇਹ ਵੀ ਵੇਖਣਾ ਪੈਣਾ ਹੈ ਕਿ ਆਬਾਦੀ ਨੂੰ ਰੋਗ-ਸਮਵੇਦੀ ਕੌਣ ਬਣਾਉਂਦਾ ਹੈ। ਜਨਤਕ ਸਿਹਤ ਦੀ ਰਵਾਇਤੀ ਵਿਵਸਥਾ ਵਿਸ਼ਵ-ਇਤਿਹਾਸ ਦਾ ਅਧਿਐਨ ਕਰਨ, ਦੂਜੇ ਜੀਵਾਂ ਦਾ ਅਧਿਐਨ ਕਰਨ, ਲੜੀਵਾਰ ਵਿਕਾਸ ਅਤੇ ਪ੍ਰਸਥਿਤੀ ਵਿਗਿਆਨ 'ਤੇ ਧਿਆਨ ਦੇਣ ਤੇ ਇਸ ਲਈ ਸਮਾਜ ਵਿਗਿਆਨ ਦਾ ਅਧਿਐਨ ਕਰਨ 'ਚ ਅਸਫਲ ਰਹੀ ਹੈ। ਅਜੇਹੇ

ਸਾਹਿਤ ਦੀ ਤੈਦਾਦ ਵਧਦੀ ਜਾ ਰਹੀ ਹੈ ਜੋ ਦਸਦੇ ਹਨ ਕਿ ਲਗਭਗ ਸਭ ਤਰ੍ਹਾਂ ਦੇ ਸਿਹਤ ਸੰਬੰਧੀ ਖਤਰਿਆਂ ਨਾਲ ਗਰੀਬ ਤੇ ਦੱਬੇ ਕੁਚਲੇ ਲੋਕ ਹੀ ਮੁਕਾਬਲਤਨ ਵੱਧ ਗ੍ਰਹਿਸਤ ਹੁੰਦੇ ਹਨ ਪਰ ਅਸੀਂ ਅਜੇ ਵੀ ਜਮਾਤੀ ਵਿਰੋਧਤਾਈਆਂ ਦੀ ਨਿਸ਼ਾਨਦੇਹੀ ਨਹੀਂ ਕਰਦੇ। ਸਾਡੇ ਖੋਜਕਰਤਾ ਆਮਦਨ 'ਚ ਨਾ ਬਰਾਬਰੀ ਜਾਂ ਮਾਵਾਂ ਦੇ ਸਿਖਿਅਕ ਪੱਧਰ 'ਚ ਅੰਤਰ ਜਾਂ ਪ੍ਰੀਵਾਰ ਦੇ ਆਰਥਕ ਸਮਾਜਕ ਪੱਧਰ 'ਚ ਫਰਕ ਦੀ ਗੱਲ ਵੀ ਮੰਨਦੇ ਹਨ ਪਰ ਮਹਾਂਮਾਰੀ ਵਿਗਿਆਨ ਨਾਲ ਜੁੜੇ ਲੋਕ ਜਮਾਤਾਂ ਬਾਰੇ ਕੋਈ ਗੱਲ ਨਹੀਂ ਕਰਦੇ ਜਦ ਕਿ ਜੀਵਨ ਮਿਆਦ, ਬੁਢਾਪੇ ਦੀ ਕਮਜ਼ੋਰੀ ਜਾਂ ਵਾਰ-ਵਾਰ ਦਿਲ ਦਾ ਦੌਰਾ ਪੈਣ ਦਾ ਸਭ ਤੋਂ ਸਹੀ ਅਗਾਊਂ ਅੰਦਾਜ਼ਾ ਜਮਾਤੀ ਸਥਿਤੀ ਦੇ ਰਾਹੀਂ ਹੀ ਕੀਤਾ ਜਾ ਸਕਦਾ ਹੈ। ਦਿਲ ਦੀ ਬੀਮਾਰੀ ਦਾ ਪਹਿਲਾਂ ਪਤਾ ਲਾਉਣਾ ਹੋਵੇ ਤਾਂ ਕਲੈਸਟ੍ਰੋਲ ਨਾਪਣ ਤੋਂ ਕਿਤੇ ਵੱਧ ਅੱਛਾ ਹੈ ਕਿ ਸਬੰਧਤ ਵਿਅਕਤੀ ਦੀ ਜਮਾਤੀ ਹਾਲਤ ਦਾ ਪਤਾ ਲਾਇਆ ਜਾਵੇ।

ਹੋਰ ਵਿਆਖਿਆਵਾਂ : ਅਸੀਂ ਆਪਣੀ ਅੱਖਾਂ 'ਤੇ ਬੌਧਿਕਤਾ ਦੀ ਏਨੀ ਪੱਟੀ ਕਿਉਂ ਬੰਨ ਰੱਖੀ ਹੈ ਜਿਸ ਨੇ ਸਾਡੀ ਜਨਤਕ ਸਿਹਤ ਦੇ ਅਧਿਐਨ ਤੇ ਵਿਹਾਰ ਨੂੰ ਤਹਿਸ ਨਹਿਸ ਕਰ ਦਿੱਤਾ ਹੈ? ਇਸ ਦਾ ਪਹਿਲਾਂ ਕਾਰਨ ਹੈ ਬੌਧਿਕ ਪੱਖਪਾਤ ਵਧਦੇ ਜਾਣਾ। ਉਦਾਹਰਣ ਵਜੋਂ ਅਮਰੀਕੀ ਵਿਹਾਰਿਕਵਾਦ ਨੂੰ ਹੀ ਲਓ। ਅਮਰੀਕੀਆਂ ਨੂੰ ਆਪਣੇ ਵਿਹਾਰਿਕ ਹੋਣ 'ਤੇ ਮਾਣ ਹੈ। "ਸਿਧਾਂਤ" ਉਹਨਾਂ ਲਈ ਅਕਸਰ ਇਕ ਗੰਦਾ ਸ਼ਬਦ ਹੈ। ਜਦ ਇਕ ਵੱਡੀ ਅਬਾਦੀ ਰੋਗ ਗ੍ਰਸਿਤ ਹੋਵੇ ਤੇ ਬੱਚੇ ਮਰ ਰਹੇ ਹੋਣ ਤਦ ਇਹਨਾਂ ਭਾਰੀ ਦਬਾਵਾਂ ਦੌਰਾਨ ਲੜੀਵਾਰ ਵਿਕਾਸ ਬਾਰੇ ਗੱਲਾਂ ਕਰਨਾ ਇਕ ਵਿਸਾਲਤਾ ਹੈ। ਇਹਨਾਂ ਦਬਾਵਾਂ ਕਾਰਨ ਹੀ ਡਾਕਟਰ ਟਮਾਟਰ ਦੀਆਂ ਬੀਮਾਰੀਆਂ 'ਤੇ ਧਿਆਨ ਨਹੀਂ ਦਿੰਦੇ। ਮੱਛਰਾਂ ਦੀਆਂ ਵੱਖ-ਵੱਖ ਜਾਤੀਆਂ ਦਰਮਿਆਨ ਮੁਕਾਬਲੇ ਦੀ ਗੱਲ ਨਹੀਂ ਕਰਦੇ ਤੇ ਇਤਿਹਾਸਕ ਕਾਰਨਾਂ ਨੂੰ ਨਿਸ਼ਚੈ ਹੀ ਨਜ਼ਰ-ਅੰਦਾਜ਼ ਕਰ ਦਿੰਦੇ ਹਨ। ਇਲਾਜ ਦੇ ਵਿਹਾਰਿਕ ਕੰਮਾਂ ਜਾਂ ਮਹਾਂਮਾਰੀ ਸੰਬਧੀ ਕੰਮਾਂ ਨੂੰ ਤੁਰੰਤ ਨੇਪਰੇ ਚਾੜਨ ਦੇ ਸਿੱਟੇ ਵਜੋਂ ਇਕ ਤੰਗਨਜ਼ਰ ਨਜ਼ਰੀਏ ਦਾ ਵਿਕਾਸ ਹੋਇਆ ਹੈ।

ਦੂਜਾ ਕਾਰਨ ਹੈ - ਲਘੂਕਰਣ (ਰਿਡਕਸ਼ਨਿਜ਼ਮ) ਦੀ ਪੱਛਮੀ ਵਿਗਿਆਨਕ ਰਵਾਇਤ ਜੋ ਮੰਨਦੀ ਹੈ ਕਿ ਕਿਸੇ ਸਮੱਸਿਆ ਨੂੰ ਸਮਝਣ ਲਈ ਪਹਿਲਾਂ ਉਸ ਨੂੰ ਛੋਟੇ-ਛੋਟੇ ਭਾਗਾਂ ਵਿਚ ਵੰਡ ਲਓ ਤੇ ਫਿਰ ਇਕ ਇਕ ਕਰਕੇ ਉਹਨਾਂ ਨੂੰ ਹੱਲ ਕਰੋ। ਜਦ ਸਾਡੇ ਸਾਹਮਣੇ ਸਿਰਫ਼ ਇਹ ਪ੍ਰਸ਼ਨ ਹੈ ਕਿ "ਇਹ ਕਿਸ ਚੀਜ਼ ਦਾ ਬਣਿਆ ਹੈ?" ਤਦ ਇਹ ਤਰੀਕਾ ਬਹੁਤ ਕਾਮਯਾਬ ਰਹਿੰਦੇ ਹਨ। ਉਦੋਂ ਅਸੀਂ ਉਸ ਜੀਵ ਨੂੰ ਵੱਖ ਕਰਕੇ ਉਸਦਾ ਇਕ ਹਿੱਸਾ ਕੱਟ ਕੇ ਕੱਢ ਸਕਦੇ ਹਾਂ। ਬਲੈਡਰ 'ਚ ਪਾ ਕੇ ਉਸ ਦਾ ਮਿਸ਼ਰਣ ਤਿਆਰ ਕਰ ਸਕਦੇ ਹਾਂ ਜਾਂ ਮਾਈਕਰੋਸਕੋਪੀ (ਸੂਖਮਦਰਸ਼ੀ) ਨਾਲ ਉਸ ਦਾ ਅਧਿਐਨ ਕਰ ਸਕਦੇ ਹਾਂ। ਦਰਅਸਲ, ਇਹ ਪਤਾ ਲਾਉਣ 'ਚ ਅਸੀਂ ਸ਼ਾਨਦਾਰ ਸਫਲਤਾ ਹਾਸਲ ਕਰ ਚੁੱਕੇ ਹਾਂ ਕਿ ਵਸਤੂਆਂ ਕਿਸ ਚੀਜ਼ ਦੀਆਂ ਬਣੀਆਂ ਹਨ। ਇਹੀ ਵਜਾਹ ਹੈ ਕਿ ਸਾਰੇ ਵਿਗਿਆਨਕ ਕੰਮਾਂ ਦੌਰਾਨ ਛੋਟੀਆਂ-ਛੋਟੀਆਂ ਘਟਨਾਵਾਂ ਬਾਰੇ ਸਾਡਾ ਗਿਆਨ ਵਧਿਆ ਹੈ। ਆਖਰ ਕੀ ਕਾਰਨ ਹੈ ਕਿ ਅਸੀਂ ਵੱਖ-ਵੱਖ ਲੋਕਾਂ ਦਾ ਐਮਰਜੰਸੀ ਇਲਾਜ ਕਰਨ 'ਚ ਕੁਝ ਕਾਮਯਾਬ ਜ਼ਰੂਰ ਹਾਂ ਪਰ ਮਲੇਰੀਆ ਦੀ ਰੋਕਥਾਮ ਤੇ ਇਸ ਤੋਂ ਬਚਾਅ ਕਰਨ, ਉਸ ਦੀ ਵਾਪਸ ਦਾ ਅਗਾਊਂ ਅੰਦਾਜ਼ਾ ਕਰਨ

ਜਾਂ ਪੂਰੀ ਅਬਾਦੀ ਦੀ ਸਿਹਤ ਸਮਸਿਆ ਨੂੰ ਵਿਆਪਕ ਤੌਰ ’ਤੇ ਹੱਲ ਕਰਨ ’ਚ ਏਨੇ ਨਕੰਮੇ ਕਿਉਂ ਹਾਂ? ਅਸੀਂ ਕਣਕ ਤੇ ਕਪਾਹ ਦੀਆਂ ਵਿਕਸਤ ਕਿਸਮਾਂ ’ਚ ਤਾਂ ਵਰਣਨਯੋਗ ਸਫਲਤਾ ਹਾਸਲ ਕੀਤੀ ਹੈ ਜੋ ਨਾਈਟਰੋਜਨ ਦੀ ਵੱਧ ਵਰਤੋਂ ਕਰਕੇ ਜ਼ਿਆਦਾ ਫਸਲ ਦਿੰਦੀਆਂ ਹਨ। ਬੀ. ਟੀ. ਕਾਟਨ ਵੀ ਵਿਕਸਤ ਕੀਤੀ ਗਈ ਹੈ ਪਰ ਪਿੰਡਾਂ ਦੀ ਭੁਖਮਰੀ ਘੱਟ ਕਰਨ ’ਚ ਅਸੀਂ ਬਹੁਤੇ ਸਫਲ ਨਹੀਂ ਰਹੇ ਹਾਂ।

ਇਸ ਤਰ੍ਹਾਂ ਸਾਡੀ ਠੇਠ ਅਸਫਲਤਾ ਹੈ-ਚੀਜ਼ਾਂ ਦੀ ਜਟਿਲਤਾ ਨੂੰ ਸਮਝਣ ਤੋਂ ਇਨਕਾਰ ਕਰਨਾ। ਸਾਡੀਆਂ ਸਫਲਤਾਵਾਂ ਛੋਟੀਆਂ ਚੀਜ਼ਾਂ ਨਾਲ ਸੰਬੰਧਤ ਸਫਲਤਾਵਾਂ ਹਨ। ਕਿਸੇ ਵੀ ਦੇਸ਼ ਦੀ ਤੁਲਨਾ ’ਚ ਅਮਰੀਕਾ ’ਚ ਸਹਿਤ ਸੇਵਾਵਾਂ ’ਤੇ ਖਰਚ ਤਾਂ ਬਹੁਤ ਕੀਤਾ ਜਾਂਦਾ ਹੈ ਫਿਰ ਵੀ ਉਸ ਦੇ ਮਾੜੇ ਸਿੱਟਿਆਂ ਵਾਲੇ ਦੇਸ਼ਾਂ ’ਚ ਇਕ ਅਮਰੀਕਾ ਵੀ ਹੈ। ਜੇ ਸਿਹਤ ਦੇ ਪ੍ਰਚਲਿਤ ਸੂਤਰਾਂ ਦੇ ਹਿਸਾਬ ਨਾਲ ਵੇਖਿਆ ਜਾਵੇ ਤਾਂ ਅਮਰੀਕਾ ਵੀ ਯੂਰਪਾਂ ਦੇ ਦੇਸ਼ਾਂ ਤੋਂ ਪਿਛੇ ਹੈ। ਕਈ ਕੇਸਾਂ ’ਚ ਤਾਂ ਜਪਾਨ ਤੋਂ ਵੀ ਪਿਛੇ ਹੈ। ਇਹ ਇਕ ਐਸੀ ਸਚਾਈ ਹੈ ਜੋ ਜਨਤਕ ਸਿਹਤ ਨਾਲ ਜੁੜੇ ਲੋਕਾਂ ਲਈ ਚਿੰਤਾ ਦਾ ਵਿਸ਼ਾ ਹੈ। ਸਿਹਤ ਤੇ ਏਨਾ ਖਰਚ ਪਰ ਪ੍ਰਾਪਤੀਆਂ ਏਨੀਆਂ ਥੋੜੀਆਂ, ਲੋਕ ਇਹ ਸੁਆਲ ਕਰਦੇ ਹਨ? ਵੱਧ ਪੈਸਾ ਖਰਚਣ ਦੇ ਬਾਵਜੂਦ, ਬੇਹਤਰ ਸਿਹਤ ਸੇਵਾਵਾਂ ਲੋਕਾਂ ਨੂੰ ਨਹੀਂ ਮਿਲ ਰਹੀਆਂ। ਸਿਹਤ ਸੇਵਾਵਾਂ ’ਤੇ ਕੁਲ ਖਰਚੇ ਦਾ 20 ਫੀਸਦੀ ਹਿੱਸਾ ਪ੍ਰਸਾਸ਼ਨਿਕ ਖਰਚਿਆਂ ਯਾਨੀ ਬਿੱਲ ਬਣਾਉਣ, ਇਸ਼ਤਿਹਾਰਬਾਜੀ ਕਰਨਾ ਅਤੇ ਇਸ ਤਰ੍ਹਾਂ ਦੇ ਹੋਰ ਮੱਦਾਂ ’ਚ ਖਰਚ ਹੁੰਦਾ ਹੈ। ਸੰਪੂਰਨ ਪੂੰਜੀਵਾਦ ਦੇ ਮੁਨਾਫੇ ਦੀ ਤੁਲਨਾ ’ਚ ਦਵਾ ਸਨਅਤ ’ਚ ਮੁਨਾਫੇ ਦੀ ਦਰ ਵੱਧ ਹੁੰਦੀ ਹੈ ਤੇ ਇਸ ਮੁਨਾਫੇ ਦਾ ਬਹਤੁ ਵੱਡਾ ਹਿੱਸਾ ਅਮਰੀਕਾ ’ਚ ਹੁੰਦਾ ਹੈ। ਡਾਕਟਰਾਂ ਦੀਆਂ ਤਨਖਾਹਾਂ ਉਥੇ ਬਹੁਤ ਜ਼ਿਆਦਾ ਹਨ ਅਤੇ ਹਸਪਤਾਲਾਂ ਦੇ ਕਮਰਿਆਂ ਦਾ ਕਿਰਾਇਆ ਵੀ ਬਹੁਤ ਮਹਿੰਗਾ ਹੈ। ਨਹੀਤਾ ਇਹ ਕਿ ਪ੍ਰਤੀ ਰੋਗੀ ਪੂੰਜੀ “ਨਿਵੇਸ਼” ਵੀ ਇੱਥੇ ਬਹੁਤ ਜ਼ਿਆਦਾ ਹੈ। ਜੇ ਅਸੀਂ ਵੱਧ ਸਿਹਤ ਸੇਵਾ ਹਾਸਲ ਕਰ ਵੀ ਲਈਏ ਤਾਂ ਇਹ ਹਮੇਸ਼ਾ ਅੱਛੀ ਹੀ ਸਿਹਤ ਸੇਵਾ ਨਹੀਂ ਹੁੰਦੀ ਕਿਉਂਕਿ ਦੂਜੇ ਬਹੁਤੇ ਦੇਸ਼ਾਂ ਦੀ ਤੁਲਨਾ ਵਿਚ ਅਮਰੀਕਾ ’ਚ ਵੱਧ ਐਮ. ਆਰ. ਈ. ਸੀਟੀ ਸਕੈਨ ਤੇ ਡਾਇਲਾਇਸਿੰਸ ਮਸ਼ੀਨਾਂ ਹਨ ਤਾਂ ਫਿਰ ਸਿਹਤ ਸਹੂਲਤਾਂ ਬੇਹਤਰ ਕਿਉਂ ਨਹੀਂ ਹਨ? ਡਾਕਟਰਾਂ ਵਲੋਂ ਲਏ ਫੈਸਲਿਆਂ ਪਿਛੇ ਹਮੇਸ਼ਾ ਮਰੀਜ਼ ਦੇ ਇਲਾਜ ਦੀਆਂ ਜ਼ਰੂਰਤਾਂ ਹੀ ਨਹੀਂ ਹੁੰਦੀਆਂ। ਕਿਸ ਤਰ੍ਹਾਂ ਦੀ ਤਕਨੀਕ ਦੀ ਵਰਤੋਂ ਕੀਤੀ ਜਾਵੇ। ਕਿਸ ਤਰ੍ਹਾਂ ਦੀ ਵਿਧੀ ਅਪਣਾਈ ਜਾਵੇ (ਮਸਲਨ ਦਿਲ ਦੇ ਅਪ੍ਰੇਸ਼ਨ ਮੌਕੇ) ਇਹਨਾਂ ਸਭ ਫੈਸਲਿਆਂ ਪਿਛੇ ਬਹੁਤ ਤਰ੍ਹਾਂ ਦੇ ਲਾਲਚ ਕੰਮ ਕਰਦੇ ਹਨ ਜੋ ਵੱਖ ਵੱਖ ਦੇਸ਼ਾਂ ਵਿਚ ਇਲਾਜ ਦੇ ਅਮਨ ’ਚ ਫਰਕ ਪਾ ਦਿੰਦੇ ਹਨ। ਅਮਰੀਕਾ ਅੰਦਰ ਯੂਰਪ ਦੇ ਮੁਕਾਬਲੇ ਵੱਧ ਪੇਸਮੇਕਰ ਲਾਏ ਜਾਂਦੇ ਹਨ, ਵੱਧ ਸਿਜੇਰੀਅਨ ਤੇ ਹਿਸਟਰੈਣੀਆਂ ਹੁੰਦੀਆਂ ਹਨ। ਹਸਪਤਾਲ ਦੇ ਮਾਲਕ ਡਾਕਟਰਾਂ ਤੇ ਮਰੀਜ਼ਾਂ ਦੋਨਾਂ ਨੂੰ ਆਕ੍ਰਿਸ਼ਿਤ ਕਰਨ ਲਈ ਮਹਿੰਗੀਆਂ ਮਸ਼ੀਨਾਂ ਖਰੀਦਦੇ ਹਨ। ਜਦ ਇਕ ਵਾਰੀ ਮਸ਼ੀਨਾਂ ਖਰੀਦ ਹੀ ਲਈਆਂ ਤਾਂ ਉਹਨਾਂ ਦੀ ਵਰਤੋਂ ਵੀ ਹੋਵੇਗੀ। ਡਾਕਟਰ ਕਿਸੇ ਹਸਪਤਾਲ ’ਚ ਕਿਸੇ ਐਮ. ਆਰ. ਆਈ. ਮਸ਼ੀਨ ਨੂੰ ਬੇਕਾਰ ਪਏ ਰਹਿਣ ਦੀ ਇਜਾਜ਼ਤ ਨਹੀਂ ਦੇ ਸਕਦੇ। ਹਸਪਤਾਲ ਤੇ ਹੋਏ ਨਿਵੇਸ਼ ਦੀ ਵਸੂਲ ਲਈ ਹੀ ਸਹੀ, ਡਾਕਟਰਾਂ ਨੂੰ ਇਹਨਾਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ

ਤਾਂ ਇਕ ਸਰਜਨ ਦੇ "ਰਨ ਬਣਾਉਣ ਦੀ ਔਸਤ" ਉਚੀ ਰਖਣ ਤੇ ਉਸ ਦਾ ਪੱਧਰ ਬਣਾਈ ਰੱਖਣ ਲਈ ਉਸ ਨੂੰ ਹਰ ਸਾਲ ਵੱਧ ਤੋਂ ਵੱਧ (ਕੁਝ ਸੌ ਫੀਸਦੀ) ਅਪ੍ਰੇਸ਼ਨ ਕਰਨੇ ਹੁੰਦੇ ਹਨ। ਕਿਸੇ ਇਕਲੇ ਕਹਿਰੇ ਖੜੇ ਹਸਪਤਾਲ 'ਚ ਜਾਣਾ ਸੁਰਖਿਅਤ ਨਹੀਂ ਸਮਝਿਆ ਜਾਂਦਾ, ਜਿਥੇ 3-4 ਮਹੀਨਿਆਂ 'ਚ ਸਿਰਫ ਇਕ ਕੇਸ ਦਿਲ ਬਦਲੀ ਦਾ ਆਉਂਦਾ ਹੈ। ਬੁਧੀਮਾਨ ਮਰੀਜ਼ ਸਭ ਤੋਂ ਆਧੁਨਿਕ ਤਕਨੀਕ ਨਾਲ ਲਹਿਸ ਕਿਸੇ ਵੱਡੇ ਦਿਲ ਦੇ ਰੋਗਾਂ ਦੇ ਹਸਪਤਾਲ ਦੀ ਹੀ ਤਲਾਸ਼ ਕਰੇਗਾ। ਪਰ ਅਜੇਹਾ ਸਨਮਾਨ ਹਾਸਲ ਕਰਨ ਲਈ ਹਸਪਤਾਲ ਨੂੰ ਆਪਣੀ ਮੁਹਾਰਤ ਦਾ ਪੱਧਰ ਕਾਇਮ ਰੱਖਣਾ ਜ਼ਰੂਰੀ ਹੁੰਦਾ ਹੈ। ਅਜੇਹੇ 'ਚ ਡਾਕਟਰਾਂ 'ਤੇ ਮਸ਼ੀਨਾਂ ਨੂੰ ਸਰਗਰਮ ਬਣਾਈ ਰੱਖਣ ਲਈ ਲਾਲਚ ਦੇਣਾ ਜ਼ਰੂਰੀ ਹੁੰਦਾ ਹੈ। ਅਜਿਹੇ 'ਚ ਡਾਕਟਰੀ ਤੇ ਮਸ਼ੀਨਾਂ ਨੂੰ ਸਰਗਰਮ ਬਣਾਈ ਰੱਖਣ ਲਈ ਲਾਲਚ ਦੇਣਾ ਜ਼ਰੂਰੀ ਹੁੰਦਾ ਹੈ ਕਿਉਂਕਿ ਕਿਸੇ ਮਸ਼ੀਨ ਦੀ ਸੇਵਾ ਨੂੰ ਬਰਕਰਾਰ ਰੱਖਣਾ ਖਰਚੀਲਾ ਹੁੰਦਾ ਹੈ, ਇਸ ਲਈ ਅਪ੍ਰੇਸ਼ਨ ਦੀ ਫੀਸ ਆਉਂਦੀ ਰਹੇ ਤਾਂ ਹੀ ਮਸ਼ੀਨ ਚਾਲੂ ਰਹਿ ਸਕੇਗੀ। ਪਰ ਕੀ ਇਨੇ ਮਹਿੰਗੇ ਉਪਕਰਨ ਰੱਖਣ ਦੀ ਕੋਈ ਵਾਜਬੀਅਤ ਹੈ? ਹਸਪਤਾਲ ਦੇ ਪ੍ਰਬੰਧਕ ਤੁਹਾਨੂੰ ਕਹਿਣਗੇ ਕਿ ਹੈ ਕਿਉਂਕਿ ਅੱਗੇ ਆਉਣ ਵਾਲੀ ਸੜਕ 'ਤੇ ਜੋ ਹਸਪਤਾਲ ਹੈ, ਉਸ ਵਿਚ ਇਹ ਉਪਕਰਨ ਹਨ। ਜੇ ਮਾਸ ਜਨਰਲ ਹਸਪਤਾਲ ਨੂੰ ਬੇਥ ਇਜ਼ਰਾਇਲ ਹਸਪਤਾਲ ਨਾਲ ਅਤੇ ਇਹਨਾਂ ਦੋਹਾਂ ਨੇ ਇਕ ਤੀਸਰੇ ਹਸਪਤਾਲ ਮਾਊਂਟ ਸਿਕਾਈ ਨਾਲ ਮੁਕਾਬਲਾ ਕਰਨਾ ਹੈ ਤਾਂ ਇਹਨਾਂ ਸਾਰਿਆਂ ਨੂੰ ਉਨਤ ਤਕਨੀਕ ਰਖਣੀ ਪੈਣੀ ਹੈ। ਇਸ ਪਿਛੋਂ ਆਉਂਦੇ ਹਨ ਉਹ ਪ੍ਰਸ਼ਾਸਕ ਜੋ ਅਕਾਊਟੈਂਟ ਰਖਦੇ ਹਨ ਜਿਹਨਾਂ ਦਾ ਕੰਮ ਡਾਕਟਰੀ ਫੈਸਲਾ ਕਰਨਾ ਹੈ ਅਤੇ ਸਿਹਤ ਸਹੂਲਤਾਂ ਦੀ ਪ੍ਰਭਾਵੀ ਰਾਸ਼ਨਿੰਗ ਕਰਨੀ ਹੁੰਦੀ ਹੈ। ਚਾਹੇ ਵੱਧ ਸਿਹਤ ਸਹੂਲਤਾਂ ਦਿੱਤੀਆਂ ਜਾਣ ਜਾਂ ਸਹੂਲਤਾਂ 'ਚ ਕਟੌਤੀ ਕੀਤੀ ਜਾਵੇ-ਦੋਨੋਂ ਹੀ ਤਰੀਕਿਆਂ ਦਾ ਮਕਸਦ ਹੈ ਵੱਧ ਤੋਂ ਵੱਧ ਮੁਨਾਫਾ ਬਟੋਰਨਾ। ਨਤੀਜਾ ਇਹ ਹੁੰਦਾ ਹੈ ਕਿ ਕਦੀ ਲੋਕਾਂ ਨੂੰ ਬਹੁਤ ਜ਼ਿਆਦਾ ਸਿਹਤ ਸਹੂਲਤ ਮਿਲਦੀ ਹੈ ਤੇ ਕਦੀ ਬਹੁਤ ਹੀ ਘੱਟ। ਦੋਨੋਂ ਹੀ ਹਾਲਤਾਂ 'ਚ ਸਾਡੀ ਸਿਹਤ ਮੁਨਾਫਾਖੋਰੀ ਦਾ ਮਾੜਾ ਪ੍ਰਭਾਵ ਝਲਦੀ ਹੈ। ਇਹ ਪ੍ਰਬੰਧ ਦੀ ਬੇਦਲੀਲੀ ਦਾ ਫਲ, ਅਮੀਰਾਂ ਨੂੰ ਚਖਣਾ ਪੈਂਦਾ ਹੈ, ਜਿੰਨਾਂ ਦਾ ਜ਼ਰੂਰਤ ਤੋਂ ਵੱਧ ਇਲਾਜ ਕਰ ਦਿੱਤਾ ਜਾਂਦਾ ਹੈ। ਗਲਤ ਇਲਾਜ ਦੇ ਕਾਰਨ ਅਮਰੀਕਾ 'ਚ ਹਰ ਸਾਲ ਦੋ ਲੱਖ ਲੋਕਾਂ ਨੂੰ ਮਾਰ ਦਿੱਤਾ ਜਾਂਦਾ ਹੈ। ਬਹੁਤ ਸਾਰੇ ਲੋਕ ਵੱਧ ਪ੍ਰਚਾਰ ਵਾਲੀਆਂ ਦਵਾਈਆਂ ਦੀ ਵੱਧ ਵਰਤੋਂ, ਪੈਸਾ ਕਮਾਉਣ ਲਈ ਕੀਤੇ ਗਏ ਗੈਰ ਜ਼ਰੂਰੀ ਇਲਾਜ ਜਾਂ ਐਸੇ ਹੀ ਹੋਰ ਨੁਸਖਿਆਂ ਕਾਰਨ ਮਰ ਜਾਂਦੇ ਹਨ।

ਸਿਹਤ ਸਹੂਲਤਾਂ ਦੀ ਮੌਜੂਦਾ ਵਿਵਸਥਾ ਨਾ-ਬਰਾਬਰੀ ਦੀ ਨੀਂਹ ਤੇ ਖੜੀ ਹੈ। ਸਾਡੇ 'ਚੋਂ ਬਹੁਤ ਥੋੜੇ ਲੋਕਾਂ ਨੂੰ ਹੀ ਦਰਅਸਲ ਇਹ ਸੇਵਾਵਾਂ ਮਿਲ ਸਕਦੀਆਂ ਹਨ। ਸਿਹਤ ਸੇਵਾਵਾਂ ਤਕ ਬਹੁਤ ਥੋੜੇ ਲੋਕਾਂ ਦੀ ਪਹੁੰਚ ਹੈ ਜਦ ਕਿ ਜ਼ਿਆਦਾਤਰ ਲੋਕ ਇਹਨਾਂ ਸਹੂਲਤਾਂ ਤੋਂ ਵਾਂਝੇ ਹਨ।

ਅਸੀਂ ਇਕ ਰੋਗ ਗ੍ਰਹਿਤ ਸਮਾਜ ਦੀ ਉਸਾਰੀ ਕੀਤੀ ਹੈ ਅਤੇ ਹੁਣ ਇਸ ਨਾਲ ਹੋਣ ਵਾਲੇ ਨੁਕਸਾਨ ਦੀ ਪੂਰਤੀ ਲਈ ਅਸੀਂ ਵੱਧ ਤੋਂ ਵੱਧ ਪੈਸਾ ਲਾ ਰਹੇ ਹਾਂ। ਅਸੀਂ ਜ਼ਿਆਦਾ ਪ੍ਰਦੂਸ਼ਣ ਤੇ ਵਧਦੇ ਤਣਾਅ ਦੀ ਗਿਰਫਤ ਵਿਚ ਹਾਂ ਅਤੇ ਇਸ ਲਈ ਉਹ ਵਿਰੰਬਨਾ ਹੀ ਹੈ ਕਿ ਸਾਡੇ ਕੋਲ ਦਿਲ ਦੇ ਅਪਰੇਸ਼ਨ ਦੀ ਡਾਕਟਰੀ ਦੀ

ਅਪਣੀ ਮੁਹਾਰਤ ਪ੍ਰਦਰਸ਼ਿਤ ਕਰਨ ਲਈ ਜ਼ਿਆਦਾ ਮੌਕੇ ਮੌਜੂਦ ਹਨ। ਪਹਿਲਾਂ ਅਸੀਂ ਬਹੁਤੇ ਲੋਕਾਂ ਨੂੰ ਦੁਰਦਸ਼ਾ 'ਚ ਧਕਦੇ ਹਾਂ। ਫਿਰ ਮਨੋਰੋਗਾਂ ਦੇ ਇਲਾਜ ਦੀਆਂ ਦਵਾਈਆਂ ਤੇ ਵੱਧ ਖਰਚ ਕਰਦੇ ਹਾਂ ਸਮਕਾਲੀ ਰੂਸ ਵਿਚ ਜਨਤਕ ਸਿਹਤ ਦੀ ਸਥਿਤੀ ਨੂੰ ਦੇਖਣ ਨਾਲ ਇਹ ਗੱਲ ਫੌਰਨ ਸਪਸ਼ਟ ਹੋ ਜਾਂਦੀ ਹੈ। ਸਭ ਲਈ ਇਲਾਜ ਦੀ ਵਿਵਸਥਾ ਦੇ ਖਤਮ ਹੋ ਜਾਣ ਪਿਛੋਂ ਉਥੋਂ ਦੀ ਪੂਰੀ ਅਬਾਦੀ ਮੁਢਲੇ ਪੂੰਜੀਵਾਦ ਦੀ ਸਾਰੀਆਂ ਬੁਰਾਈਆਂ ਨੂੰ ਝੱਲ ਰਹੀ ਹੈ। ਇਹ ਮਹਾਂਮਾਰੀਆਂ ਕਾਲੀ ਖਾਂਸੀ ਤੇ ਡਿਪਥੀਰੀਆ ਵਰਗੀਆਂ ਬੀਮਾਰੀਆਂ ਦੇ ਥਪੇੜੇ ਝਲ ਰਹੇ ਹਨ ਤੇ ਇਸ ਅਧੁਨਿਕ ਯੁੱਗ ਵਿਚ ਵੀ ਉਹਨਾਂ ਨੂੰ ਇਕ ਬਿਲਕੁਲ ਅਨੋਖੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਯਾਨੀ ਘਟਦੀ ਜੀਵਨ ਸੀਮਾ-ਉਥੇ ਔਸਤ ਉਮਰ 64 ਸਾਲ ਤੋਂ ਡਿੱਗ ਸਿਰਫ 59 ਸਾਲ ਰਹਿ ਗਈ ਹੈ। ਸਾਡਾ ਸਮਾਜ ਇਕ ਰੋਗ ਗ੍ਰਸਿਤ ਸਮਾਜ ਹੈ, ਜੋ ਆਪਣੇ ਹੀ ਵਲੋਂ ਕੀਤੇ ਗਏ ਨੁਕਸਾਨ ਦੀ ਪੂਰਤੀ ਲਈ ਸਿਹਤ ਸੇਵਾਵਾਂ ਦੀ ਮਦਦ 'ਚ ਭਾਰੀ ਖਰਚੇ ਦੀ ਮੰਗ ਕਰਦਾ ਹੈ।

ਅਜੇਹਾ ਨਹੀਂ ਕਿ ਸਿਹਤ ਸਹੂਲਤਾਂ ਦੀ ਦੁਰਦਸ਼ਾ ਤੇ ਕਿਸੇ ਨੇ ਧਿਆਨ ਹੀ ਨਾ ਦਿੱਤਾ ਹੋਵੇ। ਦਰਅਸਲ ਇਸ ਨੂੰ ਲੈ ਕੇ ਲੋਕਾਂ ਵਿਚ ਵਿਆਪਕ ਤੇ ਵਧਦਾ ਅਸੰਤੋਸ਼ ਮੌਜੂਦ ਹੈ ਅਤੇ ਇਸ ਸਥਿਤੀ 'ਚੋ ਉਭਰਨ ਲਈ ਕਈ ਕੋਸ਼ਿਸ਼ਾਂ ਵੀ ਹੋਈਆਂ ਹਨ।

ਇਸ ਸਮੱਸਿਆ ਦੇ ਹੱਲ ਲਈ ਬਾਹਰ ਮੁੱਖ ਪਹੁੰਚ (ਅਪ੍ਰੋਚ) ਅਪਣਾ ਜਾਂਦੀ ਹੈ ਉਸ ਨੂੰ ਬਾਹਰਮੁਖੀ ਸਿਹਤ ਕਹਿੰਦੇ ਹਨ। ਉਹ ਮੰਨਦੇ ਹਨ ਕਿ ਬਾਹਰਮੁੱਖੀ ਹਾਲਤ ਕਈ ਕਾਰਨਾਂ ਕਰਕੇ ਦਬਾਅ 'ਚ ਰਹਿੰਦੀ ਹੈ ਜਿਵੇਂ ਵੱਖ-ਵੱਖ ਕਿਸਮ ਦੇ ਪ੍ਰਦੂਸ਼ਣਾ, ਪ੍ਰਦੂਸ਼ਿਤ ਭੋਜਨ ਅਤੇ ਪਾਣੀ ਬਹੁਤ ਜ਼ਿਆਦਾ ਤਣਾਅ ਤੇ ਜੀਵਨ ਦੇ ਰੋਜ਼ਾਨਾ ਲੈਅ 'ਚ ਬਦਲਾਅ ਕਾਰਨ। ਉਦਾਹਰਣ ਵਜੋਂ ਲਗਭਗ ਪੂਰੀ ਦੁਨੀਆਂ 'ਚ ਬਿਜਲੀ ਦੀ ਵਰਤੋਂ ਕਾਰਣ ਲੋਕ ਘੱਟ ਸੌਂਦੇ ਹਨ ਜਿਸ ਨਾਲ ਸਾਡੀ ਸਰੀਰਕ ਕ੍ਰਿਆ 'ਚ ਤਬਦੀਲੀ ਆ ਜਾਂਦੀ ਹੈ। ਜੇ ਅਸੀਂ ਮਨੁੱਖੀ ਜੀਵ ਵਿਗਿਆਨ ਦੀ ਜਾਂਚ ਪੜਤਾਲ ਸਮਾਜਕ ਜੀਵ ਵਿਗਿਆਨ ਵਜੋਂ ਕਰੀਏ ਤਾਂ ਸਾਡਾ ਧਿਆਨ ਉਹਨਾਂ ਚੀਜ਼ਾਂ ਵੱਲ ਜਾਂਦਾ ਹੈ ਜੋ ਮਨੁੱਖੀ ਜੀਵ ਵਿਗਿਆਨ ਦਾ ਅਟੱਲ ਸਿਧਾਂਤ ਪ੍ਰਤੀਤ ਹੁੰਦਾ ਹੈ। ਪਰ ਦਰਅਸਲ ਹੁੰਦਾ ਨਹੀਂ ਹੈ। ਉਦਾਹਣ ਵਜੋਂ ਇਹ ਕਾਫੀ ਪ੍ਰਚਾਨੀ ਮਾਨਤਾ ਹੈ ਕਿ ਉਮਰ ਦੇ ਨਾਲ ਬਲੱਡ ਪ੍ਰੈਸ਼ਰ ਦਾ ਵਧਣਾ ਬੁਢੇ ਹੋਣ ਦੇ ਅਮਲ ਦਾ ਸੁਭਾਵਿਕ ਹਿੱਸਾ ਹੈ। ਪਰ ਇਹ ਵੀ ਇਕ ਤੱਥ ਹੈ ਕਿ ਕਾਲਾਹਾਰੀ ਦੇ ਕੁੰਗ ਬੁਸ਼ਮੇਨ ਲੋਕਾਂ 'ਚ ਬਲੱਡ ਪ੍ਰੈਸ਼ਰ ਉਮਰ ਦੇ ਨਾਲ ਸਿਰਫ਼ ਯੋਨ, ਸਰਗਰਮੀ ਦੀ ਉਮਰ ਵਿਚ ਹੀ ਵਧਦਾ ਹੈ ਤੇ ਉਸ ਪਿਛੋਂ ਸਥਿਰ ਹੋ ਜਾਂਦਾ ਹੈ। ਸਾਡੇ ਬਲੱਡ ਪ੍ਰੈਸ਼ਰ ਦਾ ਪੈਟਰਨ ਇਸ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਸ ਪ੍ਰਕਾਰ ਦੇ ਸਮਾਜ ਵਿਚ ਰਹਿ ਰਹੇ ਹਾਂ। ਤਣਾਅ ਨਾਲ ਸੰਬੰਧਤ ਹਾਰਮੋਨਾਂ ਦੇ ਉਤਰਾਅ-ਚੜਾਅ ਵਿਚ ਵੀ ਅਸੀਂ ਵੇਖ ਸਕਦੇ ਹਾਂ, ਜੋ ਵੱਖ ਵੱਖ ਲੋਕਾਂ ਦੀ ਸਮਾਜਕ ਸਥਿਤੀ ਦੇ ਹਿਸਾਬ ਨਾਲ ਬਦਲਦਾ ਹੈ।

ਹਾਰਵਰਡ ਯੂਨੀਵਰਸਿਟੀ ਦੇ ਪਿਛੇ ਜਿਹੇ ਹੀ ਹੋਏ ਅਧਿਐਨਾਂ ਤੋਂ ਇਹ ਪਤਾ ਲੱਗਿਆ ਹੈ ਕਿ ਹਾਈ ਸਕੂਲ 'ਚ ਪੜ੍ਹਨ ਵਾਲੇ ਤੇ ਪੜ੍ਹਾਈ 'ਚ ਬਰਾਬਰ ਦੇ ਪੱਧਰ ਵਾਲੇ ਕਿਸ਼ੋਰਾਂ ਦੇ ਸਮੂਹਾਂ 'ਚ ਕਿਸੇ ਵੀ ਤਰ੍ਹਾਂ ਦੇ ਤਣਾਅ ਦੀ ਸਥਿਤੀ 'ਚ ਮਜ਼ਦੂਰ

ਜਮਾਤ ਤੋਂ ਆਉਣ ਵਾਲੇ ਵਿਦਿਆਰਥੀਆਂ 'ਚ ਕਾਰਟੀਸੋਲ ਹਾਰਮੋਨ ਦੀ ਮਾਤਰਾ ਲੰਮੇ ਸਮੇਂ ਤਕ ਵਧੀ ਰਹਿੰਦੀ ਹੈ। ਜਦ ਕਿ ਉਚ ਵਰਗ ਦੇ ਬੱਚਿਆਂ ਵਿਚ ਪਹਿਲਾਂ ਤੇਜ਼ੀ ਨਾਲ ਵਾਧਾ ਤੇ ਫਿਰ ਗਿਰਾਵਟ ਵਿਖਾਈ ਦਿੰਦੀ ਹੈ। ਮਜ਼ਦੂਰ ਜਮਾਤ ਦੇ ਕਿਸ਼ੋਰਾਂ ਦੀ ਸਰੀਰਕ ਕ੍ਰਿਆ ਉਹਨਾਂ ਦੀ ਸਮਾਜਕ ਸਥਿਤੀ ਅਨੁਸਾਰ ਬਦਲ ਗਈ, ਚਾਹੇ ਉਹ ਆਪਣੀ ਮਜ਼ਦੂਰ ਜਮਾਤੀ ਸਥਿਤੀ ਨੂੰ ਮੰਨਣ ਜਾਂ ਨਾ ਮੰਨਣ। ਸਪਸ਼ਟ ਹੈ ਕਿ ਹਰ ਆਦਮੀ ਦਾ ਸਰੀਰ ਉਸ ਦੀ ਜਮਾਤੀ ਸਥਿਤੀ ਨੂੰ ਜਾਣਦਾ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕਿੰਨੀ ਅੱਛੀ ਤਰ੍ਹਾਂ ਉਸ ਨੂੰ ਆਪਣੀ ਜਮਾਤੀ ਪਹਿਚਾਣ ਨੂੰ ਛੁਪਾਉਣਾ ਸਿਖਾਇਆ ਗਿਆ ਹੈ। ਇਸ ਤਰ੍ਹਾਂ ਮਨੁੱਖੀ ਸਰੀਰ ਵਿਗਿਆਨ ਇਕ ਸਮਾਜੀਕ੍ਰਿਤ ਵਿਗਿਆਨ ਹੈ ਅਤੇ ਵੱਖ-ਵੱਖ ਸਮਾਜਕ ਸਥਿਤੀਆਂ ਵਾਤਾਵਰਨ ਦੇ ਨਾਲ ਲੋਕਾਂ ਦੇ ਵੱਖ-ਵੱਖ ਸਬੰਧ ਬਣਦੇ ਹਨ। ਗਿਆਨ ਨੇ ਸਾਨੂੰ ਬਾਹਰਮੁਖੀ ਸਿਹਤ ਦੀ ਧਾਰਨਾ ਤਕ ਪਹੁੰਚਾਇਆ ਹੈ ਅਤੇ ਬਾਹਰਮੁਖੀਵਾਦੀਆਂ ਤੇ ਸਮਾਜਕ ਸਿਹਤ ਦੇ ਕਰਤਿਆਂ-ਧਰਤਿਆਂ ਨੂੰ ਇਸ ਸੁਆਲ ਦਾ ਹੱਲ ਖੋਜਨ ਲਈ ਇਕ ਮੰਚ 'ਤੇ ਲਿਆਂਦਾ ਹੈ ਕਿ ਪੂਰੀਆਂ ਹਾਲਤਾਂ ਦੀ ਸਿਹਤ ਦਾ ਸਮੁੱਚੇ ਅੰਦਰ ਕਿਵੇਂ ਮੁਲਾਂਕਣ ਕੀਤਾ ਜਾਵੇ।

ਵਾਤਾਵਰਣ ਸਬੰਧੀ ਨਿਆਂ ਅੰਦੋਲਨ : ਦੂਜੇ ਲੋਕਾਂ ਵਲੋਂ ਕੀਤੇ ਗਏ ਇਸ ਨਜ਼ਰੀਏ ਨਾਲ ਪੈਦਾ ਹੋਇਆ ਹੈ ਕਿ ਵਾਤਾਵਰਣ ਲਈ ਨੁਕਸਾਨਦੇਹ ਕਚਰੇ ਨੂੰ ਸਾੜਨਾ ਜਾਂ ਉਸ ਨੂੰ ਕਿਧਰੇ ਟਿਕਾਣੇ ਲਾਉਣਾ ਹੋਵੇ ਤਾਂ ਸਭ ਤੋਂ ਅੱਛਾ ਰਾਹ ਇਹੀ ਹੈ ਕਿ ਇਸ ਕੰਮ ਨੂੰ ਅਫਰੀਕੀ ਮੂਲ ਦੇ ਅਮਰੀਕੀਆਂ ਦੀ ਬਸਤੀ ਦੇ ਕਰੀਬ ਨਿਪਟਾਇਆ ਜਾਵੇ। ਘੱਟ ਗਿਣਤੀਆਂ ਦੇ ਇਲਾਕੇ ਵਿਚ ਜ਼ਮੀਨ ਮੁਕਾਬਲਤਣ ਸਸਤੀ ਹੋਣ ਕਰਕੇ ਉਥੇ ਕਚਰਾ ਯੰਤਰ ਲਾਉਣਾ ਸਸਤਾ ਪੈਂਦਾ ਹੈ। ਪ੍ਰਭਾਵਸ਼ਾਲੀ ਲੋਕਾਂ ਵਲੋਂ ਬਣਾਏ ਗਏ ਇਲਾਕਾਈ ਵੰਡ ਦੇ ਨਿਯਮ (ਜੋਨਿੰਗ ਰੂਲਜ਼) ਵੀ ਉਥੇ ਢਿੱਲੇ ਹੁੰਦੇ ਹਨ। ਇਸ ਤਰ੍ਹਾਂ ਪ੍ਰਦੂਸ਼ਣ ਤੇ ਸਨਅਤੀ ਕਚਰੇ ਨਾਲ ਸਿਹਤ ਨੂੰ ਖਤਰਾ ਪਹੁੰਚਾਉਣਾ ਅੱਜ ਜੁਲਮ ਦਾ ਹੀ ਇਕ ਪਹਿਲੂ ਬਣ ਗਿਆ ਹੈ। ਪ੍ਰਦੂਸ਼ਣ ਫੈਲਾਉਣ ਵਾਲੇ ਪਦਾਰਥਾਂ ਦਾ ਸਭ 'ਤੇ ਇਕੋ ਜਿਹਾ ਪ੍ਰਭਾਵ ਨਹੀਂ ਪੈਂਦਾ। ਉਦਾਹਰਣ ਵਜੋਂ ਵੱਖ-ਵੱਖ ਪੇਸ਼ਿਆਂ ਨਾਲ ਜੁੜੇ ਸਿਹਤ ਸੰਬੰਧੀ ਖਤਰਿਆਂ ਨੂੰ ਹੀ ਲਓ ਜੈੱਟ ਨਾਲ ਇਮਾਰਤਾਂ ਦੀ ਸਫਾਈ ਕਰਨ ਵਾਲੇ ਆਦਮੀ ਦੀ ਸਿਹਤ ਨੂੰ ਉਸ ਆਦਮੀ ਦੇ ਮੁਕਾਬਲਤਨ ਬਿਲਕੁਲ ਵੱਖਰਾ ਖਤਰਾ ਹੈ ਜੋ ਟੇਬਲ 'ਤੇ ਬੈਠ ਕੇ ਦੁਰਘਟਨਾ 'ਚ ਹੋਏ ਨੁਕਸਾਨ ਤੇ ਬੀਮੇ ਦੇ ਭੁਗਤਾਨ ਦਾ ਹਿਸਾਬ ਕਿਤਾਬ ਕਰਦਾ ਹੈ।

ਅਪਮਾਨਜਨਕ ਵਾਤਾਵਰਣ 'ਚ ਰਹਿਣ ਦੀ ਸਥਿਤੀ ਵਿਚ ਵੀ ਵਰਗ ਅਤੇ ਲੁੱਟ-ਘਸੁੱਟ ਦੀਆਂ ਦਿਸ਼ਾਵਾਂ ਦੇ ਅਨੁਸਾਰ ਭਿੰਨਤਾ ਹੁੰਦੀ ਹੈ। ਇਹ ਨੁਕਸਾਨ ਦੇਹ ਕਚਰੇ ਦਾ ਕਿਸੇ ਖਾਸ ਇਲਾਕੇ 'ਚ ਢੇਰ ਲਾਉਣ ਖਿਲਾਫ ਸੰਘਰਸ਼ ਕਰਦਾ ਹੈ ਅਤੇ ਇਹ ਕੋਸ਼ਿਸ਼ ਕਰਦਾ ਹੈ ਕਿ ਸਨਅਤੀ ਸਮਾਜ ਦੇ ਖਤਰਿਆਂ ਨੂੰ ਵੀ ਸਾਰੇ ਲੋਕ ਬਰਾਬਰ ਝੱਲਣ।

ਸਮਾਜਕ ਆਧਾਰ 'ਤੇ ਸਿਹਤ ਦੀ ਸਨਾਖਤ : ਮਹਾਂਮਾਰੀ ਵਿਗਿਆਨ ਦੇ ਮਾਹਰਾਂ 'ਚ ਇਸ ਢੰਗ ਨਾਲ ਸੋਚਣ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਅੰਸ਼ਿਕ ਤੌਰ ਤੇ ਇਸ ਦਾ ਕਾਰਨ ਰੁਡੋਲਫ ਵਿਰਚੋ ਤੇ ਫ੍ਰੇਡਰਿਕ ਏਂਗਲਜ਼ ਵਲੋਂ 19ਵੀਂ ਸਦੀ 'ਚ ਹੀ ਟਿੱਕੀ ਇਸ ਸਚਾਈ ਦੀ ਦੁਬਾਰਾ ਖੋਜ ਹੈ ਕਿ ਪੂੰਜੀਵਾਦ ਆਪਣੇ ਆਪ

ਵਿਚ ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਲੀ ਇਕ ਵਿਵਸਥਾ ਹੈ। ਇਸ ਗੱਲ ਨੂੰ ਧਿਆਨ 'ਚ ਰਖਣਾ ਉਦੋਂ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਜਦ ਰੂੜੀਵਾਦੀ ਤੇ ਪਿਛਾਖੜੀ ਟੀਕਾ ਕਾਰ ਇਹ ਦਾਅਵਾ ਕਰਦੇ ਹਨ ਕਿ ਹੁਣ ਸਮਾਜ 'ਚ ਕੋਈ ਵਾਸਤਵਿਕ ਗਰੀਬੀ ਨਹੀਂ ਰਹਿ ਗਈ ਹੈ। ਉਹਨਾਂ ਦੀ ਦਲੀਲ ਹੈ ਕਿ ਭਾਵੇਂ ਹੀ ਕੁਝ ਲੋਕ ਦੂਜਿਆਂ ਤੋਂ ਵੱਧ ਪੈਸਾ ਬਣਾ ਰਹੇ ਹੋਣ ਅਤੇ ਉਹ ਵੱਡਾ ਰੰਗੀਨ ਟੀ. ਵੀ. ਵੀ ਖਰੀਦ ਸਕਦੇ ਹਨ ਪਰ ਇਸ ਦਾ ਇਹ ਮਤਲਬ ਨਹੀਂ ਕਿ ਗਰੀਬਾਂ ਕੋਲ ਟੀ. ਵੀ. ਨਹੀਂ ਹੈ। ਕਿਸੇ ਗਰੀਬ ਪ੍ਰੀਵਾਰ ਦੀ ਕਾਰ ਥੋੜੀ ਪੁਰਾਣੀ ਹੋ ਸਕਦੀ ਹੈ ਜਾਂ ਹੋ ਸਕਦਾ ਹੈ ਕਿ ਉਹ ਅਕਸਰ ਰੋਟੀ ਪੂਰੀ ਨਾ ਖਾ ਸਕਦੇ ਹੋਣ ਪਰ ਸੱਜੇ ਪੱਖੀ ਗਿਆਨੀ ਮੰਨਦੇ ਹਨ ਕਿ ਇਸ ਨਾ ਬਰਾਬਰੀ ਦੇ ਬਾਵਜੂਦ ਸਚਾਈ ਇਹੀ ਹੈ ਕਿ ਅਸਲ ਵਿਚ ਹੁਣ ਕਿਧਰੇ ਕੋਈ ਗਰੀਬੀ ਨਹੀਂ ਬਚੀ ਹੈ। ਇਸ ਦਾ ਜੁਆਬ ਬੜੀ ਅਸਾਨੀ ਨਾਲ ਉਹਨਾਂ ਸਾਰੇ ਅਧਿਐਨਾਂ ਤੋਂ ਮਿਲ ਜਾਵੇਗਾ ਜੋ ਇਹ ਦਰਸਾਉਂਦੇ ਹਨ ਕਿ ਕਾਲੇ ਲੋਕਾਂ ਦੀ ਔਸਤ ਉਮਰ ਗੋਰੇ ਲੋਕਾਂ ਦੀ ਤੁਲਨਾ ਵਿਚ 10 ਸਾਲ ਘੱਟ ਹੈ ਜੋ ਦਰਅਸਲ ਜਾਤੀ ਜ਼ਬਰ ਦੀ ਕਾਲੇ ਲੋਕਾਂ ਵਲੋਂ ਚੁਕਾਈ ਜਾ ਰਹੀ ਕੀਮਤ ਹੈ। ਵਿਸ਼ੇਸ਼ ਅਧਿਕਾਰ ਹਾਸਲ ਉਪਰਲੇ ਤਬਕਿਆਂ ਦੀ ਤੁਲਨਾ ਵਿਚ ਗਰੀਬ ਤੇ ਦੱਬੇ ਕੁਚਲੇ ਘੱਟ ਗਿਣਤੀ ਫਿਰਕਿਆਂ ਨੂੰ ਸਿਹਤ ਸੇਵਾਵਾਂ ਦਾ 25 ਫੀਸਦੀ ਘੱਟ ਲਾਭ ਹੀ ਮਿਲ ਸਕਦਾ ਹੈ। ਨਾਲ ਹੀ ਬਲੱਡ ਸਪਲਾਈ ਰੁਕਣ ਨਾਲ ਹੋਣ ਵਾਲੀ ਦਿਲ ਦੀ ਬੀਮਾਰੀ ਸਭ ਤਰ੍ਹਾਂ ਦੇ ਕੈਂਸਰ, ਮੋਟਾਪਾ, ਬੱਚਿਆਂ 'ਚ ਵਿਕਾਸ ਦਾ ਮੱਠਾ ਹੋਣਾ, ਬੇਤਰਤੀਬਾਂ ਗਰਭ ਧਾਰਣ ਅਤੇ ਜਣੇਪੇ ਦੇ ਦੌਰਾਨ ਹੋਣ ਵਾਲੀ ਮੌਤ ਵਰਗੇ ਕੇਸਾਂ ਵਿਚ ਹਾਨੀਕਾਰਕ ਨਤੀਜੇ ਜਾਂ ਮੌਤ ਦਰ ਗਰੀਬੀ ਦੇ ਪੱਧਰ ਨਾਲ ਵਧਦੀ ਜਾਂਦੀ ਹੈ।

ਸਮਾਜਕ ਤੌਰ ਤੇ ਸਿਹਤ ਦੀ ਉਸਾਰੀ 'ਚ ਰੁਚੀ ਰੱਖਣ ਵਾਲਿਆਂ 'ਚ ਵਿਲਿਕੰਸਨ ਵਰਗੇ ਕੁਝ ਅੰਗਰੇਜ਼ ਖੋਜੀ ਵੀ ਸ਼ਾਮਲ ਹਨ, ਜਿਨ੍ਹਾਂ ਨੇ ਅੰਗਰੇਜ਼ ਨਾਗਰਿਕ ਸੇਵਾਵਾਂ 'ਚ ਵੱਖ-ਵੱਖ ਆਹੁਦਿਆਂ 'ਤੇ ਕੰਮ ਕਰਨ ਵਾਲੇ ਅਹੁਦਿਆਂ ਦੀ ਜੀਵਨ ਮਿਆਦ ਦਾ ਅਧਿਐਨ ਕੀਤਾ ਹੈ, ਉਹਨਾਂ ਨੇ ਪਾਇਆ ਕਿ ਬਹੁਤ ਬੁਰੀ ਤਰ੍ਹਾਂ ਘਾਟਾਂ ਦੇ ਸ਼ਿਕਾਰ ਲੋਕਾਂ ਦੇ ਸਮੂਹ ਅੰਦਰ ਵੀ ਆਪਸ 'ਚ ਇਹ ਫਰਕ ਮੌਜੂਦ ਸੀ। ਉਹਨਾਂ ਦੇਖਿਆ ਕਿ ਸਮਾਜਕ ਪਦਾਨੁਕ੍ਰਮ ਤੇ ਸਮਾਜਿਕ ਭੇਦਭਾਵੀ ਕਰਨ ਸਿਰਫ ਬੇਹਦ ਗਰੀਬ ਲੋਕਾਂ ਵਿਚ ਹੀ ਨਹੀਂ ਬਲਕਿ ਹਰ ਥਾਂ ਸਾਡੀ ਸਿਹਤ ਨੂੰ ਨਸ਼ਟ ਕਰਦੇ ਹਨ। ਹੁਣ ਇਸ ਦੀਆਂ ਦੋ ਆਪਸੀ ਵਿਰੋਧੀ ਵਿਆਖਿਆਵਾਂ ਕੀਤੀਆਂ ਜਾ ਸਕਦੀਆਂ ਹਨ ਪਰ ਇਹ ਦੋਨੋਂ ਹੀ ਕਾਰਗਰ ਹਨ। ਇਕ ਦਾ ਕਹਿਣਾ ਹੈ ਕਿ ਗਰੀਬੀ ਦੇ ਪੱਧਰ ਤੋਂ ਕਿਤੇ ਵੱਧ ਬੀਅਰ ਬਣਾਉਣ ਵਾਲੀ ਖੋਜ ਖੁਦ ਗੈਰ ਬਰਾਬਰੀ ਹੈ। ਦੂਜੇ ਸ਼ਬਦਾਂ 'ਚ ਜੇ ਕਹਿਣਾ ਹੋਵੇ ਤਾਂ ਇਹ ਸਭ ਤੁਹਾਡੇ ਦਿਮਾਗ ਦੀ ਸ਼ਰਾਰਤ ਹੈ। ਬਾਅਦ ਵਾਲੀ ਵਿਵਸਥਾ ਦੇ ਪੱਖ 'ਚ ਬਾਬੂਨ ਬਾਂਦਰਾਂ ਤੇ ਕੀਤੇ ਗਏ ਅਧਿਐਨਾਂ ਦਾ ਹਵਾਲਾ ਦਿੱਤਾ ਜਾਂਦਾ ਹੈ। ਜੋ ਇਹ ਦਰਸਾਉਂਦੇ ਲਗਦੇ ਹਨ ਕਿ ਆਪਣੀ ਟੁਕੜੀ ਦੇ ਪੈਰ 'ਚ ਪੈਰ ਰਖਣ ਵਾਲਿਆਂ ਦੀ ਸਿਹਤ ਮੁਕਾਬਲਤਣ ਅੱਛੀ ਹੁੰਦੀ ਹੈ। ਉਹਨਾਂ ਦੀਆਂ ਧਮਨੀਆਂ ਮੁਕਾਬਲਤਣ ਸਾਫ ਹੁੰਦੀਆਂ ਹਨ। ਤਣਾਅ 'ਚ ਇਹ ਉਚ ਵਰਗ ਦੇ ਆਦਮੀ ਜਿਹੋ ਜਿਹਾ ਵੀ ਵਿਹਾਰ ਕਰਦੇ ਹਨ, ਉਹਨਾਂ ਦਾ ਕਾਰਟੀਸੋਲ ਹਾਰਮੋਨ ਦਾ ਪੱਧਰ ਤਣਾਅ ਮੌਕੇ ਪਹਿਲਾਂ ਤੇਜ਼ੀ ਨਾਲ ਉਪਰ ਜਾਂਦਾ ਹੈ ਤੇ ਫਿਰ ਸਿੱਧਾ ਹੇਠਾਂ ਆ ਜਾਂਦਾ ਹੈ।

ਹੇਠਲੇ ਰੈਂਕ ਵਾਲੇ ਬਾਬੂਨ ਬਾਂਦਰਾਂ ਦੇ ਉਪਰ ਤਣਾਅ ਦਾ ਪ੍ਰਭਾਵ ਲੰਬੇ ਸਮੇਂ ਤਕ ਬਣਿਆ ਰਹਿੰਦਾ ਹੈ। ਉਹਨਾਂ ਦੀ ਜ਼ਿੰਦਗੀ ਦੀ ਮਿਆਦ ਵੀ ਮੁਕਾਬਲਤਣ ਘੱਟ ਹੁੰਦੀ ਹੈ ਪਰ ਜੇ ਤੁਸੀਂ ਜਾਨਵਰਾਂ ਦੇ ਇਸ ਕਬੀਲੇ 'ਚ ਦਖਲਅੰਦਾਜ਼ੀ ਕਰਕੇ ਉਨ੍ਹਾਂ ਦੇ ਸਮਾਜਕ ਘਟਨਾਕ੍ਰਮ ਨੂੰ ਬਦਲ ਦਿਉ ਤਾਂ ਕੁਝ ਮਹੀਨਿਆਂ ਅੰਦਰ ਬਾਬੂਨ ਬਾਂਦਰ ਦੀ ਸਰੀਰਕ ਕ੍ਰਿਆ ਉਸ ਦੀ ਸਮਾਜਕ ਹੈਸੀਅਤ ਦੇ ਲੱਛਣਾਂ ਅਨੁਸਾਰ ਬਦਲ ਜਾਵੇਗੀ। ਇਸ ਅਧਾਰ ਤੇ ਕੁਝ ਲੋਕ ਕਹਿੰਦੇ ਹਨ ਕਿ ਆਮ ਲੋਕ ਆਪਣੀ ਸਮਾਜਕ ਹੈਸੀਅਤ ਨੂੰ ਇਸੇ ਰੂਪ 'ਚ ਲੈਂਦੇ ਹਨ ਅਤੇ ਇਸ ਲਈ ਉਹਨਾਂ ਨੂੰ ਸਿਖਾਇਆ ਜਾਣਾ ਚਾਹੀਦਾ ਹੈ ਕਿ ਉਹ ਜਿਸ ਸਥਿਤੀ 'ਚ ਵੀ ਹਨ ਉਹਨਾਂ ਦੇ ਨਾਲ ਤਾਲਮੇਲ ਬਿਠਾਉਣ ਕਿਉਂਕਿ ਅਖਰਕਾਰ ਉਹ ਖੁਦ ਹੀ ਆਪਣੀਆਂ ਹਾਲਤਾਂ ਦੀ ਉਸਾਰੀ ਕਰਦੇ ਹਨ। ਡਾਕਟਰੀ ਤੇ ਵਿਕਾਸ ਨਾਲ ਸਬੰਧਤ ਕੁਝ ਅੰਦੋਲਨਾਂ 'ਚ ਇਹ ਵਾਕਅੰਸ਼ ਦੀ ਵਰਤੋਂ ਦਾ ਕਾਫ਼ੀ ਰਿਵਾਜ਼ ਹੈ। ਆਪਣੀਆਂ ਹਾਲਤਾਂ ਦੇ ਨਿਰਮਾਤਾ ਅਸੀਂ ਖੁਦ ਹੀ ਹਾਂ। ਇਸ 'ਚ ਕੋਈ ਖਾਸ ਗੱਲ ਨਹੀਂ ਹੈ ਕਿ ਤੁਸੀਂ ਕੰਮ ਦੇ ਲਿਹਾਜ ਨਾਲ ਘੱਟ ਤਨਖਾਹ ਲੈਂਦੇ ਹੋ ਤੇ ਗਰੀਬ ਹੋ ਬਲਕਿ ਸਮਸਿਆ ਇਹ ਹੈ ਕਿ ਇਹ ਗੱਲ ਤੁਹਾਨੂੰ ਦੁੱਖ ਪਹੁੰਚਾਉਂਦੀ ਹੈ ਅਤੇ ਇਸ ਲਈ ਲੋਕਾਂ ਨੂੰ ਖੁਸ਼ ਰੱਖਣ ਵਾਲੀਆਂ ਗੋਲੀਆਂ ਦੀ ਕਾਢ ਕੱਢੀ ਹੈ-ਡੂੰਘੀ ਨਿਰਾਸ਼ਤਾ ਦਾ ਇਲਾਜ ਨਿਰਾਸ਼ਾਜਨਕ ਹਾਲਤਾਂ ਤੋਂ ਛੁਟਕਾਰਾ ਪਾਉਣਾ ਨਹੀਂ ਹੈ। ਬਲਕਿ ਉਹਨਾਂ ਹਾਲਤਾਂ 'ਚ ਲੋਕ ਬੇਹਤਰ ਕਿਵੇਂ ਮਹਿਸੂਸ ਕਰਨ, ਇਸ ਵਿਚ ਉਹਨਾਂ ਦੀ ਸਹਾਇਤਾ ਕਰਨਾ ਹੈ। ਇਸ ਅਖੌਤੀ 'ਸਮਾਜਕ ਅਧਾਰ 'ਤੇ ਸਿਹਤ ਦੀ ਉਸਾਰੀ' ਨੂੰ ਇਕ ਹੋਰ ਤਰੀਕੇ ਨਾਲ ਵੇਖਿਆ ਜਾ ਸਕਦਾ ਹੈ। ਸਿਹਤ ਦੀ ਸਮਸਿਆ ਨੂੰ ਸਿਰਫ ਲੋੜੀਂਦੀ ਆਮਦਨ (ਜਿਸ 'ਚ ਵਾਧਾ ਜ਼ਰੂਰੀ ਹੈ) ਦਾ ਸਰਲ ਪ੍ਰੀਮਾਣ ਮਾਪਣ ਦੀ ਬਜਾਏ ਇਸ ਨੂੰ ਭੇਦਭਾਵ 'ਤੇ ਅਧਾਰਤ ਵਰਗ ਸਮਾਜ ਦੇ ਸਿਟੇ ਵਜੋਂ ਵੇਖਣਾ ਚਾਹੀਦਾ ਹੈ। ਇਸ ਬਾਅਦ ਵਾਲੇ ਤਰੀਕੇ 'ਤੇ ਜ਼ੋਰ ਦੇਣ ਵਾਲੇ ਲੋਕ ਇਸ ਨੂੰ ਵੱਧ ਇਨਕਲਾਬੀ ਹਾਲਤ ਮੰਨਦੇ ਹਨ। ਬਜਾਏ ਇਸ ਦੇ ਕਿ ਸਿਰਫ ਇਹੀ ਚਰਚਾ ਕੀਤੀ ਜਾਵੇ ਕਿ ਪਰਮ ਵਚਨਾ ਸਿਹਤ ਨੂੰ ਕਿਵੇਂ ਨੁਕਸਾਨ ਪਹੁੰਚਾਉਂਦੀ ਹੈ, ਕਿਉਂਕਿ ਉਦੋਂ ਅਜੇਹਾ ਲਗਦਾ ਹੈ ਕਿ ਲੋਕਾਂ ਦੀ ਆਮਦਨ ਵਧਾਉਣਾ ਹੀ ਸਮੱਸਿਆ ਦਾ ਹੱਲ ਹੈ। ਪਰ ਇਸ ਦੀ ਥਾਂ ਉਹ ਕਹਿੰਦੇ ਹਨ ਕਿ ਇਸ ਦੇ ਲਈ ਜਮਾਤਾਂ ਵਿਚਕਾਰ ਮੌਜੂਦ ਗ਼ੈਰ-ਬਰਾਬਰੀ ਨੂੰ ਖ਼ਤਮ ਕਰਨਾ ਪਵੇਗਾ। ਕਿਉਂਕਿ ਇਕ ਹੀ ਅਧਿਐਨ ਨਾਲ ਆਪਾ-ਵਿਰੋਧੀ ਸਿੱਟੇ ਕੱਢੇ ਜਾ ਸਕਦੇ ਹਨ। ਇਸ ਲਈ ਸਾਨੂੰ ਇਸ ਗੱਲ ਨੂੰ ਵੀ ਰੇਖਾਂਕਿਤ ਕਰਨ ਦੀ ਲੋੜ ਹੈ ਕਿ ਨਾਬਰਾਬਰੀ ਸਾਡੀ ਸਿਹਤ ਨੂੰ ਵੱਖ-ਵੱਖ ਤਰੀਕਿਆਂ ਨਾਲ ਪ੍ਰਭਾਵਿਤ ਕਰਦੀ ਹੈ। ਜਦ ਅਮੀਰ ਲੋਕ ਗਰੀਬੀ ਬਾਰੇ ਸੋਚਦੇ ਹਨ। ਤਦ ਉਹ ਕੰਗਾਲੀ, ਕਰਣ ਦੇ ਬੁਨਿਆਦੀ ਢਾਂਚੇ ਦੀ ਜਾਂਚ ਕੀਤੇ ਬਿਨਾਂ ਹੀ ਸਿਰਫ ਇਸ ਉਮੀਦ ਨਾਲ ਇਸ 'ਤੇ ਵਿਚਾਰ ਕਰਦੇ ਹਾਂ ਕਿ ਆਮ ਆਮਦਨੀ ਥੋੜੀ ਘੱਟ ਹੈ। ਗਰੀਬੀ ਪਹਿਲਾਂ ਤਾਂ ਲੋਕਾਂ ਨੂੰ ਗੰਭੀਰ ਕੰਗਾਲੀ 'ਚ ਧਕਦੀ ਹੈ ਤੇ ਇਸ ਕਰਕੇ ਘੱਟ ਖਾਣਾ ਜਾਂ ਖ਼ਰਾਬ ਖਾਣਾ ਖਾਣ ਨੂੰ ਮਜ਼ਬੂਰ ਕਰਦੀ ਹੈ। ਸਿਲ੍ਹ ਭਰੇ ਬਦਬੂਦਾਰ ਘਰਾਂ ਵਿਚ ਰਹਿਣ ਵਾਲੇ ਬੱਚਿਆਂ ਦੀ ਸਿਹਤ ਉਹਨਾਂ ਬੱਚਿਆਂ ਦੇ ਮੁਕਾਬਲਤਣ ਬਹੁਤ ਖਰਾਬ ਹੁੰਦੀ ਹੈ ਜੋ ਸਾਫ ਸੁਥਰੇ ਤੇ ਹਵਾਦਾਰ ਘਰਾਂ ਵਿਚ ਰਹਿੰਦੇ ਹਾਂ। ਨਿਰੰਤਰ ਕੰਗਾਲੀ ਆਪਣੇ ਆਪ 'ਚ ਹੀ ਬਹੁਤ ਸਾਰੇ ਤਰੀਕਿਆਂ ਨਾਲ ਸਿਹਤ ਨੂੰ ਨੁਕਸਾਨ ਪਹੁੰਚਾਉਂਦੀ

ਹੈ। ਕੁਝ ਅੜਿਕੇ ਅਜਿਹੇ ਵੀ ਹਨ ਜਿਹਨਾਂ ਨੂੰ ਅਸੀਂ ਵਾਰ ਵਾਰ ਵਾਪਰੇ ਨਾ ਹੋਣ ਪਰ ਵਧ ਨੁਕਸਾਨ ਪਹੁੰਚਾਉਣ ਵਾਲੇ ਖਤਰੇ ਕਹਿੰਦੇ ਹਾਂ। ਉਹ ਅਨੁਭਵ ਜੋ ਸਭ ਨੂੰ ਨਹੀਂ ਹੁੰਦੇ ਪਰ ਹੋ ਸਕਦੇ ਹਨ। ਇਸ ਲਈ ਉਹ ਖੁਸ਼ਹਾਲ ਜੀਵਨ ਲਈ ਨਿਰੰਤਰ ਖਤਰਾ ਬਣੇ ਰਹਿੰਦੇ ਹਨ 'ਟਾਈਮ ਆਨ ਦਾ ਕਰਾਸ ਦਾ ਇਨਾਨਮੀ ਆਫ ਨੀਗ੍ਰੋ ਸਲੇਵਰੀ' (ਸੂਲੀ ਤੇ ਚੜਿਆ ਸਮਾਂ: ਨੀਗਰੋ ਦਾਸਤਾਂ ਦਾ ਅਰਥ ਸ਼ਾਸ਼ਤਰ") ਨਾਂ ਦੀ ਆਪਣੀ ਪੁਸਤਕ ਵਿਚ ਸ਼ਿਕਾਗੋ ਸਕੂਲ ਦੇ ਸੱਜੇ ਪੱਖੀ ਅਰਥਸਾਸ਼ਤਰੀ ਰਾਬਰਟ ਫੋਜੇਲ ਨੇ ਲਿਖਿਆ ਹੈ ਕਿ ਜ਼ਿਆਦਾਤਰ ਦਾਸਾਂ ਨੂੰ ਕੋੜੇ ਨਹੀਂ ਲਾਏ ਜਾਂਦੇ ਉਹਨਾਂ ਅੱਗੇ ਕਿਹਾ ਹੈ ਕਿ ਦਾਸਤਾਂ ਦਾ ਰੂਪ ਉਹੋ ਜਿਹਾ ਨਹੀਂ ਸੀ ਜਿਹੋ ਜਿਹਾ ਅਸੀਂ 'ਅੰਕਲ ਟਾਮ ਦਾ ਕੇਬਿਨ' ਕਿਤਾਬ ਨੂੰ ਪੜ੍ਹ ਕੇ ਕਲਪਨਾ ਕਰਦੇ ਹਾਂ ਤੇ ਇਹ ਕਿ ਦਾਸਤਾਂ ਪਿਛੇ ਇਕ ਨਿਸ਼ਚਿਤ ਆਰਥਿਕ ਤਰਕਸ਼ੀਲਤਾ ਸੀ। ਉਹ ਇਸ ਤੱਥ ਨੂੰ ਨਜ਼ਰ ਅੰਦਾਜ਼ ਕਰਦੇ ਹਨ ਕਿ ਦਾਸਾਂ ਨੂੰ ਸਰੀਰਕ ਕੁਟਾਪੇ ਦਾ ਖਤਰਾ ਮਹਿਸੂਸ ਹੁੰਦਾ ਰਹਿੰਦਾ ਸੀ ਇਥੋਂ ਤੱਕ ਕਿ ਉਸ ਸਮੇਂ ਵੀ ਜਦ ਉਹ ਕੰਮ 'ਤੇ ਨਾ ਰੱਖੇ ਗਏ ਹੋਣ। ਹੋ ਸਕਦਾ ਹੈ ਕਿ ਬਹੁਤੇ ਦਾਸ ਕੋੜਿਆਂ ਨਾਲ ਨਾ ਕੁਟੇ ਗਏ ਹੋਣ ਪਰ ਉਹਨਾਂ ਸਾਰਿਆਂ ਨੇ ਜਾਤਾਂ ਕੁਟਮਾਰ ਹੁੰਦੀ ਵੇਖੀ ਸੀ ਜਾਂ ਉਹ ਇਸ ਬਾਰੇ ਜਾਣਦੇ ਸਨ। ਇਸ ਤਰ੍ਹਾਂ ਨਾਲ ਗਰੀਬ ਬਸਤੀਆਂ 'ਚ ਰਹਿਣ ਵਾਲੇ ਜ਼ਿਆਦਾਤਰ ਬੱਚੇ ਵੀ ਗੋਲੀ ਦਾ ਸ਼ਿਕਾਰ ਤਾਂ ਨਹੀਂ ਹੁੰਦੇ ਪਰ ਹਰ ਵਾਰੀ ਘਰ ਤੋਂ ਬਾਹਰ ਜਾਂ ਕਿਸੇ ਵੱਡੀ ਦੁਕਾਨ 'ਚ ਜਾਣ 'ਤੇ ਹਮੇਸ਼ਾ ਇਸ ਦਾ ਖਤਰਾ ਬਣਿਆ ਰਹਿੰਦਾ ਸੀ। ਬਹੁਤ ਘੱਟ ਵਾਪਰਨ ਵਾਲੇ ਪਰ ਵੱਧ ਨੁਕਸਾਨ ਪਹੁੰਚਾਉਣ ਵਾਲੇ ਖਤਰਿਆਂ ਦੀਆਂ ਇਹ ਕੁਝ ਉਦਾਹਰਣਾਂ ਹਨ।

ਵਾਰ ਵਾਰ ਵਾਪਰਦੇ ਹੋਣ ਪਰ ਮੁਕਾਬਲਤਣ ਘੱਟ ਇਥੇ ਤਿੱਖੇ ਅਪਮਾਨ ਦੀ ਅਸੀਂ ਰੋਜ਼ ਮਰਹਾ ਦੇ ਜ਼ੁਲਮ ਵਜੋਂ ਵਿਖਾਈ ਦਿੰਦੇ ਹਨ। ਉਦਾਹਰਣ ਵਜੋਂ ਅਫ਼੍ਰੀਕੀ ਮੂਲ ਦੇ ਅਮਰੀਕੀ ਭਾਈਚਾਰਿਆਂ 'ਚ ਅਸੀਂ ਇਸ ਨੂੰ ਵੇਖ ਸਕਦੇ ਹਾਂ। ਉਹਨਾਂ ਹਾਲਤਾਂ 'ਚ ਆਦਮੀ ਨੂੰ ਯੁੱਧਨੀਤਕ ਫੈਸਲਾ ਲੈਣ ਲਈ ਲਗਾਤਾਰ ਮਜ਼ਬੂਤ ਕੀਤਾ ਜਾਂਦਾ ਹੈ। ਕੀ ਮੈਂ ਏਨਾ ਹੌਲੀ ਹੌਲੀ ਚਲ ਰਿਹਾ ਹਾਂ ਕਿ ਪੁਲਸ ਅਧਿਕਾਰੀ ਨੂੰ ਮੇਰੇ 'ਤੇ ਇਹ ਸ਼ੱਕ ਹੋ ਜਾਵੇ ਕਿ ਮੈਂ ਅਵਾਰਾ ਘੁੰਮ ਰਿਹਾ ਹਾਂ? ਹਾਂ ਮੈਂ ਏਨਾ ਤੇਜ ਤਾਂ ਨਹੀਂ ਚਲ ਰਿਹਾ ਹਾਂ ਕਿ ਉਹ ਇਹ ਸੋਚਣ ਲੱਗਣ ਕਿ ਮੈਂ ਕੋਈ ਜੁਰਮ ਕਰਕੇ ਭੱਜ ਰਿਹਾ ਹਾਂ? ਜੇ ਮੈਂ ਰਾਤ ਨੂੰ ਆਪਣੀ ਲਬਾਟਰੀ 'ਚ ਕੰਮ ਕਰਨ ਲਈ ਯੂਨੀਵਰਸਿਟੀ ਕੈਂਪਸ 'ਚ ਦਾਖਲ ਹੁੰਦਾ ਹਾਂ ਤਾਂ ਪੁਲਸ ਵਾਲਾ ਕੀ ਮੈਨੂੰ ਚੋਰ ਸਮਝ ਕੇ ਰੋਕੇਗਾ ਤਾਂ ਨਹੀਂ? ਇਕ ਵਾਰੀ ਯੂਟ੍ਰੋਰਿਕੋ ਦੇ ਰੈਜ਼ੀਡੈਂਟ-ਕਮਿਸ਼ਨਰ ਨੂੰ ਵਸ਼ਿੰਗਟਨ ਸਥਿਤ ਆਪਣੇ ਦਫ਼ਤਰ ਜਾਂਦੇ ਸਮੇਂ ਪੁਲਸ ਨੇ ਰਾਹ 'ਚ ਰੋਕ ਲਿਆ ਸੀ। ਜਦ ਉਹਨਾਂ ਨੇ ਪੁਲਸ ਵਾਲਿਆਂ ਨੂੰ ਆਪਣੀ ਜਾਣ-ਪਹਿਚਾਣ ਕਾਂਗਰਸ ਮੈਂਬਰ ਦੇ ਰੈਜ਼ੀਡੈਂਟ ਕਮਿਸ਼ਨਰ ਵਜੋਂ ਦਿੱਤੀ ਤਾਂ ਉਹਨਾਂ ਲੋਕਾਂ ਨੇ ਜ਼ੋਰਦਾਰ ਠਹਾਕਾ ਉਹਨਾਂ ਦੀ ਬੇਇਜ਼ਤੀ ਕੀਤੀ ਕਿਉਂਕਿ ਕਮਿਸ਼ਨਰ ਰਾਮੋਸ ਇੰਟੋਨਿਨੀ ਇਕ ਕਾਲੇ ਆਦਮੀ ਸਨ।

ਨਿਊਰੋਟਰਾਂਸ ਮੀਟਰਾਂ ਦੇ ਅਧਿਐਨ ਨਾਲ ਹੁਣ ਸਾਨੂੰ ਪਤਾ ਲੱਗਿਆ ਹੈ ਕਿ ਸਮਾਜਕ ਅਨੁਭਵ ਸਿਰਫ ਸਾਡੇ ਮੱਥੇ 'ਤੇ ਹੀ ਉਕਰੇ ਨਹੀਂ ਹੁੰਦੇ। ਦਿਮਾਗ ਸਮਾਜਕ ਅਨੁਭਵਾਂ ਨੂੰ ਗ੍ਰਹਿਣ ਕਰਦਾ ਹੈ ਅਤੇ ਉਹਨਾਂ ਨੂੰ ਤੰਤੂ ਪ੍ਰਬੰਦ ਦੀਆਂ ਬਹੁਤ ਸਾਰੀਆਂ ਸਾਖ਼ਾਵਾਂ ਨਿਊਰ੍ਰੋਟਾਂਸਮਿਟਰਾਂ ਨੂੰ ਪ੍ਰਸਾਰਿਤ ਕਰ ਦਿੰਦਾ ਹੈ। ਨਿਊਰੋਟ੍ਰਾਂਸਮਿਟਰ ਰਸਾਇਣਕ

ਤੌਰ ਤੇ ਸਾਡੇ ਸਫੈਦ ਰਕਤ ਸੈਲਾਂ 'ਚ ਪਾਏ ਜਾਣ ਵਾਲੇ ਰੋਗ ਪ੍ਰਤੀਰੋਧਕ ਪਦਾਰਥਾਂ ਦੇ ਬਰਾਬਰ ਹੁੰਦੇ ਹਨ। ਇਕ ਨਿਸ਼ਚਤ ਅਰਥ ਵਿਚ ਅਸੀਂ ਆਪਣੇ ਪੂਰੇ ਸਰੀਰ ਨਾਲ ਸੋਚਦੇ ਹਾਂ, ਪੂਰੇ ਸਰੀਰ ਨਾਲ ਮਹਿਸੂਸ ਕਰਦੇ ਹਾਂ ਅਤੇ ਇਸ ਲਈ ਸਮਾਜ ਵਿਚ ਅਕਸਰ ਹੋਣ ਵਾਲੀਆਂ ਅਪਮਾਨ ਦੀਆਂ ਘਟਨਾਵਾਂ ਤੇ ਕਦੀ ਕਦਾਈ ਵਾਪਰਨ ਵਾਲੇ ਵੱਡੇ ਖਤਰਿਆਂ ਨਾਲ ਮਿਲ ਕੇ ਬੁਰੀਆਂ ਸਮਾਜਕ ਦਸ਼ਾਵਾਂ ਦੇ ਤਰ੍ਹਾਂ-ਤਰ੍ਹਾਂ ਦੇ ਪੈਟਰਨ ਬਣਦੇ ਹਨ ਜਿਹਨਾਂ 'ਚ ਜਿਉਂਦੇ ਹੋਇਆ ਅਸੀਂ ਜੋ ਸਮਾਜਕ ਅਨੁਭਵ ਹਾਸਲ ਕਰਦੇ ਹਾਂ। ਉਹਨਾਂ ਨੂੰ ਸਾਡਾ ਪੂਰਾ ਸਰੀਰ ਹੀ ਗ੍ਰਹਿਣ ਕਰਦਾ ਹੈ। ਅਨੁਭਵ ਦੇ ਕਈ ਸਿਟੇ ਹਨ ਪਰ ਇਹ ਅਕਸਰ ਉਹਨਾਂ ਅੰਕੜਾਵਾਦੀਆਂ ਵਲੋਂ ਨਜ਼ਰਅੰਦਾਜ਼ ਕਰ ਦਿੱਤੇ ਜਾਂਦੇ ਹਨ ਜੋ ਬਹੁਤ ਹੀ ਆਸਾਨ ਢੰਗ ਨਾਲ ਗਰੀਬੀ ਨੂੰ ਸਿਰਫ ਆਮਦਨ ਦੀ ਮਾਤਰਾਂ 'ਚ ਫਰਕ ਮੰਨਦੇ ਹਨ।

ਸਭ ਲਈ ਸਿਹਤ ਅੰਦੋਲਨ : ਇਹ ਸਮੂਹ ਇਕ ਕੌਮੀਕ੍ਰਿਤ ਸਿਹਤ ਬੀਮਾ ਵਿਵਸਥਾਵਾਂ ਦਾ ਸਮਰਥਕ ਹੈ। ਇਸ ਨੇ ਅਮਰੀਕਾ ਤੇ ਕੈਨੇਡਾ ਦੀਆਂ ਸਿਹਤ ਵਿਵਸਥਾਵਾਂ ਦੀ ਤੁਲਨਾ ਕਰਦਿਆਂ ਆਪਣੀ ਇਸ ਮੰਗ ਦੀ ਦਿਸ਼ਾ ਵਿਚ ਕਾਫੀ ਕੋਸ਼ਿਸ਼ ਕੀਤੀ ਹੈ ਕਏ ਅਗਾਂਹ ਵਧੂ ਡਾਕਟਰ ਇਸ ਅੰਦੋਲਨ ਵਿਚ ਸਰਗਰਮ ਹਨ।

ਬਦਲਵਾਂ ਇਲਾਜ : ਬਦਲਵੇਂ ਇਲਾਜ ਦਾ ਇਹ ਅੰਦੋਲਨ ਮੁਖ ਤੌਰ 'ਤੇ ਵਿਅਕਤੀ ਦੀ ਸਿਹਤ 'ਤੇ ਵਿਚਾਰ ਕਰਦਾ ਹੈ। ਇਹ ਖੁਰਾਕ, ਕਸਰਤ, ਹੋਮਿਉਪੈਥੀ, ਕਾਇਰੋਪ੍ਰੈਕਿਟਕ (ਹੱਡੀਆਂ ਦੇ ਜੋੜਾਂ ਖਾਸ ਕਰਕੇ ਰੀੜ ਦਾ ਇਲਾਜ ਅਤੇ ਕੁਦਰਤੀ ਵਿਧੀ ਰਾਹੀਂ ਇਲਾਜ 'ਤੇ ਜੋਰ ਦਿੰਦਾ ਹੈ) ਅਤੇ ਕੁਦਰਤੀ ਵਿਧੀ ਰਾਹੀਂ ਇਲਾਜ 'ਤੇ ਜ਼ੋਰ ਦਿੰਦਾ ਹੈ। ਇਸ ਬਾਰੇ ਲੋਕਾਂ ਦੀ ਇਹ ਧਾਰਨਾ ਹੈ ਕਿ ਸਥਾਪਿਤ ਇਲਾਜ ਪ੍ਰਬੰਦ ਨੇ ਇਹਨਾਂ ਖਾਸ ਇਲਾਜ ਪ੍ਰਣਾਲੀਆਂ 'ਤੇ ਲੋੜੀਂਦਾ ਧਿਆਨ ਨਹੀਂ ਦਿੱਤਾ ਹੈ। ਐਲੋਪੈਥਿਕ ਇਲਾਜ ਪ੍ਰਣਾਲੀ ਵਾਂਗੂ ਸਿਹਤ ਦੇ ਸੀਮਤ ਟੀਚੇ ਨੂੰ ਧਿਆਨ ਵਿਚ ਰਖਦਿਆਂ 'ਰਾਮਬਾਣ ਇਲਾਜ' ਦੇ ਨੁਸਖੇ ਅਪਣਾਉਣ ਦੀ ਥਾਂ ਇਹ ਸਮੂਹ ਇਲਾਜ ਨੂੰ ਸਮੁੱਚੇ ਰੂਪ 'ਚ ਲੈਣ ਦਾ ਨਜ਼ਰੀਆ ਅਪਣਾਉਂਦਾ ਹੈ। ਬਹੁਤ ਐਮਰਜੰਸੀ ਸੰਗੀਨ ਬੀਮਾਰੀਆਂ ਦੇ ਮੁਕਾਬਲਤਣ ਉਹ ਲੰਮੇ ਸਮੇਂ ਤੋਂ ਠੀਕ ਨਾ ਹੋ ਰਹੀਆਂ ਪੁਰਾਣੀਆਂ ਬੀਮਾਰੀਆਂ ਦੇ ਇਲਾਜ ਵਿਚ ਖਾਸ ਤੌਰ 'ਤੇ ਗੁਣਕਾਰੀ ਲਗਦੀ ਹੈ। ਉਦਾਹਰਣ ਵਜੋਂ ਕੈਂਸਰ ਦੇ ਇਲਾਜ ਲਈ ਕਿਰਣਾਂ ਤੇ ਕੀਮੋਥੈਰਪੀ (ਰਸਾਇਣਕ ਇਲਾਜ) ਕਰਨ ਵਾਲੇ ਮਰੀਜ਼ਾਂ ਉਪਰ ਜੋ ਮਾੜੇ ਅਸਰ ਪੈਂਦੇ ਹਨ ਉਹਨਾਂ ਨੂੰ ਘੱਟ ਕਰਨ 'ਚ ਇਹ ਬਦਲਵੀਆਂ ਪ੍ਰਣਾਲੀਆਂ ਮਦਦਗਾਰ ਹਨ। ਆਧੁਨਿਕ ਇਲਾਜ ਦੀ ਰਣਨੀਤੀ ਇਹ ਹੈ ਕਿ ਕੈਂਸਰ ਗ੍ਰਸਿਤ ਟਿਸ਼ੂ ਕਾਫੀ ਕਮਜ਼ੋਰ ਹੁੰਦਾ ਹੈ ਤੇ ਇਸ ਲਈ ਇਸ ਉਮੀਦ ਨਾਲ ਉਹ ਨੂੰ ਫੌਰੀ ਤੌਰ 'ਤੇ ਨਸ਼ਟ ਕੀਤਾ ਜਾ ਸਕਦਾ ਹੈ ਕਿ ਵਿਕਿਰਣ ਇਲਾਜ ਜਾਂ ਕੀਮੋਥੈਰਪੀ ਰੋਗੀ ਨੂੰ ਘੱਟ ਨੁਕਸਾਨ ਪਹੁੰਚਾਏਗੀ ਅਤੇ ਕੈਂਸਰ ਨੂੰ ਜ਼ਰੂਰ ਠੀਕ ਕਰ ਦੇਵੇਗੀ। ਵਿਕਲਪਿਕ ਇਲਾਜ ਪ੍ਰਣਾਲੀਆਂ ਵਲੋਂ ਅਪਣਾਇਆ ਗਿਆ ਤਰੀਕਾ ਇਹ ਹੁੰਦਾ ਹੈ ਕਿ ਕੈਂਸਰ 'ਤੇ ਸਿੱਧਾ ਹਮਲਾ ਕਰਨ ਦੀ ਬਜਾਏ ਸਰੀਰ ਦੀ ਪ੍ਰਤੀਰੋਧਕ ਸਮਰਥਾ ਨੂੰ ਵਧਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਇਸ ਤਰ੍ਹਾਂ ਇਹ ਦੋਨੋਂ ਪ੍ਰਣਾਲੀਆਂ ਇਕ ਦੂਜੇ ਦੀਆਂ ਪੂਰਕ ਹਨ। ਵਿਕਲਪਿਕ ਇਲਾਜ ਬਹੁਤ ਆਕ੍ਰਸ਼ਿਕ ਤੇ ਬਹੁਤ ਪ੍ਰਭਾਵਸ਼ਾਲੀ ਹੈ ਪਰ ਇਹ ਉਹਨਾਂ ਲੋਕਾਂ ਨੂੰ ਵੱਧ ਖਿੱਚਦੀ ਹੈ ਜਿਹਨਾਂ ਦਾ ਆਪਣੇ ਜੀਵਨ 'ਤੇ

ਪੂਰਾ ਕੰਟਰੋਲ ਹੈ ਅਤੇ ਜੋ ਵਿਕਲਪਿਕ ਸਿਹਤ ਸੇਵਾਵਾਂ ਦੀ ਤਕਨੀਕ ਤੇ ਸਾਧਨਾਂ ਨੂੰ ਖਰੀਦ ਸਕਣ 'ਚ ਸਮਰਥ ਹਨ। ਇਹ ਕੋਈ ਲੋਕ ਲਹਿਰ ਨਹੀਂ ਹੈ। ਇਹ ਜਿਸ ਸਮੱਗਰਤਾਵਾਦ ਦੀ ਵਕਾਲਤ ਕਰਦਾ ਹੈ ਉਹ ਬਹੁਤ ਸਤਹੀ ਹੈ। ਇਹ ਕੋਈ ਸਮਾਜਕ ਸਮੱਗਰਤਾਵਾਦ ਨਹੀਂ ਹੈ। ਇਸ ਦੇ ਬਾਵਜੂਦ ਇਹ ਸਮੂਹ ਉਹਨਾਂ ਅੰਦੋਲਨਾ ਦਾ ਇਕ ਜ਼ੋਰਦਾਰ ਵਕੀਲ ਹੈ ਜੋ ਸਭ ਦੇ ਲਈ ਸਿਹਤ ਸੇਵਾਵਾਂ ਦੀ ਮੰਗ ਤਾਂ ਕਰਦੇ ਹਨ ਪਰ ਇਹ ਨਹੀਂ ਦਸਦੇ ਕਿ ਇਹ ਸਿਹਤ ਸੇਵਾ ਕਿਸ ਤਰ੍ਹਾਂ ਦੀ ਹੋਵੇ। ਇਲਾਜ ਪ੍ਰਣਾਲੀ ਦੀ ਅਸੂਲਵਾਦੀ ਸਮੀਖਿਆ ਦਾ ਟੀਚਾ ਉਹਨਾਂ ਕਾਰਨਾ 'ਤੇ ਵਿਚਾਰ ਕਰਨਾ ਤਾਂ ਹੈ ਹੀ, ਜੋ ਲੋਕਾਂ ਨੂੰ ਬੀਮਾਰ ਬਣਾਉਂਦੇ ਹਨ ਪਰ ਨਾਲ ਹੀ ਇਸ 'ਤੇ ਵੀ ਵਿਚਾਰ ਕਰਨਾ ਹੈ ਕਿ ਲੋਕਾਂ ਨੂੰ ਕਿਸ ਤਰ੍ਹਾਂ ਦੀਆਂ ਅਤੇ ਇਸ ਕੋਟੀ ਦੀਆਂ ਸਿਹਤ ਸੇਵਾਵਾਂ ਮਿਲ ਰਹੀਆਂ ਹਨ। ਸਿਹਤ ਬਾਰੇ ਮਾਰਕਸਵਾਦੀ ਪਹੁੰਚ ਇਕੋਸਿਸਟਮ ਸਿਹਤ ਵਾਤਾਵਰਣ ਸਬੰਧੀ ਨਿਆਂ, ਸਮਾਜਕ ਅਧਾਰ 'ਤੇ ਸਿਹਤ ਦਾ ਨਿਰਧਾਰਨ "ਸਭ ਦੇ ਲਈ ਸਿਹਤ" ਤੇ ਵਿਕਲਪਿਕ ਇਲਾਜ ਦੀ ਸੰਪੂਰਨ ਜਾਣਕਾਰੀ ਨੂੰ ਆਪਣੇ 'ਚ ਜਜ਼ਬ ਕਰਨ ਦੀਆਂ ਕੋਸ਼ਿਸ਼ਾਂ ਕਰੇਗੀ। ਵੱਖ-ਵੱਖ ਭੂਗੋਲਿਕ ਸਥਿਤੀਆਂ, ਵਪਾਰਕ ਸਮੂਹਾਂ, ਉਮਰ ਵਰਗਾਂ ਜਾਂ ਕਿਸੇ ਹੋਰ ਸਮਾਜਕ ਅਧਾਰ 'ਤੇ ਪ੍ਰਭਾਸ਼ਿਤ ਸ਼੍ਰੇਣੀਆਂ ਦੇ ਅਨੁਰੂਪ ਸਿਹਤ ਦੀ ਦਸ਼ਾਵਾਂ 'ਚ ਮਿਲਦੀਆਂ ਭਿੰਨਤਾਵਾਂ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਹਰ ਇਲਾਕੇ ਵਿਚ ਸ਼ਿਸ਼ੂ ਮੌਤ ਦਰ ਤੇ ਨਾਲ ਹੀ ਉਸ ਦਰ 'ਚ ਪਾਈਆਂ ਜਾਣ ਵਾਲੀਆਂ ਇਲਾਕੇਵਾਰ ਭਿੰਨਤਾਵਾਂ ਦੀ ਜਾਂਚ ਹੋਣੀ ਚਾਹੀਦੀ ਹੈ। ਸਿਹਤ ਸੇਵਾਵਾਂ ਦੀ ਗੁਣ ਵੰਨਤਾ ਦੇ ਅੱਛੇ ਤੋਂ ਅੱਛੇ ਅਤੇ ਘਟੀਆ ਤੋਂ ਘਟੀਆ ਰੂਪਾਂ ਨੂੰ ਉਜਾਗਰ ਕਰਨਾ ਚਾਹੀਦਾ ਹੈ। ਜਿੱਥੇ-ਜਿੱਥੇ ਪੂੰਜੀਵਾਦੀ ਪ੍ਰਬੰਧ ਹਨ ਉਥੇ ਨਿਵੇਸ਼ ਦੇ ਫੈਸਲੇ ਜ਼ਿਆਦਾਤਰ ਮੁਨਾਫਾ ਕਮਾਉਣ ਦੇ ਮਕਸਦ ਨਾਲ ਲਏ ਜਾਂਦੇ ਹਨ। ਨਾ ਕਿ ਆਰਥਿਕ ਬਰਾਬਰੀ ਲਿਆਉਣ ਦੇ ਕਿਸੇ ਵਿਆਪਕ ਸਮਾਜਕ ਉਦੇਸ਼ ਨੂੰ ਧਿਆਨ 'ਚ ਰੱਖ ਕੇ। ਦੂਜੇ ਪਾਸੇ ਕਿਊਬਾ 'ਚ ਕੌਮੀਕ੍ਰਿਤ ਪ੍ਰਬੰਧ ਹਨ ਜੋ ਇਕ ਖਾਸ ਭੂਗੋਲਿਕ ਇਲਾਕੇ 'ਚ ਕਾਫੀ ਹੱਦ ਤੱਕ ਇਕ ਬਰਾਬਰ ਸਿਹਤ ਸੇਵਾਵਾਂ ਮੁਹਈਆ ਕਰਵਾਉਂਦੀ ਹੈ। ਸਿਹਤ ਸੇਵਾਵਾਂ ਦੀ ਵੱਧ ਬਿਹਤਰ ਤੇ ਨਿਆਂ ਸੰਗਤ ਪ੍ਰਬੰਧ ਦਾ ਹੋਣਾ ਕੈਨੇਡਾ ਤੇ ਬ੍ਰਾਜੀਲ ਲਈ ਫਾਇਦੇਮੰਦ ਹੈ ਪਰ ਦੂਜਿਆਂ ਦਾ ਪੂੰਜੀਵਾਦੀ ਹੋਣਾ ਉਹਨਾਂ ਲਈ ਨੁਕਸਾਨਦੇਹ ਸਾਬਿਤ ਹੋ ਰਿਹਾ ਹੈ। ਸਿਟੇ ਵਜੋਂ ਸਿਹਤ ਸੇਵਾਵਾਂ ਦੇ ਸਿੱਟਿਆਂ ਵਿਚ ਫਰਕ ਦੀ ਦ੍ਰਿਸ਼ਟੀ ਨਾਲ ਕਨੇਡਾ ਤੇ ਬ੍ਰਾਜੀਲ ਦੀ ਸਥਿਤੀ ਮੱਧਵਰਤੀ ਹੈ। ਵੱਖ ਵੱਖ ਬੀਮਾਰੀਆਂ ਦੀ ਆਪਸ 'ਚ ਤੁਲਨਾ ਕਰਦੇ ਸਮੇਂ ਵੀ ਇਹ ਵਿਧੀ ਜਾਂ ਪ੍ਰਣਾਲੀ ਵਰਤੀ ਜਾ ਸਕਦੀ ਹੈ। ਸਾਡੇ ਸਾਹਮਣੇ ਸੁਆਲ ਇਹ ਹੈ ਕਿ ਵੱਡੇ ਭੂਗੋਲਿਕ ਇਲਾਕਿਆਂ ਅਤੇ ਰਾਜਾਂ ਦੇ ਅੰਕੜਿਆਂ ਵਿਚ ਇਹ ਫਰਕ ਵੱਧ ਹੋਵੇਗਾ। ਕਈ ਕਾਰਨਾ ਕਰਕੇ ਛੋਟੇ-ਵੱਡੇ ਦੋਨਾਂ ਹੀ ਇਲਾਕਿਆਂ ਵਿਚ ਫਰਕ ਹੋ ਸਕਦਾ ਹੈ। ਉਦਾਹਰਣ ਵਜੋਂ ਰਾਜਾਂ ਵਰਗੇ ਵੱਡੇ ਇਲਾਕਿਆਂ ਦੇ ਅੰਕੜੇ ਮੌਸਮ ਦੀ ਭਿੰਨਤਾ ਨਾਲ ਪ੍ਰਭਾਵਿਤ ਹੋ ਸਕਦੇ ਹਨ ਪਰ ਮੌਸਮ ਹੀ ਇਕੱਲੇ ਪ੍ਰਵਰਤਨਸ਼ੀਲ ਕਾਰਕ ਨਹੀਂ ਹੈ। ਕਈ ਦੂਜੇ ਐਸੇ ਕਾਰਕ ਵੀ ਹਨ ਜਿਹਨਾਂ 'ਚ ਛੋਟੀਆਂ-ਛੋਟੀਆਂ ਭੂਗੋਲਿਕ ਇਕਾਈਆਂ 'ਚ ਕਾਫੀ ਫਰਕ ਹੋ ਸਕਦੈ। ਪਰ ਜਦ ਅਸੀਂ ਇਕ ਵੱਡੇ ਇਲਾਕੇ ਦੀ ਔਸਤ ਲੈਂਦੇ ਹਾਂ ਤਾਂ ਇਹ ਫਰਕ ਗਾਇਬ ਹੋ ਜਾਂਦਾ ਹੈ। ਉਦਾਹਰਣ ਵਜੋਂ ਜੇ ਅਸੀਂ ਵੱਖ-ਵੱਖ ਬਸਤੀਆਂ 'ਤੇ ਧਿਆਨ ਦੇਈਏ ਤਾਂ ਅਸੀਂ

ਵੇਖਾਂਗੇ ਕਿ ਉਹਨਾਂ ਦੀ ਸਿਸ਼ੂ ਮੌਤ ਦਰ 'ਚ ਤਿੰਨ ਗੁਣਾ ਦਾ ਫਰਕ ਹੈ। ਅਸੀਂ ਇਹ ਵੀ ਵੇਖਦੇ ਹਾਂ ਕਿ ਬਹੁਤੀਆਂ ਤਹਿਸ਼ੀਲਾਂ 'ਚ ਬੇਰੁਜ਼ਗਾਰੀ ਦੀ ਔਸਤ ਦਰ 9 ਜਾਂ 10 ਫੀਸਦੀ ਹੈ ਜਦ ਕਿ ਹੋਰ ਪਾਸੇ 30 ਫੀਸਦੀ ਵੀ ਹੈ। ਐਸਾ ਕਿਉਂ? ਕਿਉਂਕਿ ਇਹ ਬਸਤੀਆਂ ਬੇਤਰਤੀਬੇ ਢੰਗ ਨਾਲ ਵਸੇ ਵਾਤਾਵਰਣ ਦੇ ਵੱਖ-ਵੱਖ ਖੰਡ ਨਹੀਂ ਹਨ ਬਲਕਿ ਇਕ ਹੀ ਢਾਂਚੇ ਦੇ ਅੰਗ ਹਨ। ਜਿਥੇ ਕਿਤੇ ਵੀ ਅਮੀਰਾਂ ਦੀ ਇਕ ਬਸਤੀ ਹੁੰਦੀ ਹੈ, ਉਥੇ ਉਹਨਾਂ ਦੀ ਸੇਵਾ ਲਈ ਇਕ ਗਰੀਬ ਬਸਤੀ ਦੀ ਵੀ ਲੋੜ ਹੋਵੇਗੀ। ਇਸ ਲਈ ਜਿਥੇ ਕਿਤੇ ਵੀ ਸਾਨੂੰ ਬਸਤੀਆਂ ਦੇ ਪੱਧਰ 'ਤੇ ਅੰਕੜੇ ਮੁਹਈਆ ਹੋ ਸਕਦੇ ਹਨ। ਉਥੇ ਸਾਨੂੰ ਸਮਾਜਕ ਹਾਲਤਾਂ 'ਚ ਭਾਰੀ ਫਰਕ ਤੇ ਇਸਦੇ ਸਿਟੇ ਵਜੋਂ ਸਿਹਤ ਸੇਵਾਵਾਂ ਦੀ ਗੁਣਵੰਣਤਾ ਅਤੇ ਮਾਤਰਾ ਵਿਚ ਵੀ ਬਹੁਤ ਜ਼ਿਆਦਾ ਭੇਦਭਾਵ ਦਿਖਾਈ ਦੇਵੇਗਾ, ਜੋ ਇਲਾਜ ਸੰਬੰਧੀ ਸਾਡੇ ਮੌਜੂਦਾ ਗਿਆਨ ਜਾਂ ਸਾਧਨ ਨੂੰ ਵੇਖਦਿਆਂ ਇਕ ਵੇਲੇ ਨਹੀਂ ਸੀ ਚਾਹੀਦਾ।

ਇਕ ਹੋਰ ਰੋਚਕ ਮਾਮਲਾ ਮੈਕਸੀਕੋ ਦੇ ਕੁਝ ਪਿੰਡਾਂ 'ਚ ਕੀਤੇ ਗਏ ਇਕ ਅਧਿਐਨ 'ਚ ਸਾਹਮਣੇ ਆਇਆ ਹੈ ਉਹਨਾਂ ਪਿੰਡਾਂ ਦਾ ਲੜੀ ਇਸ ਅਧਾਰ 'ਤੇ ਬਣਾਈ ਗਈ ਸੀ ਕਿ ਉਹ ਮੈਕਸੀਕੋ ਦੇ ਜੀਵਨ ਪੱਧਰ ਦੀ ਤੁਲਨਾ 'ਚ ਕਿਨੇ ਜ਼ਿਆਦਾ ਹਾਸ਼ੀਏ 'ਤੇ ਧੱਕੇ ਗਏ ਸਨ ਯਾਨੀ ਉਹਨਾਂ ਦਾ ਜੀਵਨ ਪੱਧਰ ਕਿੰਨਾ ਨੀਵਾਂ ਸੀ। ਇਹ ਅਧਿਐਨ 'ਚ ਕੁਝ ਪ੍ਰਵਰਤਨਸ਼ੀਲ ਕਾਰਕ ਲਏ ਗਏ ਜਿਵੇਂ ਕਿੰਨੇ ਲੋਕਾਂ ਨੂੰ ਸਿੱਧੀ ਸਪਲਾਈ ਦਾ ਪਾਣੀ ਮਿਲਦਾ ਹੈ ਤੇ ਆਬਾਦੀ ਦਾ ਕਿੰਨਾ ਹਿੱਸਾ ਸਪੇਨੀ ਭਾਸ਼ਾ ਬੋਲਦਾ ਹੈ। ਖੋਜ ਤੋਂ ਪਤਾ ਲੱਗਿਆ ਕਿ ਜੋ ਕਬੀਲਾ ਜਿੰਨਾ ਵੱਧ ਹਾਸ਼ੀਏ ਤੇ ਧੱਕਿਆ ਗਿਆ ਸੀ ਉਸ ਦੀ ਸਿਹਤ 'ਤੇ ਉਨੇ ਹੀ ਬੁਰੇ ਪ੍ਰਭਾਵ ਪਏ ਹਨ ਜਦਕਿ ਮੈਕਸੀਕੋ ਦੇ ਅਰਥਚਾਰੇ ਨੂੰ ਘੁਲ ਮਿਲ ਗਏ ਪਿੰਡਾਂ 'ਚ ਅਜੇਹਾ ਨਹੀਂ ਸੀ ਜਨਤਕ ਸਿਹਤ ਦੇ ਖੇਤਰ ਵਿਚ ਇਹ ਵਾਤਾਵਰਣ ਸਿਧਾਂਤ ਅਜੇ ਤਕ ਕਬੂਲ ਨਹੀਂ ਹੋਇਆ ਹੈ ਕਿ ਜਦ ਕੋਈ ਭਾਈਚਾਰਾ ਜਾਂ ਕੋਈ ਬੰਦਾ ਕਿਸੇ ਵੀ ਕਾਰਣ ਤਣਾ ਅਗ੍ਰਸਿਤ ਹੁੰਦਾ ਹੈ। (ਮਿਸਾਲ ਵਜੋਂ ਘੱਟ ਆਮਦਨੀ ਜਾਂ ਖਰਾਬ ਆਬੋ-ਹਵਾ ਕਾਰਨ) ਤਾਂ ਉਹ ਹੋਰ ਭੇਦ ਭਾਵਾਂ ਪ੍ਰਤੀ ਵੱਧ ਸੰਵੇਦਨਸ਼ੀਲ ਹੋ ਜਾਂਦਾ ਹੈ। ਇਸ ਲਈ ਜੇ ਲੋਕਾਂ ਦੀ ਆਮਦਨ ਬਹੁਤ ਘੱਟ ਹੈ ਤਾਂ ਮੌਸਮ ਕਾਰਨ ਤਾਪਮਾਨ 'ਚ ਹੋਣ ਵਾਲੀ ਤਬਦੀਲੀ ਉਹਨਾਂ ਲਈ ਬਹੁਤ ਮਹੱਤਵਪੂਰਨ ਹੋ ਜਾਂਦੀ ਹੈ। ਉਦਾਹਰਣ ਵਜੋਂ ਪੱਤਝੜ ਦੇ ਅਖੀਰ ਤੇ ਸਰਦੀ ਦੇ ਸ਼ੁਰੂ ਵਿਚ ਹਸਪਤਾਲਾਂ ਅੰਦਰ ਐਮਰਜੰਸੀ ਵਾਰਡ ਅਜੇਹੇ ਬਹੁਤ ਸਾਰੇ ਮਰੀਜਾਂ ਨਾਲ ਭਰੇ ਰਹਿੰਦੇ ਹਨ ਜੋ ਮਿੱਟੀ ਦੇ ਤੇਲ ਦੇ ਸਟੋਵ, ਤੰਦੂਰ ਤੇ ਦੂਸਰੇ ਅਜੇਹੇ ਖਤਰਨਾਕ ਸਾਧਨਾਂ ਦੀ ਵਰਤੋਂ ਨਾਲ ਸੜ ਗਏ ਹੁੰਦੇ ਹਨ। ਜਿਨਾਂ ਰਾਹੀਂ ਉਹ ਠੰਢੇ ਘਰਾਂ ਨੂੰ ਗਰਮ ਕਰਦੇ ਹਨ। ਅਜੇਹੇ ਲੋਕਾਂ ਲਈ ਤਾਪਮਾਨ 'ਚ ਥੋੜੀ ਜਿਹੀ ਤਬਦੀਲੀ ਹੀ ਉਹਨਾਂ ਦੀ ਸਿਹਤ 'ਤੇ ਮਾੜਾ ਅਸਰ ਛੱਡ ਸਕਦੀ ਹੈ। ਇਹ ਇਕ ਐਸਾ ਪਹਿਲੂ ਹੈ ਜਿਸ ਨਾਲ ਖਾਂਦੇ ਪੀਂਦੇ ਲੋਕ ਪ੍ਰਭਾਵਿਤ ਨਹੀਂ ਹੁੰਦੇ। ਇਹੀ ਗੱਲ ਭੋਜਨ ਬਾਰੇ ਵੀ ਸੱਚ ਹੈ ਤਾਂ ਉਹ ਆਪਣੇ ਭੋਜਨ ਤੇ ਹੋਰ ਖਰਚਿਆਂ 'ਚ ਕਟੌਤੀ ਕਰਨ ਲਈ ਮਜ਼ਬੂਰ ਹੁੰਦੇ ਹਨ। ਇਸ ਦਾ ਉਹਨਾਂ ਦੇ ਪੋਸ਼ਣ 'ਤੇ ਫੌਰੀ ਪ੍ਰਭਾਵ ਪੈਂਦਾ ਹੈ। ਜੇ ਤੁਸੀਂ ਇਕ ਅੱਛੇ ਖਰੀਦਦਾਰ ਹੋ, ਸੁਪਰ ਬਾਜ਼ਾਰ ਦੇ ਉਹਨਾਂ ਇਸ਼ਤਿਹਾਰਾਂ ਨੂੰ ਧਿਆਨ ਨਾਲ ਵੇਖਦੇ ਹੋ ਜਿਨਾਂ 'ਚ ਖੇਤੀ ਵਿਭਾਗ ਵਲੋਂ ਗਰੀਬਾਂ ਨੂੰ ਮਿਲਣ ਵਾਲੀ ਸਬਸਿਡੀ ਦੀ ਚਰਚਾ

ਹੁੰਦੀ ਹੈ। ਤਾਂ ਤੁਸੀਂ ਸਰਕਾਰੀ ਮਦਦ ਦਾ ਫਾਇਦਾ ਉਠਾ ਸਕਦੇ ਹੋ। ਅਜੇਹੀ ਸਥਿਤੀ ’ਚ ਲੋਕ ਇਹਨਾਂ ਰਿਆਇਤਾਂ ਨੂੰ ਹਾਸਲ ਕਰਨ ਲਈ ਲੋਭੀ ਹੁੰਦੇ ਹਨ ਉਹ ਇਹ ਮੰਨ ਲੈਣਗੇ ਕਿ ਆਪ ਸਸਤਾ ਸੌਦਾ ਖਟਣ ’ਚ ਮਾਹਿਰ ਹੋ। ਪਰ ਮੰਨ ਲਓ ਤੁਸੀਂ ਏਨੇ ਤੇਜ਼ ਨਹੀਂ ਤਾਂ ਤੁਸੀਂ ਇਸ਼ਤਿਹਾਰ ਤਾਂ ਪੜ੍ਹ ਲੈਂਦੇ ਹੋ ਪਰ ਸਮਾਂ ਨਹੀਂ ਕੱਢਦੇ ਜਾਂ ਤੁਸੀਂ ਅਜੇਹੇ ਇਲਾਕੇ ’ਚ ਰਹਿੰਦੇ ਹੋ ਜਿਥੋਂ ਦਾ ਸੁਪਰ ਬਾਜ਼ਾਰ ਲਾਭਦਾਇਕ ਨਹੀਂ ਹੈ। ਇਸ ਲਈ ਉਸ ਨੂੰ ਬੰਦ ਕਰ ਦਿੱਤਾ ਜਾਂਦਾ ਹੈ, ਇਸ ਨਾਲ ਅੱਛਾ ਤੇ ਸਸਤਾ ਰਾਸ਼ਣ ਹਾਸਲ ਕਰਨ ਦਾ ਮੌਕਾ ਵੀ ਤੁਹਾਡੇ ਹੱਥੋਂ ਚਲਾ ਜਾਂਦਾ ਹੈ ਜਾਂ ਮੰਨ ਲਓ ਤੁਸੀਂ ਦੁਪਹਿਰ ਵੇਲੇ ਖਾਸ ਤਰ੍ਹਾਂ ਦਾ ਖਾਣਾ ਪਸੰਦ ਕਰਦੇ ਹੋ ਪਰ ਦੁਕਾਨ ਜਾਂ ਹੋਟਲ ਤੋਂ ਉਹ ਖਾਣਾ ਲਿਆਉਣ ਲਈ ਤੁਹਾਨੂੰ ਅੱਧੇ ਘੰਟੇ ਦੀ ਛੁੱਟੀ ਨਹੀਂ ਦਿੱਤੀ ਜਾਂਦੀ ਤਾਂ ਇਸ ਤਰ੍ਹਾਂ ਦੀਆਂ ਹਾਲਾਤਾਂ ’ਚ ਕਿ ਤੁਸੀਂ ਕਿਥੋਂ ਕੰਮ ਕਰਦੇ ਹੋਣ ਆਪ ’ਚ ਕਿੰਨਾ ਦਮ ਹੈ। ਬੱਚਿਆਂ ਦੀ ਦੇਖਭਾਲ ਲਈ ਕੋਈ ਮਾਈ ਰੱਖੀ ਹੈ ਜਾਂ ਨਹੀਂ। ਅਜਿਹੀਆਂ ਅਨੇਕਾਂ ਗੱਲਾਂ ਜੋ ਵੱਖ-ਵੱਖ ਲੋਕਾਂ ’ਚ ਇਕੋ ਜਿਹੀਆਂ ਨਹੀਂ ਹੁੰਦੀਆਂ। ਆਪ ਦੀ ਸਿਹਤ ’ਤੇ ਮਾੜਾ ਪ੍ਰਭਾਵ ਪਾ ਸਕਦੀਆਂ ਹਨ।

ਗਰੀਬ ਲੋਕਾਂ ’ਚ ਵੀ ਖਰਾਬ ਸਿਹਤ ਵਾਲੇ ਲੋਕਾਂ ਦੀ ਭਰਮਾਰ ਹੁੰਦੀ ਹੈ। ਇਸ ਸਬੰਧੀ ਰੂੜੀਵਾਦੀ ਕਹਿਣਗੇ, “ਹਾਂ ਇਹ ਤਾਂ ਸਾਫ ਹੈ ਕਿ ਗਰੀਬੀ ਤੁਹਾਡੇ ਲਈ ਅੱਛੀ ਨਹੀਂ ਹੈ ਪਰ ਫਿਰ ਵੀ ਸਭ ਲੋਕਾਂ ਦਾ ਬੁਰਾ ਹਸ਼ਰ ਨਹੀਂ ਹੁੰਦਾ। ਮੈਂ ਆਪਣਾ ਭਵਿੱਖ ਖੁਦ ਬਣਾਇਆ ਤੁਸੀਂ ਕਿਉਂ ਨਹੀਂ ਬਣਾ ਸਕਦੇ? ਇਸ ਬਸਤੀ ’ਚੋਂ ਨਿਕਲੇ ਕੁਝ ਲੋਕ ਅੱਜ ਨਿਗਮਾ ਦੇ ਚੋਟੀ ਦੇ ਅਧਿਕਾਰੀ ਬਣ ਗਏ ਹਨ।” ਲੋਕਾਂ ’ਚ ਲਗਾਤਾਰ ਵਧਦੇ ਜਾ ਰਹੇ ਅਸੁਰੱਖਿਆ ਬੋਧ ਨੂੰ ਉਹ ਨਜ਼ਰ ਅੰਦਾਜ਼ ਕਰ ਦਿੰਦੇ ਹਨ। ਜ਼ਿੰਦਗੀ ਦੀਆਂ ਬਹੁਤ ਮਾਮੂਲੀ ਲੱਗਣ ਵਾਲੀਆਂ ਭਿੰਨਤਾਵਾਂ ਵੀ ਕਿਸੇ ਅਜਿਹੇ ਵਿਅਕਤੀ ਦੀ ਸਿਹਤ ਤੇ ਬੁਰਾ ਅਸਰ ਪਾ ਸਕਦੀਆਂ ਹਨ, ਜਿਸ ਨੂੰ ਹਾਸ਼ੀਏ ’ਤੇ ਧੱਕ ਦਿੱਤਾ ਗਿਆ ਹੋਵੇ। ਮੰਨ ਲਓ ਕਿ ਕਿਸੇ ਵਿਦਿਆਰਥੀ ਦੀ ਨਜ਼ਰ ਕਮਜ਼ੋਰ ਹੈ ਪਰ ਲੰਬੀ ਹੋਣ ਕਰਕੇ ਉਸਨੂੰ ਜਮਾਤ ’ਚ ਪਿੱਛੇ ਬਿਠਾ ਦਿੱਤਾ ਜਾਂਦਾ ਹੈ। ਕੰਮ ਦੇ ਬੋਝ ਹੇਠ ਦਬਿਆ ਅਧਿਆਪਕ ਇਸ ਤੇ ਧਿਆਨ ਨਹੀਂ ਦੇ ਸਕਦਾ ਕਿ ਉਹ ਵਿਦਿਆਰਥੀ ਬਲੈਕ ਬੋਰਡ ਨਹੀਂ ਪੜ੍ਹ ਸਕਦਾ। ਉਹ ਚੀਕ ਉਠਦੀ ਹੈ ਅਤੇ ਆਪਣੇ ਸਾਹਮਣੇ ਵਾਲੇ ਡੈਸਕ ’ਤੇ ਬੈਠੇ ਬੱਚੇ ਨਾਲ ਝਗੜਨ ਲੱਗਦੀ ਹੈ। ਅਚਾਨਕ “ਸਿੱਖਣ ਵਿੱਚ ਸਮੱਸਿਆ” ਵਾਲੀ ਸ਼੍ਰੇਣੀ ’ਚ ਪਾ ਕੇ ਉਸ ਨੂੰ ਵੋਕੇਸ਼ਨਲ ਕੋਰਟ ’ਚ ਲਾ ਦਿੱਤਾ ਜਾਂਦਾ ਹੈ। ਜਦਕਿ ਸੰਭਵ ਸੀ ਕਿ ਉਹ ਇਕ ਮਹਾਨ ਕਵੀ ਬਣਦਾ। ਵੱਧ ਰੱਜੇ ਪੁੱਜੇ ਵਰਗ ’ਚ ਜਿਥੇ ਜਮਾਤਾਂ ’ਚ ਬੱਚੇ ਘੱਟ ਹੁੰਦੇ ਹਨ ਜਿਸ ਕਾਰਨ ਅਧਿਆਪਕ ਬੱਚਿਆਂ ’ਤੇ ਪੂਰਾ ਧਿਆਨ ਦਿੰਦੇ ਹਨ। ਇਸ ਵਿਦਿਆਰਥੀ ਦੀ ਸਮੱਸਿਆ ਨੂੰ ਇਕ ਐਨਕ ਲਾ ਕੇ ਹੱਲ ਕੀਤਾ ਜਾ ਸਕਦਾ ਸੀ। ਵਿਅਕਤੀਆਂ ਅੰਦਰ ਫਰਕ ਕਿਸੇ ਵੀ ਵਜਾਹ ਕਾਰਨ ਹੋ ਸਕਦੇ ਹਨ। ਨਿਜੀ ਅਨੁਭਵਾਂ ਦੇ ਵਧਦੇ ਜਾਣ ਨਾਲ ਅਤੇ ਇਥੋਂ ਤਕ ਕਿ ਪਿਤਾ ਪੁਰਖੀ ਵੀ, ਪਰ ਜਦ ਕਿਸੇ ਖਾਸ ਗੱਲ ਲਈ ਜਮਾਂਦਰੂ ਕਾਰਨ ਜਿੰਮੇਵਾਰ ਹੁੰਦਾ ਹੈ ਤਾਂ ਉਸ ਦੇ ਖਾਸ ਪ੍ਰਸੰਗ ਹੁੰਦੇ ਹਨ। ਮਿਸਾਲ ਵਜੋਂ ਜ਼ਹਿਰੀਲਾ ਧੂੰਆਂ ਕੱਢਣ ਵਾਲੀ ਇਕ ਫੈਕਟਰੀ ਵਿੱਚ ਕੰਮ ਕਰਦੇ ਮਜ਼ਦੂਰਾਂ ਦੇ ਕੈਂਸਰ ਗ੍ਰਸਿਤ ਹੋਣ ਦੀ ਦਰ ਮੁਕਾਬਲਤਣ ਉੱਚੀ ਹੋਵੇਗੀ। ਉਹਨਾਂ ਮਜ਼ਦੂਰਾਂ ਵਿਚੋਂ ਅਜਿਹੇ ਲੋਕਾਂ ਨੂੰ ਕੈਂਸਰ ਹੋਣ

ਦੀ ਸੰਭਾਵਨਾ ਸਭ ਤੋਂ ਵੱਧ ਹੋਵੇਗੀ ਜਿਹਨਾਂ ਦਾ ਜਿਗਰ ਕਿਸੇ ਖਾਸ ਰਸਾਇਣ ਦੇ ਜ਼ਹਿਰ ਨੂੰ ਬਾਹਰ ਕੱਢਣ 'ਚ ਅਸਮਰਥ ਹੋਵੇਗਾ। ਇਹ ਇਕ ਪਿਤਾ ਪੁਰਖੀ ਲੱਛਣ ਹੈ ਅਤੇ ਇਸ ਲਈ ਇਹ ਇਕ ਪਿਤਾ ਪੁਰਖੀ ਬੀਮਾਰੀ ਹੈ। ਪਰ ਇਹ ਤਾਂ ਹੀ ਹੋਵੇਗੀ ਜਦ ਕਿਸੇ ਵਿਅਕਤੀ ਨੂੰ ਜ਼ਹਿਰੀਲੇ ਧੂੰਏ 'ਚ ਸਾਹ ਲੈਣਾ ਪਵੇ। ਭਾਵ ਕੈਂਸਰ ਸਿਰਫ ਪਿਤਾ ਪੁਰਖੀ ਹੀ ਨਹੀਂ ਹੁੰਦਾ ਬਲਕਿ ਇਹ ਵਾਤਾਵਰਣ ਨਾਲ ਵੀ ਪੈਦਾ ਹੁੰਦਾ ਹੈ। ਮਾਮੂਲੀ ਜੈਵ ਭਿੰਨਤਾਵਾਂ ਵੀ ਅਜਿਹਾ ਕੇਂਦਰ ਬਿੰਦੂ ਬਣ ਸਕਦੀਆਂ ਹਨ। ਜਿਹਨਾਂ ਦੇ ਇਰਦ-ਗਿਰਦ ਜੀਵਨ ਦੇ ਮਹੱਤਵਪੂਰਨ ਤਰੀਕੇ ਤਹਿ ਕੀਤੇ ਜਾਂਦੇ ਹਨ ਇਸ ਦੀ ਸਭ ਤੋਂ ਸਪੱਸ਼ਟ ਉਦਾਹਰਣ ਹੈ ਚਮੜੀ ਦਾ ਰੰਗ (ਪਿਗਮੇਂਟੇਸ਼ਨ ਅਫ਼ਰੀਕੀ ਤੇ ਯੂਰਪੀ ਮੂਲ ਦੇ ਅਮਰੀਕੀਆਂ ਵਿਚ ਮਿਲੇਨਿਨ) (ਚਮੜੀ ਦਾ ਰੰਗ ਨਿਰਧਾਰਿਤ ਕਰਨ ਵਾਲਾ ਤੱਤ) ਦੀ ਮਾਤਰਾ 'ਚ ਅੰਤਰ ਦਾ ਮਹੱਤਵ ਪਿਤਾ ਪੁਰਖੀ ਗੁਣ ਤੇ ਸਰੀਰ ਵਿਗਿਆਨ ਦੇ ਨਜ਼ਰੀਏ ਤੋਂ ਬਹੁਤ ਹੀ ਨਿਗੂਣਾ ਹੁੰਦਾ ਹੈ। ਇਹ ਸਿਰਫ਼ ਇਸ ਗੱਲ ਦਾ ਸਿੱਟਾ ਹੈ ਕਿ ਚਮੜੀ 'ਚ ਰੰਗ-ਤਰਲ ਕਿਸ ਤਰ੍ਹਾਂ ਜਮ੍ਹਾ ਹੁੰਦਾ ਹੈ। ਪਰ ਇਸ ਕਾਰਨ ਤੁਹਾਨੂੰ ਦਸ ਸਾਲ ਜੇਲ੍ਹ 'ਚ ਸੜਨਾ ਪੈ ਸਕਦਾ ਹੈ ਤਾਂ ਕੀ ਇਹ ਕੋਈ ਜਾਨ ਲੇਵਾ ਜੀਨ ਹੈ? ਕੀ ਇਹ ਕੋਈ ਐਸਾ ਜੀਨ ਹੈ ਜੋ ਚਮੜੀ 'ਚ ਰੰਗ ਤਰਲ ਦੀ ਮਾਤਰਾ ਵਧਾ ਦਿੰਦਾ ਹੈ? ਇਕ ਐਸਾ ਜੀਨ ਜੋ ਆਪਣੇ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਜਾਣ ਦੀ ਸੰਭਾਵਨਾ ਨੂੰ ਵਧਾ ਦਿੰਦਾ ਹੈ? ਅਪਰਾਧ ਪਿਤਾ ਪੁਰਖੀ ਹੁੰਦਾ ਹੈ, ਇਹ ਵਿਚਾਰ ਉਨ੍ਹਾਂ ਬਕਵਾਸ ਹੈ ਜਿੰਨਾ ਇਹ ਕਿ ਕਾਲੇ ਰੰਗ ਦੇ ਲੋਕਾਂ ਨੂੰ ਖਰਾਬ ਜੀਨ ਦੇ ਕਾਰਨ ਟੀ. ਬੀ. ਵੱਧ ਹੁੰਦੀ ਹੈ। ਜਨਤਕ ਸਿਹਤ ਨਾਲ ਜੁੜੇ ਲੋਕ ਆਦਮੀ ਦੇ ਆਚਰਣ ਤੇ ਵਿਹਾਰ ਦੇ ਖੇਤਰ ਵਿੱਚ ਵੀ ਦਖਲ ਅੰਦਾਜ਼ੀ ਕਰਨਾ ਚਾਹੁੰਦੇ ਹਨ ਅਤੇ ਦਲੀਲ ਦਿੰਦੇ ਹਨ ਕਿ ਗਰੀਬ ਬਸਤੀਆਂ ਤੇ ਅਮੀਰ ਬਸਤੀਆਂ ਦੇ ਸਿਹਤ ਪ੍ਰਣਾਮਾਂ 'ਚ ਭਿੰਨਤਾ ਦਾ ਸਬੰਧ ਉਹਨਾਂ ਦੇ ਤੰਬਾਕੂਨੋਸ਼ੀ, ਕਸਰਤ ਤੇ ਖਾਣ ਪੀਣ ਸਬੰਧੀ ਆਦਤਾਂ ਨਾਲ ਜੋੜਿਆ ਜਾ ਸਕਦਾ ਹੈ। ਜੋ ਰੂੜੀਵਾਦੀ ਇਹ ਮੰਨ ਲੈਂਦੇ ਹਨ ਕਿ ਅਮੀਰਾਂ ਤੇ ਗਰੀਬਾਂ ਦੇ ਸਿਹਤ ਸਬੰਧੀ ਨਤੀਜਿਆਂ 'ਚ ਬਹੁਤ ਜ਼ਿਆਦਾ ਫਰਕ ਹੈ ਉਹ ਕਹਿੰਦੇ ਹਨ 'ਹਾਂ, ਇਹ ਇਸ ਲਈ ਕਿ ਗਰੀਬ ਲੋਕ ਨਾ ਸਮਝੀ ਭਰੇ ਫੈਸਲੇ ਕਰਦੇ ਹਨ ਅਤੇ ਇਸਦਾ ਸਮੁੱਚਾ ਇਲਾਜ ਸਿਖਿਆ ਹੈ। ਅਸੀਂ ਦੇਖਦੇ ਹਾਂ ਕਿ ਵੱਧ ਪੜੀਆਂ ਲਿਖੀਆਂ ਮਾਵਾਂ ਦੇ ਬੱਚੇ ਦੂਜਿਆਂ ਨਾਲ ਬੇਹਤਰ ਨਿਕਲਦੇ ਹਨ। ਇਸ ਲਈ ਸਾਨੂੰ ਲੋਕਾਂ ਲਈ ਅਜਿਹੇ ਸਿਖਿਆ ਪ੍ਰੋਗਰਾਮ ਬਣਾਉਣ ਦੀ ਜ਼ਰੂਰਤ ਹੈ ਜੋ ਹਾਲਤਾਂ ਨਾਲ ਤਾਲਮੇਲ ਬਿਠਾਉਣਾ ਸਿਖਾਏ।' ਦਰਅਸਲ ਸਿਹਤ-ਸਿਖਿਆ ਦੇ ਕੁਝ ਪ੍ਰੋਗਰਾਮ ਬਹੁਤ ਕੀਮਤੀ ਹਨ। ਕਾਰਖਾਨਿਆਂ ਅੰਦਰ ਸੁਰੱਖਿਆ ਦੇ ਉਪਾਅ ਦੱਸਣਾ ਅਸੁਰੱਖਿਅਤ ਸਥਿਤੀਆਂ ਦਾ ਮੁਕਾਬਲਾ ਕਰਨ 'ਚ ਲੋਕਾਂ ਦੀ ਮਦਦ ਕਰਦਾ ਹੈ। ਪਰ ਆਓ ਵਿਕਲਪ ਦੇ ਸੁਆਲ 'ਤੇ ਹੋਰ ਬਰੀਕੀ ਨਾਲ ਗੌਰ ਕਰੀਏ। 'ਰੋਗ ਕੰਟਰੋਲ ਕੇਂਦਰ' ਅਤੇ ਇਹਨਾਂ ਮੁੱਦਿਆਂ ਨਾਲ ਸਬੰਧ ਰੱਖਣ ਵਾਲੇ ਹੋਰ ਕੇਂਦਰ ਇਹ ਦੱਸਦੇ ਹਨ ਕਿ ਕੁਝ ਹੀ ਚੀਜ਼ਾਂ ਹਨ ਜਿਹਨਾਂ ਨੂੰ ਅਸੀਂ ਚੁਣ ਸਕਦੇ ਹਾਂ, ਹੋਰ ਸਭ ਚੀਜਾਂ ਵਾਤਾਵਰਣ ਵਲੋਂ ਸਾਡੇ ਉਤੇ ਠੋਸ ਦਿੱਤੀਆਂ ਜਾਂਦੀਆਂ ਹਨ ਉਹ ਸਾਨੂੰ ਦੋ ਤਰ੍ਹਾਂ ਦੀਆਂ ਉਲਟ ਸਥਿਤੀਆਂ 'ਚ ਫਰਕ ਕਰਨ ਨੂੰ ਕਹਿੰਦੇ ਹਨ ਪਹਿਲ ਉਹ, ਜੋ ਸਾਡੇ ਠੋਸ ਦਿੱਤੀ ਜਾਂਦੀ ਹੈ। ਜੋ ਧੱਕੇਸ਼ਾਹੀ ਵੀ ਹੋ ਸਕਦੀ ਹੈ ਜਾਂ ਉਹਨਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ ਅਤੇ

ਦੂਸਰੀ ਉਹ ਜਿਨ੍ਹਾਂ ਦੀ ਅਸੀਂ ਅਜ਼ਾਦਾਨਾ ਤੌਰ 'ਤੇ ਚੋਣ ਕੀਤੀ ਹੈ ਤੇ ਜਿਸ ਦੇ ਲਈ ਅਸੀਂ ਖੁਦ ਨੂੰ ਦੋਸ਼ੀ ਠਹਿਰਾ ਸਕਦੇ ਹਾਂ। ਜਦ ਕਿਸੇ ਮਾਰਕਸਵਾਦੀ ਸਾਹਮਣੇ ਵਿਕਲਪ ਵਜੋਂ ਅਜਿਹੀਆਂ ਦੋ ਸ਼੍ਰੇਣੀਆਂ ਹੋਣ ਜੋ ਆਪਸ ਵਿੱਚ ਮੇਲ ਨਾ ਖਾਂਦੀਆਂ ਹੋਣ ਜਿਵੇਂ ਪਸੰਦ ਬਨਾਮ ਵਾਤਾਵਰਣ, ਪਿਤਾ ਪੁਰਖੀ ਜਮਾਂਦਰੂ ਬਨਾਮ ਅਨੁਭਵ, ਜੈਵਿਕ ਬਨਾਮ, ਸਮਾਜਕ ਤਾਂ ਉਹ ਜਾਣਦਾ ਹੈ ਕਿ ਖੁਦ ਇਹਨਾਂ ਸ਼੍ਰੇਣੀਆਂ 'ਤੇ ਵੀ ਸੁਆਲੀਆ ਨਿਸ਼ਾਨ ਲਾਉਣਾ ਚਾਹੀਦਾ ਹੈ। ਚੋਣਾਂ 'ਚ ਵੀ ਇਹ ਨਿਸ਼ਚਤ ਹੈ ਕਿ ਚੁਣਨ ਲਈ ਕੁਝ ਨਹੀਂ ਹੈ। ਅਸੀਂ ਹਮੇਸ਼ਾ ਉਹਨਾਂ ਵਿਕਲਪਾਂ ਦੇ ਸੈਟ 'ਚੋਂ ਹੀ ਚੋਣ ਕਰਨੀ ਹੁੰਦੀ ਹੈ ਜੋ ਕਿਸੇ ਦੂਜੇ ਬੰਦੇ ਵਲੋਂ ਸਾਡੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਰਾਜਸੀ ਚੋਣਾਂ ਅਤੇ ਖਰੀਦਦਾਰੀ ਦੇ ਅਨੁਭਵ ਨਾਲ ਅਸੀਂ ਇਸ ਗੱਲ ਨੂੰ ਜਾਣਦੇ ਹਾਂ। ਅਸੀਂ ਆਪਣੇ ਭੋਜਨ ਦੀ ਚੋਣ ਕਰਦੇ ਹਾਂ ਪਰ ਸਾਨੂੰ ਇਕ ਕੰਪਨੀ ਵਲੋਂ ਚੁਣ ਕੇ ਮੁਹੱਈਆ ਕਰਵਾਈਆਂ ਵਸਤਾਂ ਵਿਚੋਂ ਹੀ ਚੁਨਣਾ ਹੁੰਦਾ ਹੈ। ਸਾਡੇ ਚਾਰੇ ਚੁਣਾਵਾਂ ਦੀ ਇਕ ਹੀ ਵਿਸੇਸ਼ਤਾ ਹੈ ਚੁਨਣ ਲਈ ਵਿਕਲਪਾਂ ਦੀ ਘਾਟ ਯਾਨੀ ਚੁਣਾਵਹੀਣਤਾ, ਚੁਨਣ ਦੇ ਅਧਿਕਾਰ ਦੀ ਵਰਤੋਂ ਕਰਨ ਦੇ ਮੌਕਿਆਂ ਬਾਰੇ ਵੀ ਇਹੀ ਗੱਲ ਲਾਗੂ ਹੁੰਦੀ ਹੈ। ਚੋਣ ਕਰਦੇ ਸਮੇਂ ਹਮੇਸ਼ਾ ਪੂਰਵ ਸ਼ਰਤਾਂ ਮੌਜੂਦ ਹੁੰਦੀਆਂ ਹਨ। ਜੇ ਜੀਵਨ ਦੀਆਂ ਹਾਲਤਾਂ ਬਹੁਤ ਖਰਾਬ ਜਾਂ ਦਮਨਕਾਰੀ ਹੋਣ ਤਾਂ ਐਸੀ ਚੀਜ਼ ਨੂੰ ਚੁਣ ਲੈਣਾ ਵੀ ਘੱਟ ਬੁਰਾ ਹੁੰਦਾ ਹੈ ਜੋ ਕਿਸੇ ਦੂਜੀਆਂ ਹਾਲਤਾਂ 'ਚ ਮਹੱਤਵਪੂਰਨ ਚੋਣ ਹੁੰਦੀਆਂ ਹਨ।

ਦੂਜੇ ਸਾਰੇ ਲੋਕਾਂ ਵਾਂਗੂੰ ਹੀ, ਜਨਤਕ ਸਿਹਤ ਨਾਲ ਜੁੜੇ ਲੋਕ ਵੀ ਕਿਸ਼ੋਰ ਅਵਸਥਾ 'ਚ ਗਰਭਧਾਰਨ ਬਾਰੇ ਬਹੁਤ ਚਿੰਤਤ ਦਿਸਦੇ ਹਨ ਕਿਉਂਕ ਆਮ ਤੌਰ 'ਤੇ ਇਸ ਤਰ੍ਹਾਂ ਦਾ ਗਰਭਧਾਰਣ ਅੱਛੀ ਗੱਲ ਨਹੀਂ ਹੈ। ਕਿਸ਼ੋਰ ਸਮੇਂ ਦੀਆਂ ਮਾਵਾਂ ਅਨੁਭਵੀ ਨਹੀਂ ਹੁੰਦੀਆਂ, ਉਹਨਾਂ ਨੂੰ ਆਪਣੇ ਸਿਸ਼ੂਆਂ ਦਾ ਖਿਆਲ ਰੱਖਣ 'ਚ ਪ੍ਰੇਸ਼ਾਨੀ ਹੋ ਸਕਦੀ ਹੈ ਤੇ ਅਸੀਂ ਮਾਵਾਂ ਦੇ ਬੱਚਿਆਂ ਦਾ ਜਨਮ ਘੱਟ ਹੋਣ ਦੀ ਸੰਭਾਵਨਾ ਵੀ ਬਹੁਤ ਹੁੰਦੀ ਹੈ। ਫਿਰ ਵੀ ਇਹ ਵੇਖਿਆ ਗਿਆ ਹੈ ਕਿ ਅਫਰੀਕੀ ਮੂਲ ਦੀ ਅਮਰੀਕੀ ਕਿਸ਼ੋਰ ਮਾਂ ਦੇ ਬੱਚੇ ਦੀ ਸਿਹਤ ਆਮ ਤੌਰ 'ਤੇ 20-30 ਸਾਲ ਦੀ ਅਫਰੀਕੀ ਮੂਲ ਦੀ ਔਰਤ ਦੇ ਬੱਚੇ ਨਾਲੋਂ ਬੇਹਤਰ ਹੁੰਦੀ ਹੈ। ਅਜਿਹਾ ਕਿਉਂ? ਰੰਗ ਭਦ ਦਾ ਵਾਤਾਵਰਣ ਸਿਹਤ ਨੂੰ ਏਨਾ ਸਸਤਾ ਕਰ ਦਿੰਦਾ ਹੈ ਕਿ ਬੱਚਾ ਚਾਹੁਣ ਵਾਲਿਆਂ ਲਈ ਜਲਦੀ ਬੱਚਾ ਪੈਦਾ ਕਰਨਾ ਹੀ ਜ਼ਿਆਦਾ ਸਮਝਦਾਰੀ ਦਾ ਫੈਸਲਾ ਹੁੰਦਾ ਹੈ। ਇਹ ਇਕ ਅਜਿਹੀ ਸਚਾਈ ਹੈ ਜੋ ਸਿਰਫ ਚਾਲੂ ਢੰਗ ਨਾਲ ਇਹ ਕਹਿ ਦੇਣ ਨਾਲ ਸਪੱਸ਼ਟ ਨਹੀਂ ਹੋ ਜਾਂਦੀ ਕਿ "ਕਿਸ਼ੋਰ ਉਮਰ ਦੀ ਗਰਭ ਅਵਸਥਾ ਲੋਕਾਂ ਲਈ ਖਤਰਾ ਹੈ।" ਇਸ ਤੋਂ ਪਹਿਲਾਂ ਕਿ ਅਸੀਂ ਇਸ ਨੂੰ ਸੌਖੇ ਢੰਗ ਨਾਲ ਜਨਤਕ ਸਿਹਤ ਦਾ ਮੁੱਦਾ ਬਣਾਉਣ ਬਾਰੇ ਸੋਚੀਏ ਕਿਸ਼ੋਰ ਸਮੇਂ ਦੀ ਗਰਭ ਅਵਸਥਾ ਨੂੰ ਇਕ ਵੱਧ ਵਿਆਪਕ ਸਾਮਜਕ ਪ੍ਰਸੰਗ 'ਚ ਵੇਖਣ ਦੀ ਜ਼ਰੂਰਤ ਹੈ।

ਦੂਜੀ ਮਿਸਾਲ ਹੈ ਤੰਬਾਕੂਨੋਸ਼ੀ ਕੰਮ ਦੀ ਥਾਂ 'ਤੇ ਆਜ਼ਾਦੀ ਜਿੰਨੀ ਘੱਟ ਹੁੰਦੀ ਹੈ ਉਨੀ ਹੀ ਤੰਬਾਕੂਨੋਸ਼ੀ ਵਧਦੀ ਹੈ। ਜਿਹਨਾਂ ਲੋਕਾਂ ਦੀ ਜ਼ਿੰਦਗੀ 'ਚ ਬਹੁਤ ਥੋੜੇ ਮੌਕੇ ਹਾਸਲ ਹਨ, ਉਹ ਘੱਟੋ ਘੱਟ ਤੰਬਾਕੂਨੋਸ਼ੀ ਤਾਂ ਚੁਣ ਹੀ ਸਕਦੇ ਹਨ। ਕੁਝ ਨੌਕਰੀਆਂ ਵਿਚ ਛੁਟੀ ਲੈਣ ਕੁਝ ਤਰੀਕਿਆਂ ਵਿਚੋਂ ਇਕ ਤਰੀਕਾ ਹੈ ਕੰਮ ਰੋਕ ਕੇ ਬਾਹਰ ਟਹਿਲਣ ਜਾਣਾ। ਤੰਬਾਕੂਨੋਸ਼ੀ ਨੂੰ ਚੁਨਣ ਵਾਲੇ ਕਹਿੰਦੇ ਹਨ ਕਿ ਹਾਂ। 20

ਸਾਲ ਬਾਅਦ ਹੋ ਸਕਦਾ ਹੈ ਮੈਨੂੰ ਕੈਂਸਰ ਹੋ ਜਾਵੇ ਪਰ ਅੱਜ ਤਾਂ ਪੱਕੇ ਤੌਰ 'ਤੇ ਮੈਂ ਇਸ ਨਾਲ ਹੀ ਜਿਉਂਦਾ ਹਾਂ" ਲੋਕ ਜੇ ਸਿਹਤ ਲਈ ਹਾਨੀਕਾਰਕ ਚੀਜ਼ਾਂ ਨੂੰ ਪਸੰਦ ਕਰਦੇ ਹਨ ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਉਹਨਾਂ ਦੀ ਪਸੰਦ ਤਰਕਹੀਣ ਹੈ। ਸਾਨੂੰ ਸਮਝਣਾ ਚਾਹੀਦਾ ਹੈ ਕਿ ਉਹਨਾਂ ਦੀ ਤਰੱਕ ਪ੍ਰਪੱਕਤਾ ਹੱਦਾਂ 'ਚ ਜਕੜੀ ਹੋਈ ਹੁੰਦੀ ਹੈ ਤੇ ਉਹਨਾਂ ਨੂੰ ਸਭ ਤੋਂ ਖਰਾਬ ਹਾਲਤਾਂ ਵਿਚੋਂ ਬੇਹਤਰ ਨੂੰ ਚੁਨਣਾ ਹੁੰਦਾ ਹੈ। ਜੇ ਲੋਕਾਂ ਦੀਆਂ ਹਾਲਤਾਂ ਨੂੰ ਧਿਆਨ 'ਚ ਰੱਖਿਆ ਜਾਵੇ ਤਾਂ ਅਸੀਂ ਵੇਖਾਂਗੇ ਕਿ ਉਹਨਾਂ ਦੇ ਬਹੁਤ ਮੂਰਖਤਾਪੂਰਨ ਦਿਸਣ ਵਾਲੇ ਫੈਸਲੇ ਪਿਛੇ ਉਹਨਾਂ ਦੀ ਆਪਣੀ ਤੁਲਨਾਤਮਕ ਤਰਕ ਸੰਗਤੀ ਹੁੰਦੀ ਹੈ। ਇਸ ਲਈ ਅਜਿਹਾ ਨਹੀਂ ਕਿ ਉਹਨਾਂ ਦਾ ਵਿਹਾਰ ਸਿਰਫ ਭਾਸ਼ਣ ਦੇਣ ਨਾਲ ਬਦਲ ਜਾਵੇਗਾ। ਆਪ ਨੂੰ ਇਸ ਹਾਲਤ 'ਚ ਵੀ ਤਬਦੀਲੀ ਲਿਆਉਣੀ ਪਵੇਗੀ ਜਿਸ ਵਿੱਚ ਕਿਸੇ ਚੀਜ਼ ਦੀ ਚੋਣ ਕੀਤੀ ਗਈ ਹੈ।

ਸਮੇਂ ਨੂੰ ਅਸੀਂ ਕਿਸ ਤਰ੍ਹਾਂ ਲੈਂਦੇ ਹਾਂ, ਉਸ ਨਾਲ ਵੀ ਚੋਣ ਕਰਨ ਦਾ ਇਕ ਹੋਰ ਹਸ਼ਰ ਸਾਡੇ ਸਾਹਮਣੇ ਹੈ। ਸਿਹਤ ਬਾਰੇ ਕੋਈ ਵੀ ਚੋਣ ਕਰਦੇ ਸਮੇਂ ਅਸੀਂ ਇਹ ਮੰਨ ਕੇ ਚੱਲਦੇ ਹਾਂ ਕਿ ਅੱਜ ਅਸੀਂ ਜੋ ਕੁਝ ਵੀ ਕਰਾਂਗੇ, ਅੱਗੇ ਜਾ ਕੇ ਉਹ ਆਪਣਾ ਅਸਰ ਵਿਖਾਵੇਗਾ। ਇਨ੍ਹਾਂ ਸਪੱਸ਼ਟ ਪ੍ਰਤੀਤ ਹੋਣ ਦੇ ਬਾਵਜੂਦ ਇਹ ਹਰ ਇਕ ਦਾ ਅਨੁਭਵ ਨਹੀਂ ਹੈ। ਦਰਅਸਲ ਬਹੁਤੇ ਲੋਕ ਆਪਣੀ ਜ਼ਿੰਦਗੀ 'ਚ ਉਸ ਤਰ੍ਹਾਂ ਦੀ ਜਾਂ ਉਸ ਪੱਧਰ ਦੀ ਆਜ਼ਾਦੀ ਦਾ ਅਨੁਭਵ ਨਹੀਂ ਕਰ ਸਕਦੇ ਜੋ ਉਹਨਾਂ ਨੂੰ ਇਹ ਕਹਿਣ ਦਾ ਮੌਕਾ ਦਿੰਦੀ ਹੋਵੇ ਕਿ ਮੈਂ ਆਪਣੀ ਤੰਬਾਕੂਨੋਸ਼ੀ ਛੱਡਾਂਗਾ ਤਾਂ ਕਿ ਵੀਹ ਸਾਲ ਬਾਅਦ ਮੈਨੂੰ ਕੈਂਸਰ ਨਾ ਹੋਵੇ।" ਹਰ ਕੋਈ ਆਪਣੀ ਜ਼ਿੰਦਗੀ ਨੂੰ ਇਕ ਲੜੀਬੱਧ ਸਲਾਨਾ ਟਾਈਮ ਟੇਬਲ ਦੇ ਅਨੁਸਾਰ ਢਾਲ ਨਹੀਂ ਸਕਦਾ। ਭਵਿੱਖ 'ਚ ਤੁਹਾਨੂੰ ਕੀ ਹੋ ਸਕਦਾ ਹੈ, ਇਸ ਬਾਰੇ ਜੇ ਤੁਸੀਂ ਅੱਜ ਕੋਈ ਠੋਸ ਯੋਜਨਾ ਨਹੀਂ ਬਣਾ ਸਕਦੇ ਤਾਂ ਸਮਾਂ ਤੁਹਾਡੀ ਉਡੀਕ ਲਈ ਰੁਕੇਗਾ ਨਹੀਂ। ਦੂਜੇ ਪਾਸੇ ਸਮੇਂ ਨੂੰ ਕਿਸ ਤਰ੍ਹਾਂ ਆਯੋਜਿਤ ਕੀਤਾ ਜਾਂਦਾ ਹੈ। ਇਸ ਬਾਰੇ ਪੜਨ ਲਿਖਣ ਨਾਲ ਜੁੜੇ ਲੋਕਾਂ ਦੀ ਉਦਾਹਰਣ ਜ਼ਿਰਕਯੋਗ ਹੈ। ਵਿਦਿਆਰਥੀ ਅਜਿਹੇ ਸਿਲੇਬਸ ਦੀ ਚੋਣ ਕਰ ਸਕਦੇ ਹਨ ਅਤੇ ਕਰਦੇ ਵੀ ਹਨ ਜੋ ਦੋ ਜਾਂ ਤਿੰਨ ਸਾਲ 'ਚ ਉਹਨਾਂ ਨੂੰ ਇਕ ਪੇਸ਼ੇ ਲਈ ਤਿਆਰ ਕਰ ਦੇਵੇ। ਇਕ ਪ੍ਰੋਫੈਸਰ ਉਸ ਤੋਂ ਵੀ ਛੋਟੇ ਅਰਸੇ ਲਈ ਆਪਣਾ ਟਾਈਮਟੇਬਲ ਜਾਂ ਤਾਂ ਸੋਮਵਾਰ, ਬੁੱਧਵਾਰ, ਸੁਕਰਵਾਰ ਜਾਂ ਫਿਰ ਵੀਰਵਾਰ, ਮੰਗਲਵਾਰ ਨੂੰ ਨਿਰਧਾਰਿਤ ਕਰਕੇ ਆਪਣਾ ਸਮਾਂ ਵਿਉਂਤ ਸਕਦਾ ਹੈ। ਡਾਕਟਰ ਤਹਿ ਕਰਦੇ ਹਨ ਕਿ ਉਹਨਾਂ ਨੇ ਕਦੋਂ ਮਰੀਜ਼ ਵੇਖਣੇ ਹਨ, ਕਦੋਂ ਲਾਇਬ੍ਰੇਰੀ ਜਾਣਾ ਹੈ ਅਤੇਅ ਕਦੋਂ ਸੈਮੀਨਾਰ ਵਿੱਚ। ਕੁਝ ਲੋਕ ਆਪਣੇ ਜੀਵਨ ਨੂੰ ਇਸ ਤਰ੍ਹਾਂ ਰੁਝੇਵਿਆਂ ਭਰਿਆ ਕਰ ਲੈਂਦੇ ਹਨ ਕਿ ਅਸੀਂ ਉਹਨਾਂ ਬਾਰੇ ਕੁਝ ਅਗਾਉਂ ਅੰਦਾਜ਼ਾ ਲਾ ਸਕਦੇ ਹਾਂ। ਜ਼ਾਹਿਰ ਹੈ ਕਿ ਉਹ ਅੰਦਾਜ਼ੇ ਸੰਪੇਖ ਹੋਣਗੇ ਨਿਰਪੇਖ ਨਹੀਂ ਸਾਡੀ ਕਿਸੇ ਵੀ ਸਮੇਂ ਕਿਸੇ ਵੀ ਕਾਰ ਨਾਲ ਟੱਕਰ ਲੱਗ ਸਕਦੀ ਹੈ ਪਰ ਬੁਨਿਆਦੀ ਗੱਲ ਇਹ ਹੈ ਕਿ ਆਪ ਦਾ ਆਪਦੇ ਜੀਵਨ ਤੇ ਜੀਵਨ ਦੇ ਅਨੁਭਵਾਂ 'ਤੇ ਜਿੰਨਾ ਵੱਧ ਕੰਟਰੋਲ ਹੋਵੇਗਾ ਉਨ੍ਹਾਂ ਹੀ ਤੁਸੀਂ ਜਨਤਕ ਸਿਹਤ ਮਾਹਰਾਂ ਅਨੁਸਾਰ ਫੈਸਲਾ ਲੈ ਸਕਣ ਦੀ ਸਥਿਤੀ ਵਿੱਚ ਹੋਵੋਗੇ। ਤਦ ਚੁਨਣ ਦੇ ਅਧਿਕਾਰ ਨੂੰ ਅਮਲ ਵਿੱਚ ਲਿਆਉਣ ਦੀ ਸੰਭਾਵਨਾ ਵੀ ਉਨ੍ਹੀਂ ਹੀ ਹੋਵੇਗੀ। ਇਸ ਲਈ ਜੋ ਲੋਕ ਫੈਸਲੇ ਤੇ ਚੋਣ ਦੀ ਗੱਲ ਕਰਦੇ ਹਨ ਉਹਨਾਂ ਨੂੰ ਸਿੱਧਾ ਜੁਆਬ ਇਹੀ ਹੈ ਕਿ

ਸਭ ਤੋਂ ਪਹਿਲਾਂ ਆਪ ਚੋਣ ਦੇ ਵਿਕਲਪਾਂ ਦਾ ਦਾਇਰਾ ਵਧਾਓ। ਦੂਜਾ ਉਹ ਉਹਨਾਂ ਜ਼ਰੂਰੀ ਸਾਧਨਾਂ ਦਾ ਵੀ ਇੰਤਜ਼ਾਮ ਕਰਨ ਜਿੰਨਾ ਰਾਹੀਂ ਪ੍ਰਭਾਵੀ ਢੰਗ ਨਾਲ ਉਹ ਚੋਣ ਕੀਤੀ ਜਾ ਸਕੇ। ਤੀਜਾ ਲੋਕਾਂ ਦਾ ਆਪਣੀ ਜ਼ਿੰਦਗੀ 'ਤੇ ਅਸਲੀ ਕੰਟਰੋਲ ਹੋਣਾ ਜਰੂਰੀ ਹੈ ਤਾਂ ਕਿ ਉਹ ਆਪਣੀਆਂ ਸਭ ਸਮਰਥਾਵਾਂ ਦੀ ਵਰਤੋਂ ਕਰਦਿਆਂ ਸਹੀ ਅਰਥਾਂ 'ਚ ਚੋਣ ਕਰ ਸਕਣ। ਇਹਨਾਂ 'ਚੋਂ ਹਰ ਇਕ ਪੜਾਅ 'ਚੋਂ ਲੰਘ ਕੇ ਹੀ ਅਸੀਂ ਉਹਨਾਂ ਨਕਲੀ ਵਟਵਾਰਿਆਂ ਨੂੰ ਚੁਣੌਤੀ ਦੇ ਸਕਦੇ ਹਾਂ ਜੋ ਜਨਤਕ ਸਿਹਤ ਬਾਰੇ ਲੋਕਾਂ ਦੀ ਸੋਚ ਨੂੰ ਕੰਟਰੋਲ ਕਰਦਾ ਹੈ ਅਤੇ ਉਹਨੂੰ ਪਹਿਲਾਂ ਨਿਰਧਾਰਿਤ ਸਮਾਜਕ ਹੱਦਾਂ 'ਚ ਜਕੜ ਲੈਂਦਾ ਹੈ।

ਕਰੀਏ ਕੀ? ਇਥੇ ਕਹਿਣ ਨੂੰ ਲੋਕ ਰਾਜ, ਵੋਟਾ ਦੀ ਵਰਤੋਂ ਦਾ ਅਧਿਕਾਰ ਹੈ ਪਰ ਅਸੀਂ ਨਾ ਬਰਾਬਰੀ ਪੈਦਾ ਕਰਨ ਵਾਲੀਆਂ ਨੀਤੀਆਂ ਨੂੰ ਲਾਗੂ ਕਰਨ ਦੀ ਇਜਾਜ਼ਤ ਦਿੰਦੇ ਹੀ ਕਿਉਂ ਹਾਂ? ਜਿਹਨਾ ਦੀ ਸਾਡੀ ਸਿਹਤ 'ਤੇ ਏਨਾ ਮਾੜਾ ਅਸਰ ਪੈਂਦਾ ਹੈ? ਅਸੀਂ ਇਸ ਦੀ ਵਿਆਖਿਆ ਕਿਵੇਂ ਕਰੀਏ? ਸਾਡੇ ਕੋਲ ਭਾਵੇਂ ਖੇਤੀ ਵਿਕਾਸ ਦੀਆਂ ਵੀ ਯੋਜਨਾਵਾਂ ਹਨ ਪਰ ਉਹ ਭੁੱਖਮਰੀ ਨੂੰ ਵਧਾ ਰਹੀਆਂ ਹਨ। ਅਸੀਂ ਹਸਪਤਾਲ ਖੋਹਲਦੇ ਹਾਂ ਅਤੇ ਉਹ ਨਵੀਆਂ ਬੀਮਾਰੀਆਂ ਦੇ ਪ੍ਰਸਾਰ ਕੇਂਦਰਾਂ 'ਚ ਤਬਦੀਲ ਹੋ ਜਾਂਦੇ ਹਨ। ਅਸੀਂ ਹੜ ਕੰਟਰੋਲ ਯੋਜਨਾਵਾਂ 'ਚ ਪੈਸਾ ਲਾਉਂਦੇ ਹਾਂ ਅਤੇ ਉਹ ਹੜ ਦੀ ਭਿਅੰਕਰਤਾ ਨੂੰ ਵਧਾ ਦਿੰਦੇ ਹਨ। ਆਖ਼ਰ ਕਿਥੇ ਹਾਲਤ ਹੋ ਰਿਹਾ ਹੈ? ਗੜਬੜ ਕਿੱਥੇ ਹੈ? ਇਸ ਦਾ ਇਕ ਜੁਆਬ ਇਹੀ ਹੋ ਸਕਦਾ ਹੈ ਕਿ ਸਾਡੇ ਅੰਦਰ ਸਮਝਦਾਰੀ ਦੀ ਘਾਟ ਹੈ ਜਾਂ ਫਿਰ ਸਮੱਸਿਆਵਾਂ ਬਹੁਤ ਹੀ ਗੁੰਝਲਦਾਰ ਹਨ ਜਾਂ ਫਿਰ ਅਸੀਂ ਸੁਆਰਥੀ ਹਾਂ ਜਾਂ ਸਾਡੇ ਅੰਦਰ ਕੋਈ ਖੋਟ ਹੈ ਜਾਂ ਫਿਰ ਭੁੱਖਰਮੀ ਦਾ ਅੰਤ ਕਰਨ, ਲੋਕਾਂ ਦੀ ਸਿਹਤ ਸੁਧਾਰਨ ਤੇ ਨਾ-ਬਰਾਬਰੀ ਨੂੰ ਦੂਰ ਕਰਨ 'ਚ ਮਿਲੀ ਅਸਫਲਤਾ ਪਿਛੋਂ ਸ਼ਾਇਦ ਹੁਣ ਸਾਨੂੰ ਸਚਾਈ ਦਾ ਸਾਹਮਣਾ ਕਰਨ ਤੇ ਇਸ ਨਤੀਜੇ ਉਪਰ ਪਹੁੰਚਣ ਦੀ ਲੋੜ ਹੈ ਕਿ ਇਹ ਕੰਮ ਹੋ ਹੀ ਨਹੀਂ ਸਕਦਾ। ਜਾਂ ਸ਼ਾਇਦ ਅਸੀਂ ਕੁਝ ਇਸ ਤਰ੍ਹਾਂ ਦੀ ਜਾਤੀ ਹਾਂ ਜੋ ਕੁਦਰਤ ਨਾਲ ਸਮੁੱਚੇ ਰਿਸ਼ਤਿਆਂ 'ਚ ਬੰਨ ਕੇ ਇਕ ਸਹਿਯੋਗੀ ਜੀਵਨ ਜਿਉਣ 'ਚ ਅਸਮਰਥ ਹੈ।

ਸਾਨੂੰ ਇਹਨਾਂ ਸਾਰੇ ਗੈਰ ਜ਼ਰੂਰੀ ਨਿਰਾਸ਼ਾਵਾਦੀ ਸਿੱਟਿਆਂ ਨੂੰ ਨਾ ਮਨਜ਼ੂਰ ਕਰ ਦੇਣਾ ਚਾਹੀਦਾ ਹੈ। ਸੰਘਰਸ਼ਾਂ ਦਾ ਇਤਿਹਾਸ ਬਹੁਤ ਪੁਰਾਣਾ ਹੈ ਅਤੇ ਇਹ ਪ੍ਰਾਪਤੀਆਂ ਤੋਂ ਖਾਲੀ ਵੀ ਨਹੀਂ ਹਨ। ਪਰ ਸੰਘਰਸ਼ ਕਰਨਾ ਸੌਖਾ ਵੀ ਨਹੀਂ। ਮਿਸਾਲ ਵਜੋਂ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਸੰਘਰਸ਼ ਕਰਨ ਦੀ ਥਾਂ ਲੋਕ ਰਾਜੀ ਤੇ ਕਿਆਣਕਾਰੀ ਸਰਕਾਰ ਦਾ ਭਰਮ ਖਾਲੀ ਰੱਖਣਾ ਵੱਧ ਸੌਖਾ ਹੈ। ਪਰ ਜੇ ਅਸੀਂ ਇਹਨਾਂ ਲੋਕ ਰਾਜੀ ਸੰਸਥਾਵਾਂ ਦੀਆਂ ਨੀਤੀਆਂ 'ਤੇ ਗੌਰ ਕਰੀਏ ਤਾਂ ਅਸੀਂ ਵੇਖਦੇ ਹਾਂ ਕਿ ਲੋਕਾਂ ਦੇ ਜੀਵਨ 'ਚ ਸੁਧਾਰ ਦੇ ਐਲਾਨੇ ਉਦੇਸ਼ ਦੇ ਬਾਵਜੂਦ ਲਗਭਗ ਹਮੇਸ਼ਾ ਹੀ ਉਹਨਾਂ ਨਾਲ ਜੁੜੀਆਂ ਕੁਝ ਸ਼ਰਤਾਂ ਕਾਰਨ ਉਹ ਧੋਖਾ ਦੇ ਜਾਂਦੀਆਂ ਹਨ। ਸਿਹਤ ਬੀਮਾ ਧਾਰਕਾਂ ਦੀ ਗਿਣਤੀ ਉਹਨਾਂ ਲੋਕਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ ਜਿਹਨਾਂ ਬੀਮਾ ਨਹੀਂ ਕਰਵਾਇਆ ਹੈ। ਪਰ ਇਸ ਨਾਂਲ ਜੁੜੀ ਸ਼ਰਤ ਇਹ ਹੈ ਕਿ ਬੀਮਾ ਸਨਅਤ ਦੇ ਮੁਨਾਫੇ ਦੀ ਦਰ ਉੱਚੀ ਬਣੀ ਰਹੇ। ਉਹ ਚਾਹੁੰਦੇ ਹਨ ਕਿ ਦਵਾਈਆਂ ਸਸਤੀਆਂ ਹੋਣ ਬਸ਼ਰਤੇ ਦਵਾ ਸਨਅਤ 'ਚ ਮੁਨਾਫੇ ਦੀ ਦਰ ਉੱਚੀ ਰਹੇ। ਕਿਸਾਨਾਂ ਨੂੰ ਜ਼ਮੀਨ

ਦੀ ਮਾਲਕੀ ਤਾਂ ਮਿਲੇ ਬਸ਼ਰਤੇ ਜਮੀਨ ਵੱਡਿਆਂ ਤੋਂ ਖੋਹੀ ਨਾ ਜਾਵੇ। ਪ੍ਰੋਗਰਾਮਾਂ ਦੀ ਅਸਫਲਤਾ ਦਾ ਮੁੱਖ ਕਾਰਨ ਅਯੋਗਤਾ, ਜਾਣਕਾਰੀ ਦੀ ਘਾਟ ਜਾਂ ਬੁੱਧੀਹੀਣਤਾ ਨਹੀਂ ਹੈ ਬਲਕਿ ਇਹ ਹੈ ਕਿ ਪ੍ਰਭਾਵਸ਼ਾਲੀ ਲੋਕਾਂ ਦੇ ਸੁਆਰਥ ਹੀ ਅੜਿੱਕਾ ਹਨ। ਕਈ ਵਾਰ ਅਸੀਂ ਵੇਖਦੇ ਹਾਂ ਕਿ ਪ੍ਰੋਗਰਾਮ ਦਾ ਇਕ ਹਿੱਸਾ ਤਾਂ ਸਫਲਤਾਪੂਰਵਕ ਅਮਲ 'ਚ ਲਿਆਂਦਾ ਗਿਆ ਪਰ ਦੂਜਾ ਛੱਡ ਦਿੱਤਾ ਗਿਆ। ਕਿਸੇ ਸਹਿਰ 'ਚ ਸਨਅਤੀ ਜੋਨ ਸਥਾਪਤ ਕਰਨ ਨਾਲ ਉਥੇ ਨਿਵੇਸ਼ ਤਾਂ ਵਧ ਜਾਂਦਾ ਹੈ ਪਰ ਗਰੀਬੀ ਇਸ ਨਾਲ ਘਟਦੀ ਨਹੀਂ ਕਿਉਂਕਿ ਫਾਇਦਿਆਂ ਦੀ ਹੇਠਾਂ ਵੱਲ ਰਿਸਾਅ ਦੀ ਮਾਨਤਾ (ਟ੍ਰਿਕਲ ਡਾਊਨ ਥਿਊਰੀ) ਕੋਰਾ ਭਰਮ ਹੈ। ਇਸ ਉਦਯੋਗਿਕ ਵਿਕਾਸ ਦੇ ਠੇਕੇਦਾਰਾਂ ਦਾ ਉਦੇਸ਼ ਪੂਰਾ ਹੋ ਜਾਵੇ ਤਾਂ ਉਹਨਾਂ ਨੂੰ ਕਿਸੇ ਹੋਰ ਚੀਜ਼ ਦੀ ਪ੍ਰਵਾਹ ਨਹੀਂ ਹੁੰਦੀ। ਇਹ ਛਿਪੇ ਹੋਏ ਅੜਿੱਕੇ ਇਹ ਪ੍ਰਬੰਧ ਦੀਆਂ ਰੋਕਾਂ ਕਿਵੇਂ ਕੰਮ ਕਰਦੀਆਂ ਹਨ ਇਸ ਨੂੰ ਦੂਜੇ ਥਾਵਾਂ ਦੀਆਂ ਸਿਹਤ ਸੇਵਾਵਾਂ ਦੀ ਮੁਕਾਬਲਤਨ ਸਥਿਤੀ ਨਾਲ ਹੀ ਸਮਝਿਆ ਜਾ ਸਕਦਾ ਹੈ।

ਸਾਮਰਾਜੀ ਅਮਰੀਕਾ ਵਿੱਚ ਸਿਹਤ ਸੇਵਾਵਾਂ ਜਿਥੇ ਸਥਾਪਿਤ ਬੇਲਗਾਮ ਅਜ਼ਾਰੇਦਾਰ ਪੂੰਜੀਵਾਦ ਦੇ ਪਿਛੋਕੜ 'ਚ ਕੰਮ ਕਰਦੀਆਂ ਹਨ। ਇਸ ਵਿਵਸਥਾ 'ਚ ਸਮੋਈਆਂ ਸੰਭਾਵਨਾਵਾਂ ਤੇ ਸਮੱਸਿਆਵਾਂ ਦੋਨਾਂ ਦਾ ਵਿਸਥਾਰ ਨਾਲ ਵਰਨਣ ਕੀਤਾ ਜਾ ਚੁਕਿਆ ਹੈ। ਪਰ ਯੂਰਪ 'ਚ ਸਮਾਜਕ ਜਨਵਾਦੀਆਂ ਨੇ ਇਤਿਹਾਸਕ ਤੌਰ 'ਤੇ ਇਕ ਸਰਵਥਾ ਭਿੰਨ ਪਹੁੰਚ ਨੂੰ ਅਪਣਾਇਆ। ਉਹ ਨਾਂ ਬਰਾਬਰੀ ਨੂੰ ਇਕ ਅੜਿੱਕੇ ਵਜੋਂ ਮੰਨਦੇ ਹਨ। ਉਦਾਹਰਣ ਵਜੋਂ ਉਹ ਬੇਰੁਜ਼ਗਾਰੀ ਨੂੰ ਕਿਸੇ ਤੇਜ਼ੀ ਨਾਲ ਵਧਦੇ ਬਾਜ਼ਾਰ ਦੇ ਲਾਜ਼ਮੀ ਸਿੱਟੇ ਵਜੋਂ ਲੈਣ ਦੀ ਬਜਾਏ ਇਕ ਸਮੱਸਿਆ ਵਜੋਂ ਲੈਂਦੇ ਹਨ। ਉਹਨਾਂ ਦੇਸ਼ਾਂ ਵਿਚ ਨਗਰ ਪ੍ਰੀਸ਼ਦ ਬੇਰੁਜ਼ਗਾਰੀ ਦੀ ਸਮੱਸਿਆ ਦੇ ਹੱਲ ਲਈ ਵਿਤੀ ਸਹਾਇਤਾ ਦੇ ਕੇ ਇਕ ਕੇਂਦਰ ਖੋਲ੍ਹ ਦੇਵੇਗੀ ਜਿਥੋਂ ਬੇਰੁਜ਼ਗਾਰਾਂ ਨੂੰ ਸਲਾਹਕਾਰ ਉਹਨਾਂ ਦੇ ਬੇਰੁਜਗਾਰੀ ਬੀਮਾ ਕਰਾਉਣ ਦੇ ਅਧਿਕਾਰ ਤੇ ਦੂਜੇ ਲਾਭਕਾਰੀ ਪ੍ਰੋਗਰਾਮਾਂ ਬਾਰੇ ਸਲਾਹ ਦਿਆ ਕਰਨਗੇ। ਇੱਥੋਂ ਤੱਕ ਕਿ ਇਹ ਕੇਂਦਰ ਇੱਕ ਸਹਾਇਤਾ ਸਮੂਹ ਬਣਾ ਸਕਦਾ ਹੈ ਜਿਥੇ ਇਕੱਠੇ ਤੋਂ ਹੋ ਕੇ ਲੋਕ ਆਪਣੇ ਪਰਿਵਾਰ ਲਈ ਲੋੜੀਂਦੀ ਆਮਦਨੀ ਨਾ ਕਮਾ ਸਕਣ ਦੇ ਆਪਣੇ ਦੁੱਖ ਵੰਡ ਸਕਦੇ ਹਨ ਅਤੇ ਸਥਾਨਕ ਸਰਕਾਰ ਹੋਰ ਸਮਾਜਕ ਸਰੋਕਾਰਾਂ ਵੱਲ ਧਿਆਨ ਦੇ ਸਕੇਗੀ। ਲੰਦਨ 'ਚ ਘੱਟ ਉਮਰ ਦੀਆਂ ਸਮਾਜਕ ਸਰੋਕਾਰਾਂ ਵੱਲ ਧਿਆਨ ਦੇ ਸਕੇਗੀ। ਲੰਦਨ 'ਚ ਘੱਟ ਉਮਰ ਦੀਆਂ ਔਰਤਾਂ ਦੇ ਇਕੱਲਾਪਣ ਨੂੰ ਦੂਰ ਕਰਨ ਲਈ ਇਹ ਪ੍ਰੋਗਰਾਮ ਚਲਾਇਆ ਜਾਂਦਾ ਹੈ। ਜਿਥੇ ਉਹ ਇਕ ਦੂਜੇ ਨੂੰ ਮਿਲ ਸਕਦੀਆਂ ਹਨ, ਆਪਣੇ ਸੁੱਖ-ਦੁੱਖ ਵੰਡ ਸਕਦੀਆਂ ਹਨ ਤੇ ਇਕ ਦੂਜੇ ਨੂੰ ਦਿਲਾਸਾ ਦੇ ਸਕਦੀਆਂ ਹਨ। ਇਥੇ ਇਹਨਾਂ ਉਪਾਵਾਂ 'ਚੋਂ ਬਾਜ਼ਾਰ (ਵਪਾਰ) ਨੂੰ ਕੋਈ ਵੀ ਚਣੌਤੀ ਨਹੀਂ ਦਿੰਦਾ ਅਤੇ ਨਾ ਹੀ ਮੁਨਾਫੇ ਦੀ ਦਰ ਨੂੰ ਪ੍ਰਭਾਵਿਤ ਕਰਦਾ ਹੈ। ਨਗਰ ਪ੍ਰੀਸ਼ਦ ਰੁਜ਼ਗਾਰ ਪੈਦਾ ਨਹੀਂ ਕਰ ਸਕਦੀ ਇਥੋਂ ਤੱਕ ਕਿ ਯੂਰਪ ਦੀਆਂ ਸੋਸ਼ਲ ਡੈਮੋਕਰੇਟ ਸਰਕਾਰਾਂ ਵਲੋਂ ਸ਼ੁਰੂ ਕੀਤੇ ਗਏ ਸਭ ਤੋਂ ਦੂਰਦਰਸ਼ੀ ਪ੍ਰੋਗਰਾਮਣੀ ਪੂੰਜੀਵਾਦੀ ਪ੍ਰਬੰਧ ਨੂੰ ਕਿਸੇ ਤਰ੍ਹਾਂ ਚੁਣੌਤੀ ਪੇਸ਼ ਨਹੀਂ ਕਰਦੇ। ਇਹ ਸਿਰਫ ਚੀਜ਼ਾਂ ਨੂੰ ਵੱਧ ਸਮਾਨਤਾਪੂਰਣ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਮਿਸਾਲ ਵਜੋਂ ਪ੍ਰਗਤੀਸ਼ੀਲ ਆਮਦਨ ਟੈਕਸ ਜਾਂ ਉਦਾਰਤਾਪੂਰਨ ਬੇਰੁਜ਼ਗਾਰੀ ਬੀਮਾ। ਸਵੀਡਨ 'ਚ

ਟਰਾਂਸਪੋਰਟ ਮਜਦੂਰਾਂ ਨੇ ਟਰੱਕ ਡਰਾਈਵਰਾਂ 'ਚ ਵਧਦੇ ਦਿਲ ਦੇ ਰੋਗਾਂ ਨੂੰ ਘੱਟ ਕਰਨ ਲਈ ਭੋਜਨ 'ਚ ਸੁਧਾਰ ਦੀ ਮੰਗ ਰੱਖੀ ਸੀ। ਸੜਕ ਕਿਨਾਰੇ ਦੇ ਢਾਬਿਆਂ 'ਚ ਮਿਲਣ ਵਾਲੇ ਭੋਜਨ ਦੀ ਗੁਣਵੰਣਤਾ ਵਿੱਚ ਸੁਧਾਰ ਲਈ ਉਹਨਾਂ ਜਥੇਬੰਦ ਕੋਸ਼ਿਸ਼ਾਂ ਕੀਤੀਆਂ ਅਤੇ ਢਾਬਿਆਂ ਦੇ ਮਾਲਕਾਂ ਨਾਲ ਭਾਗੀਦਾਰੀ ਕੀਤੀ। ਇਸ ਨਾਲ ਉਹਨਾਂ ਦੇ ਖਾਣੇ 'ਚ ਸੁਧਾਰ ਹੋਇਆ। ਹੋਰਨਾਂ ਥਾਵਾਂ 'ਤੇ ਮਜ਼ਦੂਰ ਜਥੇਬੰਦੀਆਂ ਨੇ ਸ਼ਿਫਟ ਵਿੱਚ ਕੰਮ ਕਰਨ ਦੇ ਪ੍ਰਬੰਧ 'ਚ ਬਦਲਾਅ ਕੰਮ ਦੇ ਘੰਟਿਆਂ 'ਚ ਕਮੀ ਤੇ ਕੰਮ ਦੀਆਂ ਹਾਲਤਾਂ 'ਚ ਸੁਧਾਰ ਲਈ ਸਮੂਹਕ ਸਮਝੌਤਾ ਵਰਤਾਵਾਂ ਕੀਤੀਆਂ। ਇਹ ਟ੍ਰੇਡ ਯੂਨੀਅਨਾਂ ਇਸ ਗੱਲ ਨੂੰ ਮੰਨਦੀਆਂ ਹਨ ਕਿ ਸਿਹਤ ਪ੍ਰਤੀ ਸਰੋਕਾਰ ਜਮਾਤੀ ਸਬੰਧਾ ਦਾ ਹੀ ਇਕ ਹੋਰ ਪਹਿਲੂ ਹੈ। ਕੰਮ ਕਰਨ ਦੀ ਥਾਂ 'ਤੇ ਸਿਹਤ ਸੇਵਾਵਾਂ 'ਚ ਸੁਧਾਰ ਦੇ ਕੁਝ ਕੰਮ ਲਗਭਗ ਮੁਫਤ ਹੁੰਦੇ ਹਨ, ਕੋਈ ਵੀ ਮਾਲਕ ਉਸਾਰੀ ਵਾਲੀ ਥਾਂ 'ਤੇ ਮਜ਼ਦੂਰਾਂ ਨੂੰ ਹੈਲਮੇਟ ਪਹਿਨਣ ਦੀ ਹਦਾਇਤ ਦੇਣ ਵਾਲਾ ਬੋਰਡ ਲਾਉਣ 'ਤੇ ਇਤਰਾਜ਼ ਨਹੀਂ ਕਰੇਗਾ ਪਰ ਜਦ ਤੁਸੀਂ ਕੰਮ ਨੂੰ ਨਵੇਂ ਸਿਰੇ ਤੋਂ ਸੰਗਠਤਿ ਕਰਨ ਜਾਂ ਖਰਚਿਆਂ ਬਾਰੇ ਗੱਲ ਕਰਨ ਲੱਗਦੇ ਹਨ ਤਾਂ ਮਾਮਲਾ ਥੋੜਾ ਪੇਚੰਦਾ ਹੋ ਜਾਂਦਾ ਹੈ। ਜੇ ਸਿਹਤ ਸੁਧਾਰ ਦੇ ਸਰਕਾਰੀ ਪ੍ਰੋਗਰਾਮਾਂ 'ਤੇ ਹੋਣ ਵਾਲੇ ਖਰਚਿਆਂ ਨੂੰ ਟੈਕਸ ਲਾ ਕੇ ਵਸੂਲਿਆ ਜਾਵੇ ਤਾਂ ਪੂਰੀ ਸੰਭਾਵਨਾ ਹੈ ਕਿ ਵਪਾਰੀ ਵਰਗ ਉਸ ਦਾ ਵਿਰੋਧ ਕਰੇਗਾ ਤੇ ਜੇ ਸਿਹਤ ਸੇਵਾਵਾਂ 'ਤੇ ਹੋਣ ਵਾਲਾ ਨਵਾਂ ਖਰਚ ਮੁਨਾਫੇ ਦੀ ਦੌੜ 'ਚ ਦਖ਼ਲ-ਅੰਦਾਜ਼ੀ ਪ੍ਰਤੀਤ ਹੋਵੇਗਾ ਤਾਂ ਉਸ ਦਾ ਵਿਰੋਧ ਰਾਜਸੀ ਰੂਪ ਧਾਰਨ ਕਰ ਸਕਦਾ ਹੈ। ਉਦਾਹਰਣ ਵਜੋਂ ਸਿਹਤ ਤੇ ਸੁਰੱਖਿਆ ਕਨੂੰਨ ਦੇ ਕਿਸੇ ਪਹਿਲੂ ਨੂੰ ਰੱਦ ਕਰਨ ਦੀ ਮੰਗ ਉਠ ਸਕਦੀ ਹੈ। ਯੂਨੀਅਨ ਦੀ ਮੰਗ ਦੇ ਦਬਾਅ ਹੇਠ ਜੇ ਕਿਸੇ ਨਿਜੀ ਸਰਮਾਏਦਾਰ ਨੂੰ ਆਪਣੀ ਜ਼ੇਬ ਤੋਂ ਪੈਸਾ ਖਰਚ ਕਰਨਾ ਪੈ ਜਾਵੇ ਤਾਂ ਉਹ ਹੋਰ ਵੀ ਵੱਧ ਰੋਸ ਕਰਨਗੇ। ਉਹ ਕਹਿਣਗੇ ਕਿ ਇਸ ਨਾਲ ਅਸੀਂ ਮੁਕਾਬਲੇ'ਚ ਪਿਛੜ ਜਾਵਾਂਗੇ। ਇਹੀ ਨਹੀਂ ਉਹ ਸਨਅਤ ਨੂੰ ਬੰਦ ਕਰਕੇ ਕਿਥੇ ਹੋਰ ਚਲੇ ਜਾਣ ਦੀ ਧਮਕੀ ਵੀ ਦੇਣ ਲੱਗਣਗੇ। ਜੇ ਯੂਨੀਅਨ ਦੀ ਮੰਗ ਕੰਮ ਨੂੰ ਬੇਹਤਰ ਢੰਗ ਨਾਲ ਜਥੇਬੰਦ ਕਰਨ ਦੀ ਹੋਵੇ ਤਾਂ ਪ੍ਰਬੰਧਕ ਉਸ ਨੂੰ ਆਪਣੇ ਬੁਨਿਆਦੀ ਜਮਾਤੀ ਵਿਸੇਸ਼ ਅਧਿਕਾਰਾ ਤੇ ਮਜ਼ਦੂਰਾਂ ਵਲੋਂ ਹਮਲਾ ਸਮਝੇਗਾ।

ਅਜਿਹੀ ਸਥਿਤੀ ਵਿੱਚ ਸਿਰਫ ਇਕ ਮਜ਼ਬੂਤ ਇਨਕਲਾਬੀ ਤੇ ਜਥੇਬੰਦ ਸੰਘਰਸ਼ ਹੀ ਹਾਲਤ ਨੂੰ ਬਦਲ ਸਕਣ ਵਿਚ ਸਮਰਥ ਹੋਵੇਗਾ।

ਜਦ ਅਸੀਂ ਸਿਹਤ ਨੀਤੀ ਨੂੰ ਇਸ ਨਜ਼ਰੀਏ ਤੋਂ ਵੇਖਦੇ ਹਾਂ ਤਾਂ ਕਿਹੜੇ ਮੁੱਦੇ ਹਨ ਜੋ ਗ੍ਰਾਮ ਜਮਾਤ ਦੇ ਬੁਨਿਆਦੀ ਹਿੱਤਾਂ ਨਾਲ ਸਿੱਧੇ ਟਕਰਾਉਂਦੇ ਹਨ, ਕਿਹੜੇ ਮੁੱਦੇ ਸਾਪੇਖਿਕ ਤੌਰ 'ਤੇ ਕਿਸੇ ਇਕ ਜਮਾਤ ਨੂੰ ਵੱਧ ਫਾਇਦਾ ਪਹੁੰਚਾਉਂਦੇ ਹਨ ਅਤੇ ਕਿਹੜੇ ਮੁੱਦੇ ਹਨ ਜਿਥੋਂ ਅਸੀਂ ਇਹ ਭਵਿੱਖਬਾਣੀ ਕਰ ਸਕਦੇ ਹਾਂ ਕਿ ਕਿਸ ਤਰ੍ਹਾਂ ਦੇ ਉਪਾਅ ਸੰਭਵ ਹਨ। ਇਹ ਇਸ ਧਾਰਨਾ 'ਚ ਛਿਪੇ ਝੂਠ ਨੂੰ ਉਜਾਗਰ ਕਰਦਾ ਹੈ ਕਿ ਸਮਾਜ ਹਰ ਇਕ ਵਿਅਕਤੀ ਦੀ ਸਿਹਤ ਨੂੰ ਬੇਹਤਰ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਲਈ ਸਾਨੂੰ ਸਿਹਤ ਸੇਵਾਵਾਂ ਦੀ ਜਟਿਲਤਾ ਨੂੰ ਹੋਰ ਬੇਹਤਰ ਢੰਗ ਨਾਲ ਸਮਝਣ ਦੀ ਲੋੜ ਹੈ। ਸਿਹਤ ਕਿਸੇ ਸਮਾਜ ਦੇ ਕਿਰਤਗਤ ਮਾਲ ਜਾਂ ਕਿਰਤ ਸ਼ਕਤੀ ਦੇ ਮੁੱਲ ਦਾ ਹੀ ਇੱਕ ਹਿੱਸਾ ਹੈ ਅਤੇ ਇਸ ਲਈ ਜਮਾਤੀ ਲੜਾਈ ਵਿੱਚ

ਇਹ ਬਰਾਬਰ ਟਕਰਾਅ ਦਾ ਮੁੱਦਾ ਬਣਿਆ ਰਹਿੰਦਾ ਹੈ। ਪਰ ਨਾਲ ਹੀ ਸਿਹਤ ਇਕ ਖਪਤਕਾਰ ਵਸਤੂ ਵੀ ਹੈ ਖਾਸ ਕਰਕੇ ਧਨਾਢਾਂ ਲਈ, ਜੋ ਆਪਣੀ ਸਿਹਤ ਵਿੱਚ ਸੁਧਾਰ ਲਈ ਕੋਈ ਵੀ ਕੀਮਤ ਅਦਾ ਕਰਨ ਦੀ ਹੈਸੀਅਤ ਰੱਖਦਾ ਹੈ। ਉਹ ਪੀਣ ਦੇ ਪਾਣੀ ਦੀ ਗੁਣਵੰਣਤਾ ਵਿੱਚ ਸੁਧਾਰ ਦੀ ਬਜਾਇ ਬੋਤਲ ਬੰਦ ਪਾਣੀ ਦੇ ਪਾਣੀ ਖਰੀਦਦੇ ਹਨ। ਹਵਾ-ਪ੍ਰਦੂਸ਼ਣ ਨੂੰ ਦੂਰ ਕਰਨ ਦੀ ਬਜਾਇ ਉਹ ਆਪਣੇ ਰਹਿਣ ਲਈ ਕਮਰਿਆਂ 'ਚ ਆਕਸੀਜਨ ਦੇ ਟੈਂਕ ਲਵਾ ਲੈਂਦੇ ਹਨ। ਸਿਹਤ ਇਕ ਅਜਿਹਾ ਮੁਨਾਫੇ ਵਾਲੀ 'ਵਸਤੂ' ਵੀ ਹੈ ਜਿਸ ਵਿਚ ਹਸਪਤਾਲਾਂ, ਹਸਪਤਾਲ ਦੇ ਪ੍ਰਬੰਧਕਾਂ ਤੇ ਦਵਾ ਕੰਪਨੀਆਂ ਸਮੇਤ ਪੂਰੀ ਸਹਿਤ ਸਨਅਤ ਪੂੰਜੀ ਲਾਉਂਦੀ ਹੈ। ਉਹ ਸਿਹਤ ਸੇਵਾਵਾਂ ਨੂੰ ਏਨੇ ਵੱਡੇ ਬਾਜ਼ਾਰ 'ਚ ਵੇਚਦੇ ਹਨ ਜੋ ਉਸ ਦਾ ਮੁੱਲ ਦੇ ਸਕਣਾ ਇਥੋਂ ਤਕ ਕਿ ਉਹ ਅਜਿਹੇ ਲੋਕਾਂ ਨੂੰ ਵੀ ਸਿਹਤ ਸੇਵਾਵਾਂ ਵੇਚਣ ਦੀ ਕੋਸ਼ਿਸ਼ ਕਰਦੇ ਹਨ ਜਿਹਨਾਂ ਨੂੰ ਉਹਨਾਂ ਦੀ ਜ਼ਰੂਰਤ ਨਹੀਂ ਹੈ। ਕਿਸੇ ਵੀ ਹੋਰ ਧੂੰਆਂ ਧਾਰ ਧੰਦੇ ਵਾਗੂੰ ਸਿਹਤ ਦੇ ਖੇਤਰ 'ਚ ਪੂੰਜੀ ਨਿਵੇਸ਼ ਕਰਨ ਵਾਲੀਆਂ ਕੰਪਨੀਆਂ ਵੀ ਜਨ ਸੰਪਰਕ ਰਾਹੀਂ ਲੋਕਾਂ ਦੇ ਦਿਲਾਂ ਦਿਮਾਗਾਂ ਨੂੰ ਜਿੱਤਣ ਦੀ ਕੋਸ਼ਿਸ਼ ਵਿੱਚ ਮਸਤ ਰਹਿੰਦੀਆਂ ਹਨ। ਵਿਅਤਨਾਮ ਯੁੱਧ ਉਸ ਤੋਂ ਪਹਿਲਾਂ ਤੇ ਮਲਾਇਆ ਦੀ ਆਮ ਬਗਾਵਤ ਦੌਰਾਨ ਦੱਖਣ-ਪੂਰਬ ਏਸ਼ੀਆ ਦੇ ਕੁਝ ਹਸਪਤਾਲ ਇਸੇ ਮਕਸਦ ਨਾਲ ਕਾਇਮ ਕੀਤੇ ਗਏ ਹਨ। ਬੇਹੱਦ ਵਾਂਝੇ ਲੋਕਾਂ ਦੀ ਸੇਵੀ ਦੀ ਸਹੁੰ ਚੁੱਕ ਕੇ ਬਹੁਤ ਸਾਰੇ ਡਾਕਟਰ ਨੇ ਤਿਆਗੀ ਜੀਵਨ ਅਪਣਾ ਲਿਆ। ਉਹਨਾਂ ਨੇ ਸਖਤ ਮੇਹਨਤ ਕਰਕੇ ਜੰਗਲਾਂ 'ਚ ਜਾ ਕੇ ਹਸਪਤਾਲ ਕਾਇਮ ਕੀਤੇ ਅਤੇ ਬਹੁਤ ਘੱਟ ਤਨਖਾਹ ਤੇ ਕੰਮ ਕੀਤਾ। ਕੁਝ ਭੋਲੇ ਲੋਕ ਇਸ ਕੰਮ ਨੂੰ ਮਾਨਵ ਸੇਵਾ ਦੀ ਭਾਵਨਾ ਨਾਲ ਕਰਦੇ ਜਨ ਪਰ ਵੱਧ ਚੇਤੰਨ ਲੋਕ ਜਾਣ ਦੇ ਹਨ ਕਿ ਉਹਨਾਂ ਦਾ ਉਦੇਸ਼ ਕਮਿਊਨਿਜ਼ਮ ਦੇ ਵਿਸਥਾਰ ਨੂੰ ਰੋਕਣਾ ਹੈ। ਇਹ 19ਵੀਂ ਸਦੀ ਦੇ ਸਾਮਰਾਜ ਨੂੰ ਜਾਇਜ਼ ਠਹਿਰਾਉਣ ਲਈ "ਗੋਰੇ ਆਦਮੀ ਦਾ ਸਿਰਦਰਦ" ਦੇ ਪੁਰਾਣੇ ਸਿਧਾਂਤ ਦਾ ਪੁਨਰ ਜਨਮ ਸੀ ਜੇ ਅੱਛੀ ਸਿਹਤ ਕਿਸੇ ਵਿਅਕਤੀ ਵਿਸ਼ੇਸ਼ ਵਲੋਂ ਆਪਣੇ ਜੀਵਨ ਦੀ ਸਥਿਤੀ ਦੇ ਅਨੁਰੂਪ ਜ਼ਰੂਰੀ ਲੋੜੀਂਦੀਆਂ ਸਰਗਰਮੀਆਂ ਦਾ ਫੈਸਲਾ ਖੁਦ ਲੈਣ ਵਾਲੇ ਲੋਕ ਉਹਨਾਂ ਲੋਕਾਂ ਤੋਂ ਇਕਦਮ ਵੱਖਰੇ ਹੁੰਦੇ ਹਨ ਜਿਹਨਾਂ ਦੀ ਜ਼ਿੰਦਗੀ ਦਾ ਫੈਸਲਾ ਦੂਜਿਆਂ ਵਲੋਂ ਕੀਤਾ ਜਾਂਦਾ ਹੈ। ਇਹ ਫਰਕ ਉਦੋਂ ਸਾਫ ਤੌਰ 'ਤੇ ਵਿਖਾਈ ਦਿੰਦਾ ਹੈ ਜਦ ਇਕ ਕੰਪਨੀ ਮਾਲਕ ਆਪਣੇ ਸਰਗਰਮੀਆਂ ਦੇ ਨੁਮਾਇੰਦੇ ਵਜੋਂ ਉਹਨਾਂ ਦੇ ਸਿਹਤ ਬੀਮਾ ਦੇ ਕੇਸਾਂ ਦੀ ਸੌਦੇਬਾਜ਼ੀ ਕਰਦਾ ਹੈ। ਕਰਮਚਾਰਜੀਆਂ ਦੀਆਂ ਜ਼ਰੂਰਤਾਂ ਤੋਂ ਪਹਿਲਾਂ ਮਾਲਿਕ ਇਸ 'ਤੇ ਗੌਰ ਕਰੇਗਾ ਕਿ ਉਹਨਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਦੇ ਪੈਕੇਜ 'ਤੇ ਉਸ ਨੂੰ ਕਿੰਨਾ ਖਰਚ ਕਰਨਾ ਪਵੇਗਾ। ਇਸ ਤਰ੍ਹਾਂ ਸਿਹਤ ਜਮਾਤੀ ਲੜਾਈ ਵਿੱਚ ਹਮੇਸ਼ਾ ਸੰਘਰਸ਼ ਦਾ ਮੁੱਦਾ ਬਣਿਆ ਰਹਿੰਦਾ ਹੈ। ਵਿਗਿਆਨ ਤੇ ਡਾਕਟਰੀ ਖੋਜ ਦੇ ਕੇਸ ਵਿੱਚ ਵੀ ਇਹ ਗੱਲ ਲਾਗੂ ਹੁੰਦੀ ਹੈ। ਸਭ ਵਿਗਿਆਨਕ ਖੋਜਾਂ ਵਿੱਚ ਗਿਆਨ ਤੇ ਅਗਿਆਨ ਦਾ ਨਿਰਧਾਰਣ ਉਹਨਾਂ ਲੋਕਾਂ ਵਲੋਂ ਕੀਤਾ ਜਾਂਦਾ ਹੈ ਜੋ ਖੋਜ ਸਨਅਤ ਦੇ ਮਾਲਕ ਹਨ ਤੇ ਗਿਆਨ ਦੇ ਉਤਪਾਦਨ ਨੂੰ ਕੰਟਰੋਲ ਕਰਦੇ ਹਨ। ਖੋਜ ਦਾ ਵਿਸ਼ਾ ਕੀ ਹੋਵੇ, ਇਸ ਸਬੰਧੀ ਬਹਿਸ ਵਿੱਚ ਵੀ ਜਮਾਤੀ ਸੰਘਰਸ਼ ਮੌਜੂਦ ਰਹਿੰਦਾ ਹੈ। ਅੱਜ ਸਿਹਤ ਦੇ ਖੇਤਰ ਵਿੱਚ ਹੋ ਰਹੀਆਂ ਖੋਜਾਂ 'ਤੇ ਦਵਾ ਕੰਪਨੀਆਂ 'ਤੇ ਇਲੈਕਟ੍ਰਾਨਿਕ ਬਹੁਕੌਮੀ ਕੰਪਨੀਆਂ ਦੀ ਅਜ਼ਾਰੇਦਾਰੀ

ਵਧਦੀ ਜਾ ਰਹੀ ਹੈ।

ਅੰਕੜਿਆਂ ਦਾ ਵਿਸਲੇਸ਼ਣ ਕਿਵੇਂ ਕੀਤਾ ਜਾਵੇ, ਬੀਮਾਰੀਆਂ ਬਾਰੇ ਕਿਸ ਤਰ੍ਹਾਂ ਵਿਚਾਰ ਕੀਤਾ ਜਾਵੇ ਤੇ ਇਹਨਾਂ ਬੀਮਾਰੀਆਂ ਕਾਰਨ ਹੋਣ ਵਾਲੇ ਮਹਾਂਮਾਰੀ ਵਿਗਿਆਨ ਸਬੰਧੀ ਸਮਾਜਕ ਤੇ ਇਤਿਹਾਸਕ ਪ੍ਰਸ਼ਨਾਂ 'ਤੇ ਕਿੰਨੇ ਵਿਆਪਕ ਪ੍ਰਸੰਗ 'ਚ ਵਿਚਾਰ ਕਰਨ ਦੀ ਜ਼ਰੂਰਤ ਹੈ। ਬੌਧਿਕ ਹਲਕਿਆਂ ਵਿੱਚ ਇਹਨਾਂ ਸੁਆਲਾਂ ਸਬੰਧੀ ਚਿੰਤਾਵਾਂ ਮੌਜੂਦ ਹਨ। ਇਹ ਸਭ ਪ੍ਰਸ਼ਨ ਸਿਹਤ ਸੇਵਾਵਾਂ ਤੇ ਸਿਹਤ ਨੀਤੀ ਦੇ ਮੁੱਦੇ ਹਨ ਪਰ ਇਹ ਸਭ ਮੁੱਦੇ ਉਸ ਮੁਕੰਮਲ ਵਿਵਸਥਾ ਦੇ ਅੰਗ ਹਨ ਜੋ ਭਵਿੱਖ 'ਚ ਸਾਡੇ ਹਮਲੇ ਦਾ ਨਿਸ਼ਾਨਾ ਬਣੇਗੀ। ਵਾਤਾਵਰਣ ਸਬੰਧੀ ਸਮੱਸਿਆਵਾਂ ਵਾਂਗੂੰ ਹੀ ਸਾਨੂੰ ਸਿਹਤ ਨੂੰ ਵੀ ਇਕ ਵਿਆਪਕ ਮੁੱਦੇ ਵਜੋਂ ਲੈਣਾ ਹੋਵੇਗਾ ਕਿਉਂਕਿ ਉਹ ਜਮਾਤੀ ਸੰਘਰਸ਼ ਦੇ ਸਿੱਟੇ ਹਨ, ਜਮਾਤੀ ਸੰਘਰਸ਼ ਦਾ ਵਿਕਲਪ ਨਹੀਂ।

# ਕੀ ਹੈ ਵਿਸੇਸ਼ ਆਰਥਕ ਜੋਨ (ਸੇਜ) ਦਾ ਵਰਤਾਰਾ?

ਵਿਸੇਸ਼ ਆਰਥਕ ਖੇਤਰ (ਸੇਜ) ਸਬੰਧੀ ਪੂਰੇ ਦੇਸ਼ ਵਿੱਚ ਡੂੰਘਾ ਝਮੇਲਾ ਪੈਦਾ ਹੋ ਗਿਆ ਹੈ। ਵਿਸੇਸ਼ ਕਰਕੇ ਨੰਦੀਗ੍ਰਾਮ ਘਟਨਾ ਪਿਛੋਂ ਸਰਕਾਰ ਤੇ ਸੇਜ ਸਮਰਥਕਾਂ ਦਾ ਕਹਿਣਾ ਹੈ ਕਿ ਸੇਜ 'ਚ ਉਦਯੋਗਾਂ ਨੂੰ ਮਿਲੀ ਛੋਟ ਕਾਰਨ ਦੇਸ਼ ਵਿਦੇਸ਼ੀ ਦੇ ਵੱਡੇ ਸਰਮਾਏਦਾਰ ਉਸ ਵਿੱਚ ਸਨਅਤਾ ਸਥਾਪਤ ਕਰਨਗੇ ਜਿਸ ਨਾਲ ਦੇਸ਼ ਦਾ ਆਰਥਕ ਵਿਕਾਸ ਹੋਵੇਗਾ ਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਨਾਲ ਹੀ ਇਸ ਨਾਲ ਦੇਸ਼ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਦਾ ਹੱਲ ਹੋਵੇਗਾ ਤੇ ਸਨਅਤੀਕਰਨ ਦੀ ਵਜਾਹ ਨਾਲ ਦੇਸ਼ ਵਿਕਸਤ ਹੋਵੇਗਾ। ਵਿਕਾਸ ਦੀ ਗਤੀ ਹੋਰ ਤੇਜ਼ ਹੋਵੇਗੀ, ਗਰੀਬੀ ਤੇ ਮੰਦਹਾਲੀ ਘਟੇਗੀ ਤੇ ਆਮ ਲੋਕਾਂ ਦਾ ਜੀਵਨ ਪੱਧਰ ਉੱਚਾ ਹੋਵੇਗਾ ਦੂਜੇ ਪਾਸੇ ਸੇਜ ਵਿਰੋਧੀਆਂ ਦਾ ਕਹਿਣਾ ਹੈ ਕਿ ਇਸ ਨਾਲ ਕਿਸਾਨਾ ਦੀਆਂ ਜ਼ਮੀਨਾਂ ਦੀ ਜਬਰੀ ਲੁੱਟ ਹੋ ਰਹੀ ਹੈ। ਇਸ ਦਾ ਫਾਇਦਾ ਸਿਰਫ ਉਹਨਾਂ ਦੇਸ਼ੀ ਵਿਦੇਸ਼ੀ ਕੰਪਨੀਆਂ ਨੂੰ ਹੀ ਹੋਵੇਗਾ ਜੋ ਆਪਣਾ ਉਦਯੋਗ ਸਥਾਪਤ ਕਰਨਗੀਆਂ। ਇਸ ਤੋਂ ਇਲਾਵਾ ਉਥੇ ਮਜ਼ਦੂਰਾਂ ਦੀ ਕਾਫੀ ਲੁੱਟ ਹੋਵੇਗੀ। ਦੇਸ਼ 'ਤੇ ਦੇਸ਼ੀ ਵਿਦੇਸ਼ੀ ਸ਼ਕਤੀਆਂ ਹਾਵੀ ਹੋ ਜਾਣਗੀਆਂ। ਦਰਅਸਲ ਸੇਜ ਦੇਸ਼ ਅੰਦਰ ਵਿਦੇਸ਼ੀਆਂ ਨਾਲੋਂ ਉਸਾਰੀਆਂ ਬਸਤੀਆਂ ਹੋਣਗੀਆਂ ਜਿਸ ਨੂੰ ਕਿਸੇ ਵੀ ਆਜਾਦ ਦੇਸ਼ ਨੂੰ ਮਨਜ਼ੂਰ ਨਹੀਂ ਕਰਨਾ ਚਾਹੀਦਾ।

ਇਸ ਪ੍ਰਕਾਰ ਇਹ ਝਮੇਲਾ ਬੇਹੱਦ ਡੂੰਘਾ ਹੈ ਪਰ ਤਾਂ ਵੀਕੇਂਦਰ ਤੋਂ ਲੈ ਕੇ ਸੂਬਿਆਂ ਤਕ ਦੀਆਂ ਬਹੁਤੀਆਂ ਸਰਕਾਰਾਂ ਸੇਜ ਦੀ ਸਥਾਪਨਾ ਲਈ ਜੀ ਤੋੜ ਕੋਸ਼ਿਸ਼ ਕਰ ਰਹੀਆਂ ਹਨ। ਜਿਹਨਾਂ ਵਿਚ ਮਾਕਪਾ ਦੀ ਅਗਵਾਈ 'ਚ ਚਲਣ ਵਾਲੀ ਖੱਬੇ ਮੋਰਚੇ ਦੀ ਸਰਕਾਰ ਵੀ ਸ਼ਾਮਲ ਹੈ। ਲੋਕਾਂ ਦੇ ਭਾਰੀ ਵਿਰੋਧ ਦੇ ਬਾਵਜੂਦ ਖੱਬਾ ਮੋਰਚਾ ਸਰਕਾਰ ਨੇ ਇੰਡੋਨੇਸ਼ੀਆ ਦੇ 'ਸਲੇਮ ਗਰੁੱਪ' ਨੂੰ ਸੇਜ ਲਈ ਨੰਦੀਗ੍ਰਾਮ ਦਾ ਇਲਾਕਾ ਸੌਂਪਣ ਦੀ ਜਬਰੀ ਕੋਸ਼ਿਸ਼ ਕੀਤੀ। ਨਤੀਜਾ ਹੋਇਆ ਵਿਆਪਕ ਖ਼ੂਨ ਖਰਾਬਾ ਤੇ ਸਰਕਾਰ ਨੂੰ ਉਥੇ ਸੇਜ ਉਸਾਰੀ ਦੀ ਯੋਜਨਾ ਰੱਦ ਕਰਨੀ ਪਈ। ਕੇਂਦਰ ਸਰਕਾਰ ਵੀ ਇਥੇ ਹੋਏ ਵਿਆਪਕ ਲੋਕ ਸੰਘਰਸ਼ ਪਿਛੋਂ ਆਪਣੀ ਸੇਜ ਨੀਤੀ 'ਤੇ ਮੁੜ ਵਿਚਾਰ ਕਰਨ ਲਈ ਮਜਬੂਰ ਹੋਈ। ਇਸ ਘਟਨਾ ਪਿਛੋਂ ਸੇਜ ਉਪਰ ਬਹਿਸ ਨੂੰ ਹੋਰ ਵੀ ਭਖਾ ਦਿੱਤਾ।

### 'ਵਿਸੇਸ਼ ਆਰਥਕ ਖੇਤਰ' 'ਚ ਵਿਸੇਸ਼ ਕੀ ਹੈ?

ਸੇਜ ਦੇ ਐਲਾਨੇ ਖੇਤਰਾਂ 'ਚ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਵਾਲੀਆਂ ਸੰਸਥਾਵਾਂ (ਪੰਚਾਇਤਾਂ, ਨਗਰ ਪਾਲਿਕਾਵਾਂ ਆਦਿ) ਦਾ ਕੋਈ ਅਧਿਕਾਰੀ ਨਹੀਂ ਹੋਵੇਗਾ। ਇਸ 'ਚ ਸਰਕਾਰ ਵਲੋਂ ਨਿਯੁਕਤ ਕਮਿਸ਼ਨਰ ਦੀ ਹਕੂਮਤ ਚਲੇਗੀ। ਜ਼ਾਹਿਰ ਹੈ ਕਿ ਇਹ ਕਮਿਸ਼ਨਰ ਦੇਸੀ-ਵਿਦੇਸ਼ੀ ਕੰਪਨੀਆਂ ਦੀ ਰਜ਼ਾਮੰਦੀ ਨਾਲ ਨਿਯੁਕਤ ਕੀਤੇ ਜਾਣਗੇ। ਸਰਕਾਰ ਨੇ ਹੁਣ ਤਕ ਜਿੰਨੇ ਸੇਜ ਦੀ ਇਜਾਜ਼ਤ ਦਿੱਤੀ ਹੈ। ਉਸ ਦੇ ਲਈ 1.25 ਲੱਖ ਹੈਕਟੇਅਰ ਜ਼ਮੀਨ ਦੀ ਲੋੜ ਹੈ। ਜ਼ਮੀਨ ਇਕਵਾਇਰ ਕਰਨ ਲਈ ਅੰਗਰੇਜ਼ਾਂ ਵਲੋਂ ਬਣਾਏ ਗਏ ਭੂਮੀ ਇਕਵਾਇਰ ਕਾਨੂੰਨ 1894 ਦੀ ਵਰਤੋਂ ਕੀਤੀ ਜਾ ਰਹੀ ਹੈ। ਧਿਆਨ ਦੇਣ ਯੋਗ ਹੈ ਕਿ ਅਜੇ ਤੱਕ ਸਨਅਤਕਾਰ ਸਨਅਤਾਂ ਲਈ ਜ਼ਮੀਨ ਸਿੱਧੇ ਕਿਸਾਨਾਂ ਨਾਲ ਗੱਲਬਾਤ ਕਰਕੇ ਖਰੀਦਦੇ ਹਨ। ਹੁਣ ਇਹ ਪਹਿਲੀ ਵਾਰੀ ਹੋ ਰਿਹਾ ਹੈ ਕਿ ਭੂਮੀ ਇਕਵਾਇਰ ਕਾਨੂੰਨ 1894 ਦੀ ਵਰਤੋਂ ਕਰਕੇ ਨਿੱਜੀ ਖੇਤਰ ਦੇ

ਸਨਅਤਕਾਰਾਂ ਨੂੰ ਜ਼ਮੀਨ ਦਿੱਤੀ ਜਾ ਰਹੀ ਹੈ। ਇਨ੍ਹਾਂ ਖੇਤਰਾਂ 'ਚ ਟੈਕਸਾਂ 'ਚ ਭਾਰੀ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ। ਇਕ ਗਣਨਾ ਅਨੁਸਾਰ ਹੁਣ ਤੱਕ ਸਥਾਪਤ ਤੇ ਸਥਾਪਨਾ ਅਮਲ ਵਿੱਚ ਸ਼ਾਮਲ ਲੋਕ ਸਨ। ਸਨਅਤਕਾਰਾਂ ਨੂੰ ਵੱਖ-ਵੱਖ ਕਰਾਂ 'ਚ ਲਗਭਗ 1.75 ਲੱਖ ਕਰੋੜ ਰੁਪਏ ਦੀ ਛੋਟ ਦਿੱਤੀ ਗਈ ਹੈ। ਜ਼ਾਹਿਰ ਹੈ ਕਿ ਜੇ ਇਹ ਸਨਅਤਾਂ ਆਮ ਅਮਲ ਰਾਹੀਂ ਸਥਾਪਤ ਹੁੰਦੀਆਂ ਤਾਂ ਇੰਨੀ ਰਾਸ਼ੀ ਉਹਨਾਂ ਨੂੰ ਕੇਂਦਰ ਤੇ ਰਾਜਸਰਕਾਰਾਂ ਨੂੰ ਦੇਣੀ ਪੈਂਦੀ। ਸਪੱਸ਼ਟ ਹੈ ਕਿ ਸੇਜ ਸਥਾਪਤ ਕਰਨ ਲਈ ਦੇਸੀ ਵਿਦੇਸ਼ੀ ਕੰਪਨੀਆਂ 'ਚ ਦੌੜ ਕਿਉਂ ਲੱਗੀ ਹੋਈ ਹੈ।

ਸੇਜ ਵਿੱਚ ਸਨਅਤਾਂ ਤੇ ਉਹਨਾਂ ਦੇ ਅਧਿਕਾਰੀਆਂ ਕਰਮਚਾਰੀਆਂ ਨੂੰ ਇਨਕਮ ਟੈਕਸ 'ਚ 5 ਸਾਲ ਤਕ 100% ਦੀ ਛੋਟ ਦਿੱਤੀ ਗਈ ਹੈ ਤੇ ਅਗਲੇ ਸਾਲ ਤਕ 50% ਤਕ ਦੀ ਵਿਦੇਸ਼ੀ ਤੋਂ ਕੈਪਟੀਲ ਗੁਡਸ, ਕੱਚਾ ਮਾਲ, ਕਲ ਪੁਰਜੇ ਆਦਿ 'ਤੇ ਕੇਂਦਰੀ ਉਤਪਾਦ ਟੈਕਸ ਦੀ ਪੂਰੀ ਤਰ੍ਹਾਂ ਨਾਲ ਮੁਆਫੀ ਹੈ। ਇਹਨਾਂ ਖੇਤਰਾਂ ਵਿੱਚ ਦੇਸ਼ ਅੰਦਰ ਜੋ ਵੀ ਸਮਾਨ ਇਥੋਂ ਦੀਆਂ ਕੰਪਨੀਆਂ ਖਰੀਦਣਗੀਆਂ ਉਹਨਾਂ 'ਤੇ ਲੱਗੇ ਸੇਲਜ ਟੈਕਸ (ਵੈਟ) ਨੂੰ ਸਰਕਾਰ ਉਹਨਾਂ ਨੂੰ ਮੋੜ ਦੇਵੇਗੀ। ਇਥੇ ਸਥਾਪਤ ਕੰਪਨੀਆਂ ਨੂੰ ਜੋ ਵੀ ਇਥੇ ਦਰਾਮਦ ਕਰਨਾ ਹੋਵੇਗਾ। ਉਹਨਾਂ 'ਤੇ ਕੋਈ ਟੈਕਸ ਨਹੀਂ ਲੱਗੇਗਾ। ਕੇਂਦਰ ਤੋਂ ਇਲਾਵਾ ਰਾਜਾਂ ਵੱਲੋਂ ਲਾਇਆ ਗਿਆ ਟੈਕਸ ਵੀ ਉਹਨਾਂ ਨੂੰ ਨਹੀਂ ਦੇਣਾ ਪਵੇਗਾ। ਸੇਜ 'ਚ ਦੇਸ਼ ਦਾ ਕਿਰਤ ਕਨੂੰਨ ਲਾਗੂ ਨਹੀਂ ਹੋਵੇਗਾ ਅਤੇ ਹੜਤਾਲਾਂ ਉਪਰ ਪਾਬੰਦੀ ਹੋਵੇਗੀ। ਇਥੇ 100% ਵਿਦੇਸ਼ੀ ਪੂੰਜੀ ਨਿਵੇਸ਼ ਨਾਲ ਵੀ ਉਦਯੋਗ ਸਥਾਪਤ ਹੋਣਗੇ। ਅਜਿਹੇ ਨਿਵੇਸ਼ ਲਈ ਉਹਨਾਂ ਨੂੰ ਕਿਸੇ ਪ੍ਰਕਾਰ ਦੀ ਇਜਾਜ਼ਤ ਦੀ ਲੋੜ ਨਹੀਂ ਹੋਣੀ। ਕੰਪਨੀਆਂ ਤੇ ਉਹਨਾਂ ਦੇ ਅਧਿਕਾਰੀ ਆਪਣੀ ਪੂਰੀ ਕਮਾਈ ਵਿਦੇਸ਼ ਭੇਜ ਸਕਦੇ ਹਨ, ਇਸ 'ਤੇ ਕੋਈ ਕੰਟਰੋਲ ਵੀ ਨਹੀਂ ਹੈ।

ਸੇਜ ਦੇ ਕੁਲ ਖੇਤਰ ਦੇ ਸਿਰਫ਼ ਇਕ ਤਿਹਾਈ ਭਾਗ ਹੀ ਸਨਅਤੀ ਖੇਤਰ ਲਈ ਜ਼ਰੂਰਤ ਵਜੋਂ ਵਰਤਿਆ ਜਾਵੇਗਾ। ਬਾਕੀ ਜ਼ਮੀਨ ਦੀ ਵਰਤੋਂ ਆਲੀਸ਼ਾਨ ਰਿਹਾਇਸ਼ੀ ਇਲਾਕਿਆਂ, ਹੋਟਲਾਂ, ਮਨੋਰੰਜਨ ਪਾਰਕਾਂ, ਕਲੱਬਾਂ, ਗੋਲਫ ਕਲੱਬਾਂ, ਹਸਪਤਾਲ ਆਦਿ ਲਈ ਕੀਤੀ ਜਾਵੇਗੀ। ਕਿਉਂਕਿ ਜੋ ਵੱਡੇ ਮੈਨੇਜਮੈਂਟ ਅਧਿਕਾਰੀ ਉਥੇ ਆ ਕੇ ਰਹਿਣਗੇ ਉਹਨਾਂ ਦੇ ਆਮ ਉੱਚ ਪੱਧਰੀ ਜੀਵਨ ਜਾਂਚ ਦੇ ਮੱਦੇਨਜ਼ਰ ਇਹ ਸਭ ਲਾਜ਼ਮੀ ਹੋਵੇਗਾ। ਇਹੀ ਸਮਝ ਹੈ।

ਸੇਜ ਦੀ ਪ੍ਰਸਤਾਵਿਤ ਗਿਣਗੀ ਵਧ ਕੇ ਕਰੀਬ 100 ਹੋ ਗਈ ਹੈ ਇਸ ਨਾਲ ਚਿੰਤਤ ਹੋ ਕੇ ਵਿੱਤ ਮੰਤਰੀ ਨੇ ਵੀ ਕਿਹਾ ਹੈ ਕਿ ਜੇ ਏਨੇ ਸੇਜ ਬਣਨਗੇ ਤੇ ਬਹੁਤੇ ਉਦਯੋਗ ਉਥੇ ਹੀ ਚਲੇ ਜਾਣਗੇ ਤਾਂ ਅਸੀਂ ਵਿਕਾਸ ਯੋਜਨਾਵਾਂ ਲਈ ਧਨ। ਕਿਥੋਂ ਮੁਹੱਈਆ ਕਰਵਾਵਾਂਗੇ? ਉਹਨਾਂ ਨੇ ਪ੍ਰਧਾਨ ਮੰਤਰੀ ਕੋਲ ਸੇਜ ਦੀ ਗਿਣਤੀ ਘੱਟ ਕਰਨ ਲਈ ਅਪੀਲ ਕੀਤੀ ਹੈ। ਸੇਜ ਵਿੱਚ ਰਹਿਣ ਵਾਲੇ ਲੋਕਾਂ ਤੇ ਉਥੇ ਬਾਹਰ ਤੋਂ ਕੰਮ ਕਰਨ ਜਾਣ ਵਾਲੇ ਲੋਕਾਂ ਨੂੰ ਇਕ ਵਿਸ਼ੇਸ਼ ਪਹਿਚਾਣ ਪੱਤਰ ਰੱਖਣਾ ਪਵੇਗਾ। ਉਥੇ ਬਿਨਾ ਪਹਿਚਾਣ ਪੱਤਰ ਜਾਂ ਵਿਸ਼ੇਸ਼ ਇਜਾਜ਼ਤ ਦੇ ਕੋਈ ਨਹੀਂ ਜਾ ਸਕਦਾ ਤੇ ਉਥੇ ਜਾਣ ਦੀ ਇਜਾਜ਼ਤ ਦੇਣਾ ਸਿਰਫ ਸੇਜ ਖੇਤਰ ਦੇ ਕਮਿਸ਼ਨਰ ਦੇ ਹੱਥ ਹੋਵੇਗਾ। ਕੇਂਦਰ ਜਾਂ ਸੂਬਾ ਸਰਕਾਰ ਦਾ ਕੋਈ ਪ੍ਰਸਾਸ਼ਨਿਕ ਅਧਿਕਾਰ ਉਥੇ ਲਾਗੂ ਨਹੀਂ ਹੋਵੇਗਾ। ਸਪੱਸ਼ਟ ਹੈ ਕਿ ਸੇਜ ਨੂੰ ਕਿਉਂ ਇਕ ਵੱਖਰੀ ਸ਼੍ਰੇਣੀ 'ਚ ਰੱਖਣ ਦੀ ਜ਼ਰੂਰਤ ਹੈ, ਨਾਲ ਹੀ ਇਸ ਨੂੰ ਲੈ ਕੇ ਏਨਾ ਵਿਵਾਦ ਕਿਉਂ ਹੈ।

# ਕੀ ਸੇਜ ਨਾਲ ਦੇਸ਼ ਦਾ ਆਰਥਕ ਵਿਕਾਸ ਸੰਭਵ ਹੈ?

ਸਾਮਰਾਜੀ ਸ਼ਕਤੀਆਂ ਨੇ ਆਪਣੇ ਇਥੇ ਪੂੰਜੀਵਾਦ ਦੇ ਵਿਕਾਸ ਤੇ ਸਨਅਤੀਕਰਨ ਲਈ ਉਨੀਂਵੀ ਸਦੀ ਦੇ ਅੰਤ ਤਕ ਕਰੀਬ ਪੂਰੀ ਦੁਨੀਆਂ ਨੂੰ ਆਪਣਾ ਗੁਲਾਮ ਬਣਾ ਦਿੱਤਾ। ਏਸ਼ੀਆ, ਅਫਰੀਕਾ ਨੇ ਦੱਖਣੀ ਅਮਰੀਕਾ ਦੇ ਬਹੁਤੇ ਦੇਸ਼ ਵੱਖ-ਵੱਖ ਪੂੰਜੀਵਾਦੀ ਸਾਮਰਾਜੀ ਸ਼ਕਤੀਆਂ ਦੀਆਂ ਬਸਤੀਆਂ 'ਚ ਤਬਦੀਲ ਦੀ ਬੇਰਹਿਮ ਲੁੱਟ ਤੇ ਜਬਰ ਦੀ ਬਦੌਲਤ ਉਹਨਾਂ ਪੂੰਜੀਵਾਦੀ ਸਾਮਰਾਜੀ ਮੁਲਕਾਂ ਅੰਦਰ ਬੇਹੱਦ ਜ਼ਿਆਦਾ ਆਰਥਕ ਤੇ ਸਮਾਜਕ ਤਰੱਕੀ ਹੋਈ। ਇੰਗਲੈਂਡ ਭਾਰਤ ਦੀ ਲੁੱਟ ਖਸੁੱਟ ਕਰਕੇ ਸੰਸਾਰ ਦੀ ਸਭ ਤੋਂ ਉਨਤ ਤੇ ਵਿਸ਼ਾਲ ਸਾਮਰਾਜੀ ਸ਼ਕਤੀ ਬਣ ਗਿਆ।

ਸੰਨ 1600 'ਚ ਈਸਟ ਇੰਡੀਆ ਕੰਪਨੀ ਦਾ ਯਤਨ ਇੰਗਲੈਂਡ ਵਿੱਚ ਸੰਨ 1870 ਈਂ ਆਉਂਦੇ ਆਉਂਦੇ ਵਿਦੇਸ਼ੀ ਵਪਾਰ 'ਚ ਬ੍ਰਿਟੇਨ ਦੀ ਘਰੇਲੂ ਉਤਪਾਦ ਕੌਮਾਂਤਰੀ ਵਪਾਰ ਦੇ ਅਨੁਪਾਤ 'ਚ ਸੌ ਗੁਣਾ ਹੋ ਗਿਆ ਤੇ ਭਾਰਤ ਗਰੀਬਾਂ ਦੇਸ਼ਾਂ ਦੀ ਸ਼੍ਰੇਣੀ ਵਿੱਚ ਆ ਗਿਆ। ਇਸ ਦੌਰਾਨ ਬ੍ਰਿਟਿਸ਼ ਹਕੂਮਤ ਨੇ ਭਾਰਤ 'ਚ ਰੇਲਵੇ ਲਾਈਨਾਂ ਵਿਛਾਈਆਂ ਤੇ ਰੇਲ ਸੇਵਾ ਦਾ ਵਿਸਥਾਰ ਕੀਤਾ ਤਾਂ ਕਿ ਇਥੋਂ ਕੱਚਾ ਮਾਲ ਇੰਗਲੈਂਡ ਲਿਜਾਇਆ ਜਾ ਸਕੇ ਤੇ ਉਥੋਂ ਦਾ ਬਣਿਆ ਹੋਇਆ ਮਾਲ ਲਿਆ ਕਿ ਇਥੇ ਦੂਰ ਦੂਰ ਤਕ ਵੇਚਿਆ ਜਾ ਸਕੇ। ਇਸ ਤੋਂ ਇਲਾਵਾ ਅੰਗਰੇਜ਼ੀ ਕੰਪਨੀਆਂ ਤੇ ਪੂੰਜੀਪਤੀਆਂ ਨੇ ਭਾਰਤ 'ਚ ਅਨੇਕਾਂ ਕਾਲ ਕਾਰਖਾਨੇ ਵੀ ਲਾਏ। ਪਰ ਉਸ ਨਾਲ ਇਥੋਂ ਦਾ ਆਰਥਕ ਵਿਕਾਸ ਨਹੀਂ ਹੋਇਆ। ਇਹ ਦੇਸ਼ ਜੋ ਮੁਗਲ ਕਾਲ ਤਕ ਸੋਨੇ ਦੀ ਚਿੜੀਆ ਸੀ। ਅੰਗਰੇਜ਼ੀ ਹਕੂਮਤ ਦੌਰਾਨ ਇਕ ਗਰੀਬ ਦੇਸ਼ ਬਣ ਗਿਆ। ਇਥੇ ਬੀਮਾਰੀ ਤੇ ਅਕਾਲ ਨਾਲ ਲੱਖਾਂ ਲੋਕ ਮੌਤ ਦਾ ਸ਼ਿਕਾਰ ਹੋਣ ਲੱਗੇ। ਕਲ-ਕਾਰਖਾਨੇ ਤਾਂ ਆਏ ਰੇਲ ਲਾਈਨਾਂ ਦਾ ਜਾਲ ਜੋ ਵਿਛਿਆ, ਪਰ ਇਹ ਸਭ ਭਾਰਤ ਤੇ ਉਥੋਂ ਦੇ ਲੋਕਾਂ ਲਈ ਨਹੀਂ, ਇਸ 'ਤੇ ਰਾਜ ਕਰਨ ਵਾਲੇ ਬ੍ਰਿਟੇਨ ਤੇ ਉਥੋਂ ਦੇ ਪੂੰਜੀਪਤੀਆਂ, ਰਾਜਸੀ ਆਗੂਆਂ ਤੇ ਨੌਕਰਸ਼ਾਹ ਦੇ ਹਿੱਤ ਵਿਚ ਸੀ। ਸਿਰਫ ਕਲ ਕਾਰਖਾਨਿਆਂ ਦੇ ਆ ਜਾਣ ਨਾਲ, ਰੇਲ ਲਾਈਨਾਂ, ਹਾਈਵੇ ਬੰਦਰਗਾਹਾਂ ਤੇ ਹਵਾਈ ਅੱਡਿਆਂ ਦੀ ਉਸਾਰੀ ਨਾਲ ਕਿਸੇ ਵੀ ਦੇਸ਼ ਦਾ ਆਰਥਕ ਵਿਕਾਸ ਨਹੀਂ ਹੁੰਦਾ। ਦੇਖਣਾ ਹੁੰਦਾ ਹੈ ਕਿ ਪੈਦਾਵਾਰ ਦਾ ਮੁਨਾਫਾ ਕਿਥੇ ਜਾ ਰਿਹਾ ਹੈ ਦੇਸ਼ 'ਚ ਜਾਂ ਵਿਦੇਸ਼ 'ਚ ਉਸ 'ਤੇ ਕਿਸ ਦੀ ਮਾਲਕੀ ਤੇ ਕੰਟਰੋਲ ਹੈ, ਇਸ ਨੂੰ ਵੇਖੇ ਬਗ਼ੈਰ ਜੋ ਸਿਰਫ਼ ਕਲ-ਕਾਰਖਾਨਿਆਂ 'ਤੇ ਬੁਨਿਆਦੀ ਰਚਨਾ ਨੂੰ ਵੇਖ ਕੇ ਆਰਥਕ ਵਿਕਾਸ ਦਾ ਦਾਅਵਾ ਕਰਦੇ ਹਨ। ਉਹਨਾਂ ਦੇ ਦਾਅਵੇ ਅਕਸਰ ਗ਼ਲਤ ਸਾਬਤ ਹੁੰਦੇ ਹਨ। ਅੰਗਰੇਜ਼ੀ ਰਾਜ ਦੇ ਦਿਨਾਂ 'ਚ ਅਨੇਕ ਅੰਗਰੇਜ਼ ਪ੍ਰਸਤ ਬੁੱਧੀਜੀਵੀਆਂ ਤੇ ਆਰਥਕ ਇਤਿਹਾਸਕਾਰਾਂ ਨੇ ਉਸ ਦੌਰਾਨ ਸਨਅਤੀਕਰਨ ਤੇ ਪੈਦਾਵਾਰ ਦਾ ਹਵਾਲਾ ਦੇ ਕੇ ਭਾਰਤ ਦੀ ਆਰਥਕ ਤਰੱਕੀ ਦਾ ਸਿਧਾਂਤ ਪੇਸ਼ ਕੀਤਾ ਸੀ। ਦਾਦਾ ਭਾਈ ਨੌਰੋਜੀ ਨੇ ਇਸ ਦਾ ਡਟ ਕੇ ਵਿਰੋਧ ਕੀਤਾ ਤੇ ਵਿਖਾਇਆ ਕਿ ਕਿਸ ਤਰ੍ਹਾਂ ਰੇਲ ਤੇ ਹੋਰ ਸਨਅਤੀ ਅਦਾਰੇ ਭਾਰਤ ਨੂੰ ਨੰਗ ਤੇ ਇੰਗਲੈਂਡ ਨੂੰ ਅਮੀਰ ਬਣਾਉਣ 'ਚ ਲੱਗੇ ਹੋਏ ਹਨ। ਉਹਨਾਂ ਨੇ 'ਡ੍ਰੇਨ ਥਿਊਰੀ' ਦਿੱਤੀ ਜਿਸ 'ਚ ਸਪੱਸ਼ਟ ਤੌਰ 'ਤੇ ਵਿਖਾਇਆ ਗਿਆ ਕਿ ਬਸਤੀਵਾਦੀ ਰਾਜ ਪ੍ਰਬੰਧ

ਦੇ ਤਹਿਤ ਸਨਅਤੀਕਰਨ ਤੇ ਰੇਲ ਸੇਵਾ ਭਾਰਤ ਨੂੰ ਕੰਗਾਲ ਬਣਾ ਰਹੇ ਹਨ ਅਤੇ ਭਾਰਤ ਦੀ ਆਰਥਕ ਗਿਰਾਵਟ ਤੇ ਲੁੱਟ ਦੇ ਕਾਰਨ ਹਨ। ਦੇਸ਼ ਦੇ ਆਰਥਕ ਵਿਕਾਸ ਦਾ ਮਤਲਬ ਹੈ ਦੇਸ਼ ਦੇ ਨਾਗਰਿਕਾਂ ਦਾ ਖੁਸ਼ਹਾਲ ਹੋਣਾ, ਨਾਲ ਹੀ ਦੇਸ਼ ਦੇ ਧਨ ਤੇ ਪੈਦਾਵਾਰ ਵਿੱਚ ਵਾਧਾ ਵਿਦੇਸ਼ੀ ਮਲਕੀਅਤ 'ਚ ਜੋ ਪੈਦਾਵਾਰ ਹੁੰਦੀ ਹੈ, ਉਸ ਨੂੰ ਕੁੱਲ ਘਰੇਲੂ ਪੈਦਾਵਾਰ 'ਚ ਜੋੜਨਾ ਇਕ ਕਿਸਮ ਦਾ ਧੋਖਾ ਹੈ। ਅੰਕੜਿਆਂ ਦੀ ਇਹੀ ਧੋਖਾਧੜੀ ਦੇਸ਼ ਦੇ ਲੋਕਾਂ ਨਾਲ ਕੀਤੀ ਜਾ ਰਹੀ ਹੈ। ਜਿਸ ਪੈਦਾਵਾਰ 'ਤੇ ਸਾਡਾ ਕੰਟਰੋਲ ਨਹੀਂ, ਜਿਸ ਦਾ ਮੁਨਾਫਾ ਸਾਡਾ ਨਹੀਂ ਉਹ ਪੈਦਾਵਾਰ ਸਾਡੇ ਦੇਸ਼ ਕਿਵੇਂ?

ਸੇਜ ਤੇ ਸ਼ਾਸਤਰੀ 'ਚ ਸਮਾਨਤਾ ਕਿਵੇਂ?

ਬਸਤੀਆਂ ਤੇ ਸੇਜਾਂ 'ਚ ਕਾਫੀ ਸਮਾਨਤਾ ਹੈ। ਬਸਤੀਆਂ ਤੇ ਸੇਜ 'ਚ ਕਾਫੀ ਕੁਝ ਮਿਲਦਾ ਜੁਲਦਾ ਹੈ। ਬਸਤੀਵਾਦੀ ਯੁੱਗ ਵਿੱਚ ਬ੍ਰਿਟਿਸ਼ ਸਾਮਰਾਜਵਾਦ ਪੂਰੇ ਦੇਸ਼ 'ਚ ਕਾਨੂੰਨ ਆਪਣੇ ਹਿੱਤ ਅਨੁਸਾਰ ਬਣਾਉਂਦਾ ਸੀ। ਹੁਣ ਸੇਜ ਵਿੱਚ ਵੀ ਸਾਡੇ ਦੇਸ਼ ਦਾ ਕਨੂੰਨ ਲਾਗੂ ਨਹੀਂ ਹੋਵੇਗਾ। ਉਹਨਾਂ ਦੇ ਆਪਣੇ ਨਿਯਮ ਕਨੂੰਨ ਹੋਣਗੇ। ਇਥੇ ਕੋਈ ਕਿਰਤ ਕਨੂੰਨ ਲਾਗੂ ਨਹੀਂ ਹੋਵੇਗਾ। ਹੜਤਾਲ ਗੈਰ ਕਾਨੂੰਨੀ ਹੋਵੇਗੀ। ਇਸ ਤੋਂ ਅੱਛੀ ਗੱਲ ਸਾਮਰਾਜੀ ਤਾਕਤਾਂ ਤੇ ਉਹਨਾਂ ਦੀ ਬਹੁਕੌਮੀ ਕੰਪਨੀਆਂ ਲਈ ਕੀ ਹੋ ਸਕਦੀ ਹੈ। ਉਹ ਕਾਮਿਆਂ ਤੋਂ 12-14 ਘੰਟੇ ਕੰਮ ਲੈ ਸਕਣਗੇ। ਉਹਨਾਂ ਨੂੰ ਛੁੱਟੀ ਨਹੀਂ ਦੇਣਗੇ। ਜ਼ਿਆਦਾ ਦਿਹਾੜੀ ਮੰਗਣ 'ਤੇ ਉਹਨਾਂ ਨੂੰ ਫ਼ੌਰੀ ਕੰਮ ਤੋਂ ਹਟਾ ਦੇਣਗੇ। ਸਾਮਰਾਜੀ ਸ਼ਕਤੀਆਂ ਨੇ ਪਹਿਲਾਂ ਕੋਸ਼ਿਸ਼ ਕੀਤੀ ਕਿ ਪੂਰੇ ਦੇਸ਼ 'ਚ ਕਿਰਤ ਕਨੂੰਨਾਂ ਨੂੰ ਮੁਲਤਵੀ ਕਰ ਦਿੱਤਾ ਜਾਵੇ। ਪਰ ਕਿਰਤੀਆਂ ਦੇ ਵਿਰੋਧ ਕਾਰਨ ਉਹ ਸਫਲ ਨਹੀਂ ਹੋ ਸਕੇ। ਹੁਣ ਉਹਨਾਂ ਨੂੰ ਕਿਰਤ ਕਨੂੰਨਾਂ ਤੋਂ ਆਜ਼ਾਦ ਜੋਨ ਬਣਾਇਆ। ਇਸ ਖੇਤਰ 'ਚ ਵਿਦੇਸ਼ੀ ਕੰਪਨੀਆਂ ਨੂੰ ਭਾਰਤ ਦੀ ਇਜਾਜ਼ਤ ਬਗੈਰ 100% ਤਕ ਪੂੰਜੀ ਨਿਵੇਸ਼ ਦੀ ਛੋਟ ਹੈ। ਇਹ ਕੰਪਨੀਆਂ ਤੇ ਇਹਨਾਂ ਦੇ ਕਮਰਚਾਰੀ ਪੂਰੇ ਦਾ ਪੂਰਾ ਮੁਨਾਫਾ ਦੇਸ਼ ਦੇ ਬਾਹਰ ਲੈ ਜਾ ਸਕਦੇ ਹਨ। ਅਜਿਹੀਆਂ ਛੋਟਾਂ ਬਸਤੀਵਾਦੀ ਵਪਾਰ ਲਈ ਹੋਇਆ ਕਰਦੀਆਂ ਸਨ। ਪਰ ਸੇਜ ਵਿੱਚ ਕੁਝ ਅਜਿਹੇ ਫਾਇਦੇ ਵੀ ਹਨ। ਜੋ ਵਿਦੇਸੀ ਕੰਪਨੀਆਂ ਨੂੰ ਆਪਣੇ ਦੇਸ਼ ਵਿੱਚ ਵੀ ਹਾਸਲ ਨਹੀਂ ਹਨ ਜਿਵੇਂ ਹਰ ਕਿਸਮ ਦੀ ਟੈਕਸ ਅਦਾਇਗੀ ਤੋਂ ਮੁਕਤੀ। ਫਿਰ ਕੀ? ਅਥਾਹ ਮੁਨਾਫੇ ਦਾ ਦਰਵਾਜਾ ਖੁੱਲ੍ਹਾ ਹੈ। ਇਸ ਤੋਂ ਇਲਾਵਾ ਵਿਕਸਤ ਪੂੰਜੀਵਾਦੀ ਦੇਸਾਂ (ਸਾਮਰਾਜੀ ਦੇਸ਼ਾਂ) ਦੀਆਂ ਕੰਪਨੀਆਂ ਜਦ ਆਪਣੇ ਦੇਸ਼ 'ਚ ਕਲ ਕਾਰਖਾਨੇ ਸਥਾਪਤ ਕਰਦੀਆਂ ਹਨ ਤਾਂ ਉਨ੍ਹਾਂ ਨੂੰ ਗਰੀਬ ਦੇਸ਼ਾਂ ਤੋਂ ਕੁਝ ਕਿਰਤੀ ਮੰਗਵਾਉਣੇ ਪੈਂਦੇ ਹਨ। ਉਹ ਵੀ ਮੁਕਾਬਲਤਨ ਮਹਿੰਗੀ ਦਿਹਾੜੀ 'ਤੇ। ਪਰ ਸੇਜ ਵਿੱਚ ਤਾਂ ਸਾਡੇ ਦੇਸ਼ ਦੀ ਸਸਤੀ ਕਿਰਤ ਸ਼ਕਤੀ ਉਹਨਾਂ ਨੂੰ ਹਮੇਸ਼ਾ ਲਈ ਮੁਹੱਈਆ ਹੈ। ਫਿਰ ਇਹਨਾਂ ਕੰਪਨੀਆਂ ਨੂੰ ਉਦਯੋਗ ਲਈ ਕੱਚਾ ਮਾਲ ਬਾਹਰੋਂ ਨਹੀਂ ਮੰਗਵਾਉਣਾ ਪੈਂਦਾ। ਇਹ ਸਭ ਉਹਨਾਂ ਨੂੰ ਇਥੇ ਹੀ ਮੁਹੱਈਆ ਹੈ ਅਤੇ ਉਹ ਵੀ ਸਸਤੀਆਂ ਦਰਾਂ 'ਤੇ ਇਸ ਤਰ੍ਹਾਂ ਸੇਜ ਵਿੱਚ ਉਦਯੋਗਾਂ ਨੂੰ ਸਥਾਪਤ ਕਰਨ 'ਚ ਲਾਗਤ ਬਹੁਤ ਘੱਟ ਹੈ ਤੇ ਮੁਨਾਫਾ ਹੀ ਮੁਨਾਫਾ ਹੈ। ਇਸ ਲਈ ਵਿਦੇਸ਼ੀ ਕੰਪਨੀਆਂ ਬੈਂਕ ਤੇ ਹੋਰ ਵਿੱਤੀ ਸੰਸਥਾਵਾਂ, ਖੁਦ ਵੀ ਸਿੱਧੀ ਪੂੰਜੀ ਨਿਵੇਸ ਕਰਦੀਆਂ ਹਨ ਤੇ ਭਾਰਤੀ ਕੰਪਨੀਆਂ ਰਹੀਂ ਵੀ। ਪਰ ਦੇਸ਼ ਲਈ ਸੇਜ ਦੀ ਇਹ ਵਿਵਸਥਾ ਘਾਤਕ ਹੈ।

ਸਾਡੀ ਪ੍ਰਭੂ ਸਤਾ ਤੇ ਵੀ ਇਹ ਪ੍ਰਸ਼ਨ ਚਿੰਨ ਹੈ। ਦੁਨੀਆਂ 'ਚ ਪੂੰਜੀਵਾਦ ਦਾ ਵਿਕਾਸ ਆਪਣੇ ਦੇਸ਼ ਦੇ ਮੇਹਨਤਕਸ਼ਾਂ ਦੇ ਸੋਸਣ ਨਾਲ ਨਾਲ ਬਸਤੀਆਂ ਦੀ ਬੇਹਰਹਿਮ ਲੁੱਟ-ਖਸੁੱਟ ਦੀ ਬਦੌਲਤ ਹੋਇਆ। 18ਵੀਂ ਤੇ 19ਵੀਂ ਸ਼ਤਾਬਦੀ ਦੌਰਾਨ ਪੂੰਜੀਵਾਦੀ ਦੇਸ਼ਾਂ ਨੇ ਸਾਡੀ ਦੁਨੀਆ ਦਾ ਉਪ ਨਿਵੇਸ਼ੀਕਰਨ ਕੀਤਾ। ਆਸਟਰੇਲੀਆ ਤੇ ਉਨਰੀ ਅਮਰੀਕਾ ਦੇ ਮੂਲ ਨਿਵਾਸੀਆਂ ਨੂੰ ਨੇਸਤਨਾਬੂਦ ਕਰਕੇ ਉਹਨਾਂ ਨੂੰ ਪੂਰੀ ਤਰ੍ਹਾਂ ਬੇਦਖਲ ਕਰ ਦਿੱਤਾ। ਪੱਛਮੀ ਪੂੰਜੀਵਾਦ ਨੇ ਆਪਣੇ ਕਲ-ਕਾਰਖਾਨਿਆਂ ਨੂੰ ਇਹਨਾਂ ਬਸਤੀਆਂ 'ਚ ਲਾਇਆ। ਪਰ ਇਹਨਾਂ ਸਾਰੇ ਦੇਸ਼ਾਂ ਦੀ ਹਾਲਤ ਬੇਹੱਦ ਖਰਾਬ ਹੋ ਗਈ। ਜਪਾਨ ਬਸਤੀ ਨਹੀਂ ਬਣਿਆ, ਇਸ ਲਈ ਹੀ ਉਹ ਆਪਣਾ ਵਿਕਾਸ ਕਰ ਸਕਿਆ। ਚੀਨ 'ਤੇ ਅੰਗਰੇਜ਼ਾਂ ਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਤਿੰਨ ਵਾਰੀ ਹਮਲੇ ਕਰਕੇ ਉਸ ਨੂੰ ਅਫੀਮ ਤੇ ਹੋਰ ਅੰਗਰੇਜ਼ੀ ਸਮਾਨ ਖਰੀਦਣ ਲਈ ਮਜ਼ਬੂਰ ਕੀਤਾ। ਇਸ ਨੂੰ ਅਫੀਮ ਯੁੱਧ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਚੀਨ 'ਚ ਸਾਮਰਾਜਵਾਦ ਤੇ ਜਾਗੀਰਦਾਰੀ ਖਿਲਾਫ ਇਨਕਲਾਬ ਪਿਛੋਂ ਹੀ ਆਜ਼ਾਦ ਤੇ ਤੇਜ਼ ਵਿਕਾਸ ਦਾ ਰਾਹ ਖੁੱਲ੍ਹਿਆ। ਹੋਰਨਾਂ ਦੇਸ਼ਾਂ ਵਿੱਚ ਦੂਜੀ ਸੰਸਾਰ ਜੰਗ ਪਿਛੋਂ ਵਿਆਪਕ ਲੋਕ ਸੰਘਰਸ਼ ਤੇ ਸੰਸਾਰ ਜੰਗ ਦੀ ਬਰਬਾਦੀ ਦੇ ਅਸਰ ਨਾਲ ਇੰਗਲੈਂਡ, ਫਰਾਂਸ, ਜਰਮਨੀ, ਪੁਰਤਗਾਲ, ਸਪੇਨ ਆਦਿ ਦੇਸ਼ ਬਸਤੀਆਂ ਤੋਂ ਹਟਣ ਲਈ ਮਜ਼ਬੂਰ ਹੋਏ ਪਰ ਉਥੋਂ ਹਟਣ ਦੇ ਬਾਵਜੂਦ ਇਹਨਾਂ ਦੇਸ਼ਾਂ ਨੇ ਵਿਕਾਸਸ਼ੀਲ ਦੇਸ਼ਾਂ ਦੀ ਲੁੱਟ ਨਵੇਂ ਰਾਜਸੀ ਆਰਥਕ ਤੇ ਸਮਾਜਿਕ ਤਰੀਕਿਆਂ ਨਾਲ ਜਾਰੀ ਰੱਖੀ।

ਦੂਜੇ ਸੰਸਾਰ ਯੁੱਧ ਪਿਛੋਂ ਸੋਵੀਅਤ ਯੂਨੀਅਨ ਦੇ ਇਕ ਮਹਾਂਸ਼ਕਤੀ ਵਜੋਂ ਉਭਰਨ ਤੇ ਚੀਨ 'ਚ ਕ੍ਰਾਂਤੀ ਕਾਰਨ ਪੱਛਮੀ ਸਾਮਰਾਜਵਾਦ ਦੀ ਪਕੜ ਦੁਨੀਆਂ ਦੇ ਛੋਟੇ ਵੱਡੇ ਗਰੀਬ ਦੇਸ਼ਾਂ 'ਤੇ ਕਮਜ਼ੋਰ ਹੋਈ। ਪਰ ਸੋਵੀਅਤ ਯੂਨੀਅਨ ਦੇ ਖਿੰਡਾਅ ਤੇ ਚੀਨ ਵਲੋਂ ਪੱਛਮੀ (ਪੂੰਜੀਵਾਦੀ) ਵਿਕਾਸ ਦਾ ਰਾਹ ਅਪਣਾਏ ਜਾਣ ਪਿਛੋਂ ਪੂੰਜੀਵਾਦੀ ਸਾਮਰਾਜੀ ਦੇਸ਼ਾਂ ਵੱਲੋਂ ਅਮਰੀਕੀ ਸਾਮਰਾਜ ਦੀ ਅਗਵਾਈ ਵਿੱਚ ਫਿਰ ਨਵੇਂ ਤਰੀਕਿਆਂ ਨਾਲ ਬਸਤੀਵਾਦ ਦਾ ਅਮਲ ਚਲਾਇਆ ਗਿਆ ਤਦ ਉਹਨਾਂ ਨੇ ਵਿਸ਼ਵੀਕਰਨ ਦਾ ਨਾਹਰਾ ਦਿੱਤੇ ਤੇ ਡੀਕਲ ਦਸਤਾਵੇਜ ਦੇ ਆਧਾਰ 'ਤੇ ਵਿਸ਼ਵ ਵਪਾਰ ਸੰਗਠਨ ਬਣਾਇਆ। ਵਿਸ਼ਵ ਵਪਾਰ ਸੰਗਠਨ ਦੇ ਦਸਤਾਵੇਜ਼ ਦੇ ਪਹਿਲੇ ਪੰਨੇ ਉਪਰ ਹੀ ਆਪਣਾ ਉਦੇਸ਼ ਸਪੱਸ਼ਟ ਕੀਤਾ ਗਿਆ ਹੈ ਕਿ ਆਜਾਦ ਬਾਜ਼ਾਰ ਨਾਲ ਵਿਕਾਸਸ਼ੀਲ ਦੇਸ਼ਾਂ ਨੂੰ ਵਿਸ਼ਵ ਬਾਜ਼ਾਰ 'ਚ ਦਾਖਲਾ ਮਿਲੇਗਾ ਤੇ ਉਥੋਂ ਗਰੀਬੀ ਹਟੇਗੀ। ਪਰ ਵਿਕਸਤ ਦੇਸ਼ ਆਪਣੇ ਇਥੇ ਖੇਤੀ ਤੇ ਹੋਰ ਖੇਤਰਾਂ ਵਿੱਚ ਰਾਖਵਾਕਰਨ ਕਾਇਮ ਰੱਖ ਰਹੇ ਹਨ ਜਦਕਿ ਵਿਕਾਸਸ਼ੀਲ ਦੇਸ਼ 'ਚ ਬਾਜ਼ਾਰ ਪੂੰਜੀ-ਬਾਜ਼ਾਰ ਸਮੇਤ ਵਿਕਸਤ ਸਾਮਰਾਜੀ ਮੁਲਕਾਂ ਦੇ ਲਈ ਖੁੱਲ੍ਹ ਗਏ ਹਨ ਅਤੇ ਇਸ ਨਾਲ ਇਹਨਾਂ ਦੇਸ਼ਾਂ ਦੀ ਆਰਥਕ ਲੁੱਟ ਵੱਧ ਗਈ ਹੈ। ਵਿਸ਼ਵ ਵਪਾਰ ਸੰਗਠਨ ਦਾ ਦੋਹਾ ਗੇੜ ਖੇਤੀ 'ਤੇ ਅਮਰੀਕਾ ਤੇ ਯੂਰਪੀਅਨ ਯੂਨੀਅਨ ਦੇ ਉਹਨਾਂ ਦੇਸ਼ਾਂ 'ਚ ਦਿੱਤੀ ਜਾ ਰਹੀ 360 ਬਿਲੀਅਨ ਡਾਲਰ ਯੂਨੀਅਨ ਦੇ ਉਹਨਾਂ ਦੇਸ਼ਾਂ 'ਚ ਦਿੱਤੀ ਜਾ ਰਹੀ 360 ਬਿਲੀਅਨ ਡਾਲਰ ਗਰਾਂਟ ਦੇ ਮੁੱਦੇ 'ਤੇ ਵੁਹਨਾਂ ਦੇ ਅੜੀਅਲ ਰੁੱਖ ਕਾਰਨ ਸਾਲਾਂ ਤੋਂ ਖਟਾਈ ਵਿੱਚ ਪਿਆ ਹੋਇਆ ਹੈ। ਸੰਸਾਰ ਵਪਾਰ ਸੰਗਠਨ ਕੌਮਾਂਤਰੀ ਮੁਦਰਾ ਕੋਸ਼ 'ਤੇ ਵਿਸ਼ਵ ਬੈਂਕ ਰਾਹੀਂ ਵਿਕਾਸਸ਼ੀਲ ਦੇਸ਼ਾਂ ਦੀ ਆਰਥਕ ਨੀਤੀਆਂ ਨੂੰ ਨਿਯਮਬੱਧ ਕੀਤਾ ਜਾ

ਰਿਹਾ ਹੈ। ਇਹਨਾਂ ਰਾਹੀਂ ਇਕ ਐਸੀ ਵਿਸ਼ਵ ਆਰਥਕ ਵਿਵਸਥਾ ਦੀ ਉਸਾਰੀ ਕੀਤੀ ਜਾ ਰਹੀ ਹੈ ਜਿਸ 'ਚ ਅਮੀਰ ਦੇਸ਼ ਹੋਰ ਅਮੀਰ ਹੁੰਦੇ ਜਾ ਰਹੇ ਹਨ ਅਤੇ ਗਰੀਬ ਦੇਸ਼ ਹੋਰ ਗਰੀਬ। ਇਸ ਦੇ ਨਾਲ ਹੀ ਹਰੇਕ ਦੇਸ਼ 'ਚ ਅਮੀਰਾਂ-ਗਰੀਬਾਂ ਵਿਚਕਾਰ ਦੀ ਖਾਈ ਚੌੜੀ ਹੁੰਦੀ ਜਾ ਰਹੀ ਹੈ। ਭਾਰਤ ਦੇ 77% ਲੋਕਾਂ ਦੀ ਔਸਤ ਆਮਦਨ ਸਿਰਫ਼ 20 ਰੁਪਏ ਰੋਜ਼ਾਨਾ ਹੈ। ਪਰ ਦੂਜੇ ਪਾਸੇ ਦੁਨੀਆਂ ਦੇ 10 ਵੱਡੇ ਧਨੀ ਲੋਕਾਂ 'ਚ 4 ਭਾਰਤੀ ਹਨ। ਅੱਜ ਖਰਬਪਤੀਆਂ ਦੀ ਗਿਣਤੀ 'ਚ ਭਾਰਤ ਏਸ਼ੀਆ ਵਿੱਚ ਸਭ ਤੋਂ ਅੱਗੇ ਹੈ। ਇਸ ਨੇ ਜਪਾਨ ਨੂੰ ਪਿੱਛੇ ਛੱਡ ਦਿੱਤਾ। 1990 'ਚ ਦੇਸ਼ 'ਚ ਕਰੋੜਪਤੀਆਂ ਦੀ ਸੰਖਿਆ ਕਰੀਬ 20000 ਸੀ। ਅੱਜ ਇਹ ਇਕ ਲੱਖ ਤੋਂ ਉਪਰ ਜਾ ਚੁੱਕੀ ਹੈ। ਵਿਸ਼ਵੀਕਰਨ, ਉਦਾਰੀਕਰਨ ਤੇ ਨਿਜੀਕਰਨ ਦੇ ਇਸ ਦੌਰ ਵਿੱਚ ਬਹੁਕੌਮੀ ਕੰਪਨੀਆਂ ਦੇ ਨਾਲ ਨਾਲ ਸਾਡੇ ਦੇਸ਼ ਦੇ ਵੱਡੇ ਸਨਅਤਕਾਰ ਤੇ ਕੇਂਦਰ, ਨੌਕਰਸ਼ਾਹ ਤੇ ਰਾਜ ਨੇਤਾ ਮਾਲੋ ਮਾਲ ਹੋ ਰਹੇ ਹਨ। ਸੇਜ ਇਸੇ ਵਿਸ਼ਵੀਕਰਨ ਦੀ ਉਪਜ ਹੈ। ਜਿਥੇ ਦੇਸੀ ਵਿਦੇਸ਼ੀ (ਸਾਮਰਾਜੀ) ਕੰਪਨੀਆਂ ਦਾ 'ਰਾਜ' ਚਲਦਾ ਹੈ। ਕੋਈ ਵਰਗ ਦੇਸ਼ ਜੋ ਕੌਮੀ ਸਵੈਮਾਨ ਤੇ ਆਪਣੇ ਦੇਸ਼ ਦੀ ਮੇਹਨਤਕਸ਼ ਜਨਤਾ ਦੇ ਅਧਿਕਾਰ ਨੂੰ ਮਾਨਤਾ ਦਿੰਦਾ ਹੈ। ਇਸ ਦੀ ਇਜਾਜ਼ਤ ਨਹੀਂ ਦੇ ਸਕਦਾ। ਪਿੰਡਾਂ ਨੂੰ ਉਜਾੜ ਕੇ ਖੇਤਾਂ 'ਚ ਖੇਤੀ ਬੰਦ ਕਰਕੇ, ਲੁੱਟ ਘਸੁੱਟ ਤੇ ਆਯਾਸੀ ਦੇ ਅਜਿਹੇ ਅੱਡਿਆਂ ਦੀ ਉਸਾਰੀ ਕਰਨਾ ਦੇਸ਼ ਤੇ ਆਮ ਲੋਕਾਂ ਨਾਲ ਗਦਾਰੀ ਹੈ। ਹੁਣ ਹੋਰ ਨੰਦੀਗ੍ਰਾਮ ਨਹੀਂ ਚਾਹੀਦੇ। ਇਸ ਲਈ ਸੇਜ ਦੀ ਵਿਵਸਥਾ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਹੀ ਦੇਸ਼ ਦੇ ਹਿੱਤ ਵਿੱਚ ਹੈ।

# ਰਾਸ਼ਟਰ ਮੰਡਲ ਖੇਡਾਂ ਦੀ ਤਿਆਰੀ ’ਤੇ ਕੀ ਹੈ ਮੰਦੀ ਦਾ ਅਸਰ?

14 ਨਵੰਬਰ 2003 ਭਾਰਤੀ ਖੇਡਾਂ ਦੇ ਇਤਿਹਾਸ ਵਿੱਚ ਇੱਕ ਇਤਿਹਾਸਕ ਦਿਨ ਹੀ ਕਿਹਾ ਜਾ ਸਕਦਾ ਹੈ। ਇਸੇ ਦਿਨ ਭਾਰਤ ਨੇ ਜਮੈਕਾ ਦੇ ਮੋਂਟਿੰਗੋਬੇ ਸ਼ਹਿਰ ਵਿੱਚ ਕਨੇਡਾ ਦੇ ਹੈਮਿਲਟਨ ਨੂੰ 46 ਦੇ ਮੁਕਾਬਲੇ 22 ਵੋਟਾਂ ਨਾਲ ਹਰਾ ਕੇ ਦਿੱਲੀ ’ਚ 2010 ਵਿੱਚ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕਰਨ ਦਾ ਮਾਣ ਹਾਸਲ ਕੀਤਾ ਸੀ। ਖੇਡਾਂ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਸੀ ਜਦ ਭਾਰਤ ਨੂੰ ਇਹ ਮਾਣ ਮਿਲਿਆ। ਭਾਰਤੀ ਉਲੰਪਿਕ ਸੰਘ ਦੇ ਅਧਿਕਾਰੀ ਇਸ ਸਫਲਤਾ ਤੋਂ ਬਹੁਤ ਖੁਸ਼ ਸਨ। ਜਮੈਕਾ ’ਚੋ ਵੋਟਿੰਗ ਸਮੇਂ ਕ੍ਰਿਕਟ ਦੇ ਸਮਰਾਟ ਸੁਨੀਲ ਗਾਵਸਕਰ, ਨਿਸ਼ਾਨੇਬਾਜ ਅੰਜਲੀ ਭਗਵਤ, ਬਿਲਿਆਈਸ, ਕਿੰਗ ਮਾਈਕਲ ਫਰੇਰਾ ਤੇ ਪੀ. ਟੀ. ਊਸਾ ਵੀ ਉਥੇ ਮੌਜੂਦ ਸਨ। ਕਿਉਂਕਿ ਉਸ ਸਮੇਂ ਭਾਜਪਾ ਦੀ ਸਰਕਾਰ ਸੱਤਾ ਵਿੱਚ ਸੀ। ਇਸ ਲਈ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦਾ ਵੀਡੀਓ ਸੰਦੇਸ਼ ਵੀ ਰਾਸ਼ਟਰਮੰਡਲ ਖੇਡ ਸੰਘ ਦੇ 71 ਦੇਸ਼ਾਂ ਦੇ ਨੁਮਾਇੰਦਿਆਂ ਸਾਹਮਣੇ ਵਿਖਾਇਆ ਗਿਆ। ਹਾਲਾਂਕਿ ਭਾਰਤ ਦੇ ਖੇਡ ਅਧਿਕਾਰੀ ਬਦਇੰਤਜ਼ਾਮੀ ਲਈ ਬਦਨਾਮ ਹਨ ਪਰ ਉਸ ਸਮੇਂ ਅਜੇਹਾ ਲੱਗਿਆ ਕਿ ਸੱਤ ਸਾਲ ਦਾ ਸਮਾਂ ਕਾਫੀ ਲੰਬਾ ਹੈ ਤੇ ਇਹਨਾਂ ਸੱਤਾਂ ਸਾਲਾਂ ਵਿੱਚ ਦਿੱਲੀ ਇਹਨਾਂ ਖੇਡਾਂ ਦੇ ਆਯੋਜਨ ਲਈ ਪੂਰੀ ਤਰ੍ਹਾਂ ਤਿਆਰ ਹੋ ਜਾਵੇਗੀ। ਸ਼ਾਇਦ ਉਲੰਪਿਕ ਸੰਘ ਦੇ ਅਧਿਕਾਰੀ ਅਤੇ ਸਰਕਾਰ ਦੇ ਬਾਬੂ ਵੀ ਇਸ ਧੋਖੇ ਵਿੱਚ ਹੀ ਰਹੇ। ਪਤਾ ਹੀ ਨਹੀਂ ਲੱਗਿਆ ਕਿ ਸਮਾਂ ਕਿਵੇਂ ਬੀਤ ਗਿਆ ਬਿਨਾਂ ਕਿਸੇ ਕੰਮ ਦੇ। ਤੇ ਹੁਣ ਜਦ ਖੇਡਾਂ ਸਿਰ ’ਤੇ ਆ ਗਈਆਂ ਹਨ ਤਾਂ ਚਾਰੇ ਪਾਸੇ ਹਾ ਹਾ ਕਾਰ ਮੱਚੀ ਹੋਈ ਹੈ। ਕਿਸੇ ਵੀ ਸਟੇਡੀਅਮ ਜਾਂ ਮੈਦਾਨ ਨੂੰ ਵੇਖ ਕੇ ਲੱਗਦਾ ਨਹੀਂ ਕਿ ਉਥੇ ਚਲ ਰਹੇ ਕੰਮ ਖੇਡਾਂ ਦੇ ਆਉਣ ਤਕ ਸੰਤੋਸ਼ਜਨਕ ਤਰੀਕੇ ਨਾਲ ਖਤਮ ਹੋ ਜਾਣਗੇ। ਜੇ ਕਿਸੇ ਤਰ੍ਹਾਂ ਖਿਚੋਤਾਣ ਕਰਕੇ ਕੰਮ ਖਤਮ ਵੀ ਕਰ ਦਿੱਤਾ ਤਾਂ ਕਰ ਦਾਤਿਆਂ ਨੂੰ ਉਸ ਦੀ ਵੱਡੀ ਕੀਮਤ ਚਕਾਉਣੀ ਪਵੇਗੀ। ਕਿਉਂਕਿ ਜੋ ਕੰਮ ਸਮੇਂ ਸਿਰ ਬਜਟ ਦੇ ਅਧੀਨ ਹੋ ਸਕਦਾ ਸੀ ਹੁਣ ਕਿਸੇ ਵੀ ਕੀਮਤ ’ਤੇ ਕੀਤਾ ਜਾਵੇਗਾ। ਇਹਨਾਂ ਸਭ ਗੱਲਾਂ ਦੇ ਮੱਦੇਨਜ਼ਰ ਰਾਸ਼ਟਰਮੰਡਲ ਖੇਡਾਂ ਲਈ ਗਠਿਤ ਸੰਸਦ ਦੀ ਵਿਸ਼ੇਸ਼ ਸਥਾਈ ਸੰਮਤੀ (ਸਟੈਡਿੰਗ ਕਮੇਟੀ) ਨੇ ਵੀ ਕੰਮ ਦੀ ਮੱਠੀ ਰਫਤਾਰ ’ਤੇ ਚਿੰਤਾ ਜਾਹਰ ਕੀਤੀ ਹੈ। ਰਾਜ ਸਭਾ ਸੰਸਦ ਤੇ ਮਾਕਪਾ ਨੇਤਾ ਸੀਤਾ ਰਾਮ ਯੇਚੁਰੀ ਦੀ ਪ੍ਰਧਾਨਗੀ ਵਿੱਚ ਸਥਾਈ ਸੰਮਤੀ ਨੇ ਹੋਟਲਾਂ ਦੀ ਘਾਟ ਤੇ ਵਿਦੇਸ਼ੀਆਂ ਲਈ ਬੇਹਤਰ ਸਹੂਲਤਾਂ ਦੀ ਕਮੀ ’ਤੇ ਵਿਸ਼ੇਸ਼ ਧਿਆਨ ਦਿੱਤਾ ਹੈ। ਸੰਮਤੀ ਨੇ ਮੰਨਿਆ ਹੈ ਕਿ ਹੋਰ ਕਈ ਖੇਤਰਾਂ ਵਿੱਚ ਵੀ ਬਹੁਤ ਮੱਠੀ ਰਫਤਾਰ ਨਾਲ ਕੰਮ ਹੋਇਆ ਹੈ। ਅਤੇ ਯੇਚੁਰੀ ਨੇ ਸਾਫ ਸ਼ਬਦਾਂ ਵਿੱਚ ਦਿੱਲੀ ਸਰਕਾਰ ਦੇ ਕਈ ਵਿਭਾਗਾਂ ਦੀ ਅਲੋਚਨਾ ਕੀਤੀ ਹੈ। ਯੇਚੁਰੀ ਅਨੁਸਾਰ ਖੇਡਾਂ ਨਾਲ ਕਈ ਵਿਭਾਗ ਜੁੜੇ ਹਨ। ਜਿਵੇਂ ਡੀ. ਡੀ ਏ., ਸੀ. ਪੀ. ਡਬਲਯੂ. ਡੀ., ਐਮ. ਸੀ. ਡੀ. ਤੇ ਐਨ. ਡੀ. ਐਮ. ਸੀ. ਆਦਿ। ਪਰ ਇਹਨਾਂ ’ਚ ਆਪਸੀ ਕੋਈ ਤਾਲਮੇਲ

ਨਹੀਂ ਹੈ। ਜਦ ਸੰਸਦ 'ਚ ਰਿਪੋਰਟ ਪੇਸ਼ ਕੀਤੀ ਜਾ ਰਹੀ ਸੀ ਤਾਂ ਖੇਡਾਂ ਦੀ ਆਯੋਜਨ ਸੰਮਤੀ ਦੇ ਮੀਤ ਪ੍ਰਧਾਨ ਰਣਧੀਰ ਸਿੰਘ ਮੀਡੀਆ ਨਾਲ ਮੁਖਾਤਿਬ ਹੋਏ। ਜਦ ਮੀਡੀਆ ਨੇ ਸਿੰਘ ਦੇ ਸਾਹਮਣੇ ਯੇਚੁਰੀ ਦੇ ਦਾਅਵਿਆਂ ਨੂੰ ਰੱਖਿਆ ਤਾਂ ਰਣਧੀਰ ਸਿੰਘ ਨੇ ਕਿਹਾ ਕਿ ਇਨ੍ਹਾਂ ਗੱਲਾਂ 'ਚ ਦਮ ਨਹੀਂ ਹੈ। ਉਹਨਾਂ ਅਨੁਸਾਰ 2010 ਤੱਕ ਸਟੇਡੀਅਮ 'ਚ ਕੌਮਾਂਤਰੀ ਸਹੂਲਤਾਂ ਹੋਣਗੀਆਂ ਪਰ ਇਹਨਾਂ 'ਚ ਜੇ ਕੋਈ ਖਾਮੀ ਪਾਈ ਗਈ ਤਾਂ ਕੀ ਉਸ ਨੂੰ ਸੁਧਾਰਨ ਲਈ ਸਮਾਂ ਮਿਲੇਗਾ? ਇਥੇ ਇਹ ਗੱਲ ਯਾਦ ਦਵਾਉਣੀ ਉਚਿਤ ਹੋਵੇਗੀ ਕਿ 1982 ਦੀਆਂ ਦਿੱਲੀ ਏਸ਼ੀਆਈ ਖੇਡਾਂ ਲਈ ਕੰਮ ਦੇਰ ਨਾਲ ਸ਼ੁਰੂ ਹੋਇਆ ਸੀ ਤੇ ਜਲਦਬਾਜ਼ੀ 'ਚ ਹਰ ਸਟੇਡੀਅਮ 'ਚ ਕੋਈ ਨਾ ਕੋਈ ਕਮੀ ਰਹਿ ਗਈ ਸੀ। ਨੈਸ਼ਨਲ ਸਟੇਡੀਅਮ 'ਚ ਹਾਕੀ ਦਾ ਬਣਾਉਟੀ ਘਾਹ ਗ਼ਲਤ ਹੋਣ ਕਾਰਨ ਉਖੜ ਗਿਆ ਤੇ ਦੁਬਾਰਾ ਲਾਉਣਾ ਪਿਆ ਸੀ। ਜਵਾਹਰ ਲਾਲ ਨਹਿਰੂ ਸਟੇਡੀਅਮ ਦਾ ਸਿੰਥੈਟਿਕ ਟ੍ਰੈਕ ਥੋੜਾ ਛੋਟਾ ਸੀ ਤਾਂ ਇੰਦਰਾ ਗਾਂਧੀ ਇੰਡੋਰ ਸਟੇਡੀਅਮ ਦੀ ਛੱਤ ਤੋਂ ਪਾਣੀ ਡਿੱਗਦਾ ਸੀ ਜੋ 15 ਸਾਲਾਂ ਬਾਅਦ ਵੀ ਠੀਕ ਨਹੀਂ ਹੋ ਸਕਿਆ। ਇਸੇ ਸਟੇਡੀਅਮ ਦੇ ਨਾਲ ਸਾਈਕਲਿੰਗ ਟ੍ਰੈਂਕ ਵੀ ਸੀ ਜੋ ਠੀਕ ਨਾ ਹੋਣ ਕਾਰਨ ਦੁਬਾਰਾ ਬਣਾਇਆ ਗਿਆ। ਅੱਜ ਜ਼ਮੀਨੀ ਹਕੀਕਤ ਵੇਖ ਕੇ ਲੱਗਦਾ ਹੈ ਕਿ ਇਹੀ ਸਭ ਅਗਲੇ ਸਾਲ ਹੋਣ ਵਾਲੀਆਂ ਰਾਸ਼ਟਰਮੰਡਲ ਖੇਡਾਂ ਤੋਂ ਪਹਿਲਾਂ ਵੀ ਹੋਵੇਗਾ ਕਿਉਂਕਿ ਕੰਮ ਖਤਮ ਕਰਨ ਦੀਆਂ ਜਲਦੀ 'ਚ ਗਲਤੀਆਂ ਲਾਜਮੀ ਹੋਣਗੀਆਂ। ਰਣਧੀਰ ਸਿੰਘ ਨੇ ਘੱਟੋ ਘੱਟ ਇਹ ਤਾਂ ਮੰਨਿਆ ਹੈ ਕਿ ਸਾਈਕਲਿੰਗ ਵੇਲੋਡ੍ਰੋਮ 'ਚ ਕੰਮ ਦੀ ਰਫਤਾਰ ਮੱਠੀ ਹੈ। ਜਿਥੋਂ ਤਕ ਤੀਰ ਅੰਦਾਜ਼ੀ ਦੇ ਸਟੇਡੀਅਮ ਦੀ ਗੱਲ ਹੈ ਉਥੇ ਤਾਂ ਅਜੇ ਕੰਮ ਸ਼ੁਰੂ ਵੀ ਨਹੀਂ ਹੋਇਆ। ਐਥਲੀਟਾਂ ਦੇ ਰਹਿਣ ਲਈ ਅਖਸਰਧਾਮ ਮੰਦਰ ਕੋਲ ਬਣਨ ਵਾਲੇ ਖੇਡ ਪਿੰਡ ਅਤੇ ਸੀਰੀ ਕੋਰਟ 'ਚ ਬੈਡਮਿੰਟਨ ਹਾਲ ਦਾ ਮਾਮਲਾ ਕੋਰਟ ਵਿੱਚ ਹੈ। ਇਹ ਦੋਨੋਂ ਹੀ ਵਾਤਾਵਰਣ ਦੇ ਨਿਯਮ ਤੋੜ ਕੇ ਬਣਾਏ ਜਾ ਰਹੇ ਹਨ। ਇਸ ਕਾਰਨ ਇਥੇ ਵੀ ਕੰਮ 'ਚ ਫਰਕ ਹੋਵੇਗਾ। ਇਸ ਦੌਰਾਨ ਕਾਮਨ ਵੈਲਥ ਗੇਮ ਫੈਡਰੇਸ਼ਨ ਨੇ ਵੀ ਭਾਰਤੀ ਉਲੰਪਿਕ ਸੰਘ ਤੋਂ ਜੁਆਬ ਤਲਬ ਕਰਨ 'ਚ ਕੁਝ ਨਰਮੀ ਵਿਖਾਉਣੀ ਸ਼ੁਰੂ ਕਰ ਦਿੱਤੀ ਹੈ। ਇਸ ਦਾ ਮੁੱਖ ਕਾਰਨ ਹੈ ਕੌਮਾਂਤਰੀ ਬਾਜ਼ਾਰ ਵਿੱਚ ਮੰਦੀ। ਕੁਝ ਸਮੇਂ ਪਹਿਲਾਂ ਫੈਡਰੇਸ਼ਨ ਨੇ ਖੇਡਾਂ ਨੂੰ ਦਿੱਲੀ ਤੋਂ ਹਟਾ ਕੇ ਕਿਸੇ ਹੋਰ ਥਾਂ ਕਰਨ ਦੀ ਗੱਲ ਕੀਤੀ ਸੀ ਪਰ ਆਰਥਕ ਮੰਦੀ ਦੀ ਵਜ੍ਹਾ ਕਰਕੇ ਕੋਈ ਦੇਸ਼ ਇਹ ਭਾਰ ਚੁਕਣ ਲਈ ਤਿਆਰ ਨਹੀਂ ਹੈ। ਇਹ ਗੱਲ ਕਾਮਨਵੈਲਥ ਗੇਮਸ ਫੈਡਰੇਸ਼ਨ ਨੂੰ ਅੱਛੀ ਤਰ੍ਹਾਂ ਪਤਾ ਹੈ। ਇਸ ਲਈ ਉਹ ਵੀ ਚਾਹੁੰਦੇ ਹਨ ਕਿ ਕਿਸੇ ਤਰ੍ਹਾਂ ਇਹ ਖੇਡਾਂ ਦਿੱਲੀ 'ਚ ਹੀ ਨੇਪਰੇ ਚੜ੍ਹ ਜਾਣ ਇਸ ਨਾਲ ਖੇਡਾਂ ਦੀ ਆਯੋਜਨ ਸੰਮਤੀ ਉਪਰ ਕੁਝ ਦਬਾਅ ਆਇਆ ਹੈ। ਇਸ ਨਾਲ ਕੰਮ 'ਚ ਥੋੜੀ ਚੁਸਤੀ ਫੁਰਤੀ ਘਟੀ ਹੈ। ਕੰਮ 'ਚ ਦੇਰੀ ਦਾ ਰਾਜਸੀ ਕਾਰਨ ਵੀ ਹੈ। ਅਜਿਹਾ ਮੰਨਿਆ ਜਾ ਰਿਹਾ ਹੈ ਕਿ ਕਿਉਂਕਿ ਚੋਣਾਂ ਸਿਰ 'ਤੇ ਹਨ ਤਾਂ ਮੌਜੂਦਾ ਸਰਕਾਰ ਇਹ ਨਹੀਂ ਚਾਹੁੰਦੀ ਕਿ ਸਾਰਾ ਕੰਮ ਆਯੋਜਨ ਸੰਮਤੀ ਜਾਂ ਵਿਭਾਗਾਂ ਹਵਾਲੇ ਕਰ ਦਿੱਤਾ ਜਾਵੇ ਕਿਉਂਕਿ ਜੇ ਅਜਿਹਾ ਕਰ ਦਿੱਤਾ ਤੇ ਕਾਂਗਰਸ ਪਾਰਟੀ ਚੋਣਾਂ ਹਾਰ ਗਈ ਤਾਂ ਖੇਡਾਂ ਕਰਾਉਣ ਦਾ ਪੂਰਾ ਸਿਹਰਾ ਨਵੀਂ ਸਰਕਾਰ ਨੂੰ ਜਾਵੇਗਾ। ਜੋ ਕਾਂਗਰਸ ਪਾਰਟੀ ਵੀ ਨਹੀਂ ਚਾਹੁੰਦੀ। ਇਸ ਲਈ ਜਦੋਂ ਤਕ ਚੋਣਾਂ ਨਹੀਂ ਹੋ ਜਾਂਦੀਆਂ। ਹੁਣ ਉਦੋਂ ਤਕ ਕੰਮ ਬਿਨਾ ਪੈਸੇ ਦੇ ਹੀ ਬਸ ਕਿਸੇ ਤਰ੍ਹਾਂ ਚਲਦਾ ਰਹੇਗਾ।

ਚੋਣਾਂ ਪਿਛੋਂ ਆਯੋਜਨ ਸੰਮਤੀ 'ਚ ਵੀ ਭਾਰੀ ਬਦਲਾਅ ਹੋ ਸਕਦਾ ਹੈ। ਫਿਲਹਾਲ ਆਯੋਜਨ ਸੰਮਤੀ ਦੇ ਪ੍ਰਮੁੱਖ ਸਾਂਸਦ ਸੁਰੇਸ਼ ਕਲਮਾਡੀ ਹਨ। ਪਰ ਅਜਿਹਾ ਕਿਹਾ ਜਾ ਰਿਹਾ ਹੈ ਕਿ ਜੇ ਚੋਣਾਂ ਪਿਛੋਂ ਕਾਂਗਰਸ ਪਾਰਟੀ ਹੀ ਹਕੂਮਤ 'ਚ ਆਈ ਤਾਂ ਰਾਹੁਲ ਗਾਂਧੀ ਨੂੰ ਚੇਅਰਮੈਨ ਬਣਾਇਆ ਜਾਵੇਗਾ। ਠੀਕ ਉਸੇ ਤਰ੍ਹਾਂ ਜਿਵੇਂ 1982 ਦੀਆਂ ਏਸ਼ੀਅਨ ਗੇਮਸ ਤੋਂ ਕੁਝ ਸਮਾਂ ਪਹਿਲਾਂ ਰਾਜੀਵ ਗਾਂਧੀ ਨੂੰ ਖੇਡਾਂ ਦੀ ਵਾਂਗਡੋਰ ਦੇ ਦਿੱਤੀ ਗਈ ਸੀ ਪਰ ਜੇ ਕਾਂਗਰਸ ਚੋਣਾਂ ਹਾਰ ਗਈ ਤਾਂ ਜੋ ਪਾਰਟੀ ਵੀ ਸਰਕਾਰ ਬਣਾਵੇਗੀ। ਉਹ ਆਪਣਾ ਚੇਅਰਮੈਨ ਵੀ ਪੇਸ਼ ਕਰੇਗੀ। ਕਿਉਂਕਿ ਕਿਸੇ ਵੀ ਸਰਕਾਰ ਕੋਲ ਆਪਣੇ ਆਪ ਨੂੰ ਪੇਸ਼ ਕਰਨ ਲਈ ਖੇਡਾਂ ਦੇ ਸਫਲ ਆਯੋਜਨ ਤੋਂ ਅੱਛਾ ਮੌਕਾ ਕੀ ਹੋਵੇਗਾ? ਅਜਿਹੇ ਵਿੱਚ ਚੋਣਾਂ ਪਿਛੋਂ ਕਲਮਾਡੀ ਦੀ ਗੱਦੀ ਖੇਤਰ 'ਚ ਨਜ਼ਰ ਆਉਂਦੀ ਹੈ। ਜੇ ਅਰਿਹਾ ਹੋਇਆ ਤਾਂ ਖੇਡਾਂ ਹੋਰ ਪਿੱਛੇ ਖਿਸਕ ਜਾਣਗੀਆਂ।

# ਪੁਰਸਕਾਰਾਂ ਦੀ ਚੋਣ ਕਿੰਨੀ ਕੁ ਪਾਰਦਰਸ਼ੀ?

ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਅਜੇ ਤਕ ਪਦਮ ਪੁਰਸਕਾਰਾਂ ਦਾ ਚੋਣ ਅਮਲ ’ਚ ਨਾ ਤਾਂ ਸੁਧਾਰ ਆਇਆ ਹੈ ਅਤੇ ਨਾ ਹੀ ਪਾਰਦਰਸ਼ਿਤਾ। ਹੌਲੀ ਹੌਲੀ ਹਾਲਾਤ ਅਜਿਹੇ ਹੁੰਦੇ ਜਾ ਰਹੇ ਹਨ ਕਿ ਪਦਮ ਪੁਰਸਕਾਰਾਂ ਦੀ ਨਾ ਸਿਰਫ ਸ਼ਾਖ ਡਿੱਗਦੀ ਜਾ ਰਹੀ ਹੈ ਬਲਕਿ ਇਹ ਵਿਵਾਦਾਂ ’ਚ ਵੀ ਉਲਝਦੀ ਜਾ ਰਹੀ ਹੈ। ਇਸ ਸਾਲ ਦੇਵੀ ਪਦਮ ਪੁਰਸਕਾਰਾਂ ’ਤੇ ਖਿਚੋਤਾਣ ਵੇਖਣ ਨੂੰ ਮਿਲ ਰਹੀ ਹੈ। ਇਕ ਪਾਸੇ ਅਜਿਹੇ ਲੋਕ ਹਨ ਜਿਨ੍ਹਾਂ ਨੂੰ ਪੁਰਸਕਾਰ ਨਾ ਦਿੱਤੇ ਜਾਣ ’ਤੇ ਹੈਰਾਨੀ ਹੋ ਰਹੀ ਹੈ ਤੇ ਦੂਜੇ ਪਾਸੇ ਕਸ਼ਮੀਰ ਦੇ ਵਪਾਰੀ ਹਸ਼ਮਤੁੱਲਾ ਵਰਗੇ ਲੋਕ ਹਨ ਜਿਨ੍ਹਾਂ ਨੂੰ ਸਨਮਾਨਿਤ ਕਰਨ ਪਿੱਛੋਂ ਉਹਨਾਂ ਦੀ ਦਾਅਵੇਦਾਰੀ ਦੀ ਜਾਂਚ ਕੀਤੀ ਜਾ ਰਹੀ ਹੈ। ਹਸ਼ਮਤੁੱਲਾ ਦਾ ਕੇਸ ਇਸ ਲਈ ਪੇਚੀਦਾ ਲੱਗਦਾ ਹੈ ਕਿਉਂਕਿ ਉਹਨਾਂ ਦੇ ਨਾਂ ਦੀ ਸਿਫਾਰਸ਼ ਕਿਸੇ ਹੋਰ ਨੇ ਕੀਤੀ ਸੀ, ਇਸ ਕਰਕੇ ਵੀ ਸਾਫ-ਸਾਫ ਪਤਾ ਨਹੀਂ ਲੱਗ ਸਕਿਆ ਹੈ।

ਸੁਆਲ ਇਹ ਵੀ ਉੱਠਦਾ ਹੈ ਕਿ ਪਦਮ ਪੁਰਸਕਾਰ ਦੇਣ ਲਈ ਬਣੀ ਸੰਮਤੀ ਪੁਰਸਕਾਰ ਦਾ ਐਲਾਨ ਕਰਨ ਤੋਂ ਪਹਿਲਾਂ ਆਪਣੀ ਤਰਫੋਂ ਕਿਉਂ ਨਹੀਂ ਜਾਂਚ ਪੜਤਾਲ ਕਰਦੀ? ਦਰਅਸਲ ਹਰ ਸਰਕਾਰੀ ਪੁਰਸਕਾਰ ਦੇਣ-ਲੈਣ ਦਾ ਰਿਵਾਜ ਹੀ ਕੁਝ ਅਜਿਹਾ ਹੈ ਕਿ ਇਹਨਾਂ ਸਨਮਾਨਾ ਸਬੰਧੀ ਹਰ ਵਾਰੀ ਅਸੰਤੋਸ਼ ਦੀਆਂ ਆਵਾਜ਼ਾਂ ਸੁਣੀ ਦੀਆਂ ਹਨ। ਹਾਲਾਂਕਿ ਇਸ ਵਾਰੀ ਮਾਮਲਾ ਉਲੰਪਿਕ ਮੈਡਲ ਵਿਜੇਤਾ ਵਿਜੇਂਦਰ ਸਿੰਘ ਤੇ ਸੁਸ਼ੀਲ ਕੁਮਾਰ ਨਾਲ ਜੁੜਿਆ ਹੈ। ਲਿਹਾਜਾ ਚਰਚਾ ਕਿਤੇ ਵੱਧ ਹੋ ਰਹੀ ਹੈ। ਇਹਨਾਂ ਦੋਹਾਂ ਦੀ ਨਾਰਾਜ਼ਗੀ ਕੁਝ ਵੱਧ ਇਸ ਲਈ ਵੀ ਹੈ ਕਿਉਂਕਿ ਉਲੰਪਿਕ ’ਚ ਗੋਲਡ ਮੈਡਲ ਜਿੱਤਣ ਵਾਲੇ ਅਭਿਨਵ ਬਿੰਦਰਾ ਦਾ ਨਾਂ ਪਦਮ ਭੂਸ਼ਣ ਹਾਸਲ ਕਰਨ ਵਾਲਿਆਂ ਵਿੱਚ ਹੈ। ਹਾਲਾਂਕਿ ਭਾਰਤੀ ਉਲੰਪਿਕ ਸੰਘ ਕਹਿ ਰਿਹਾ ਹੈ ਕਿ ਬਿੰਦਰਾ ਦਾ ਨਾਂ ਪਦਮ ਵਿਭੂਸ਼ਣ ਲਈ ਪ੍ਰਸਤਾਵਿਤ ਕੀਤਾ ਗਿਆ ਸੀ। ਸੁਸ਼ੀਲ ਤੇ ਵਿਜੇਂਦਰ ਦੀ ਨਾਰਾਜ਼ਗੀ ਇਸ ਲਈ ਵੀ ਜਾਇਜ਼ ਹੈ ਕਿਉਂਕਿ ਮਹੇਂਦਰ ਸਿੰਘ ਧੋਨੀ ਹਰਭਜਨ ਸਿੰਘ, ਪੰਕਜ ਅਡਵਾਨੀ ਤੇ ਹਾਕੀ ਖਿਡਾਰੀ ਖੁਲਰ ਦਾ ਨਾਂ ਪਦਮ ਸੀ ਹਾਸਲ ਕਰਨ ਵਾਲਿਆਂ ’ਚ ਸ਼ਾਮਲ ਹੈ। ਪਦਮ ਸਨਮਾਨ ਦੇਣ ਪਿੱਛੇ ਸਰਕਾਰ ਵੱਲੋਂ ਇਹ ਮੰਨਿਆ ਜਾਂਦਾ ਹੈ ਕਿ ਖੇਤਰ ਵਿਸ਼ੇਸ਼ ਵਿੱਚ ਲੰਮੇ ਸਮੇਂ ਤਕ ਗਿਣਨਯੋਗ ਯੋਗਦਾਨ ਨੂੰ ਤਰਜੀਹ ਦਿੱਤੀ ਜਾਵੇ। ਇਸ ਲਿਹਾਜ ਨਾਲ ਵਿਜੇਂਦਰ ਤੇ ਸੁਸ਼ੀਲ ਦੀ ਨਾਰਾਜ਼ਗੀ ਅੰਗੂਰ ਖੱਟੇ ਹਨ ਵਾਲੀ ਸ਼ੈਲੀ ਨਾਲ ਮੇਲ ਖਾਂਦੀ ਹੈ।

ਬਹਰਹਾਲ ਸੱਚ ਇਹ ਵੀ ਹੈ ਕਿ ਮਹੇਂਦਰ ਸਿੰਘ ਧੋਨੀ ਤੇ ਹਰਭਜਨ ਸਿੰਘ ਦਾ ਯੋਗਦਾਨ ਕ੍ਰਿਕਟ ਖੇਲ੍ਹ ’ਚ ਕਿਤੇ ਵੱਧ ਹਨ। ਪਰ ਕੀ ਇਹ ਯੋਗਦਾਨ ਉਹਨਾਂ ਨੂੰ ਪਦਮ ਸਨਮਾਨ ਦਾ ਹੱਕਦਾਰ ਬਣਾਉਂਦਾ ਹੈ, ਇਸ ਸਬੰਧੀ ਬਹਿਸ ਹੋ ਸਕਦੀ ਹੈ। ਸੁਆਲ ਇਹ ਵੀ ਉਠਦਾ ਹੈ ਕਿ ਅਭਿਨਵ ਬਿੰਦਰਾ ਜੇ ਇਸ ਉਲੰਪਿਕ ’ਚ ਗੋਲਡ ਮੈਡਲ ਨਾ ਜਿੱਤ ਸਕਦੇ ਤਾਂ ਕੀ ਉਹਨਾਂ ਦੀਆਂ ਪਿਛਲੀਆਂ ਸਫਲਤਾਵਾਂ ਨੂੰ ਵੇਖਦਿਆਂ ਉਹਨਾਂ ਨੂੰ ਇਸ ਸਾਲ ਪਦਮ ਸਨਮਾਨ ਦੇ ਲਾਇਕ ਸਮਝਿਆ ਜਾਂਦਾ। ਸ਼ਾਇਦ ਨਹੀਂ। ਇਹ ਗੱਲ ਦੂਸਰੀ ਹੈ ਕਿ ਵਿਵਾਦ ਉਠਣਾ ’ਤੇ ਇਹ ਕਿਹਾ ਜਾਏ

ਕਿ ਬਿੰਦਰਾ ਨੂੰ ਉਹਨਾਂ ਨੇ ਪਿਛਲੇ ਪਦਰਸ਼ਨਾ ਦੇ ਆਧਾਰ ’ਤੇ ਪਦਮ ਸਨਮਾਨ ਦੇਣ ਦੇ ਲਾਇਕ ਸਮਝਿਆ ਗਿਆ। ਪਰ ਹਕੀਕਤ ਇਹੀ ਹੈ ਕਿ ਉਸ ਨੂੰ ਉਲੰਪਿਕ ’ਚ ਮਾਡਲ ਜਿੱਤਣ ਦੀ ਪ੍ਰਾਪਤੀ ਨੇ ਹੀ ਸਨਮਾਨ ਦਵਾਇਆ ਹੈ। ਇਸ ਨਜ਼ਰੀਏ ਨਾਲ ਦੇਖਣ ’ਤੇ ਵਿਜੇਂਦਰ ਤੇ ਸੁਸ਼ੀਲ ਵੀ ਪਦਮ ਸਨਮਾਨ ਦੇ ਹੱਕਦਾਰ ਮੰਨੇ ਜਾ ਸਕਦੇ ਸਨ। ਇਹਨਾਂ ਦੋਹਾਂ ਨੇ ਉਹਨਾਂ ਖੇਡਾਂ ਲਈ ਭਾਰਤ ਵਾਸਤੇ ਮਾਣ-ਸਨਮਾਨ ਲਿਆਂਦਾ ਹੈ ਜਿਹਨਾਂ ਖੇਡਾਂ ’ਚ ਭਾਰਤ ਲਈ ਬੁਨਿਆਦੀ ਢਾਂਚੇ ਦੀ ਘਾਟ ਹੈ। ਬਿਨਾਂ ਕਿਸੇ ਉੱਚ ਪੱਧਰੀ ਸਿਖਲਾਈ ਤੇ ਸੀਮਤ ਸਹੂਲਤਾਂ ਨਾਲ ਵੀ ਇਹਨਾਂ ਦੋਹਾਂ ਨੇ ਇਤਿਹਾਸ ਰਚਿਆ ਹੈ। ਇਨ੍ਹਾਂ ਦੋਹਾਂ ਦੀ ਪ੍ਰਾਪਤੀ ਇਸ ਲਈ ਵੀ ਅਹਿਮ ਹੈ ਕਿਉਂਕਿ ਬਾਕਸਿੰਗ ਤੇ ਕੁਸ਼ਤੀ ਵਰਗੀਆਂ ਖੇਡਾ ਦਾ ਭਾਰਤ ’ਚ ਕੋਈ ਨਾਮਲੇਵਾ ਨਹੀਂ ਹੈ। ਚਮਕ-ਦਮਕ ਤੇ ਧਨ ਵੀ ਨਹੀਂ ਹੈ ਤੇ ਸਭ ਕਾਸੇ ਤੋਂ ਵੱਧ ਕੇ ਸੱਚ ਇਹ ਹੈ ਕਿ ਇਹਨਾਂ ਦੋਹਾਂ ਦੀਆਂ ਪ੍ਰਾਪਤੀਆਂ ਵਿਅਕਤੀਗਤ ਰਿਕਾਰਡ ਦੇ ਮੁਕਾਬਲੇ ਭਾਰਤੀ ਖੇਡ ਜਗਤ ਲਈ ਕਈ ਗੁਣਾ ਵੱਧ ਅਹਿਮ ਹਨ। ਵਿਜੇਂਦਰ ਤੇ ਸੁਸ਼ੀਲ ਨੇ ਇਹ ਹੌਸਲਾਵੀ ਲੱਖਾਂ ਇਲਾਜ ਕਰਦੇ ਕਰਦੇ ਉਹ ਆਪਣੇ ਨਾਂ ਦੀ ਸਿਫਾਰਸ਼ ਕਰਵਾ ਲੈਂਦੇ ਹਨ।

ਹੁਣ ਤਾਂ ਇਹ ਇਕ ਨਵਾਂ ਰਿਵਾਜ ਵੀ ਚੱਲਿਆ ਹੈ। ਉਚੇ ਅਹੁਦਿਆਂ ’ਤੇ ਬੈਠੇ ਅਫਸਰ ਆਪਣੀ ਜਾਣ-ਪਹਿਚਾਣ ਵਾਲੇ ਡਾਕਟਰਾਂ ਨੂੰ ਹੋਰ ਸ਼੍ਰੇਣੀਆਂ ’ਚ ਪਦਮ ਸ੍ਰੀ ਦਿਵਾ ਰਹੇ ਹਨ। ਜਦ ਦੇਸ਼ ਦੇ ਹੋਰ ਹਿੱਸਿਆਂ ’ਚ ਬੈਠੇ ਪ੍ਰਤਿਭਾਸ਼ੀਲ ਡਾਕਟਰ ਪਦਮ ਸ੍ਰੀ ਦੀ ਸੂਚੀ ਵਿੱਚ ਦਿੱਲੀ ਦੇ ਅਣਜਾਣੇ ਤੇ ਜੂਨੀਅਰ ਡਾਕਟਰਾਂ ਦਾ ਨਾਂ ਵੇਖਦੇ ਹਨ ਤਾਂ ਉਹਨਾਂ ਨੂੰ ਬਹੁਤ ਦੁੱਖ ਹੁੰਦਾ ਹੈ।

ਇਸ ਤਰ੍ਹਾਂ ਵਿਗਿਆਨ ਸਭਿਆਚਾਰ, ਕਲਾ ਤੇ ਫਿਲਮ ਦੇ ਖੇਤਰਾਂ ਵਿੱਚ ਵੀ ਪਦਮ ਪੁਰਸ਼ਕਾਰਾਂ ਦੀ ਚੋਣ ਦੇ ਅਮਲ ਸਬੰਧੀ ਵਿਵਾਦ ਅਤੇ ਅਕਸਰ ਇਹ ਕਿਹਾ ਜਾਂਦਾ ਹੈ ਕਿ ਬਿਨਾਂ ਸਿਫਾਰਸ਼ ਦੇ ਅੱਛੇ ਨ੍ਰਿਤ ਕਲਾਕਾਰ ਇਸ ਤੋਂ ਵਾਂਝੇ ਰਹਿ ਜਾਂਦੇ ਹਨ। ਰਾਸ਼ਟਰਪਤੀ ਭਵਨ ਦਫਤਰ ਹਰ ਮੰਤਰਾਲੇ ਤੇ ਰਾਜ ਸਰਕਾਰਾਂ ਤੋਂ ਵੱਖ ਵੱਖ ਖੇਤਰਾਂ ਤੋਂ ਨਾਂ ਮੰਗਵਾ ਕੇ ਪੂਰੇ ਸਾਲ ਉਹਨਾਂ ਦੀ ਛਾਣਬੀਣ ਤੇ ਵਿਸਲੇਸ਼ਣ ਕਰ ਸਕਦਾ ਹੈ ਤੇ ਪਿੱਛੋਂ ਪ੍ਰਧਾਨ ਮੰਤਰੀ ਦਫ਼ਤਰ ਤੇ ਮੰਤਰੀ ਮੰਡਲ ਸਕੱਤਰ ਦੇ ਸਹਿਯੋਗ ਨਾਲ ਉਹਨਾਂ ਨੂੰ ਅੰਤਿਮ ਰੂਪ ਦਿੱਤਾ ਜਾ ਸਕਦਾ ਹੈ। ਇਹ ਅਮਲ ਵੱਧ ਪਾਰਦਰਸ਼ੀ ਹੋਵੇਗਾ। ਪਦਮ ਸ੍ਰੀ ਦੀ ਗਿਣਤੀ ਤੀਹ ਤੋਂ ਵੱਧ ਨਹੀਂ ਹੋਣੀ ਚਾਹੀਦੀ। ਪਦਮ ਵਿਭੂਸ਼ਣ ਦੀ ਵੱਧ ਤੋਂ ਵੱਧ ਪੰਜ ਤੇ ਪਦਮ ਪੁਰਸਕਾਰ ਦੀ ਦਸ ਹੋਣੀ ਚਾਹੀਦੀ ਹੈ। ਅਜੇ ਤਕ ਪਦਮ ਪੁਰਸਕਾਰ ਹਾਸਲ ਕਰਨ ਵਾਲਿਆਂ ਨੂੰ ਇਕ ਪ੍ਰਸ਼ਾਸਿਤ ਪੱਤਰ ਤੋਂ ਇਲਾਵਾ ਕੁਝ ਨਹੀਂ ਮਿਲਦਾ।

ਝਮੇਲਿਆਂ ’ਚ ਫਸਿਆ ਭਾਰਤ ਰਤਨ : ਇਸ ਤਰ੍ਹਾਂ ‘ਭਾਰਤ ਰਤਨ’ ਸਬੰਧੀ ਵੀ ਸਮੇਂ ਸਮੇਂ ਸਿਰ ਝਮੇਲਾ ਉਭਰਦਾ ਰਿਹਾ ਹੈ। ਸੰਨ 2002 ਤੋਂ 2007 ਤੱਕ ਕਿਸੇ ਨੂੰ ਵੀ ਇਹ ਸਨਮਾਨ ਨਹੀਂ ਮਿਲਿਆ ਹੈ। ਭਾਰਤ ਦਾ ਸੰਵਿਧਾਨ 26 ਜਨਵਰੀ 1950 ਨੂੰ ਲਾਗੂ ਹੋਣ ਨਾਲ ਦੇਸ਼ ਗਣਰਾਜ ਬਣਿਆ ਤਦ ਤੋਂ ਹਰ ਗਣਤੰਤਰ ਦਿਵਸ ’ਤੇ ਨਵੀਂ ਦਿੱਲੀ ਦੇ ਰਾਜਪੱਥ ’ਤੇ ਵਿਸ਼ਾਲ ਪਰੇਡ ਆਯੋਜਿਤ ਕੀਤੀ ਜਾਂਦੀ ਹੈ ਤੇ ਇਸੇ ਦਿਨ ਭਾਰਤ ਸਰਕਾਰ ਵੱਲੋਂ ਨਾਗਰਿਕਾਂ ਨੂੰ ਸਭ ਤੋਂ ਵੱਡਾ ਸਨਮਾਨ ‘ਭਾਰਤ ਰਤਨ’ ਦੀ ਪ੍ਰਦਾਨ ਕੀਤਾ ਜਾਂਦਾ ਹੈ। ਇਹ ਸਨਮਾਨ ਸੰਨ 1954 ਤੋਂ ਦਿੱਤਾ ਜਾ ਰਿਹਾ ਹੈ।

ਪਿਛਲੇ 55 ਸਾਲਾਂ ਤੋਂ ਚਾਲੀ ਉਚ ਨਾਗਰਿਕਾਂ ਨੂੰ 'ਭਾਰਤ ਰਤਨ' ਨਾਲ ਨਿਵਾਜਿਆ ਜਾਂਦਾ ਹੈ। 'ਭਾਰਤ ਰਤਨ' ਦੀ ਸ਼ੁਰੂਆਤ ਸੰਨ 1954 ਵਿੱਚ ਉਹਨਾਂ ਤਿੰਨ ਉਚ ਨਾਗਰਿਕਾਂ ਉਪਰਾਸ਼ਟਰਪਤੀ ਸਰਵਪੱਖੀ ਰਾਧਾ ਕ੍ਰਿਸ਼ਨ ਸਾਬਕਾ ਗਵਰਨਰ ਜਨਰਲ ਚਕਰਵਰਤੀ ਰਾਜਗੋ ਵਾਲਾ ਚਾਰੀ ਤੇ ਭੌਤਿਕੀ ਸ਼ਾਸਤਰ ਦੇ ਨੋਬਲ ਪੁਰਸਕਾਰ ਵਿਜੇਤਾ ਡਾ. ਚੰਦਰਸ਼ੇਖਰ ਵੇਂਕਟ ਰਮਨ ਨੂੰ ਸਨਮਾਨਿਤ ਕਰਕੇ ਕੀਤੀ ਗਈ।

ਸੰਨ 1950 ਵਿੱਚ ਭਾਰਤ ਦੇ ਗਣਰਾਜ ਬਣਨ 'ਤੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਨਹਿਰੂ, ਸਾਬਕਾ ਗਵਰਨਰ ਜਨਰਲ ਰਾਜਗੋਪਾਲਾ-ਚਾਰੀ ਨੂੰ ਹੀ ਰਾਸ਼ਟਰਪਤੀ ਬਣਾਉਣ ਦੇ ਪੱਖ 'ਚ ਸਨ ਪਰ ਗ੍ਰਹਿ ਮੰਤਰੀ ਸਰਦਾਰ ਪਟੇਲ ਸੰਵਿਧਾਨ ਸਭਾ ਦੇ ਪ੍ਰਧਾਨ ਰਹੇ। ਡਾ. ਰਜਿੰਦਰ ਪ੍ਰਸ਼ਾਦ ਦੇ ਪੱਖ ਵਿੱਚ ਸਨ ਤੇ ਰਾਸ਼ਟਰਪਤੀ ਬਣੇ ਵੀ ਰਜਿੰਦਰ ਬਾਬੂ ਹੀ ਸੰਨ 1952 'ਚ ਬਾਲਗ ਚੋਣ ਅਧਿਕਾਰ ਦੇ ਅਧਾਰ 'ਤੇ ਚੋਣਾਂ ਪਿੱਛੋਂ ਨਹਿਰੂ ਡਾ. ਰਾਧਾਕ੍ਰਿਸ਼ਨ ਨੂੰ ਰਾਸ਼ਟਰਪਤੀ ਬਣਾਉਣਾ ਚਾਹੁੰਦੇ ਸਨ ਪਰ ਰਜਿੰਦਰ ਬਾਬੂ ਹੀ ਰਾਸ਼ਟਰਪਤੀ ਬਣੇ ਰਹੇ। ਤਦ ਸੰਨ 1954 ਵਿੱਚ ਨਹਿਰੂ ਸਰਕਾਰ ਨੇ 'ਭਾਰਤ ਰਤਨ' ਦੇਣ ਦੀ ਰਵਾਇਤ ਸ਼ੁਰੂ ਕੀਤੀ ਤੇ ਪਹਿਲੇ ਹੀ ਸਾਲ ਰਾਜਗੋਪਾਲਾਚਾਰੀਆ ਤੇ ਰਾਧਾਕ੍ਰਿਸ਼ਨਨ ਦੋਨੋਂ ਡਾ. ਰਜਿੰਦਰਪ੍ਰਸਾਦ ਦੇ ਹੱਥੋਂ 'ਭਾਰਤ ਰਤਨ' ਨਾਲ ਨਵਾਜੇ ਗਏ। ਨਹਿਰੂ ਸੰਨ 1957 ਵਿੱਚ ਵੀ ਰਜਿੰਦਰ ਬਾਬੂ ਨੂੰ ਰਾਸ਼ਟਰਪਤੀ ਹੋਣ ਤੋਂ ਨਹੀਂ ਰੋਕ ਸਕੇ। ਵੈਸੇ ਬਾਰਾਂ ਸਾਲ (1950-62) ਰਾਸ਼ਟਰਪਤੀ ਰਹਿਣ ਪਿਛੋਂ ਰਜਿੰਦਰ ਬਾਬੂ ਰਿਟਾਇਰ ਹੋਏ ਤਾਂ ਉਹਨਾਂ ਨੂੰ ਵੀ 'ਭਾਰਤ ਰਤਨ' ਇਸ ਅਧਾਰ 'ਤੇ ਦਿੱਤਾ ਗਿਆ ਕਿ ਇਹ ਖੁਦ ਸਿੱਧ ਹੈ। 'ਭਾਰਤ ਨੌਜਵਾਨਾਂ ਦੇ ਮਨ 'ਚ ਭਰਿਆ ਕਿ ਜੇ ਇੱਛਾ ਸ਼ਕਤੀ ਹੋਏ ਤਾਂ ਫਿਰ ਕੁਝ ਵੀ ਅਸੰਭਵ ਨਹੀਂ। ਇਸ ਲਈ ਜੇ ਸੁਸ਼ੀਲ ਕੁਮਾਰ ਪੁੱਛਦੇ ਹਨ ਕਿ ਪਦਮ ਪੁਰਸਕਾਰ ਸਿਰਫ ਕ੍ਰਿਕਟਰਾਂ ਨੂੰ ਹੀ ਕਿਉਂ ਦਿੱਤੇ ਜਾਂਦੇ ਹਨ। ਤਾਂ ਉਹਨਾਂ ਦੇ ਸੁਆਲਾਂ ਨੂੰ ਟਾਲਿਆ ਨਹੀਂ ਜਾਣਾ ਚਾਹੀਦਾ। ਮਹੇਂਦਰ ਸਿੰਘ ਧੋਨੀ ਇਕ ਬੇਹਤਰੀਨ ਕ੍ਰਿਕਟਰ ਤੇ ਹਰਭਜਨ ਸਿੰਘ ਇਕ ਬੇਹਤਰੀਨ ਗੇਂਦਬਾਜ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਹੈ। ਇਹਨਾਂ ਦੋਹਾਂ ਨੇ ਭਾਰਤੀ ਕ੍ਰਿਕਟ ਦੀਆਂ ਕਾਮਯਾਬੀਆਂ 'ਚ ਅਹਿਮ ਭੂਮਿਕਾ ਨਿਭਾਈ ਹੈ ਪਰ ਸਾਨੂੰ ਇਹ ਦੇਖਣਾ ਪਵੇਗਾ ਕਿ ਕ੍ਰਿਕਟ ਇਕ ਟੀਮ ਗੇਮ ਹੈ। ਉਸ ਨੂੰ ਕਿਸੇ ਵਿਅਕਤੀਗਤ ਖਿਡਾਰੀ ਦਾ ਪ੍ਰਦਰਸ਼ਨ ਅਹਿਮ ਨਹੀਂ ਹੁੰਦਾ ਪੂਰੀ ਟੀਮ ਦੇ ਯੋਗਦਾਨ ਨਾਲ ਹੀ ਮੈਚ ਜਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਸਾਡੇ ਕ੍ਰਿਕਟਰਾਂ ਨੂੰ ਇਸ ਦਾ ਵੀ ਬਾਖੂਬੀ ਅੰਦਾਜ਼ਾ ਹੈ ਕਿ ਮੈਚ ਜਿੱਤਣ 'ਤੇ ਇਸ਼ਤਿਹਾਰਾਂ ਦੀ ਦੁਨੀਆਂ ਤੋਂ ਕਮਾਈ ਹੁੰਦੀ ਰਹੇਗੀ।

ਪੰਕਜ ਅਡਵਾਨੀ ਤੇ ਬਲਬੀਰ ਸਿੰਘ ਖੁੱਲਰ ਦੇ ਯੋਗਦਾਨ ਵੀ ਘੱਟ ਨਹੀਂ ਹਨ ਪਰ ਇਸ ਦਾ ਮਹੱਤਵ ਸੁਸ਼ੀਲ ਤੇ ਵਿਜੇਂਦਰ ਦੇ ਯੋਗਦਾਨ ਤੋਂ ਅਹਿਮ ਨਹੀਂ ਮੰਨਿਆ ਜਾ ਸਕਦਾ। ਜਦ 93 ਲੋਕਾਂ ਨੂੰ ਪਦਮ ਸ੍ਰੀ ਦਿੱਤਾ ਜਾ ਸਕਦਾ ਹੈ ਤਾਂ ਉਸ 'ਚ ਸੁਸ਼ੀਲ ਤੇ ਵਿਜੇਂਦਰ ਨੂੰ ਸ਼ਾਮਲ ਕਰ ਲੈਣ ਨਾਲ ਵੀ ਵਿਗੜ ਜਾਂਦਾ?

ਇਹ ਵੀ ਮੰਨ ਲਿਆ ਜਾਵੇ ਕਿ ਸੁਸ਼ੀਲ ਤੇ ਵਿਜੇਂਦਰ ਜਿਸ ਤਰ੍ਹਾਂ ਖੁਦ ਸਨਮਾਨ ਨਾ ਦਿੱਤੇ ਜਾਣ ਤੋਂ ਨਾਰਾਜ਼ ਹਨ, ਉਸ 'ਚ ਬਚਪਨਾ ਵੱਧ ਝਲਕਦਾ ਹੈ ਪਰ ਇਸ ਤੋਂ ਏਨਾ ਤਾਂ ਸਾਬਤ ਹੁੰਦਾ ਹੀ ਹੈ ਕਿ ਦੂਸਰੀਆਂ ਖੇਡਾਂ ਦੇ ਖਿਡਾਰੀ ਖੁਦ ਨੂੰ ਕਿੰਨਾ ਅਣਗੌਲਿਆਂ ਸਮਝਦੇ ਹਨ। ਕੇਂਦਰ ਸਰਕਾਰ ਦੋਹਾਂ ਨੂੰ ਪਦਮ ਸਨਮਾਨ ਦੇ

ਕੇ ਇਹ ਸੰਦੇਸ਼ ਦੇ ਸਕਦੀ ਸੀ ਕਿ ਦੂਜੀਆਂ ਖੇਡਾਂ ਨੂੰ ਅੱਗੇ ਵਧਾਉਣਾ ਉਹਨਾਂ ਦੀ ਤਰਜੀਹਾਂ ਵਿੱਚ ਸ਼ਾਮਲ ਹੈ।

ਯੋਗਦਾਨ ਦੀ ਨਹੀਂ ਸਿਫਾਰਸ਼ ਦੀ ਲੋੜ ਹੈ : ਇਸ ਨਾਲ ਲਗਭਗ 133 ਲੋਕਾਂ ਨੂੰ ਪੁਰਸਕਾਰ ਦਿੱਤੇ ਗਏ ਜਿਸ ਨਾਲ ਸਭ ਮਜ਼ਾ ਕਿਰਕਰਾ ਹੋ ਗਿਆ। ਸਿਫਾਰਸ਼ਾਂ ਦੀ ਵਜਾਹ ਨਾਲ ਪੁਰਸਕਾਰਾਂ ਦੀ ਗਿਣਤੀ ਏਨੀ ਵਧਦੀ ਜਾ ਰਹੀ ਹੈ ਕਿ ਰਾਸ਼ਟਰਪਤੀ ਭਵਨ 'ਚ ਪੁਰਸਕਾਰ ਵੰਡ ਸਮਾਰੋਹ ਆਯੋਜਿਤ ਕਰਨੇ ਪੈਣਗੇ। ਵੈਸੇ ਤਾਂ ਪੁਰਸਕਾਰ ਹਾਸਲ ਕਰਨ ਵਾਲੇ ਬਹੁਤ ਲੋਕ ਚਹੇਤੇ ਹੀ ਹੁੰਦੇ ਹਨ ਪਰ ਕਈ ਵਾਰ ਕੁਝ ਅਜਿਹੇ ਨਾਂ ਵੀ ਜੁੜ ਜਾਂਦੇ ਹਨ ਜੋ ਸਾਫ ਤੌਰ 'ਤੇ ਸਿਫਾਰਸ਼ੀ ਲੱਗਦੇ ਹਨ ਤੇ ਉਹਨਾਂ ਦੀ ਵਜ੍ਹਾ ਕਾਰਨ ਸਾਰੇ ਪੁਰਸਕਾਰਾਂ ਦਾ ਮਾਣ-ਸਨਮਾਨ ਹੀ ਡਿੱਗ ਜਾਂਦਾ ਹੈ ਪੁਰਸਕਾਰਾਂ ਲਈ 6 ਮਹੀਨੇ ਪਹਿਲਾਂ ਤੋਂ ਲੋਕ ਦਿੱਲੀ ਦੇ ਚੱਕਰ ਕੱਢਣ ਲੱਗਦੇ ਹਨ। ਸਾਂਸਦਾਂ ਕੋਲ ਜਾਂਦੇ ਹਨ ਕਿ ਉਹਨਾਂ ਲਈ ਸਿਫਾਰਸੀ ਪੱਤਰ ਲਿਖ ਦੇਣ। ਐਸੇ ਲੋਕਾਂ ਨੂੰ ਪਤਾ ਹੈ ਕਿ ਸਿਫਾਰਸ਼ ਨਾਲ ਹੀ ਪੁਰਸਕਾਰ ਹਾਸਲ ਕੀਤੇ ਜਾ ਸਕਦੇ ਹਨ ਅਤੇ ਅਜਿਹਾ ਕਰਨ 'ਚ ਕੋਈ ਬੁਰਾਈ ਨਹੀਂ ਹੈ। ਪਹਿਲਾਂ ਵੀ ਇਹ ਸਭ ਕੁਝ ਹੁੰਦਾ ਆ ਰਿਹਾ ਹੈ।

ਦੂਜੀ ਵਜ੍ਹਾ ਇਹ ਹੈ ਕਿ ਚੋਣ ਅਮਲ ਪਾਰਦਰਸ਼ੀ ਨਹੀਂ ਹੈ। ਇਹ ਕੰਮ ਕੁਝ ਅਫਸਰਾਂ 'ਤੇ ਛੱਡ ਦਿੱਤਾ ਜਾਂਦਾ ਹੈ ਤੇ ਲਗਭਗ 80 ਫੀਸਦੀ ਪੁਰਸਕਾਰ ਉਹਨਾਂ ਦੀ ਹੀ ਕਸੌਟੀ ਤਹਿ ਕਰਦੀ ਹੈ। ਪਿੱਛੋਂ ਥੋੜ੍ਹਾ ਫੇਰਬਦਲ ਕਰਕੇ ਕੁਝ ਸਿਫਾਰਸ਼ੀ ਨਾਂ ਜੋੜ ਕੇ ਸੂਚੀ ਰਾਸ਼ਟਰਪਤੀ ਭਵਨ ਭੇਜੀ ਜਾਂਦੀ ਹੈ। ਇਥੋਂ ਅਕਸਰ ਵੈਸੀ ਦੀ ਵੈਸੀ ਸੂਚੀ ਜਾਰੀ ਹੋ ਜਾਂਦੀ ਹੈ। ਸਭ ਤੋਂ ਵੱਧ ਸ਼ਿਕਾਇਤਾਂ ਡਾਕਟਰਾਂ ਨੂੰ ਪਦਮ ਸ੍ਰੀ ਮਿਲਣ ਸਬੰਧੀ ਆ ਰਹੀਆਂ ਹਨ। ਦਿੱਲੀ 'ਚ ਬੈਠੇ ਬਹੁਤੇ ਡਾਕਟਰ ਪਦਮ ਸ੍ਰੀ ਹਥਿਆ ਲੈਂਦੇ ਹਨ। ਇਹ ਡਾਕਟਰ ਕਿਸੇ ਨਾ ਕਿਸੇ ਪ੍ਰਭਾਵਸ਼ਾਲੀ ਵਿਅਕਤੀ ਨੂੰ ਫੜ ਕੇ ਆਪਣਾ ਨਾਂ ਪੁਵਾ ਲੈਂਦੇ ਹਨ। ਪਿਛਲੇ ਕਈ ਦਹਾਕਿਆਂ ਤੋਂ ਇਹ ਵੇਖਿਆ ਗਿਆ ਹੈ ਕਿ ਉਚ ਅਹੁਦਿਆਂ 'ਤੇ ਬੈਠੇ ਬੰਦਿਆਂ ਦਾ ਇਲਾਜ ਕਰ ਰਹੇ ਬਹੁਤੇ ਡਾਕਟਰ ਪਦਮ ਸ੍ਰੀ ਹਾਸਲ ਕਰ ਚੁੱਕੇ ਹਨ। ਵੀ. ਆਈ. ਪੀ. ਲੋਕਾਂ ਦਾ ਰਤਨ ਦੇਣ ਵਾਲਾ ਆਪਣੇ ਆਪ 'ਚ ਹੀ 'ਭਾਰਤ ਰਤਨ' ਹੈ। ਸੰਨ 1955 'ਚ ਪ੍ਰਧਾਨ ਮੰਤਰੀ ਰਹਿੰਦਿਆਂ ਨਹਿਰੂ ਨੂੰ ਨਿਵਾਜਿਆ ਗਿਆ। ਡਾ. ਭਗਵਾਨ ਦਾਸ ਤੇ ਡਾ. ਵਿਸ਼ ਵੇਸਰੈਆ ਦੇ ਨਾਲ। ਆਪਣੀ ਹਕੂਮਤ ਸਮੇਂ ਦੂਜੀ ਨਿਵਾਜੀ ਗਈ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸੀ (1971) 1957 'ਚ ਨਹਿਰੂ ਸਮੇਂ ਨਵਾਜੇ ਗਏ ਗ੍ਰਹਿ ਮੰਤਰੀ ਗੋਵਿੰਦਵਲਵ ਪਤਿ 1958 'ਚ ਡਾ. ਡੀ. ਕੇ. ਕਾਰਵੇ, 1961 'ਚ ਡਾ. ਵਿਧਾਨ ਚੰਦਰ ਰਾਏ ਤੇ ਪ੍ਰਸੋਤਮਦਾਸ ਟੰਡਨ ਤੇ ਸੰਨ 1963 'ਚ ਜਾਕਿਰ ਹੁਸੈਨ ਜੋ 1962 ਤੱਕ ਰਾਸ਼ਟਰਪਤੀ ਬਣੇ ਰਹੇ। ਪਹਿਲਾਂ ਮਰਨੋ ਪਰੰਤ 'ਭਾਰਤ ਰਤਨ' ਮਿਲਿਆ। 1966 'ਚ 11 ਜਨਵਰੀ ਨੂੰ ਲਾਲ ਬਹਾਦਰ ਸ਼ਾਸਤਰੀ ਦਾ ਦੇਹਾਂਤ ਤਾਸ਼ਕੰਦ 'ਚ ਹੋਇਆ ਤਾਂ ਉਹਨੂੰ ਉਸੇ ਮਹੀਨੇ ਨਿਵਾਜਿਆ ਗਿਆ। 1975 'ਚ ਈ. ਵੀ. ਗਿਰੀ ਨੂੰ 1976 'ਚ ਕੇ. ਕਾਮਰਾਜ ਨੂੰ 1980 'ਚ ਮਦਰ ਟਰੇਸਾ। 1983 'ਚ ਵਿਨੋਭਾ ਭਾਵੇ। 1987 'ਚ ਖਾਨ ਅਬਦੁਲ ਗਫਾਰ ਖਾਨ ਤੇ 1988 'ਚ ਐਜੀ ਆਚੰਦਰਨ ਨੂੰ 'ਭਾਰਤ ਰਤਨ' ਦਿੱਤਾ ਗਿਆ। ਰਾਮਾਚੰਦਰਨ ਲਈ ਵੀ ਤਾਮਿਲਨਾਡੂ ਦਾ ਦਬਾਅ ਸੀ ਕੇਂਦਰ ਉਪਰ। ਫਿਰ ਈ. ਪੀ. ਸਿੰਘ ਨੇ ਦਬਾਅ ਹੇਠ ਆ ਕੇ ਭੀਮ ਰਾਓ ਅੰਬੇਦਕਰ ਨੂੰ ਮਰਨੋ ਪਰੰਤ ਨਿਵਾਜਿਆ

ਉਸੇ ਸਾਲ ਨੇਲਸਨ ਮੰਡੇਲਾ ਸਨਮਾਨਿਤ ਹੋਏ। 1991 'ਚ ਚੰਦਰਸੇਖਰ ਨੇ ਰਜੀਵ ਗਾਂਧੀ ਤੇ ਸਰਦਾਰ ਪਟੇਲ ਨੂੰ ਮਰਨੋਪਰੰਤ ਤੇ ਸਾਬਕਾ ਪ੍ਰਧਾਨ ਮੰਤਰੀ ਮੋਰਾਰ ਜੀ ਡਿਸਾਈ ਨੂੰ ਨਿਵਾਜਿਆ। ਨਰਸਿਮਾ ਰਾਓ ਨੇ ਮੌਲਾਨਾ ਅਬੁਲ ਕਲਾਮ ਆਜਾਦ ਜੇ. ਆਰ. ਡੀ. ਟਾਟਾ ਤੇ ਸਤਜੀਤ ਰੇਅ ਨੂੰ ਸਨਮਾਨਿਤ ਕੀਤਾ। ਨੇਤਾ ਜੀ ਸੁਬਾਸ ਚੰਦਰ ਦਾ ਨਾਂ ਵਿਵਾਦਾਂ 'ਚ ਘਿਰ ਗਿਆ। ਇਸ ਤਰ੍ਹਾਂ ਅਟਲ ਬਿਹਾਰੀ ਸਮੇਂ ਵੀ ਝਗੜਾ ਹੋਇਆ ਸੀ। ਉਹਨਾਂ ਨੇ ਨਾਲ ਜੀ ਦੇਸ਼ ਮੁੱਖ ਨੂੰ ਸਨਮਾਨਿਤ ਕੀਤਾ ਕਰਨ ਦਾ ਪ੍ਰਸਤਾਵ ਨਾਨਾ ਜੀ ਨੇ ਨਾ ਮੰਜੂਰ ਕਰ ਦਿੱਤਾ। ਦੇਵਗੌੜਾ ਪਿਛੋਂ ਗੁਜਰਾਲ ਨੇ 1998 'ਚ ਐਸ. ਸੁਬਲਕਸਮੀ ਤੇ ਸੀ ਸੁਬਰਾਮ ਨੀਅਮ ਨੂੰ ਸਨਮਾਨਿਤ ਕੀਤਾ। ਸੰਨ 1999 ਵਾਜਪਾਈ ਨੇ ਜੈ ਪ੍ਰਕਾਸ਼ ਨਰਾਇਣ ਗੋਪੀਨਾਥ ਬਰਦੋ ਲਾਈ, ਰਵੀ ਸ਼ੰਕਰ ਤੇ ਅਮ੍ਰਤਿਆ ਸੇਨਾ ਨੂੰ ਸਨਾਮਨਿਤ ਕੀਤਾ। 2001 'ਚ ਲਤਾ ਮੰਗੇਸ਼ਕਰ ਤੇ ਬਿਸ ਮਿਲਾ ਖਾਨ ਸਨਮਾਨਿਤ ਹੋਏ। ਸਾਰੇ ਸੁਪਾਤਰ ਸਨ। 2002 ਤੋਂ 2007 ਤੱਕ ਕਿਸੇ ਨੂੰ ਇਹ ਸਨਮਾਨ ਨਹੀਂ ਮਿਲਿਆ ਹੈ। ਰਾਜਸੀ ਨੇਤਾਵਾਂ ਦੀ ਘਾਟ ਰਹੀ ਹੈ ਇਸ ਦੌਰ ਵਿੱਚ ਪਰ ਦੂਜੇ ਖੇਤਰਾਂ ਸਾਹਿਤ ਵਿਗਿਆਨ, ਸਮਾਜ ਸੇਵਾ 'ਚੋਂ ਕੋਈ ਨਹੀਂ ਮਿਲਿਆ ਇਹ ਕਿਵੇਂ ਹੋ ਸਕਦਾ ਹੈ? ਹੋਮੀ ਜੇ ਭਾਬਾ ਵਿਕਰਮ ਸਾਰਾ ਭਾਈ ਰਾਜਾਰਮੰਨਾ, ਸਤੀਸ਼ ਭਵਨ ਆਦਿ ਐਸੇ ਨਾ ਹਨ ਜਿਹਨਾਂ 'ਤੇ ਕਿਸੇ ਨੂੰ ਕੋਈ ਇਤਰਾਜ ਨਹੀਂ ਸੀ। 2008 'ਚ ਪੰਡਿਤ ਭੀਮਸੇਨ ਜੋਸ਼ੀ ਸਨਮਾਨਿਤ ਹੋਏ ਹਨ। ਪਰ ਉਕਤ ਤੋਂ ਇਹ ਵੀ ਸਾਫ ਹੈ ਕਿ ਬਹੁਤੇ ਭਾਰਤ ਰਤਨ ਭਾਰਤੀ ਹਾਕਮਾਂ ਦੇ ਆਪਣੇ ਹੀ ਹਿੱਸੇ ਆਏ ਹਨ। ਅੰਨਾ ਵੰਡੇ ਰਿਉੜੀਆਂ ਮੁੜ ਮੁੜ ਆਪਣਿਆਂ ਨੂੰ।

# ਭਾਰਤੀ ਰੇਲ - ਉੱਚੀ ਦੁਕਾਨ ਫਿੱਕਾ ਪਕਵਾਨ

ਬੀਤੇ ਤਿੰਨ ਸਾਲਾਂ ਵਿਚ 40 ਹਜ਼ਾਰ ਦਾ ਮੁਨਾਫ਼ਾ ਕਮਾ ਕੇ ਭਾਰਤੀ ਰੇਲ ਨੇ ਆਪਣੇ ਆਪ ਨੂੰ ਖ਼ੂਬ ਥਾਪੀ ਦਿੱਤੀ। ਜਿੱਥੋਂ ਤੱਕ ਵਿਭਾਗੀ ਮੰਤਰੀ ਲਾਲੂ ਪ੍ਰਸ਼ਾਦ ਯਾਦਵ ਰੇਲ ਮੰਤਰੀ ਤੋਂ ਇੱਕ ਪ੍ਰਬੰਧਕ ਗੁਰੂ ਬਣ ਗਏ। ਦੇਸ਼ ਤੋਂ ਲੈ ਕੇ ਵਿਦੇਸ਼ਾਂ ਤੱਕ ਜਾ ਕੇ ਲਾਲੂ ਨੇ ਪ੍ਰਬੰਧ ਦਾ ਪਾਠ ਪੜ੍ਹਾ ਕੇ ਖ਼ੂਬ ਵਾਹ ਵਾਹ ਖੱਟੀ। ਵਿਸ਼ਵ ਭਾਈਚਾਰੇ ਨੂੰ ਇਹ ਸਮਝਣ ਦੀ ਕੋਸ਼ਿਸ਼ ਵੀ ਹੋਈ ਕਿ ਇਹ ਲਾਲੂ ਯਾਦਵ ਹੀ ਧੰਨ ਹਨ ਜਿਨ੍ਹਾਂ ਨੇ ਰੇਲਵੇ ਨੂੰ ਘਾਟੇ ਤੋਂ ਕੱਢ ਕੇ ਮੁਨਾਫ਼ਾ ਕਮਾਉਣ ਵਾਲੀ ਵਸਤੂ ਦੀ ਸ਼੍ਰੇਣੀ 'ਚ ਲਿਆ ਖੜ੍ਹਾ ਕੀਤਾ ਹੈ। ਪਰ ਰੇਲਵੇ ਦੇ ਸ਼ੀਸ਼ੇ ਵਿਚ ਝਾਕ ਕੇ ਕਿਸੇ ਨੇ ਦੇਖਿਆ ਕਿ ਟ੍ਰੇਨ ਟ੍ਰੇਨ ਦੀ ਲੇਟ ਲਤੀਫੀ, ਖਾਣ-ਪੀਣ ਦਾ ਘਟੀਆ ਮਿਆਰ, ਲੱਚਰ ਸੁਰੱਖਿਆ ਪ੍ਰਬੰਧ ਅਤੇ ਵਿਭਾਗੀ ਕਰਮਚਾਰੀਆਂ ਦਾ ਭ੍ਰਿਸ਼ਟਾਚਾਰ ਅੱਜ ਵੀ ਵਿਆਪਕ ਹੈ। ਭਾਰਤੀ ਲੋਕ ਹੁਣ ਇਸ ਨੂੰ ਆਪਣੀ ਹੋਣੀ ਮੰਨ ਕੇ ਸਭ ਕੁੱਝ ਸਹਿਣ ਕਰ ਰਹੇ ਹਨ। ਇਕ ਪਾਸੇ ਰੇਲਵੇ ਵੱਲੋਂ ਬੁਲੇਟ ਟ੍ਰੇਨ ਅਤੇ ਹਾਈ ਸਪੀਡ ਟਰੇਨ ਚਲਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ। ਜਿਸ ਦੀ ਰਫ਼ਤਾਰ 250-300 ਕਿ. ਮੀ. ਪ੍ਰਤੀ ਘੰਟਾ ਹੋਵੇਗੀ, ਉੱਥੇ ਦੇ ਕਈ ਪੁਰਾਣੇ ਪੁਲਾਂ ਦਾ ਕਲੇਜਾ ਹੁਣ ਤੋਂ ਹੀ ਧੜਕਣ ਲੱਗਿਆ ਹੈ। ਇਕ ਸੌ ਸਾਲ ਤੋਂ ਬੁੱਢੇ ਹੋ ਚੁੱਕੇ ਪੁਲ 'ਤੇ ਮੇਲ ਤੇ ਐਕਸਪ੍ਰੈੱਸ ਗੱਡੀਆਂ ਖਤਰਿਆਂ ਦੀ ਅਣਦੇਖੀ ਕਰਕੇ ਚਲਾਈਆਂ ਜਾ ਰਹੀਆਂ ਹਨ ਉੱਥੇ ਹਾਈ ਸਪੀਡ ਟ੍ਰੇਨ ਦਾ ਸੰਚਾਲਨ ਕਿਵੇਂ ਹੋਵੇਗਾ ਇਹ ਭਾਰਤੀ ਰੇਲ 'ਚ ਮੰਤਰੀ ਜਾਂ ਅਧਿਕਾਰੀ ਹੀ ਜਾਨਣ। ਅੰਕੜਿਆਂ ਨੂੰ ਵੇਖੀਏ ਤਾਂ ਦੇਸ਼ 'ਚ ਕੁੱਲ 1,27,768 ਪੁਲ ਹਨ ਜਿਨ੍ਹਾਂ ਵਿਚ 637 ਬੇਹੱਦ ਮਹੱਤਵਪੂਰਨ 10453 ਵੱਡੇ ਪੁਲ ਅਤੇ 116678 ਛੋਟੇ ਪੁਲ ਸ਼ਾਮਲ ਹਨ। ਕਿਹਾ ਜਾਂਦਾ ਹੈ ਕਿ ਇਸ ਵਿਚ 45 ਫੀਸਦੀ ਛੋਟੇ-ਵੱਡੇ ਪੁਲ ਸੌ ਸਾਲ ਤੋਂ ਵੱਧ ਪੁਰਾਣੇ ਹਨ ਜੋ 120-130 ਕਿ. ਮੀ. ਪ੍ਰਤੀ ਘੰਟਾ ਦੀ ਰਫ਼ਤਾਰ ਹੀ ਨਹੀਂ ਝੱਲ ਸਕਦੇ ਅਤੇ ਡਰਾਈਵਰ ਨੂੰ ਮਜ਼ਬੂਰਨ ਬ੍ਰੇਕ ਲਾਉਣੀ ਪੈਂਦੀ ਹੈ। ਉੱਤਰੀ ਭਾਰਤ 'ਚ ਰੇਲਵੇ ਦੇ ਸਾਰੇ ਅਜਿਹੇ ਹਨ ਜੋ ਬਾਰਿਸ਼ ਦੇ ਮੌਸਮ 'ਚ ਪਾਣੀ 'ਚ ਡੁੱਬੇ ਰਹਿੰਦੇ ਹਨ ਅਤੇ ਉਨ੍ਹਾਂ ਟ੍ਰੇਨਾਂ ਦਾ ਰਾਹ ਬਦਲਣਾ ਪੈਂਦਾ ਹੈ। ਇਹ ਹਾਲ ਉਦੋਂ ਹੈ ਜਦੋਂ ਰੇਲਵੇ ਵਿਭਾਗ ਵੱਲੋਂ ਪੁਲਾਂ ਦੀ ਮੁਰੰਮਤ 'ਤੇ ਸਲਾਨਾ 50 ਕਰੋੜ ਰੁਪਏ ਖਰਚ ਕੀਤੇ ਜਾਂਦੇ ਹਨ। ਦਿੱਲੀ ਸਥਿਤ ਰੇਲ ਭਵਨ ਦੇ ਇਕ ਉੱਚ ਕੋਟੀ ਦੇ ਅਧਿਕਾਰੀ ਦੱਬੀ ਜ਼ੁਬਾਨ 'ਚ ਇਸ ਨੂੰ ਮੰਨਦੇ ਵੀ ਹਨ ਪਰ ਕੁੱਝ ਵੀ ਸਪੱਸ਼ਟ ਕਹਿਣ ਤੋਂ ਬਚਣਾ ਵੀ ਚਾਹੁੰਦੇ ਹਨ। ਨਵੇਂ ਪੁਲਾਂ ਨੂੰ ਬਣਾਉਣ ਦੀ ਯੋਜਨਾ ਹੈ ਬਸ ਏਨਾ ਕਹਿ ਕੇ ਅਧਿਕਾਰੀ ਪੱਲਾ ਝਾੜ ਲੈਂਦੇ ਹਨ। ਇੱਥੇ ਸੁਆਲ ਇਹ ਹੈ ਕਿ ਜਦ ਪੁਲਾਂ ਦੀ ਸਥਿਤੀ ਜ਼ਰਜ਼ਰ ਹੋ ਚੁੱਕੀ ਹੈ ਤਾਂ ਹਾਈ ਸਪੀਡ ਟ੍ਰੇਨ ਚਲਾਉਣ ਦੀ ਤੁਗਲਕੀ ਯੋਜਨਾ ਕਿਸੇ ਦੇ ਦਿਮਾਗ ਦੀ ਉਪਜ ਹੈ। ਰੇਲਵੇ ਦੀ ਹਾਲਤ ਵੀ ਕਿਸੇ ਤੋਂ ਛੁਪੀ ਨਹੀਂ ਹੈ। ਇਸ ਹਾਲਤ ਦਾ ਮੂਲ ਕਾਰਨ ਹੈ ਕਰਮਚਾਰੀਆਂ ਦੀ ਕਮੀ ਜਿਸ 'ਤੇ ਨਾ ਤਾਂ ਵਿਭਾਗੀ ਮੰਤਰੀ ਦਾ ਧਿਆਨ ਜਾਂਦਾ ਹੈ ਨਾ ਅਧਿਕਾਰੀਆਂ ਦਾ। ਬੀਤੇ 18 ਸਾਲਾਂ ਵਿਚ ਰੇਲ ਵਿਭਾਗ 'ਚ 280230 ਕਰਮਚਾਰੀਆਂ ਦੀ ਕਮੀ ਹੋਈ ਹੈ। ਬਹੁਤੇ ਅਹੁਦੇ ਖਤਮ ਕਰ ਦਿੱਤੇ ਗਏ ਹਨ ਤਾਂ ਬਹੁਤ

ਸਾਰੇ ਕਰਮਚਾਰੀ ਸੇਵਾ-ਮੁਕਤ ਹੋ ਗਏ ਹਨ। ਸੰਸਾਰ ਦੇ ਸਭ ਤੋਂ ਵੱਡੇ ਵਪਾਰਕ ਅਦਾਰੇ 'ਚ ਸ਼ਾਮਲ ਭਾਰਤੀ ਰੇਲ ਵਿਭਾਗ 'ਚ ਕਰਮਚਾਰੀਆਂ ਦੀ ਗਿਣਤੀ ਘੱਟ ਰਹੀ ਹੈ ਉਹ ਵੀ ਉਦੋਂ ਜਦੋਂ ਹਰੇਕ ਸਾਲ ਭਾਰਤੀ ਰੇਲ ਦਾ ਵਿਸਥਾਰ ਹੋ ਰਿਹਾ ਹੈ। ਕਰਮਚਾਰੀਆਂ ਦੀ ਇਸ ਘਾਟ ਦਾ ਸਿੱਧਾ ਅਸਰ ਟਰਾਂਸਪੋਰਟ ਵਿਭਾਗ 'ਤੇ ਪੈ ਰਿਹਾ ਹੈ। ਕਾਰਜਕਾਰੀ ਕਰਮਚਾਰੀ ਕੰਮ ਦੇ ਵਾਧੂ ਦਬਾਅ ਨੂੰ ਨਹੀਂ ਝੱਲ ਰਹੇ ਹਨ। ਜੋ ਰੇਖਾ ਸੁਰੱਖਿਆ ਤੋਂ ਲੈ ਕੇ ਆਮ ਰੇਲ ਯਾਤਰੀਆਂ ਲਈ ਖਤਰੇ ਨੂੰ ਸੱਦਾ ਦਿੰਦਾ ਹੈ। ਖਾਲੀ ਪਏ 50 ਫੀਸਦੀ ਤੋਂ ਵੀ ਵੱਧ ਅਹੁਦਿਆਂ 'ਤੇ ਨਿਯੁਕਤੀ ਨਹੀਂ ਹੋ ਰਹੀ ਹੈ। ਇਸ ਦੇ ਪਿੱਛੇ ਕੰਮ ਕੀ ਮੰਸ਼ਾ ਹੈ ਇਹ ਵਿਭਾਗੀ ਮੰਤਰੀ ਹੀ ਜਾਣੇ। ਜ਼ਰਾ ਭਾਰਤੀ ਰੇਲ ਦਾ ਇਤਿਹਾਸ ਵੇਖੀਏ। ਸਾਲ 1950-51 'ਚ ਨਿੱਜੀ ਰੇਲ ਕੰਪਨੀਆਂ ਨੂੰ ਇਕੱਠਾ ਕਰਕੇ ਰੇਲਵੇ ਦਾ ਉਦੈ ਹੋਇਆ ਉਸ ਸਮੇਂ ਇਸ 'ਚ ਕਰਮਚਾਰੀਆਂ ਦੀ ਗਿਣਤੀ 91,3600 ਸੀ। ਸਾਲ 1990-91 ਤੱਕ ਕਰਮਚਾਰੀਆਂ ਦੀ ਗਿਣਤੀ 'ਚ ਵਾਧਾ ਹੁੰਦਾ ਗਿਆ ਅਤੇ ਗਿਣਤੀ 1657800 ਤੱਕ ਪਹੁੰਚ ਗਈ। ਉਨ੍ਹੀਂ ਦਿਨੀ ਨੌਕਰੀ ਦੀ ਤਲਾਸ਼ ਵਿਚ ਭਟਕ ਰਹੇ ਬੇਰੁਜ਼ਗਾਰਾਂ ਲਈ ਰੇਲ ਨਿਯੋਜਨ ਦਾ ਇਕ ਵੱਡੇ ਪਲੇਟਫਾਰਮ ਸੀ। ਇਹੀ ਇਕ ਅਜਿਹਾ ਵਿਭਾਗ ਸੀ। ਜਿਸ ਵਿਚ ਘੱਟੋ-ਘੱਟ ਪੜ੍ਹੇ ਲਿਖੇ ਤੋਂ ਲੈ ਕੇ ਵੱਧ ਤੋਂ ਵੱਧ ਪੜ੍ਹੇ ਬੇਰੁਜ਼ਗਾਰਾਂ ਨੂੰ ਅਸਾਨੀ ਨਾਲ ਨੌਕਰੀ ਮਿਲ ਜਾਂਦੀ ਸੀ ਪਰ ਸਾਲ 1990-91 ਪਿੱਛੋਂ ਇਸ 'ਚ ਨੌਕਰੀ ਦੇ ਮੰਦੇ ਦਾ ਦੌਰ ਸ਼ੁਰੂ ਹੋਇਆ ਜੋ ਅੱਜ ਵੀ ਜਾਰੀ ਹੈ। ਵੇਖਿਆ ਜਾਵੇ ਤਾਂ 1990 ਤੋਂ 2000 ਤੱਕ ਰੇਲ ਕਰਮੀਆਂ ਦੀ ਘਾਟ ਦੀ ਰਫ਼ਤਾਰ ਥੋੜੀ ਘਟੀ ਸੀ ਪਰ 2008 ਆਉਂਦੇ ਆਉਂਦੇ ਵਿਭਾਗ ਦੇ ਕਰਮਚਾਰੀਆਂ ਦਾ ਟੋਟਾ ਹੋ ਗਿਆ। ਬੀਤੇ 15 ਸਾਲਾਂ 'ਤੇ ਨਜ਼ਰ ਮਾਰੀਏ ਤਾਂ ਬਿਹਾਰ ਦੇ ਮੌਜੂਦਾ ਮੁੱਖ ਮੰਤਰੀ ਨਤੀਸ਼ ਕੁਮਾਰ, ਰਾਜਗ ਦੇ ਸੰਯੋਜਕ ਜਾਰਜ ਫਰਨਾਡੀਸ, ਵਰਤਮਾਨ ਕੇਂਦਰੀ ਇਸਪਾਤ, ਰਸਾਇਣ ਮੰਤਰੀ ਰਾਮ ਵਿਲਾਸ ਪਾਸਵਾਨ ਆਦਿ ਅਨੁਭਵੀ ਨੇਤਾ ਰੇਲ ਮੰਤਰੀ ਦੀ ਕੁਰਸੀ 'ਤੇ ਬਰਾਜਮਾਨ ਰਹੇ। ਆਖ਼ਰਕਾਰ ਕੀ ਕਾਰਨ ਹੈ ਕਿ ਸਾਰੇ ਅਨੁਭਵ ਹੋਣ ਦੇ ਬਾਵਜੂਦ ਇਨ੍ਹਾਂ ਨੇਤਾਵਾਂ ਦਾ ਧਿਆਨ ਕਰਮਚਾਰੀਆਂ ਦੀ ਨਿਯੁਕਤੀ ਵੱਲ ਨਹੀਂ ਗਿਆ ਨਾ ਹੀ ਪੁਲਾਂ ਦੀ ਉਸਾਰੀ ਹੋਈ। ਟ੍ਰੇਨ ਦੀ ਲੇਟ-ਲਤੀਫੀ ਵੀ ਸਭ ਦੇ ਕਾਰਜਕਾਲ 'ਚ ਇਕੋ ਜਿਹੀ ਹੀ ਰਹੀ। ਹਾਂ ਏਨਾ ਜ਼ਰੂਰ ਹੋਇਆ ਕਿ ਹਰ ਮੌਜੂਦਾ ਰੇਲ ਮੰਤਰੀ ਨੇ ਸਾਬਕਾ ਰੇਲ ਮੰਤਰੀ ਦੇ ਨਿਕੰਮੇਪਨ ਅਤੇ ਭ੍ਰਿਸ਼ਟਾਚਾਰ ਦਾ ਦੋਸ਼ ਲਾਇਆ ਅਤੇ ਜੋ ਥੋੜੀ ਬਹੁਤੀ ਪ੍ਰਾਪਤੀ ਵੀ ਹੋਈ ਤਾਂ ਉਸ ਦਾ ਸਿਹਰਾ ਖੁਦ ਨੂੰ ਹੀ ਦੇਣਾ ਬੇਹਤਰ ਸਮਝਿਆ। ਕਿਸੇ ਨੇ ਸੁਰੱਖਿਆ 'ਤੇ ਧਿਆਨ ਦਿੱਤਾ ਹੋਵੇ ਜਾਂ ਕਿਸੇ ਨੇ ਬੁੱਢੇ ਹੋ ਚੁੱਕੇ ਜਰਜਰ ਪੁਲਾਂ ਦੀ ਸਾਰ ਲਈ ਹੋਵੇ। ਬਿਹਾਰ ਦੀ ਸੋਨ ਨਦੀ ਤੇ ਬਣਿਆ ਪੁਲ ਪਟਨਾ ਅਤੇ ਆਰਾ ਵਿਚਕਾਰ ਹੈ ਜੋ ਨਵੀਂ ਦਿੱਲੀ ਤੋਂ ਆਉਣ ਵਾਲੀ ਹਰ ਟ੍ਰੇਨ ਦੇ ਗੁਜਰਨ ਦੇ ਠੀਕ ਬਾਅਦ ਇਕ ਚੈਨਲ ਦੇ ਪੱਤਰਕਾਰ ਨੇ ਰੇਲਵੇ ਟ੍ਰੈਕ ਦਾ ਬੋਲਟ ਹੱਥ ਨਾਲ ਖੋਲ੍ਹ ਕੇ ਦਰਸ਼ਕਾਂ ਨੂੰ ਦਿਖਾ ਦਿੱਤਾ। ਇਹ ਸਿਰਫ ਇਕ ਭਰਮ ਹੈ। ਅੱਜ ਦੇਸ਼ ਵਿਚ ਸੈਂਕੜੇ ਅਜਿਹੇ ਪੁਲ ਮਿਲ ਜਾਣਗੇ ਪਰ ਸੁਆਲ ਉੱਠਦਾ ਹੈ ਕਿ ਨਵੇਂ ਪੁਲਾਂ ਦੀ ਉਸਾਰੀ ਦੀ ਜਹਿਮਤ ਉਠਾਏ ਕੌਣ? ਲੱਖਾਂ ਲੋਕ ਆਪਣੀ ਜਾਨ ਹਥੇਲੀ 'ਤੇ ਰੱਖ ਕੇ ਯਾਤਰਾ ਕਰ ਰਹੇ ਹਨ। ਆਏ ਦਿਨ ਰੇਲ ਦੁਰਘਟਨਾਵਾਂ ਹੋ ਰਹੀਆਂ ਹਨ। ਸ਼ਤਾਬਦੀ ਤੇ ਰਾਜਧਾਨੀ ਐਕਸਪ੍ਰੈਸ ਵਰਗੀਆਂ ਹਾਈ ਪਰਫਾਇਲ ਟ੍ਰੇਨਾਂ ਦੀ ਖਾਣਾਂ ਵਿਚੋਂ ਕੀੜੇ

ਨਿਕਲਦੇ ਹਨ। ਦਿਨ-ਦਿਹਾੜੇ ਰੇਲ ਕਰਮੀਆਂ ਵੱਲੋਂ ਯਾਤਰੀਆਂ ਨੂੰ ਟ੍ਰੇਨ ਤੋਂ ਹੇਠਾਂ ਸੁੱਟਿਆ ਜਾ ਰਿਹਾ ਹੈ। ਰਾਖਵੇਂ ਕਰਨ ਪ੍ਰਬੰਧ 'ਚ ਅੱਜ ਵੀ ਕਈ ਚੋਰ ਮੋਰੀਆਂ ਹਨ। ਫਿਰ ਵੀ ਰੇਲ ਵਿਭਾਗ 40 ਹਜ਼ਾਰ ਕਰੋੜ ਦਾ ਮੁਨਾਫਾ ਕਮਾ ਕੇ ਫੁਲਿਆ ਨਹੀਂ ਸਮਾਉਂਦਾ। ਅਜਿਹੇ ਵਿਚ ਕੀ ਇਹ ਮੰਨ ਕੇ ਚਲਿਆ ਜਾਵੇ ਕਿ ਭਾਰਤੀ ਰੇਲ ਆਮ ਆਦਮੀ ਦੀ ਸੇਵਾ ਅਤੇ ਭਲਾਈ ਦੀ ਜਗ੍ਹਾ ਇਕ ਆਰਥਕ ਲੁੱਟ ਕੇਂਦਰ ਬਣ ਕੇ ਰਹਿ ਗਿਆ ਹੈ? ਜਿਸ ਵਿਭਾਗ 'ਤੇ ਰੋਜ਼ਾਨਾ ਹਜ਼ਾਰਾਂ-ਲੱਖਾਂ ਲੋਕਾਂ ਨੂੰ ਸੁਰੱਖਿਅਤ ਯਾਤਰਾ ਕਰਨ ਦੀ ਜੁਆਬਦੇਹੀ ਹੋਵੇ ਉਸ ਵਿਭਾਗ ਦਾ ਆਮ ਲੋਕਾਂ ਨਾਲ ਸਿੱਧਾ ਸੰਪਰਕ ਨਾ ਹੋ ਸਕਣਾ ਵੀ ਅਨੇਕਾਂ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ। ਮਸਲਨ ਰੇਲ ਵਿਭਾਗ ਦੇ ਹਰ ਸਾਲ ਨਿਯਮਾਂ ਤੇ ਕਾਨੂੰਨਾਂ 'ਚ ਸੋਧ ਹੁੰਦੀ ਰਹਿੰਦੀ ਹੈ। ਪਰ ਆਮ ਲੋਕਾਂ ਨੂੰ ਇਸ ਦੀ ਜਾਣਕਾਰੀ ਨਹੀਂ ਹੁੰਦੀ ਜਦ ਕਿ ਇਹ ਵਿਭਾਗ ਦਾ ਕੰਮ ਹੈ ਕਿ ਕਿਸੇ ਵੀ ਬਦਲੇ ਨਿਯਮ ਤੇ ਨਵੇਂ ਕਾਨੂੰਨ ਦੀ ਜਾਣਕਾਰੀ ਇਹ ਆਮ ਲੋਕਾਂ ਨੂੰ ਫੌਰਨ ਦੇਵੇ। ਅੱਜ ਇਲੈਕਟ੍ਰਾਨਿਕ ਮੀਡੀਆ ਤੋਂ ਲੈ ਕੇ ਆਮ ਜਨਤਾ ਤੱਕ ਆਪਣੇ ਸ਼ਬਾਵ 'ਤੇ ਹੈ ਫਿਰ ਵੀ ਰੇਲ ਵਿਭਾਗ ਵੱਲੋਂ ਬਦਲੇ ਨਿਯਮਾਂ ਦੀ ਵਿਆਪਕ ਜਾਣਕਾਰੀ ਨਹੀਂ ਦਿੱਤਾ ਜਾਣਾ ਸਮਝ ਤੋਂ ਪਰੇ ਹੈ। ਵੱਡੇ ਤੋਂ ਵੱਡੇ ਸਟੇਸ਼ਨਾਂ 'ਤੇ ਫੋਨ ਦੀ ਘੰਟੀ ਵਜਦੀ ਰਹਿੰਦੀ ਹੈ ਕੋਈ ਜੁਆਬ ਦੇਣ ਵਾਲਾ ਨਹੀਂ ਹੁੰਦਾ। ਅਕਸਰ ਟ੍ਰੇਨ ਲੰਘ ਜਾਣ ਪਿੱਛੋਂ ਉਸ ਦੇ ਆਉਣ ਦੀ ਸੂਚਨਾ ਸੁਣਾਈ ਦਿੰਦੀ ਹੈ। ਇਸ ਲੱਚਰ ਸੂਚਨਾ ਤੰਤਰ ਤੋਂ ਛੁਟਕਾਰਾ ਪਾਉਣਾ ਹੋਵੇਗਾ ਇਲੈਕਟ੍ਰਾਨਿਕ ਯੁੱਗ 'ਚ ਇਸ ਤਰ੍ਹਾਂ ਦੀ ਘਟੀਆ ਸੂਚਨਾ ਪ੍ਰਣਾਲੀ ਦਾ ਕੀ ਕੰਮ, ਇਹ ਦੱਸਣ ਵਾਲਾ ਕੋਈ ਨਹੀਂ ਹੈ। ਇਸ 'ਚ ਸੁਧਾਰ ਦੀ ਫੌਰੀ ਜ਼ਰੂਰਤ ਹੈ। ਉਹ ਚਾਹੇ ਰੇਲ ਮੰਤਰੀ ਲਾਲੂ ਯਾਦਵ ਕਰੇ ਜਾਂ ਹੋਰ ਆਉਣ ਵਾਲਾ ਰੇਲ ਮੰਤਰੀ ਕਰੇ ਪਰ ਇਹ ਕਰਨਾ ਹੀ ਪੈਣਾ ਹੈ ਨਹੀਂ ਤਾਂ ਲੋਕ ਅਜਿਹੀ ਮਾੜੀ ਸੂਚਨਾ ਕਾਰਨ ਦਰ-ਦਰ ਭਟਕਦੇ ਰਹਿਣਗੇ ਤੇ ਰੇਲ ਦੇ ਪਹੀਆ ਹੇਠਾਂ ਪਿਸਦੇ ਰਹਿਣਗੇ। ਮੌਜੂਦਾ ਸਥਿਤੀ 'ਚ ਰੇਲ ਵਿਭਾਗ 'ਤੇ ਉੱਚੀ ਦੁਕਾਨ ਫਿੱਕਾ ਪਕਵਾਨ ਵਾਲੀ ਕਹਾਵਤ ਸੌ ਫੀਸਦੀ ਠੀਕ ਬੈਠਦੀ ਹੈ।

# ਕੀ ਹਨ ਲੋਕ ਸਭਾ ਚੋਣਾਂ ਦੇ ਸਿੱਟੇ ਤੇ ਸਬਕ?

15ਵੀਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਤੇ ਉਸ ਦੀ ਅਗਵਾਈ 'ਚ ਯੂ. ਪੀ. ਏ. ਦੀ ਸ਼ਾਨਦਾਰ ਜਿੱਤ ਨਾਲ ਸਾਡੇ ਦੇਸ਼ ਦੀਆਂ ਹਾਕਮ ਜਮਾਤਾਂ ਤੇ ਬੁਰਜੂਆ ਬੁਧੀਜੀਵੀਆਂ 'ਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਅਖਬਾਰਾਂ, ਰਸਾਲਿਆਂ ਤੇ ਟੀ. ਵੀ. 'ਚ ਆਉਣ ਵਾਲੀਆਂ ਟਿੱਪਣੀਆਂ ਵਿਸ਼ਲੇਸ਼ਣ ਤੇ ਲੇਖਾਂ ਵਿਚ ਇਸ ਗੱਲ ਦੀ ਸਾਫ਼ ਝਲਕ ਮਿਲਦੀ ਹੈ। ਕਾਂਗਰਸ ਦੇ ਲੋਕ ਸਭਾ ਮੈਂਬਰਾਂ 'ਚ 61 ਦਾ ਵਾਧਾ ਖੁਦ ਕਾਂਗਰਸ ਲਈ ਆਸ ਤੋਂ ਵੱਧ ਹੈ। ਇਸ ਦੇ ਨਾਲ ਯੂ. ਪੀ. ਏ. ਦੇ 262 ਮੈਂਬਰ ਲੋਕ ਸਭਾ ਲਈ ਚੁਣੇ ਗਏ ਜਿਸ ਨਾਲ ਸਰਕਾਰ ਬਣਾਉਣ 'ਚ ਸਿਰਫ਼ 10 ਅਤੇ ਲੋਕ ਸਭਾ ਮੈਂਬਰਾਂ ਦੀ ਹਮਾਇਤ ਦੀ ਜ਼ਰੂਰਤ ਸੀ। ਚੋਣ ਨਤੀਜੇ ਆਉਣ ਤੋਂ ਪਹਿਲਾਂ ਜੋ ਨੇਤਾ ਕਾਂਗਰਸ ਨਾਲ ਸੌਦੇਬਾਜ਼ੀ ਕਰ ਰਹੇ ਸਨ ਅਤੇ ਮਨ ਇਛਤ ਲਾਭ ਦਾ ਭਰੋਸਾ ਨਾ ਮਿਲਣ ਕਰਕੇ ਧੌਂਸ ਵੀ ਵਿਖਾਉਂਦੇ ਸਨ, ਉਹ ਨੇਤਾ ਚੋਣ ਨਤੀਜ਼ੇ ਆਉਣ ਪਿਛੋਂ ਕਾਂਗਰਸ ਦੀ ਬਿਨਾਂ ਸ਼ਰਤ ਹਮਾਇਤ ਦੀ ਬੇਨਤੀ ਕਰਨ ਲੱਗੇ। ਡਾ. ਮਨਮੋਹਨ ਸਿੰਘ ਦੇ ਰਾਸ਼ਟਰਪਤੀ ਕੋਲ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਨ ਤੋਂ ਪਹਿਲਾਂ ਹੀ ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ ਤੇ ਰਾਸ਼ਟਰਪਤੀ ਜਨਤਾ ਦਲ ਨੇ ਬਿਨਾਂ ਸ਼ਰਤ ਯੂ. ਪੀ. ਏ. ਦੀ ਹਮਾਇਤ ਕਰਨ ਦਾ ਐਲਾਨ ਕੀਤਾ ਤੇ ਰਾਸ਼ਟਰੀ ਨੂੰ ਲਿਖਿਆ ਵੀ। ਕਾਂਗਰਸ ਦੀ ਅਗਵਾਈ 'ਚ ਯੂ. ਪੀ. ਏ. ਦੀ ਵੱਡੀ ਸਫਲਤਾ 'ਤੇ ਭਾਰਤ ਦੇ ਲੋਕਾਂ ਨੂੰ ਵਧਾਈ ਦਿੰਦਿਆਂ ਹਾਕਮ ਜਮਾਤ ਦੀ ਪਤ੍ਰਿਕਾ ਇੰਡੀਆ ਟੂਡੇ ਨੇ ਲਿਖਿਆ ਕਿ ਭਾਰਤੀ ਜਨਤਾ ਨੇ ਜਿਸ ਪ੍ਰੱਪਕਤਾ ਦਾ ਇਜ਼ਹਾਰ ਇਸ ਚੋਣ ਵਿਚ ਦਿੱਤਾ ਹੈ। ਉਸ ਕਾਰਨ ਸੱਤਾ ਦਾ ਕੇਂਦਰ 'ਕੁੱਤਿਆਂ ਦਾ ਨਾਸ਼ਤਾ (Dogs' break fast) ਹੋਣ ਤੋਂ ਬਚ ਗਿਆ ਹੈ। ਖੇਤਰੀ ਦਲ ਜਦ ਗਠਜੋੜ ਸਰਕਾਰ ਵਿਚ ਆਪਣੀ ਹਿੱਸੇਦਾਰੀ ਦਾ ਦਾਅਵਾ ਕਰਦੇ ਹਨ ਤਾਂ ਹਾਕਮ ਜਮਾਤ ਪ੍ਰਸਤ ਬੁੱਧੀਜੀਵੀਆਂ ਨੂੰ ਉਹ ਮਾਸ ਲਈ ਲੜਦੇ ਕੁੱਤਿਆਂ ਵਾਂਗ ਨਜ਼ਰ ਆਉਂਦੇ ਹਨ। ਉਹਨਾਂ ਨੂੰ ਕੋਈ ਸੁਆਲ ਕਰ ਸਕਦਾ ਹੈ ਕਿ ਜਦ ਕਾਂਗਰਸ ਦੀ ਸਤਾ 'ਤੇ ਅਜ਼ਾਰੇਦਾਰੀ ਸੀ, ਤਦ ਉਸ ਅੰਦਰ ਸਤਾ ਲਈ ਜਿਸ ਪ੍ਰਕਾਰ ਦੀ ਖੋਹ ਖਿੰਝ ਗੁੱਟਬਾਜ਼ੀ, ਖੁਸ਼ਾਮਦ ਤੇ ਚਮਚਗਿਰੀ ਹੁੰਦੀ ਸੀ, ਉਸ ਨੂੰ ਉਹ ਕੀ ਕਹਿਣਗੇ? ਕੀ ਕਾਂਗਰਸ ਦੇ ਅੰਦਰ ਸਤਾ ਸੰਘਰਸ਼ ਘੱਟ ਘਿਨੌਣਾ ਤੇ ਸ਼ਰਮਨਾਕ ਰਿਹਾ ਹੈ? ਹਾਕਮ ਜਮਾਤ ਇਸ ਚੋਣ ਨਤੀਜੇ ਨੂੰ ਗਠਜੋੜ ਸਰਕਾਰ ਦਾ ਹੌਲੀ-ਹੌਲੀ ਖਤਮ ਹੋਣਾ ਤੇ ਭਾਰਤ ਅੰਦਰ ਦੋ ਪਾਰਟੀ ਰਾਜਸੀ ਧਰੁਵੀਕਰਨ ਦੀ ਸ਼ੁਰੂਆਤ ਮੰਨ ਰਿਹਾ ਹੈ। ਉਹਨਾਂ ਦਾ ਕਹਿਣਾ ਹੈ ਕਿ 1999 'ਚ ਰਾਜਗ ਦੀ ਸਰਕਾਰ ਵਿਚ 24 ਪਾਰਟੀਆਂ ਸ਼ਾਮਲ ਸਨ ਜੋ ਘਟ ਕੇ 2004 'ਚ ਯੂ.

ਪੀ. ਏ. ਸਰਕਾਰ ਦੀਆਂ 12 ਪਾਰਟੀਆਂ ਦੀ ਸਰਕਾਰ ਵਜੋਂ ਸਾਹਮਣੇ ਆਏ। ਮੌਜੂਦਾ ਸਰਕਾਰ 'ਚ ਛੇ ਪਾਰਟੀਆਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ ਤੇ ਉਸ ਵਿਚ ਕਾਂਗਰਸ ਦੀ 206 ਦੀ ਮਜ਼ਬੂਤ ਹਾਜ਼ਰੀ ਇਸ ਨੂੰ ਹੋਰ ਵੱਧ ਤਾਕਤਵਰ ਬਣਾਵੇਗੀ। ਕਾਂਗਰਸ ਦੇ ਬੁਲਾਰੇ ਸਲਮਾਨ ਖੁਰਸ਼ਿਦ ਅਨੁਸਾਰ ਉਹ ਉਮੀਦ ਕਰਦੇ ਹਨ ਕਿ ਅਗਲੀ ਚੋਣ ਵਿਚ ਕਾਂਗਰਸ ਖੁਦ ਆਪਣੇ ਬਲਬੂਤੇ 'ਤੇ ਸਰਕਾਰ ਬਣਾਉਣ 'ਚ ਸਫਲ ਹੋ ਸਕਦੀ ਹੈ ਤੇ ਕਾਂਗਰਸ ਇਸ ਦੇ ਲਈ ਹਰ ਸੰਭਵ ਕੋਸ਼ਿਸ਼ ਕਰੇਗੀ। ਇਸ ਤਰ੍ਹਾਂ 'ਕੁੱਤਿਆਂ ਦੇ ਭੋਜ' ਦਾ ਅੰਤ ਹੋ ਜਾਵੇਗਾ ਪਰ ਸਭ ਤੋਂ ਵੱਡੀ ਖੁਸ਼ੀ ਸਾਡੇ ਦੇਸ਼ ਦੇ ਸਨਅਤਕਾਰਾਂ ਪੂੰਜੀਪਤੀਆਂ, ਸਟਾਕ ਮਾਰਕਿਟ ਦੇ ਸ਼ੇਅਰ ਦਲਾਲਾਂ, ਵੱਡੇ ਵਪਾਰੀਆਂ ਤੇ ਬੁਰਜੂਆ ਬੁਧੀਜੀਵੀਆਂ ਨੂੰ ਇਸ ਗੱਲ ਦੀ ਹੈ ਕਿ ਇਸ ਵਾਰੀ ਜੋ ਸਰਕਾਰ ਬਣੀ ਹੈ, ਉਸ ਨੂੰ ਖੱਬੇ ਮੋਰਚੇ ਦੀ ਹਮਾਇਤ ਦੀ ਕੋਈ ਲੋੜ ਨਹੀਂ ਹੈ ਤੇ ਖੱਬਾ ਮੋਰਚਾ ਆਪਣੇ ਕਿਲੇ ਅੰਦਰ ਹੀ ਢਹਿ ਢੇਰੀ ਹੋ ਗਿਐ। ਇੰਡੀਆ ਟੂਡੇ ਆਪਣੇ ਸੰਪਾਦਕੀ 'ਚ ਇਸ ਖੁਸ਼ੀ ਨੂੰ ਹੇਠ ਲਿਖੇ ਸ਼ਬਦਾਂ 'ਚ ਜ਼ਾਹਰ ਹੈ। "ਚੁਣਾਵੀ ਨਤੀਜਿਆਂ ਦੇ 'ਕੇਕ' 'ਤੇ ਕ੍ਰੀਮ ਦੀ ਪਰਤ ਚੜਾਈ ਹੈ ਖੱਬੇ ਮੋਰਚੇ ਦੀ ਹਾਰ ਨੇ ਜੋ ਕੂੜੇਦਾਨ ਵਿਚ ਚਲਾ ਗਿਆ ਹੈ ਅਤੇ ਉਮੀਦ ਹੈ ਕਿ ਉਹ ਉਥੇ ਰਹੇਗਾ। ਇਸ ਵਾਰੀ ਆਪਣੇ 2004 ਦੇ ਚੁਣਾਵੀ ਪ੍ਰਦਰਸ਼ਨ ਦੇ ਮੁਕਾਬਲੇ ਸਿਰਫ ਇਕ ਤਿਹਾਈ ਸੀਟਾਂ ਹਾਸਲ ਕਰਕੇ ਖੱਬੇ ਮੋਰਚੇ ਨੇ ਆਜ਼ਾਦੀ ਪਿਛੋਂ ਕੇਂਦਰ 'ਚ ਆਪਣਾ ਘਟੀਆ ਤੋਂ ਘਟੀਆ ਪ੍ਰਦਰਸ਼ਨ ਕੀਤਾ ਹੈ। ਖੱਬਾ ਮੋਰਚਾ ਹੁਣ ਇਸ ਲਾਇਕ ਰਿਹਾ ਹੀ ਨਹੀਂ ਹੈ ਕਿ ਉਹ ਕੇਂਦਰ ਸਰਕਾਰ ਦੇ ਨਾਲ ਇਕ ਪਿਛੜੀ ਵਿਚਾਰਧਾਰਾ ਨੂੰ ਜਬਰੀ ਘਸੋਣ ਲਈ ਆਪਣੀ ਰਾਜਸੀ ਹਸਤੀ ਦੇ ਬੂਤੇ ਦਾਅ-ਪੇਚ ਦੀ ਖੇਡ ਖੇਡਦਾ ਰਹੇ ਜਿਵੇਂ ਕਿ ਪਿਛਲੇ ਪੰਜ ਸਾਲਾਂ ਦੇ ਦੌਰਾਨ ਉਹ ਕਰਦਾ ਰਿਹਾ ਹੈ।"

ਇਸ ਗੱਲ ਦੀ ਪੜਤਾਲ ਕਰਨ ਲਈ ਚੋਣ ਨਤੀਜਿਆਂ ਦੇ ਵਿਸਲੇਸ਼ਣ ਕਰਨ ਦੀ ਜ਼ਰੂਰਤ ਹੈ। ਇਸ ਚੋਣ 'ਚ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਨੂੰ ਕ੍ਰਮਵਾਰ : 29.67 ਅਤੇ 19.29 ਫੀਸਦੀ ਵੋਟਾਂ ਹਾਸਲ ਹੋਈਆਂ ਪਿਛਲੀਆਂ ਚੋਣਾਂ 2004 'ਚ ਵੀ ਇਹਨਾਂ ਦੋਹਾਂ ਪਾਰਟੀਆਂ ਨੂੰ ਮਿਲਾਕੇ 48.96% (2009) ਦੇ ਮੁਕਾਬਲੇ 48.7% ਵੋਟਾਂ ਹਾਸਲ ਹੋਈਆਂ ਸਨ। ਇਸ ਤੋਂ ਸਪਸ਼ਟ ਹੈ ਕਿ ਇਹ ਦੋਨੋਂ "ਕੌਮੀ" ਪਾਰਟੀਆਂ ਨੂੰ ਮਿਲ ਕੇ ਵੋਟਾਂ 'ਚ ਪਿਛਲੀ ਚੋਣ ਦੇ ਮੁਕਾਬਲਤਨ ਕੋਈ ਵਿਸ਼ੇਸ਼ ਵਾਧਾ ਨਹੀਂ ਹੋਇਆ। ਨਾਲ ਹੀ ਦੋਹਾਂ ਨੂੰ ਹਾਸਲ ਕੁਲ ਵੋਟਾਂ 50% ਤੋਂ ਵੀ ਘੱਟ ਹਨ। ਇਸ ਲਈ ਯੂ. ਪੀ. ਏ. ਦੀ ਜਿੱਤ ਤੇ ਕਾਂਗਰਸ ਦੀ ਵੱਡੀ ਸ਼ਕਤੀ ਨਾਲ ਇਹ ਸਿੱਟਾ ਕੱਢਣਾ ਸਹੀ ਨਹੀਂ ਹੈ ਕਿ ਖੇਤਰੀ ਪਾਰਟੀਆਂ ਹੁਣ ਹੌਲੀ-ਹੌਲੀ ਅਲੋਪ ਹੋ ਕੇ ਇਤਿਹਾਸ ਦੀ ਗੱਲ ਹੋ ਜਾਣਗੀਆਂ। ਭਾਰਤੀ ਵੰਨ-ਸਵੰਨਤਾ ਨਾਲ ਖੇਤਰੀ ਸ਼ਕਤੀਆਂ ਕੇਂਦਰ ਦੀ ਬੇਹੱਦ ਕੇਂਦਰਿਤ ਹਕੂਮਤੀ ਪ੍ਰਣਾਲੀ ਖਿਲਾਫ਼ ਸੰਘਰਸ਼ ਦੌਰਾਨ ਪੈਦਾ ਹੋਈ ਤਾਂ ਕਿ ਵੱਖ ਵੱਖ ਸਮਾਜਕ ਤੇ ਕੇਂਦਰੀ ਪਹਿਚਾਣਾ ਨੂੰ ਰਾਜਸੀ ਜ਼ਮੀਨ ਤੇ ਹੱਕ ਹਾਸਲ ਹੋਣਾ ਮੁੱਖ ਧਾਰਾ ਦੇ ਨਾਂ 'ਤੇ ਕਾਂਗਰਸ ਦੀ ਕੇਂਦਰੀਕ੍ਰਿਤ ਹਕੂਮਤ ਦੌਰਾਨ ਵੱਖ-ਵੱਖ ਕੇਂਦਰੀ ਤੇ ਸਮਾਜਕ ਸਮੂਹਾਂ ਦੀਆਂ ਆਸਾਂ ਉਮੀਦਾਂ ਨੂੰ ਲੰਮੇ ਅਰਸੇ ਤਕ ਕੁਚਲਿਆ ਗਿਆ। ਇਸ ਖਿਲਾਫ਼ ਸੰਘਰਸ਼ ਕਰਦੇ ਹੋਇਆਂ ਅਸਮ ਘਣ ਪ੍ਰੀਸ਼ਦ, ਬੀਜੂ ਜਨਤਾ ਦਲ, ਜਨਤਾ ਦਲ ਦੇ ਵੱਖ-ਵੱਖ ਗੁੱਟ, ਬਹੁਜਨ ਸਮਾਜ ਪਾਰਟੀ, ਸਮਾਜਵਾਦੀ ਪਾਰਟੀ

ਤੇਲਗੂ ਦੇਸ਼ਮ, ਡੀ. ਐਮ. ਕੇ. ਏ. ਆਈ. ਏ. ਡੀ. ਕੇ, ਨੈਸ਼ਨਲ ਕਾਂਗਰਸ, ਝਾਰਖੰਡ ਮੁਕਤੀ ਮੋਰਚਾ ਆਦਿ ਦਲ ਬਣੇ ਅਤੇ ਆਪਣੇ ਖੇਤਰਾਂ 'ਚ ਸ਼ਕਤੀਸ਼ਾਲੀ ਹੋਏ। ਉਹਨਾਂ ਨੇ ਇਹਨਾਂ ਰਾਜਾਂ ਦੀਆਂ ਸਮਾਜਕ ਤੇ ਸਭਿਆਚਾਰਕ ਵਿਸ਼ੇਸ਼ਤਾਵਾਂ ਨੂੰ ਅਵਾਜ਼ ਦਿੱਤੀ ਅਤੇ ਦੇਸ਼ ਦੇ ਰਾਜਸੀ ਤੇ ਸਮਾਜਕ ਮੰਚ ਉਪਰ ਲਿਆਂਦਾ। ਅੱਜ ਵੀ ਸਾਡੇ ਦੇਸ਼ ਵਿਚ ਖੇਤਰੀ, ਸਮਾਜਕ ਤੇ ਸਮਾਜਕ ਭੇਦ ਭਾਵ ਤੇ ਲੁੱਟ ਬਰਕਰਾਰ ਹੈ। ਆਰਥਕ ਨਾਬਰਾਬਰੀ, ਸਮਾਜਕ ਤੇ ਸਭਿਆਚਾਰਕ ਨਾ ਬਰਾਬਰੀ ਨੂੰ ਹੋਰ ਤਿੱਖਾ ਤੇ ਤਿੱਖਾ ਕੀਤਾ। ਸੱਚਰ ਕਮੇਟੀ ਦੀ ਰਿਪੋਰਟ, ਭੂਰੀਆਂ ਕਮੇਟੀ ਦੀ ਰੀਪੋਰਟ, ਮੰਡਲ ਕਮਿਸ਼ਨ ਤੇ ਵੀਰੱਪਾ ਮੋਇਲੀ ਦੀ ਰੀਪੋਰਟ ਇਸ ਤੱਥ ਨੂੰ ਭਲੀਭਾਂਤ ਉਜਾਗਰ ਕਰਦੀਆਂ ਹਨ। ਡਾ. ਅਰਜਨ ਸੇਨ ਗੁਪਤਾ ਦੀ ਰੀਪੋਰਟ ਨੇ ਇਸ ਤੱਥ ਨੂੰ ਸਾਹਮਣੇ ਲਿਆਂਦਾ ਕਿ ਦੇਸ਼ ਦੇ 77% ਲੋਕਾਂ ਦੀ ਆਮਦਨੀ 20 ਰੁਪਏ ਰੋਜ਼ਾਨਾ ਤੋਂ ਵੀ ਘੱਟ ਹੈ। ਸੱਚਰ ਕਮੇਟੀ ਦੀ ਰੀਪੋਰਟ ਨੇ, ਮੁਸਲਮਾਨਾਂ ਦੀ ਤਰਸ਼ਯੋਗ ਹਾਲਤ 'ਤੇ ਰੋਸ਼ਨੀ ਪਾਈ। ਇਸ ਤਰ੍ਹਾਂ ਇਹਨਾਂ ਰੀਪੋਰਟਾਂ ਨੇ ਆਦੀਵਾਸੀਆਂ, ਦਲਿਤਾਂ, ਪਿਛੜਿਆਂ ਦੀ ਗਰੀਬੀ ਤੇ ਬਦਹਾਲੀ ਉਪਰ ਰੋਸ਼ਨੀ ਪਾਈ। ਅਜਿਹੀ ਹਾਲਤ ਵਿਚ ਕੋਈ ਕਿਵੇਂ ਸੋਚ ਸਕਦਾ ਹੈ ਕਿ ਕਾਂਗਰਸ ਦੇ ਰਾਜ ਨਾਲ, ਜੋ ਸਾਮਰਾਜੀ ਵਿਸ਼ਵੀਕਰਨ, ਨਿਜੀਕਰਨ ਤੇ ਆਰਥਕ ਉਦਾਰੀਕਰਨ ਦੀ ਨੀਤੀਆਂ 'ਤੇ ਅੱਗੇ ਵਧਣ ਲਈ ਵਚਨਬੱਧ ਹੈ, ਸਾਡੇ ਦੇਸ਼ ਦੀਆਂ ਆਰਥਕ ਤੇ ਸਮਾਜਕ ਅਲਾਮਤਾਂ ਖਤਮ ਹੋਣਗੀਆਂ। ਡਾ. ਮਨਮੋਹਨ ਸਿੰਘ ਦੀ ਸਾਮਰਾਜੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਪੱਖੀ ਆਰਥਕ ਨੀਤੀ ਨਾਲ ਦੇਸ਼ 'ਚ ਸਮਾਜਕ ਆਰਥਕ ਤੇ ਅਮਰੀਕਾ ਪ੍ਰਸਤ ਵਿਦੇਸ਼ ਨੀਤੀ ਨਾਲ ਦੇਸ਼ 'ਚ ਸਮਾਜਕ ਔਕੜਾਂ ਹੋਰ ਵਧਣਗੀਆਂ। ਅਜਿਹੀ ਹਾਲਤ ਵਿਚ ਖੇਤਰੀ ਪਾਰਟੀਆਂ ਦੀ ਭੂਮਿਕਾ ਵਧਣ ਵਾਲੀ ਹੈ। ਘੱਟ ਹੋਣ ਵਾਲੀ ਨਹੀਂ ਅਤੇ ਠੀਕ ਇਹਨਾਂ ਕਾਰਨਾਂ ਕਰਕੇ ਖੱਬੇ ਤੇ ਇਨਕਲਾਬੀ ਕਮਿਊਨਿਸਟ ਸੰਘਰਸ਼ ਤੇ ਜਥੇਬੰਦੀ ਦੀ ਭੂਮਿਕਾ ਵੀ ਆਉਣ ਵਾਲੇ ਦਿਨਾਂ 'ਚ ਵਧੇਗੀ। ਪਰ ਇਸ ਗੱਲ ਨੂੰ ਸਮਝਣ ਦੀ ਲੋੜ ਨਹੀਂ ਹੈ ਕਿ ਮੌਜੂਦਾ ਚੋਣ ਵਿਚ ਇਹਨਾਂ ਪਾਰਟੀਆਂ ਦੀ ਅਜਿਹੀ ਹਾਲਤ ਕਿਉਂ ਹੋਈ ਜਦ ਅਸੀਂ ਚੋਣ ਨਤੀਜਿਆਂ ਤੇ ਗਹਿਰੀ ਨਜ਼ਰ ਮਾਰਦੇ ਹਾਂ ਤਾਂ ਦੇਖਦੇ ਹਾਂ ਕਿ ਕਾਂਗਰਸ ਦਾ ਜ਼ਿਆਦਾ ਵਾਧਾ, ਸਿਰਫ਼ ਉਤਰੀ ਭਾਰਤ ਤੇ ਕੇਰਲਾ ਵਿਚ ਹੋਇਆ ਹੈ ਹੋਰਾਂ ਖੇਤਰਾਂ ਵਿਚ ਨਹੀਂ। ਕਾਂਗਰਸ ਨੂੰ ਮਹੱਤਵਪੂਰਨ ਵਾਧਾ ਉਤਰ ਪ੍ਰਦੇਸ਼, ਉਤਰਾਂਚਲ, ਦਿੱਲੀ, ਹਰਿਆਣਾ, ਪੰਜਾਬ, ਰਾਜਸਥਾਨ, ਮੱਧ ਪ੍ਰਦੇਸ਼, ਕੇਰਲਾ 'ਚ ਹਾਸਲ ਹੋਈ। ਬਿਹਾਰ, ਝਾਰਖੰਡ, ਬੰਗਾਲ, ਉੜੀਸਾ, ਸਤੀਸ਼ਗੜ੍ਹ, ਕਰਨਾਟਕ ਆਦਿ ਰਾਜਾਂ 'ਚ ਕਾਂਗਰਸ ਬੁਰੀ ਤਰ੍ਹਾਂ ਪਿਟ ਗਈ। ਆਂਧਰਾ ਤੇ ਮਹਾਂਰਾਸ਼ਟਰਾਂ 'ਚ ਵਿਰੋਧੀ ਪਾਰਟੀਆਂ ਦੀਆਂ ਵੋਟਾਂ 'ਚ ਵੰਡ ਨਾਲ ਕਾਂਗਰਸ ਆਪਣੀ ਸਥਿਤੀ ਨੂੰ ਕਿਸੇ ਤਰ੍ਹਾਂ ਮੁਲਅੰਕਣ ਤੋਂ ਸਪੱਸ਼ਟ ਹੈ ਕਿ ਕਾਂਗਰਸ ਦੇ ਪੱਖ 'ਚ ਕੋਈ ਹਵਾ ਦੇਸ਼ 'ਚ ਨਹੀਂ ਹੈ। ਬਲਕਿ ਕਾਂਗਰਸ ਦੀਆਂ ਵਿਰੋਧੀ ਪਾਰਟੀਆਂ ਦੀਆਂ ਗ਼ਲਤੀਆਂ ਦਾ ਫਾਇਦਾ ਕਾਂਗਰਸ ਨੂੰ ਹੋਇਆ ਹੈ। ਅਸਲੀਅਤ ਤਾਂ ਇਹ ਹੈ ਕਿ ਮਹਿੰਗਾਈ ਵਧਦੀ ਬੇਰੁਜ਼ਗਾਰੀ, ਛਾਂਟੀ, ਕਿਸਾਨਾਂ ਦੀ ਬਦਹਾਲੀ ਆਦਿ ਨਾਲ ਪਿਸ ਰਹੀ ਜਨਤਾ 'ਚ ਚੋਣਾਂ ਸਬੰਧੀ ਕੋਈ ਉਤਸ਼ਾਹ ਜਾਂ ਉਮੀਦ ਨਹੀਂ ਸੀ। ਸਿਟੇ ਵਜੋਂ ਵੋਟਾਂ ਦੀ ਪ੍ਰਤੀਸ਼ਤ ਇਸ ਵਾਰ ਘਟੀ (ਕਰੀਬ 50%) ਕਰੀਬ ਅੱਧੀ ਜਨਤਾ ਨੇ ਚੋਣ 'ਚ ਹਿੱਸਾ ਹੀ ਨਹੀਂ ਲਿਆ। ਲੋਕਾਂ ਨੇ ਇਸ ਵਾਰੀ ਅੱਤਵਾਦੀ ਰਾਜਨੀਤੀ ਨੂੰ

ਨਕਾਰਿਆ ਹੈ। ਭਾਜਪਾ ਦੇ ਹਿੰਦੂਵਾਦ ਨੂੰ ਲੋਕਾਂ ਨੇ ਨਕਾਰਿਆ ਜੋ ਨਰੇਂਦਰ ਮੋਦੀ ਤੇ ਵਰੁਣ ਗਾਂਧੀ ਦੇ ਭਾਸ਼ਣਾਂ ਦੇ ਵਧਦੇ ਕੱਦ ਨਾਲ ਇੱਕ ਦਾਨਵ ਦੀ ਤਰ੍ਹਾਂ ਰਾਜਸੀ ਫਲਕ 'ਤੇ ਛਾਉਂਦਾ ਜਾ ਰਿਹਾ ਸੀ। ਲੋਕਾਂ ਨੇ ਜਾਤੀ ਤੇ ਖੇਤਰੀ ਨਫ਼ਰਤ ਤੇ ਹਿੰਸਾ ਫੈਲਾਉਣ ਦੀ ਨੀਤੀ ਦਾ ਵੀ ਚੋਣਾਂ ਦੇ ਮਾਧਿਅਮ ਰਾਹੀਂ ਵਿਰੋਧ ਕੀਤਾ ਹੈ। ਸ਼ਿਵ ਸੈਨਾ ਤੇ ਰਾਜ ਠਾਕਰੇ ਦੀ ਨਵ-ਨਿਰਮਾਣ ਸੈਨਾ ਤੇ ਉਤਰ ਭਾਰਤੀਆਂ ਤੇ ਧਾਰਮਕ ਘੱਟ ਗਿਣਤੀਆਂ ਪ੍ਰਤੀ ਨਫ਼ਰਤ ਦਾ ਨਤੀਜਾ ਨਿਕਲਿਆ ਕਿ ਮੁੰਬਈ ਦੀਆਂ ਸਾਰੀਆਂ ਸੀਟਾਂ ਤੇ ਭਾਜਪਾ, ਸ਼ਿਵਸੈਨਾ ਗੱਠਜੋੜ ਆਪਣਾ ਖਾਤਾ ਵੀ ਨਹੀਂ ਖੋਹਲ ਸਕਿਆ। ਬਿਹਾਰ 'ਚ ਰਾਜਦ ਲੋਜਪਾ ਗਠਜੋੜ ਬੁਰੀ ਤਰ੍ਹਾਂ ਪਿਟ ਗਿਆ ਕਿਉਂਕਿ ਇਹ ਪਾਰਟੀਆਂ ਨਾਲ ਤਿੱਖੀ ਜਾਤੀਵਾਦ ਦੀ ਰਾਜਨੀਤੀ ਕਰਦੇ ਰਹੇ ਸਨ। ਨਾਲ ਹੀ ਨਤੀਸ਼ ਸਰਕਾਰ ਨੇ ਵਿਕਾਸ ਦੇ ਕੰਮ ਨੂੰ ਸ਼ੁਰੂ ਕੀਤਾ ਹੈ ਤੇ ਬਿਹਾਰ ਦਾ ਵਿਕਾਸ ਉਸ ਦਾ ਮੁੱਖ ਨਾਹਰਾ ਹੈ। ਇਸ ਦਾ ਫਾਇਦਾ ਜਦ (ਯੂ) ਭਾਜਪਾ ਗਠਜੋੜ ਨੂੰ ਮਿਲਿਆ ਤੇ ਉਸ ਨੇ ਤਦ ਲੋਕ ਸਭਾ ਸੀਟਾਂ ਜਿੱਤੀਆਂ। ਲੋਕਾਂ ਨੇ ਰਾਜਨੀਤੀ 'ਚ ਸ਼ਕਤੀਸ਼ਾਲੀ ਹੋਏ ਬਹੁ-ਬਲੀਆਂ ਨੂੰ ਧੂਲ ਚਟਾ ਦਿੱਤੀ।

ਬਿਹਾਰ ਤੇ ਉਤਰ ਪ੍ਰਦੇਸ਼ ਸਮੇਤ ਸਾਰੇ ਪਾਸੇ ਲੱਠਮਾਰਾਂ ਨੂੰ ਉਹਨਾਂ ਦੇ ਉਮੀਦਵਾਰਾਂ ਨੂੰ ਮੂੰਹ ਦੀ ਖਾਣੀ ਪਈ। ਇਸ ਕਾਰਨ ਉਤਰਪ੍ਰਦੇਸ਼ 'ਚ ਮਾਇਆਵਤੀ ਨੇ ਅਨੇਕਾਂ ਲੱਠਮਾਰਾਂ 'ਚ ਚੋਣਾਂ 'ਚ ਪਾਰਟੀ ਦੀ ਟਿਕਟ ਦਿੱਤੀ ਅਤੇ ਸੋਸ਼ਲ ਇੰਜੀਨੀਰਿੰਗ ਦੇ ਨਾਂ 'ਤੇ ਜਾਤੀਵਾਦ ਨੂੰ ਉਤਸ਼ਾਹਿਤ ਕੀਤਾ। ਵਿਕਾਸ 'ਤੇ ਸਰਕਾਰ ਦਾ ਧਿਆਨ ਨਹੀਂ ਰਿਹਾ। ਵਿਕਾਸ ਸੰਬੰਧੀ ਜਨਤਾ ਅੰਦਰ ਸ਼ੁਰੂਆਤੀ ਪੱਧਰ ਦੀ ਚੇਤਨਾ ਹੀ ਅਜੇ ਤੱਕ ਵਿਕਸਤ ਨਹੀਂ ਹੋ ਸਕੀ ਹੈ। ਪਰ ਜਦ ਉਹ ਵੀ ਉਹਨਾਂ ਨੂੰ ਨਹੀਂ ਮਿਲਦਾ ਹੈ ਤਾਂ ਉਹਨਾਂ ਦਾ ਵਿਰੋਧ ਸਾਹਮਣੇ ਆਉਣ ਲਗਦਾ ਹੈ ਕਿਸੇ ਨਾ ਕਿਸੇ ਰੂਪ ਵਿਚ। ਇਸ ਲਈ ਨਰੇਂਦਰ ਮੋਦੀ ਨੇ ਵਿਕਾਸ ਦਾ ਮੁੱਦਾ ਬੁਲੰਦ ਕੀਤਾ ਅਤੇ ਦੇਸ਼ ਦੇ ਮੁੱਖ ਸਨਅਤਕਾਰਾਂ ਨੇ ਉਹਨਾਂ ਨੂੰ ਦੇਸ਼ ਦੇ ਸਭ ਤੋਂ ਯੋਗ ਪ੍ਰਧਾਨ ਮੰਤਰੀ ਦੇ ਉਮੀਦਵਾਰ ਵਜੋਂ ਐਲਾਨਿਆ। ਪਰ ਗੁਜਰਾਤ ਭਾਜਪਾ ਦਾ ਵੋਟ ਪ੍ਰਤੀਸ਼ਤ ਪਿਛਲੀਆਂ ਲੋਕ ਸਭਾ ਚੋਣਾਂ ਦੇ ਮੁਕਾਬਲੇ 0.9% ਘੱਟ ਹੋ ਗਿਆ। ਇਸ ਤਰ੍ਹਾਂ ਲੋਕਾਂ ਨੇ ਅੱਤਵਾਦੀ ਰਾਜਨੀਤੀ ਨੂੰ ਨਕਾਰਿਆ ਹੈ। ਇਸ ਪ੍ਰਸੰਗ ਵਿਚ ਇਹ ਮਹੱਤਵਪੂਰਨ ਹੈ ਕਿ ਛਤੀਸ਼ਗੜ੍ਹ 'ਚ ਮਾਕਪਾ (ਮਾਓਵਾਦੀ) ਨੇ ਚੋਣਾਂ ਬਾਈਕਾਟ ਦਾ ਨਾਹਰਾ ਦਿੱਤਾ ਪਰ ਫਿਰ ਵੀ 58.2% ਲੋਕਾਂ ਨੇ ਚੋਣ 'ਚ ਹਿੱਸਾ ਲਿਆ। ਝਾਰਖੰਡ ਦੇ ਪਲਾਮੂ ਲੋਕ ਸਭਾ ਖੇਤਰ 'ਚ ਮਾਕਪਾ (ਮਾਓਵਾਦੀ) ਦੇ ਇੱਕ 'ਨੇਤਾ' ਕਾਮੇਸ਼ਵਰ ਬੈਠਾ ਨੇ ਜੇਹਲ ਦੇ ਅੰਦਰੋਂ ਹੀ ਚੋਣ 'ਚ ਆਪਣੀ ਨਾਮਜ਼ਦਗੀ ਕੀਤੀ। ਝਾਰਖੰਡ ਮੁਕਤੀ ਮੋਰਚਾ ਨੇ ਉਸਨੂੰ ਆਪਣਾ ਚੋਣ ਨਿਸ਼ਾਨ ਦਿੱਤਾ ਤੇ ਆਪਣਾ ਉਮੀਦਵਾਰ ਐਲਾਨਿਆ ਤੇ ਲੋਕਾਂ ਨੇ ਕਾਮਸ਼ੇਵਰ ਬੈਠਾ ਨੇ ਜੇਲ੍ਹ ਦੇ ਅੰਦਰੋਂ ਹੀ ਚੋਣ 'ਚ ਆਪਣੀ ਨਾਮਜਦਗੀ ਕੀਤੀ। ਝਾਰਖੰਡ ਮੁਕਤੀ ਮੋਰਚਾ ਨੇ ਉਸ ਨੂੰ ਆਪਣਾ ਚੋਣ ਨਿਸ਼ਾਨ ਦਿੱਤਾ ਤੇ ਆਪਣਾ ਉਮੀਦਵਾਰ ਐਲਾਨਿਆ ਤੇ ਲੋਕਾਂ ਨੇ ਕਾਮੇਸ਼ਵਰ ਬੈਠਾ ਨੂੰ ਜੇਲ੍ਹ ਅੰਦਰ ਰਹਿੰਦੇ ਹੋਇਆਂ ਵੀ ਜੇਤੂ ਕਰਾਰ ਦੇ ਦਿੱਤਾ। ਲੋਕਾਂ ਦੇ ਇਸ ਰੁਝਾਨ ਦਾ ਫਾਇਦਾ ਵੀ ਕਾਂਗਰਸ ਨੂੰ ਹੋਇਆ। ਇਹ ਜਾਣੀ ਪਹਿਚਾਣੀ ਗੱਲ ਹੈ ਕਿ ਕਾਂਗਰਸ 'ਚ ਜਾਤੀਵਾਦ, ਫਿਰਕਾਪ੍ਰਸਤੀ ਆਦਿ ਸਾਰੇ ਔਗੁਣ ਹਨ ਤੇ ਕਾਂਗਰਸ ਆਪਣੇ ਫਾਇਦੇ 'ਚ ਇਹਨਾਂ ਤੰਗ ਨਜ਼ਰ

ਰੁਝਾਣਾਂ ਦਾ ਫਾਇਦਾ ਉਠਾਉਂਦੀ ਹੈ। ਪਰ ਕਾਂਗਰਸ ਅੰਦਰ ਇਹ ਖਾੜਕੂ ਜਾਂ ਨੰਗੇ ਚਿੱਟੇ ਰੂਪ 'ਚ ਨਹੀਂ ਹਨ ਕਿਉਂਕਿ ਕਾਂਗਰਸ ਅੰਦਰ ਸਭ ਜਾਤਾਂ, ਧਰਮਾਂ, ਫਿਰਕਿਆਂ ਦੇ ਲੋਕ ਹਨ। ਜੋ ਇਸ ਨੂੰ ਅੰਗਰੇਜ਼ਾਂ ਖਿਲਾਫ ਸੰਘਰਸ਼ ਵੇਲੇ ਤੋਂ ਵਿਰਾਸਤ ਵਜੋਂ ਹਾਸਲ ਹੋਇਆ ਹੈ। ਇਸ ਲਈ ਕਾਂਗਰਸ ਇੱਕ ਅੱਤਵਾਦੀ ਪਾਰਟੀ ਵਜੋਂ ਹੋਂਦ 'ਚ ਨਹੀਂ ਰਹਿ ਸਕਦੀ। ਇਸ ਲਈ ਲੋਕਾਂ ਨੇ ਧਾਰਮਕ, ਖੇਤਰੀ ਤੇ ਜਾਤਪਾਤੀ ਖਾੜਕੂਪੁਣੇ ਦਾ ਵਿਰੋਧ ਕਰਨ ਲਈ ਕਾਂਗਰਸ ਨੂੰ ਕਈ ਖੇਤਰਾਂ 'ਚ ਆਪਣੀ ਹਮਾਇਤ ਦਿੱਤੀ। ਇਹਨਾਂ ਚੋਣਾਂ 'ਚ ਖੱਬੀਆਂ ਪਾਰਟੀਆਂ ਦੀ ਵੀ ਬੁਰੀ ਤਰ੍ਹਾਂ ਹਾਰ ਹੋਈ। ਸੀ. ਪੀ. ਐਮ. ਨੂੰ ਸਿਰਫ 16 ਸੀਟਾਂ ਹਾਸਲ ਹੋਈਆਂ (ਜੋ 1967 ਤੋਂ ਵੀ ਘੱਟ ਹਨ) ਖੱਬੇ ਮੋਰਚੇ ਦੀਆਂ ਸੀਟਾਂ ਦੀ ਗਿਣਤੀ 61 ਤੋਂ ਘੱਟ 24 ਹੀ ਰਹਿ ਗਈ ਹੈ। ਪੱਛਮੀ ਬੰਗਾਲ 'ਚ ਖੱਬੇ ਮੋਰਚੇ ਦੀ ਸੀਟਾਂ 35 ਤੋਂ ਘਟ ਕੇ ਸਿਰਫ 15 ਰਹਿ ਗਈਆਂ ਹਨ ਤੇ 7.5% ਵੋਟਾਂ ਘੱਟ ਪਈਆਂ। ਉਥੇ ਕੇਰਲਾ 'ਚ ਖੱਬਾ ਮੋਰਚਾ ਇਸ ਵਾਰੀ ਸਿਰਫ਼ 4 ਸੀਟਾਂ ਹੀ ਜਿੱਤ ਸਕਿਆ। ਜਦ ਪਿਛਲੀ ਲੋਕ ਸਭਾ 'ਚ 19 ਤੋਂ 20 ਸੀਟਾਂ ਜਿੱਤੀਆਂ ਸਨ। ਸੀ. ਪੀ. ਐਮ. ਸਮੇਤ ਹੋਰ ਖੱਬੀ ਪਾਰਟੀਆਂ ਨੂੰ ਹਾਕਮ ਜਮਾਤਾਂ ਦੀਆਂ ਸਾਮਰਾਜ ਪੱਖੀ ਦਲਾਲ ਹਾਕਮਾਂ ਦੀਆਂ ਆਰਥਿਕ ਨੀਤੀਆਂ ਤੇ ਵਿਸ਼ਵੀਕਰਨ, ਨਿੱਜੀਕਰਨ, ਉਦਾਰੀਕਰਨ ਦੀਆਂ ਨਵੀਆਂ ਉਦਾਰਵਾਦੀ ਨੀਤੀਆਂ ਦੀ ਹਮਾਇਤ ਕਰਨ ਦਾ ਦੰਡ ਇਹਨਾਂ ਚੋਣਾਂ 'ਚ ਮਿਲਿਆ ਹੈ। ਖੱਬੀਆਂ ਪਾਰਟੀਆਂ ਨੇ ਨਾ ਸਿਰਫ ਕੇਂਦਰ ਦੀ ਯੂ. ਪੀ. ਏ. ਸਰਕਾਰ ਨੂੰ ਆਪਣੀ ਹਮਾਇਤ ਦਿੱਤੀ ਬਲਕਿ ਪੱਛਮੀ ਬੰਗਾਲ 'ਚ ਜਿਥੇ ਉਹਨਾਂ ਦੀ ਪਿਛਲੇ 30 ਸਾਲਾਂ ਤੋਂ ਸਰਕਾਰ ਹੈ। ਇਹਨਾਂ ਨੀਤੀਆਂ ਨੂੰ ਵਧ ਚੜ੍ਹ ਕੇ ਲਾਗੂ ਕਰਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਨੀਤੀਆਂ ਨੂੰ ਲਾਗੂ ਕਰਨ ਵਿਚ ਇਹ ਅੰਨੇ ਤੇ ਹਮਲਾਵਰ ਹੋ ਗਏ। ਨੰਦੀਗ੍ਰਾਮ 'ਚ ਇਹਨਾਂ ਨੇ ਸਮੂਹਕ ਕਤਲੇਆਮ ਤੇ ਭਿਅੰਕਰ ਜ਼ੁਲਮ ਦਾ ਸ਼ਿਕਾਰ ਉਥੋਂ ਦੇ ਆਮ ਮਜ਼ਦੂਰਾਂ, ਕਿਸਾਨਾਂ ਨੂੰ ਬਣਾਇਆ। ਬੰਗਾਲ 'ਚ ਸੀ. ਪੀ. ਐਮ. ਦੀ ਪਾਰਟੀ ਕਿਸੇ ਵੀ ਰਾਜਸੀ ਵਿਰੋਧ ਪ੍ਰਤੀ ਅਸਹਿਣਸ਼ੀਲ ਤੇ ਹਮਲਾਵਰ ਰਹੀ ਹੈ। ਇਸ ਦੀ ਇਸ ਹਮਲਾਵਰ ਨੀਤੀ ਦਾ ਸ਼ਿਕਾਰ ਦੂਜੀਆਂ ਪਾਰਟੀਆਂ ਦੇ ਸਮਰਥਕ ਲੰਮੇ ਸਮੇਂ ਤੋਂ ਹੁੰਦੇ ਆਏ ਹਨ। ਪਰ ਪਿਛਲੇ ਸਾਲਾਂ ਵਿਚ ਬਹੁਕੌਮੀ ਕੰਪਨੀਆਂ ਤੇ ਭਾਰਤੀ ਵੱਡੇ ਸਨਅਤੀ ਘਰਾਣਿਆਂ ਨੂੰ ਬੰਗਾਲ 'ਚ ਸਨਅਤਾਂ ਸਥਾਪਤ ਕਰਨ ਲਈ ਉਹਨਾਂ ਨੇ ਮਜ਼ਦੂਰਾਂ ਦੇ ਸੰਘਰਸ਼ਾਂ ਨੂੰ ਕੁਚਲਿਆ।

ਸੇਜ ਲਈ ਕਿਸਾਨਾਂ ਦੀ ਜ਼ਮੀਨ ਜਬਰੀ ਖੋਹੀ ਗਈ। ਸਿਟਾ ਨਿਕਲਿਆ ਨੰਦੀਗ੍ਰਾਮ ਦਾ ਖੂਨੀ ਸੰਘਰਸ਼। ਸਿੰਗੂਰ ਵਿਚ ਵੀ ਟਾਟਾ ਨੂੰ ਜ਼ਮੀਨ ਦਿੱਤੇ ਜਾਣ ਵਿਰੁੱਧ ਸੰਘਰਸ਼ ਚਲਦਾ ਰਿਹਾ। ਨੰਦੀਗ੍ਰਾਮ 'ਚ ਜਨਤਾ ਨੇ ਖੱਬੇ ਮੋਰਚੇ ਤੇ ਸੀ. ਪੀ. ਐਮ. ਨੂੰ ਪਿੱਛੇ ਹਟਣ ਲਈ ਮਜ਼ਬੂਰ ਕੀਤਾ ਤੇ ਕੇਂਦਰ ਸਰਕਾਰ ਨੇ ਵੀ ਉਥੇ ਟਕਰਾਅ ਨੂੰ ਵੇਖਦਿਆਂ ਸੇਜ ਕਨੂੰਨ 'ਚ ਸੋਧ ਕੀਤੀ। ਪਰ ਮਾਕਪਾ ਅੰਦਰ ਘੁਸੇ ਵੱਡੀ ਗਿਣਤੀ 'ਚ ਅਪਰਾਧੀ, ਦਲਾਲ, ਠੇਕੇਦਾਰ ਕਿਸਮ ਦੇ ਲੋਕ ਕਿਸਾਨਾਂ ਮਜ਼ਦੂਰਾਂ ਤੇ ਆਪਣਾ ਜ਼ੁਲਮੀ ਚੱਕਰ ਚਲਾਉਂਦੇ ਰਹੇ। ਪੂਰੇ ਬੰਗਾਲ 'ਚ ਚੋਣਾਂ ਤੋਂ ਪਹਿਲਾਂ ਹੀ ਇਸ ਖਿਲਾਫ਼ ਜਨਤਾ ਦਾ ਗੁੱਸਾ ਵੱਖ ਵੱਖ ਰੂਪਾਂ 'ਚ ਫੁਟਿਆ। ਇਸ ਖਿਲਾਫ ਮਮਤਾ ਬੈਨਰਜੀ ਦੀ ਅਗਵਾਈ 'ਚ ਸੰਘਰਸ਼ ਚਲਿਆ ਜਿਸ ਕਾਰਨ ਚੋਣਾਂ 'ਚ ਤ੍ਰਿਮੂਲ ਕਾਂਗਰਸ ਨੇ 20 ਸੀਟਾਂ ਮਾਕਪਾ ਤੋਂ ਖੋਹ ਲਈਆਂ। ਇਸ ਤਰ੍ਹਾਂ ਜਨਤਾ ਨੇ ਮਾਕਪਾ ਤੇ ਖੱਬੇ ਮੋਰਚੇ ਨੂੰ

ਮਜ਼ਦੂਰਾਂ-ਕਿਸਾਨਾਂ ਤੇ ਸਮਾਜਵਾਦ ਨਾਲ ਗਦਾਰੀ ਕਰਨ ਦੀ ਸਜ਼ਾ ਦਿੱਤੀ ਹੈ। ਮਾਕਪਾ ਨੇ 1967 'ਚ ਵੀ ਨਕਸਲਬਾੜੀ ਦੇ ਕਿਸਾਨਾਂ, ਮਜ਼ਦੂਰਾਂ 'ਤੇ ਗੋਲੀਆਂ ਚਲਾਈਆਂ ਸਨ ਤੇ ਸਰਕਾਰ 'ਚ ਬਣੀ ਰਹੀ। ਉਥੋਂ ਇਸ ਦਾ ਰਾਜਸੀ ਵਿਚਾਰਧਾਰਕ ਪਤਨ ਵੀ ਸ਼ੁਰੂ ਹੋ ਗਿਆ ਜੋ ਨੰਦੀਗ੍ਰਾਮ ਆਉਂਦੇ ਗਦਾਰੀ 'ਚ ਬਦਲ ਗਿਆ। ਲੋਕਾਂ ਨੇ ਖੱਬੇ ਮੋਰਚੇ ਨੂੰ ਇਹਨਾਂ ਗੋਲੀਆਂ ਦੀ ਹੀ ਸਜ਼ਾ ਦਿੱਤੀ ਹੈ।

# ਕੀ ਹੈ ਸੈਂਕੜੇ ਮਜ਼ਦੂਰਾਂ ਦੀ ਹੱਤਿਆ ਤੇ ਪ੍ਰਸ਼ਾਸ਼ਨ ਦਾ ਰੁਖ?

ਫਰੀਦਾਬਾਦ ਸੈਕਟਰ 24 ਪਲਾਟ-122 ਸਥਿਤ ਲਖਾਨੀ ਫੈਕਟਰੀ 'ਚ ਮਈ ਦਿਵਸ ਦੇ ਦਿਨ ਭਿਅੰਕਰ ਅੱਗ ਲੱਗ ਗਈ ਸੀ। ਇਹ ਅੱਗ ਇਕ ਧਮਾਕੇ ਨਾਲ ਲੱਗੀ। ਅੱਗ ਲੱਗਣ ਸਮੇਂ ਸੈਂਕੜੇ ਮਜ਼ਦੂਰ ਕੰਮ ਕਰ ਰਹੇ ਸਨ ਅਤੇ ਦੂਜੀ ਸ਼ਿਫਟ ਤੇ ਹੋਰ ਸ਼ਿਫਟਾਂ ਦੇ ਮਜ਼ਦੂਰ ਅਤੇ ਕਈ ਛਾਂਟੀਸ਼ੁਦਾ ਮਜ਼ਦੂਰ ਵੀ ਉਥੇ ਮੌਜੂਦ ਸਨ ਕਿਉਂਕਿ ਓਵਰਟਾਈਮ ਦਾ ਭੁਗਤਾਨ ਕੀਤਾ ਜਾ ਰਿਹਾ ਸੀ। ਅੱਗ ਲੱਗਣ ਦਾ ਕਾਰਨ ਪਹਿਲਾਂ ਬਾਇਲਰ ਫਟਨਾ ਦੱਸਿਆ ਗਿਆ। ਬਾਅਦ 'ਚ ਪ੍ਰਸ਼ਾਸ਼ਨ ਨੇ ਅੱਗ ਲੱਗਣ ਦਾ ਕਾਰਨ ਕਿਸੇ ਕੈਮੀਕਲ 'ਚ ਲੱਗੀ ਅੱਗ ਦੱਸਿਆ। ਅੱਗ ਅਗਲੇ ਦਿਨ ਤੱਕ ਜਲਦੀ ਰਹੀ। ਮੌਕੇ 'ਤੇ ਹਾਜ਼ਰ ਲੋਕਾਂ ਮੁਤਾਬਕ ਅੱਗ ਲਗਦੇ ਸਮੇਂ ਕੰਪਨੀ ਦੀ ਦੂਜੀ ਮੰਜ਼ਿਲ 'ਤੇ ਓਵਰਟਾਈਮ ਦਾ ਪੈਸਾ ਵੰਡਣ ਕਾਰਨ ਭਾਰੀ ਗਿਣਤੀ 'ਚ ਕੰਮ ਛੱਡ ਚੁੱਕੇ ਮਜ਼ਦੂਰ ਵੀ ਆਏ ਸਨ। ਦੂਜੀ ਮੰਜ਼ਿਲ ਤੇ ਹੀ ਓਵਰਟਾਇਮ ਵੰਡਿਆ ਜਾ ਰਿਹਾ ਸੀ। ਇਥੇ ਭਾਰੀ ਮਾਤਰ ਵਿਚ ਰਬੜ ਸੀਟਾਂ ਤੇ ਹੋਰ ਕੱਚਾ ਮਾਲ ਰੱਖਿਆ ਹੋਇਆ ਸੀ। ਅੱਗ ਲਗਣ ਨਾਲ ਪਹਿਲਾਂ ਇਕ ਵਿਸਫੋਟ ਹੋਇਆ ਜਿਸ ਨਾਲ ਉਪਰ ਦਾ ਦਰਵਾਜ਼ਾ ਉਖੜ ਕੇ ਹੇਠਾਂ ਪੌੜੀਆਂ ਵਿਚ ਫਸ ਗਿਆ ਜਿਸ ਨਾਲ ਭੱਜ ਕੇ ਨਿਕਲਣ ਦਾ ਰਾਹ ਵੀ ਬੰਦ ਹੋ ਗਿਆ। ਵਿਸਫੋਟ ਹੁੰਦੇ ਹੀ ਚਾਰੋਂ ਪਾਸੇ ਕਾਲਾ ਧੂੰਆਂ ਭਰ ਗਿਆ ਅਤੇ ਕਈ ਮੀਟਰ ਉਚੀਆਂ ਅੱਗ ਦੀਆਂ ਲਪਟਾਂ ਉਠਣ ਲੱਗੀਆਂ। ਕਈ ਮਜ਼ਦੂਰ ਖਿੜਕੀ ਤੋੜ ਕੇ ਬਾਹਰ ਭੱਜੇ। ਗੇਟ 'ਤੇ ਵੀ ਅੱਗ ਲੱਗੀ ਹੋਈ ਸੀ, ਇਸ ਲਈ ਬਾਹਰ ਨਿਕਲਣ ਦੇ ਲਈ ਮਜ਼ਦੂਰਾਂ ਕੋਲ ਢਾਈ ਤਿੰਨ ਮੀਟਰ ਉਚੀ ਫੈਕਟਰੀ ਦੀ ਦੀਵਾਰ ਤੇ ਉਸ ਉਪਰ ਲੱਗੀ ਲੋਹੇ ਦੀ ਗਰਿਲ ਤੋੜਨੀ ਪਈ ਤਾਂ ਹੀ ਭੱਜ ਕੇ ਨਿਕਣਾ ਸੰਭਵ ਹੋਇਆ ਜਿਸ ਤੇਜ਼ੀ ਨਾਲ ਅੱਗ ਲੱਗੀ ਅਤੇ ਜਿੰਨੀ ਗਿਣਤੀ 'ਚ ਮਜ਼ਦੂਰ ਉਥੇ ਮੌਜੂਦ ਸਨ ਅਤੇ ਜਿਸ ਤਰ੍ਹਾਂ ਨਿਕਲ ਕੇ ਭੱਜਣ ਦਾ ਰਸਤਾ ਉਹਨਾਂ ਕੋਲ ਮੌਜੂਦ ਨਹੀਂ ਸੀ, ਉਸ ਨਾਲ ਇਸ ਹਾਦਸੇ 'ਚ ਮਾਰੇ ਜਾਣ ਵਾਲੇ ਮਜ਼ਦੂਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੋਵੇਗੀ। ਅੱਗ ਦੀ ਭਿਅੰਕਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਦਾ ਹੈ ਕਿ ਫੈਕਟਰੀ ਗੇਟ ਪਾਸ ਖੜੀਆਂ ਦਰਜਨਾਂ ਸਾਈਕਲਾਂ ਤੇ ਦੋ ਮੋਟਰ ਸਾਈਕਲ ਵੀ ਜਲ ਕੇ ਰਾਖ ਹੋ ਗਏ ਸਨ। ਇਧਰ ਉਧਰ ਕਈ ਜਲੀਆਂ ਹੋਈਆਂ ਚੱਪਲਾਂ ਪਈਆਂ ਸਨ। ਕਈ ਸੜੀਆਂ ਸਾਈਕਲਾਂ ਤੇ ਲੰਚ ਬਾਕਸ ਬੱਝੇ ਵਿਖਾਈ ਦੇ ਰਹੇ ਸਨ। ਦਮਕਲ ਦੀਆਂ 30 ਗੱਡੀਆਂ ਤੇ ਗੈਸ ਟੈਂਕਰਾਂ ਨੂੰ ਵੀ ਅੱਗ ਬੁਝਾਉਣ ਲਈ 10 ਘੰਟੇ ਤੋਂ ਵੱਧ ਸਮਾਂ ਜੂਝਣਾ ਪਿਆ। ਪ੍ਰਸਾਸ਼ਨ ਮੁਤਾਬਕ ਉਸ ਨੇ 35 ਲੋਕਾਂ ਨੂੰ ਜ਼ਖ਼ਮੀ ਹਾਲਤ 'ਚ ਫੈਕਟਰੀ ਤੋਂ ਬਾਹਰ ਕੱਢਿਆ ਗਿਆ ਤੇ ਤਿੰਨ ਪਿੰਜਰ ਬਰਾਮਦ ਹੋਏ। ਜਖਮੀ ਲੋਕਾਂ ਨੇ ਪਹਿਲਾਂ ਈ ਐਸ ਆਈ ਤੇ ਫਿਰ ਉਥੋਂ ਸ਼ਹਿਰ ਦੇ ਸਰਕਾਰੀ ਬਾਦਸ਼ਾਹ ਖਾਨ ਹਸਪਤਾਲ ਤੇ ਏਸਕੋਰਟ ਸਰਵੋਦਿਆਂ ਹਸਪਤਾਲਾਂ 'ਚ ਭਰਤੀ ਕਰਵਾਇਆ ਗਿਆ ਗੰਭੀਰ ਰੂਪ 'ਚ ਜਲੇ 10 ਮਜ਼ਦੂਰਾਂ ਨੂੰ ਦਿਲੀ ਦੇ ਸਫਦਰਜੰਗ ਹਸਪਤਾਲ ਲੈ ਜਾਇਆ ਗਿਆ। ਜਿਹਨਾਂ 'ਚੋਂ 5 ਮਜ਼ਦੂਰਾਂ ਦੀ ਮੌਤ ਹੋ ਚੁੱਕੀ ਹੈ। ਇਸ ਦੁਰਘਟਨਾ ਸੰਬੰਧੀ ਸ਼ਹਿਰਾਂ ਦੇ ਮਜ਼ਦੂਰਾਂ 'ਚ ਗਹਿਰਾ ਦੁੱਖ ਤੇ ਗੁੱਸਾ ਫੈਲ ਗਿਆ। ਸੈਂਕੜੇ ਮਜ਼ਦੂਰ ਅਗਲੇ ਦਿਨ 2 ਮਈ ਨੂੰ ਕਾਰਖਾਨੇ ਦੇ ਸਾਹਮਣੇ ਇਕੱਠੇ ਹੋ ਗਏ ਕਈ ਲਾਪਤਾ ਲੋਕਾਂ ਦੇ ਰਿਸ਼ਤੇਦਾਰ ਵੀ ਆਪਣੇ ਲੋਕਾਂ ਨੂੰ ਤਲਾਸ਼ਦੇ ਵੇਖੇ ਗਏ। 5 ਮਾਪਿਆਂ ਨੇ ਆਪਣਿਆਂ ਦੇ ਗੁੰਮ ਹੋਣ

ਦੀ ਰੀਪੋਰਟ ਦਰਜ਼ ਕਰਵਾਈ। ਇਹ ਉਹ ਮਜ਼ਦੂਰ ਸਨ ਜਿਹਨਾਂ ਦੇ ਘਰ ਸ਼ਹਿਰ ਵਿੱਚ ਹੀ ਸਨ। ਬਾਹਰੋਂ ਜਾ ਕੇ ਕਿਰਾਏ 'ਤੇ ਰਹਿਣ ਵਾਲੇ ਮਜ਼ਦੂਰਾਂ ਦੀ ਖ਼ਬਰ ਸਾਰ ਲੈਣ ਵਾਲਾ ਕੋਈ ਨਹੀਂ ਸੀ। ਰੋਹ 'ਚ ਆਏ ਮਜ਼ਦੂਰਾਂ ਨੇ ਅਗਲੇ ਦਿਨ ਫੈਕਟਰੀ ਦੇ ਸਾਹਮਣੇ ਮੈਦਾਨ 'ਚ ਇਕੱਠੇ ਹੋ ਕੇ ਪੁਲਸ ਪ੍ਰਸਾਸ਼ਨ ਖਿਲਾਫ ਨਾਹਰੇਬਾਜ਼ੀ ਕੀਤੀ। ਰੋਹ 'ਚ ਆਏ ਮਜ਼ਦੂਰਾਂ ਦਾ ਕਹਿਣਾ ਸੀ ਕਿ ਪੁਲਸ ਪ੍ਰਸਾਸ਼ਨ ਮ੍ਰਿਤਕਾਂ ਦੀ ਅਸਲੀ ਗਿਣਤੀ ਛੁਪਾ ਰਿਹਾ ਹੈ। ਬੇਸਮੈਂਟ 'ਚ ਲਗਾਤਾਰ ਉਠਦੇ ਧੂੰਏਂ ਨਾਲ ਲੋਕਾਂ ਨੂੰ ਇਹ ਗੱਲ ਦੀ ਅਸ਼ੰਕਾ ਸੀ ਕਿ ਪ੍ਰਸਾਸ਼ਨ ਮ੍ਰਿਤਕ ਮਜ਼ਦੂਰਾਂ ਦੇ ਸਬੂਤਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਅਗਲੇ ਦਿਨ ਕਈ ਮਜ਼ਦੂਰ ਤੇ ਨਾਗਰਿਕ ਸੰਗਠਨਾਂ ਦੇ ਨੁਮਾਇੰਦਿਆਂ ਨੇ ਸੜਕ ਦੇ ਮੁੱਖ ਮਾਰਗ ਤੋਂ ਹੁੰਦੇ ਹੋਏ ਇਕ ਜਲੂਸ ਕੱਢ ਕੇ ਰਾਜ ਦੇ ਕ੍ਰਿਤ ਮੰਤਰੀ ਸ੍ਰੀ ਏਸੀ ਚੌਧਰੀ ਦੀ ਰਿਹਾਇਸ਼ 'ਤੇ ਮੁਜਾਹਰਾ ਕੀਤਾ ਅਤੇ ਇਕ ਮੰਗ ਪੱਤਰ ਦਿੱਤਾ। ਮੰਗ ਪੱਤਰ 'ਚ ਕਾਰਖਾਨੇ 'ਚ ਅੱਗ ਲਗਦੇ ਸਮੇਂ ਮੌਜੂਦ ਮਜ਼ਦੂਰਾਂ ਦੀ ਅਸਲੀ ਗਿਣਤੀ ਦਾ ਖੁਲਾਸਾ ਕਰਦਿਆਂ, ਲਾਪਤਾ ਲੋਕਾਂ ਦੀ ਸੂਚੀ ਜਾਰੀ ਕਰਨ, ਕਾਰਖਾਨੇ ਦੇ ਮਾਲਕ ਪੀ ਡੀ ਲਖਾਨੀ ਨੂੰ ਗ੍ਰਿਫਤਾਰ ਕਰਕੇ ਉਸ ਉਪਰ ਮੁਕਦਮਾ ਦਰਜ ਕਰਕੇ ਮ੍ਰਿਤਕਾਂ ਦੇ ਆਸਰਤਾਂ ਨੂੰ 20 ਲੱਖ ਤੇ ਜ਼ਖ਼ਮੀਆਂ ਨੂੰ 5 ਲੱਖ ਰੁਪਏ ਮੁਆਵਜ਼ਾ ਦੇਣ ਤੇ ਫਰੀਦਾਬਾਦ ਦੇ ਸਭ ਕਾਰਖਾਨਿਆਂ 'ਚ ਸੁਰੱਖਿਆ ਵਿਵਸਥਾ ਦੀ ਜਾਂਚ ਕਰਨ ਦੀ ਮੰਗ ਕੀਤੀ ਗਈ। ਕਿਰਤ ਮੰਤਰੀ ਦੀ ਗੈਰ ਹਾਜ਼ਰੀ 'ਚ ਉਸ ਦੇ ਪੁੱਤਰ ਨੇ ਮੰਗ ਪੱਤਰ ਲਿਆ। ਕਿਰਤ ਮੰਤਰੀ ਦੀ ਰਿਹਾਇਸ਼ 'ਤੇ ਮੁਜ਼ਾਹਰੇ ਦੌਰਾਨ ਹੀ ਮਜ਼ਦੂਰਾਂ ਨੂੰ ਇਹ ਸੂਚਨਾ ਮਿਲੀ ਕਿ ਇਕ ਮਜ਼ਦੂਰ ਦੀ ਲਾਸ਼ ਸਫਦਾਰ ਜੰਗ ਹਸਪਤਾਲ ਤੋਂ ਵਾਪਸ ਫਰੀਦਾਬਾਦ ਲਿਆਂਦੀ ਜਾ ਚੁੱਕੀ ਹੈ ਤੇ ਲਖਾਨ ਪ੍ਰਬੰਦਕ ਜਬਰਦਸਤੀ ਉਸ ਦਾ ਅੰਤਿਮ ਸੰਸਕਾਰ ਕਰਨ 'ਤੇ ਉਹਨਾਂ ਦੇ ਵਾਰਿਸਾਂ ਉਪਰ ਦਬਾਅ ਪਾ ਰਹੇ ਹਨ। ਇਹ ਪਤਾ ਲੱਗਦਿਆਂ ਹੀ ਸੈਂਕੜੇ ਮਜ਼ਦੂਰ ਸਮਸ਼ਾਨ ਘਾਟ ਪਹੁੰਚੇ। ਉਥੇ ਉਹਨਾਂ ਨੇ ਲਾਸ਼ ਨੂੰ ਆਪਣੇ ਕਬਜ਼ੇ ਵਿਚ ਲਿਆ। ਲਾਸ਼ ਨੂੰ ਲੈ ਕੇ ਮਜ਼ਦੂਰ ਸੈਕਟਰ-24 ਸਥਿਤ ਲਖਾਨੀ ਕਾਰਖਾਨੇ ਪਹੁੰਚੇ ਤੇ ਉਸ ਲਾਸ਼ ਨੂੰ ਗੇਟ ਮੂਹਰੇ ਰੱਖ ਕੇ ਮ੍ਰਿਤਕਾਂ ਨੂੰ ਨਿਆਂ ਤੇ ਅਗਨੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦੀ ਮੰਗ ਲੈ ਕੇ ਧਰਨੇ 'ਤੇ ਬੈਠ ਗਏ। ਸਥਾਨਕ ਪੁਲਸੀਆਂ ਨੇ ਮਜ਼ਦੂਰਾਂ ਨਾਲ ਧੱਕਾ ਮੁੱਕੀ ਕੀਤੀ ਮਜ਼ਦੂਰਾਂ ਨੇ ਵਿਰੋਧ ਕੀਤਾ। ਕਈ ਥਾਣਿਆਂ ਦੀ ਪੁਲਸ ਬੁਲਾ ਕੇ ਮਜ਼ਦੂਰਾਂ 'ਤੇ ਲਾਠੀਚਾਰਜ ਕੀਤਾ ਗਿਆ। ਮੁਜ਼ਾਹਰਾਕਾਰੀਆਂ ਦਾ ਪਿੱਛਾ ਕੀਤਾ ਤੇ ਜਮਾ ਕੇ ਕੁੱਟ ਮਾਰ ਕੀਤੀ। ਕਈ ਆਗੂ ਗ੍ਰਿਫ਼ਤਾਰ ਕਰ ਲਏ।

ਲਖਾਨੀ ਫੈਕਟਰੀ 'ਚ ਲੱਗੀ ਅੱਗ ਕੋਈ ਆਮ ਘਟਨਾ ਨਹੀਂ ਸੀ ਇਸ ਕਾਰਖਾਨੇ 'ਚ ਸੁਰੱਖਿਆ ਪ੍ਰਬੰਧਾਂ ਦੀ ਅਣਦੇਖੀ ਕੀਤੀ ਗਈ ਕਾਰਖਾਨੇ 'ਚ ਜਗ੍ਹਾ ਤੰਗ ਸੀ, ਰਬੜ ਤੇ ਜਲਣਸ਼ੀਲ ਪਦਾਰਥਾਂ ਦੇ ਬਾਵਜੂਦ ਸੁਰੱਖਿਆ 'ਚ ਭਾਰੀ ਲਾਹਪ੍ਰਵਾਹੀ ਵਰਤੀ ਗਈ। ਕਾਰਖਾਨੇ ਦਾ ਸਿਰਫ਼ ਇਕੋ ਗੇਟ ਸੀ। ਕਿਰਤ ਵਿਭਾਗ ਨੇ ਵੀ ਪ੍ਰਵਾਹ ਨਹੀਂ ਕੀਤੀ।

ਪੁਲਸ ਮਜ਼ਦੂਰਾਂ ਦੇ ਘਰਾਂ 'ਚ ਛਾਪੇ ਮਾਰ ਕੇ ਗ੍ਰਿਫ਼ਤਾਰੀਆਂ ਕਰਦੀ ਰਹੀ ਸੈਂਕੜੇ ਮਜ਼ਦੂਰਾਂ ਦੀ ਹੱਤਿਆ ਦੇ ਬਾਵਜੂਦ ਪੂੰਜੀਪਤੀ ਜਮਾਤ ਤੇ ਉਸ ਦੀ ਸਰਕਾਰ ਦਾ ਉਹੀ ਰੁਖ ਹੈ ਜੋ ਹਮੇਸ਼ਾ ਹੁੰਦਾ ਹੈ। ਸਰਮਾਏਦਾਰਾਂ ਨੂੰ ਤਾਂ ਸਿਰਫ਼ ਏਨੀ ਚਿੰਤਾ ਹੈ ਜਿੰਨੀ ਮਸ਼ੀਨਾਂ ਦੇ ਟੁੱਟਣ-ਫੁੱਟਣ ਦੀ। ਪਰ ਮਜ਼ਦੂਰਾਂ 'ਚ ਆਪਣਿਆਂ ਦੀ ਮੌਤ 'ਤੇ ਬੇਹੱਦ ਦੁਖ ਹੈ।

# ਕੀ ਹੈ ਨਵੀਂ ਸਰਕਾਰ ਦੀ ਕਾਰਜ ਨੀਤੀ?

ਕੇਂਦਰ 'ਚ ਯੂ. ਪੀ. ਏ. ਦੀ ਸਰਕਾਰ ਦਾ ਸਵਾਗਤ ਸਟੀਰੀਓ ਨੇ ਜੀ ਭਰ ਕੇ ਕੀਤਾ। ਸੈਂਸੇਕਸ ਦੀ ਉਛਾਲ ਪਿਛੇ ਇਹ ਧਾਰਨਾ ਕੰਮ ਕਰ ਰਹੀ ਹੈ ਕਿ ਹੁਣ ਨਵੀਂ ਸਰਕਾਰ ਤੇਜ਼ੀ ਨਾਲ ਨਿਰੰਤਰ ਆਰਥਕ ਸੁਧਾਰਾਂ ਨੂੰ ਲਾਗੂ ਕਰੇਗੀ। ਇਹ ਧਾਰਨਾ ਮਜ਼ਬੂਤ ਹੈ ਕਿ ਨਵੀਂ ਸਰਕਾਰ ਦੀ ਬਾਂਹ ਮਰੋੜਨ ਲਈ ਇਸ ਵਾਰੀ ਨਾ ਤਾਂ ਖੱਬਾ ਮੋਰਚਾ ਹੈ ਅਤੇ ਨਾਲ ਹੀ ਲਾਲੂ ਮੁਲਾਇਮ। ਪੂੰਜੀਪਤੀਆਂ ਦੀਆਂ ਨਵੀਂ ਸਰਕਾਰ ਤੋਂ ਮੰਗਾਂ ਸਪਸ਼ਟ ਹਨ। ਇਹਨਾਂ ਮੰਗਾਂ ਦਾ ਸਾਰ ਇਹ ਹੈ ਕਿ ਨਵੀਂ ਸਰਕਾਰ ਬਿਨਾਂ ਕਿਸੇ ਵਿਘਨ ਦੇ ਆਰਥਕ ਸੁਧਾਰਾਂ ਦੇ ਰਥ ਨੂੰ ਤੇਜ਼ੀ ਨਾਲ ਦੌੜਾਵੇ। ਪਹਿਲੀ ਮੰਗ ਇਹ ਉਭਰ ਕੇ ਸਾਹਮਣੇ ਆ ਰਹੀ ਹੈ ਕਿ ਮੰਦੀ ਦੀ ਘੁੰਮਣਘੇਰੀ 'ਚੋਂ ਸਰਕਾਰ ਉਦਯੋਗਾਂ, ਬਰਾਮਦਕਾਰਾਂ, ਬੈਂਕਾਂ, ਨਿਵੇਸ਼ਕਾਂ ਨੂੰ ਕੱਢੇ ਅਤੇ ਕੁਝ ਇਸ ਢੰਗ ਨਾਲ ਕੰਮ ਕਰੇ ਕਿ ਭਾਰਤੀ ਅਰਥਚਾਰੇ ਦੀ 7-8 ਫੀਸਦੀ ਵਾਲੀ ਵਿਕਾਸ ਦਰ ਵਾਪਸ ਆ ਜਾਵੇ। ਦੇਸ਼ ਦੇ ਸਰਮਾਏਦਾਰਾਂ ਨੂੰ ਮੁਦਰਾਸਫੀਤੀ ਦੀ ਹੇਠਲੀ ਦਰ (ਜੋ ਇਸ ਵਕਤ 0. 61 ਫੀਸਦੀ ਹੈ) ਦੀ ਚਿੰਤਾ ਬੁਰੀ ਤਰ੍ਹਾਂ ਸਤਾ ਰਹੀ ਹੈ। ਉਹ ਚਾਹੁੰਦੇ ਹਨ ਕਿ ਮੁਦਰਾ ਸਫੀਤੀ ਦੀ ਦਰ ਵਧੇ। ਮੁਦਰਾ ਸਫਿਤੀ ਦਾ ਵਧਣਾ ਜਨਤਾ ਲਈ ਅਰਥ ਮਹਿੰਗਾਈ ਹੈ। ਦੇਸ਼ ਦੇ ਪੂੰਜੀਪਤੀ ਨਵੀਂ ਸਰਕਾਰ ਤੋਂ ਅਜਿਹੀਆਂ ਨੀਤੀਆਂ ਚਾਹੁੰਦੇ ਹਨ ਕਿ ਜਿਸ ਨਾਲ ਸਿਕੇ ਦਾ ਫੈਲਾਅ ਨਿਰੰਤਰ ਇਕ ਹੱਦ ਤੱਕ ਜਿਥੇ ਇਹ ਬੇਕਾਬੂ ਨਾ ਹੋਵੇ ਵਧੇ। ਇਹ ਦੂਜੀ ਮੰਗ ਹੈ ਕਿ ਮਹਿੰਗਾਈ ਨਾਲ ਜਨਤਾ ਬੁਰੀ ਤਰ੍ਹਾਂ ਦੁਖੀ ਹੋਵੇ ਪਰ ਪੂੰਜੀਪਤੀਆਂ ਦਾ ਭਲਾ ਹੋਵੇ। ਉਸ ਦਾ ਮੁਨਾਫਾ ਵਧਦਾ ਰਹੇ। ਸਰਮਾਏਦਾਰਾਂ ਦੀ ਤੀਜੀ ਮੰਗ ਬਹੁਤ ਹੀ ਘਾਤਕ ਹੈ। ਇਹ ਮੰਗ ਹੈ ਕਿ ਸਰਕਾਰ ਆਪਣੇ ਟੈਕਸ ਘਾਟੇ ਨੂੰ ਕਾਬੂ 'ਚ ਲਿਆਵੇ। ਪੂੰਜੀਪਤੀਆਂ ਦਾ ਕਹਿਣਾ ਹੈ ਕਿ ਇਹ ਟੈਕਸ (ਰੈਵਨਿਊ) ਘਾਟਾ (ਕੇਂਦਰੀ ਤੇ ਸਾਰੀਆਂ ਰਾਜ ਸਰਕਾਰਾਂ ਨੂੰ ਮਿਲਾ ਕੇ) ਕੁਲ ਘਰੇਲੂ ਪੈਦਾਵਾਰ ਦਾ 11 ਫੀਸਦੀ ਤੋਂ ਵੀ ਉਪਰ ਹੋ ਚੁੱਕਿਆ ਹੈ। ਰੈਵਨਿਊ ਘਾਟੇ ਲਈ ਪੂੰਜੀਪਤੀ ਸਰਕਾਰ ਦੀਆਂ ਜਨ ਕਲਿਆਣ ਨੀਤੀਆਂ ਨੂੰ ਦੋਸ਼ੀ ਮੰਨਦੇ ਹਨ। ਉਹ ਸਰਕਾਰ ਨੂੰ ਚੇਤਾਵਾਨੀ ਦਿੰਦੇ ਹਨ ਕਿ ਉਹ ਲੋਕਾਂ 'ਚ ਹਰਮਨ ਪਿਆਰੇ ਹੋਣ ਤੋਂ ਬਚਣ। ਪੇਂਡੂ ਰੁਜ਼ਗਾਰ ਗਰੰਟੀ ਯੋਜਨਾ ਨਰੇਗਾ ਕਿਸਾਨਾਂ ਦੀ ਕਰਜ਼ ਮੁਆਫ਼ੀ, ਜਨਤਕ ਵੰਡ ਪ੍ਰਣਾਲੀ ਆਦਿ ਵਰਗੀਆਂ ਨੂੰ ਲਾਗੂ ਕਰਨ ਤੇ ਇਸ ਲਈ ਉਧਾਰ ਲੈ ਕੇ ਪੈਸਾ ਖਰਚ ਨਾ ਕਰਨ। ਇਹ ਮੰਗ ਇਕ ਵਾਰੀ ਵੀ ਇਸ ਗੱਲ ਦਾ ਜ਼ਿਕਰ ਨਹੀਂ ਕਰਦੀ ਕਿ ਘਾਟੇ ਵਿਚ ਖੁਦ ਪੂੰਜੀਪਤੀਆਂ ਨੂੰ ਮਿਲਣ ਵਾਲਾ ਬੇਤਹਾਸ਼ਾ ਟੈਕਸ ਰਿਆਇਤ, ਘੱਟ ਵਿਆਜ ਦਰਾਂ, ਸੇਜ ਤੇ ਪੂੰਜੀ ਦੇ ਸਵਰਗਾਂ, ਮੰਤਰੀ ਨੌਕਰਸ਼ਾਹਾਂ ਦੀ ਤੇਜ਼ੀ ਨਾਲ ਵਧਦੀਆਂ ਤਨਖਾਹਾਂ-ਭੱਤੇ ਆਦਿ ਦੀ ਕੇਂਦਰੀ ਭੂਮਿਕਾ ਹੈ। ਇਸ ਮੰਗ ਦਾ ਸਾਫ ਅਰਥ ਹੈ ਕਿ ਸਰਕਾਰ ਪੂੰਜੀਪਤੀਆਂ ਨੂੰ ਅਤੇ ਵੱਧ ਸਹਾਇਤਾ ਦੇਣ ਲਈ ਸਭ ਲੋਕ ਕਲਿਆਣਕਾਰੀ ਕੰਮਾਂ ਨੂੰ ਤੁਰੰਤ ਬੰਦ ਕਰੇ। ਇਹ ਮੰਗ ਵੈਸੇ ਕਿਸ਼ਤਾਂ 'ਚ ਲਾਗੂ ਹੋ ਹੀ ਰਹੀ ਹੈ। 1991 ਤੋਂ ਹੀ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਲੋਕ ਕਲਿਆਣਕਾਰੀ ਕੰਮਾਂ 'ਚ ਪਿਛੇ ਹਟਦੀਆਂ ਗਈਆਂ ਹਨ। ਨਰਸਿਮਾ ਰਾਓ ਦਾ ਇਹ ਬਿਆਨ ਤਾਂ ਪ੍ਰਸਿੱਧ ਰਿਹਾ ਹੈ ਕਿ "ਸਰਕਾਰ ਕੋਈ ਧਰਮਸ਼ਾਲਾ ਨਹੀਂ ਹੈ।"

ਪੂੰਜੀਪਤੀਆਂ ਦੀ ਚੌਥੀ ਮੰਗ ਹੈ ਕਿ ਸਰਕਾਰ ਨਿਜੀਕਰਨ ਦੇ ਅਮਲ ਨੂੰ ਤੇਜ਼ ਕਰੇ। ਇਸ ਲਈ ਉਹ ਜਨਤਕ ਖੇਤਰ ਦੇ ਅਦਾਰਿਆਂ ਦਾ ਤੇਜ਼ੀ ਨਾਲ ਅਪਨਿਵੇਸ਼

ਕਰਕੇ ਕੁਝ ਅਜਿਹਾ ਕਰੇ ਜਿਹੋ ਜਿਹਾ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਕੀਤਾ ਸੀ। ਵਾਜਪਾਈ ਦੀ ਸਰਕਾਰ ਨੇ ਅਪਨਿਵੇਸ਼ ਵਿਭਾਗ ਹੀ ਖੋਲ੍ਹ ਦਿੱਤਾ ਸੀ। ਪਿਛੋਂ ਆਈ ਸਰਕਾਰ ਨੇ ਇਸ ਵਿਭਾਗ ਨੂੰ ਤਾਂ ਬੰਦ ਕਰ ਦਿੱਤਾ ਸੀ ਪਰ ਲੁਕ ਛਿਪ ਕੇ ਅਪਨਿਵੇਸ਼ ਨੂੰ ਚਾਲੂ ਰੱਖਿਆ ਸੀ। ਪੂੰਜੀਪਤੀ ਇਸ ਅਪਨਿਵੇਸ਼ ਨੂੰ ਨਵੀਂ ਸਰਕਾਰ ਦੇ ਏਜੰਡੇ ਤੇ ਲਿਆਉਣਾ ਚਾਹੁੰਦੇ ਹਨ। ਉਹ ਕਹਿ ਰਹੇ ਹਨ ਕਿ ਇਸ ਚੋਣ ਵਿਚ ਇਹ ਅੱਛਾ ਹੋਇਆ ਕਿ ਹੁਣ ਸਰਕਾਰ ਨੂੰ ਦਬਾਕੇ ਮਾਰਨ ਵਾਲੇ ਖੱਬਿਆਂ ਦਾ ਕੋਈ ਦਬਾਅ ਨਹੀਂ ਹੈ। ਪੂੰਜੀਪਤੀ ਭਾਰਤ ਸਰਕਾਰ ਨੂੰ ਸਲਾਹ ਦੇ ਰਹੇ ਹਨ ਕਿ ਜਨਤਕ ਖੇਤਰ ਦੇ ਅਦਾਰਿਆਂ ਤੇ ਬੈਂਕਾਂ ਦੇ ਅਪਨਿਵੇਸ਼ ਰਾਹੀਂ ਉਸ ਨੂੰ ਆਪਣੇ ਰਵਿਨਿਊ ਘਾਟੇ ਦੀ ਪੂਰਤੀ ਦਾ ਮੌਕਾ ਮਿਲੇਗਾ।

ਪੂੰਜੀਪਤੀਆਂ ਦੀ ਪੰਜਵੀਂ ਮੰਗ ਹੈ ਕਿ ਸਰਕਾਰ ਲੰਮੇ ਸਮੇਂ ਤੋਂ ਲਟਕੇ 'ਕਿਰਤ ਸੁਧਾਰਾਂ' ਨੂੰ ਤੇਜ਼ੀ ਨਾਲ ਲਾਗੂ ਕਰੇ। ਕਈ ਸਾਲ ਪਹਿਲਾਂ ਪੇਸ਼ ਕੀਤੀ ਗਈ ਦੂਜੇ ਕਿਰਤ ਕਮਿਸ਼ਨ ਦੀ ਰੀਪੋਰਟ ਨੂੰ ਅਜੇ ਤੱਕ ਲਾਗੂ ਨਾ ਕੀਤੇ ਜਾਣ 'ਤੇ ਪੂੰਜੀਪਤੀਆਂ ਨੂੰ ਬਹੁਤ ਰੋਸ ਹੈ। ਖੱਬੇ ਪੱਖੀਆਂ ਦੇ ਸਰਕਾਰ ਦੇ ਸਹਿਯੋਗੀ ਨਾ ਹੋਣ ਕਰਕੇ, ਉਹਨਾਂ ਨੂੰ ਬਹੁਤ ਰਾਹਤ ਮਹਿਸੂਸ ਹੋ ਰਹੀ ਹੈ। ਉਹ ਚਾਹੁੰਦੇ ਹਨ ਕਿ ਹੁਣ ਇਸ ਸਰਕਾਰ ਦੇ ਰਾਹ 'ਚ ਕੋਈ ਰੋੜਾ ਨਹੀਂ ਹੈ ਤਾਂ ਉਹ 'ਕਿਰਤ ਸੁਧਾਰਾਂ' ਨੂੰ ਛੇਤੀ ਤੋਂ ਛੇਤੀ ਲਾਗੂ ਕਰੇ। ਕਿਰਤ ਸੁਧਾਰਾਂ ਦਾ ਮਜ਼ਦੂਰਾਂ ਲਈ ਅਰਥ ਅਤੇ ਵੱਧ ਲੁੱਟ ਤੇ ਜਬਰ ਤੋਂ ਇਲਾਵਾ ਹੋਰ ਕੁਝ ਨਹੀਂ ਹੈ।

ਚੋਣਾਂ ਤੇ ਚੋਣਾਂ ਪਿੱਛੋਂ ਸੇਂਸੇਕਸ 'ਚ ਆਏ ਉਛਾਲ ਤੋਂ ਪੈਦਾ ਹੋਈ ਪੂੰਜੀਪਤੀਆਂ ਦੀ ਛੇਵੀਂ ਮੰਗ ਹੈ ਕਿ ਵਿਦੇਸ਼ੀ ਨਿਵੇਸ਼ਕਾਂ ਨੂੰ ਭਾਰਤੀ ਬਾਜ਼ਾਰ 'ਚ ਨਿਵੇਸ਼ ਕਰਨ ਦੀ ਹੋਰ ਛੋਟ ਤੇ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਉਹ ਇਸ ਸਾਲ ਹੁਣ ਤੱਕ ਹੋਏ ਤਿੰਨ ਅਰਬ ਡਾਲਰ ਦੇ ਵਿਦੇਸ਼ੀ ਸੰਸਥਾਗਤ ਨਿਵੇਸ਼ ਨਾਲ ਉਤਸ਼ਾਹਿਤ ਹਨ। ਉਹਨਾਂ ਦਾ ਉਤਸ਼ਾਹ ਇਸ ਲਈ ਵੀ ਬਣਦਾ ਹੈ ਕਿ ਜਦ ਪੂਰੀ ਦੁਨੀਆਂ 'ਚ ਮੰਦੀ ਦਾ ਕਹਿਰ ਹੈ, ਨਿਵੇਸ਼ਕ ਪੈਸਾ ਕੱਢ ਰਹੇ ਹਨ। ਤਦ ਇਹ ਭਾਰਤੀ ਅਰਥਚਾਰੇ ਤੇ ਭਰੋਸਾ ਕਰਕੇ ਨਿਵੇਸ਼ ਕਰ ਰਹੇ ਹਨ। ਪੂੰਜੀਪਤੀ ਸ਼ਾਇਦ ਭੁੱਲ ਰਹੇ ਹਨ ਕਿ ਬਹੁਤੇ ਦਿਨ ਨਹੀਂ ਹੋਏ ਜਦ ਸੇਂਸੇਕਸ 2100 ਤੋਂ ਲੁਟਕ ਕੇ 9000 ਤੱਕ ਪਹੁੰਚ ਗਿਆ ਸੀ ਅਤੇ 9000 'ਤੇ ਵੀ ਰੁਕਣ ਨੂੰ ਤਿਆਰ ਨਹੀਂ ਸੀ ਅਤੇ ਉਸ ਵਿਚ ਭੂਮਿਕਾ ਇਹਨਾਂ ਵਿਦੇਸ਼ੀ ਨਿਵੇਸ਼ਕਾਂ ਦੀ ਸੀ। ਇਹ ਮੰਗ ਇਸ ਗੱਲ ਦੀ ਵੀ ਉਦਾਹਰਣ ਹੈ ਕਿ ਭਾਰਤੀ ਪੂੰਜੀਪਤੀ ਸਾਮਰਾਜ ਦੀ ਸੇਵਾ ਵਿਚ ਕੋਈ ਕੋਤਾਹੀ ਨਹੀਂ ਵਰਤਣਾ ਚਾਹੁੰਦਾ ਹੈ। ਭਾਰਤੀ ਦਲਾਲ ਪੂਜੀਪਤੀ ਸਰਕਾਰ ਦੇ ਸਤਿਅਮ ਮਾਮਲੇ ਨਾਲ ਨਿਪਟਣ ਦੇ ਤੌਰ-ਤਰੀਕਿਆਂ ਤੋਂ ਵੀ ਖੁਸ਼ ਹੈ। ਉਹ ਖੁਸ਼ ਹੈ ਕਿ ਆਖਰ ਯੂ. ਪੀ. ਏ. ਦੀ ਸਰਕਾਰ ਨੇ ਸਤਿਅਮ ਨੂੰ ਫਿਰ ਉਸ ਦੇ ਪੈਰਾਂ 'ਤੇ ਖੜ੍ਹਾ ਕਰ ਦਿੱਤਾ ਅਤੇ ਇਸ ਨਾਲ ਉਤਸ਼ਾਹਿਤ ਹੋ ਕੇ ਉਹਨਾਂ ਨੂੰ ਲਗਦਾ ਹੈ ਕਿ ਫਿਰ ਉਹਨਾਂ ਵਿਚਕਾਰ ਕਿਸੇ ਦੇ ਕਾਲੇ ਕਾਰਨਾਮੇ ਉਜਾਗਰ ਹੋਣ ਤਾਂ ਯੂ. ਪੀ. ਏ. ਸਰਕਾਰ ਇਸ ਦਾ ਫੁਰਤੀਲਾਪਣ ਤੇ ਦਰਸ਼ਤਾ ਵਿਖਾਵੇਗੀ ਅਤੇ ਸਤਿਅਮ ਵਾਂਗੂੰ ਉਸ ਨੂੰ ਮੁੜ ਸੁਰਜੀਤ ਕਰੇਗੀ।

ਇਸ ਤਰ੍ਹਾਂ ਪੂੰਜੀਪਤੀਆਂ ਨੇ ਆਪਣੀ ਨਵੀਂ ਸਰਕਾਰ ਦਾ ਏਜੰਡਾ ਤਹਿ ਕਰ ਦਿੱਤਾ ਹੈ। ਦੇਖਣ ਵਾਲੀ ਗੱਲ ਇਹ ਹੈ ਕਿ ਨਵੀਂ ਸਰਕਾਰ ਕਿਵੇਂ ਤੇ ਕਿੰਨੀ ਜਲਦੀ ਪੂੰਜੀਪਤੀਆਂ ਦੀਆਂ ਮੰਗਾਂ ਨੂੰ ਪੂਰਾ ਕਰਦੀ ਹੈ। ਵੈਸੇ ਇਸ ਦੀ ਇਕ ਝਲਕ ਤਾਂ ਅਗਲੇ ਬਜਟ 'ਚ ਮਿਲ ਜਾਵੇਗੀ।

# ਸਮਾਜਕ ਜਨਵਾਦ ਵਿਰੁੱਧ ਸੰਘਰਸ਼ ਕਿਉਂ ਜ਼ਰੂਰੀ?

ਪਹਿਲੀ ਸੰਸਾਰ ਜੰਗ ਤੋਂ ਪਹਿਲਾਂ, ਦੂਜੀ ਕੌਮਾਂਤਰੀ ਦੇ ਦੌਰ ਵਿਚ, ਸਮਾਜਕ ਜਨਵਾਦ ਸ਼ਬਦ ਦਾ ਜੋ ਅਰਥ ਸੀ, ਅੱਜ ਉਸ ਦਾ ਅਰਥ ਬੁਨਿਆਦੀ ਤੌਰ ’ਤੇ ਬਦਲ ਗਿਆ ਹੈ। ਅੱਜ ਇਸ ਸ਼ਬਦ ਨਾਲ ਬਿਲਕੁਲ ਵੱਖਰੇ ਅਰਥ ਦਾ ਬੋਧ ਹੁੰਦਾ ਹੈ। ਪੈਰਿਸ ਕਮਿਊਨ ਦੇ ਅਨੁਭਵ ਪਿੱਛੋਂ ਮਜ਼ਦੂਰ ਵਰਗ ਦੀਆਂ ਜਿਨ੍ਹਾਂ ਪਾਰਟੀਆਂ ਦਾ ਪੁਨਰਗਠਨ ਹੋਇਆ ਸੀ, ਉਹਨਾਂ ਨੇ ਆਮ ਤੌਰ ’ਤੇ ਇਸ ਨਾਂ ਨੂੰ ਸਵੀਕਾਰ ਕੀਤਾ ਸੀ। ਉਨ੍ਹੀਂ ਦਿਨੀਂ ਸਮਾਜਕ ਜਨਵਾਦੀ ਪਾਰਟੀਆਂ ਦਾ ਕਾਰਜ ਸੀ, ਪੂੰਜੀਵਾਦੀ ਪ੍ਰਬੰਧ ਨੂੰ ਉਖਾੜਨ ਲਈ ਮਜ਼ਦੂਰ ਜਮਾਤ ਨੂੰ ਲਾਮਬੰਦ ਕਰਨਾ ਇਸ ਟੀਚੇ ਨੂੰ ਹਾਸਲ ਕਰਨ ਲਈ ਮਜ਼ਦੂਰ ਵਰਗ ਦੀ ਅਗਵਾਈ ’ਚ ਸਮੁੱਚੀ ਮੇਹਨਤਕਸ਼ ਜਨਤਾ ਨੂੰ ਲਾਮਬੰਦ ਕਰਨਾ ਤੇ ਸ਼ਕਤੀਸ਼ਾਲ ਜਮਹੂਰੀ ਸੰਘਰਸ਼ ਚਲਾਕੇ ਰਾਜਸੀ ਸੱਤਾ ਤੇ ਕਬਜਾ ਕਰਨਾ। ਉਨ੍ਹੀਂ ਦਿਨੀਂ ਇਨਕਲਾਬੀ ਸਮਾਜਕ ਜਨਵਾਦ ਨੇ ਕੌਮਾਂਤਰੀ ਕਮਿਊਨਿਸਟ ਅੰਦੋਲਨ ਨੂੰ ਅੱਗੇ ਵਧਾਉਣ ’ਚ ਇਕ ਫੈਸਲਾ ਕੁੰਨ ਭੂਮਿਕਾ ਅਦਾ ਕੀਤੀ ਸੀ। ਪਰ ਪੂੰਜੀਵਾਦ ਵਾਰ ਵਾਰ ਸੰਕਟਾਂ ਦੀ ਘੁੰਮਣਘੇਰੀ ’ਚ ਫਸਦਾ ਜਾਂਦਾ ਸੀ ਅਤੇ ਹਰ ਵਾਰੀ ਦਾ ਸੰਕਟ ਪਹਿਲੇ ਦੇ ਮੁਕਾਬਲੇ ਵੱਡਾ ਹੁੰਦਾ ਸੀ। ਦੂਜੇ ਪਾਸੇ ਪੂੰਜੀਵਾਦ ਦੀ ਲੁਟੇਰੀ ਵਿਵਸਥਾ ਨੂੰ ਮਜ਼ਦੂਰ ਜਮਾਤ ਦੇ ਸੰਘਰਸ਼ਾਂ ਨਾਲ ਚੁਣੌਤੀ ਮਿਲ ਰਹੀ ਸੀ। ਸੰਕਟ ਤੋਂ ਕਿਵੇਂ ਉਭਰਿਆ ਜਾਵੇ ਅਤੇ ਮਜ਼ਦੂਰ ਅੰਦੋਲਨ ਦੀਆਂ ਚੁਣੌਤੀਆਂ ਦਾ ਕਿਵੇਂ ਮੁਕਾਬਲਾ ਕੀਤਾ ਜਾਵੇ ਇਸ ਦਾ ਜੁਆਬ ਲੱਭਦਿਆਂ ਖੁੱਲੇ ਮੁਕਾਬਲੇ (ਦੌੜ) ਤੇ ਅਧਾਰਤ ਪੂੰਜੀਵਾਦ ਅਜ਼ਾਰੇਦਾਰ ਪੂੰਜੀਵਾਦ (ਸਾਮਰਾਜ) ’ਚ ਤਬਦੀਲ ਹੋ ਗਿਆ। ਪੂੰਜੀਵਾਦ ਦੇ ਸਾਮਰਾਜ ’ਚ ਬਦਲਣ ਨੇ ਨਵੀਆਂ ਚੁਣੌਤੀਆਂ ਨੂੰ ਜਨਮ ਦਿੱਤਾ। ਪੈਦਾਵਾਰੀ ਪੂੰਜੀ ਤੇ ਬੈਂਕ ਪੂੰਜੀ ਦੇ ਆਪਸੀ ਰਲੇਵੇ ਨਾਲ ਵਿਤੀ ਪੂੰਜੀ ਦਾ ਜਨਮ ਹੋਇਆ ਜਿਸ ਦਾ ਜੁਗਾੜੀ ਤੇ ਪ੍ਰਜੀਵੀ ਕਿਰਦਾਰ ਲਗਾਤਾਰ ਸ਼ਕਤੀਸ਼ਾਲੀ ਹੁੰਦਾ ਗਿਆ ਬਸਤੀਵਾਦੀ, ਅਰਧਬਸਤੀਵਾਦੀ ਤੇ ਆਸਰਿਤ ਦੇਸ਼ਾਂ ’ਚ ਵਿਤੀ ਪੂੰਜੀ ਦੀ ਬਰਾਮਦ ਰਾਹੀਂ ਸਾਮਰਾਜੀ ਲੁੱਟ ਤੇਜ਼ ਹੁੰਦੀ ਗਈ। ਅਜਿਹੀ ਸਥਿਤੀ ਵਿਚ ਸਾਮਰਾਜੀ ਪੂੰਜੀਪਤੀਆਂ ਨੇ ਲੁੱਟ ਤੇਜ਼ ਹੁੰਦੀ ਗਈ। ਅਜਿਹੀ ਸਥਿਤੀ ਵਿਚ ਸਾਮਰਾਜੀ ਪੂੰਜੀਪਤੀਆਂ ਦੀ ਲੁੱਟ ਤੋਂ ਹਾਸਲ ਸੰਪਦਾ ਦੇ ਇਕ ਹਿਸੇ ਦੀ ਵਰਤੋਂ ਮਜ਼ਦੂਰ ਵਰਗ ਦੇ ਨੇਤਾਵਾਂ ਨੂੰ ਭਰਿਸ਼ਟ ਬਣਾਉਣ ਲਈ ਕਰਨੀ ਸ਼ੁਰੂ ਕਰ ਦਿੱਤੀ। ਜਿਸ ਨਾਲ ਉਹ ਕੁਲੀਨਤੰਤਰ ’ਚ ਤਬਦੀਲ ਹੋ ਗਏ। ਇਸ ਤਰ੍ਹਾਂ ਪੂੰਜੀਵਾਦੀ ਉਚਤਮ ਅਵਸਥਾ ਸਾਮਰਾਜਵਾਦ ਦੇ ਦੌਰ ’ਚ ਆਰਥਕ, ਰਾਜਸੀ ਤੇ ਸਮਾਜਕ ਹਾਲਤਾਂ ’ਚ ਜੋ ਮਹੱਤਵਪੂਰਨ ਬਦਲਾਅ ਆਇਆ ਉਨ੍ਹਾਂ ਦਾ ਠੋਸ ਵਿਸਲੇਸ਼ਣ ਕਰਨ ਦੀ ਲੋੜ ਸੀ। ਪਰ ਦੂਜੀ ਕੌਮਾਂਤਰੀ ਦੀ ਲੀਡਰਸ਼ਿਪ ਨੇ ਇਸ ਸਥਿਤੀ ਦਾ ਵਿਸਲੇਸ਼ਣ ਤਾਂ ਕੀਤਾ ਪਰ ਮੌਕਾਪ੍ਰਸਤੀ ਭਰਪੂਰ ਢੰਗ ਨਾਲ। ਉਹਨਾਂ ਨੇ ਅਤੀ ਸਾਮਰਾਜ ਦੀ ਧਾਰਨਾ ਪੇਸ਼ ਕੀਤੀ ਅਤੇ ਉਸ ਦੇ ਜ਼ਾਲਮ ਲੁਟੇਰੇ ਕਿਰਦਾਰ ’ਤੇ ਪਰਦਾ ਪਾ ਦਿੱਤਾ। ਉਹਨਾਂ ਨੇ ਬਸਤੀਵਾਦੀਕਰਨ ਦੇ ਅਮਲ ਦੀ ਇਕ ਅਗਾਂਹ ਵਧੂ ਘਟਨਾਕ੍ਰਮ ਵਜੋਂ ਵਿਆਖਿਆ ਕਰਦਿਆਂ ਕਿਹਾ ਕਿ ਇਸ ਨਾਲ ਗੁਲਾਮ ਬਣਾਏ ਗਏ ਦੇਸ਼ਾਂ ਦੀ ਜਨਤਾ ਸਭਿਅਕ ਹੋਵੇਗੀ। ਇਸ ਵਿਆਖਿਆ ਦੇ ਆਧਰ ’ਤੇ ਉਹਨਾਂ

ਨੇ ਜਾਤੀ ਭਿਆਲੀ ਦੀ ਸਲਾਹ ਦਿੱਤੀ ਅਤੇ ਜਦੋਂ ਪਹਿਲੀ ਸੰਸਾਰ ਜੰਗ ਸ਼ੁਰੂ ਤਾਂ ਇਸ ਵਿਆਖਿਆ ਦੇ ਆਧਾਰ 'ਤੇ ਸਮਾਜਕ ਜਨਵਾਦੀ ਪਾਰਟੀਆਂ ਨੇ ਆਪਣੇ ਦੇਸ਼ ਦੇ ਸਾਮਰਾਜੀ ਪੂੰਜੀਪਤੀਆਂ ਨਾਲ ਸਹਿਯੋਗ ਕਰਨ ਦਾ ਰਾਹ ਚੁਣਿਆ। ਬਰਨ ਕੌਮਾਂਤਰੀ ਨੇ ਅੰਤਰ ਸਾਮਰਾਜੀ ਯੁੱਧ ਨੂੰ ਸੱਤਾ ਦਖਲ ਲਈ ਗ੍ਰਹਿ ਯੁੱਧ ਵਿਚ ਬਦਲਣ ਦਾ ਨਾਹਰਾ ਦਿੱਤਾ ਸੀ। ਪਰ ਅਜਿਹਾ ਕਰਨ ਦੀ ਬਜਾਏ ਸਮਾਜਕ ਜਨਵਾਦੀ ਪਾਰਟੀਆਂ ਨੇ ਮਜ਼ਦੂਰ ਜਮਾਤ ਨੂੰ ਆਪਣੇ ਆਪਣੇ ਦੇਸ਼ ਦੇ ਸਾਮਰਾਜੀ ਪੂੰਜੀਪਤੀਆਂ ਨਾਲ ਖੜ੍ਹੇ ਹੋ ਕੇ ਦੂਜੇ ਸਾਮਰਾਜੀ ਦੇਸ਼ਾਂ ਦੀ ਫੌਜ ਨਾਲ ਲੜਨ ਦਾ ਸੱਦਾ ਦਿੱਤਾ। ਇਸ ਤਰ੍ਹਾਂ ਸਮਾਜਕ ਜਨਵਾਦੀ ਪਾਰਟੀਆਂ ਦਾ ਕਿਰਦਾਰ ਪੂਰੀ ਤਰ੍ਹਾਂ ਉਲਟ ਗਿਆ। ਸਮਾਜਵਾਦ ਸਿਰਫ ਕਥਨੀ ਵਿਚ ਰਹਿ ਗਿਆ ਕਰਨੀ 'ਚ ਉਹ ਜਮਾਤੀ ਭਿਆਲੀ ਤੇ ਪੂੰਜੀਵਾਦੀ ਰਾਹ 'ਤੇ ਚਲ ਪਏ। ਸਮਾਜਕ ਜਨਵਾਦੀ ਗਦਾਰਾਂ ਵਿਚ ਤਬਦੀਲ ਹੋ ਗਏ ਅਤੇ ਇਸ ਤਰ੍ਹਾਂ ਦੂਜੀ ਕੌਮਾਂਤਰੀ ਦਾ ਪਤਨ ਹੋਇਆ।

ਸਮਾਜਕ ਜਨਵਾਦ ਦੇ ਇਸ ਪਤਨ ਦਾ ਪਰਦਾਫਾਸ਼ ਕਰਦਿਆਂ ਕਾਮਰੇਡ ਲੈਨਿਨ ਨੇ ਵਿਚਾਰਧਾਰਕ ਅਤੇ ਰਾਜਸੀ ਮੋਰਚੇ 'ਤੇ ਉਹਨਾਂ ਖਿਲਾਫ ਸਮਝੌਤਾਹੀਣ ਸੰਘਰਸ਼ ਕੀਤਾ ਅਤੇ ਸਾਮਰਾਜੀ ਪ੍ਰਬੰਧ ਦਾ ਠੋਸ ਵਿਸਲੇਸ਼ਣ ਕਰਦੇ ਹੋਇਆ ਆਪਣੀ ਮਹਾਨ ਲਿਖਤ 'ਸਾਮਰਾਜਵਾਦ ਪੂੰਜੀਵਾਦ ਦੀ ਉਚਤਮ ਵਿਵਸਥਾ' ਦੀ ਰਚਨਾ ਕੀਤੀ। ਇਸ ਕੜੀ ਵਿਚ ਉਹਨਾਂ ਨੇ ਮਜ਼ਦੂਰ ਕੁਲੀਨ ਤੰਤਰ ਦੇ ਜਨਮ ਅਤੇ ਵਿਕਾਸ ਦਾ ਵਿਸਲੇਸ਼ਣ ਕੀਤਾ। ਜਿਸ ਕਾਰਨ ਪੂੰਜੀਵਾਦੀ ਸਾਮਰਾਜੀ ਦੇਸ਼ਾਂ ਵਿਚ ਪ੍ਰੋਲੇਤਾਰੀ ਇਨਕਲਾਬ ਕਮਜ਼ੋਰ ਪੈ ਗਈਆਂ ਸਨ। ਉਹਨਾਂ ਨੇ ਇਹ ਮੱਤ ਪ੍ਰਗਟ ਕੀਤਾ ਕਿ ਪ੍ਰੋਲੇਤਾਰੀ ਇਨਕਲਾਬਾਂ ਦਾ ਕੇਂਦਰ ਬਿੰਦੂ ਉਹ ਦੇਸ਼ ਬਣ ਗਏ ਹਨ ਜੋ ਸਾਮਰਾਜ ਦੀਆਂ ਕੰਮਜ਼ੋਰ ਕੜੀਆਂ ਹਨ। ਉਹਨਾਂ ਨੇ ਜਾਰਸ਼ਾਹੀ ਰੂਸ ਵਰਗੇ ਦੇਸ਼ ਅਤੇ ਉਹਨਾਂ ਦੇਸ਼ਾਂ ਨੂੰ ਕਮਜ਼ੋਰ ਕੜੀ ਦੱਸਿਆ ਜੋ ਬਸਤੀਆਂ ਸਨ। ਇਸ ਸਮਝ ਦੇ ਆਧਰ 'ਤੇ ਉਹਨਾਂ ਨੂੰ ਬਾਲਸ਼ਵਿਕ ਪਾਰਟੀ ਦੀ ਅਗਵਾਈ ਕੀਤੀ। ਅਕਤੂਬਰ ਇਨਕਲਾਬ ਨੂੰ ਜੇਤੂ ਬਣਾਇਆ ਦੁਨੀਆਂ ਦੇ ਪਹਿਲੇ ਸਮਾਜਵਾਦੀ ਦੇਸ਼ ਰੂਸ ਦੀ ਸਥਾਪਨਾ ਕੀਤੀ ਅਤੇ ਤੀਜੀ ਕੌਮਾਂਤਰੀ ਦਾ, ਜਿਸ ਨੂੰ ਕਮਿਊਨਿਸਟ ਕੌਮਾਂਤਰੀ ਵੀ ਕਿਹਾ ਜਾਂਦੈ, ਦਾ ਗਠਨ ਕੀਤਾ। ਲੈਨਿਨ ਅਤੇ ਉਸ ਪਿਛੋਂ ਸਟਾਲਿਨ ਦੀ ਅਗਵਾਈ 'ਚ ਕਮਿਊਨਿਸਟ ਕੌਮਾਂਤਰੀ ਨੇ ਸਮਾਜਕ ਜਨਵਾਦ ਦਾ ਪਰਦਾਫਾਸ਼ ਕੀਤਾ, ਉਸ ਦੀ ਨਿੰਦਾ ਕੀਤੀ ਤੇ ਉਸ ਨੂੰ ਕਾਫ਼ੀ ਹੱਦ ਤੱਕ ਪਿਛਾੜਿਆ ਵੀ। ਇਸ ਨਾਲ ਦੁਨੀਆਂ ਭਰ ਵਿਚ ਕਮਿਊਨਿਸਟ ਤੇ ਮਜ਼ਦੂਰ ਪਾਰਟੀਆਂ ਦਾ ਜਨਮ ਹੋਇਆ। ਇਸ ਨਾਲ ਕੌਮਾਂਤਰੀ ਕਮਿਊਨਿਸਟ ਅੰਦੋਲਨ ਦੀ ਇਕ ਆਮ ਦਿਸ਼ਾ ਵੀ ਪੇਸ਼ ਕੀਤੀ। ਇਸ ਆਮ ਦਿਸ਼ਾ ਵਿਚ ਕਿਹਾ ਗਿਆ ਕਿ ਸੰਸਾਰ ਪ੍ਰੋਲੇਤਾਰੀ ਸਮਾਜਵਾਦੀ ਇਨਕਲਾਬ ਦੋ ਧਾਰਾਵਾਂ ਨਾਲ ਮਿਲ ਕੇ ਬਣੀ ਹੈ। ਪਹਿਲਾਂ ਪੂੰਜੀਵਾਦੀ-ਸਾਮਰਾਜੀ ਦੇਸ਼ਾਂ ਵਿਚ ਸਮਾਜਵਾਦੀ ਕ੍ਰਾਂਤੀਆਂ ਦੀ ਧਾਰਾ ਅਤੇ ਦੂਜਾ ਬਸਤੀਵਾਦ ਦੇ ਅਧੀਨ ਦੇਸ਼ਾਂ ਵਿਚ ਜਨਤਾ ਦੀਆਂ ਨਵ ਜਮਹੂਰੀ ਕ੍ਰਾਂਤੀਆਂ ਦੀ ਧਾਰਾ। ਇਸ ਵਿਸਲੇਸ਼ਣ ਦੇ ਅਧਾਰ ਤੇ ਕਮਿਊਨਿਸਟ ਕੌਮਾਂਤਰੀ ਅਤੇ ਸੋਵੀਅਤ ਸੰਘ ਦੀ ਅਗਵਾਈ ਵਿਚ ਕਮਿਊਨਿਸਟ ਵਿਰੋਧੀ ਤੇ ਇਨਕਲਾਬ ਵਿਰੋਧੀ ਧਾਰਾ 'ਚ ਤਬਦੀਲ ਹੋ ਚੁੱਕੇ ਸਮਾਜਕ ਜਨਵਾਦੀਆਂ ਵੱਲੋਂ ਤਰ੍ਹਾਂ-ਤਰ੍ਹਾਂ ਦੀਆਂ ਸਾਜ਼ਿਸ਼ਾਂ ਤੇ ਪਿੱਠ 'ਚ ਛੁਰੇ ਮਾਰਨ ਦੇ ਬਾਵਜੂਦ, ਕੌਮਾਂਤਰੀ ਕਮਿਊਨਿਸਟ

ਅੰਦੋਲਨ ਤੇਜ਼ੀ ਨਾਲ ਅੱਗੇ ਵਧਿਆ।

ਜਦ ਸਾਮਰਾਜੀ ਪ੍ਰਬੰਦ 1930 ਦੇ ਦਹਾਕੇ 'ਚ ਮਹਾਂਮੰਦੀ ਦਾ ਸਿਕਾਰ ਹੋਇਆ ਅਤੇ ਕੁਝ ਸਾਮਰਾਜੀ ਦੇਸ਼ਾਂ ਵਿਚ ਫਾਸ਼ੀਵਾਦੀ ਤਾਕਤਾਂ ਨੇ ਸਿਰ ਉਠਾਉਣਾ ਸ਼ੁਰੂ ਕੀਤਾ ਤਾਂ ਸਾਮਰਾਜੀ ਦੇਸ਼ਾਂ ਦਾ ਆਪਸੀ ਵਿਰੋਧ ਬੇਹੱਦ ਤਿੱਖਾ ਹੋ ਗਿਆ ਅਤੇ ਦੁਨੀਆਂ ਦੀ ਮੁੜ ਵੰਡ ਲਈ ਦੂਜੀ ਸੰਸਾਰ ਜੰਗ ਛਿੜ ਗਈ। ਉਸ ਸਮੇਂ ਸਮਾਜ ਜਨਵਾਦੀ ਪਾਰਟੀਆਂ ਦੀ ਰਹਿੰਦ ਖੂੰਹਦ ਨੇ ਇਕ ਵਾਰ ਫਿਰ ਆਪਣੇ ਆਪਣੇ ਦੇਸ਼ਾਂ ਦੇ ਸਾਮਰਾਜੀ ਪੂੰਜੀਵਾਦੀਆਂ ਦਾ ਸਾਥ ਦਿੱਤਾ। ਪਰ ਸੋਵੀਅਤ ਸੰਘ ਦੀ ਅਗਵਾਈ 'ਚ ਸਮਾਜਵਾਦੀ ਤਾਕਤਾਂ ਨੇ ਫਾਸ਼ੀਵਾਦੀ ਧੁਰੀ ਨੂੰ ਜਬਰਦਸਤ ਟੱਕਰ ਦਿੱਤੀ ਤੇ ਹਿਟਲਰਸ਼ਾਹੀ ਨੂੰ ਪਸਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਜਦਕਿ ਫਾਸ਼ੀਵਾਦ ਵਿਰੋਧੀ ਲੜਾਈ ਵਿਚ ਸ਼ਾਮਲ ਰਹਿਣ ਦਾ ਦਾਅਵਾ ਕਰਨ ਵਾਲੇ ਸਾਮਰਾਜੀ ਦੇਸ਼ ਇਸ ਨੂੰ ਕਮਜ਼ੋਰ ਕਰਨ ਲਈ ਸਾਜ਼ਿਸ਼ਾਂ ਰਚਣ ਲੱਗੇ। ਫਾਸ਼ੀਵਾਦ ਵਿਰੋਧੀ ਯੁੱਧ ਵਿਚ ਸੋਵੀਅਤ ਸੰਘ ਦੀ ਵੱਡੀ ਜਿੱਤ ਨੇ ਸਭ ਥਾਵਾਂ 'ਤੇ ਇਨਕਲਾਬੀ ਅੰਦੋਲਨਾਂ 'ਚ ਉਤਸ਼ਾਹ ਦਾ ਸੰਚਾਰ ਕੀਤਾ। ਇਸ ਨਾਲ ਕੌਮੀ ਮੁਕਤੀ ਸੰਘਰਸ਼ਾਂ ਨੂੰ ਵੀ ਪ੍ਰੇਰਨਾ ਮਿਲੀ। 1950 ਦੇ ਦਹਾਕੇ ਦੇ ਆਉਂਦੇ-ਆਉਂਦੇ ਸਮਾਜਵਾਦੀ ਖੇਮੇ 'ਚ 'ਤੇ ਦੇਸ਼ ਸ਼ਾਮਲ ਹੋ ਚੁੱਕੇ ਸਨ ਤੇ ਉਹ ਇਕ ਸ਼ਕਤੀਸ਼ਾਲੀ ਤਾਕਤ ਬਣ ਚੁੱਕਿਆ ਸੀ। ਸਮਾਜਵਾਦੀ ਖੇਮੇ ਦੀ ਅਗਾਂਹ ਵਧਣ ਦੀ ਰਫਤਾਰ ਅਤੇ ਸਾਮਰਾਜੀ ਸ਼ਿਕੰਜੇ ਤੋਂ ਛੁਟਣ ਲਈ ਚਲ ਰਹੇ ਕੌਮੀ ਮੁਕਤੀ ਅੰਦੋਲਨਾਂ ਨਾਲ ਇਕ ਅਜਿਹੀ ਕੌਮਾਂਤਰੀ ਸਥਿਤੀ ਉਸਰ ਗਈ ਸੀ ਜਿਸ ਨੂੰ ਵੇਖਕੇ ਇਹ ਲੱਗਣ ਲੱਗ ਪਿਆ ਸੀ ਜਿਵੇਂ ਸਮਾਜਵਾਦ ਦੀ ਪੂਰਬੀ ਹਵਾ ਸਾਮਰਾਜ ਦੀ ਪੱਛਮੀ ਹਵਾ 'ਤੇ ਹਾਵੀ ਹੁੰਦੀ ਜਾ ਰਹੀ ਹੋਵੇ। ਪਰ ਇਕ ਵਾਰੀ ਫਿਰ ਤੋਂ ਕੌਮਾਂਤਰੀ ਕਮਿਊਨਿਸਟ ਅੰਦੋਲਨ ਵਿਚ ਮੁੱਖ ਖਤਰੇ ਸੋਧਵਾਦ ਨੇ ਕਮਿਊਨਿਸ ਪਾਰਟੀਆਂ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਅਤੇ ਤਬਾਹੀ ਮਚਾਉਣ ਲੱਗਿਆ। ਸੋਧਵਾਦ ਦਾ ਅਰਥ ਹੈ ਕਮਿਊਨਿਸਟ ਪਾਰਟੀਆਂ ਅੰਦਰ ਪੂੰਜੀਵਾਦੀ ਵਿਚਾਰਾਂ ਦਾ ਪ੍ਰਸਾਰ ਤੇ ਉਸ ਦੀ ਮਜ਼ਬੂਤੀ। ਇਸ ਸੋਧਵਾਦ ਨੇ ਕਮਿਊਨਿਸਟ ਪਾਰਟੀਆਂ ਨੂੰ ਇਕ ਵਾਰ ਫਿਰ ਤੋਂ ਸਮਾਜਕ ਜਨਵਾਦ ਵੱਲ ਧੱਕ ਦਿੱਤਾ। ਜਿਵੇਂ ਕਿ ਪਹਿਲੀ ਸੰਸਾਰ ਜੰਗ ਵੇਲੇ ਹੋਇਆ ਸੀ। ਵੈਸੇ ਹੀ ਸਮਾਜਕ ਜਨਵਾਦ ਦਾ ਕਰੂਪ ਚੇਹਰਾ ਇਕ ਵਾਰ ਫਿਰ ਉਦੋਂ ਸਾਹਮਣੇ ਆਇਆ ਜਦੋਂ ਇਨਕਲਾਬੀ ਅੰਦੋਲਨ ਉਸ ਸਮੇਂ ਦੀਆਂ ਕੌਮਾਂਤਰੀ ਹਾਲਤਾਂ ਦਾ ਠੋਸ ਵਿਸਲੇਸ਼ਣ ਕਰਨ 'ਚ ਨਾਕਾਮ ਰਿਹਾ। ਜਾਂ ਕਹੋ ਕਿ ਹਾਲਾਤ ਦਾ ਜੋ ਵਿਸਲੇਸ਼ਣ ਕੀਤਾ ਗਿਆ ਉਹ ਨੁਕਸਦਾਰ ਸੀ ਤੱਥਾਂ ਦੇ ਉਲਟ ਸੀ ਅਤੇ ਜਮਾਤੀ ਭਿਆਲੀ ਦੇ ਨਜ਼ਰੀਏ ਨਾਲ ਕੀਤਾ ਗਿਆ ਸੀ। ਦੂਜੀ ਕੌਮਾਂਤਰੀ 'ਚ ਸ਼ਾਮਲ ਸਮਾਜਕ ਜਨਵਾਦੀ ਪਾਰਟੀਆਂ 'ਚ ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਜੋ ਸੁਧਾਰਵਾਦੀ ਤੇ ਜਮਾਤੀ ਸਮਝੌਤਾਵਾਦੀ ਰੁਝਾਣ ਪੈਦਾ ਹੋਇਆ ਸੀ ਉਸ ਨੂੰ ਸਿਰਫ ਕੋਤਾਸਕੀ ਵਰਗੇ ਨੇਤਾਵਾਂ ਦੀ ਹੀ ਗਲਤੀ ਬਣਾਉਣਾ ਇਕ ਅੰਤਰਮੁਖੀ ਰਵੱਈਆ ਹੋਵੇਗਾ। ਠੀਕ ਇਸੇ ਤਰ੍ਹਾਂ ਦੂਜੀ ਸੰਸਾਰ ਜੰਗ ਪਿੱਛੋਂ ਕੌਮਾਂਤਰੀ ਕਮਿਊਨਿਸਟ ਅੰਦੋਲਨ ਅਤੇ ਕਮਿਊਨਿਸਟ ਪਾਰਟੀਆਂ 'ਚ ਉਭਰੇ ਸਮਾਜਕ ਜਨਵਾਦੀ ਰੁਝਾਣ ਦਾ ਮਹਿਜ ਇਸ ਰੂਪ 'ਚ ਮੁਲਾਂਕਣ ਕਰਨਾ ਵੀ ਅੰਤਰਮੁਖੀ ਹੋਵੇਗਾ ਕਿ ਇਹ ਕੌਮਾਂਤਰੀ ਪੱਧਰ 'ਤੇ ਖਰੁਸਚੇਵ, ਬ੍ਰੇਜਨੇਵ, ਗਰਬਾਚੋਵ

ਜਾਂ ਤੇਂਗ ਸਿਆਓ ਪਿੰਗ ਵਰਗੇ ਨੇਤਾਵਾਂ ਦਾ ਜਾਂ ਭਾਰਤੀ 'ਚ ਪੀ ਸੀ ਜੋਸ਼ੀ, ਐਸ. ਏ. ਡਾਂਗੇ, ਅਜੇ ਘੋਸ਼, ਈ. ਐਮ. ਐਸ ਨਬੂਦਰੀਪਾਤ, ਜੋਅਤੀ ਬਾਂਸੂ ਜਾਂ ਹਰਕ੍ਰਿਸ਼ਨ ਸੁਰਜੀਤ ਵਰਗੇ ਨੇਤਾਵਾਂ ਦਾ ਆਪਣੀ ਜਮਾਤ ਨਾਲ ਕੀਤੇ ਗਏ ਵਿਸਵਾਸ਼ਘਾਤ ਦਾ ਸਿੱਟਾ ਹੈ। ਬੇਸ਼ੱਕ ਅੰਦੋਲਨ ਦੇ ਨੇਤਾ ਵਜੋਂ ਇਸ ਪਤਨ 'ਚ ਉਹਨਾਂ ਦੀ ਭੂਮਿਕਾ ਲਾਜ਼ਮੀ ਰਹੀ ਹੈ। ਪਰ ਇਸ ਸਥਿਤੀ ਵੱਲ ਲੈ ਜਾਣ ਵਾਲੀ ਅਸਲੀ ਹਾਲਤ ਕੀ ਸੀ? ਜਿਵੇਂ ਕਿ ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਦੇ ਸਾਲਾਂ ਵਿਚ ਹੋਇਆ ਸੀ। ਇਸ ਵਾਰੀ ਵੀ ਕੌਮਾਂਤਰੀ ਕਮਿਊਨਿਸਟ ਅੰਦੋਲਨ ਨੂੰ ਗੰਭੀਰ ਹਰਜਾ ਇਸ ਲਈ ਪੁੱਜਿਆ ਕਿਉਂਕਿ ਦੂਜੀ ਸੰਸਾਰ ਜੰਗ ਪਿੱਛੋਂ ਜੋ ਹਾਲਾਤ ਉਭਰੇ, ਉਸ ਦਾ ਠੋਸ ਵਿਸਲੇਸ਼ਣ ਕਰਨ 'ਚ ਅੰਦੋਲਨ ਨੇ ਭਾਰੀ ਗਲਤੀ ਕੀਤੀ ਸੀ। ਜਦ ਦੂਜੀ ਸੰਸਾਰ ਜੰਗ ਚਲ ਰਹੀ ਸੀ ਉਸ ਸਮੇਂ ਸਾਮਰਾਜੀ ਤਾਕਤਾਂ ਵਿਚਕਾਰ ਸ਼ਕਤੀ ਸੰਤੁਲਨ ਵਿਚ ਬਦਲਾਅ ਆਉਣ ਲੱਗਿਆ ਸੀ। ਅਮਰੀਕਾ ਸਾਮਰਾਜੀ ਖੇਮੇ ਦਾ ਮੋਹਰੀ ਬਣ ਕੇ ਉਭਰਿਆ ਸੀ। ਬ੍ਰਿਟਿਸ਼ ਸਾਮਰਾਜ ਕਮਜ਼ੋਰ ਹੋਇਆ ਸੀ। ਦੂਜੇ ਪਾਸੇ ਸਾਮਰਾਜੀ ਖੇਮੇ ਨੂੰ ਚੁਣੌਤੀ ਦਿੰਦੇ ਹੋਇਆ ਸਮਾਜਵਾਦੀ ਤਾਕਤਾਂ ਅਤੇ ਕੌਮੀ ਮੁਕਤੀ ਅੰਦੋਲਨ ਤੇਜ਼ ਹੁੰਦਾ ਜਾ ਰਿਹਾ ਸੀ। ਇਹਨਾ ਹਾਲਤਾਂ 'ਚ ਅਮਰੀਕੀ ਸਾਮਰਾਜ ਦੇ ਬੌਧਿਕ ਤੋਪਚੀਆਂ ਨੇ ਬਸਤੀਵਾਦੀ ਲੁੱਟ ਨੂੰ ਇਕ ਨਵਾਂ ਰੂਪ ਦੇਣ ਦਾ ਫੈਸਲਾ ਲਿਆ ਉਹਨਾਂ ਨੇ ਲੁੱਟ ਤੇ ਦਾਬੇ ਦੇ ਬਸਤੀਵਾਦ ਪੜਾਅ ਨੂੰ ਨਵ ਬਸਤੀਵਾਦ ਪੜਾਅ 'ਚ ਤਬਦੀਲ ਕਰ ਦਿੱਤਾ। ਬਸਤੀਵਾਦੀ ਕਾਲ ਵਿਚ ਅਮਰੀਕੀ ਸਾਮਰਾਜ ਵੱਲੋਂ ਦੱਖਣੀ ਅਮਰੀਕਾ ਦੇ ਆਪਣੇ ਆਸਰਿਤ ਦੇਸਾਂ ਦੀ ਲੁੱਟ ਕਰਨ ਲਈ ਜੋ ਤਰੀਕਾ ਅਪਣਾਇਆ ਸੀ ਉਸ ਨੂੰ ਹੋਰ ਵਿਕਸਤ ਰੂਪ ਪ੍ਰਦਾਨ ਕੀਤਾ ਗਿਆ। 1944 ਵਿਚ ਬ੍ਰੇਟਨਵੁਡਜ਼ ਮੀਟਿੰਗ ਹੋਈ ਜਿਸ ਵਿਚ ਕੌਮਾਂਤਰੀ ਮੁਦਰਾ ਕੋਸ਼ (ਆਈ. ਐਮ. ਐਫ) ਅਤੇ ਸੰਸਾਰ ਬੈਂਕ ਦੇ ਨਿਰਮਾਣ ਦੀ ਯੋਜਨਾ ਬਣਾਈ ਗਈ। ਕਾਰਟੇਲਾਂ ਨੂੰ ਬਹੁਕੌਮੀ ਨਿਗਮਾ 'ਚ ਬਦਲਿਆ ਗਿਆ। ਗੈਟ (ਵਪਾਰ ਤੇ ਟੈਕਸ ਸਬੰਧੀ ਆਮ ਸਮਝੌਤਾ) ਦੀ ਸ਼ੁਰੂਆਤ ਕੀਤੀ ਗਈ। ਇਸ ਤਰ੍ਹਾਂ ਬਸਤੀਵਾਦ ਰਾਹੀਂ ਸੱਤਾ ਕੰਟਰੋਲ ਦੇ ਤਰੀਕੇ ਦਾ ਇਕ ਤਰ੍ਹਾਂ ਨਾਲ ਅੰਤ ਕਰ ਦਿੱਤਾ ਗਿਆ। ਇਸ ਦੀ ਥਾਂ 'ਤੇ ਵੱਖ-ਵੱਖ ਸਾਮਰਾਜੀ ਦੇਸ਼ਾਂ ਨੇ ਵਿਤੀ ਪੂੰਜੀ ਰਾਹੀਂ ਨਵ-ਬਸਤੀਵਾਦੀ ਦੇਸ਼ਾਂ 'ਤੇ ਕੰਟਰੋਲ ਕਾਇਮ ਕਰਨਾ ਸ਼ੁਰੂ ਕਰ ਦਿੱਤਾ। ਸਾਮਰਾਜੀ ਲੁੱਟ ਦੇ ਇਸ ਤਰੀਕੇ ਵਿਚ ਬਸਤੀਵਾਦ ਪੜਾਅ ਤੋਂ ਨਵ ਬਸਤੀਵਾਦੀ ਪੜਾਅ 'ਚ ਤਬਦੀਲੀ ਨਾਲ ਕੌਮਾਂਤਰੀ ਤੇ ਨਾਲ ਹੀ ਸਭ ਦੇਸ਼ਾਂ ਦੀਆਂ ਕੌਮੀ ਹਾਲਤਾਂ 'ਚ ਕਿੰਨੇ ਹੀ ਬਦਲਾਅ ਆਏ। ਇਹਨਾਂ ਤਬਦੀਲੀਆਂ ਦਾ ਵਿਸਲੇਸ਼ਣ ਕਰਨ 'ਚ ਸਟਾਲਿਨ ਪਿੱਛੋਂ ਸੋਵੀਅਤ ਸੰਘ ਦੀ ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਨੇ ਭਾਰੀ ਗਲਤੀ ਕੀਤੀ। ਕਈ ਹੋਰ ਸਮਾਜਵਾਦੀ ਦੇਸ਼ ਦੀ ਲੀਡਰਸ਼ਿਪ ਅਤੇ ਨਾਲ ਹੀ ਕਮਿਊਨਿਸਟ ਪਾਰਟੀਆਂ ਦੀ ਲੀਡਰਸ਼ਿਪ ਨੇ ਵੀ ਇਹ ਗਲਤੀ ਕੀਤੀ। ਉਹਨਾਂ ਨੇ ਇਹ ਮੁਲਅੰਕਣ ਕੀਤਾ ਕਿ ਸਾਮਰਾਜ ਵਲੋਂ 'ਸੱਤਾ ਬਦਲੀ' ਦੀ ਨੀਤੀ ਸਾਮਰਾਜੀ ਖੇਮੇ ਦੀ ਕਮਜ਼ੋਰੀ ਦਾ ਪ੍ਰਤੀਕ ਹੈ। ਉਸ ਸਮੇਂ ਕਲਿਆਣਕਾਰੀ ਰਾਜ ਦੀਆਂ ਨੀਤੀਆਂ 'ਤੇ ਅਮਲ ਕਰਨਾ ਸ਼ੁਰੂ ਕੀਤਾ ਗਿਆ ਸੀ। ਇਸ ਨੂੰ ਵੀ ਸਾਮਰਾਜੀ ਖੇਮੇ ਦੀ ਕਮਜ਼ੋਰੀ ਮੰਨਿਆ ਗਿਆ। ਇਸ ਲਈ ਖਰੁਸਚੇਵ ਸੋਧਵਾਦੀਆਂ ਨੇ ਸਾਮਰਾਜ ਦੇ ਨਾਲ 'ਸ਼ਾਂਤੀਪੂਰਨ ਸਹਿਹੋਂਦ' ਤੇ 'ਸ਼ਾਂਤੀਪੂਰਨ ਮੁਕਾਬਲਾ' ਤੇ ਸਮਾਜਵਾਦ 'ਚ 'ਸ਼ਾਂਤੀਪੂਰਨ ਉਸਾਰ' ਦਾ ਸਿਧਾਂਤ ਪੇਸ਼ ਕੀਤਾ ਗਿਆ।

ਜਮਾਤੀ ਘੋਲ ਅਤੇ ਸਾਮਰਾਜ ਤੇ ਉਸ ਦੇ ਪਿੱਛਲੱਗਾਂ ਨੂੰ ਬਲਪੂਰਵਕ ਪੁੱਟ ਸੁੱਟਣ ਦੇ ਸਿਧਾਂਤ ਨੂੰ ਛੱਡ ਦਿੱਤਾ ਗਿਆ। ਇਸ ਤਰ੍ਹਾਂ ਜਮਾਤੀ ਭਿਆਲੀ ਦੀ ਦਿਸ਼ਾ ਹਾਵੀ ਹੋ ਗਈ। ਇਸ ਰਾਹ 'ਤੇ ਚਲਦਿਆਂ ਸਮਾਜਕ ਜਨਵਾਦੀ ਧਾਰਾ ਮਜ਼ਬੂਤ ਹੁੰਦੀ ਗਈ ਜਿਸ ਨੇ ਲਗਭਗ ਸਭ ਸਮਾਜਵਾਦੀ ਦੇਸ਼ਾਂ ਤੇ ਕਮਿਊਨਿਸਟ ਪਾਰਟੀਆਂ ਨੂੰ ਪੂੰਜੀਵਾਦੀ ਰਾਹ 'ਤੇ ਧੱਕ ਦਿੱਤਾ। ਇਸ ਤਰ੍ਹਾਂ ਹੀ ਸੰਘਰਸ਼ 'ਤੇ ਅੱਜ ਵੀ ਸਮਾਜਕ ਜਨਵਾਦੀ ਭਾਰੂ ਹਨ ਉਹਨਾਂ ਨੇ ਪੂੰਜੀਵਾਦੀ ਰਾਹ ਤੇ ਸਮਾਜਵਾਦੀ ਰਾਹ ਵਿਚਲੇ ਫਰਕ ਨੂੰ ਮਿਟਾ ਦਿੱਤਾ ਹੈ। ਉਹ ਮੌਜੂਦਾ ਚੀਨ ਨੂੰ ਵੀ ਸਮਾਜਵਾਦੀ ਕਹਿੰਦੇ ਹਨ। ਜਦਕਿ ਉਹ ਇਕ ਸਮਾਜਕ ਸਾਮਰਾਜੀ ਦੇਸ਼ਾਂ 'ਚ ਤਬਦੀਲ ਹੋ ਚੁੱਕਿਆ ਹੈ (ਯਾਨੀ ਕਹਿਣੀ 'ਚ ਸਮਾਜਵਾਦ ਕਰਨੀ 'ਚ ਸਾਮਰਾਜ) ਉਹ ਜਿਥੇ ਵੀ ਅਤੇ ਜਦ ਵੀ ਸੱਤਾ ਵਿਚ ਆਉਂਦੇ ਹਨ, ਪੂੰਜੀਵਾਦੀ ਰਾਹ 'ਤੇ ਹੀ ਚਲਦੇ ਹਨ। ਭਾਰਤ 'ਚ ਮਾਕਪਾ ਤੇ ਭਾਜਪਾ ਸਮਾਜਕ ਜਨਵਾਦੀਆਂ ਵੱਲੋਂ ਕੀਤੀ ਗਦਾਰੀ ਦੇ ਸਭ ਤੋ ਬੇਹਤਰੀਨ ਤੇ ਨਵੀਆਂ ਬਦਤਰੀਨ ਮਿਸਾਲਾਂ ਹਨ। ਕੌਮਾਂਤਰੀ ਕਮਿਊਨਿਸਟ ਅੰਦੋਲਨ ਲਈ ਸਮਾਜਕ ਜਨਵਾਦ ਪਹਿਲਾਂ ਵੀ ਮੁੱਖ ਖ਼ਤਰਾ ਸੀ ਅਤੇ ਅੱਜ ਵੀ ਹੈ ਕਿਉਂਕਿ ਇਹ ਮਜ਼ਦੂਰ ਜਮਾਤ 'ਚ ਭਰਮ ਪੈਦਾ ਕਰਦਾ ਹੈ। ਉਸ ਨੂੰ ਵਿਚਾਰਧਾਰਕ ਤੌਰ 'ਤੇ ਅਪਾਹਜ ਤੇ ਨਿਹੱਥਾ ਬਣਾਉਂਦਾ ਹੈ। ਇਹ ਮਜ਼ਦੂਰ ਜਮਾਤ ਦੇ ਅੰਦੋਲਨ ਨੂੰ ਸੁਧਾਰਵਾਦ ਤੇ ਗੋਡੇ ਟੇਕਣ ਦੇ ਰਾਹ 'ਤੇ ਲੈ ਜਾਂਦਾ ਹੈ। ਇਹ ਇਨਕਲਾਬ ਵਿਰੋਧੀਧਾਰਾ ਅੱਜ ਵੀ ਆਪਣੇ ਆਪ ਨੂੰ ਕਮਿਊਨਿਸਟ ਪਾਰਟੀ ਕਹਿੰਦੀ ਹੈ, ਲਾਲ ਝੰਡਾ ਉਠਾ ਕੇ ਚਲਦੀ ਹੈ ਅਤੇ ਬਾਹਰੀ ਤੌਰ 'ਤੇ ਸੰਗਠਨ ਦੀ 'ਬਾਲ ਸ਼ਵਿਕ' ਸ਼ੈਲੀ ਅਪਣਾਏ ਹੋਏ ਹਨ। ਇਸ ਲਈ ਇਹਨਾਂ ਦਾ ਪਰਦਾਫ਼ਾਸ਼ ਕੀਤੇ ਬਿਨਾਂ ਅਤੇ ਇਸ ਖਿਲਾਫ਼ ਸਮਝੌਤਾਹੀਣ ਲੜਾਈ ਲੜੇ ਬਿਨਾਂ ਮਜ਼ਦੂਰਾਂ ਦਾ ਇਨਕਲਾਬੀ ਅੰਦੋਲਨ ਅੱਗੇ ਨਹੀਂ ਜਾ ਸਕਦਾ। ਪਰ ਸਮਾਜਕ ਜਨਵਾਦ ਦਾ ਪਰਦਾਫਾਸ਼ ਕਰਦੇ ਹੋਏ ਤੇ ਉਸ ਖਿਲਾਫ਼ ਲੜਦੇ ਹੋਏ ਮਾਰਕਸਵਾਦੀ ਲੈਨਿਨਵਾਦੀ ਤਾਕਤਾਂ ਨੂੰ ਖੱਬੀ ਤੰਗ ਨਜ਼ਰੀ ਤੋਂ ਵੀ ਬਚਣਾ ਚਾਹੀਦਾ ਹੈ। ਸੋਧਵਾਦ ਦਾ ਕੌਮਾਂਤਰੀ ਕਮਿਊਨਿਸਟ ਅੰਦੋਲਨ ਮੁਖ ਖਤਰੇ ਵਜੋਂ ਮੁਲਅੰਕਣ ਕਰਦੇ ਸਮੇਂ ਤੇ ਇਸ ਸੋਧਵਾਦ ਦੇ ਵਿਚਾਰਧਾਰਕ ਰੂਪ ਯਾਨੀ ਸਮਾਜਕ ਜਨਵਾਦ ਖਿਲਾਫ਼ ਲੜਾਈ 'ਚ ਕਿਸੇ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ।

# ਅਧੁਨਿਕ ਪਿਆਰ ਬਨਾਮ ਅਸ਼ਲੀਲਤਾ

ਖੇਤਾਂ ’ਚ ਛੁਪ ਛੁਪ ਕੇ ਕੌਣ ਮਿਲਦਾ ਹੈ। ਮੇਲੇ ’ਚ ਜਾਣ ਦੀ ਕਿਸ ਨੂੰ ਫੁਰਸਤ ਹੈ। ਇਕਾ ਦੁੱਕਾ ਲੋਕ ਜਾਂਦੇ ਹੋਣਗੇ। ਪਿੰਡ ਹੋਵੇ ਜਾਂ ਸ਼ਹਿਰ ਪ੍ਰੇਮੀਆਂ ਨੇ ਖੁਦ ਲਈ ਨਵੀਂ ਥਾਂ ਤਲਾਸ਼ ਲਈ ਹੈ-ਮੋਬਾਇਲ ਫੋਨ ਅਤੇ ਇੰਟਰਨੈਟ। ਕੈਮਰਾ ਫੋਨ ਨੇ ਤਾਂ ਕੰਮ ਹੋਰ ਵੀ ਸੌਖਾ ਕਰ ਦਿੱਤਾ। ਧੜੱਲੇ ਨਾਲ ਭੇਜੀਆਂ ਜਾਂਦੀਆਂ ਹਨ ਅਸ਼ਲੀਲ ਤਸਵੀਰਾਂ ਇਕ ਦੂਜੇ ਨੂੰ। ਪ੍ਰੇਮੀ ਆਪਣੀ ਪ੍ਰੇਮਿਕਾ ਨੂੰ ਰਾਤ ਦੇ 12 ਵਜੇ ਆਨਲਾਈਨ ਹੋਣ ਜਾਂ ਮੋਬਾਇਲ ਤੇ ਅਸ਼ਲੀਲ ਫੋਟੋ ਦੇਣ ਲਈ ਕਹਿੰਦਾ ਹੈ। ਅਕਸਰ ਮਜ਼ਬੂਰ ਵੀ ਕਰਦਾ ਹੈ। ਪਿੰਡਾਂ ’ਚ ਅਜੇ ਸ਼ਾਇਦ ਨਾ ਹੁੰਦਾ ਹੋਵੇ। ਸ਼ਹਿਰਾਂ ’ਚ ਤਾਂ ਵੱਡਾ ਤਬਕਾ ਹੋਵੇ ਜਾਂ ਛੋਟਾ ਇਥੇ ਖੂਬ ਹੁੰਦਾ ਹੈ। ਇਹ ਸਭ ਇਸ ਤਰ੍ਹਾਂ ਦਾ ਆਦਾਨ ਪ੍ਰਦਾਨ ਚਲਦਾ ਰਹਿੰਦਾ ਹੈ। ਇਕ ਦੂਜੇ ਦੇ ਭਰੋਸੇ ’ਤੇ ਕੁਝ ਭਰੋਸਾ ਤੋੜਦੇ ਵੀ ਹਨ ਅਤੇ ਪ੍ਰੇਅਸੀ ਦੀਆਂ ਅਸ਼ਲੀਲ ਤਸਵੀਰਾਂ ਨੂੰ ਇੰਟਰਨੈਟ ਜਾਂ ਦੋਸਤਾਂ ਨੂੰ ਮੋਬਾਇਲ ਤੇ ਭੇਜ ਦਿੰਦੇ ਹਨ। ਪਰ ਹੁਣ ਲੜਕੀਆਂ ਵੀ ਘੱਟ ਠਰਕੀ ਨਹੀਂ ਰਹਿ ਗਈਆਂ। ਉਨ੍ਹਾਂ ਨੂੰ ਵੀ ਆਪਣੇ ਪ੍ਰੇਮੀ ਦੀ ਐਸੀ ਹੀ ਤਸਵੀਰ ਚਾਹੀਦੀ ਹੈ। ਖੈਰ ਮਨਾ ਲੈਣ ਹੁਣ ਲੜਕੇ ਵੀ ਕਿਉਂ ਕਿ ਉਨ੍ਹਾਂ ਦੀ ਇੱਜਤ ਦਾ ਵੀ ਬਣ ਸਕਦਾ ਹੈ ਭੜਥਾ। ਸੈਕਸਟਿੰਗ ਦੀ ਮੰਗ ਕਿਉਂਕਿ ਲੜਕੀਆਂ ਵੀ ਕਰਨ ਲੱਗੀਆਂ ਹਨ ਖੁੱਲ ਕੇ। ਸੈਕਸਟਿੰਗ ਸੇਡਿੰਗ ਆਊਟ ਸਜੇਸਟਿਵ ਜਾਂ ਫਿਰ ਸੈਕਸੂਅਲ ਇੰਮੇਜ। ਪ੍ਰੇਅਸੀ ਨੂੰ ਉਸ ਦੀ ਅਸ਼ਲੀਲ ਤਸਵੀਰ ਭੇਜਣ ਲਈ ਕਹਿਣਾ ਜਾਂ ਮਜ਼ਬੂਰ ਕਰਨਾ। ਜਿਸ ਨੂੰ ਵੇਖ ਕੇ ਪ੍ਰੇਮੀ ਆਪਣਾ ਠਰਕ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਅਜਿਹਾ ਹੁੰਦਾ ਹੈ ਜਿਵੇਂ ਤੁਹਾਨੂੰ ਸ਼ਰਾਬ ਦੀ ਤਲਬ ਲਗਦੀ ਹੈ। ਵਿਅਕਤੀ ਆਪਣੇ ਪ੍ਰੇਮੀ ਜਾਂ ਪ੍ਰੇਮਿਕਾ ਨਾਲ ਸਰੀਰਕ ਸਬੰਧ ਬਣਾਉਣਾ ਚਾਹੁੰਦਾ ਹੈ। ਕਈ ਕਾਰਨਾਂ ਕਰਕੇ ਉਸ ਨੂੰ ਇਹ ਕਰਨ ਦਾ ਮੌਕਾ ਨਹੀਂ ਮਿਲਦਾ ਤਾਂ ਉਹ ਆਪਣੀ ਤਲਬ ਨੂੰ ਪੂਰਾ ਕਰਨ ਲਈ ਉਹ ਆਪਣੇ ਪ੍ਰੇਮੀ ਜਾਂ ਪ੍ਰੇਮਿਕਾ ’ਤੇ ਦਬਾਅ ਵੀ ਪਾਉਂਦਾ ਹੈ। ਹਾਲਾਂਕਿ ਆਮ ਰਿਸ਼ਤਿਆਂ ਵਿਚ ਲੋਕੀ ਇਸ ਤਰ੍ਹਾਂ ਦੀ ਮੰਗ ਘੱਟ ਹੀ ਕਰਦੇ ਹਨ। ਇਸ ਲਈ ਘੱਟੋ ਘੱਟ ਉਹ ਦੂਜਿਆਂ ਵਿਅਕਤੀ ’ਤੇ ਦਬਾਅ ਨਹੀਂ ਪਾਉਂਦਾ ਹੈ। ਸੈਕਸਟਿੰਗ ਦੀ ਮੰਗ ਕਰਨ ਵਾਲਿਆਂ ’ਚ ਜ਼ਿਆਦਾਤਰ ਆਪਸੀ ਸਮਝ ਦੀ ਕਮੀ ਹੁੰਦੀ ਹੈ। ਪਿਆਰ ਬਿਨਾਂ ਸ਼ਰਤ ਦੇ ਹੁੰਦਾ ਹੈ। ਜੇ ਸਾਹਮਣੇ ਵਾਲਾ ਆਪਣੀ ਇੱਛਾ ਨਾਲ ਅਜਿਹਾ ਕਰਨ ਲਈ ਤਿਆਰ ਹੋ ਜਾਂਦਾ ਹੈ ਤਾਂ ਠੀਕ ਹੈ। ਉਸ ਨੂੰ ਭਰੋਸਾ ਹੈ ਕਿ ਉਹ ਜਿਸ ਨੂੰ ਪਿਆਰ ਕਰਦਾ ਹੈ ਉਸ ਦਾ ਉਹ ਭਰੋਸਾ ਨਹੀਂ ਤੋੜੇਗਾ। ਤਦ ਇਸ ’ਚ ਕੋਈ ਬੁਰਾਈ ਨਹੀਂ। ਪਰ ਜੇ ਸਾਹਮਣੇ ਵਾਲਾ ਤੁਹਾਨੂੰ ਮਜ਼ਬੂਰ ਕਰਦਾ ਹੈ, ਇਹ ਕੰਮ ਕਰਨ ਲਈ ਇਸ ਦਾ ਮਤਲਬ ਹੈ, ਹੋਵੇ ਜਾਂ ਨਾ ਹੋਵੇ ਉਸ ਬੰਦੇ ਨੂੰ ਕੋਈ ਨਾ ਕੋਈ ਮਨੋਰੋਗ ਹੈ। ਅਜਿਹਾ ਵੀ ਹੋ ਸਕਦਾ ਹੈ ਕਿ ਉਹ ਕਿਸੇ ਖਾਸ ਮਕਸਦ ਨਾਲ ਇਹ ਕਰਨਾ ਚਾਹੁੰਦਾ ਹੋਵੇ।

ਸੈਕਸਟਿੰਗ ਹਰ ਪੱਖੋਂ ਘਾਤਕ ਸਾਬਤ ਹੋ ਸਕਦੀ ਹੈ। ਖੁਲ ਕੇ ਹੁਣ ਲੋਕ ਆਪਣੀ ਇਸ ਤਰ੍ਹਾਂ ਦੀ ਡੀਮਾਂਡ ਰੱਖਣ ਲੱਗੇ ਹਨ। ਸੈਕਸ ਬਾਰੇ ਉਸ ਨਾਲ ਗੱਲ ਕਰਨੀ, ਬੁਰਾ ਭਾਵੇਂ ਨਹੀਂ। ਗੱਲਾਂ ਕਰਕੇ ਇਕ ਦੂਜੇ ਨੂੰ ਹੋਰ ਸਮਝਾਇਆ ਜਾਵੇਗਾ

ਪਰ ਮੋਬਾਇਲ ਅਤੇ ਇੰਟਰਨੈਟ ਉਪਰ ਆਪਣੀਆਂ ਅਸ਼ਲੀਲ ਫੋਟੋ ਭੇਜਣਾ, ਖ਼ਤਰੇ ਤੋਂ ਖਾਲੀ ਨਹੀਂ ਹੋ ਸਕਦਾ ਕਈ ਵਾਰੀ ਹਰਕਤ ਕਰਨ ਨਾਲ ਸਾਹਮਣੇ ਵਾਲਾ ਤੁਹਾਡੇ ਕੋਲੋਂ ਦੂਰ ਭਜਣ ਲੱਗਦਾ ਹੈ। ਉਹ ਤੁਹਾਡਾ ਗਲਤ ਫਾਇਦਾ ਵੀ ਉਠਾ ਸਕਦੈ। ਫਿਲਮ ਦੇਵ ਡੀ ਵਿਚ ਦੇਵ ਆਪਣੇ ਪ੍ਰੇਅਸੀ ਪਾਰੋ ਤੋਂ ਉਸ ਦੀਆਂ ਅਜਿਹੀਆਂ ਤਸਵੀਰਾਂ ਦੀ ਮੰਗ ਕਰਦਾ ਹੈ। ਭਰੋਸੇ ਆਸਰੇ ਉਹ ਉਸ ਨੂੰ ਫੋਟੋ ਭੇਜ ਦਿੰਦੀ ਹੈ। ਇਸ ਤਰ੍ਹਾਂ ਫਿਲਮ ਵਿੱਚ ਚੰਦਾ ਵੀ ਆਪਣੇ ਸਕੂਲ ਦੇ ਇਕ ਸਾਥੀ ਬੁਆਏ ਫ੍ਰੈਂਡ ਤੇ ਭਰੋਸਾ ਕਰਕੇ ਆਪਣੀ ਅਜਿਹੀ ਵੀਡੀਓ ਬਣਾਉਣ ਦਿੰਦੀ ਹੈ। ਅਗਲੇ ਦਿਨ ਉਸ ਨੂੰ ਇਹ ਪਤਾ ਲਗਦਾ ਹੈ ਕਿ ਉਸ ਦੀਆਂ ਇਹ ਤਸਵੀਰਾਂ ਇੰਟਰਨੈਟ 'ਤੇ ਆ ਚੁੱਕੀਆਂ ਹਨ।

ਮੇਰਠ ਦੀ ਇਕ ਇੰਜਨੀਰਿੰਗ ਵਿਦਿਆਰਥੀ ਨੇ ਪਿਛੇ ਜਿਹੇ ਹੀ ਆਪਣੇ ਸਾਥੀ ਵਿਦਿਆਰਥੀ ਤੇ ਅਸ਼ਲੀਲ ਫੋਟੋ ਈਮੇਲ ਰਾਹੀਂ ਇੰਸਟੀਚਿਊਟ ਦੇ ਹੋਰਨਾਂ ਵਿਦਿਆਰਥੀਆਂ ਨੂੰ ਭੇਜਣ ਦਾ ਦੋਸ਼ ਲਗਦਾ ਹੈ। 23 ਸਾਲ ਦੇ ਆਈ. ਟੀ. ਪ੍ਰੋਫੈਸ਼ਨਲ ਨਿਤਿਨ ਚੱਢਾ ਦੱਸਦੇ ਹਨ ਕਿ "ਮੇਰੇ ਦਫਤਰ" 'ਚ ਇਕ ਲੜਕੀ ਹੈ। ਅੱਛੀ ਦਿਸਦੀ ਹੈ ਮੇਰੀ ਉਸ ਨਾਲ ਦੋਸਤੀ ਹੋ ਗਈ। ਕਈ ਕਿਸਮਾਂ ਦੀਆਂ ਗੱਲਾਂ ਕਰਨ ਲੱਗੀ ਤੇ ਸਾਡੇ ਵਿਚਕਾਰ ਕਈ ਗੱਲਾਂ ਹੁੰਦੀਆਂ ਸਨ। ਇਕ ਦਿਨ ਮੈਨੂੰ ਉਸ ਨੇ ਆਪਣੇ ਬੁਆਏ ਫ੍ਰੈਂਡ ਦੀ ਨੰਗੀ ਫੋਟੋ ਵਿਖਾਈ। ਉਸ ਨੇ ਸੁਝਾ ਦਿੱਤਾ ਕਿ 'ਇਸ ਵਾਂਗੂ ਤੁਸੀਂ ਵੀ ਆਪਣੀ ਬਾਡੀ ਬਣਾਓ। ਇਹ ਦੇਖ ਕੇ ਮੈਂ ਡਰ ਗਿਆ। ਮੈਨੂੰ ਲੱਗਿਆ ਕਿ ਜਿਸ ਤਰ੍ਹਾਂ ਇਹ ਆਪਣੇ ਪ੍ਰੇਮੀ ਦੀ ਫੋਟੋ ਵਿਖਾ ਰਹੀ ਹੈ ਇਸ ਨੇ ਦੂਜਿਆਂ ਨੂੰ ਵੀ ਇਹ ਫੋਟੋ ਜ਼ਰੂਰ ਵਿਖਾਈ ਹੋਵੇਗੀ। ਮੈਂ ਡਰ ਗਿਆ। ਮੈਂ ਉਸ ਤੋਂ ਨਮਸਤੇ ਕਰ ਲਈ। ਅੱਛਾ ਹੋਇਆ ਅਸੀਂ ਹੁਣ ਇਕੱਠੇ ਨਹੀਂ ਹਾਂ। ਵਰਨਾ ਉਹ ਮੇਰੇ ਨਾਲ ਵੀ ਅਜਿਹਾ ਕਰਦੀ।' ਸਾਈਬਰ ਕੈਫੇ ਚਲਾਉਣ ਵਾਲੇ ਸਮੀਰ ਦਾ ਕਹਿਣਾ ਹੈ ਕਿ ਸੁਨੇਹਾ ਭੇਜਣ ਤੱਕ ਤਾਂ ਠੀਕ ਹੈ ਪਰ ਇਸ ਤਰ੍ਹਾਂ ਦੀ ਕੋਈ ਫੋਟੋ ਜਾਂ ਵੀਡੀਓ ਕਦੀ ਨਹੀਂ ਭੇਜਣੀ ਚਾਹੀਦੀ। ਕਿਸ ਨੂੰ ਪਤਾ ਹੈ ਕਿ ਸਾਹਮਣੇ ਵਾਲਾ ਕਦੀ ਉਸ ਨੂੰ ਦੂਜੇ ਕੋਲ ਨਹੀਂ ਵਿਖਾਏਗਾ। ਇਥੋਂ ਤੱਕ ਕਿ ਆਪਣੀ ਪ੍ਰੇਮਿਕਾ ਦਾ ਕੋਈ ਸੁਨੇਹਾ ਤਦ ਤੱਕ ਮੈਂ ਕਿਸੇ ਨੂੰ ਨਹੀਂ ਦੱਸਦਾ ਅਤੇ ਨਾ ਹੀ ਵਿਖਾਉਂਦਾ ਹਾਂ।"

# ਅਦਾਲਤਾਂ 'ਚ ਬੰਦੇ ਬਿਰਖ ਹੋ ਗਏ....।

ਨਿਆਂ ਮਿਲਣ 'ਚ ਅਕਸਰ ਏਨੀ ਦੇਰੀ ਹੋ ਜਾਂਦੀ ਹੈ ਕਿ ਪ੍ਰਭਾਵਿਤ ਵਿਅਕਤੀ ਨੂੰ ਜੋ ਖੁਸ਼ੀ ਮਿਲਣੀ ਚਾਹੀਦੀ ਹੈ। ਉਹ ਨਹੀਂ ਮਿਲਦੀ। ਇਕ ਤਾਂ ਨਿਆਂਇਕ ਅਮਲ ਵੀ ਗੁੰਝਲਾਂ 'ਚ ਬੇਹੱਦ ਉਲਝ ਚੁਕਿਆ ਹੁੰਦਾ ਹੈ ਦੂਜਾ ਸਮਾਜ ਉਸ ਨੂੰ ਗੁਨਾਹਗਾਰ ਮੰਨ ਬੈਠਦਾ ਹੈ। ਉਸਦੀ ਸਮਾਜਕ ਮਾਨ ਮਰਿਆਦਾ ਖਤਮ ਹੋ ਚੁੱਕੀ ਹੁੰਦੀ ਹੈ। ਉਹ ਅਤੇ ਉਸ ਦਾ ਪਰਿਵਾਰ ਤਰਾਸਦਿਕ ਜ਼ਿੰਦਗੀ ਜਿਉਣ ਲਈ ਮਜ਼ਬੂਰ ਹੋ ਚੁੱਕੇ ਹੁੰਦੇ ਹਨ। ਉਸ ਦੇ ਪਰਿਵਾਰ ਦਾ ਕੋਈ ਦੋਸ਼ ਨਹੀਂ ਹੁੰਦਾ। ਉਸ ਦੇ ਬੱਚੇ ਘਾਟਾਂ ਕਾਰਨ ਪੜ੍ਹ ਨਹੀਂ ਸਕਦੇ। ਉਹਨਾਂ ਦੇ ਸ਼ਾਂਦੀ ਵਿਆਹ ਤੱਕ ਅੜਿੱਕਾ ਆਉਂਦਾ ਹੈ। ਕਦੀ-ਕਦੀ ਤਾਂ ਦੋਸ਼ੀ ਮੁਕਦਮੇ ਦੀ ਸੁਣਵਾਈ ਦੌਰਾਨ ਹੀ ਮਰ ਜਾਂਦਾ ਹੈ। ਉਸ ਦੇ ਦਾਮਨ 'ਤੇ ਲੱਗਿਆ ਦਾਗ ਉਸ ਦੀ ਮੌਤ ਤੋਂ ਪਿੱਛੋਂ ਹੀ ਹਟਦਾ ਹੈ। ਮੋਦੀ ਨਗਰ ਜ਼ਿਲਾ ਗਾਜੀਆਬਾਦ 'ਚ ਜੂਨ 1980 ਵਿਚ ਮਜ਼ਦੂਰ ਨੇਤਾ ਜੈ ਪ੍ਰਕਾਸ਼ ਦੀ ਹੱਤਿਆ ਹੋਈ ਸੀ। ਇਸ ਮੁਕੱਦਮੇ ਦੀ ਸੁਣਵਾਈ ਅੱਜ ਤੱਕ ਪੂਰੀ ਨਹੀਂ ਹੋਈ। ਇਲਾਹਬਾਦ ਹਾਈਕੋਰਟ ਵਿਚ ਮੁਲਜ਼ਮਾਂ ਦੀ ਅਪਲ ਪਈ ਹੈ ਜਦਕਿ ਉਹਨਾਂ 'ਚੋਂ ਅੱਧੇ ਮੁਲਾਜ਼ਮ ਮਰ ਚੁੱਕੇ ਹਨ। ਉਹਨਾਂ ਦੇ ਪਰਿਵਾਰ ਵਾਲੇ ਅੱਜ ਵੀ ਕਚਹਿਰੀਆਂ ਦੇ ਗੇੜੇ ਲਾ ਰਹੇ ਹਨ ਕਿ ਉਹਨਾਂ ਨੂੰ ਜਾਂ ਤਾਂ ਬਰੀ ਕੀਤਾ ਜਾਵੇ ਜਾਂ ਮੁਜਰਿਮ ਠਹਿਰਾਇਆ ਜਾਵੇ। ਉਸ ਨਿਆਂ ਦਾ ਕੀ ਲਾਭ ਜਦ ਨਿਆਂ ਹਾਸਲ ਕਰਨ ਵਾਲਾ ਹੀ ਜਿਉਂਦਾ ਨਾ ਰਹੇ ਅਤੇ ਜੇ ਜਿੰਦਾ ਹੋਵੇ ਤਾਂ ਇਸ ਹਾਲਤ 'ਚ ਹੋਵੇ ਕਿ ਹਰ ਪਾਸੇ ਤੋਂ ਟੁੱਟ ਚੁੱਕਿਆ ਹੋਵੇ। ਅਜਿਹਾ ਹੀ ਇਕ ਹੋਰ ਮਾਮਲਾ। ਮਹਾਂਰਾਸ਼ਟਰ 'ਚ ਇਕ ਕਿਸਾਨ ਨੂੰ 24 ਸਾਲ ਬਾਅਦ ਸੁਪਰੀਮ ਕੋਰਟ ਤੋਂ ਨਿਆਂ ਮਿਲਿਆ ਕਿ ਉਹ ਕਤਲ ਦੇ ਕੇਸ 'ਚ ਮੁਜਰਿਮ ਨਹੀਂ ਹੈ। ਇਹਨਾਂ 24 ਸਾਲਾਂ 'ਚ ਉਹ ਇਸ ਹੱਦ ਤੱਕ ਟੁੱਟ ਚੁਕਿਆ ਹੈ ਕਿ ਉਹ ਉਹਨਾਂ ਲੋਕਾਂ ਖਿਲਾਫ ਕੁਝ ਵੀ ਕਰਨ ਨੂੰ ਤਿਆਰ ਨਹੀਂ ਹੈ ਜਿਹਨਾਂ ਨੇ ਉਸ ਨੂੰ ਗਲਤ ਢੰਗ ਨਾਲ ਕਤਲ ਦੇ ਮੁਕਦਮੇ 'ਚ ਫਸਾਇਆ ਅਤੇ ਪੁਲਸ ਨੇ ਉਸ ਨੂੰ ਜੇਲ੍ਹ ਭੇਜ ਦਿੱਤਾ। ਮਹਾਂਰਾਸ਼ਟਰ ਦੇ ਰਾਇਗੜ੍ਹ ਖੇਤਰ ਵਿਚ ਕਤਲ 'ਚ ਕੋਡ ਨਾਂ ਦੇ ਪਿੰਡ ਵਿਚ 26 ਫਰਵਰੀ 1985 ਨੂੰ ਤਿੰਨ ਸਰਕਾਰੀ ਮੁਲਾਜ਼ਮਾਂ ਦੇ ਗੁੰਮ ਹੋਣ ਪਿੱਛੋਂ ਉਥੇ ਤਮਖੇੜਾ ਘਾਟੀ 'ਚ ਉਹਨਾਂ ਦੀਆਂ ਲਾਸ਼ਾਂ ਮਿਲੀਆਂ। ਪੁਲਸ ਨੇ ਆਪਣੀ ਜਾਂਚ ਵਿਚ ਨੱਥੂ ਕੇਰੂ ਭਾਰਤੇ ਨਾਮ ਦੇ ਕਿਸਾਨ ਨੂੰ ਵੀ 13 ਲੋਕਾਂ ਨੂੰ ਜੇਹਲ ਭੇਜ ਦਿੱਤਾ। ਮਾਮਲੇ ਦੀ ਜਾਂਚ ਰਾਜ ਦੇ ਸੀ ਆਈ ਡੀ ਵਿਭਾਗ ਤੋਂ ਵੀ ਕਰਵਾਈ ਗਈ। ਸੀ ਆਈ ਡੀ ਨੇ ਵੀ ਆਪਣੀ ਜਾਂਚ ਵਿਚ ਉਕਤ 13 ਲੋਕਾਂ ਨੂੰ ਮੁਜਰਿਮ ਬਣਾਇਆ। ਅਲੀਗੜ੍ਹ ਜ਼ਿਲ੍ਹਾ ਅਦਾਲਤ ਵਿਚ ਮੁਕੱਦਮੇ ਦੀ ਸੁਣਵਾਈ ਹੋਈ ਅਤੇ ਸਾਰੇ ਗਵਾਹਾਂ ਦੇ ਬਿਆਨਾਂ ਨੂੰ ਧਿਆਨ 'ਚ ਰੱਖਦਿਆਂ 1986 ਵਿਚ ਜ਼ਿਲ੍ਹਾ ਅਦਾਲਤ 'ਚ ਵੀ ਸਭ ਮੁਲਾਜ਼ਮਾਂ ਨੂੰ ਉਮਰ ਕੈਦ ਦੀ ਸਜਾ ਹੋ ਗਈ।

ਇੱਥੇ ਇਹ ਵਿਸ਼ੇਸ਼ ਧਿਆਨਯੋਗ ਗੱਲ ਹੈ ਕਿ ਇਸ ਮਾਮਲੇ 'ਚ ਸਰਕਾਰੀ ਵਕੀਲ ਨੇ ਅਦਾਲਤ ਨੂੰ ਕਿਹਾ ਸੀ ਕਿ ਮੁਲਜ਼ਮ ਨੰਃ 12 ਨੱਥੂ ਕੇਰੂ ਭਾਤਰੇ ਇਸ ਕੇਸ 'ਚ ਦੋਸ਼ੀ ਨਹੀਂ ਹੈ ਤੇ ਉਸ ਨੂੰ ਅਪਰਾਧ ਮੁਕਤ ਕਰ ਦੇਣਾ ਚਾਹੀਦਾ ਹੈ ਪਰ ਅਦਾਲਤ ਨੇ ਉਸ ਤੱਥ ਨੂੰ ਨਹੀਂ ਮੰਨਿਆ ਤੇ ਭਾਤਰੇ ਨੂੰ ਵੀ ਸਾਰੇ ਮੁਲਜ਼ਮਾਂ ਦੇ ਨਾਲ ਹੀ ਉਮਰ ਕੈਦ ਦੀ ਸਜਾ ਸੁਣਾ ਦਿੱਤੀ। ਭਾਤਰੇ ਨੂੰ ਵੀ ਸਭ ਦੇ ਨਾਲ ਫੇਰ ਜੇਲ੍ਹ ਜਾਣਾ ਪਿਆ। ਜਦ ਕਤਲ ਹੋਇਆ ਸੀ ਤਦ ਕਿਸਾਨ ਭਾਤਰੇ 34 ਸਾਲ ਦਾ ਜਵਾਨ

ਸੀ ਅਤੇ ਕਿਰਾਏ/ਠੇਕੇ ’ਤੇ ਜ਼ਮੀਨ ਲੈ ਕੇ ਖੇਤੀ ਕਰਦੇ ਆਪਣੇ ਚਾਰ ਬੱਚਿਆਂ ਦਾ ਪਾਲਣ ਪੋਸ਼ਣ ਕਰਦਾ ਸੀ। ਜਦ ਜ਼ਿਲ੍ਹਾ ਅਦਾਲਤ ਨੇ ਉਸ ਨੂੰ ਸਜ਼ਾ ਸੁਣਾਈ ਉਸ ਦੀ ਉਮਰ 46 ਸਾਲ ਦੀ ਹੋ ਚੁੱਕੀ ਸੀ ਤੇ ਉਹ ਦੇਖਣ ਨੂੰ 60 ਸਾਲ ਦਾ ਲਗਦਾ ਸੀ ਕਿਉਂਕਿ ਉਸ ਦੀ ਸਮਾਜਿਕ ਮਾਨ ਮਰਿਆਦਾ ਤਬਾਹ ਹੋ ਚੁੱਕੀ ਸੀ। ਖੇਤੀ ਵੀ ਨਹੀਂ ਹੋ ਰਹੀ ਸੀ ਕਿਉਂਕਿ ਤਦ ਤੱਕ ਉਹ ਤਿੰਨ ਸਾਲ ਜੇਲ੍ਹ ’ਚ ਰਹਿ ਚੁੱਕਿਆ ਸੀ। ਉਸ ਕੋਲ ਹਾਈਕੋਰਟ ’ਚ ਅਪੀਲ ਕਰਨ ਲਈ ਵੀ ਕੁਝ ਨਹੀਂ ਸੀ। ਪਰ ਭਾਤਰੇ ਦੇ ਜੀਜੇ ਦਿਆਂਦਰ ਭੁਵਾੜੇ ਨੇ ਕਿਸੇ ਤਰ੍ਹਾਂ ਪੈਸਿਆਂ ਦਾ ਇੰਤਜਾਮ ਕੀਤਾ ਤੇ ਹਾਈਕੋਰਟ ’ਚ ਅਪੀਲ ਕੀਤੀ ਕਿ ਉਹ ਨਿਰਦੋਸ਼ ਹੈ। 2007 ’ਚ ਹਾਈਕੋਰਟ ਨੇ ਵੀ ਉਸ ਨੂੰ ਦੋਸ਼ ਕਰਾਰ ਦੇ ਦਿੱਤਾ ਅਤੇ ਭਾਤਰੇ ਫਿਰ ਜੇਲ੍ਹ ਚਲਾ ਗਿਆ। ਭਾਤਰੇ ਦੇ ਮਿਲਣ ਵਾਲਿਆਂ ਤੇ ਰਿਸ਼ਤੇਦਾਰਾਂ ਨੇ ਜੋ ਥੋੜੀ ਬਹੁਤ ਜਾਇਦਾਦ ਸੀ ਉਹ ਵੇਚ ਕੇ ਅਤੇ ਕਰਜਾ ਲੈ ਕੇ ਅੰਤ ਨੂੰ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ, ਜਿਥੇ ਦੋ ਸਾਲ ਦੀ ਉਡੀਕ ਪਿੱਛੋਂ 16 ਅਪ੍ਰੈਲ 2009 ਨੂੰ ਸੁਪਰੀਮ ਕੋਰਟ ਦੇ ਜੱਜ ਨਿਆਂਮੂਰਤੀ ਅਜੀਤ ਪਸਾਅਤ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਭਾਤਰੇ ਨੂੰ ਦੋਸ਼ ਮੁਕਤ ਕਰ ਦਿੱਤਾ। ਭਾਤਰੇ ਦੇ ਮੱਥੇ ’ਤੇ ਕਤਲ ਦਾ ਜੋ ਕਲੰਕ ਲੱਗਿਆ ਹੋਇਆ ਸੀ ਉਹ ਹਟ ਗਿਆ। 24 ਸਾਲ ਬਾਅਦ ਇਹ ਤਹਿ ਹੋ ਸਕਿਆ ਕਿ ਉਸ ਨੇ ਕਤਲ ਨਹੀਂ ਕੀਤਾ ਸੀ ਅਤੇ ਪੁਲਸ ਨੇ ਉਸ ਨੂੰ ਜਬਰੀ ਫਸਾਇਆ ਸੀ। ਹੁਣ ਮੈਂ ਕਿਸੇ ਤੋਂ ਕੋਈ ਬਦਲਾ ਲੈਣਾ ਨਹੀਂ ਚਾਹੁੰਦਾ। ਆਪਣੀ ਜੋ ਜ਼ਮੀਨ ਹੈ, ਉਸ ’ਤੇ ਕੰਮ ਕਰਕੇ ਪਹਿਲਾਂ ਕਰਜਾ ਲਾਹੁਣਾ ਹੈ ਅਤੇ ਬਿਲਕੁਲ ਸ਼ਾਂਤੀਪੂਰਨ ਜ਼ਿੰਦਗੀ ਜਿਉਣੀ ਹੈ, ਇਹ ਸਭ ਮੇਰੀ ਕਿਸਮਤ ’ਚ ਲਿਖਿਆ ਸੀ। ਹੁਣ ਜੋ ਵੀ ਜ਼ਿੰਦਗੀ ਬਚੀ ਹੈ ਮੈਂ ਸ਼ਾਂਤੀ ਨਾਲ ਕੱਟੂੰਗਾ। ਭਾਤਰੇ ਨੇ ਸੁਪਰੀਮ ਕੋਰਟ ਦੇ ਜੱਜਾਂ ਨੂੰ ਰੱਬ ਵਰਗੇ ਕਿਹਾ ਪਰ ਜਿਹਨਾਂ ਜੱਜਾਂ ਨੇ ਉਸ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਤੇ ਜੇਲ੍ਹ ਭੇਜਿਆ ਸੀ ਉਹਨਾਂ ਬਾਰੇ ਉਸ ਨੇ ਕੋਈ ਟਿੱਪਣੀ ਨਹੀਂ ਕੀਤੀ। ਸਭ ਕੁਝ ਆਪਣੇ ਭਾਗਾਂ ’ਤੇ ਛੱਡ ਦਿੱਤਾ।

ਬੰਬਈ ਹਾਈਕੋਰਟ ਦੇ ਉੱਚ ਬੁਲਾਰੇ ਐਸ ਵੀ ਪਰਸੁਲੇ ਨੇ ਉਸ ਕੇਸ ਤੇ ਟਿੱਪਣੀ ਕਰਦਿਆਂ ਕਿਹਾ ਕਿ ਨਿਆਂ ਮਿਲਣ ’ਚ ਜੋ ਦੇਰੀ ਹੁੰਦੀ ਹੈ ਉਸ ’ਚ ਸਿਰਫ਼ ਜੱਜ ਹੀ ਨਹੀਂ ਬਲਕਿ ਪੂਰੀ ਦੀ ਪੂਰੀ ਨਿਆਂ ਪ੍ਰਣਾਲੀ ਹੀ ਦੋਸ਼ੀ ਹੈ। ਕਿਸੇ ਵਿਅਕਤੀ ਨੂੰ ਦੋਸ਼ ਮੁਕਤ ਹੋਣ ਲਈ 24 ਸਾਲਾਂ ਦਾ ਸਮਾਂ ਇੰਨਾ ਜ਼ਿਆਦਾ ਹੁੰਦਾ ਹੈ ਕਿ ਉਸ ਦੀ ਜ਼ਿੰਦਗੀ ਹੀ ਨਿਕਲ ਜਾਂਦੀ ਹੈ। ਉਹਨਾਂ ਦਾ ਕਹਿਣਾ ਹੈ ਕਿ ਅਜਿਹੇ ਕੇਸਾਂ ਨੂੰ ਸੁਪਰੀਮ ਕੋਰਟ ਨੂੰ ਹਾਈਕੋਰਟ ’ਚ ਅਪੀਲ ਸਮੇਂ ਹੀ ਸਮੇਂ ਸੀਮਾ ਤਹਿ ਕਰਵਾ ਦੇਣੀ ਚਾਹੀਦੀ ਸੀ। ਦੇਸਾਈ ਦਾ ਕਹਿਣਾ ਹੈ ਕਿ ਹੱਤਿਆ ਜਾਂ ਹੋਰ ਸੰਗੀਨ ਅਪਰਾਧ ’ਚ ਟ੍ਰਾਇਲ ਕੋਰਟ ’ਚ ਸਮਾਂ ਲੱਗਦਾ ਹੈ ਪਰ ਉਥੇ ਵੀ ਸਮਾਂ ਸੀਮਾ ਤਹਿ ਹੋਣਾ ਚਾਹੀਦਾ ਹੈ।

ਇਕ ਮੋਦੀ ਨਗਰ ’ਚ 1980 ’ਚ ਹੋਏ ਜੈ ਪ੍ਰਕਾਸ਼ ਹੱਤਿਆ ਕਾਂਡ ’ਚ ਇਕ ਦੋਸ਼ੀ ਦੀ ਵਿਧਵਾ ਨੇ ਨਾ ਤੱਕ ਦੱਸਣ ਤੋਂ ਮਨ੍ਹਾਂ ਕਰ ਦਿੱਤਾ ਅਤੇ ਕਿਹਾ ਕਿ ਵੱਡੀ ਮੁਸ਼ਕਲ ਨਾਲ ਲੋਕ ਉਸ ਦੇ ਪਤੀ ਦੀ ਮੌਤ ਪਿੱਛੋਂ ਉਸ ਨੂੰ ਸਮਾਜਕ ਧਾਰਾ ਨਾਲ ਜੋੜ ਸਕੇ ਹਨ। ਉਸ ਦਾ ਦਰਦ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਅਦਾਲਤ ਦੀ ਦੇਰੀ ਨਾਲ ਦੋਸ਼ੀਆਂ ਦੇ ਪਰਿਵਾਰਾਂ ’ਤੇ ਕੀ ਬੀਤਦੀ ਹੈ। ਇਸ ਗੱਲ ਦਾ ਅਹਿਸਾਸ ਨਾ ਤਾਂ ਜੱਜ ਕਰਦੇ ਹਨ ਅਤੇ ਨਾ ਹੀ ਸਮਾਜ। ਉਸ ਨੂੰ ਸਰਾਪੀ ਹੋਈ ਜ਼ਿੰਦਗੀ ਹੀ ਜਿਉਣੀ ਪੈਂਦੀ ਹੈ।

# ਲੀਚੀ 'ਤੇ ਸਰਕਾਰੀ ਅਣਦੇਖੀ ਦੀ ਮਾਰ ਕਿਸਾਨ ਬਦਹਾਲ

ਔ ਮੇਰੇ ਮੌਲਾ ਹੁਣ ਤੂੰ ਮੇਰੀ ਮਦਦ ਕਰ....ਮੈਂ ਦੁਨੀਆਂ ਨੂੰ ਮਿੱਠਾ ਸੁਆਦ ਦਿੱਤਾ ਪਰ ਬਦਲੇ 'ਚ ਮੈਨੂੰ ਕੀ ਮਿਲਿਆ? ਜੇ ਲੀਚੀ ਬੋਲ ਸਕਦੀ ਤਾਂ ਸ਼ਾਇਦ ਉਹ ਇਹੀ ਕੁਝ ਕਹਿੰਦੀ ਅੱਜ ਉਹ ਕੁਦਰਤੀ ਕਰੋਪੀ ਦੀ ਮਾਰ ਝੱਲ ਰਹੀ ਹੈ। ਉਸ ਨੂੰ ਵਧਣ ਫੁਲਣ 'ਚ ਮਦਦ ਕਰਨ ਵਾਲੇ ਕਿਸਾਨਾਂ ਨੂੰ ਕੋਈ ਸਹਾਇਤਾ ਮੁਹੱਈਆ ਨਹੀਂ ਹੋ ਰਹੀ ਹੈ। ਅਜਿਹੇ 'ਚ ਸੁਆਲ ਇਹੀ ਹੈ ਜਿਸ ਰਾਜ ਬਿਹਾਰ 'ਚ 78 ਫੀਸਦੀ ਲੀਚੀ ਦੀ ਪੈਦਾਵਾਰ ਹੋ ਰਹੀ ਹੋਵੇ ਉਥੋਂ ਦੀ ਸਰਕਾਰ ਇਸ ਵੱਲ ਧਿਆਨ ਕਿਉਂ ਨਹੀਂ ਦੇ ਰਹੀ ਹੈ? ਸਰਕਾਰੀ ਮਸ਼ੀਨਰੀ ਸਿਰਫ ਵਿਖਾਵੇ ਤਾਂ ਹੀ ਨਹੀਂ ਕਰਦੀ? ਸਹੀ ਮੰਡੀਕਰਨ ਲਈ ਕੋਈ ਵੀ ਮੰਡੀ ਕਿਉਂ ਨਹੀਂ? ਕੀ ਇਸ ਤਰ੍ਹਾਂ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਲੀਚੀ ਆਪਣੀ ਮਿਠਾਸ ਕਾਇਮ ਰੱਖ ਸਕੇਗੀ?

ਦਰਅਸਲ ਪਿਛਲੇ ਸਾਲ ਮੌਸਮ 'ਚ ਹੋਏ ਉਤਰਾਅ ਚੜ੍ਹਾਅ ਕਾਰਨ ਵੱਡੇ ਪੈਮਾਨੇ 'ਤੇ ਲੀਚੀ ਦੇ ਦਰਖਤਾਂ ਨੂੰ ਹੋਇਆ ਹਰਜੇ ਦਾ ਅਸਰ ਇਸ ਵਾਰੀ ਕਮਜ਼ੋਰ ਪੈਦਾਵਾਰ ਵਜੋਂ ਸਾਹਮਣੇ ਆਇਆ ਹੈ। ਕੌਮੀ ਲੀਚੀ ਖੋਜ ਕੇਂਦਰ ਮੁਜਫਰਪੁਰ ਦੇ ਮਸ਼ਹੂਰ ਵਿਗਿਆਨੀ ਰਜੇਸ਼ ਕੁਮਾਰ ਮੁਤਾਬਕ ਲੀਚੀ ਉਚ ਕੋਟੀ ਦਾ ਜਲਵਾਯੂ ਪਸੰਦ ਫਲ ਹੈ। ਇਸ ਵਾਰੀ ਲੀਚੀ ਦੇ ਦਰਖਤ ਦੇ ਮੰਜਰ 'ਚ ਫਲ ਤੇ ਫੁੱਲ ਲਗਾਉਣ 'ਚ ਦਿਕਤ ਹੋਈ ਹੈ। ਵਾਤਾਵਰਣ ਤੇ ਮਿੱਟੀ 'ਚ ਸਿਲ੍ਹ ਦੀ ਘਾਟ ਨਾਲ ਫਲ-ਫੁੱਲ ਝੜਣ ਦੀ ਸਮੱਸਿਆ ਇਸ ਵਾਰੀ ਵੀ ਵੇਖਣ ਨੂੰ ਮਿਲ ਰਹੀ ਹੈ। ਕਿਸਾਨ ਰਮੇਸ਼ ਕੁਮਾਰ ਦਾ ਕਹਿਣਾ ਹੈ ਕਿ ਮੌਸਮ ਦੀ ਮਾਰ ਤਾਂ ਕਿਸਾਨ ਝੱਲ ਰਹੇ ਹਨ। ਉਥੇ ਸਰਕਾਰ ਵਲੋਂ ਵੀ ਕੋਈ ਦੇਖ ਰੇਖ ਨਹੀਂ ਹੋਈ ਹੈ। ਪੱਛਮੀ ਪੌਣ ਰਹੀ ਸਹੀ ਕਸਰ ਪੂਰੀ ਕਰ ਰਹੀ ਹੈ। ਇਸ ਨਾਲ ਫਲ ਖਰਾਬ ਹੋ ਰਹੇ ਹਨ। ਸੂਬੇ 'ਚ ਕੌਮੀ ਬਾਗਬਾਨੀ ਯੋਜਨਾ ਲਾਗੂ ਹੈ ਜਿਸ ਤਹਿਤ ਕਾਰੋਬਾਰੀ ਫ਼ਸਲਾਂ ਤੇ ਫ਼ਲਾਂ ਨੂੰ ਸੁਰਖਿਅਤ ਕਰਨ ਹਿੱਤ ਯੋਜਨਾਵਾਂ ਚਲਾਈਆਂ ਜਾਂਦੀਆਂ ਹਨ। ਇਥੇ ਤਤਕਲੀਨ ਖੇਤੀ ਨਰੇਂਦਰ ਸਿੰਘ ਨੇ ਲੀਚੀ ਨੂੰ ਉਤਸ਼ਾਹਿਤ ਕਰਨ ਲਈ ਧਾਨੁਕਾ ਕੰਪਨੀ ਨੂੰ ਬੁਲਾਇਆ ਸੀ। ਕੰਪਨੀ ਨੇ ਐਲਾਨ ਕੀਤਾ ਸੀ ਕਿ ਲੀਚੀ ਉਦਯੋਗ ਨੂੰ ਵਧਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਇਥੋਂ ਤੱਕ ਕਿ ਬਾਗਾਂ ਨੂੰ ਗੋਦ ਵੀ ਲਵੇਗੀ। ਪਰ ਇਹ ਗੱਲਾਂ ਸਿਰਫ਼ ਕਾਗਜ਼ਾਂ 'ਚ ਰਹਿ ਗਈਆਂ ਹਨ ਅਤੇ ਵਿਖਾਉਣ ਲਈ ਧਾਨੁਕਾ ਨੇ ਕੁਝ ਬਾਗਾਂ 'ਚ ਹੀ ਸਹਾਇਤਾ ਕੀਤੀ। ਜਿਸ ਨਾਲ ਸਮੱਸਿਆ ਜਿਉਂ ਦੀ ਤਿਉਂ ਬਣੀ ਰਹੀ। ਉਥੇ ਸਹੀ ਮਾਰਕਟਿੰਗ ਦੀ ਘਾਟ 'ਚ ਬਚੀ ਖੁਚੀ ਲੀਚੀ ਆਪਣੇ ਸੂਬੇ 'ਚ ਹੀ ਸਿਮਟਦੀ ਜਾ ਰਹੀ ਹੈ।

ਮੁਜੱਫਰਪੁਰ ਦੀ ਲੀਚੀ ਦੀ ਜਬਰਦਸਤ ਮੰਗ ਦੇ ਬਾਵਜੂਦ ਕਿਸਾਨਾਂ ਨੂੰ ਨਾ ਸਹੀ ਭਾਅ ਮਿਲ ਰਿਹਾ ਹੈ ਅਤੇ ਨਾ ਹੀ ਲੀਚੀ ਉਦਮੀਆਂ ਨੂੰ ਕੌਮੀ ਬਜ਼ਾਰ 'ਚ ਸਹੀ ਥਾਂ। ਥੱਕੇ ਹਾਰੇ ਲੀਚੀ ਉਤਪਾਦਿਕ ਹੁਣ ਕਿਸੇ ਹੋਰ ਫਲ ਵੱਲ ਮੁਖਾਤਿਬ ਹੋਣ ਦਾ ਮਨ ਬਣਾ ਰਹੇ ਹਨ। ਉਥੇ ਕਿਸਾਨ ਕਮਿਸ਼ਨ ਖੇਤੀ ਵਿਭਿੰਨਤਾ 'ਤੇ ਜ਼ੋਰ ਦੇ ਰਿਹਾ ਹੈ ਜਿਸ ਨਾਲ ਰਵਾਇਤੀ ਖੇਤੀ ਤਾਂ ਰਹੇ ਹੀ, ਨਾਲ ਹੀ ਫਲਾਂ ਨਾਲ ਸਬੰਧਤ ਖੇਤੀ

ਦਾ ਵਿਕਾਸ ਵੀ ਹੋਵੇ। ਇਸ ਬਾਰੇ ਕਮਿਸ਼ਨ ਮੁਖੀ ਰਾਮਾਧਾਰ ਦਾ ਕਹਿਣਾ ਹੈ ਕਿ ਰਾਜ 'ਚ ਪਹਿਲੀ ਵਾਰੀ ਖੇਤੀ ਦੀ ਵੰਨ ਸਵੰਨਤਾ 'ਤੇ ਚਰਚਾ ਹੋ ਰਹੀ ਹੈ। ਜਿਸ 'ਚ ਕਿਸਾਨਾਂ ਦੀ ਖਾਸ ਹਿੱਸੇਦਾਰੀ ਹੋਵੇਗੀ ਅਤੇ ਇਸ ਵਿਚ ਚੋਟੀ ਦੇ ਵਿਗਿਆਨਿਕਾਂ ਦੀ ਸਲਾਹ ਲੈ ਸਕਣਗੇ। ਭਾਰਤੀ ਖੇਤੀ ਖੋਜ ਪ੍ਰੀਸ਼ਦ ਦੇ ਉਪ ਨਿਰਦੇਸ਼ਕ ਡਾ. ਐਚ. ਪੀ. ਸਿੰਘ ਲੀਚੀ ਦੇ ਸੁਰੱਖਿਅਤ ਰੱਖਣ ਦੀ ਤਕਨੀਕ ਨਾਲ ਕਿਸਾਨਾਂ ਨੂੰ ਰੁਬਰੂ ਕਰਵਾਉਣਗੇ ਜਿਸ ਨਾਲ ਕਿਸਾਨ 50 ਦਿਨਾਂ ਤੱਕ ਫਲਾਂ ਨੂੰ ਸੁਰੱਖਿਅਤ ਰੱਖ ਸਕਣ। ਇਸ ਨਾਲ ਲੀਚੀ ਬਰਾਮਦ 'ਚ ਕਾਫੀ ਉਤਸ਼ਾਹ ਮਿਲੇਗਾ। ਵੈਸੇ ਲੀਚੀ ਦਾ ਬਜ਼ਾਰ 20 ਤੋਂ 22 ਦਿਨਾਂ ਤੱਕ ਦਾ ਹੀ ਹੁੰਦਾ ਹੈ।

ਬਿਹਾਰ 'ਚ ਹਰ ਸਾਲ 2.53 ਲੱਖ ਟਨ ਲੀਚੀ ਪੈਦਾ ਹੁੰਦੀ ਹੈ। ਮੁਜਫਰਪੁਰ ਇਲਾਕੇ 'ਚ ਲਗਭਗ 7 ਹਜ਼ਾਰ ਹੇਕਟੇਅਰ ਜ਼ਮੀਨ 'ਤੇ ਲੀਚੀ ਦੀ ਪੈਦਾਵਾਰ ਹੁੰਦੀ ਹੈ। ਪਰ ਇਸ ਲੀਚੀ ਦੀ ਵਿਕਰੀ ਲਈ ਇਕ ਵੀ ਐਸੀ ਮੰਡੀ ਨਹੀਂ ਹੈ ਜਿਥੇ ਕਿਸਾਨ ਜਾ ਕੇ ਇਸ ਦੀ ਬੋਲੀ ਲਵਾ ਸਕਣ। ਲੀਚੀ ਕਾਸ਼ਤਕਾਰਾਂ ਨੂੰ ਅੱਜ ਵੀ ਪੁਰਾਣੇ ਤਰੀਕੇ ਨਾਲ ਹੀ ਲੀਚੀ ਦੇ ਪੇੜਾਂ ਦੀ ਵਿਕਰੀ ਕਰਨੀ ਪੈਂਦੀ ਹੈ। ਲੀਚੀ ਕਿਸਾਨ ਵੈਦਨਾਥ ਮਹਤੋਂ ਨੇ ਦੱਸਿਆ ਹੈ ਕਿ ਇਕ ਏਕੜ 'ਚ ਲੱਗੇ ਲੀਚੀ ਦੇ ਦਰਖਤ ਦੀ ਕੀਮਤ ਵੱਧ ਤੋਂ ਵੱਧ ਦਸ ਹਜ਼ਾਰ ਰੁਪਏ ਮਿਲਦੀ ਹੈ। ਏਨੀ ਕੀਮਤ ਵੀ ਤਾਂ ਮਿਲਦੀ ਹੈ ਜਦ ਉਸ ਜ਼ਮੀਨ 'ਤੇ ਲੱਗੇ ਪੌਦੇ 20 ਸਾਲ ਤੋਂ ਵੱਧ ਉਮਰ ਦੇ ਹੁੰਦੇ ਹਨ ਕਿਉਂਕਿ 20-30 ਸਾਲ ਦੀ ਉਮਰ 'ਚ ਸਭ ਤੋਂ ਵੱਧ ਲੀਚੀ ਹੁੰਦੀ ਹੈ। ਇਕ ਏਕੜ ਵਿਚ ਕਰੀਬ 40 ਪੌਦੇ ਹੁੰਦੇ ਹਨ। ਉਨ੍ਹਾਂ ਤੋਂ ਲੱਗਭਗ 40 ਕੁਵਿੰਟਲ ਲੀਚੀ ਦੀ ਪੈਦਾਵਾਰ ਹੁੰਦੀ ਹੈ ਅਤੇ 10 ਰੁਪਏ ਪ੍ਰਤੀ ਕਿਲੋਗ੍ਰਾਮ ਦੀ ਦਰ ਨਾਲ ਲੀਚੀ ਦੀ ਵਿਕਰੀਕਰਨ 'ਤੇ ਉਸ ਦੀ ਕੀਮਤ 40 ਹਜ਼ਾਰ ਰੁਪਏ ਹੁੰਦੀ ਹੈ। ਪਰ ਕਿਸਾਨਾਂ ਨੂੰ ਉਸ ਦੀ ਇਕ ਚੌਥਾਈ ਕੀਮਤ 'ਚ ਹੀ ਸਬਰ ਕਰਨਾ ਪੈਂਦਾ ਹੈ। ਉਹ ਕਹਿੰਦੇ ਹਨ ਕਿ ਤਾਪਮਾਨ 'ਚ ਹੋ ਰਹੇ ਵਾਧੇ ਕਾਰਨ ਹੀ ਲੀਚੀ ਨੂੰ ਬਜ਼ਾਰ ਤਕ ਲਿਜਾਣ 'ਚ ਦਿੱਕਤ ਆਉਂਦੀ ਹੈ। ਵਿਗਿਆਨਕ ਰਜੇਸ਼ ਕੁਮਾਰ ਦਾ ਕਹਿਣਾ ਹੈ ਕਿ ਲੀਚੀ ਨੂੰ ਤੋੜਨ ਸਮੇਂ 40 ਡਿਗਰੀ ਸੈਲਸੀਅਸ ਤੱਕ ਵੱਧ ਤੋਂ ਵੱਧ ਤਾਪਮਾਨ ਰਹਿੰਦਾ ਸੀ ਪਰ ਹੁਣ ਇਹ ਤਾਪਮਾਨ 44 ਡਿਗਰੀ ਤੱਕ ਚਲਾ ਜਾਂਦਾ ਹੈ ਤਾਂ ਲੀਚੀ ਫਟ ਜਾਂਦੀ ਹੈ ਅਤੇ ਉਹ ਬਾਹਰ ਖਾਸ ਕਰਕੇ ਵਿਦੇਸ਼ਾਂ ਵਿਚ ਭੇਜਣ ਲਾਇਕ ਬਿਲਕੁਲ ਨਹੀਂ ਰਹਿ ਜਾਂਦੀ ਅਤੇ ਸਿਰਫ਼ 30 ਫ਼ੀਸਦੀ ਲੀਚੀ ਹੀ ਬਿਹਾਰ ਤੋਂ ਬਾਹਰ ਜਾਂਦੀ ਹੈ। ਪਿਛਲੇ 50 ਟਨ ਤੋਂ ਵੀ ਘੱਟ ਲੀਚੀ ਦੀ ਪੈਦਾਵਾਰ ਹੋ ਸਕਦੀ ਸੀ। ਮੁਜੱਫਰਪੁਰ 'ਚ ਲੀਚੀ ਪਲਪ ਅਤੇ ਲੀਚੀ ਕੇਨ ਦੀ ਪੈਦਾਵਾਰ 'ਚ ਜੁਟੇ ਉਦਮੀ ਤੇ ਲੀਚੀ ਕਾਸ਼ਤਕਾਰ ਨੰਦਕਿਸ਼ੋਰ ਦੁਖੀ ਹੋ ਕੇ ਕਹਿੰਦੇ ਹਨ 'ਯੂਰਪ ਤੋਂ ਲੈ ਕੇ ਮਧਪੂਰਵ ਤੱਕ ਦੇ ਦੇਸ਼ਾਂ 'ਚ ਬਿਹਾਰ ਦੀ ਸ਼ਾਹੀ ਲੀਚੀ ਦੀ ਭਾਰੀ ਮੰਗ ਹੈ। ਪਰ ਉਥੇ ਲੈ ਜਾਣ ਦਾ ਕੋਈ ਪ੍ਰਬੰਧ ਨਹੀਂ ਹੈ। ਜਦ ਕਿ ਚੀਨ ਤੇ ਥਾਈਲੈਂਡ ਉਤਮ ਤਕਨੀਕ ਕਾਰਨ ਪੂਰੀ ਦੁਨੀਆਂ 'ਚ ਲੀਚੀ ਬਰਾਮਦ ਕਰਦੇ ਹਨ, ਉਹਨਾਂ ਨੇ ਦੱਸਿਆ ਕਿ ਦੇਸ਼ ਅੰਦਰ ਲੀਚੀ ਕੇਨ ਤੇ ਲੀਚੀ ਪਲਪ ਦਾ ਬਾਜ਼ਾਰ 20-30 ਫੀਸਦੀ ਦੀ ਦਰ ਨਾਲ ਵਧ ਰਿਹਾ ਹੈ ਪਰ ਫਲਾਂ ਦੀ ਰਾਣੀ ਲੀਚੀ ਨੂੰ ਜਲਦੀ ਹੋਰ ਠੀਕ ਤਰੀਕੇ ਨਾਲ ਬਾਹਰ ਭੇਜਣ ਦੇ ਪ੍ਰਬੰਦ 'ਚ ਲੀਚੀ ਦੀ ਆਵਕ ਠੀਕ ਤਰ੍ਹਾਂ ਨਹੀਂ ਹੋ ਸਕਦੀ।

ਬਿਹਾਰ ਤੋਂ ਬਾਹਰ ਭੇਜਣ ਦੇ ਚੱਕਰ ਵਿਚ ਇਨ੍ਹੀਂ ਦਿਨੀਂ ਲੀਚੀ ਤੋੜਨ ਦਾ ਕੰਮ ਸਮੇਂ ਤੋਂ ਦਸ ਦਿਨ ਪਹਿਲਾਂ ਸ਼ੁਰੂ ਹੋ ਰਿਹਾ ਹੈ। ਇਸ ਨਾਲ ਲੀਚੀ ਦੀ ਮਿਠਾਸ ਤੇ ਗੁੱਦੇ 'ਚ ਕਮੀ ਆਉਂਦੀ ਹੈ ਅਤੇ ਬਾਜ਼ਾਰ 'ਚ ਇਸ ਨੂੰ ਕੌਡੀਆਂ ਦੇ ਭਾਅ ਵੇਚ ਦਿੱਤਾ ਜਾਂਦਾ ਹੈ। ਲੀਚੀ ਤੋੜਨ ਦਾ ਕੰਮ ਮੁੱਖ ਤੌਰ 'ਤੇ 20 ਮਈ ਤੋਂ ਬਾਅਦ ਸ਼ੁਰੂ ਹੁੰਦਾ ਹੈ ਹਾਲਾਂਕਿ ਲੀਚੀ ਦੇ ਕਾਰੋਬਾਰ 'ਚ ਵਾਧੇ ਲਈ ਇਸ ਸਾਲ ਪਹਿਲੀ ਵਾਰੀ 22 ਮਈ ਤੋਂ ਦਿੱਲੀ ਦੇ ਪ੍ਰਗਤੀ ਮੈਦਾਨ 'ਚ ਲੀਚੀ ਮੇਲਾ ਲਾਇਆ ਗਿਆ ਹੈ। ਮੇਲੇ 'ਚ ਬਿਹਾਰ ਦੇ ਲੀਚੀ ਕਾਸ਼ਤਕਾਰ ਬੁਲਾਏ ਗਏ ਹਨ ਪਰ ਸਹੀ ਸਥਿਤੀ ਇਹ ਹੈ ਕਿ ਬਿਹਾਰ ਦੇ ਕਿਸਾਨ ਪਾਸ ਹੁਣ ਉਤਮ ਫਲ ਲੀਚੀ ਦੀ ਭਾਰੀ ਕਮੀ ਹੈ। ਅਜਿਹੇ 'ਚ ਕਿਸਾਨਾਂ ਦੇ ਭਾਗੀਦਾਰ ਬਿਨਾਂ ਇਸ ਮੇਲੇ ਦਾ ਕੀ ਮਹੱਤਵ ਹੈ।

# ਬਸਤਰ 'ਚ ਸਲਵਾ ਜੁਡੂਮ ਬਨਾਮ ਮਾਓਵਾਦੀ

ਇਕ ਦਹਾਕੇ ਪਹਿਲਾਂ ਤੱਕ ਮਾਓਵਾਦ ਨਾਲ ਪ੍ਰਭਾਵਿਤ ਰਾਜਾਂ 'ਚ ਆਂਧਰਾ ਪ੍ਰਦੇਸ਼ ਤੋਂ ਸ਼ੁਰੂ ਹੋਣ ਵਾਲੀ ਸੂਚੀ ਹੁਣ ਛਤੀਸ਼ਗੜ੍ਹ ਤੋਂ ਸ਼ੁਰੂ ਹੁੰਦੀ ਹੈ। ਛਤੀਸ਼ਗੜ੍ਹ ਦੇ ਬਸਤਰ ਖੇਤਰ ਦਾ ਬਹੁਤਾ ਪੇਂਡੂ ਇਲਾਕਾ ਮਾਓਵਾਦੀਆਂ ਦਾ ਮੁਕਤ ਖੇਤਰ ਬਣ ਚੁੱਕਿਆ ਹੈ ਜਿੱਥੇ ਉਨ੍ਹਾਂ ਦੀ ਸਰਕਾਰ ਚਲਦੀ ਹੈ। 'ਜਨਤਾਨਾ ਸਰਕਾਰ' ਦੇ ਨਾਂ ਨਾਲ ਇਹ ਸਮਾਂਤਰ ਸੱਤਾ ਕੇਂਦਰ ਤੇ ਰਾਜ ਦੋਹਾਂ ਲਈ ਇਕ ਗੰਭੀਰ ਚੁਣੌਤੀ ਬਣ ਚੁੱਕਿਆ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਮਾਓਵਾਦ ਨੂੰ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡੇ ਖਤਰੇ ਵਜੋਂ ਕਈ ਵਾਰ ਸ਼ਨਾਖਤ ਕਰ ਚੁੱਕੇ ਹਨ। ਦੋਨੋਂ ਸਰਕਾਰਾਂ ਮਿਲ ਕੇ ਸੰਯੁਕਤ ਮੁਹਿੰਮ ਚਲਾ ਰਹੀਆਂ ਹਨ। ਅੱਗੇ ਹੋਰ ਸਖਤ ਕਦਮ ਚੁੱਕੇ ਜਾਣ ਦੀ ਪੁਖਤਾ ਯੋਜਨਾ ਹੈ। ਬਾਵਜੂਦ ਇਸ ਦੇ ਛਤੀਸ਼ਗੜ੍ਹ 'ਚ ਮਾਓਵਾਦੀਆਂ ਦੀ ਪੈਠ ਜੰਗਲ ਤੋਂ ਨਿਕਲਕੇ ਰਾਏਪਰ, ਬਿਲਾਸਪੁਰ ਵਰਗੇ ਸ਼ਹਿਰੀ ਇਲਾਕਿਆਂ 'ਚ ਵਧ ਰਹੀ ਹੈ।

ਹਾਲ ਦੇ ਮਹੀਨਿਆਂ 'ਚ ਛਤੀਸ਼ਗੜ੍ਹ ਤੋਂ ਮਾਓਵਾਦੀਆਂ ਨੂੰ ਖਤਮ ਕਰਨ ਲਈ 'ਕਾਰਪੇਟ ਸਕਿਊਰਟੀ ਸਿਸਟਮ' ਦੀ ਵਰਤੋਂ ਕੀਤੀ ਗਈ। ਇਸ ਮੁਹਿੰਮ ਸੰਬੰਧੀ ਗ੍ਰਹਿ ਮੰਤਰੀ ਪੀ ਚਿਦੰਬਰਮ ਕਾਫ ਅਸਵੰਦ ਰਹੇ ਕਿਉਂਕਿ ਇਸ ਤਹਿਤ ਸੁਰੱਖਿਆ ਬਲ ਇਕ ਛੋਟੇ ਜਿਹੇ ਹਿੱਸੇ 'ਤੇ ਕਬਜ਼ਾ ਕਰਦੇ, ਮਾਓਵਾਦੀਆਂ ਨਾਲ ਲੜਦੇ ਤੇ ਫਿਰ ਅੱਗੇ ਵਧਦੇ, ਉਸ ਦੌਰਾਨ ਜੋ ਖਬਰਾਂ ਆਈਆਂ ਉਹਨਾਂ ਤੋਂ ਇਹ ਲੱਗ ਰਿਹਾ ਸੀ ਕਿ ਮਾਓਵਾਦੀ ਖਤਰੇ 'ਚ ਆ ਗਏ। ਮਾਹਰਾਂ ਦਾ ਕਹਿਣਾ ਹੈ ਕਿ ਇਜ਼ਰਾਈਲ ਨੇ ਫਿਲਸਤੀਨ ਖਿਲਾਫ ਅਜਿਹੇ ਤਜਰਬੇ ਕੀਤੇ ਹਨ। ਛਤੀਸ਼ਗੜ੍ਹ 'ਚ ਮਾਓਵਾਦੀਆਂ ਵਿਰੁੱਧ ਫੌਜ ਤੇ ਪੁਲਸ ਦੀ ਸਾਂਝੀ ਮੁਹਿੰਮ ਚਲਾ ਰਹੀ ਹੈ, ਇਜ਼ਰਾਇਲ ਤੇ ਅਮਰੀਕੀ ਸੁਰੱਖਿਆ ਏਜੰਸੀਆਂ ਦੀ ਖਾਸ ਮਦਦ ਵੀ ਲੈ ਰਹੀ ਹੈ। ਰਾਜ ਸਰਕਾਰ ਤੇ ਮਾਓਵਾਦੀਆਂ ਦੀ ਲੜਾਈ 'ਚ ਛਤੀਸ਼ਗੜ ਦੇ ਆਦੀਵਾਸੀ ਦੋਹਰੀ ਮਾਰ ਝੱਲ ਰਹੇ ਹਨ। ਨਕਸਲੀਆ ਦੇ ਕਬਜ਼ੇ 'ਚੋਂ ਮੁਕਤ ਕਰਾਉਣ ਦੇ ਬਹਾਨੇ ਸਰਕਾਰ ਆਦੀਵਾਸੀਆਂ ਨੂੰ ਸਲਵਾ ਜੂਡਮ ਕੈਂਪਾਂ 'ਚ ਰੱਖ ਰਹੀ ਹੈ। ਇੱਧਰ ਮੁਖਬਰ ਤੇ ਸਰਕਾਰੀ ਏਜੰਟ ਹੋਣ ਦਾ ਦੋਸ਼ ਲਾ ਕੇ ਨਕਸਲੀ ਕੈਂਪਾਂ 'ਚ ਰਹਿ ਰਹੇ ਆਦੀਵਾਸੀਆਂ ਨਾਲ ਨਾ ਖੜ੍ਹੇ ਹੋ ਜਾਣ, ਇਸ ਡਰ ਕਾਰਨ ਸਰਕਾਰ ਆਦੀਵਾਸੀਆਂ ਨੂੰ ਬਲਪੂਰਵਕ ਕੈਂਪਾਂ 'ਚ ਰੱਖ ਰਹੀ ਹੈ। ਕਈ ਰਿਪੋਰਟਾਂ ਆ ਚੁੱਕੀਆਂ ਹਨ ਕਿ ਆਦੀਵਾਸੀ ਆਪਣੇ ਘਰਾਂ ਪਿੰਡਾਂ ਨੂੰ ਜਾਣਾ ਚਾਹੁੰਦੇ ਹਨ। ਚਾਰ ਸਾਲ ਪਹਿਲਾਂ ਜਦ ਸਲਵਾ ਜੁਡੂਮ ਸ਼ੁਰੂ ਹੋਇਆ ਤਾਂ ਸਰਕਾਰੀ ਦਾਅਵਿਆਂ ਮੁਤਾਬਕ ਸੱਠ ਹਜ਼ਾਰ ਆਦੀਵਾਸੀ ਕੈਂਪਾਂ 'ਚ ਰਹਿ ਰਹੇ ਸਨ ਪਰ ਹੁਣ ਅੱਧੇ ਵੀ ਨਹੀਂ ਰਹਿ ਗਏ ਹਨ। ਕੈਂਪਾਂ ਦੀ ਬਦਹਾਲੀ ਤੇ ਸੁਰੱਖਿਆ ਬਲਾਂ ਦੇ ਅਤਿਆਚਾਰ ਕਾਰਨ ਕੈਂਪਾਂ ਦੇ ਲੋਕ ਲਗਾਤਾਰ ਆਪਣੇ ਪਿੰਡਾਂ ਤੇ ਖੇਤਾਂ ਵੱਲ ਪਰਤ ਰਹੇ ਹਨ। ਸਲਵਾ ਜੂਡਮ ਦੀ ਸ਼ੁਰੂਆਤ ਕਾਂਗਰਸੀ ਨੇਤਾ ਮਹੇਂਦਰ ਕਰਮਾਦੀ ਪਹਿਲ ਕਦਮੀ 'ਤੇ ਭੈਰਮਗੜ, ਬੀਜਾਪੁਰ ਆਦਿ ਖੇਤਰਾਂ 'ਚ ਹੋਈ ਸਰਕਾਰ ਨੇ ਇਸ ਨੂੰ ਆਦਿਵਾਸੀਆਂ ਦਾ ਸਫਲਤਾਪੂਰਵਕ ਅੰਦੋਲਨ ਕਿਹਾ। ਪਰ ਸੱਚ ਇਹ ਹੈ ਕਿ ਮਾਓਵਾਦੀਆਂ ਨਾਲ ਘਿਰੇ ਜੰਗਲਾਂ 'ਚ ਸੁਰੱਖਿਆ ਬਲ ਜਦ ਗੁਰੀਲਿਆਂ ਨਾਲ ਲੜਨ 'ਚ ਸਮਰਥ ਸਾਬਤ

ਨਹੀਂ ਹੋਏ ਤਾਂ ਸਰਕਾਰ ਨੇ ਆਦੀਵਾਸੀ ਨੌਜਵਾਨਾਂ ਨੂੰ ਸਪੈਸ਼ਲ ਸੁਰੱਖਿਆ ਅਫਸਰ ਐਸ. ਪੀ. ਓ. ਬਣਾ ਕੇ ਢਾਲ ਵਜੋਂ ਵਰਤਣਾ ਸ਼ੁਰੂ ਕੀਤਾ। ਸੁਆਲ ਇਹ ਹੈ ਕਿ ਆਦੀਵਾਸੀਆਂ ਨੂੰ ਆਦੀਵਾਸੀਆਂ ਵਿਰੁੱਧ ਬੰਦੂਕ ਫੜਾ ਕੇ ਸਰਕਾਰ ਤੇ ਮਾਓਵਾਦੀ ਕਿਸ ਦਾ ਭਲਾ ਕਰ ਰਹੇ ਹਨ। ਸਲਵਾ ਜੂਡਮ ਤੋਂ ਪਹਿਲਾਂ ਵੀ ਛਤੀਸ਼ਗੜ੍ਹ 'ਚ 'ਜਨਜਾਗਰਣ' ਦੇ ਨਾਂ ਹੇਠ ਇਸ ਤਰ੍ਹਾ ਦਾ ਯਤਨ ਸਰਕਾਰ ਨੇ ਕੀਤਾ ਸੀ। ਸਲਵਾ ਜੁਡੂਮ ਕਾਰਨ ਛੇ ਸੌ ਪਿੰਡਾਂ ਦੇ ਲਗਭਗ ਪਜਾਹ ਹਜ਼ਾਰ ਆਦਿਵਾਸੀ ਆਪਣੀ ਜ਼ਮੀਨ ਤੋਂ ਉਜੜ ਚੁੱਕੇ ਹਨ। ਹਾਲਾਂਕਿ ਛਤੀਸ਼ਗੜ੍ਹ ਦੇ ਡੀ. ਜੀ. ਪੀ. ਵਿਸ਼ਵ ਰੰਜਨ ਇਹਨਾਂ ਤੱਥਾਂ ਨੂੰ ਨਕਾਰਦੇ ਹਨ ਜਦ ਕਿ ਗਾਂਧੀਵਾਦੀ ਸਮਾਜਕ ਵਰਕਰ ਹਿਮਾਸ਼ੂੰ ਕਹਿੰਦੇ ਹਨ 'ਸਰਕਾਰ ਤੇ ਮਾਓਵਾਦੀਆਂ ਦੀ ਲੜਾਈ 'ਚ ਆਦਿਵਾਸੀ ਮਾਰੇ ਜਾ ਰਹੇ ਹਨ ਤੇ ਉਜੜ ਰਹੇ ਹਨ ਹਿਮਾਸ਼ੂ ਕੁਮਾਰ ਦਾ ਦਾਂਤੇਵਾੜਾ ਪ੍ਰਸਾਸ਼ਨ ਨੇ ਆਸ਼ਰਮ ਢਾਹ ਦਿੱਤਾ। ਸਰਕਾਰ ਦਾ ਕਹਿਣਾ ਕਿ ਸਰਕਾਰੀ ਜ਼ਮੀਨ 'ਤੇ ਇਹ ਗੈਰ ਕਨੂੰਨੀ ਕਬਜਾ ਹੈ।

ਦਾਂਤੇਵਾੜਾ ਦੇ ਦੌਰੇ ਤੋਂ ਪਰਤੇ ਸਮਾਜ ਸੇਵੀ ਸੰਦੀਪ ਪਾਂਡੇ ਦੱਸਦੇ ਹਨ 'ਹਿਮਾਂਸ਼ੂ ਬਾਰੇ ਪੂਰਾ ਖੇਤਰ ਜਾਣਦਾ ਹੈ ਕਿ ਸਲਵਾ ਜੁਡੂਮ ਮੁਹਿੰਮ ਨਾਲ ਉਜੜੇ ਆਦਿਵਾਸੀਆਂ ਦੇ ਮੁੜ ਵਸੇਬੇ ਵਰਗਾ ਮਹੱਤਵਪੂਰਨ ਕੰਮ ਕਰ ਰਹੇ ਹਨ। ਪਰ ਸਰਕਾਰ ਹਿਮਾਂਸ਼ੂ ਨੂੰ ਮਾਓਵਾਦੀਆਂ ਦਾ ਸ਼ੁਭ ਚਿੰਤਕ ਦੱਸ ਕੇ ਦਾਂਤੇਵਾੜਾ ਤੋਂ ਖਦੇੜਨ ਦੀ ਤਾਕ 'ਚ ਹੈ।

# ਕੌਮੀ ਨਦੀ ਦਾ ਸ਼ੋਕ ਗੀਤ

ਬਨਾਰਸ ਵਿਚ ਵਰੁਣਾ ਤੇ ਅੱਸੀ ਨਦੀਆਂ ਅਲੋਪ ਹੋਣ ਕਿਨਾਰੇ ਹਨ ਅਤੇ ਕੌਮੀ ਨਦੀ ਐਲਾਨੇ ਜਾਣ ਦੇ ਬਾਵਜੂਦ ਗੰਗਾ 'ਤੇ ਗੰਭੀਰ ਸੰਕਟ ਹੈ। ਗੰਗਾ ਦਾ ਬਨਾਰਸ 'ਚ ਸ਼ਾਇਦ ਉਹ ਹਸ਼ਰ ਹੋਣ ਵਾਲਾ ਹੈ ਜੋ ਕਰੁਣਾ ਤੇ ਅੱਸੀ ਦਾ ਹੋਇਆ ਹੈ। ਅੱਸੀ ਨਦੀ ਨਾਲੇ 'ਚ ਤਬਦੀਲ ਹੋ ਚੁੱਕੀ ਹੈ ਅਤੇ ਵਰੁਣਾ ਨਦੀ ਉਸ ਪਾਸੇ ਵੱਲ ਵਧ ਰਹੀ ਹੈ। ਇਨ੍ਹਾਂ ਦੋ ਨਦੀਆਂ ਦੇ ਰਲੇਵੇ (ਸੰਗਮ) 'ਤੇ ਵਸੇ ਇਸ ਸ਼ਹਿਰ ਨੂੰ ਵਾਰਾਣਸੀ ਕਿਹਾ ਗਿਆ। ਬਨਾਰਸ ਹਿੰਦੂ ਯੂਨੀਵਰਸਿਟੀ ਦਾ ਕੁਲਗੀਤ ਲਿਖੇ ਜਾਣ ਤੱਕ ਇਨ੍ਹਾਂ ਦੋਹਾਂ ਨਦੀਆਂ ਦੀਆਂ ਧਰਾਵਾਂ ਮੌਜੂਦ ਸਨ। ਕੁਲਗੀਤ ਦੇ ਰਚਿਤਾ ਸ਼ਾਂਤੀਸਰੂਪ ਭਟਨਾਗਰ ਲਿਖਦੇ ਹਨ, 'ਸੁਰਮਈ ਧਾਰਾਵਾਂ ਵਰੁਣਾ ਅੱਸੀ। ਜਿਸ ਵਿਚ ਨਹਾਏ ਤੁਲਸੀ-ਕਬੀਰ।' ਹੁਣ ਇਹਨਾਂ ਦੋਹਾਂ ਨਦੀਆਂ ਦਾ ਵਜੂਦ ਸੰਕਟ ਵਿਚ ਹੈ। ਬੀ. ਐਚ. ਯੂ. ਗੰਗਾ ਖੋਜ ਕੇਂਦਰ ਦੇ ਪ੍ਰੋਯੂ ਕੇ ਚੌਧਰੀ ਦਾ ਅਨੁਮਾਨ ਹੈ ਕਿ 'ਜਿਸ ਤਰ੍ਹਾਂ ਨਾਲ ਗੰਗਾ ਦਾ ਪਾਣੀ ਗਰਮੀ ਦੇ ਦਿਨਾਂ 'ਚ ਗਾਇਬ ਹੋ ਰਿਹਾ ਹੈ। ਉਸ ਨੂੰ ਵੇਖ ਕੇ ਲੱਗਦਾ ਹੈ ਕਿ ਅਗਲੇ 2050 ਤੱਕ ਗੰਗਾ ਇਕ ਨਾਲੇ 'ਚ ਤਬਦੀਲ ਹੋ ਜਾਵੇਗੀ। ਪ੍ਰੋ. ਵੀਰਭੱਦਰ ਮਿਸ਼ਰ ਵੀ ਇਸ ਗੱਲ ਦੀ ਤਾਈਦ ਕਰਦੇ ਹੋਏ ਕਹਿੰਦੇ ਹਨ ਕਿ 'ਪਿਛਲੇ 30 ਸਾਲ ਵਿਚ ਬਨਾਰਸ 'ਚ 30 ਮਈ ਅਤੇ 7 ਜੂਨ ਵਿਚਕਾਰ ਗੰਗਾ ਦੇ ਪਾਣੀ ਵਿਚ ਲਗਭਗ ਡੇਢ ਮੀਟਰ ਦੀ ਕਮੀ ਆਈ ਹੈ, ਯੂ. ਕੇ. ਚੌਧਰੀ ਦੱਸਦੇ ਹਨ ਕਿ '2003-04 ਪਿੱਛੋਂ ਖਾਸ ਕਰਕੇ ਮੈਦਾਨੀ ਇਲਾਕੇ 'ਚ ਗਰਮੀ ਦੇ ਮੌਸਮ ਵਿਚ ਗੰਗਾ ਦ ਸੁਕਣ ਦੀ ਗਤੀ ਤੇਜ਼ ਹੋਈ। ਇਸ ਦੀ ਵੱਡੀ ਵਜਾਹ ਇਹ ਹੈ ਕਿ ਅਪਰ ਗੰਗਾ ਕੈਨਾਲ ਵਿਚ ਪਹਿਲਾਂ 6750 ਕਿਊਸਕ ਪਾਣੀ ਛੱਡਿਆ ਜਾਂਦਾ ਸੀ। ਬਾਅਦ ਵਿਚ ਇਸ ਨੂੰ ਵਧਾ ਕੇ 10500 ਕਿਊਸਕ ਕਰ ਦਿੱਤਾ ਗਿਆ।'

ਚੌਧਰੀ ਪੁੱਛਦੇ ਹਨ ਕਿ ਅੰਗਰੇਜ਼ਾਂ ਦੇ ਜ਼ਮਾਨੇ ਵਿਚ ਤਿਆਰ ਹੋਈ ਨਹਿਰ ਦਾ ਡਿਜ਼ਾਇਨ ਸਿਰਫ 304 ਕਿਲੋਮੀਟਰ ਖੇਤਰ ਨੂੰ ਖੁਸ਼ਹਾਲ ਰੱਖਣ ਦਾ ਤੁਕ ਕੀ ਹੈ? ਫਿਰ ਰੁੜਕੀ ਇੰਜਨੀਰਿੰਗ ਕਾਲਜ ਬਨਣ ਪਿੱਛੋਂ ਅਜ਼ਾਦ ਭਾਰਤ ਦੇ ਇੰਜੀਨੀਅਰ ਨੇ ਇਸ 'ਤੇ ਵਿਚਾਰ ਕਿਉਂ ਨਹੀਂ ਕੀਤਾ? ਇਸ ਕੈਨਾਲ ਨਾਲ ਪੱਛਮੀ ਉਤਰ ਪ੍ਰਦੇਸ਼ ਦੇ 9.28 ਹੈਕਟੇਅਰ ਇਲਾਕੇ 'ਚ ਪਿਛਲੇ ਇਕ ਸ਼ਤਾਬਦੀ ਤੋਂ ਕਣਕ, ਚੌਲ, ਤੇ ਗੰਨਾ ਦੀ ਪੈਦਾਵਾਰ ਖੂਬ ਵਧੀ। ਖੁਸ਼ਹਾਲੀ ਵੀ ਆਈ। ਪਰ ਨਾਲ ਹੀ ਵੱਧ ਜਲ ਵਰਤੋਂ ਕਰਨ ਦੀ ਆਦਤ 'ਚ ਵੀ ਖਾਸ ਵਾਧਾ ਹੋਇਆ ਕਿਉਂਕਿ ਉਨ੍ਹਾਂ ਨੂੰ ਵੱਧ ਮਾਤਰਾ ਵਿਚ ਪਾਣੀ ਮਿਲ ਰਿਹਾ ਸੀ। ਵੀਰਭੱਦਰ ਮਿਸ਼ਰ ਦੀ ਚਿੰਤਾ ਹੈ ਕਿ 'ਅਜਿਹਾ ਕੋਈ ਰਾਜਨੇਤਾ ਨਹੀਂ ਹੈ ਜੋ ਕਹਿ ਸਕੇ ਕਿ ਬਸ, ਹੁਣ ਬਹੁਤ ਹੋ ਗਿਆ। ਇਸ ਤੋਂ ਵੱਧ ਆਪ ਨੂੰ ਪਾਣੀ ਦੀ ਵਰਤੋਂ ਦੀ ਇਜ਼ਾਜਤ ਨਹੀਂ ਦਿੱਤੀ ਜਾਵੇਗੀ।'

ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਦੇ ਪ੍ਰੋ. ਚਿਤਰੰਜਨ ਰਾਏ ਵੀ ਇਸ ਸ਼ਹਿਰ ਦੀ ਡਿਜ਼ਾਇਨਿੰਗ 'ਤੇ ਸੁਆਲ ਖੜਾ ਕਰਦੇ ਹੋਏ ਕਹਿੰਦੇ ਹਨ ਕਿ 'ਕਿਸੇ ਇਕ ਨਦੀ 'ਤੇ ਅਤੇ ਹੋਰ ਜਗ੍ਹਾ ਤੋਂ ਕਿਧਰੇ ਵੀ ਨਦੀ ਦੇ ਆਕਾਰ ਦੀ ਕੈਨਾਲ ਨਹੀਂ ਕੱਢੀ ਗਈ ਹੈ। ਹੁਣ ਕਿਹਾ ਜਾ ਰਿਹਾ ਹੈ ਕਿ ਸਿਰਫ 500 ਕਿਊਸੇਕ ਪਾਣੀ ਹੀ ਮੈਦਾਨੀ

ਇਲਾਕੇ ਲਈ ਮੁਹੱਈਆ ਹੋ ਰਿਹਾ ਹੈ। ਜ਼ਾਹਿਰ ਹੈ ਕਿ ਇਸ ਨਾਲ ਨਦੀ ਦੇ ਪ੍ਰਵਾਹ ’ਤੇ ਅਸਰ ਪਵੇਗਾ ਅਤੇ ਇਸ ਤਰ੍ਹਾਂ ਨਾਲ ਗੰਗਾ ਦੇ ਜਲ ਵਿਚ ਆਕਸੀਜਨ ਜੋ ਗੰਗਾ ਜਲ ਨੂੰ ਵੱਧ ਦਿਨ ਤੱਕ ਟਿਕਾਊ ਬਣਾਉਂਦੀ ਹੈ, ਦੀ ਮਾਤਰਾ ਘੱਟ ਹੋਵੇਗੀ। ਸਾਫ ਹੈ ਮੈਦਾਨੀ ਇਲਾਕੇ ’ਚ ਪ੍ਰਸਤਾਵਿਤ ਪਾਣੀ ਦੀ ਮਾਤਰਾ ਅਤੇ ਗੁਣਵੰਣਤਾ ਦੋਨੋਂ ਪ੍ਰਭਾਵਿਤ ਹੋਈਆਂ। ਦੂਜੇ ਪਾਸੇ ਇਕ ਸੀਮਤ ਦਾਇਰੇ ’ਚ ਜਲ ਦੀ ਸਨਅਤੀ ਇਕਾਈਆਂ ਵਿਚ ਵਰਤੋਂ ਹੋਣ ਨਾਲ ਵੱਡੇ ਪੈਮਾਨੇ ’ਤੇ ਜਲ ਪ੍ਰਦੂਸ਼ਣ ਵੀ ਵਧਿਆ। ਇਹ ਗੰਦਾ ਪਾਣੀ ਗੰਗਾ ’ਚ ਪ੍ਰਦੂਸ਼ਣ ਦੀ ਮਾਤਰਾ ਹੋਰ ਵਧਾਏਗਾ। ਪ੍ਰੋ. ਚੌਧਰੀ ਦਾ ਕਹਿਣਾ ਹੈ ਕਿ ‘ਭਾਗੀਰਥੀ ਦਾ ਪੂਰਾ ਜਲ ਪੱਛਮੀ ਉਤਰ ਪ੍ਰਦੇਸ਼ ਤੇ ਦਿਲੀ ਨੂੰ ਭੇਜ ਦਿੱਤਾ ਗਿਆ ਹੈ। ਮੂਲ ਧਾਰਾ ’ਚ ਭਾਗੀਰਥੀ ਦਾ ਜਲ ਹੀ ਨਹੀਂ ਹੈ। ਅਜਿਹਾ ਅਨਿਆਂ ਕਿਉਂ? ਹਰਿਦੁਆਰ ਤੋਂ ਕੋਲਕਤਾ ਵਿਚਕਾਰ 2500 ਕਿਲੋ ਮੀਟਰ ਦੀ ਲਗਭਗ 35 ਕਰੋੜ ਆਬਾਦੀ ਇਸ ਨਾਲ ਪ੍ਰਭਾਵਿਤ ਰਹੀ ਹੈ। ਇਸ ਇਲਾਕੇ ਲਈ ਗੰਗਾ ਜੀਵਨਦਾਨੀ ਨਦੀ ਹੈ। ਇਹ ਇਲਾਕਾ ਜੇ ਪਾਣੀ ਦੀ ਘਾਟ ਕਾਰਨ ਰੇਗਿਸਤਾਨ ਬਣ ਗਿਆ ਤਾਂ ਅਨਾਜ ਸੁਰੱਖਿਆ ਦਾ ਸੰਕਟ ਪੈਦਾ ਹੋਵੇਗਾ।’

ਪਾਣੀ ਦਾ ਪੱਧਰ ਘੱਟ ਹੋਣ ਦਾ ਇਕ ਦੂਜਾ ਪ੍ਰਭਾਵ ਇਹ ਪੈ ਰਿਹਾ ਹੈ ਕਿ ਇਸ ਇਲਾਕੇ ’ਚ ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਡਿੱਗ ਰਿਹਾ ਹੈ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਹੋ ਰਹੀ ਹੈ। ਸਤਹਿ ਦੇ ਤਾਪਮਾਨ ਦੀ ਸਥਿਤੀ ’ਚ ਬਦਲਾਅ ਆ ਰਿਹਾ ਹੈ। ਇਸ ਨਾਲ ਵਾਯੂ ਮੰਡਲੀ ਦਬਾਅ ਵਧੇਗਾ ਅਤੇ ਵਰਖਾ ਦੀ ਮਾਤਰਾ ਤੇ ਤੀਬਰਤਾ ਦੋਨੋਂ ਪ੍ਰਭਾਵਿਤ ਹੋਣਗੀਆਂ। ਇਸ ਤੋਂ ਨਿਜਾਤ ਪਾਉਣ ਦੇ ਕੀ ਉਪਾਅ ਹੋ ਸਕਦੇ ਹਨ? ਪ੍ਰੋ. ਯੂ ਕੇ ਚੌਧਰੀ ਮੁਤਾਬਕ ਕਿਉਂਕਿ ਗੰਗਾ ਦੇ ਜਲ ’ਚ ਔਸ਼ਧੀ ਗੁਣ ਜ਼ਿਆਦਾ ਹਨ ਇਸ ਲਈ ਇਸ ਦੀ ਵੱਧ ਤੋਂ ਵੱਧ ਵਰਤੋਂ ਪੀਣ ਵਾਲੇ ਪਾਣੀ ਲਈ ਕੀਤੀ ਜਾਵੇ। ਵੀਰਭੱਦਰ ਮਿਸ਼ਰ ਗੰਗਾਜਲ ਦੀ ਗੁਣਵੰਣਤਾ ਦੀ ਵਜਾਹ ਨਾਲ ਇਸ ਦੇ ਸਹੀ ਬਟਵਾਰੇ ਲਈ ‘ਰਾਸ਼ਨਿੰਗ ਪ੍ਰਣਾਲੀ’ ਲਾਗੂ ਕਰਨ ਦੀ ਗੱਲ ਕਰਦੇ ਹਨ। ਪ੍ਰੋ. ਚੌਧਰੀ ਦੱਸਦੇ ਹਨ ਕਿ ਸਿੰਚਾਈ ਤੇ ‘ਬਿਜਲੀ’ ਪੈਦਾਵਾਰ ਦੇ ਲਈ ਛੋਟੇ-ਛੋਟੇ ਬੰਨ ਬਣਨੇ ਚਾਹੀਦੇ ਹਨ ਜਿਹਨਾਂ ਦੀ ਵੱਧ ਤੋਂ ਵੱਧ ਲੰਬਾਈ 10 ਤੋਂ 15 ਫੁੱਟ ਦੇ ਵਿਚਕਾਰ ਹੋਵੇ।

ਅੱਜ ਆਲਮ ਇਹ ਹੈ ਕਿ ਟਿਹਰੀ ਬੰਨ ਦੀ ਉਚਾਈ 800 ਫੁੱਟ ਹੈ ਅਤੇ ਇਸ ਨਦੀ ’ਤੇ ਪ੍ਰਸਤਾਵਿਤ ਕਿਸੇ ਵੀ ਦੂਜੇ ਬੰਨ ਦੀ ਉਚਾਈ 90 ਫੁੱਟ ਤੋਂ ਘੱਟ ਨਹੀਂ ਹੈ। ਇਹ ਵੀ ਸੁਝਾਅ ਦਿੱਤਾ ਜਾ ਰਿਹਾ ਹੈ ਕਿ ਵੱਧ ਪਾਣੀ ਖਪਤਵਾਲੀਆਂ ਫਸਲਾਂ ਦਾ ਪੈਟਰਨ ਬਦਲਣ ਦੀ ਲੋੜ ਹੈ। ਬਨਾਰਸ ਦੇ ਵਾਤਾਵਰਣਵਾਦੀ ਡਾ. ਡੀ. ਕੇ. ਤ੍ਰਿਪਾਠੀ ਦੀ ਰਾਇ ਹੈ ਕਿ ‘ਇਸ ਦੇ ਲਈ ਜੇਨੇਟਿਕ ਇੰਜੀਨੀਰਿੰਗ ਦੇ ਜਰੀਏ ਘੱਟ ਜਲ ਖਪਤ ਵਾਲੇ ਅਤੇ ਸੋਕਾ ਪ੍ਰਤੀਰੋਧੀ ਬੀਜ ਪੈਦਾ ਕਰਨੇ ਹੋਣਗੇ। ਨਾਲ ਹੀ ਜਲ ਸਹਿਭਾਗੀਤਾ ਦੇ ਤਹਿਤ ਸਥਾਨਕ ਪੱਧਰ ’ਤੇ ਛੋਟੇ-ਵੱਡੇ ਤਲਾਬਾਂ ਦੀ ਸਫਾਈ ਲਈ ਮੁਹਿੰਮ ਚਲਾਉਣੀ ਹੋਵੇਗੀ। ਲੋਕਾਂ ’ਚ ਜਾਗਰੂਕਤਾ ਪੈਦਾ ਕਰਨ ਦੀ ਵੀ ਲੋੜ ਹੈ।

# ਕਿਉਂ ਸੁਲਗਿਆ ਲਾਲਗੜ੍ਹ?

ਨਕਸਲਬਾੜੀ ਦੇ ਚਾਰ ਦਹਾਕਿਆਂ ਪਿੱਛੋਂ ਹੁਣ ਲਾਲਗੜ੍ਹ , ਮਾਓਵਾਦੀਆਂ ਦੀ ਅਗਵਾਈ 'ਚ ਆਦਿਵਾਸੀਆਂ ਦੇ ਹਥਿਆਰਬੰਦ ਸੰਘਰਸ਼ ਨੂੰ ਕੁਚਲਣ ਲਈ ਸਰਕਾਰ ਨੂੰ ਭਾਰੀ ਗਿਣਤੀ ਵਿਚ ਅਰਧਸੈਨਿਕ ਬਲ ਤੈਨਾਤ ਕਰਨੇ ਪਏ। ਪਰ ਸੁਆਲ ਇਹ ਹੈ ਕਿ ਲਾਲਗੜ੍ਹ ਦ ਸੁਲਝਣ ਦੀ ਵਜਾਹ ਕੀ ਹੈ। ਅੱਗ ਤਾਂ ਪੰਜ ਸਾਲ ਪਹਿਲਾਂ ਸੁਲਗ ਚੁੱਕੀ ਸੀ। ਸੰਨ 2004 'ਚ ਪੱਛਮੀ ਬੰਗਾਲ ਦੇ ਮੇਦਿਨੀਪੁਰ ਦੇ ਬਿਨਪੁਰ ਬਲਾਕ ਦੇ ਅਸਲਾਸੋਲ 'ਚ ਭੁੱਖ ਨਾਲ ਹੋਈਆਂ 20 ਮੌਤਾਂ ਪਿੱਛੋਂ ਝਮੇਲਾ ਉਠਿਆ। ਰਾਜ ਸਰਕਾਰ ਨੇ ਇਹਨਾਂ ਮੌਤਾਂ ਦਾ ਕਾਰਨ ਆਤਮ ਹੱਤਿਆ ਬੀਮਾਰੀ ਦੱਸਿਆ ਪਰ ਮੀਡੀਆ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਦੀਆਂ ਰਿਪੋਟਾਂ ਨੇ ਸਰਕਾਰ ਨੂੰ ਸਚਾਈ ਮੰਨਣ ਲਈ ਮਜ਼ਬੂਰ ਕਰ ਦਿੱਤਾ। ਮੁੱਖ ਮੰਤਰੀ ਬੁਧਾਦੇਵ ਭੱਟਾਚਾਰੀਆ ਨੂੰ ਵਿਧਾਨ ਸਭਾ 'ਚ ਕਹਿਣਾ ਪਿਆ ਕਿ ਮੌਤਾਂ ਭੁੱਖ ਨਾਲ ਹੋਈਆਂ ਹਨ। ਅਸਲਾਸੋਲ ਵਿਚ ਸਬਰ ਤੇ ਲੋਧਾ ਦੇ 85 ਪ੍ਰੀਵਾਰਾਂ ਦੇ ਲਗਭਗ 400 ਤੋਂ 500 ਲੋਕ ਰਹਿੰਦੇ ਹਨ। ਪਤਾ ਲੱਗਿਆ ਹੈ ਕਿ ਉਹਨਾਂ ਲੋਕਾਂ ਨੂੰ ਜਿਉਣ ਜੋਗੀਆਂ ਸਹੂਲਤਾਂ ਵੀ ਨਹੀਂ ਮਿਲਦੀਆਂ। ਸਿਹਤ ਕੇਂਦਰ ਤੇ ਪ੍ਰਾਇਮਰੀ ਸਕੂਲ ਤਾਂ ਦੂਰ ਦੀ ਗੱਲ ਪੀਣ ਲਈ ਪਾਣੀ ਵੀ ਨਸੀਬ ਨਹੀਂ। ਉਥੋਂ ਦੇ ਲੋਕਾਂ ਨੂੰ ਅਕਸਰ ਕੀੜੀਆਂ ਦੇ ਅੰਡੇ ਤੇ ਜੰਗਲੀ ਫਲਾਂ, ਜੜ੍ਹਾਂ ਨਾਲ ਹੀ ਆਪਣਾ ਪੇਟ ਭਰਨਾ ਪੈਂਦਾ ਹੈ। ਖੇਤੀ ਤੇ ਨਿਰਭਰ ਇਸ ਇਲਾਕੇ ਵਿਚ ਸਿੰਚਾਈ ਦੀਆਂ ਸਹੂਲਤਾਂ ਨਾ ਹੋਣ ਕਰਕੇ ਖੇਤੀ ਨਾਮਾਤਰ ਹੀ ਹੁੰਦੀ ਹੈ। ਅਜਿਹੇ 'ਚ ਲੋਕਾਂ ਨੂੰ ਆਸ ਪਾਸ ਦੇ ਸੁਦੂਰਵਰਤੀ ਪਿੰਡਾਂ ਵਿਚ 25 ਰੁਪਏ ਰੋਜ਼ਾਨਾ ਮਜ਼ਦੂਰੀ ਲਈ ਭਟਕਣਾ ਪੈਂਦਾ ਹੈ। ਜਦ ਕਿ ਸਰਕਾਰ ਨੇ ਘੱਟੋ ਘੱਟ ਮਜ਼ਦੂਰੀ 81 ਰੁਪਏ ਤਹਿ ਕੀਤੀ ਹੋਈ ਹੈ। ਸੰਨ 2001 'ਚ ਬੀ ਪੀ ਐਲ ਕਾਰਡ ਦੀ ਸਹੂਲਤ ਗਰੀਬਾਂ ਨੂੰ ਦੇਣ ਦਾ ਐਲਾਨ ਹੋਇਆ ਸੀ ਪਰ ਅਸਲਾਸੋਲ ਤੱਕ ਇਹ ਕਾਰਡ ਨਹੀਂ ਪਹੁੰਚ ਸਕੇ। ਇਥੋਂ ਹੀ ਸ਼ੁਰੂ ਹੋਈ ਸੂਬੇ ਦੇ ਦੂਜੇ ਨਕਸਲਬਾੜੀ ਘੋਲ ਦੀ ਕਹਾਣੀ (ਲਾਲਗੜ੍ਹ ਇਸ ਦਾ ਕੇਂਦਰ ਹੈ। ਅਸਲਾਸੋਲ ਦੀ ਘਟਨਾ ਅਤੇ ਉਸ ਪਿੱਛੋਂ ਆਦਿਵਾਸੀਆਂ 'ਤੇ ਹੋਏ ਅਤਿਆਚਾਰਾਂ ਨੇ ਸੂਬੇ 'ਚ ਮਾਓਵਾਦੀਆਂ ਨੂੰ ਆਪਣੀਆਂ ਜੜ੍ਹਾਂ ਮਜ਼ਬੂਤ ਕਰਨ ਦਾ ਮੌਕਾ ਦਿੱਤਾ ਹੈ) ਸੱਤਰ ਦੇ ਦਹਾਕੇ 'ਚ ਜਿਹਨਾਂ ਨੂੰ ਨਕਸਲਾੜੀ ਕਿਹਾ ਜਾਂਦਾ ਸੀ, ਉਹ ਅੱਜ ਮਾਓਵਾਦੀ ਬਣ ਕੇ ਉੱਭਰੇ ਹਨ। ਪੱਛਮੀ ਬੰਗਾਲ 'ਚ ਹਾਕਮ 'ਖੱਬਿਆਂ' ਦੇ ਕਦੀ ਨਾਹਰਾ ਦਿੱਤਾ ਸੀ, 'ਹਲ ਜਿਸ ਦਾ ਜ਼ਮੀਨ ਉਸਦੀ'। ਇਹ ਨਾਹਰੇ ਦੇ ਦੁਆਲੇ ਹੀ ਨਕਸਲਬਾੜੀ ਅੰਦੋਲਨ ਉਸਰਿਆ ਸੀ। ਨਕਸਲਬਾੜੀ ਪੱਛਮੀ ਬੰਗਾਲ 'ਚ ਇਕ ਪਿੰਡ ਦਾ ਨਾਂ ਹੈ ਜਿੱਥੇ 1967 'ਚ ਚਾਰੂ ਮਜ਼ੂਮਦਾਰ ਤੇ ਕਾਨੂੰ ਸਨਿਆਲ ਕਨਈਆ ਚੈਟਰਜੀ ਦੀ ਅਗਵਾਈ 'ਚ ਉਸ ਵੇਲੇ ਦੀ ਹਕੂਮਤ ਖਿਲਾਫ ਇਕ ਹਿੰਸਕ ਅੰਦੋਲਨ ਦੀ ਸ਼ੁਰੂਆਤ ਹੋਈ। ਬਗਾਵਤ ਤਦ ਭਟਕੀ ਜਦ ਜ਼ਮੀਨ ਦੇ ਝਗੜੇ ਕਾਰਨ ਇਕ ਕਿਸਾਨ 'ਤੇ ਜ਼ਮੀਨ ਮਾਲਕ ਦੇ ਕਿਰਾਏ ਦੇ ਗੁੰਡਿਆਂ ਨੇ ਹਮਲਾ ਕਰ ਦਿੱਤਾ। ਪਿੰਡ ਦੇ ਕਿਸਾਨਾਂ ਇਕਜੁਟ ਹੋ ਕੇ ਇਸ ਦਾ ਵਿਰੋਧ ਕੀਤਾ ਤੇ ਹੌਲੀ ਹੌਲੀ ਇਹ ਅੱਗ ਪੂਰੇ ਰਾਜ 'ਚ ਫੈਲ ਗਈ। ਇਸ 'ਚ ਵੱਡੀ ਗਿਣਤੀ 'ਚ ਸੂਬੇ ਦੇ ਵਿਦਿਆਰਥੀ ਵੀ

ਸ਼ਾਮਲ ਹੋਏ। ਦੂਜੇ ਰਾਜਾਂ ਦੇ ਨੌਜਵਾਨਾਂ, ਬੁਧੀਜੀਵੀਆਂ ਤੇ ਕਲਾਕਾਰਾਂ 'ਤੇ ਵੀ ਇਸ ਦਾ ਡੂੰਘਾ ਅਸਰ ਪਿਆ। ਅੰਦੋਲਨ ਦੇ ਸੂਤਰਧਾਰ ਚਾਰ ਮਜ਼ੂਮਦਾਰ ਮਾਓ-ਜੇ-ਤੁੰਗ ਦੇ ਵਿਚਾਰਾਂ ਦੇ ਪੈਰੋਕਾਰ ਸਨ। ਉਹਨਾਂ ਦਾ ਕਹਿਣਾ ਸੀ ਕਿਸਾਨੀ ਤੇ ਮਜ਼ਦੂਰਾਂ ਨੂੰ ਹਕੂਮਤ ਤੇ ਉਚ ਵਰਗ ਕੋਲੋਂ ਸੱਤਾ ਖੋਹ ਲੈਣੀ ਚਾਹੀਦੀ ਹੈ। ਕਿਉਂਕਿ ਇਹੀ ਉਹਨਾਂ ਦੀ ਦੁਰਦਸ਼ਾ ਲਈ ਜ਼ੁੰਮੇਵਾਰ ਹਨ। ਮਜ਼ੂਮਦਾਰ ਦੀ ਨੀਤੀ ਸੀ ਕਿ ਇਨਕਲਾਬ ਲਈ ਛੋਟੇ ਛੋਟੇ ਹਥਿਆਰਬੰਦ ਦਸਤੇ ਤਿਆਰ ਕੀਤੇ ਜਾਣ ਤੇ ਹਰ ਤਰ੍ਹਾਂ ਦੇ ਜਮਾਤੀ ਦੁਸ਼ਮਣਾਂ ਦਾ ਸਫਾਇਆ ਕੀਤਾ ਜਾਵੇ। ਉਹਨਾਂ ਦੇ ਇਸ ਵਿਚਾਰ ਦਾ ਅਜਿਹਾ ਅਸਰ ਹੋਇਆ ਕਿ ਵਿਦਿਆਰਥੀਆਂ ਨੇ ਪੁਲਸ ਸਰਕਾਰੀ ਅਧਿਕਾਰੀਆਂ 'ਤੇ ਹਮਲੇ ਸ਼ੁਰੂ ਕਰ ਦਿੱਤੇ। ਸਰਕਾਰ ਨੇ ਇਸ ਅੰਦੋਲਨ ਨੂੰ ਕੁਚਲਣ ਦੀ ਠਾਨ ਲਈ। ਪੱਛਮੀ ਬੰਗਾਲ ਦੇ ਉਸ ਵੇਲੇ ਦੇ ਮੁੱਖ ਮੰਤਰੀ ਸਿਧਾਰਥ ਸ਼ੰਕਰ ਰਾਏ ਨੇ ਕਾਫੀ ਅਤਿਆਚਾਰੀ ਢੰਗ ਨਾਲ ਇਸ ਅੰਦੋਲਨ ਨੂੰ ਦਬਾਇਆ। ਪੁਲਸ ਨੇ ਕਾਨੂੰਨ ਤੇ ਮਨੁੱਖੀ ਅਧਿਕਾਰਾਂ ਦੀਆਂ ਧੱਜੀਆਂ ਉਡਾਈਆਂ।

ਇਸ ਅੰਦੋਲਨ ਦੇ ਚਾਰ ਦਹਾਕੇ ਪਿੱਛੋਂ ਪੱਛਮੀ ਬੰਗਾਲ 'ਚ ਨਕਸਲਵਾਕੀਆਂ ਤੇ ਮਾਓਵਾਦੀਆਂ ਨੇ ਆਮ ਲੋਕਾਂ ਅੰਦਰ ਆਪਣਾ ਪ੍ਰਭਾਵ ਖੇਤਰ ਵਿਕਸਤ ਕਰ ਲਿਆ ਹੈ। ਪਹਿਲੀ ਨਜ਼ਰ ਵਿਚ ਤਾਂ ਲਾਲਗੜ੍ਹ ਇਕ ਸ਼ਾਂਤ ਆਮ ਪਿੰਡ ਵਰਗਾ ਲੱਗਦਾ ਹੈ ਪਰ ਇਸ ਖਾਮੋਸ਼ੀ ਦੇ ਥੱਲੇ ਮਾਓਵਾਦੀਆਂ ਦਾ ਲਾਵਾ ਸੁਲਗ ਰਿਹਾ ਸੀ। ਪੱਛਮੀ ਮੇਦਿਨੀਪੁਰ ਦਾ ਇਹ ਇਲਾਕਾ ਰਾਜਧਾਨੀ ਕਲਕੱਤੇ ਤੋਂ 180 ਕਿਲੋਮੀਟਰ ਦੂਰ ਹੈ। ਪਿੰਡ ਦੇ ਅਨਪੜ੍ਹ ਲੜਕਿਆਂ ਵਿਚ ਵੀ ਮਾ. ਕਾ. ਪਾ. ਪ੍ਰਸਾਸ਼ਨ 'ਚ ਵਿਆਪਕ ਭਰਿਸ਼ਟਾਚਾਰ ਪ੍ਰਤੀ ਰੋਸ ਰਿਹਾ ਹੈ। ਬੀਤੇ 30 ਸਾਲਾਂ 'ਚ ਖੱਬੇ ਮੋਰਚੇ ਨੇ ਦੂਰ ਦੁਰਾਡੇ ਪਿੰਡਾਂ ਨੂੰ ਜੋੜਨ ਲਈ ਸੜਕਾਂ ਵੀ ਨਹੀਂ ਬਣਵਾਈਆਂ ਹਨ। ਅਸਲਾਸੋਲ ਅਤੇ ਆਮਝੋਰਾ 'ਚ ਭੁੱਖਮਰੀ ਨਾਲ ਹੋਈਆਂ ਮੌਤਾਂ ਦਾ ਜੋ ਮਾਮਲਾ ਸਾਹਮਣੇ ਆਇਆ ਸੀ, ਉਹ ਸੂਬਾ ਸਰਕਾਰ ਦੀ ਨਾਕਾਮੀ ਦਾ ਸਾਫ ਸਬੂਤ ਕਿਹਾ ਜਾ ਸਕਦਾ ਹੈ। ਇਥੋਂ ਤੱਕ ਕਿ ਕੌਮੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ ਵੀ ਅਯੋਧਿਆ ਹਿਲਜ਼ ਤੇ ਬੇਲਪਹਾੜੀ ਦੇ ਜੰਗਲਾਤ ਨਾਲ ਲੱਗੇ ਪਿੰਡਾਂ ਦੇ ਲੋਕਾਂ ਦੀ ਹਾਲਤ ਸੁਧਾਰਨ ਵਿਚ ਨਾਕਾਮ ਰਹੀ ਹੈ। ਇਹਨਾਂ 'ਚੋਂ ਕਿਸੇ ਨੂੰ ਵੀ ਸੌ ਦਿਨ ਦਾ ਰੁਜ਼ਗਾਰ ਨਹੀਂ ਮਿਲ ਸਕਿਆ। ਉਹਨਾਂ ਕੋਲ ਆਪਣੀ ਕੋਈ ਜ਼ਮੀਨ ਨਹੀਂ ਹੈ। ਵੈਸੇ ਵੀ ਇਸ ਇਲਾਕੇ 'ਚ ਖੇਤੀ ਦਾ ਕੰਮ ਬਾਰਸ਼ ਦੇ ਦਿਨਾਂ 'ਚ ਹੀ ਹੋ ਸਕਦਾ ਹੈ। ਸਥਾਨਕ ਲੋਕਾਂ ਨੂੰ ਜ਼ਮੀਨ ਮਾਲਕਾਂ ਤੋਂ ਕੰਮ ਮੰਗਣਾ ਪੈਂਦਾ ਹੈ। ਸੈਂਕੜੇ ਲੋਕ ਕੰਮ ਦੀ ਤਲਾਸ਼ 'ਚ ਹਨ ਜੇ ਸੌ ਦਿਨ ਦਾ ਕੰਮ ਮਿਲ ਜਾਵੇ ਤਾਂ ਬਹੁਤ ਵੱਡੀ ਗੱਲ ਹੈ। ਆਮ ਲੋਕਾਂ 'ਚ ਵੱਧ ਫੁਟ ਰਹੇ ਰੋਸ ਨੂੰ ਮਾਕਪਾ (ਮਾਓਵਾਦੀ) ਦੇ ਕਿਸ਼ਨ ਉਰਫ਼ ਕੋਟੇਕਸ਼ਰ ਰਾਓ ਵਰਗੇ ਨੇਤਾਵਾਂ ਨੇ ਆਪਣਾ ਹਥਿਆਰ ਬਣਾਇਆ ਹੈ। ਨਕਸਲਬਾੜੀ ਦਾ ਅੰਦੋਲਨ ਵੱਡੇ ਭੋਇੰ ਮਾਲਕਾਂ ਦੇ ਖਿਲਾਫ ਸੀ ਪਰ ਅੱਜ ਦਾ ਮਾਓਵਾਦੀ ਅੰਦੋਲਨ ਉਸ ਤੋਂ ਭਿੰਨ ਨਹੀਂ ਹੈ। ਇਸ ਦੇ ਨਾਲ ਨਾਲ ਇਹ ਅੰਦੋਲਨ ਯੋਜਨਾਵਾਂ ਤੇ ਸਥਾਨਕ ਭਰਿਸ਼ਟ ਹਾਕਮ ਜਮਾਤ ਦੇ ਨੇਤਾਵਾਂ ਖਿਲਾਫ ਵੀ ਹੈ। ਉਹਨਾਂ ਦਾ ਸਾਥ ਦੇਣ ਵਾਲੀ ਪੁਲਸ ਵੀ ਮਾਓਵਾਦੀਆਂ ਦੇ ਨਿਸ਼ਾਨੇ 'ਤੇ ਹੈ। ਬਿਨਪੁਰ ਦੇ ਇਕ ਦੋ ਜਾਂ ਤਿੰਨ ਡਵੀਜ਼ਨਾਂ ਮਾਓਵਾਦੀ ਸਰਗਰਮ ਹਨ ਝਾਰਖੰਡ ਦੀ ਹੱਦ ਨਾਲ ਦੇ ਇਸ ਇਲਾਕੇ ਨੂੰ ਆਂਧਰਾ ਪ੍ਰਦੇਸ਼ ਝਾਰਖੰਡ ਬਿਹਾਰ ਤੇ ਉੜੀਸਾ

ਦੇ ਮਾਓਵਾਦੀ ਕੋਰੀਡੋਰ ਵਜੋਂ ਵਰਤਦੇ ਹਨ। ਪਿੱਛੇ ਜਿਹੇ ਜਾਰੀ ਕੇਂਦਰ ਸਰਕਾਰ ਦੀ ਇਕ ਰਿਪੋਟ 'ਚ ਕਿਹਾ ਗਿਆ ਹੈ ਕਿ ਪੱਛਮੀ ਬੰਗਾਲ ਦੇ ਪਿੰਡਾਂ 'ਚ ਲੋਕਾਂ ਦੇ ਮਨ 'ਚ ਧੜਕ ਰਹੇ ਰੋਸ ਦਾ ਕਾਰਨ ਬੇਰੁਜ਼ਗਾਰੀ ਤੇ ਗਰੀਬੀ ਹੈ। ਪਰਿਸ਼ਮ 'ਚ ਸਿਰਫ 0.63% ਜਦ ਕਿ ਪੂਰਬੀ ਮੇਦਿਨੀਪੁਰ 'ਚ ਸਿਰਫ਼ 0.87 ਫੀਸਦੀ ਲੋਕਾਂ ਨੂੰ ਨਰੇਗਾ ਦਾ ਲਾਭ ਮਿਲ ਸਕਿਆ ਹੈ। ਮਾਓਵਾਦੀਆਂ ਦਾ ਪ੍ਰਭਾਵ ਵਧਣ ਦਾ ਇਹ ਸਭ ਤੋਂ ਵੱਡਾ ਕਾਰਨ ਹੈ।

ਬੀਤੇ ਸਾਲ 2 ਨਵੰਬਰ ਨੂੰ ਕੇਂਦਰੀ ਮੰਤਰੀ ਰਾਮ ਵਿਲਾਸ ਪਾਸਵਾਨ, ਰਾਜ ਮੰਤਰੀ ਜਿਤਿਨ ਪ੍ਰਸ਼ਾਦ ਤੇ ਉਦਯੋਗਪਤੀ ਜਿੰਦਲ ਤੇ ਮੁੱਖ ਮੰਤਰੀ ਬੁਧਾਦੇਵ ਭੱਟਾਚਾਰੀਆ ਉਸ ਸਮੇਂ ਵਾਲ ਵਾਲ ਬਚ ਗਏ ਸਨ ਜਦ ਮਾਓਵਾਦੀਆਂ ਨੇ ਉਹਨਾਂ ਦੇ ਕਾਫਲੇ 'ਤੇ ਹਮਲਾ ਕੀਤਾ ਸੀ। ਅੱਧੀ ਦਰਜਨ ਲੋਕਾਂ ਨੂੰ ਇਸ ਘਟਨਾ ਦੇ ਸਿਲਸਿਲੇ 'ਚ ਗ੍ਰਿਫਤਾਰ ਕੀਤਾ। ਇਸ ਪਿੱਛੋਂ ਲਾਲਗੜ੍ਹ 'ਚ ਅੰਦੋਲਨ ਸੁਲਗਦਾ ਗਿਆ। ਲੋਕਾਂ ਨੇ 'ਪੁਲਸ ਸੰਤ੍ਰਾਸ' ਵਿਰੋਧੀ ਲੋਕ ਕਮੇਟੀ ਬਣਾਈ ਜਿਸ ਦੀ ਅਗਵਾਈ ਛਤਰਧਮ ਮਹਿਤੋ ਤੋਂ ਕਰ ਰਹੇ ਹਨ। ਸਰਕਾਰ ਨੂੰ ਇਸ ਨਾਲ ਨਿਪਟਣ ਲਈ ਕੋਈ ਆਦਿਵਾਸੀ ਦਿਸਦਾ ਆਦਿਵਾਸੀਆਂ ਨੇ ਕਈ ਸੜਕਾਂ ਕੱਟ ਦਿੱਤੀਆਂ ਜਾਂ ਫਿਰ ਉਨ੍ਹਾਂ ਤੇ ਪੇਟ ਸੁੱਟ ਕੇ ਆਵਾਜਾਈ ਠੱਪ ਕਰ ਦਿੱਤੀ। ਸਿੱਟੇ ਵਜੋਂ ਇਲਾਕੇ ਦਾ ਸੰਪਰਕ ਸਮੁੱਚੇ ਦੇਸ਼ ਨਾਲੋਂ ਕੱਟਿਆ ਗਿਆ।

ਪੱਛਮੀ ਬੰਗਾਲ ਦੇ ਪਰਿਸ਼ਮਾ ਜ਼ਿਲੇ ਦੇ ਲਾਲਗੜ੍ਹ, ਬੇਲਪਹਾੜੀ, ਰਾਮਗੜ੍ਹ ਜੋਬਨੀ, ਸ਼ਾਲਬਨੀ, ਗਵਾਲਤੋੜ ਪੁਲਸ ਥਾਣਾ ਖੇਤਰਾਂ ਦੇ ਪਿੰਡ ਅਜਾਦ ਹੋ ਗਏ ਇਹਨਾਂ ਪਿੰਡਾਂ ਦੇ ਦੋ ਲੱਖ ਲੋਕ ਕਨੂੰਨ ਨੂੰ ਨਹੀਂ ਮੰਨਦੇ ਅਤੇ ਟੈਕਸ ਵੀ ਨਹੀਂ ਦਿੰਦੇ। ਅੰਦੋਲਨ ਦੀ ਸ਼ੁਰੂਆਤ ਪਿੱਛਲੇ 7 ਨਵੰਬਰ ਤੋਂ ਸ਼ੁਰੂ ਹੋਈ ਸੀ। ਉਸ ਪਿੱਛੋਂ ਲਗਾਤਾਰ ਹਿੰਸਕ ਘਟਨਾਵਾਂ ਹੁੰਦੀਆਂ ਰਹੀਆਂ। 7 ਨਵੰਬਰ ਨੂੰ ਲਾਲਗੜ੍ਹ 'ਚ ਮਾਓਵਾਦੀਆਂ ਦੀ ਅਗਵਾਈ 'ਚ ਅੰਦੋਲਨ ਦੀ ਸ਼ੁਰੂਆਤ ਕੀਤੀ ਗਈ। ਵਿਸਫੋਟ ਪਿੱਛੋਂ ਪੇਂਡੂਆਂ ਦੀ ਗ੍ਰਿਫਤਾਰੀ ਬਾਅਦ ਤੀਰ ਕਮਾਨ ਦੇ ਨਾਲ ਪੇਂਡੂਆਂ ਨੇ ਲਾਲਗੜ੍ਹ ਥਾਣੇ 'ਤੇ ਹਮਲਾ ਕਰ ਦਿੱਤਾ। 22 ਦਸੰਬਰ ਨੂੰ ਪੁਰਲਿਆਂ ਬੇਰਾਡਾ 'ਚ ਤਿੰਨ ਲੋਕਾਂ ਦੀ ਹੱਤਿਆ ਕਰਕੇ ਇੰਸਾਸ ਰਾਇਫਲਾਂ ਲੁੱਟ ਲਈਆਂ ਗਈਆਂ। ਇਸ ਸਾਲ 2 ਫਰਵਰੀ 2009 ਨੂੰ ਮਾਕਪਾ ਨੇਤਾ ਨੰਦ ਲਾਲ ਪਾਲ ਦੀ ਸ਼ਵਯਾਤਰਾ 'ਤੇ ਹਮਲੇ ਦੌਰਾਨ ਖਾਸ ਜੰਗਲ ਦੇ ਪਾਸ ਤਿੰਨ ਪੇਂਡੂਆਂ ਦੀ ਮੌਤ ਹੋ ਗਈ। 25 ਫਰਵਰੀ ਨੂੰ ਬੜਾ ਭੂਮ ਸਟੇਸ਼ਨ 'ਤੇ ਇਕ ਟ੍ਰੇਨ 'ਤੇ ਹਮਲਾ ਕਰਕੇ ਮਾਓਵਾਦੀਆਂ ਨੇ ਦੋ ਜਵਾਨਾਂ ਦੀ ਹੱਤਿਆ ਕਰਕੇ ਅਸਲਾ ਲੁੱਟ ਲਿਆ। 18 ਮਾਰਚ ਨੂੰ ਭੁਲਾਭੇੜਾ 'ਚ ਮਾਕਪਾ ਨੇਤਾ ਦੁਰਗਾ ਦੇਸ਼ਵਾਲੀ ਅਤੇ ਵਰਕਰ ਸੰਤੋਸ਼ ਮਹਤੋ ਦੀ ਹੱਤਿਆ ਕਰ ਦਿੱਤੀ ਗਈ 24 ਅਪ੍ਰੈਲ ਨੂੰ ਤੀਰ, ਧਨੁਸ਼, ਕੁਲਹਾੜੀ ਅਤੇ ਤਲਵਾਰਾਂ ਨਾਲ ਲੈਸ ਹਜ਼ਾਰਾਂ ਦੀ ਗਿਣਤੀ 'ਚ ਆਦਿਵਾਸੀਆਂ ਨੇ ਕੋਲਕਾਤਾ 'ਚ ਮੁਜਾਹਰਾ ਕੀਤਾ। 30 ਅਪ੍ਰੈਲ ਨੂੰ ਜੰਗਲ ਮਹੱਲ 'ਚ ਸਿਲਸਲੇਵਾਰ ਧਮਾਕੇ ਕੀਤੇ ਗਏ ਜਿਹਨਾਂ 'ਚ ਦੋ ਚੋਣ ਅਧਿਕਾਰੀਆਂ ਸਮੇਤ ਇਕ ਡਰਾਈਵਰ ਦੀ ਮੌਤ ਹੋ ਗਈ। 14 ਜੂਨ ਨੂੰ ਲਾਲਗੜ੍ਹ 'ਚ ਹੋਈ ਗੋਲਾਬਾਰੀ ਦੀ ਘਟਨਾ 'ਚ ਤਿੰਨ ਮਾਕਪਾ ਵਰਕਰ ਅਤੇ ਇਕ ਪੀ. ਸੀ. ਏ. ਸਮਰਥਕ ਦੀ ਹੱਤਿਆ ਹੋ ਗਈ। ਅਨੇਕਾਂ ਮਾਕਪਾ ਨੇਤਾਵਾਂ ਅਗਵਾ ਕੀਤੇ ਗਏ ਜਿਹਨਾਂ ਦਾ ਹੁਣ ਤੱਕ ਸੁਰਾਗ ਨਹੀਂ ਮਿਲਿਆ। ਝਾਰਗ੍ਰਾਮ

ਅਨੁਮੰਡਲ ਦੇ ਬੇਲਪਹਾੜੀ, ਜਾਮਬਨੀ, ਗਵਾਲਤੋੜ, ਗੜਵੇਨਾ ਤੇ ਸ਼ਾਲਬਾਨੀ ਅਨੇਕ ਥਾਵਾਂ 'ਤੇ ਸੜਕਾਂ ਵੱਢ ਦਿੱਤੀਆਂ ਗਈਆਂ। 600 ਪੇੜਾਂ ਨੂੰ ਕੱਟ ਕੇ ਗਿਰਾ ਦਿੱਤਾ ਗਿਆ, ਹਾਲਾਂਕਿ ਪਿੱਛੋਂ ਗ੍ਰਿਫਤਾਰ ਕੀਤਿਆਂ 'ਚੋਂ ਸੱਤਾ ਖਿਲਾਫ ਪੜਤਾਲ ਕੀਤੀ ਗਈ ਪਰ ਅਜਿਹਾ ਇਕ ਵੀ ਸਬੂਤ ਹੱਥ ਨਹੀਂ ਲੱਗਿਆ। ਜਿਸ ਤੋਂ ਇਹ ਸਿੱਧ ਹੋ ਸਕੇ ਕਿ ਉਹ ਵਿਸਫੋਟ ਵਿਚ ਸ਼ਾਮਲ ਸਨ। ਉਹਨਾਂ ਲੋਕਾਂ ਖਿਲਾਫ਼ ਪਹਿਲਾਂ ਤੋਂ ਹੀ ਪੁਲਿਸ ਨੇ ਰਜਿਸਟਰ 'ਚ ਐਸੀ ਕੋਈ ਅਪਰਾਧਿਕ ਤੇ ਖਾੜਕੂ ਸਰਗਰਮੀਆਂ ਨਾਲ ਜੁੜੇ ਕੇਸ ਦਰਜ ਨਹੀਂ ਕੀਤੇ। ਇਹਨਾਂ ਹੀ ਗੱਲਾਂ ਨੂੰ ਧਿਆਨ 'ਚ ਰੱਖਦੇ ਹੋਇਆ ਸੱਤ ਲੋਕਾਂ ਨੂੰ ਇਸ ਕੇਸ 'ਚ ਬਰੀ ਕਰਨ ਦਾ ਫੈਸਲਾ ਲਿਆ ਗਿਆ। ਸਰਕਾਰ ਝੁਕਦੀ ਰਹੀ ਸਰਕਾਰ ਦੀ ਦਲੀਲ ਹੈ ਕਿ ਇਸ ਅੰਦੋਲਨ ਪਿੱਛੇ ਮਾਓਵਾਦੀਆਂ ਦਾ ਹੱਥ ਹੈ ਪਰ ਉਹ ਇਸ ਤੋਂ ਅੱਗੇ ਕੁਝ ਨਹੀਂ ਕਰ ਪਾ ਰਹੀ ਸੀ। ਜ਼ਿਲ੍ਹਾ ਪ੍ਰਸਾਸ਼ਨ ਦੀ ਦਲੀਲ ਸੀ ਕਿ ਝਾਰਖੰਡ 'ਚ ਲਗਭਗ ਸੌ ਸੱਕੀ ਮਾਓਵਾਦੀ ਲਾਲਗੜ੍ਹ ਦੇ ਕਠਪਹਾੜੀ ਇਲਾਕੇ 'ਚ ਘੁਸ ਆਏ ਹਨ। ਪੂਰੇ ਖੇਤਰ 'ਚ ਪ੍ਰਸਾਸ਼ਨ ਨਾਂ ਦੀ ਕੋਈ ਚੀਜ਼ ਨਹੀਂ ਰਹਿ ਗਈ। ਇਸ ਮਾਮਲੇ 'ਚ ਰਾਜਨੀਤੀ ਵੀ ਲਗਾਤਾਰ ਗਰਮਾਉਂਦੀ ਗਈ। ਦੋ ਮੁੱਖ ਆਪਸੀ ਵਿਰੋਧੀ ਬਿਆਨ ਦਿੰਦੇ ਰਹੇ। ਸਰਕਾਰ ਹਰਕਤ 'ਚ ਆਈ 18 ਜੂਨ ਨੂੰ ਸੁਰੱਖਿਆ ਬਲਾਂ ਨੇ ਅਪ੍ਰੇਸ਼ਨ ਸ਼ੁਰੂ ਕੀਤਾ। ਸੁਰੱਖਿਆ ਬਲਾਂ ਤੇ 'ਪੁਲਸ ਵਿਰੋਧੀ ਜਾਗਰਣ ਸੰਮਤੀ' ਸਮਰਥਕਾਂ 'ਚ ਜਬਰਦਸਤ ਗੋਲੀਬਾਰੀ ਹੋਈ। ਮੁਹਿੰਮ ਕਿੰਨੀ ਵੱਡੀ ਸੀ ਇਹ ਗੱਲ ਦਾ ਅੰਦਾਜ਼ਾ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਇਸ 'ਚ ਸੀ ਆਰ. ਪੀ. ਐਫ਼ ਰਹੀ ਪੰਜ ਤੇ ਬੀ.ਐਸ.ਐਫ ਦੀਆਂ ਤਿੰਨ ਕੰਪਨੀਆਂ ਨੂੰ ਲਾਉਣਾ ਪਿਆ। ਮੁਹਿੰਮ ਦੇ ਤਿੰਨੇ ਦਿਨ ਪਿੱਛੋਂ ਪੁਲਸ ਲਾਲਗੜ੍ਹ ਪਹੁੰਚ ਸਕੀ। ਪੁਲ ਮੁਹਿੰਮ ਦੀ ਰਫਤਾਰ ਮੱਠੀ ਰਹੀ ਤੇ ਅੰਦੋਲਨਕਾਰੀਆਂ ਨੇ ਮਨੁੱਖੀ ਘੇਰਾ ਤਿਆਰ ਕਰਕੇ ਔਰਤਾਂ ਤੇ ਬੱਚਿਆਂ ਨੂੰ ਅੱਗੇ ਰੱਖਿਆ-ਪੇਂਡੂਆਂ ਦੀ ਆੜ 'ਚ ਆਦਿਵਾਸੀਆਂ ਨੇ ਹਥਿਆਰਬੰਦ ਦਸਤੇ ਤਿਆਰ ਸਨ। ਸੁਰੱਖਿਆ ਬਲਾਂ ਨੇ ਪੰਜ ਬੇਸ ਕੈਂਪ ਬਣਾਏ ਸਨ। ਕੋਬਰਾ ਗਰੁੱਪ ਦੇ ਦੋ ਸੌ ਜਵਾਨ ਵੀ ਤਿਆਰ ਸਨ। ਵਿਆਪਕ ਹਿੰਸਾ ਹੋਈ। ਤਲਾਸੀ ਦੌਰਾਨ ਲੋਕਾਂ ਨੂੰ ਕੁਟਿਆ ਗਿਆ। ਸੁਰਖਿਆ ਬਲਾਂ ਨੂੰ ਰੋਕਣ ਲਈ ਕਈ ਚੈਕ ਪੋਸਟਾਂ ਬਣਾਈਆਂ ਗਈਆਂ।

# ਕੀ ਅਸੀਂ ਪਾਣੀ ਬਾਰੇ ਗਰੀਬ ਹੋ ਗਏ

ਕਈ ਮਾਮਲਿਆਂ 'ਚ ਸਾਨੂੰ ਪਤਾ ਲੱਗਦਾ ਹੈ ਕਿ ਅਸੀਂ ਲੋਕ ਗਰੀਬ ਹਾਂ। ਘੱਟੋ ਘੱਟ ਪਾਣੀ ਦੇ ਮਾਮਲੇ 'ਚ ਅਸੀਂ ਗਰੀਬ ਨਹੀਂ ਹਾਂ। ਕੁਦਰਤ ਨੇ ਸਾਡੇ ਦੇਸ਼ ਨੂੰ ਏਨੀ ਸੁੰਦਰ ਮੌਨਸੂਨ ਦਿੱਤੀ ਹੈ ਜਿਸ 'ਚ ਉਹ ਕਰੀਬ ਅੱਠ ਮਹੀਨੇ ਕੰਮ ਕਰਦਾ ਹੈ। ਅਰਬ ਸਾਗਰ, ਹਿੰਦ ਮਹਾਂਸਾਗਰ ਤੇ ਬੰਗਾਲ ਦੀ ਖਾੜੀ ਦੇ ਸਾਰੇ ਹਿੱਸੇ ਵਿਚ ਅਤੇ ਹਿੰਦੁਸਤਾਨ 'ਚ ਦੋ ਤਰਫ਼ ਤੋਂ ਸੁੰਦਰ ਹਵਾਵਾਂ ਵਰਖਾ ਭੇਜਦੀਆ ਹਨ। ਇਹ ਚਾਰ ਮਹੀਨੇ ਇਸ ਕੋਨੇ ਤੋਂ ਉਸ ਕੋਨੇ ਤੱਕ ਪਾਣੀ ਵਰਸਾਉਂਦੇ ਹਨ। ਇਸ ਲਈ ਕਿਸੇ ਹੋਰ ਸਿਲਸਿਲੇ ਵਿਚ ਅਸੀਂ ਆਪਣੇ ਆਪ ਨੂੰ ਭਾਵੇਂ ਗ਼ਰੀਬ ਮੰਨੀਏ ਪਰ ਪਾਣੀ ਸੰਬੰਧੀ ਅਸੀਂ ਅਮੀਰ ਹਾਂ। ਪਰ ਅਸੀਂ ਇਹ ਅਮੀਰੀ ਆਪਣੇ ਕੋਲ ਰੱਖ ਨਹੀਂ ਸਕੇ। ਪਿਛਲੇ ਇਕ ਲੰਮੇ ਦੌਰ 'ਚ ਸਾਡੀਆਂ ਆਦਤਾਂ ਵਿਗੜ ਗਈਆਂ ਹਨ। ਕੁਝ ਲਾਲਚ ਵੀ ਵਧਿਆ ਹੈ। ਕੁਝ ਸਾਡਾ ਕੰਟਰੋਲ ਕਮਜ਼ੋਰ ਹੋਇਆ ਹੈ। ਬਹੁਤ ਸ਼ਰਲ ਸ਼ਬਦਾਂ 'ਚ ਕਹੀਏ ਤਾਂ ਸਾਡੀਆਂ ਜੇਬਾਂ ਫਟ ਗਈਆਂ ਹਨ ਅਤੇ ਇਹ ਜੋ ਪਾਣੀ ਦਾ ਖਜ਼ਾਨਾ ਦੇ ਕੇ ਕੁਦਰਤ ਨੇ ਅਮੀਰ ਬਣਾਇਆ ਸੀ, ਉਹ ਪਾਣੀ ਫਟੀ ਜੇਬ ਤੋਂ ਨਿਕਲ ਜਾਂਦਾ ਹੈ। ਇਸ ਦੇ ਪਿੱਛੇ ਕਈ ਕਾਰਨ ਹਨ। ਜੇ ਅਸੀਂ ਅੰਗਰੇਜ਼ਾਂ ਦੇ ਆਉਣ ਦਾ ਸਮਾਂ ਦੇਖੀਏ ਤਾਂ ਇਸ ਤੋਂ ਪਹਿਲਾਂ ਤੱਕ ਸਮਾਜ ਨੇ ਪਾਣੀ ਦਾ ਕੰਮ ਕਦੀ ਕਿਸੇ ਹੋਰ ਦੇ ਹੱਥਾਂ 'ਚ ਨਹੀਂ ਦਿੱਤਾ ਸੀ ਅਤੇ ਨਾ ਬਾਜ਼ਾਰ ਨੂੰ ਦਿੱਤਾ ਸੀ। ਉਸ ਨੇ ਇਹ ਕੰਮ ਆਪਣੇ ਹੱਥਾਂ ਵਿਚ ਰੱਖਿਆ ਸੀ ਕਿਉਂਕਿ ਉਸ ਨੂੰ ਲੱਗਦਾ ਸੀ ਕਿ ਪਾਣੀ ਕਿਸੇ ਹੋਰ ਨੂੰ ਸੌਂਪਾਂਗੇ ਤਾਂ ਉਹ ਨਸ਼ਟ ਹੋ ਜਾਵੇਗਾ। ਪਾਣੀ ਉਸ ਦੀ ਜ਼ਿੰਦਗੀ ਦਾ ਇਕ ਵੱਡਾ ਹਿੱਸਾ ਹੈ। ਉਸ ਤੋਂ ਬਿਨ੍ਹਾਂ ਸੱਚਮੁੱਚ ਜੀਵਨ ਨਹੀਂ ਹੈ। 'ਜਲ ਹੀ ਜੀਵਨ ਹੈ' ਵਰਗੇ ਸੁਭਾਸ਼ਿਤ ਪਾਣੀ ਸੰਬੰਧੀ ਮਾਮਲੇ ਨੂੰ ਸਮਝ ਨਾ ਸਕਣ ਕਰਕੇ (ਸ਼ਾਇਦ ਕੁਝ ਸਾਜ਼ਿਸ਼ ਵੀ ਰਹੀ ਹੈ) ਪਾਣੀ ਨੂੰ ਹੌਲੀ ਹੌਲੀ ਹੱਥ 'ਚ ਲੈਣਾ ਸ਼ੁਰੂ ਕੀਤਾ। ਇਕ ਲਾਲਚ ਤਾਂ ਉਨ੍ਹਾਂ ਨੂੰ ਇਹ ਦਿਖਿਆ ਹੋਵੇਗਾ ਕਿ ਪਾਣੀ ਤੇ ਥੋੜ੍ਹਾ ਬਹੁਤ ਟੈਕਸ ਲਾਇਆ ਜਾ ਸਕਦਾ ਹੈ ਪਰ ਉਸ ਨੂੰ ਵੇਚਣ ਦਾ ਭਾਵ ਤਾਂ ਬਿਲਕੁਲ ਨਹੀਂ ਸੀ। ਸ਼ੁਰੂ 'ਚ ਇਹ ਸਿੰਚਾਈ ਕਰ ਦੀ ਤਰ੍ਹਾਂ ਹੀ ਕਿਸਾਨਾਂ ਤੋਂ ਲਿਆ ਗਿਆ ਇਸ ਤੋਂ ਪਹਿਲਾਂ ਹੀ ਸਾਡੇ ਇਥੇ ਸਿੰਚਾਈ ਹੁੰਦੀ ਰਹੀ ਪਰ ਉਸ ਸਮੇਂ ਸਿੰਚਾਈ ਕਰਨ ਦਾ ਢੰਗ ਦੂਜੇ ਤਰ੍ਹਾਂ ਦਾ ਹੁੰਦਾ ਸੀ ਅਤੇ ਉਹ ਕਰ ਵਾਪਸ ਸਿੰਚਾਈ ਦੇ ਪ੍ਰਬੰਧ 'ਚ ਲਾ ਦਿੱਤਾ ਜਾਂਦਾ ਸੀ। ਅੰਗਰੇਜ਼ਾਂ ਨੇਉਸ ਨੂੰ ਦੂਜੇ ਢੰਗ ਨਾਲ ਲਿਆ ਅਤੇ ਜੋ ਪੈਸਾ ਪਾਣੀ ਤੋਂ ਬਟੋਰਿਆ, ਉਸਨੂੰ ਆਪਣੇ ਖਜ਼ਾਨੇ 'ਚ ਭਰ ਦਿੱਤਾ, ਰੱਖ-ਰਖਾਅ' ਸਿਰਫ਼ ਉਨਾ ਹੀ ਪੈਸਾ ਲਾਇਆ ਜਿੰਨਾ ਅਗਲੀ ਵਾਰ ਫਿਰ ਵਸੂਲਿਆ ਜਾ ਸਕੇ। ਇਸ ਤਰ੍ਹਾਂ ਇਹ ਲੰਬੀ ਖੇਡ ਚਲੀ। ਜੋ ਸ਼ਬਦ ਅੱਜ ਅਸੀਂ ਬੜੀ ਆਸਾਨੀ ਨਾਲ ਜਾਣਦੇ ਹਾਂ। ਜਿਵੇ (CPWQ PWD) ਪਬਲਿਕ ਵਰਕਸ, ਜਨ ਕਲਿਆਣ ਦੇ ਵਿਭਾਗ ਇਹ ਸਭ ਅੰਗਰੇਜ਼ਾਂ ਦੇ ਸਮੇਂ ਦੀ ਦੇਣ ਹੈ। ਉਸ ਤੋਂ ਪਹਿਲਾਂ ਵੀ ਜਨ-ਕਲਿਆਣ ਦੇ ਕੰਮ ਹੁੰਦੇ ਸਨ ਪਰ ਬਿਨ੍ਹਾਂ ਕਿਸੇ ਵਿਭਾਗ ਦੇ ਹੁੰਦੇ ਸਨ। ਇਹ ਸਾਰੇ ਕੰਮ ਸਮਾਜ ਆਪਣੇ ਹੱਥ ਵਿਚ ਰੱਖਦਾ ਸੀ ਅਤੇ ਛੋਟੇ ਤੋਂ ਵੱਡੇ ਇਲਾਕਿਆਂ ਤੱਕ ਉਹੀ ਉਸ ਦਾ ਪ੍ਰਬੰਧ ਕਰਦਾ

ਸੀ।

ਇਹ ਬਹੁਤ ਲੰਬਾ ਕਿੱਸਾ ਹੈ ਪਰ ਏਨਾ ਮੰਨਣਾ ਚਾਹੀਦਾ ਹੈ ਕਿ ਉਦੋਂ ਸਾਡੇ ਦੇਸ਼ 'ਚ ਕੋਈ ਇੰਜਨੀਅਰਿੰਗ ਕਾਲਜ ਨਹੀਂ ਸੀ, ਸਿਵਲ ਇੰਜਨੀਰਿੰਗ ਨਾਂ ਦੀ ਕੋਈ ਡਿਗਰੀ ਨਹੀਂ ਸੀ ਹੁੰਦੀ, ਡਿਪਲੋਮਾ ਨਹੀਂ ਹੁੰਦਾ ਸੀ। ਪਰ ਪੂਰੇ ਦੇਸ਼ 'ਚ ਪਿੰਡ-ਪਿੰਡ, ਸ਼ਹਿਰ-ਸ਼ਹਿਰ, ਕਸਬਿਆਂ 'ਚ, ਵੱਡੇ ਸ਼ਹਿਰਾਂ, ਛੋਟੇ ਪਿੰਡਾਂ 'ਚ ਪਾਣੀ ਦੇ ਇੰਜੀਨੀਅਰ ਹੁੰਦੇ ਸਨ। ਉਨ੍ਹਾਂ ਕੋਲ ਪੰਜ ਸਾਲਾਂ ਕੋਈ ਡਿਗਰੀ ਨਹੀਂ ਸੀ ਹੁੰਦੀ, ਪਰ ਉਨ੍ਹਾਂ ਦੇ ਨਾਲ ਪੂਰਾ ਸਮਾਜ ਹੁੰਦਾ ਸੀ, ਪੰਜ ਸੌ ਸਾਲ ਦਾ ਅਨੁਭਵ ਹੁੰਦਾ ਸੀ। ਇਹ ਵੱਡੀ ਡਿਗਰੀ ਸੀ। ਉਨ੍ਹਾਂ ਨਾਲ ਪਾਣੀ ਦਾ ਕੰਮ ਚਲਾਉਂਦੇ ਸਨ। ਕੁਦਰਤ ਸਾਡੇ 'ਤੇ ਬਹੁਤ ਮਿਹਰਬਾਨ ਰਹੀ ਹੈ। ਜਿਥੇ ਬੱਦਲਾਂ ਦਾ ਪਹੁੰਚਣਾ ਬਹੁਤ ਘੱਟ ਹੁੰਦਾ ਹੈ, ਉਸ ਰੇਗਿਸਤਾਨ ਤੱਕ ਪਾਣੀ ਦੀ ਘਾਟ ਨਹੀਂ ਹੁੰਦੀ ਸੀ। ਉਨ੍ਹਾਂ ਨੇ ਅਜਿਹੇ ਕਈ ਤਰੀਕੇ ਕੱਢੇ ਸਨ। ਮਾਰੂ ਰਾਜ ਦੇ ਛੋਟੇ ਤੋਂ ਛੋਟੇ ਪਿੰਡ ਵਿਚ, ਜਿਥੇ ਧਰਤੀ ਹੇਠਲਾ ਪਾਣੀ ਪੂਰਾ ਖਾਰਾ ਹੈ ਅਤੇ ਸ਼ਾਇਦ ਦਿਲੀ ਦੀ ਤੁਲਨਾ ਜਾਂ ਉਦਾਹਰਣ ਤੋਂ ਵੇਖੀਏ ਤਾਂ ਦਿਲੀ ਦਾ ਵੀਹਵਾਂ ਹਿੱਸਾ ਵੀ ਪਾਣੀ ਉਥੇ ਨਹੀਂ ਵਰਸਦਾ, ਉਥੋਂ ਦੇ ਲੋਕਾਂ ਨੇ ਉਸ ਛੋਟੀ ਜਿਹੀ ਬੂੰਦ ਨੂੰ ਵੀ ਕਿਸ ਤਰ੍ਹਾਂ ਸੁਰੱਖਿਅਤ ਤਰੀਕੇ ਨਾਲ ਕੱਢੀਏ ਅਤੇ ਉਸ ਵਿਚ ਸਾਲ ਭਰ ਆਪਣਾ ਕੰਮ ਚਲਾਉਣ, ਉਹ ਅੱਜ ਵੀ ਸਿੱਖਣ ਲਾਇਕ ਹੈ।

ਸਮਾਜ ਤੇ ਰਾਜ ਵਿਚਾਲੇ ਜੋ ਪਾਣੀ ਦੀ ਵੰਡ ਹੋਈ, ਉਹ ਮੋਟੇ ਤੌਰ 'ਤੇ ਅੰਗਰੇਜ਼ਾਂ ਦੇ ਆਉਣ ਤੋਂ ਬਾਅਦ ਸ਼ੁਰੂ ਅਤੇ 1947 ਦੀ ਸੱਤਾ ਬਦਲੀ ਤੋਂ ਪਿੱਛੋਂ ਵੀ ਚਲਦੀ ਆ ਰਹੀ ਹੈ। ਅੱਜ ਕੁਲ ਮਿਲਾ ਕੇ ਸਥਿਤੀ ਇਹ ਹੈ ਕਿ ਅਜੇ ਤਾਂ ਅਸੀਂ ਲੋਕ ਗਰਮੀ ਦੇ ਦਿਨਾਂ 'ਚ ਪਾਣੀ ਦੀ ਗੱਲ ਕਰ ਰਹੇ ਹਾਂ। ਪਰ ਪਿਛਲੇ ਦਸੰਬਰ 'ਚ ਠੰਢ ਦੇ ਮੌਸਮ ਵਿਚ ਵੀ ਦੇਸ਼ ਦੇ ਕਈ ਸ਼ਹਿਰਾਂ 'ਚ ਪਾਣੀ ਦੀ ਦਿੱਕਤ ਸ਼ੁਰੂ ਹੋ ਗਈ ਸੀ। ਸੰਸਾਰ ਭਰ 'ਚ ਪਾਣੀ ਕਾਰਨ ਕਿਧਰੇ ਗੋਲੀ ਚੱਲਦੀ ਹੈ ਤਾਂ ਕਿਧਰੇ ਝਗੜਾ ਹੁੰਦਾ ਹੈ।

ਇਕ ਸੌਖੀ ਮੁਹੱਈਆ ਚੀਜ਼ ਨੂੰ ਅਸੀਂ ਕਿੰਨਾ ਔਖਾ ਬਣਾ ਦਿੱਤਾ ਹੈ। ਆਪਣੇ ਲਾਲਚ ਕਾਰਨ ਉਸ ਨੂੰ ਬਾਜ਼ਾਰ ਨੂੰ ਸੌਂਪ ਕੇ, ਸਰਕਾਰ ਨੂੰ ਸੌਂਪ ਕੇ, ਇਸ 'ਤੇ ਕਦੀ ਨਾ ਕਦੀ ਦੁਬਾਰਾ ਸੋਚਣਾ ਹੋਵੇਗਾ। ਅੱਜ ਜੋ ਪਾਣੀ ਨਦੀਆਂ ਵਿਚ ਹੈ, ਜੋ ਸਤਹਿ ਤੇ ਤਲਾਬਾਂ 'ਚ ਹੈ, ਉਹ ਬਹੁਤ ਘੱਟ ਹੈ, ਤੇ ਦੂਜਾ ਪ੍ਰਦੂਸ਼ਿਤ ਵੀ ਹੋ ਰਿਹਾ ਹੈ। ਅੱਜ ਇਕ ਅੱਧ ਨਦੀਆਂ ਦਾ ਵਿਗੜਿਆ ਰੂਪ ਛੱਡ ਵੀ ਦੇਈਏ-ਜਿਵੇਂ ਨਰਬਦਾ ਦਾ ਕੁਝ ਹਿੱਸਾ ਤਾਂ ਗੰਗਾ ਸਮੇਤ ਇਕ ਵੀ ਐਸੀ ਨਦੀ ਨਹੀਂ ਹੈ ਜੋ ਨਾਲੇ 'ਚ ਨਾ ਬਦਲ ਗਈ ਹੋਵੇ। ਅਜਿਹਾ ਮੰਨਿਆ ਜਾਂਦਾ ਹੈ ਕਿ 1974 'ਚ ਨਦੀ ਪ੍ਰਦੂਸ਼ਣ ਤੇ ਜਲ ਪ੍ਰਦੂਸ਼ਣ ਅਤੇ ਹੱਲ ਇਹ ਦੋ ਸ਼ਬਦ ਹਨ। ਉਸ ਵਿਚ ਕੰਟਰੋਲ ਵੀ ਸੀ, ਉਸ ਲਈ ਕਾਨੂੰਨ ਵੀ ਬਣੇ ਸਨ। ਪਤਾ ਨਹੀਂ ਇਹ ਕਾਨੂੰਨ ਕਿਵੇਂ ਲਾਗੂ ਹੋਏ। ਸਾਡੇ ਦੇਸ਼ 'ਚ ਤਾਂ ਕਦੀ ਵੀ ਨਦੀ ਤੇ ਪਾਣੀ ਦੇ ਹਿੱਸੇ 'ਤੇ ਇੰਨ੍ਹਾਂ ਦਾ ਕੋਈ ਵੀ ਅਸਰ ਦਿਖਾਈ ਨਹੀਂ ਦਿੱਤਾ, ਨਾ ਤਾਂ ਕੰਟਰੋਲ ਹੋਇਆ ਤੇ ਨਾ ਹੀ ਕੋਈ ਹੋਰ ਹੱਲ ਹੋਇਆ ਪਰ ਵਿਭਾਗ ਬਣੇ, ਉਨ੍ਹਾਂ ਦਾ ਬਜਟ ਬਣਿਆ, ਤਨਖਾਹਾਂ ਦਿੱਤੀਆਂ ਗਈਆਂ, ਵੱਡੇ ਪ੍ਰੋਗਰਾਮ ਹੋਏ, ਕੈਲੰਡਰ ਛਪੇ, ਡਾਇਰੀਆਂ ਛਪੀਆਂ ਪਰ ਨਦੀ ਕੋਈ ਸਾਫ ਨਹੀਂ ਹੋਈ ਅਤੇ ਨਾ ਹੀ ਕੋਈ ਤਲਾਅ ਸਾਫ ਹੋਇਆ ਹੈ ਇਹ ਬਹੁਤ ਦਾਅਵੇ ਨਾਲ ਕਿਹਾ ਜਾ

ਸਕਦਾ ਹੈ। ਅਸੀਂ ਅਕਸਰ ਨਦੀ ਪ੍ਰਦੂਸ਼ਣ ਦਾ ਦੋਸ਼ ਕੁਝ ਫੁਲ ਸੁੱਟਣ ਵਾਲਿਆਂ ਤੇ ਲਾ ਦਿੱਤਾ, ਇਸ ਲਈ ਤੁਸੀਂ ਵੇਖੋਗੇ ਕਿ ਸ਼ਹਿਰ ਨੂੰ ਪਾਰ ਕਰਨ ਲਈ ਯਮੁਨਾ 'ਤੇ ਜਿੰਨੇ ਪੁਲ ਬਣੇ ਹਨ ਉਨ੍ਹਾਂ ਸਾਰਿਆਂ ਤੇ ਜਾਲੀ ਲੱਗੀ ਹੈ ਕਿ ਤੁਸੀਂ ਫੁੱਲ ਨਾ ਸੁੱਟ ਸਕੋ ਸਿਰਫ਼ ਫੁੱਲ ਸੁੱਟਣ ਨਾਲ ਨਦੀ ਪ੍ਰਦੂਸ਼ਿਤ ਹੁੰਦੀ ਹੋਵੇ ਤਾਂ ਅਜਿਹਾ ਮੰਨਣਾ ਅਜੀਬ ਲੱਗਦਾ ਹੈ। ਇਨ੍ਹਾਂ ਨਦੀਆਂ 'ਚ ਪੂਰੇ ਵੱਡੇ-ਵੱਡੇ ਸ਼ਹਿਰਾਂ ਦੇ ਗੰਦ ਤੇ ਪੇਸ਼ਾਬ-ਇਹ ਸ਼ਬਦ ਭਾਵੇਂ ਅੱਛੇ ਨਾ ਲੱਗਣ-ਸਿੱਧੇ ਗਏ ਹਨ, ਇਨ੍ਹਾਂ ਨਦੀਆਂ ਵਿਚ ਸਨਅਤੀ ਇਕਾਈਆਂ ਦੇ ਜ਼ਹਿਰੀਲੇ ਕਚਰੇ ਸਿੱਧ-ਸਿੱਧੇ ਸੁੱਟੇ ਗਏ ਹਨ, ਬਿਨ੍ਹਾਂ ਕੋਈ ਸਫਾਈ ਦਾ ਇੰਤਜ਼ਾਮ ਕੀਤੇ। ਜਿਥੇ ਟਨਾ 'ਚ ਕਚਰਾ ਮਿਲਦਾ ਹੋਵੇ ਉਸ 'ਚ ਗੁਲਾਬ ਦੀਆਂ ਪਾਖੰਡੀਆਂ ਕੁਝ ਨਹੀਂ ਵਿਗਾੜਨ ਵਾਲੀਆਂ। ਪਰ ਪ੍ਰਦੂਸ਼ਣ ਦੀ ਤਰਫ਼ ਲੋਕਾਂ ਦਾ ਧਿਆਨ ਨਹੀਂ ਹੈ। ਗੰਗਾ ਅਥਾਰਟੀ ਬਣ ਗਈ ਹੈ। ਗੰਗਾ ਨੂੰ ਸਰਕਾਰ ਨੇ ਰਾਸ਼ਟਰੀ ਨਦੀ ਐਲਾਨ ਦਿੱਤਾ ਹੈ। ਇਸ ਦਾ ਕੀ ਅਰਥ ਹੁੰਦਾ ਹੈ, ਇਹ ਅਜੇ ਪਤਾ ਨਹੀਂ ਹੈ ਇਸ ਲਈ ਪਾਣੀ ਸਬੰਧੀ ਬੇਹੱਦ ਅਮੀਰ ਹੁੰਦੇ ਹੋਏ ਵੀ ਅਸੀਂ ਅੱਜ ਗਰੀਬ ਹਾਂ।

ਸਾਡੀ ਜੇਬ ਫਟੀ ਹੈ, ਇਸ ਨੂੰ ਟੰਕਾ ਲਾਉਣ ਜਾਂ ਸੀਣ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ ਤੇ ਫਿਰ ਤੋਂ ਪਾਣੀ 'ਤੇ ਧਿਆਨ ਦੇਣਾ ਚਾਹੀਦਾ ਹੈ ਨਹੀਂ ਤਾਂ ਇਹ ਸੰਕਟ ਸਾਨੂੰ ਵੱਡੀ ਘੁੰਮਣਘੇਰੀ 'ਚ ਧੱਕ ਦੇਵੇਗਾ ਕਿ ਅਸੀਂ ਉਸ 'ਚ ਤੈਰ ਕੇ ਵੀ ਨਹੀਂ ਨਿਕਲ ਸਕਾਂਗੇ।

# ਕਿਵੇਂ ਯੌਨ ਦੀ ਨਿਲਾਮੀ 'ਚ ਫਸੀਆਂ ਸ਼ਹਿਜਾਦੀਆਂ?

ਇਹਨੀ ਦਿਨੀਂ ਯੂਰਪ ਤੇ ਅਮਰੀਕਾ 'ਚ ਇਕ ਨਵਾਂ ਰੁਝਾਣ ਬਣਦਾ ਜਾ ਰਿਹਾ ਹੈ ਜਿਸ ਨਾਲ ਉਥੋਂ ਦੀਆਂ ਵਿਦਿਆਰਥਣਾਂ ਆਪਣੇ ਕੁਆਰੇਪਣ ਨੂੰ ਨਿਲਾਮ ਕਰਨ ਲਈ ਬਕਾਇਦਾ ਇਸ਼ਤਿਹਾਰ ਦੇ ਰਹੀਆਂ ਹਨ। ਇਸ ਨੂੰ ਸਹੀ ਠਹਿਰਾਉਣ ਲਈ ਦਲੀਲ ਦਿੱਤੀ ਜਾ ਰਹੀ ਹੈ ਕਿ ਉਨ੍ਹਾਂ ਨੂੰ ਪੈਸੇ ਦੀ ਲੋੜ ਹੈ, ਉਹ ਆਪਣੀ ਪੜ੍ਹਾਈ ਪੂਰੀ ਕਰਨੀ ਚਾਹੁੰਦੀਆਂ ਹਨ। ਪਿਛਲੇ ਦਿਨੀਂ ਅਮਰੀਕਾ ਦੀ ਇਕ ਵਿਦਿਆਰਥਣ ਨੇ ਆਪਣਾ ਕੁਆਰਾਪਣ ਨਿਲਾਮ ਕਰਨ ਦਾ ਇਸ਼ਤਿਹਾਰ ਦਿੱਤਾ ਹੈ। ਇਸ ਵਿਦਿਆਰਥਣ ਦੇ ਪ੍ਰਸਤਾਵ 'ਚ ਦਿਲਚਸਪੀ ਲੈਣ ਵਾਲਿਆਂ ਦੀ ਕਮੀ ਨਹੀਂ ਹੈ। ਕਰੀਬ ਦਸ ਹਜ਼ਾਰ ਲੋਕ ਪਹਿਲਾਂ ਹੀ ਆਪਣੀ ਬੋਲੀ ਲਾ ਚੁੱਕੇ ਹਨ ਜੋ ਢਾਈ ਮਿਲੀਅਨ ਪਾਊਂਡ ਤੱਕ ਜਾ ਪਹੁੰਚੀ ਹੈ। 22 ਸਾਲਾਂ ਨਤਾਲੀ ਡਾਇਲਨ ਕੈਲੀਫੋਰਨੀਆ ਦੇ ਸੈਨ ਡਿਆਗੋ ਸ਼ਹਿਰ 'ਚ ਰਹਿੰਦੀ ਹੈ। ਉਸ ਨੇ ਕੁਆਰੇਪਨ ਬਦਲੇ ਆਪਣੀ ਮਾਸਟਰ ਡਿਗਰੀ ਦਾ ਖਰਚਾ ਦੇਣ ਦੀ ਸ਼ਰਤ ਰੱਖੀ ਹੈ। ਸਤੰਬਰ 2008 'ਚ ਪਹਿਲੀ ਵਾਰੀ ਨਤਾਲੀ ਦੀ ਇਹ ਆਫਰ ਆਈ ਸੀ। ਉਸ ਸਮੇਂ ਸ਼ੁਰੂਆਤੀ ਬੋਲੀ ਕਰੀਬ 162000 ਪਾਊਂਡ ਸੀ। ਉਹ ਪਿੱਛੋਂ ਉਹ ਬੋਲੀ ਲਗਾਤਾਰ ਵੱਧਦੀ ਜਾ ਰਹੀ ਹੈ। ਨਤਾਲੀ ਹੈਰਾਨ ਹੈ ਕਿਉਂਕਿ ਉਸ ਨੂੰ ਅੰਦਾਜ਼ਾ ਨਹੀਂ ਸੀ ਕਿ ਇਕ ਰਾਤ ਦੇ ਸਬੰਧ ਲਈ ਬੋਲੀ ਏਨੀ ਉੱਚੀ ਜਾ ਸਕਦੀ ਹੈ। ਨਤਾਲੀ 'ਵੂਮੈਨ ਸਟੱਡੀਜ਼' 'ਚ ਸਨਾਤਕ ਹੈ। ਉਸ ਨੂੰ ਇਹ ਰਕਮ ਬਾਕੀ ਪੜ੍ਹਾਈ ਪੂਰੀ ਕਰਨ ਤੇ ਆਪਣੇ ਪਰਿਵਾਰ ਦੀ ਆਰਥਿਕ ਮਦਦ ਲਈ ਚਾਹੀਦੀ ਹੈ। ਨਤਾਲੀ ਅਨੁਸਾਰ ਉਹ ਬੇਹੱਦ ਇਮਾਨਦਾਰੀ ਨਾਲ ਆਪਣੀ ਪੜ੍ਹਾਈ ਕਰ ਰਹੀ ਹੈ। ਉਹ ਆਪਣਾ ਕੁਆਰਾਪਣ ਨਿਲਾਮ ਕਰ ਰਹੀ ਹੈ ਨਾ ਕਿ ਖੁਦ ਇਕ ਨਿਤਾਲੀ ਨੂੰ ਇਹ ਵਿਚਾਰ ਆਪਣੀ ਭੈਣ ਤੋਂ ਮਿਲਿਆ ਉਸ ਦੀ ਵੱਡੀ ਭੈਣ ਏਬਿਆ ਵੀ ਆਪਣੀ ਪੜ੍ਹਾਈ ਲਈ ਤਿੰਨ ਹਫ਼ਤੇ ਪੇਸ਼ਾਵਰ ਸੈਕਸ ਵਰਕਰ ਵਜੋਂ ਧੰਦਾ ਕਰ ਚੁੱਕੀ ਹੈ। ਨਤਾਲੀ ਦੀ ਆਫਰ ਦੀ ਸਖਤ ਨਿੰਦਾ ਵੀ ਹੋਈ ਹੈ। ਪਰ ਉਹ ਇਸ ਲਈ ਪ੍ਰੇਸ਼ਾਨ ਨਹੀਂ ਹੈ। ਕੁਝ ਲੋਕਾਂ ਨੇ ਉਸ ਦੇ 'ਕੁਆਰੇਪਣ' ਸਬੰਧੀ ਸਵਾਲ ਵੀ ਉਠਾਏ ਹਨ। ਇਸ 'ਤੇ ਨਤਾਲੀ ਕਹਿੰਦੀ ਹੈ ਕਿ ਕਾਂਟੈਕਟ ਹੋਣ ਤੋਂ ਪਹਿਲਾਂ ਉਹ ਆਪਣੇ ਕੁਆਰੇਪਣ ਦੀ ਜਾਂਚ ਲਈ ਵੀ ਤਿਆਰ ਹੈ। ਮਜ਼ਬੂਰੀ ਵਿਚ ਆਪਣੇ ਕੁਆਰੇਪਣ ਦੀ ਨਿਲਾਮੀ ਕਰਨ ਵਾਲੀ ਵਿਦਿਆਰਥਣ ਨਤਾਲੀ ਵਰਗੀ ਇਹ ਪਹਿਲੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਯੂਰਪ ਤੇ ਅਮਰੀਕਾ ਦੀਆਂ ਕਈ ਮੁਟਿਆਰਾਂ ਆਪਣੇ ਕੁਆਰੇਪਣ ਦੀ ਨਿਲਾਮੀ ਕਰ ਚੁੱਕੀਆਂ ਹਨ। ਮਜ਼ਬੂਰੀ ਕਾਰਨ ਆਪਣੇ ਕੁਆਰੇਪਣ ਦੀ ਨਿਲਾਮੀ ਕਰਨਾ ਵੱਖਰੀ ਗੱਲ ਹੈ ਪਰ ਯੌਨ ਅਲਾਰਪਣ 'ਚ ਸਰੀਰਕ ਸਬੰਧ ਬਣਾਉਣਾ ਵੱਖਰੀ ਗੱਲ ਹੁੰਦੀ ਹੈ। ਦੂਜੇ ਪਾਸੇ ਅਮਰੀਕਾ 'ਚ ਕਿਸ਼ੋਰ-ਕਿਸ਼ੋਰੀਆਂ 'ਚ ਵੀ ਸੈਕਸੀ ਜਨੂੰਨ ਏਨਾ ਵੱਧ ਗਿਆ ਹੈ ਕਿ 15-16 ਸਾਲਾਂ ਦੀਆਂ ਕਿਸ਼ੋਰੀਆਂ ਤੱਕ ਗਰਭਵਤੀ ਹੋਣ ਲੱਗੀਆਂ ਹਨ। ਅਜਿਹੀਆਂ ਘਟਨਾਵਾਂ ਆਮ ਪਰਿਵਾਰਾਂ 'ਚ ਨਹੀਂ ਬਲਕਿ ਉੱਚੀ ਜਾਤ 'ਚ ਵੀ ਵੇਖੀਆਂ ਜਾਣ ਲੱਗੀਆਂ ਹਨ। ਰਾਜਨੀਤੀ ਦੇ ਸਿਖਰ 'ਤੇ ਪਹੁੰਚੇ ਲੋਕਾਂ ਦੀਆਂ ਸ਼ਹਿਜਾਦੀਆਂ ਵੀ ਆਪਣੇ ਯੌਨ ਜਨੂੰਨ ਕਾਰਨ ਨਾ ਸਿਰਫ

ਗਰਭਵਤੀ ਹੋਈਆਂ ਹਨ ਬਲਕਿ ਅਣਚਾਹੀ ਸਥਿਤੀ 'ਚ ਵੀ ਬੱਚੇ ਨੂੰ ਜਨਮ ਦਿੱਤਾ ਹੈ। ਅਮਰੀਕਾ 'ਚ ਰਿਪਬਲਿਕ ਪਾਰਟੀ ਵੱਲੋਂ ਉਪ ਰਾਸ਼ਟਰਪਤੀ ਦੇ ਅਹੁਦੇ ਦੀ ਉਮੀਦਵਾਰ ਰਹੀ ਸਾਰਾ ਪਲਿਨ ਦੀ 18 ਸਾਲਾਂ ਬੇਟੀ ਬ੍ਰਿਸਟੋਲ ਪਲਿਨ ਨੇ ਦਸੰਬਰ 2008 'ਚ ਇਕ ਪੁੱਤਰ ਨੂੰ ਜਨਮ ਦਿੱਤਾ ਹੈ। ਬੱਚੇ ਦੇ ਪਿਤਾ ਵੱਲੋਂ ਲੇਵੀ ਜਾਨਸਟਨ ਦਾ ਨਾਂ ਲਿਆ ਜਾ ਰਿਹਾ ਹੈ। ਜੋ ਅਲਾਸਕਾ ਦੇ ਸਵਾਸਿਲਾ ਹਾਈ ਸਕੂਲ ਦਾ ਸਾਬਕਾ ਹਾਕੀ ਖਿਡਾਰੀ ਹੈ। ਦੋਹਾਂ 'ਚ ਇਕ ਸਾਲ ਪਹਿਲਾਂ ਸਬੰਧ ਬਣਿਆ ਸੀ ਸਾਰਾ ਪਲਿਨ ਦਾ ਕਹਿਣਾ ਹੈ ਕਿ ਲੇਵ ਜਾਨਸਟਨ ਉਸ ਦੀ ਬੇਟੀ ਨਾਲ ਜਲਦੀ ਹੀ ਵਿਆਹ ਕਰੇਗਾ ਪਰ ਲੇਵੀ ਜਾਨਸਟਨ ਇਸ ਸੰਬੰਧੀ ਖਾਮੋਸ਼ ਹੈ ਜਦਕਿ ਅਣਵਿਆਹੀ ਮਾਂ ਬ੍ਰਿਸਟੋਲ ਪਲਿਨ ਡਾ. ਰੋਚਰਡ ਦੇ ਨਾਲ ਇਸ਼ਕ ਫਰਮਾਉਣ 'ਚ ਮਸਗੂਲ ਹੈ। ਅਮਰੀਕੀ ਉਪ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਤੋਂ ਆਉਂਦੇ ਹਨ, ਹੁਣ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਰਜ਼ ਬੁਸ਼ ਦੇ ਪਰਿਵਾਰ 'ਚ। ਜਾਰਜ਼ ਬੁਸ਼ ਦੀ ਬੇਟੀ ਜੇਨੀ ਬੁਸ਼ ਦਾ ਆਪਣੇ ਪਿਤਾ ਨੂੰ ਆਪਣੇ ਗਲਤ ਕੰਮਾਂ ਕਰਕੇ ਪ੍ਰਸਿੱਧੀ ਦਵਾਉਣ 'ਚ ਮਹੱਤਵਪੂਰਨ ਯੋਗਦਾਨ ਰਿਹਾ ਹੈ। ਜੇਨਾ ਬੁਸ਼ ਕਈ ਵਾਰ ਘੱਟ ਉਮਰ 'ਚ ਸ਼ਰਾਬ ਪੀ ਕੇ ਹੰਗਾਮਾ ਕਰਨ ਕਰਕੇ ਚਰਚਾ 'ਚ ਰਹੀ ਹੈ। ਅਪ੍ਰੈਲ 2001 'ਚ ਸਿਰਫ 14 ਸਾਲ ਦੀ ਉਮਰ 'ਚ ਪਹਿਲੀ ਵਾਰ ਜੇਨਾ ਸ਼ਰਾਬ ਪੀਣ ਕਰਕੇ ਫੜੀ ਗਈ ਸੀ। ਹਾਲਾਂਕਿ ਪੁਲਸ ਨੇ ਜੇਨਾ ਨੂੰ ਬਹੁਤੀ ਸਜ਼ਾ ਨਹੀਂ ਦਿੱਤੀ। ਉਸ ਨੂੰ ਸਮਾਜ ਸੇਵਾ ਕਰਨ ਤੇ ਸ਼ਰਾਬ ਤੋਂ ਦੂਰ ਰਹਿਣ ਦੀਆਂ ਜਮਾਤਾਂ 'ਚ ਸ਼ਾਮਲ ਹੋਣ ਦੀ ਸਜ਼ਾ ਮਿਲੀ ਸੀ ਪਰ ਢੀਠ ਜੇਨਾ ਤੇ ਇਸ ਦਾ ਕੋਈ ਅਸਰ ਨਹੀਂ ਹੋਇਆ। ਇਕ ਮਹੀਨੇ ਪਿਛੋਂ ਹੀ 2001 'ਚ ਉਸ ਨੂੰ ਇਕ ਹੋਟਲ 'ਚ ਅੰਤਰੰਗ ਸਬੰਧ ਬਣਾਉਂਦੇ ਹੋਏ ਆਪਣੇ ਬੁਆਏ ਫ੍ਰੈਂਡ ਦੇ ਨਾਲ ਫੜਿਆ ਸੀ। ਉਸ ਵਕਤ ਵੀ ਉਹ ਸ਼ਰਾਬ ਦੇ ਨਸ਼ੇ ਵਿਚ ਸੀ। ਸਭ ਤੋਂ ਹੈਰਾਨੀ ਦੀ ਗੱਲ ਇਹ ਹੈ ਕਿ ਉਸੇ ਬੈੱਡ ਤੇ ਉਸ ਦੀ ਜੁੜਵਾਂ ਭੈਣ ਬਾਰਬਰਾ ਵੀ ਸੀ। ਪਰ ਰਾਸ਼ਟਰਪਤੀ ਦੀ ਬੇਟੀ ਹੋਣ ਕਾਰਨ ਮਾਮਲਾ ਰਫਾ ਦਫਾ ਕਰ ਦਿੱਤਾ ਗਿਆ।

ਪੈਟੀ ਡੇਵਿਸ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਰੋਨਾਲਡ ਰੀਗਨ ਦੀ ਬੇਟੀ ਹੈ। 20 ਸਾਲਾਂ ਪੈਟੀ ਡੇਵਿਸ ਨੇ ਸੰਨ 1994 'ਚ ਪਲੇਅ ਬੁਆਏ ਮੈਗਜ਼ੀਨ ਦੇ ਜੁਲਾਈ ਅੰਕ ਵਿਚ ਕਵਰ 'ਤੇ ਨੰਗੀ ਫੋਟੋ ਦੇ ਕੇ ਸਨਸਨੀ ਫੈਲਾਅ ਦਿੱਤੀ ਸੀ। ਜਦਕਿ ਰੋਨਾਲਡ ਰੀਗਨ ਦੇ ਪਰਿਵਾਰ ਨੂੰ ਅਮਰੀਕਾ 'ਚ ਰੂੜੀਵਾਦੀ ਮੰਨਿਆ ਜਾਂਦਾ ਸੀ। ਡੇਵਿਸ ਦੇ ਇਸ ਕਾਰਨਾਮੇ ਨੇ ਰੀਗਨ ਪਰਿਵਾਰ ਦੀ ਇੱਜ਼ਤ ਮਿੱਟੀ 'ਚ ਮਿਲਾ ਦਿੱਤੀ ਸੀ। ਇਸ ਘਟਨਾ ਦੇ ਛੇ ਮਹੀਨੇ ਬਾਅਦ ਹੀ ਪੈਟੀ ਡੇਵਿਸ ਦੇ ਗਰਭਵਤੀ ਹੋਣ ਦੀ ਗੱਲ ਵੀ ਸਾਹਮਣੇ ਆਈ ਸੀ। ਤਿੰਨ-ਚਾਰ ਮਹੀਨੇ ਤੱਕ ਪੈਟੀ ਡੇਵਿਸ ਨੂੰ ਜਨਤਕ ਥਾਂ 'ਤੇ ਨਹੀਂ ਵੇਖਿਆ ਗਿਆ ਸੀ। ਇਸ ਪ੍ਰਸੰਗ 'ਚ ਕਿਹਾ ਜਾਂਦਾ ਹੈ ਕਿ ਪਲੇਅ ਬੁਆਏ ਮੈਗ਼ਜੀਨ ਦੇ ਮੁੱਖ ਪੰਨੇ 'ਤੇ ਉਨ੍ਹਾਂ ਹੀ ਮਾਡਲਾਂ ਦੀ ਤਸਵੀਰ ਪ੍ਰਕਾਸ਼ਿਤ ਹੋ ਸਕਦੀ ਹੈ ਜੋ ਪਲੇਅ ਬੁਆਏ ਦੇ ਸੰਸਥਾਪਕ ਹਰਾ ਹੇਫਨਰ ਨਾਲ ਸਰੀਰਕ ਸਬੰਧ ਬਣਾਉਂਦੀ ਹੈ। ਇਸ ਤੋਂ ਇਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਪੈਟੀ ਡੈਵਿਸ ਦੀ ਕੁੱਖ 'ਚ ਹਰਾ ਹੇਫਨਰ ਦਾ ਬੀਜ ਪਣਪ ਰਿਹਾ ਹੋਵੇਗਾ। ਅਮਰੀਕਾ ਦੇ ਉਪ ਰਾਸ਼ਟਰਪਤੀ ਡਿਕ ਚੇਨੀ ਦੀ 18 ਸਾਲਾ ਬੇਟੀ ਮੇਰੀ ਚੇਨੀ ਨੇ ਜਦ ਇਹ ਐਲਾਨ ਕੀਤਾ ਕਿ ਉਹ ਸਮਲਿੰਗਕ ਹੈ ਤਾਂ ਪੂਰੀ ਦੁਨੀਆ 'ਚ ਇਸ ਖ਼ਬਰ ਨੇ ਸਨਸਨੀ ਫੈਲਾਅ

ਦਿੱਤੀ। ਹਾਲਾਂਕਿ ਡਿਕ ਚੇਨੀ ਨੇ ਇਹ ਕਹਿ ਕੇ ਉਹ ਲੇਗਬੀਅਨ ਰਿਸ਼ਤਿਆਂ ਨੂੰ ਗਲਤ ਨਹੀਂ ਮੰਨਦੇ, ਇਸ ਪੂਰੇ ਮਾਮਲੇ ਨੂੰ ਠੰਡਾ ਕਰਨ ਦੀ ਕੋਸ਼ਿਸ਼ ਕੀਤੀ ਪਰ ਮੇਰੀ ਚੇਨੀ ਦੀਆਂ ਆਪਣੀਆਂ ਸਹੇਲੀਆਂ ਦੇ ਨਾਲ ਦੇ ਫੋਟੋਗ੍ਰਾਫਸ ਨੇ ਮਾਮਲੇ ਨੂੰ ਹੋਰ ਵੱਧ ਉਛਾਲਿਆ। ਸੰਨ 2004 ਦਾ ਦਾਨ ਫਿਲਮ ਮੇਲਾ ਵੀ ਕਾਫੀ ਚਰਚਾ ਵਿਚ ਰਿਹਾ। ਇਸ ਸਮਾਰੋਹ 'ਚ ਜਦ ਅਮਰੀਕਾ ਦੇ ਸੀਨੇਟਰ ਜਾਨ ਕੈਰੀ ਦੀ ਬੇਟੀ ਅਲੈਕਜੇਂਡ੍ਰਾ ਕੈਰੀ ਪਹੁੰਚੀ ਤਾਂ ਸਭ ਦੀਆਂ ਅੱਖਾਂ ਅੱਡੀਆਂ ਹੀ ਰਹਿ ਗਈਆਂ ਕਿਉਂਕਿ ਅਲੈਕਜੇਂਡ੍ਰਾ ਕੈਰੀ ਇਸ ਸਮਾਰੋਹ 'ਚ ਬਿਲਕੁਲ ਪਾਰਦਰਸ਼ੀ ਡ੍ਰੈਸ ਪਹਿਨ ਕੇ ਆਈ ਸੀ ਜਿਸ ਕਾਰਨ ਉਸਦੇ 18ਵੇਂ ਬਸੰਤ ਦੇ ਜਿਸਮ ਦਾ ਹੁਸਨ ਦਿਸ ਰਿਹਾ ਸੀ। ਵੈਸੇ ਅਲੈਕਜੇਂਡ੍ਰਾ ਕੈਰੀ ਸਬੰਧੀ ਵੀ ਇਹ ਕਿਹਾ ਜਾਂਦਾ ਹੈ ਕਿ ਹਰ ਮਹੀਨੇ ਉਸ ਨੂੰ ਬੁਆਏ ਫ਼੍ਰੈਂਡ ਬਦਲਣ ਦੀ ਆਦਤ ਹੈ। ਦੱਸਿਆ ਜਾਂਦਾ ਹੈ ਕਿ ਅਲੈਕਜੇਂਡ੍ਰਾ ਨੇ ਤਿੰਨ ਵਾਰੀ ਗਰਭਪਾਤ ਵੀ ਕਰਾਇਆ ਹੈ।

ਸਾਰਾ ਪਲਿਨ ਆਪਣੀਆਂ ਗਰਭਪਾਤ ਵਿਰੋਧੀ ਨੀਤੀਆਂ ਲਈ ਮਸ਼ਹੂਰ ਹੈ, ਇਸੇ ਕਾਰਨ ਉਨ੍ਹਾਂ ਨੇ ਆਪਣੀ ਅਣ-ਵਿਆਹੀ ਬੇਟੀ ਬ੍ਰਿਸਟੋਲ ਪਲਿਨ ਦਾ ਗਰਭਪਾਤ ਨਾ ਕਰਵਾ ਕੇ ਅਣਵਿਆਹੀ ਅਵਸਥਾ 'ਚ ਹੀ ਉਸ ਨੂੰ ਬੱਚੇ ਨੂੰ ਜਨਮ ਦੇਣ ਦਿੱਤਾ। ਪਰ ਸੈਨੇਟਰ ਜਾਨ ਕੇਰੀ ਨੇ ਅਜਿਹਾ ਰਿਸ਼ਕ ਲੈਣਾ ਸਹੀ ਨਹੀਂ ਸਮਝਿਆ ਕਿਉਂਕਿ ਯੌਨ ਜਨੂੰਨ ਦੀ ਇਸ ਬਰਸਾਤ 'ਚ ਉਹ ਆਪਣੀ ਬੇਟੀ ਨੂੰ ਕਿਸੇ ਦੇ ਬੱਚੇ ਦੀ ਮਾਂ ਬਣਵਾਉਂਦੇ?

# ਕਿਤੇ ਡੋਬਾ, ਕਿਤੇ ਸੋਕਾ

ਪਿਛਲੇ ਸਤੰਬਰ-ਅਕਤੂਬਰ ਦੀ ਗੱਲ ਹੈ। ਉਹਨੀ ਦਿਨੀਂ ਬਿਹਾਰ ਦੇ ਲੋਕ ਇਕ ਹੀ ਸਮੇਂ ਨਦੀਆਂ ਨੂੰ ਦੋ ਵੱਖ-ਵੱਖ ਰੂਪਾਂ 'ਚ ਵੇਖਣ ਲਈ ਮਜ਼ਬੂਰ ਸਨ, ਕੋਸੀ ਨੇ ਆਪਣੀ ਦਿਸ਼ਾ ਬਦਲ ਕੇ ਪੂਰਵੀ ਬਿਹਾਰ 'ਚ ਹੜ੍ਹ ਲਿਆ ਦਿੱਤਾ ਸੀ ਜਦ ਕਿ ਮੱਧ ਬਿਹਾਰ ਦੀਆਂ ਸਭ ਮੁੱਖ ਨਦੀਆਂ ਸੁੱਕੀਆਂ ਸਨ ਅਤੇ ਇਲਾਕੇ ਦੇ ਕਿਸਾਨ ਪਾਣੀ ਲਈ ਤਰਸ ਰਹੇ ਸਨ। ਉਹਨੀ ਦਿਨੀਂ ਪੂਰਬੀ ਉਤਰ ਪ੍ਰਦੇਸ਼ ਦੇ ਗੋਰਖਪੁਰ, ਮਊ, ਬਲਿਆ ਤੇ ਆਜ਼ਮਗੜ੍ਹ ਇਲਾਕੇ ਦੀ ਵੀ ਭਾਰੀ ਆਬਾਦੀ ਹੜ੍ਹਾਂ ਤੋਂ ਪੀੜਤ ਸੀ। ਉਤਰ ਪ੍ਰਦੇਸ਼ ਦੇ ਇਨ੍ਹਾਂ ਇਲਾਕਿਆਂ ਵਿਚ ਕੁਝ ਸਮੇਂ ਤੋਂ ਸੰਕਟ ਗ੍ਰਸਿਤ ਰਾਪਤੀ ਤੇ ਤਰਾਸਾ ਨਦੀ ਤੋਂ ਬਚਣ ਲਈ ਲੋਕ ਸੰਘਰਸ਼ ਵੀ ਕਰ ਰਹੇ ਹਨ। ਬਿਹਾਰ ਦੇ ਉੱਤਰ ਪ੍ਰਦੇਸ਼ ਤੋਂ ਇਲਾਵਾ ਉਤਰ ਭਾਰਤ ਦੇ ਹੋਰ ਹਿੱਸਿਆਂ 'ਤੇ ਗੌਰ ਕਰੀਏ ਤਾਂ ਪਤਾ ਲੱਗਦਾ ਹੈ ਕਿ ਦੇਸ਼ ਦੇ ਇਸ ਹਿੱਸੇ ਦੀਆਂ ਜ਼ਿਆਦਾਤਰ ਨਦੀਆਂ ਤਰ੍ਹਾਂ-ਤਰ੍ਹਾਂ ਦੀਆਂ ਵਿਡੰਬਨਾਵਾਂ ਦੀਆਂ ਸ਼ਿਕਾਰ ਹਨ। ਉਤਰ ਭਾਰਤ ਦੀਆਂ ਬਹੁਤੀਆਂ ਨਦੀਆਂ ਆਪਣਾ ਮੂਲ ਚਰਿੱਤਰ ਗੁਆ ਚੁੱਕੀਆਂ ਹਨ ਜਾਂ ਗੁਆ ਚੁੱਕਣ ਦੇ ਕਿਨਾਰੇ ਹਨ। ਕਈ ਛੋਟੀਆਂ ਵੱਡੀਆਂ ਨਦੀਆਂ ਵੱਧ ਪ੍ਰਦੂਸ਼ਣ ਦੇ ਕਾਰਨ ਮੈਲੀਆਂ ਹੋ ਗਈਆਂ ਹਨ ਜਾਂ ਫਿਰ ਦੋਸ਼ਪੂਰਨ ਜਲ ਪ੍ਰਬੰਦਕ ਨੀਤੀਆਂ ਕਾਰਨ ਭਿਆਨਕ ਰੂਪ ਧਾਰਨ ਕਰ ਚੁੱਕੀਆਂ ਹਨ। ਇਕ ਪਾਸੇ ਝਾਰਖੰਡ ਤਾਂ ਦੂਜੇ ਪਾਸੇ ਬਿਹਾਰ ਤੇ ਉਤਰ ਪ੍ਰਦੇਸ਼ 'ਚ ਵਗਣ ਵਾਲੀ ਕੋਸੀ, ਕਮਲਾ-ਬਲਾਨ, ਘਾਘਰਾ, ਰਾਪਤੀ ਗੰਢਕ ਤੇ ਬੂੜੀ ਆਦਿ ਨਦੀਆਂ ਜਮ ਰਹੀਆਂ ਜਿਲਣ (ਸਲਟ) ਕਾਰਨ ਤਬਾਹੀ ਬਚਾ ਰਹੀਆਂ ਹਨ। ਜਿਨ੍ਹਾਂ ਨਦੀਆਂ ਨੂੰ ਕਦੀ ਉਤਰ ਪ੍ਰਦੇਸ਼ ਦੀ ਖੁਸ਼ਹਾਲੀ ਦਾ ਪ੍ਰਤੀਕ ਅਤੇ ਜੀਵਨ ਰੇਖਾ ਕਿਹਾ ਜਾਂਦਾ ਸੀ। ਅੱਜ ਉਨ੍ਹਾਂ ਵਿਚੋਂ ਜ਼ਿਆਦਾਤਰ ਸ਼ੋਕ ਤੇ ਦੁੱਖ ਦਾ ਕਾਰਨ ਬਣ ਰਹੀਆਂ ਹਨ। ਉੱਤਰ ਪ੍ਰਦੇਸ਼ 'ਚ ਸੌ ਤੋਂ ਵੱਧ ਛੋਟੀਆਂ ਵੱਡੀਆਂ ਨਦੀਆਂ ਵਹਿੰਦੀਆਂ ਹਨ। ਇਸ ਦੇ ਬਾਵਜੂਦ ਇਸ ਇਲਾਕੇ ਦੀ ਵੱਡੀ ਆਬਾਦੀ ਹਰ ਸਾਲ ਘੋਰ ਜਲ ਸੰਕਟ ਦਾ ਸਾਹਮਣਾ ਕਰ ਰਹੀ ਹੈ। ਇਹ ਭਾਗ ਮੁੱਖ ਤੌਰ 'ਤੇ ਖੇਤੀ ਪ੍ਰਧਾਨ ਹੈ ਪਰ ਸੈਂਕੜੇ ਨਦੀਆਂ ਦੀ ਮੌਜੂਦਗੀ ਦੇ ਬਾਵਜੂਦ ਜ਼ਿਆਦਾਤਰ ਖੇਤੀਯੋਗ ਜ਼ਮੀਨ ਸਿੰਚਾਈ ਤੋਂ ਵਾਂਝੀ ਹੈ। ਉੱਤਰ ਪ੍ਰਦੇਸ਼ 'ਚ ਅਧਵਾਰਾ ਸਮੂਹ ਦੀਆਂ ਦੋ ਦਰਜਨਾਂ ਤੋਂ ਵੱਧ ਨਦੀਆਂ ਹਨ ਪਰ ਅੱਜ ਦੀ ਉਮਰ ਬਿਹਾਰ 88% ਜ਼ਮੀਨ ਸਹੂਲਤਾਂ ਤੋਂ ਮਹਿਰੂਮ ਹੈ। ਇਨ੍ਹਾਂ ਨਦੀਆਂ ਦੇ ਪਾਣੀ ਨੂੰ ਕੰਟਰੋਲ ਕਰਕੇ ਵਰਤੋਂ 'ਚ ਲਿਆਉਣ ਲਈ 1947 ਪਿਛੋਂ ਵੱਡੀ ਗਿਣਤੀ 'ਚ ਡੈਮ ਤਾਂ ਬਣਾਏ ਗਏ ਬਿਹਾਰ ਦੇ ਜਲ ਸਾਧਨ ਵਿਭਾਗ ਅਨੁਸਾਰ 1952 ਤੋਂ ਲੈ ਕੇ ਹੁਣ ਤੱਕ ਉਤਰ ਬਿਹਾਰ 'ਚ 3465 ਕਿਲੋ ਮੀਟਰ ਤੱਕ ਤੱਟ ਬੰਨ੍ਹ ਬਣਾਏ ਗਏ ਹਨ ਪਰ ਨਦੀਆਂ 'ਤੇ ਕੰਟਰੋਲ ਨਹੀਂ ਕੀਤਾ ਜਾ ਸਕਿਆ ਅਤੇ ਅਮੂਮਨ ਹਰ ਸਾਲ ਇਹ ਇਲਾਕੇ ਹੜ੍ਹ ਦੀ ਲਪੇਟ 'ਚ ਆ ਜਾਂਦੇ ਹਨ। ਤਟਬੰਨਾ ਤੋਂ ਹੜ੍ਹ ਤਾਂ ਨਹੀਂ ਰੁਕੇ ਉਲਟਾ ਨਦੀ ਦੇ ਤਲਾਂ 'ਚ ਲਗਾਤਾਰ ਸਿਲਟ ਜੰਮਦੀ ਰਹੀ ਅਤੇ ਇਹ ਨਦੀਆਂ ਆਪਣੇ ਰਾਹ ਬਦਲਣ ਲਈ ਮਜ਼ਬੂਰ ਹੋ ਗਈਆਂ। ਮੱਧ ਬਿਹਾਲ ਦੀਆਂ ਨਦੀਆਂ ਸੋਨ ਪੁਨਪੁਨ ਤੇ ਕਿਉਲ ਪ੍ਰਦੂਸ਼ਣ ਤੇ ਗੰਦਗੀ ਦੀਆਂ ਸ਼ਿਕਾਰ ਹਨ। ਬੋਧ

ਗਯਾ ਤੋਂ ਹੋ ਕੇ ਵਗਣ ਵਾਲੀ ਧਾਰਮਿਕ ਮਹੱਤਵ ਦੀ ਫਲਗੂ ਨਦੀ ਦੀ ਹੋਂਦ ਖਤਮ ਹੋ ਚੁੱਕੀ ਹੈ। ਇਸ ਨਦੀ ਦੇ ਰਾਹ ’ਚ ਲੋਕਾਂ ਨੇ ਘਰ ਵੀ ਬਣਾ ਰਖੇ ਹਨ ਅਤੇ ਇਹ ਸਾਲ ਵਿਚ 8 ਤੋਂ 10 ਮਹੀਨੇ ਸੁੱਕੀ ਰਹਿੰਦੀ ਹੈ। ਘਾਘਰਾ ਕਦੀ ਉੱਤਰ ਪ੍ਰਦੇਸ਼ ’ਚ ਗੰਗਾ ਤੋਂ ਵੀ ਵੱਧ ਡੂੰਘੀ ਨਦੀ ਕਹੀ ਜਾਂਦੀ ਸੀ ਪਰ ਅੱਜ ਗਰਮੀ ਦੇ ਮੌਸਮ ’ਚ ਇਹ ਅਕਸਰ ਸੁੱਕੀ ਰਹਿੰਦੀ ਹੈ। ਦੋ ਦਹਾਕੇ ਪਹਿਲਾਂ ਤੱਕ ਘਾਘਰਾ ਪ੍ਰਦੂਸ਼ਣ ਦੀ ਮਾਰ ਤੋਂ ਬਚੀ ਹੋਈ ਸੀ ਪਰ ਅੱਜ ਇਸ ਨਦੀ ਦਾ ਪਾਣੀ ਵੀ ਪੀਣ ਯੋਗ ਨਹੀਂ ਰਿਹਾ। ‘ਘਾਘਰਾ ਬਚਾਓ ਅੰਦੋਲਨ’ ਦੇ ਨੇਤਾ ਪ੍ਰਕਾਸ਼ ਸ਼ਕਲਾ ਅਨੁਸਾਰ ‘ਗਰਮੀ ਦੇ ਮੌਸਮ ’ਚ ਤਾਂ ਘਾਘਰਾ ’ਚ ਡੁੱਬਕੀ ਲਾਉਣ ਲਾਇਕ ਪਾਣੀ ਵੀ ਨਹੀਂ ਰਹਿੰਦਾ ਹੈ।’

ਸ਼ਹਿਰ ਦੇ ਕਚਰੇ ਕਾਰਨ ਨਦੀਆਂ ਤਾਂ ਪ੍ਰਦੂਸ਼ਿਤ ਹੁੰਦੀਆਂ ਹੀ ਹਨ, ਇਸ ’ਚ ਭਾਰੀ ਮਾਤਰਾ ’ਚ ਸਿਲਟ ਵੀ ਜੰਮ ਜਾਂਦੀ ਹੈ। ਗੋਮਤੀ, ਰਿਹੰਦ ਅਤੇ ਸਰਯੂ ਨਦੀ ਦਾ ਹਾਲ ਇਸ ਤੋਂ ਵੀ ਬੁਰਾ ਹੈ। ਇਨ੍ਹਾਂ ਨਦੀਆਂ ਦੀ ਜਲ-ਧਾਰਣ ਸਮਰੱਥਾ ਅਤੇ ਜਲ ਗ੍ਰਹਿਣ ਦੇ ਖੇਤਰ ਵੱਖ-ਵੱਖ ਕਾਰਨਾਂ ਕਰਕੇ ਸੁੰਗੜ ਰਹੇ ਹਨ ਜੋ ਇਨ੍ਹਾਂ ਦੇ ਲਈ ਦੋਹਰੀ ਮਾਰ ਦੀ ਤਰ੍ਹਾਂ ਹੈ। ਉਤਰ ਭਾਰਤ ਦੀਆਂ ਨਦੀਆਂ ਦੇ ਭਵਿੱਖ ’ਤੇ ਵਾਤਾਵਰਣ ਅਸੰਤੁਲਨ ਦੇ ਕਾਰਨ ਵੀ ਗੰਭੀਰ ਸੰਕਟ ਹੈ। ਦਾਮੋਦਰ ਤੇ ਸੁਵੰਰਿਖਾ ਝਾਰਖੰਡ ਦੀਆਂ ਮੁੱਖ ਨਦੀਆਂ ਹਨ। ਝਾਰਖੰਡ ਦੇ ਚੰਦਵਾ ਪਿੰਡ ਤੋਂ ਨਿਕਲ ਕੇ ਕੁਲ 592 ਕਿਲੋਮੀਟਰ ਦੀ ਦੂਰੀ ਤਹਿ ਕਰਨ ਪਿਛੋਂ ਦਾਮੋਦਰ ਨਦੀ ਪੱਛਮੀ ਬੰਗਾਲ ਦੀ ਹੁਗਲੀ ’ਚ ਮਿਲਦੀ ਹੈ। ਪਰ ਉਦਗਮ ਥਾਂ ਤੋਂ ਲੈ ਕੇ ਸੰਗਮਤਕ ਪ੍ਰਦੂਸ਼ਣ ਇਸ ਦਾ ਪਿੱਛਾ ਨਹੀਂ ਛੱਡਦਾ। ਹਾਲਾਂਕਿ ਕੌਮੀ ਨਦੀ ਸੁਰੱਖਿਆ ਯੋਜਨਾ (NRCP) ਦੇ ਤਹਿਤ ਦਮੋਦਰ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਲਗਭਗ 109.66 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ, ਪਰ ਨਤੀਜਾ ਸਿਫਰ ਹੈ। ਝਾਰਖੰਡ ਤੇ ਪੱਛਮੀ ਬੰਗਾਲ ’ਚ ਵਗਣ ਵਾਲੀ 450 ਕਿਲੋਮੀਟਰ ਲੰਬੀ ਸੁਵੰਰਿਖਾ ਕੋਲਹਾਨ ਖੇਤਰ ਦੇ ਲੌਹਤਾਰਮ ਤੇ ਯੁਰੇਨਿਅਮ ਖਾਦਾਨਾਂ ਤੇ ਕੱਚੀਆਂ ਧਾਤਾਂ ਦੀ ਪ੍ਰੋਸੈਸਿੰਗ ਦੇ ਯੰਤਰਾਂ ਤੋਂ ਨਿਕਲਣ ਵਾਲੇ ਕਚਰੇ ਕਾਰਨ ਘਾਤਕ ਪੱਧਰ ਤੱਕ ਪ੍ਰਦੂਸ਼ਿਤ ਹੋ ਚੁੱਕੀ ਹੈ। ਆਪਣੀ ਧਾਰਾ ਦੇ ਨਾਲ ਸੋਨਾ ਲੈ ਕੇ ਵਗਣ ਵਾਲੀ ਸੁਵੰਰਿਖਾ ’ਚ ਹੁਣ ਲੋਕਾਂ ਨੇ ਨਹਾਉਣਾ ਵੀ ਬੰਦ ਕਰ ਦਿੱਤਾ ਹੈ। ਇਹ ਨਦੀ ਦੇਸ਼ ਦੀ ਸਭ ਤੋਂ ਖੁਸ਼ਹਾਲ ਕਾਪਰ ਪੱਟੀ ਸਿੰਘ ਭੂਮ ਤੇ ਮਯੂਰਭੰਜ ਜ਼ਿਲ੍ਹੇ ਤੋਂ ਹੋ ਕੇ ਵੀ ਵਗਦੀ ਹੈ। ਜਿਥੇ ਸੈਂਕੜੇ ਜਾਇਜ਼ ਤੇ ਨਜਾਇਜ਼ ਕੱਚੇ ਮਾਲ ਦੀਆਂ ਪ੍ਰੋਸੈਸਿੰਗ ਇਕਾਈਆਂ ਚਲਦੀਆਂ ਹਨ। ਇਨ੍ਹਾਂ ਤੋਂ ਨਿਕਲੇ ਫੋਟਕ ਪਦਾਰਥ ਨਾਲਿਆਂ ਤੇ ਮੀਂਹ ਦੇ ਪਾਣੀ ਰਾਹੀਂ ਨਦੀ ’ਚ ਪਹੁੰਚਦੇ ਹਨ। ਸੁਵੰਰਿਖਾ ਦੇਸ਼ ਦੀ ਪਹਿਲੀ ਨਦੀ ਹੈ ਜੋ ਰੇਡਿਓਧਰਮੀ ਪ੍ਰਦੂਸ਼ਣ ਦੀ ਸ਼ਿਕਾਰ ਵੀ ਹੋ ਰਹੀ ਹੈ।

# ਨਦੀ ਤੋਂ ਨਾਲੇ ਤੱਕ ਦਾ ਸਫ਼ਰ

ਨਦੀ ਤੋਂ ਨਾਲਾ ਬਣੀ ਯਮੁਨਾ ਆਉਣ ਵਾਲੇ ਦਹਾਕੇ 'ਚ ਬਚੀ ਰਹੇਗੀ ਇਸ ਵਿਚ ਸੰਦੇਹ ਹੈ। ਉਤਰਾਖੰਡ ਤੇ ਯੁਮਨਾਤਰੀ ਤੋਂ ਨਿਕਲ ਕੇ ਦਿੱਲੀ ਆਗਰਾ ਹੁੰਦੇ ਹੋਏ ਇਲਾਹਾਬਾਦ ਦੇ ਸੰਗਮ ਵਿਚ ਸਮਾਉਣ ਵਾਲੀ ਯਮੁਨਾ ਦੇ ਸਰੋਤ ਲਗਾਤਾਰ ਸੁੱਕ ਰਹੇ ਹਨ। ਇਸ ਲਈ ਕਿ ਨਦੀਆਂ ਦੇ ਨਾਲ ਨਾਲ ਜ਼ਿਆਦਤੀ ਮੁੱਖ ਸਰੋਤਾਂ ਤੋਂ ਲੈ ਕੇ ਵਿਸਥਾਰ ਤੱਕ ਦੇ ਖੇਤਰਾਂ 'ਚ ਕੀਤੀ ਜਾ ਰਹੀ ਹੈ। ਝਾਰਖੰਡ ਵਿਚ ਯਮੁਨਾ 'ਤੇ ਜਲ ਬਿਜਲੀ ਯੰਤਰ ਲਾ ਕੇ ਉਸ ਦੀ ਧਾਰਾ ਨਾਲ ਛੇੜ ਛਾੜ ਕੀਤੀ ਜਾ ਰਹੀ ਹੈ। ਜੋ ਮੈਦਾਨੀ ਇਲਾਕਿਆਂ 'ਚ ਇਸ ਹੱਦ ਤੱਕ ਪ੍ਰਦੂਸ਼ਿਤ ਕਰ ਦਿੱਤਾ ਗਿਆ ਹੈ ਕਿ ਉਹ ਨਾਲਿਆਂ ਵਜੋਂ ਹੀ ਮੌਜੂਦ ਰਹਿ ਗਈ ਹੈ। ਇਹ ਹਾਲ ਉਤਰ ਭਾਰਤ ਦੀ ਉਸ ਨਦੀ ਦਾ ਹੈ ਜੋ ਗੰਗਾ ਤੋਂ ਬਾਅਦ ਦੂਜੀ ਵੱਡੀ ਨਦੀ ਦਾ ਰੁਤਬਾ ਰੱਖਦੀ ਹੈ। ਗਲੋਬਲ ਵਾਰਮਿੰਗ ਦੀ ਵਜ੍ਹਾ ਕਰਕੇ ਗਲੇਸ਼ੀਅਰਾਂ ਤੋਂ ਨਿਕਲਣ ਵਾਲੀਆਂ ਨਦੀਆਂ 'ਤੇ ਜੋ ਸੰਕਟ ਪਿਛਲੇ ਦਹਾਕਿਆਂ ਤੋਂ ਆਇਆ ਹੈ ਉਸ ਨੂੰ ਝੱਲਣ ਲਈ ਯਮੁਨਾ ਵੀ ਸਰਾਪੀ ਗਈ ਹੈ। ਇਹ ਸੰਕਟ ਤਦ ਤੋਂ ਹੋਰ ਡੂੰਘਾ ਹੈ ਜਦੋਂ ਤੋਂ ਪਣ ਬਿਜਲੀ ਪ੍ਰੋਜੈਕਟ ਲਾਉਣ ਲਈ ਸਰਕਾਰਾਂ ਨਦੀਆਂ ਨੂੰ ਸੁਰੰਗਾਂ 'ਚ ਪਾਉਣ ਲੱਗੀਆਂ ਹਨ। ਮਾਹਰ ਮੰਨਦੇ ਹਨ ਕਿ ਗਲੇਸ਼ਿਆਰ ਦੀਆਂ ਨੀਤੀਆਂ ਨੂੰ ਜੇ ਪਹਾੜਾਂ 'ਚ ਸੁਰਾਖ ਕਰਕੇ ਵਹਾਇਆ ਜਾਵੇਗਾ ਤਾਂ ਉਨ੍ਹਾਂ ਦਾ ਪਾਣੀ ਜਜ਼ਬਾ ਹੋਵੇਗਾ। ਹਿਮਾਚਲੀ ਵਾਤਾਵਰਣ ਅਦਾਰੇ ਦੇ ਸੰਯੋਜਕ ਸੁਰੇਸ਼ ਭਾਈ ਮੁਤਾਬਕ, ਗਲੇਸ਼ਿਅਰਾਂ ਦੇ ਤੇਜ਼ੀ ਨਾਲ ਪਿਘਲਨ ਅਤੇ ਮੈਦਾਨੀ ਇਲਾਕਿਆਂ ਵਿਚ ਨਦੀਆਂ ਨੂੰ ਪ੍ਰਦੂਸ਼ਿਤ ਕੀਤੇ ਜਾਣ ਨਾਲ ਇਨ੍ਹਾਂ ਦੀ ਹੋਂਦ ਤਾਂ ਖਤਰੇ ਵਿਚ ਪੈ ਹੀ ਰਹੀ ਸੀ ਪਰ ਹੁਣ ਸੁਰੰਗਾਂ 'ਚ ਪਾਉਣ ਦੀ ਯੋਜਨਾ ਆਉਣ ਵਾਲੇ ਸਮੇਂ 'ਚ ਯੁਮਨਾ-ਗੰਗਾ ਵਰਗੀਆਂ ਨਦੀਆਂ ਨੂੰ ਨਿਗਲ ਜਾਏਗੀ। ਦਿਲੀ, ਉਤਰ ਪ੍ਰਦੇਸ਼ ਅਤੇ ਹਰਿਆਣਾ ਰਾਜ ਦੇ ਲੱਗਭਗ ਦਸ ਵੱਡੇ ਸ਼ਹਿਰਾਂ ਵਿਚੋਂ ਦੀ ਹੋ ਕੇ ਲੰਘਣ ਵਾਲੀ ਯਮੁਨਾ ਨਦੀ ਇਲਾਹਾਬਾਦ ਪਹੁੰਚਣ ਲਈ 1370 ਕਿਲੋਮੀਟਰ ਦੀ ਦੂਰੀ ਤਹਿ ਕਰਦੀ ਹੈ। ਰਵਾਇਤੀ ਤੌਰ 'ਤੇ ਵੇਖੀਏ ਤਾਂ ਦਿੱਲੀ ਯਮੁਨਾ ਦੀ ਸਭ ਤੋਂ ਵੱਡੀ ਖਪਤਕਾਰ ਹੈ। ਬਾਵਜੂਦ ਇਸ ਦੇ ਇਸੇ ਰਾਜ ਨੇ ਯਮੁਨਾ ਨੂੰ ਸਭ ਤੋਂ ਵੱਧ ਬਰਬਾਦ ਕੀਤਾ ਹੈ। ਉਤਰ ਵਿਚ ਵਜੀਰਾਬਾਦ ਤੋਂ ਲੈ ਕੇ ਦੱਖਣ ਵਿਚ ਔਖਲਾ ਬੈਰਾਜ ਦੀ 22 ਕਿਲੋਮੀਟਰ ਦੀ ਰੇਂਜ ਵਿਚ ਫੈਲੀ ਯਮੁਨਾ ਤ੍ਰਾਹਿਮਾਮ ਕਰ ਰਹੀ ਹੈ। ਯਮੁਨਾ ਨੂੰ ਬਚਾਉਣ ਲਈ 1550 ਕਰੋੜ ਤੋਂ ਵੱਧ ਸਿਰਫ ਸਫਾਈ 'ਤੇ ਖਰਚ ਕੀਤੇ ਜਾ ਚੁੱਕੇ ਹਨ। ਫਿਰ ਵੀ ਆਉਣ ਵਾਲੇ ਹਰ ਸਾਲ ਵਿਚ ਪਿਛਲੇ ਸਾਲ ਦੇ ਮੁਕਾਬਲੇ ਪ੍ਰਦੂਸ਼ਣ ਦਾ ਪੱਧਰ ਵੱਧਦਾ ਜਾ ਰਿਹਾ ਹੈ। ਦਿੱਲੀ 'ਚ ਵੱਗਣ ਵਾਲੇ ਨਾਲਿਆਂ-ਸੀਵਰਾਂ ਦਾ 80 ਫੀਸਦੀ ਪਾਣੀ ਯਮੁਨਾ ਵਿਚ ਹੀ ਡਿੱਗਦਾ ਹੈ।

ਯਮੁਨਾ ਦਾ ਰਿਵਰਬੈਂਡ 97 ਕਿਲੋ ਮੀਟਰ 'ਚ ਫੈਲਿਆ ਹੋਇਆ ਹੈ ਦਿੱਲੀ ਦੇ ਕੁਲ ਖੇਤਰਫਲ ਦਾ ਸਿਰਫ 7 ਫੀਸਦੀ ਹੀ ਯਮੁਨਾ ਦੇ ਪਾਸ ਹੈ। ਫਿਰ ਵੀ ਕੇਂਦਰ ਸਰਕਾਰ ਦੇ ਤਹਿਤ ਆਉਣ ਵਾਲੀ ਦਿੱਲੀ ਵਿਕਾਸ ਅਥਾਰਟੀ ਨੇ ਕਾਮਨਵੈਲਥ ਗੇਮ ਸਾਈਟ, ਮੈਟਰੋ ਸਟੇਸ਼ਨ ਤੇ ਨਿੱਜੀ ਕੰਪਨੀਆਂ ਲਈ ਇਸ ਰਿਵਰ ਬੈੱਡ ਵਿਚ ਉਸਾਰੀ

ਦੀ ਖੁੱਲ੍ਹੀ ਛੁੱਟੀ ਦੇ ਕੇ ਯਮੁਨਾ ਦੀ ਹਿੱਕ ਤੇ ਮੂੰਗ ਦਲਣੇ ਸ਼ੁਰੂ ਕਰ ਦਿੱਤੇ ਹਨ ਹਾਲਾਂਕਿ ਯਮੁਨਾ ਦੇ ਨਾਲ ਇਸ ਜ਼ਿਆਦਤੀ ਦੀ ਸ਼ੁਰੂਆਤ ਅਕਸ਼ਧਾਮ ਮੰਦਰ ਤੋਂ ਹੋਈ ਜਿਸ ਲਈ ਉਸ ਵੇਲੇ ਦੀ ਐਨ. ਡੀ. ਏ. ਸਰਕਾਰ ਨੇ ਗ੍ਰਹਿ ਮੰਤਰੀ ਰਹੇ ਲਾਲ ਕ੍ਰਿਸ਼ਨ ਅਡਵਾਨੀ ਦੇ ਦਬਾਅ ਕਾਰਨ ਜ਼ਮੀਨ ਦਿੱਤੀ ਸੀ। ਯਮੁਨਾ ਦੀਆਂ ਹਾਲਤ ਨਾਲ ਜ਼ਿਆਦਤੀ ਨਾ ਹੋਵੇ ਇਸ ਨੂੰ ਲੈ ਕੇ ਸੁਪਰੀਮ ਕੋਰਟ ਨੇ ਕਮੇਟੀਆਂ ਗਠਨ ਕੀਤੀਆਂ। ਕਮੇਟੀਆਂ ਨੇ ਫੈਸਲਾ ਲਿਆ ਪਰ ਸਭ ਵਿਅਰਥ ਗਿਆ। ਇਸ ਬਾਰੇ ਹੇਜਾਰਡ ਸੈਂਟਰ ਦੇ ਦੁਨੂਰਾਏ ਕਹਿੰਦੇ ਹਨ 'ਰਿਅਲ ਸਟੇਟ ਨਾਲ ਹੋਣ ਵਾਲੀ ਅਥਾਹ ਕਮਾਈ ਦੀ ਸਰਕਾਰ ਵੀ ਭੁੱਖੀ ਹੈ। ਇਸ ਲਈ ਉਸ ਨੂੰ ਯਮੁਨਾ ਦੀ ਤਬਾਹੀ ਦਾ ਅੰਦਾਜ਼ਾ ਸਿੱਧਾ ਹੋ ਨਹੀਂ ਰਿਹਾ ਹੈ। ਪਰ ਕੁਝ ਸਾਲਾਂ ਵਿਚ ਪਾਣੀ ਦੀ ਘਾਟ ਕਾਰਨ ਦਿੱਲੀ ਦੀ ਹਾਲਤ ਬਦਤਰ ਹੋਣ ਵਾਲੀ ਹੈ। ਦੂਜੇ ਪਾਸੇ ਅਕਸ਼ਰਾਧਾਮ ਮੰਦਰ ਰੋਜ਼ਾਨਾ ਯਮੁਨਾ ਨਦੀ ਦੀ ਧਾਰ 'ਚ ਗੰਦਗੀ ਵਹਾ ਰਿਹਾ ਹੈ।

ਇਸ ਤੋਂ ਬਦਤਰ ਸਥਿਤੀ ਯਮੁਨਾ ਦੀ ਦੂਜੇ ਸ਼ਹਿਰਾਂ ਵਿਚ ਵੀ ਹੋ ਰਹੀ ਹੈ। ਯਮੁਨਾ ਨੂੰ ਸਭ ਤੋਂ ਵੱਧ ਪ੍ਰਦੂਸ਼ਿਤ ਸਨਅਤੀ ਕਚਰੇ ਕਰ ਰਹੇ ਹਨ। ਆਗਰਾ ਹੋਵੇ ਜਾਂ ਨੋਇਡਾ, ਇਨ੍ਹਾਂ ਸਾਰਿਆਂ ਨੇ ਮਿਲ ਕੇ ਯਮੁਨਾ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ। ਆਗਰਾ ਦੇ ਧੋਬੀ ਘਾਟ ਤੇ ਕੱਪੜੇ ਧੋ ਰਹੇ ਰਾਮਵੀਰ ਨੇ ਦੱਸਿਆ ਕਿ 'ਅਸੀਂ ਚਾਰ ਪੰਜ ਸਾਲ ਪਹਿਲਾਂ' ਤੱਕ ਅਸੀਂ ਇਸ ਨਦੀ ਤੋਂ ਪਾਣੀ ਪੀ ਲੈਂਦੇ ਸਾਂ ਪਰ ਹੁਣ ਘਰੋਂ ਲੈ ਕੇ ਆਉਂਦੇ ਹਾਂ। ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ ਦੇ ਇਕ ਅਧਿਐਨ ਮੁਤਾਬਿਕ 'ਆਗਰਾ 'ਚ ਜਿਥੇ 2005 ਤੱਕ ਸਫਾਈ ਦੇ ਨਾਂ 'ਤੇ 77.75 ਕਰੋੜ ਖਰਚ ਕੀਤੇ ਗਏ ਉਥੇ 1996 ਤੋਂ 2005 ਦੌਰਾਨ ਯਮੁਨਾ 'ਚ ਗੰਦਗੀ ਸੁਟਣਾ 'ਚ 180 ਫੀਸਦੀ ਦਾ ਵਾਧਾ ਹੋਇਆ ਹੈ। ਇਹ ਜਹਿਰ ਹੈ, ਯਮੁਨਾ ਨੂੰ ਗੰਦੀ ਬਣਾਈ ਰੱਖਣ ਦੀ ਖੇਡ ਵੀ ਜਾਰੀ ਹੈ ਅਤੇ ਸਫਾਈ ਦੇ ਨਾਂ 'ਤੇ ਕਰੋੜਾਂ ਰੁਪਏ ਡਕਾਰਨਾ ਦਾ ਵੀ।

# ਕਿਵੇਂ ਸੁੱਕ ਰਿਹਾ ਦੱਖਣ ਦਾ ਪਾਣੀ?

ਉੱਤਰ ਵਾਂਗੂੰ ਦੱਖਣ ਦੀਆਂ ਨਦੀਆਂ ਦਾ ਵੀ ਬੁਰਾ ਹਾਲ ਹੈ। ਗੋਦਾਵਰੀ, ਕ੍ਰਿਸ਼ਨਾ ਤੇ ਪੇਰਿਅਰ ਵਰਗੀਆਂ ਮੁੱਖ ਨਦੀਆਂ ਗੰਭੀਰ ਪ੍ਰਦੂਸ਼ਣ ਦੀਆਂ ਸ਼ਿਕਾਰ ਹਨ। ਦੱਖਣੀ ਭਾਰਤ ਦੀਆਂ ਸਾਰੀਆਂ ਮੁੱਖ ਨਦੀਆਂ ਹੌਲੀ ਹੌਲੀ ਸੁੱਕਦੀਆਂ ਜਾ ਰਹੀਆਂ ਹਨ। ਸਨਅਤੀ ਇਕਾਈਆਂ ਤੋਂ ਇਨ੍ਹਾਂ ਨਦੀਆਂ ਦੇ ਕਿਨਾਰੇ ਤੱਕ ਭਾਰੀ ਧਾਤੂਆਂ ਤੇ ਖਤਰਨਾਕ ਰਸਾਇਣ ਪਹੁੰਚਾ ਰਹੇ ਹਨ। ਸ਼ਹਿਰ ਦੇ ਠੋਸ ਤੇ ਤਰਲ ਫਾਲਤੂ ਪਦਾਰਥਾਂ ਦੇ ਨਾਲ ਇਨ੍ਹਾਂ ਰਸਾਇਣਾਂ ਦੇ ਨਦੀ ਦੇ ਪਾਣੀ 'ਚ ਲਗਾਤਾਰ ਮਿਲਦੇ ਰਹਿਣ ਨਾਲ ਪ੍ਰਦੂਸ਼ਣ ਦੀ ਗੰਭੀਰ ਸਮੱਸਿਆ ਪੈਦਾ ਹੋ ਗਈ ਹੈ। ਨਾਲ ਹੀ ਧਾਨ ਦੇ ਖੇਤਾਂ ਅਤੇ ਖੇਤੀਯੋਗ ਭੂਮੀ 'ਤੇ ਘਾਤਕ ਕੀਟਨਾਸ਼ਕ ਦਵਾਈਆਂ ਅਤੇ ਰਸਾਇਣਕ ਖਾਦਾਂ ਦੀ ਅੰਧਾਧੁੰਦ ਵਰਤੋਂ ਨਾਲ ਵੀ ਪਾਣੀ 'ਚ ਪ੍ਰਦੂਸ਼ਣ ਦਾ ਪੱਧਰ ਵਧਿਆ ਹੈ। ਆਂਧਰਾ ਪ੍ਰਦੇਸ਼ 'ਚ 28 ਵੱਡੀਆਂ ਨਦੀਆਂ ਹਨ। ਗੋਦਾਵਰੀ ਤੇ ਕ੍ਰਿਸ਼ਨਾ ਦਾ ਨਾਂ ਸਭ ਤੋਂ ਵੱਡੀਆਂ ਨਦੀਆਂ ਵਜੋਂ ਲਿਆ ਜਾਂਦਾ ਹੈ। ਇਹ ਦੋਨੋਂ ਹੀ ਨਦੀਆਂ ਪ੍ਰਦੂਸ਼ਣ ਦੀ ਮਾਰ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਈਆਂ ਹਨ। ਗੋਦਾਵਰੀ ਦੱਖਣੀ ਭਾਰਤ ਦੀ ਸਭ ਤੋਂ ਵੱਡੀ ਤੇ ਲੰਬੀ ਨਦੀ ਹੈ। ਇਹ ਦੱਖਣੀ ਗੰਗਾ ਦੇ ਨਾਂ ਨਾਲ ਹੀ ਹਰਮਨ ਪਿਆਰੀ ਹੈ। ਗੋਦਾਵਰੀ ਦਾ ਅਰਥ ਹੈ, ਗੋਦਾਵਰੀ ਬੰਗਾਲ ਦੀ ਖਾੜੀ 'ਚ ਮਿਲਣ ਤੋਂ ਪਹਿਲਾਂ ਸੱਤ ਸ਼ਖਾਵਾਂ 'ਚ ਵੰਡੀ ਜਾਂਦੀ ਹੈ ਜਿਨ੍ਹਾਂ ਨੂੰ ਸੱਤ ਰਿਸ਼ੀਆਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਗੋਦਾਵਰੀ ਤੇ ਉਸ ਦੀਆਂ ਸਹਾਇਕ ਨਦੀਆਂ ਮਹਾਂਰਾਸ਼ਟਰ, ਕਾਰਨਾਟਕ, ਮੱਧ ਪ੍ਰਦੇਸ਼, ਉੜੀਸਾ ਤੇ ਆਂਧਰਾ ਪ੍ਰਦੇਸ਼ ਵਰਗੇ ਰਾਜਾਂ ਤੋਂ ਹੋ ਕੇ ਵਗਦੀਆਂ ਹਨ। ਧਵਲੇਸ਼ਪੁਰਮ 'ਚ ਗੋਦਾਵਰੀ ਦੇ ਛੁਟਣ ਦੀ ਉਚਤਮ ਸੀਮਾ 85000 ਕਿਊਬਿਕ ਮੀਟਰ (30 ਲੱਖ ਕਿਊਬਿਕ) ਪ੍ਰਤੀ ਸੈਕਿੰਡ ਦਰਜ ਕੀਤੀ ਗਈ ਹੈ। ਇਹ ਭਾਰਤ ਦੀ ਦੂਜੀ ਸਭ ਤੋਂ ਵੱਡੀ ਨਦੀ ਹੈ। ਆਂਧਰਾ ਪ੍ਰਦੇਸ਼ 'ਚ ਇਹ ਨਿਜ਼ਾਮਾਬਾਦ, ਆਦਿਲਾਬਾਦ, ਕਰੀਮ ਨਗਰ, ਵਾਰੰਗਲ, ਖਮਮ, ਪੂਰਵੀ ਗੋਦਾਵਰੀ ਤੇ ਪੱਛਮੀ ਗੋਦਾਵਰੀ ਜ਼ਿਲ੍ਹਿਆਂ ਤੋਂ ਹੋ ਕੇ ਵਗਦੀ ਹੈ। ਹੋਰ ਨਦੀਆਂ ਵਾਂਗੂੰ ਗੋਦਾਵਰੀ ਨੂੰ ਪ੍ਰਦੂਸ਼ਿਤ ਕਰਨ ਵਿਚ ਘਰੇਲੂ ਪ੍ਰਦੂਸ਼ਣ ਦਾ ਹੀ ਸਭ ਤੋਂ ਵੱਡਾ ਹੱਥ ਰਿਹਾ ਹੈ। ਨਦੀ ਦੇ ਪ੍ਰਦੂਸ਼ਣ ਵਿਚ ਘਰੇਲੂ ਪ੍ਰਦੂਸ਼ਣ ਦਾ ਹਿੱਸਾ 82 ਫੀਸਦੀ ਹੈ। ਜਦ ਕਿ ਸਨਅਤੀ ਪ੍ਰਦੂਸ਼ਣ 18 ਫੀਸਦੀ, ਖੇਤੀ ਯੋਗ ਭੂਮੀ ਵਜੋਂ ਨਦੀ ਬੇਸਿਨ ਦੇ ਕਰੀਬ ਅੱਧੇ ਭਾਗ (18.6 ਮਿਲੀਅਨ ਹੈਕਟੇਅਰ) ਨੂੰ ਵਰਗੀਕ੍ਰਿਤ ਕੀਤਾ ਗਿਆ ਹੈ। ਲੋਕ ਸਿੰਚਾਈ ਦੀ ਸਹੂਲਤ ਲਈ ਇਸ ਨਦੀ ਦੀ ਵੱਡੀ ਪੱਧਰ 'ਤੇ ਵਰਤੋਂ ਕਰਦੇ ਹਨ। ਖਾਦ ਦੀ ਵਰਤੋਂ ਵੀ ਇੱਥੇ ਕਾਫ਼ੀ ਵੱਧ (49.34 ਕਿ. ਗ੍ਰਾ. ਪ੍ਰਤੀ ਹੈਕਟੇਅਰ) ਹੈ। ਇਹ ਦੇਸ਼ 'ਚ ਖਾਦ ਦੀ ਵਰਤੋਂ ਦਾ ਕਰੀਬ ਦੁਗਣਾ ਹੈ। ਇਸ ਨਦੀ ਦੇ ਆਸ ਪਾਸ ਕੀਟ ਨਾਸ਼ਕ ਦਵਾਈਆਂ ਦੀ ਵਰਤੋਂ ਵੀ ਧੜੱਲੇ ਨਾਲ ਕੀਤੀ ਜਾਂਦੀ ਹੈ। ਇੱਥੇ ਪ੍ਰਤੀ ਵਰਗ ਕਿ. ਮੀ. 'ਚ 146.47 ਕਿ. ਗ੍ਰਾ. ਕੀਟਨਾਸ਼ਕ ਦੀ ਵਰਤੋਂ ਕੀਤੀ ਜਾਂਦੀ ਹੈ। ਜਿਸ ਵਿਚ ਅਰਗੈਨੋਕਲੋਰਿਨ ਦੀ ਮਾਤਰਾ 79 ਫੀਸਦੀ ਤੱਕ ਹੁੰਦੀ ਹੈ। ਜਿਸ ਵਿਚ ਅਰਗੈਨੋਕਲੋਰਿਨ ਦੀ ਮਾਤਰਾ 79 ਫੀਸਦੀ ਤੱਕ ਹੁੰਦੀ

ਹੈ। ਹੈਰਾਨੀ ਦੀ ਗੱਲ ਹੈ ਕਿ ਕੇਂਦਰੀ ਪ੍ਰਦੂਸ਼ਣ ਕੰਟਰੋਲ ਪ੍ਰੀਸ਼ਦ ਰਸਾਇਣਕ ਖਾਦ ਅਤੇ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਅਜਿਹੇ ਪ੍ਰਦੂਸ਼ਣ ਫੈਲਣ ਦੀ ਗੱਲ ਮੰਨਣ ਨੂੰ ਤਿਆਰ ਨਹੀਂ।

ਵੈਸੇ ਗੋਦਾਵਰੀ 'ਚ ਪ੍ਰਦੂਸ਼ਣ ਦੀ ਕਹਾਣੀ ਇਕ ਛੋਟੀ ਨਦੀ ਨਾਕਾਵਣੂ ਦੇ ਆਸ ਪਾਸ ਤੋਂ ਸ਼ੁਰੂ ਹੋ ਜਾਂਦੀ ਹੈ ਜੋ ਬਾਅਦ 'ਚ ਗੋਦਾਵਰੀ ਦੀ ਇਕ ਸਹਾਇਕ ਨਦੀ ਮੰਜਿਰਾ ਨਾਲ ਮਿਲ ਜਾਂਦੀ ਹੈ। ਇਹ ਨਦੀ ਮਰ ਚੁੱਕੀ ਹੈ। ਇਸ ਦੇ ਆਸ ਪਾਸ ਕਾਫੀ ਉਪਜਾਊ ਖੇਤੀ ਭੂਮੀ ਹੈ। ਸਿਕੰਦਰਾਬਾਦ ਤੇ ਹੈਦਰਾਬਾਦ ਦੇ ਜੁੜਵਾਂ ਸ਼ਹਿਰ ਦੇ ਨਜ਼ਦੀਕ 150 ਤੋਂ ਵੱਧ ਛੋਟੇ ਤੇ ਦਰਮਿਆਨੇ ਉਦਯੋਗ ਅਤੇ ਕਈ ਵੱਡੇ ਉਦਯੋਗ ਛੋਟੀ ਨਦੀ ਨਕਾਵਣ 'ਚ ਆਪਣਾ ਫਾਲਤੂ ਪਦਾਰਥ ਸੁੱਟਦੇ ਰਹਿੰਦੇ ਹਨ। ਪਤਨਚੇਰੂ ਦੇ ਸਨਅਤੀ ਖੇਤਰ ਦੇ ਉਦਯੋਗ ਤਾਂ ਨਦੀ ਵਿਚ ਹੀ ਆਪਣੇ ਕਚਰਿਆਂ ਨੂੰ ਸਿੱਧਾ ਪਾ ਦਿੰਦੇ ਹਨ। ਸੋਧਣ ਦੀਆਂ ਸਹੂਲਤਾਂ ਦੀ ਘਾਟ ਕਾਰਨ ਸਨਅਤੀ ਕਚਰੇ ਨਦੀ ਦੇ ਨਾਲ ਵਹਿ ਕੇ ਤਲਾਬਾਂ 'ਚ ਜਮਾ ਹੁੰਦੇ ਰਹਿੰਦੇ ਹਨ। ਬਾਅਦ 'ਚ ਇਹ ਕਚਰਾ ਨਾਕਾਵਣੂ ਤੱਕ ਪਹੁੰਚ ਜਾਂਦਾ ਹੈ। ਅਜਿਹੇ ਉਦਯੋਗਾਂ ਤੋਂ ਨਿਕਲੇ ਸਨਅਤੀ ਕਚਰੇ ਨਾਲ ਇਸ ਖੇਤਰ ਦੇ 22 ਪਿੰਡ ਦੇ ਲੋਕਾਂ ਦੀ ਸਿਹਤ ਦੇ ਨਾਲ ਨਾਲ ਸਤਹੀ ਤੇ ਧਰਤੀ ਹੇਠਲਾ ਪਾਣੀ ਵੀ ਗੰਭੀਰ ਤੌਰ 'ਤੇ ਪ੍ਰਭਾਵਿਤ ਹੋ ਚੁੱਕਿਆ ਹੈ। ਇਕ ਮਾਤਰ ਮੁਹਈਆ ਜਲ ਸਰੋਤ ਹੋਣ ਕਾਰਨ ਨਦੀ ਦੇ ਜਲ ਦੀ ਵਰਤੋਂ ਖੇਤੀ ਦੀ ਸਿੰਚਾਈ ਲਈ ਖੁੱਲੇਆਮ ਹੁੰਦੀ ਹੈ। ਇਹੀ ਕਾਰਨ ਹੈ ਕਿ ਪਾਣੀ ਦੇ ਨਾਲ ਭਾਰੀ ਧਾਤੂਆਂ ਦੇ ਆਉਣ ਨਾਲ ਉਪਜਾਊ ਜ਼ਮੀਨ ਬੰਜਰ ਬਣ ਚੁੱਕੀ ਹੈ। ਫਸਲਾਂ ਦੀ ਪੈਦਾਵਾਰ ਨੂੰ ਇਸ ਕਾਰਨ ਭਾਰੀ ਨੁਕਸਾਨ ਉਠਾਉਣਾ ਪੈਂਦਾ ਹੈ। ਸਨਅਤੀਕਰਨ ਤੋਂ ਪਹਿਲਾਂ ਇਸ ਭੂਮੀ 'ਚ ਫਸਲ ਦੀ ਉਪਜ ਪ੍ਰਤੀ ਏਕੜ 40 ਪੈਟੀ ਧਾਨ ਦੇ ਆਸ ਪਾਸ ਸੀ ਜੋ ਹੁਣ ਘੱਟ ਕੇ ਸਿਰਫ 10 ਪੈਟੀ ਹੋ ਗਈ ਹੈ। ਕ੍ਰਿਸ਼ਣਾ ਆਂਧਰਾ ਦੀ ਦੂਜੀ ਸਭ ਤੋਂ ਵੱਡੀ ਨਦੀ ਹੈ 1337 ਮੀਟਰ ਦੀ ਉਚਾਈ ਤੋਂ ਨਿਕਲ ਕੇ ਆਂਧਰਾ ਪ੍ਰਦੇਸ਼ 'ਚ ਦਾਖਲ ਹੋਣ ਤੋਂ ਪਹਿਲਾਂ ਇਸ ਦਾ ਵਹਾਅ 780 ਕਿਲੋਮੀਟਰ ਤੱਕ ਹੁੰਦਾ ਹੈ, ਕ੍ਰਿਸ਼ਣਾ ਨਦੀ ਦੀ ਲੰਬਾਈ 1400 ਕਿ. ਮੀ. ਹੈ। ਇਸ ਦਾ ਕੁਲ ਜਲ ਸਿੰਚਾਈ 259000 ਵਰਗ ਕਿ. ਮੀ. ਖੇਤਰ ਵਿਚ ਹੈ। ਕਾਫੀ ਲੰਮੇ ਰਾਹ ਤੋਂ ਹੋ ਕੇ ਗੁਜ਼ਰਨ ਕਾਰਨ ਕ੍ਰਿਸ਼ਨਾ ਨਦੀ ਨੂੰ ਕਈ ਤਰ੍ਹਾਂ ਦੇ ਪ੍ਰਦੂਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ ਪੂਨੇ, ਸਤਾਰਾ, ਕੋਹਲਾਪੁਰ, ਹੈਦਰਾਬਾਦ, ਕੁਰਨੂਲ ਤੇ ਵਿਜੇਵਾੜਾ ਵਰਗੇ ਵੱਡੇ ਸ਼ਹਿਰਾਂ ਤੇ ਦੂਜੇ ਸਥਾਨਾਂ ਤੋਂ ਇਸ ਨਦੀ 'ਚ ਕਚਰਾ ਤੇ ਗੰਦਾ ਪਾਣੀ ਘੁਸ ਜਾਂਦਾ ਹੈ। ਕ੍ਰਿਸ਼ਨਾ ਬੇਸਿਨ 'ਚ 300 ਤੋਂ ਵੱਧ ਮਹੱਤਵਪੂਰਨ ਸਨਅਤੀ ਇਕਾਈਆਂ ਦੀ ਗਿਣਤੀ 200 ਹੈ। ਕ੍ਰਿਸ਼ਨਾ ਵਰਗੀਆਂ ਵੱਡੀਆਂ ਨਦੀਆਂ ਦੀਆਂ ਬਹੁਤੀਆਂ ਸਹਾਇਕ ਨਦੀਆਂ ਅੱਜ ਪ੍ਰਦੂਸ਼ਣ ਦੀ ਮਾਰ ਝੱਲ ਰਹੀਆਂ ਹਨ। ਇਨ੍ਹਾਂ ਨਦੀਆਂ ਦੀ ਤਰ੍ਹਾਂ ਪੁਣੇ ਸ਼ਹਿਰ ਦੀ ਇਕ ਨਦੀ ਮੁਲਾ-ਮੁਥਾ ਨਾਲਿਆਂ ਤੋਂ ਨਿਕਲੇ ਗੰਦੇ ਪਾਣੀ ਨਾਲ ਨੱਕੋ ਨੱਕ ਭਰੀ ਹੈ। ਜੁੜਵਾਂ ਸ਼ਹਿਰਾਂ, ਹੈਦਰਾਬਾਦ ਤੇ ਸ਼ਿਕੰਦਰਾਬਾਦ ਤੋਂ ਨਿਕਲਣ ਵਾਲੇ ਗੰਦੇ ਪਾਣੀ ਨਾਲ ਅਤੇ 350 ਐਮ. ਐਲ. ਡੀ. ਪ੍ਰਦੂਸ਼ਣ ਜਲ ਦੇ ਬਹਾਅ ਨਾਲ ਹੈਦਰਾਬਾਦ ਦੇ ਪੱਛਮ 'ਚ ਸਥਿਤ ਕ੍ਰਿਸ਼ਨਾ ਦੀ ਸਹਾਇਕ ਨਦੀ ਮੂਸੀ ਬਦਹਾਲ ਹੈ। ਦਹਾਕਿਆਂ ਦੇ ਸਨਅਤੀ ਪ੍ਰਦੂਸ਼ਣ ਨਾਲ ਤੰਗਭਦਰਾ ਨੂੰ ਵੀ ਨੁਕਸਾਨ ਪਹੁੰਚਿਆ ਹੈ। ਕਰਨਾਟਕ ਦੇ ਧਾਰਾਵਾੜ ਜ਼ਿਲ੍ਹੇ

ਵਿਚ ਇਸ ਦੇ ਕਿਨਾਰੇ ’ਤੇ ਸਥਿਤ ਗਵਾਲੀਅਰ ਰੇਆਨ ਸਿਲਕ ਮੈਨੂੰਫੈਕਚਰਿੰਗ ਕੰਪਨੀ ਲਿਮਟਿਡ ਗ੍ਰਾਸਿਸ ਦੀਆਂ ਦੋ ਇਕਾਈਆਂ ਬਣੀਆਂ ਹਨ। ਇਕ ਸਾਥ ਮਿਲ ਕੇ ਸਮੁੱਚਾ ਸਨਅਤੀ ਖੇਤਰ 33000 ਕਿਊਬਿਕ ਮੀਟਰ ਕਚਰੇ ਦਾ ਪ੍ਰਵਾਹ ਨਦੀ ’ਚ ਕਰਦਾ ਹੈ। ਗੋਦਾਵਰੀ ਤੇ ਕਾਵੇਰੀ ਤੋਂ ਇਲਾਵਾ ਵੀ ਕਰਨਾਟਕਾ ’ਚ ਕੁਝ ਵੱਡੀਆਂ ਨਦੀਆਂ ਵਗਦੀਆਂ ਹਨ ਜਿਵੇਂ ਕਾਵੇਰੀ, ਉਤਰੀ ਪੇਨਰਾਰ ਦੱਖਣੀ ਪਠਾਰ ਤੇ ਪਲਰੀ ਜਿਸ ਕਾਵੇਰੀ ਹੀ ਇਸ ਰਾਜ ਦੀ ਸਭ ਤੋਂ ਮੁੱਖ ਨਦੀ ਹੈ। ਇਹ ਨਦੀ ਪੱਛਮੀ ਘਾਟ ’ਚ ਕਰਨਾਟਕ ਦੇ ਕੋਡਾਗੂ ਜ਼ਿਲ੍ਹੇ ਦੇ ਤਲ ਕਾਵੇਰੀ ਤੋਂ ਨਿਕਲਦੀ ਹੈ। ਕਰਨਾਟਕ, ਕੇਰਲ ਤੇ ਤਾਮਿਲਨਾਡੂ ਦੇ ਦੱਖਣ ਵੱਲ ਪੂਰਵ ਤੋਂ ਵਗ ਕੇ ਦੱਖਣੀ ਪੂਰਬੀ ਤਰਾਈ ਤੋਂ ਹੁੰਦੀ ਹੋਈ ਇਹ ਦੱਖਣੀ ਡੇਕਨ ਪਠਾਰ ਨੂੰ ਪਾਰ ਕਰਕੇ ਬੰਗਾਲ ਦੀ ਖਾੜੀ ’ਚ ਦੋ ਮੁੱਖਾਂ ’ਚ ਵੰਡਕੇ ਮਿਲ ਜਾਂਦੀ ਹੈ। ਉਰਵਰਕਾਂ, ਕੀਟਨਾਸ਼ਕ ਦਵਾਈਆਂ, ਭਾਰੀ ਧਾਤੂਆਂ ਅਤੇ ਸ਼ਹਿਰੀ ਕਚਰਿਆਂ ਦੀ ਵਜ੍ਹਾ ਕਰਕੇ ਇਹ ਨਦੀ ਵੀ ਕਾਫੀ ਪ੍ਰਦੂਸ਼ਿਤ ਹੈ। ਸਾਲ ਦੇ ਇਕ ਨਿਸ਼ਚਤ ਸਮੇਂ ਵਿਚ ਨਦੀ ਦਾ ਪ੍ਰਦੂਸ਼ਣ ਪੱਧਰਾ 5000 ਟੀ. ਡੀ. ਐਸ. (ਪੂਰਨ ਘੁਲਣਸ਼ੀਲ ਠੋਸ) ਦੇ ਭਿਆਨਕ ਪੱਧਰ ਤੱਕ ਪਹੁੰਚ ਜਾਂਦਾ ਹੈ।

ਕੇਰਲਾ ’ਚ ਬਾਰਾਂ ਮਹੀਨੇ ਵਗਣ ਵਾਲੀਆਂ 44 ਨਦੀਆਂ ਹਨ। ਇਨ੍ਹਾਂ ’ਚ ਭਰਤਪੁਜਹਾ, ਪੇਰਿਆਰ ਤੇ ਪੰਪੂ ਪ੍ਰਦੂਸ਼ਣ ਨਾਲ ਸਭ ਤੋਂ ਵੱਧ ਪ੍ਰਭਾਵਿਤ ਹਨ। ਨਿਰਮਾਣ ਕਾਰਜਾਂ ਲਈ ਬਾਬੂ ਦਾ ਬੇਲਗਾਮੀ ਖੁਦਾਈ ਕਾਰਨ ਕੇਰਲਾ ਦੀ ਸਭ ਤੋਂ ਵੱਡੀ ਨਦੀ ਭਰਤਪੁਜਹਾ ਕਰੀਬ ਖਤਮ ਹੋ ਗਈ ਹੈ। ਪੇਰਿਅਰ ਦੇ ਖਤਮ ਹੋਣ ਦੀ ਮੁਖ ਵਜ੍ਹਾ ਇਸ ਦੀ ਹੇਠਲੀ ਧਾਰਾ ਦੇ ਕਿਨਾਰਿਆਂ ਵਿਚ ਅਲੁਣਾ ਅਤੇ ਕੋਚੀ ਵਿਚ ਰਸਾਇਣਕ ਇਕਾਈਆਂ ਦੀ ਮੌਜੂਦਗੀ ਹੈ। ਪੰਪਾ ਨਦੀ ਤੀਰਥ ਯਾਤਰੀਆਂ ਕਾਰਨ ਪ੍ਰਦੂਸ਼ਿਤ ਹੋ ਰਹੀ ਹੈ। ਸਬਰੀਮਲਾ ਦੀ ਸਲਾਨਾ ਤੀਰਥ ਯਾਤਰਾ ਵਿਚ ਅਨੁਮਾਨਿਤ 3 ਤੋਂ 4 ਕਰੋੜ ਲੋਕ ਆਉਂਦੇ ਹਨ। ਨਵੰਬਰ ਤੋਂ ਜਨਵਰੀ ਤੱਕ ਚੱਲਣ ਵਾਲੀ ਇਸ ਤੀਰਥ ਯਾਤਰਾ ਦੌਰਾਨ ਪਾਣੀ ’ਚ ਜੀਵਾਣੂ ਆ ਜਾਣ ਕਰਕੇ ਤੇਜ਼ੀ ਨਾਲ ਪ੍ਰਦੂਸ਼ਿਤ ਹੁੰਦਾ ਹੈ। ਮੱਧ ਕੇਰਲ ਦੇ ਸਮੁੱਚੇ ਜਲ ਖੇਤਰ ਦੇ ਪ੍ਰਭਾਵਿਤ ਹੋਣ ਦਾ ਕਾਰਨ ਇਹੀ ਦੂਸ਼ਿਤ ਜਲ ਹੈ।

# ਅਪ੍ਰੇਸ਼ਨ ਬਲਿਊ ਸਟਾਰ ਜ਼ਖਮ ਅਜੇ ਵੀ ਅੱਲ੍ਹੇ

ਜੇ ਪੰਜਾਬ ਜਾਂ ਦੇਸ਼ ਭਰ 'ਚ ਵਸੇ ਸਿੱਖ ਤੇ ਹਿੰਦੂ ਪੰਜਾਬੀਆਂ ਦੇ ਪ੍ਰਸੰਗ 'ਚ ਦੇਖਿਆ ਜਾਵੇ ਤਾਂ 1984 ਦਾ ਸਾਲ 1947 'ਚ ਦੇਸ਼ ਦੀ ਵੰਡ ਪਿੱਛੋ ਸਭ ਤੋਂ ਦੁਖਦਾਈ ਸੀ। ਪੱਚੀ ਸਾਲ ਬਾਅਦ ਵੀ ਇਸ ਬੁਰੇ ਵਕਤ ਦਾ ਪਰਛਾਵਾਂ ਪੰਜਾਬ ਤੇ ਪੰਜਾਬੀਆਂ ਦੇ ਜੀਵਨ 'ਤੇ ਮੰਡਰਾ ਰਿਹਾ ਹੈ। ਸਿੱਖ ਇਤਿਹਾਸ 'ਚ ਇਹ ਮਾਤਮ ਦਾ ਸਾਲ ਸੀ ਜਦ ਸਿੱਖਾਂ ਦੇ ਸਭ ਤੋਂ ਪਵਿੱਤਰ ਸਥਾਨ 'ਤੇ ਭਾਰਤੀ ਫੌਜ ਨੇ ਹਮਲਾ ਕੀਤਾ ਅਤੇ ਇਸ ਕਾਰਵਾਈ ਨੂੰ ਨਾਂ ਦਿੱਤਾ ਗਿਆ ਅਪ੍ਰੇਸ਼ਨ ਬਲਿਊ ਸਟਾਰ (ਨੀਲਾ ਤਾਰਾ) ਇਹ ਨੀਲਾ ਤਾਰਾ ਪੰਜਾਬ ਤੇ ਦੇਸ਼ ਭਰ 'ਚ ਇਕ ਅਜਿਹਾ ਤੂਫਾਨ ਲੈ ਕੇ ਆਇਆ ਜਿਸ ਦੀ ਲਪੇਟ 'ਚ ਵੱਡੇ-ਛੋਟੇ ਸਭ ਆ ਗਏ। ਪੰਜਾਬ 'ਚ ਪਣਪ ਰਿਹਾ ਅੱਤਵਾਦ ਹੋਰ ਮਜ਼ਬੂਤ ਹੋ ਗਿਆ। ਇੰਦਰਾ ਗਾਂਧੀ ਖੁਦ ਇਕ ਭੋਂਡੀ ਸਿਆਸਤ ਦਾ ਸ਼ਿਕਾਰ ਬਣੀ। ਦਿੱਲੀ ਤੇ ਪੰਜਾਬ ਦੇ ਬਾਹਰ ਹੋਰ ਸ਼ਹਿਰਾਂ 'ਚ ਵਸੇ ਸਿੱਖਾਂ ਨੂੰ ਇਕ ਤਰਫਾ ਦੰਗਿਆਂ ਦਾ ਸ਼ਿਕਾਰ ਬਣਨਾ ਪਿਆ। ਸਿੱਖ ਮਾਨਸਿਕਤਾ 'ਚ ਅਜੇ ਤੱਕ ਇਹ ਜ਼ਖਮ ਰਿਸ ਰਿਹਾ ਹੈ ਅਤੇ ਖੇਦ ਦੀ ਗੱਲ ਇਹ ਰਹੀ ਕਿ ਰਾਜਸੀ ਲਾਭ ਲਈ ਇਸ ਦੁਰਘਟਨਾ ਨੂੰ ਵਾਰ-ਵਾਰ ਉਛਾਲਿਆ ਜਾਂਦਾ ਰਿਹਾ ਹੈ। ਵੈਸੇ ਮਾਹਰਾਂ ਤੇ ਆਮ ਲੋਕਾਂ ਦੀ ਰਾਇ ਇਹੀ ਰਹੀ ਹੈ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਫੌਜੀ ਕਾਰਵਾਈ ਇਕ ਭੁੱਲ ਹੀ ਨਹੀਂ; ਮੰਦਭਾਗੀ ਵੀ ਸੀ। ਮਸ਼ਹੂਰ ਪੱਤਰਕਾਰ ਤੇ ਪੰਜਾਬੀਅਤ ਦੇ ਹਾਮੀ ਕੁਲਦੀਪ ਨਈਅਰ ਕਹਿੰਦੇ ਹਨ ਕਿ 'ਮਈ 1984 ਦੀ ਗੱਲ ਹੈ ਜਦ ਸੂਚਨਾ ਤੇ ਪ੍ਰਸਾਰਨ ਮੰਤਰੀ ਐੱਚ. ਕੇ. ਐੱਲ. ਭਗਤ ਨੇ ਮੈਨੂੰ ਕਿਹਾ ਕਿ ਦਰਬਾਰ ਸਾਹਿਬ 'ਤੇ ਫੌਜੀ ਕਾਰਵਾਈ ਕਰਨ ਦੀ ਸੋਚੀ ਜਾ ਰਹੀ ਹੈ ਕਿਉਂਕਿ ਇਹ ਡਰ ਬਣ ਰਿਹਾ ਹੈ ਕਿ ਇਹ ਬਹੁਤ ਵੱਡੀ ਭੁੱਲ ਹੋਵੇਗੀ ਜਿਸ ਨੂੰ ਨਾ ਤਾਂ ਸਿੱਖ ਭੁਲਾ ਸਕਣਗੇ ਤੇ ਨਾ ਹੀ ਮਾਫ ਕਰ ਸਕਣਗੇ ਕਿਉਂਕਿ ਦਰਬਾਰ ਸਾਹਿਬ ਸਿੱਖਾਂ ਦਾ ਮੱਕਾ ਜਾਂ ਵੇਟਿਕਨ ਹੈ।'

ਖੈਰ ਅੱਤਿਆਚਾਰੀ ਰਾਜਨੀਤੀ ਨੂੰ ਇਹੀ ਮੰਜ਼ੂਰ ਸੀ; ਇਹ ਉਹ ਸਮਾਂ ਸੀ ਜਦ ਜਰਨੈਲ ਸਿੰਘ ਭਿੰਡਰਾਂ ਵਾਲਾ ਦਰਬਾਰ ਸਾਹਿਬ 'ਚ ਅਕਾਲ ਤਖਤ 'ਚ ਆਪਣੇ ਸਾਥੀਆਂ ਨਾਲ ਬਿਰਾਜਮਾਨ ਸੀ ਅਤੇ ਆਏ ਦਿਨ ਮਾਸੂਮ ਹਿੰਦੂਆਂ ਦੇ ਕਤਲੇਆਮ ਦਾ ਹੁਕਮ ਦਿੰਦੇ ਸਨ। ਇਹ ਗੱਲ ਵੱਖਰੀ ਹੈ ਕਿ ਭਿੰਡਰਾਂਵਾਲੇ ਨੂੰ ਬਣਾਉਣ ਵਾਲੀ ਵੀ ਕਾਂਗਰਸ ਹਾਈਕਮਾਨ ਸੀ ਜਿਸ 'ਚ ਗਿਆਨੀ ਜੈਲ ਸਿੰਘ ਤੇ ਇੰਦਰਾ ਗਾਂਧੀ ਸ਼ਾਮਲ ਸਨ। ਪਰ ਉਨ੍ਹਾਂ ਦਾ ਬਣਾਇਆ ਦੈਂਤ ਹੱਥਾਂ 'ਚੋਂ ਨਿਕਲ ਗਿਆ ਸੀ ਅਤੇ ਸਿੱਖਾਂ ਦਾ ਦੇਸ਼ ਬਣਾਉਣ ਸਬੰਧੀ ਦ੍ਰਿੜ ਸੀ। ਉਧਰ ਪਾਕਿਸਤਾਨ ਬੰਗਲਾ ਦੇਸ਼ ਦੇ ਨਿਰਮਾਣ ਦਾ ਬਦਲਾ ਲੈਣ ਦਾ ਮੌਕਾ ਲੱਭ ਰਿਹਾ ਸੀ। ਹਾਲਾਤ ਬੁਰੀ ਤਰ੍ਹਾਂ ਉਲਝ ਗਏ ਸਨ। ਇਸ ਨੂੰ ਸੁਲਝਾਉਣ ਦੇ ਢੰਗ ਤਾਂ ਹੋਰ ਵੀ ਸਨ ਪਰ ਇੰਦਰਾ ਗਾਂਧੀ ਤੇ ਉਸ ਦੇ ਸਲਾਹਕਾਰ ਫੌਜੀ ਕਾਰਵਾਈ ਹੀ ਇਸ ਦਾ ਹੱਲ ਸਮਝ ਰਹੇ ਸਨ।

ਇਹ ਗੱਲ ਹੁਣ ਆਮ ਜਾਣਕਾਰੀ ਵਿਚ ਹੈ ਕਿ ਜਦ ਇੰਦਰਾ ਗਾਂਧੀ ਨੇ ਲੈਫਟੀਨੈਂਟ ਜਨਰਲ ਐਸ. ਕੇ. ਸਿਨਹਾ ਨੂੰ ਦਰਬਾਰ ਸਾਹਿਬ 'ਤੇ ਚੜ੍ਹਾਈ ਕਰਨ ਲਈ ਕਾਗਜ਼ੀ ਕਾਰਵਾਈ ਕਰਨ ਨੂੰ ਕਿਹਾ ਤਾਂ ਉਨ੍ਹਾਂ ਨੇ ਕੁੱਝ ਹੋਰ ਸੁਝਾਅ ਦਿੱਤੇ। ਇਸ

ਦਾ ਨਤੀਜਾ ਇਹ ਹੋਇਆ ਕਿ ਸਿਨਹਾ ਦੇ ਬਦਲੇ ਜਨਰਲ ਏ. ਐਸ. ਵੈਦਿਆ ਨੂੰ ਫੌਜ ਦਾ ਮੁਖੀਆ ਬਣਾਇਆ ਗਿਆ ਅਤੇ ਅਪ੍ਰੇਸ਼ਨ ਬਲਿਊ ਸਟਾਰ 'ਚ ਉਨ੍ਹਾਂ ਦੀ ਸਹਾਇਤਾ ਕੀਤੀ ਲੈਫਟੀਨੈਂਟ ਜਨਰਲ ਕੇ. ਸੁੰਦਰ ਜੀ ਨੇ। ਵੈਸੇ ਕੇ. ਸੁੰਦਰ ਜੀ ਨੇ ਬਾਅਦ ਵਿਚ ਆਪਣੇ ਇਕ ਸਹਿਯੋਗੀ ਨੂੰ ਇਸ ਨੂੰ ਇਕ 'ਅਨਰਥ' ਦੱਸਦੇ ਹੋਏ ਕਿਹਾ ਕਿ "ਜਦ ਮੈਨੂੰ ਟੈਲੀਫੋਨ 'ਤੇ ਸੰਦੇਸ਼ ਮਿਲਿਆ ਤਾਂ ਮੈਂ ਸਿਰ ਤੋਂ ਲੈ ਕੇ ਪੈਰਾਂ ਤੱਕ ਕੰਬ ਗਿਆ।" ਸਿੱਖ ਨਾਸਿਕਤਾ ਨੂੰ ਜੋ ਠੇਸ ਪਹੁੰਚੀ ਉਸ ਦਾ ਸਿੱਟਾ ਸੀ ਸਿੱਖ ਰੈਜੀਮੈਂਟ 'ਚ ਬਗਾਵਤ ਉੱਚ ਅਹੁਦਿਆਂ ਤੋਂ ਸਿੱਖਾਂ ਨੇ ਅਸਤੀਫੇ ਦੇਣੇ ਸ਼ੁਰੂ ਕਰ ਦਿੱਤੇ ਅਤੇ ਇੱਥੋਂ ਤੱਕ ਕਿ ਕਾਂਗਰਸੀ ਨੇਤਾ ਅਮਰਿੰਦਰ ਸਿੰਘ ਨੇ ਆਪਣੀ ਪਾਰਟੀ ਛੱਡ ਅਕਾਲੀ ਦਲ ਦਾ ਮੈਂਬਰ ਬਣਨ ਲਈ ਕਦਮ ਉਠਾਇਆ। ਪੰਜਾਬ 'ਚ ਹਿੰਦੂ-ਸਿੱਖਾਂ 'ਚ ਪਾੜਾ ਵਧਿਆ। ਹਿੰਦੂ ਭਿੰਡਰਾਂਵਾਲੇ ਦੀ ਮੌਤ ਪਿੱਛੋਂ ਕੁੱਝ ਸੁਰੱਖਿਅਤ ਮਹਿਸੂਸ ਕਰਨ ਲੱਗੇ। ਪਰ ਸਿੱਖ ਇਸ ਬੇਇੱਜ਼ਤੀ ਨੂੰ ਸਹਿਣ ਨਹੀਂ ਕਰ ਰਹੇ ਸਨ। ਉਸ ਸਾਲ ਪੰਜਾਬ 'ਚ ਅੱਧੇ ਘਰਾਂ 'ਚ ਦੀਪਮਾਲਾ ਦਾ ਉਤਸਵ ਮਨਾਇਆ ਗਿਆ ਤੇ ਅੱਧੇ ਗਮ ਦੇ ਹਨੇਰੇ 'ਚ ਡੁੱਬੇ ਰਹੇ। ਜ਼ਾਹਿਰ ਹੈ ਕਿ ਹਿੰਦੂ ਪੰਜਾਬੀਆਂ ਨੇ ਦੀਵਾਲੀ ਮਨਾਈ ਤੇ ਸਿੱਖਾਂ ਨੇ ਸੋਗ। ਫਿਰ ਸ਼ੁਰੂ ਹੋਇਆ ਅੱਤਵਾਦ ਦਾ ਦੂਜਾ ਤੇ ਭਿਅੰਕਰ ਦੌਰ। 31 ਅਕਤੂਬਰ, 1984 ਨੂੰ ਇੰਦਰਾ ਗਾਂਧੀ ਦੀ ਹੱਤਿਆ ਉਸ ਦੇ ਸਿੱਖ ਸੁਰੱਖਿਆ ਗਾਰਡਾਂ ਸਤਵੰਤ ਸਿੰਘ ਤੇ ਬੇਅੰਤ ਸਿੰਘ ਨੇ ਕਰ ਦਿੱਤੀ। ਨਤੀਜਾ ਦਿੱਲੀ ਤੇ ਹੋਰ ਸੂਬਿਆਂ 'ਚ ਸਿੱਖਾਂ ਦਾ ਬੇਰਹਿਮੀ ਨਾਲ ਕਤਲੇ ਆਮ। ਇਸ ਪਿੱਛੇ ਕਾਂਗਰਸੀ ਨੇਤਾਵਾਂ ਦਾ ਹੱਥ ਸੀ। ਦੋ ਸਾਲਾਂ ਬਾਅਦ ਦੋ ਸਿੱਖਾਂ ਨੇ ਪੂਣੇ 'ਚ ਜਰਨਲ ਵੈਦਿਆ ਦੀ ਹੱਤਿਆ ਕਰ ਦਿੱਤੀ। ਪੰਜਾਬ 'ਚ ਕਤਲੇਆਮ ਵਧਦਾ ਗਿਆ ਅਤੇ ਦਰਬਾਰ ਸਾਹਿਬ 'ਚ ਫਿਰ ਅੱਤਵਾਦੀ ਸ਼ਰਨ ਲੈਣ ਲੱਗੇ ਅਤੇ ਅਸਲਾ ਇਕੱਠਾ ਕਰਨ ਲੱਗੇ। ਫਿਰ ਪੁਲਸ ਕਾਰਵਾਈ ਦਾ ਦੌਰ ਸ਼ੁਰੂ ਹੋਇਆ ਅਤੇ ਕੇ. ਪੀ. ਐਸ. ਗਿੱਲ ਨੇ ਅਪਰੇਸ਼ਨ ਬਲੈਕ ਥੰਡਰ ਕਰਵਾਇਆ ਗਿਆ। ਪੁਲਸ ਐਕਸ਼ਨ ਪਿੰਡ ਪਿੰਡ ਪਹੁੰਚਿਆ ਅਤੇ ਅੱਤਵਾਦੀਆਂ ਦੇ ਨਾਲ-ਨਾਲ ਕੁੱਝ ਬੇਕਸੂਰ ਲੋਕ ਵੀ ਇਸ ਦਾ ਨਿਸ਼ਾਨਾ ਬਣੇ। ਇਸ ਘਟਨਾ ਦੇ ਪੱਚੀ ਸਾਲ ਬਾਅਦ ਪੰਜਾਬ ਨੇ ਕਾਂਗਰਸ ਦੇ ਅਮਨ ਤੇ ਦੋਸਤੀ ਵੱਲ ਅਕਾਲੀਆਂ ਤੇ ਭਾਜਪਾ ਨੂੰ 2009 ਦੀਆਂ ਲੋਕ ਸਭਾ ਚੋਣਾਂ 'ਚ ਪ੍ਰਾਜਿਤ ਕੀਤਾ। ਇਸ ਦਾ ਕਾਰਨ ਸੀ ਇਕ ਸਿੱਖ ਦਾ ਪ੍ਰਧਾਨ ਮੰਤਰੀ ਹੋਣਾ ਅਤੇ ਚੋਣਾਂ ਤੋਂ ਕੁੱਝ ਪਹਿਲਾਂ ਟਾਈਟਲਰ ਤੇ ਸੱਜਣ ਕੁਮਾਰ ਨੂੰ (ਜਿੰਨਾ ਦਾ 1984 'ਚ ਦਿੱਲੀ ਦੰਗਿਆਂ 'ਚ ਹੱਥ ਸੀ) ਚੋਣਾਂ ਤੋਂ ਵੱਖ ਕਰ ਦੇਣਾ। ਇਸ ਦੇ ਬਾਵਜੂਦ ਸਮੇਂ ਸਮੇਂ ਸਿਰ ਖਾਲਿਸਤਾਨ ਦਾ ਨਾਅਰਾ ਬੁਲੰਦ ਹੁੰਦਾ, ਰਹਿੰਦਾ ਹੈ - ਖਾਸ ਕਰਕੇ ਵਿਦੇਸ਼ ਵਸੇ ਸਿੱਖਾਂ ਵੱਲੋਂ ਇੰਟਰਨੈੱਟ 'ਤੇ ਇਹ ਪ੍ਰਚਾਰ ਤਾਂ ਜੋਰ ਜੋਰ ਨਾਲ ਚੱਲਦਾ ਰਹਿੰਦਾ ਹੈ ਅਤੇ 'ਨੇਵਰਫਅਗੇਟ' ਨਾਂ ਦੀ ਵੈੱਬਸਾਈਟ ਵੀ ਮੌਜੂਦ ਹੈ। ਭਿੰਡਰਾਂਵਾਲੇ ਇਤਿਹਾਸ ਤੋਂ ਮਿਥਿਆਸ ਵਿਚ ਪਹੁੰਚ ਕੇ ਅਤੇ ਸਸ਼ਕਤ ਹੋ ਗਏ ਹਨ। ਇਤਿਹਾਸ ਦੀ ਭੂਲ ਐਸੀ ਰਹੀ ਕਿ ਭੁਲਾਈ ਜਾ ਰਹੀ। ਅਪਰੇਸ਼ਨ ਬਲਿਊ ਸਬੰਧੀ ਇਤਿਹਾਸਕਾਰ ਬਲਕਾਰ ਸਿੰਘ ਕਹਿੰਦੇ ਹਨ "ਨੀਲਾ ਤਾਰਾ ਰਾਜਨੀਤੀ ਦੀ ਕੁੱਖ 'ਚ ਜੰਮਿਆ ਸੀ ਅਤੇ ਰਾਜਨੀਤੀ ਦੇ ਮੋਢਿਆਂ 'ਤੇ ਸਵਾਰ ਹੋ ਕੇ ਹੀ ਪਹੁੰਚਦਾ ਰਿਹਾ ਹੈ ਪਰ ਇਸ ਦੁਖਾਂਤ ਨੂੰ ਰਾਜਨੀਤੀ ਦਾ ਵਿਸ਼ਾ ਬਣਾਉਣਾ ਕਿਸੇ ਦੇ ਹਿੱਤ ਵਿਚ ਨਹੀਂ ਹੈ।"

ਬਲਕਾਰ ਇਹ ਵੀ ਕਹਿੰਦੇ ਹਨ ਕਿ ਇਸ ਦੁਖਾਂਤ ਨੂੰ ਲੈ ਕੇ ਸਾਹਿਤ 'ਚ ਬਹੁਤ ਘੱਟ ਲਿਖਿਆ ਗਿਆ ਹੈ ਕਿ ਹਰਭਜਨ ਸਿੰਘ ਤੇ ਇਕ ਦੋ ਹੋਰ ਕਵੀਆਂ ਨੂੰ ਛੱਡ ਕੇ ਇਹ ਵਿਸ਼ਾ ਸਿਰਫ ਵੱਖਵਾਦ ਦੀ ਪ੍ਰਚਾਰ ਸਮੱਗਰੀ ਦਾ ਹੀ ਹਿੱਸਾ ਰਿਹਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਪੰਜਾਬੀ ਸਾਹਿਤ ਪ੍ਰਗਤੀਸ਼ੀਲ ਅੰਦੋਲਨ ਨਾਲ ਜੁੜਿਆ ਰਿਹਾ ਤੇ ਵੈਸੇ ਹੀ ਸਾਹਿਤ ਹਿੰਸਾ ਅਤੇ ਵੱਖਵਾਦ ਦੀ ਗੱਲ ਨਹੀਂ ਕਰਦਾ। ਜਦ ਵੀ ਲੇਖਕਾਂ ਨੇ ਇਸ ਦੁਖਾਂਤ ਦਾ ਜ਼ਿਕਰ ਕੀਤਾ ਹੈ ਤਾਂ ਇਸ ਤੋਂ ਉੱਪਰ ਉੱਠ ਕੇ ਫਿਰ ਤੋਂ ਪਿਆਰ ਦੇ ਭਾਈਚਾਰੇ ਦੀ ਗੱਲ ਕੀਤੀ। ਮਰਹੂਮ ਤਾਰਾ ਸਿੰਘ ਨੇ ਇਕ ਕਵਿਤਾ ਵਿਚ ਕਿਹਾ ਸੀ 'ਅਜੇ ਬਨੇਰਿਆਂ 'ਤੇ ਮੋਮਬੱਤੀਆਂ ਮਤ ਜਲਾਓ ਅਤੇ ਗਰਮ ਹਵਾਵਾਂ ਦੇ ਬੰਦ ਹੋਣ ਦਾ ਇੰਤਜ਼ਾਰ ਕਰੋ।' ਸਾਲਾਂ ਬਾਅਦ ਜਦ ਪੰਜਾਬੀ ਸ਼ਾਂਤੀ ਵੱਲ ਵਧਣ ਲੱਗਿਆ ਤਾਂ ਕਵੀ ਸੁਰਜੀਤ ਪਾਤਰ ਨੇ ਤਾਰਾ ਸਿੰਘ ਦੀ ਸੋਚ ਅੱਗੇ ਵਧਾਉਂਦੇ ਕਿਹਾ 'ਆਓ ਜਲਾਈਏ ਮੋਮਬੱਤੀਆਂ।'

# ਗੁਜਰਾਤ ਹਾਈਕੋਰਟ 'ਚ ਖੜੇ 17 ਜੱਜਾਂ ਦੀ ਜਬਰੀ ਸੇਵਾ ਨਵਿਰਤੀ

ਗੁਜਰਾਤ ਦੇ ਵਿਕਾਸ ਮਾਡਲ ਨੂੰ ਬਾਕੀ ਭਾਰਤ ਲਈ ਇਕ ਮਿਸਾਲ ਵਜੋਂ ਪੇਸ਼ ਕੀਤਾ ਜਾਂਦਾ ਹੈ ਪਰ ਇਸ ਰਾਜ ਦਾ ਮਾਡਲ ਜੋ ਹੁਣ ਵੱਖ ਖੇਤਰ 'ਚ ਮੱਲਾਂ ਮਾਰ ਰਿਹਾ ਹੈ, ਉਹ ਹੈ ਨਿਆਂ ਪ੍ਣਾਲੀ, ਗੌਰ ਕਰੀਏ :

ਕੁਝ ਸਾਲ ਪਹਿਲਾਂ ਹੇਠਲੀ ਅਦਾਲਤ ਨੇ ਇਕ ਜੱਜ ਨੂੰ ਕੋਰਟ ਦੇ ਰਿਕਾਰਡ 'ਚ ਹੇਰਾਫੇਰੀ ਦੀ ਵਜ੍ਹਾ ਕਾਰਨ ਬਰਖਾਸਤ ਕਰ ਦਿੱਤਾ ਸੀ। ਉਹ ਜੱਜ ਮੁਕੱਦਮਾ ਲੜ ਰਹੇ ਪੱਖਾਂ ਦੀ ਸੁਣਵਾਈ ਲਈ ਇਕ ਤਰੀਕ ਦਿੰਦਾ ਸੀ ਫਿਰ ਉਸ ਤਰੀਕ ਨੂੰ ਮੂਲ ਦਸਤਾਵੇਜ਼ਾਂ ਨੂੰ ਬਦਲ ਦਿੰਦਾ ਸੀ, ਇਸ ਪਿੱਛੋਂ ਉਸ ਪੱਖ ਨੂੰ ਨਵੀਂ ਤਰੀਕ ਦੇ ਦਿੰਦਾ ਸੀ, ਜਿਸ ਨਾਲ ਉਸ ਨੂੰ ਰਿਸ਼ਵਤ ਮਿਲ ਜਾਂਦੀ ਸੀ। ਤਰੀਕ 'ਚ ਫੇਰ ਬਦਲ ਤੋਂ ਅਣਜਾਣ ਦੂਜੀ ਧਿਰ ਸੁਣਵਾਈ 'ਤੇ ਨਹੀਂ ਪਹੁੰਚਦੀ ਸੀ ਜਿਸ ਨਾਲ ਇਹ ਬੇਇਮਾਨ ਜੱਜ ਉਸ ਪੱਖ ਦੇ ਹੱਕ ਵਿਚ ਆਪਣਾ ਫੈਸਲਾ ਸੁਣਾ ਦਿੰਦਾ ਜੋ ਪੈਸਾ ਦਿੰਦਾ ਸੀ।

ਪਿਛਲੇ ਸਾਲ ਇਕ ਫਾਸਟੈਕ ਕੋਰਟ ਦੇ ਜੱਜ ਨੇ ਹੱਤਿਆ ਦੀ ਕੋਸ਼ਿਸ਼ ਸਬੰਧੀ ਇਕ ਕੇਸ ਵਿਚ ਸੱਤ ਲੋਕਾਂ ਨੂੰ ਸੱਤ-ਸੱਤ ਸਾਲ ਦੀ ਸਜ਼ਾ ਸੁਣਾਈ ਛਾਣਬੀਣ ਤੋਂ ਪਤਾ ਲੱਗਿਆ ਕਿ ਉਸ ਜੱਜ ਨੇ ਕਥਿਤ ਤੌਰ 'ਤੇ ਦੋਸ਼ੀਆਂ ਨੂੰ ਬਰੀ ਕਰਨ ਲਈ ਇਕ-ਇਕ ਲੱਖ ਰੁਪਏ ਦੀ ਮੰਗ ਕੀਤੀ ਸੀ, ਬਾਅਦ 'ਚ ਇਹ ਪਤਾ ਲੱਗਿਆ ਕਿ ਜੱਜ ਇਕ ਸਰਪੰਚ ਰਾਹੀਂ ਇਹ ਕਾਰਸਤਾਨੀ ਕਰਦਾ ਸੀ ਸਰਪੰਚ ਦੇ ਨਾਲ ਜੱਜ ਦੀ ਪਤਨੀ, ਜੋ ਵਕੀਲ ਸੀ, ਪੈਸੇ ਦਾ ਲੈਣ-ਦੇਣ ਕਰਦੀ ਸੀ ਤਾਂ ਕਿ ਜੱਜ ਖੁਦ ਨੂੰ ਨਿਰਦੋਸ਼ ਦੱਸ ਸਕੇ।

ਇਕ ਹਾਈਕੋਰਟ ਜੱਜ ਦਾ ਤਬਾਦਲਾ ਕਰ ਦਿੱਤਾ ਗਿਆ, ਉਸ ਦਾ ਕੰਮ ਕਰਨ ਦਾ ਤਰੀਕਾ ਵੀ ਅਨੋਖਾ ਸੀ। ਜੱਜ ਦੀ ਬੇਟੀ ਵੀ ਉਸ ਅਦਾਲਤ 'ਚ ਕੰਮ ਕਰਦੀ ਸੀ ਉਹ ਪਿਤਾ ਦੀ ਅਦਾਲਤ 'ਚ ਚਲ ਰਹੇ ਮੁਕੱਦਮੇ ਦਾ ਫੈਸਲਾ ਆਪਣੇ ਪੱਖ 'ਚ ਕਰਵਾਉਣ ਵਾਲਿਆਂ ਤੋਂ ਪੰਜ ਲੱਖ ਰੁਪਏ ਲੈਂਦੀ ਸੀ। ਪੈਸਾ ਲੈਣ ਪਿੱਛੋਂ ਉਹ ਉਸ ਨੂੰ ਆਪਣੇ ਮੁਵਕਿਲ ਤੋਂ ਮਿਲਣ ਵਾਲੀ ਫੀਸ ਵਜੋਂ ਦਰਸਾਉਂਦੀ ਸੀ। ਉਹ ਇਨ੍ਹਾਂ ਮੁਕੱਦਮਿਆਂ ਨੂੰ ਆਪਣੇ ਸਹਿਯੋਗੀ ਵਕੀਲਾਂ ਨੂੰ ਸੌਂਪ ਦਿੰਦੀ ਸੀ, ਫਿਰ ਜੱਜ ਨੂੰ ਪਤਾ ਹੁੰਦਾ ਸੀ ਕਿ ਉਸ ਨੇ ਫੈਸਲਾ ਕਿਸ ਦੇ ਹੱਕ ਵਿਚ ਦੇਣਾ ਹੈ।

ਅਦਾਲਤੀ ਭ੍ਰਿਸ਼ਟਾਚਾਰ 'ਚ ਅਕਸਰ ਵਕੀਲ ਵੀ ਸ਼ਾਮਲ ਹੁੰਦੇ ਹਨ ਅਤੇ ਗੁਜਰਾਤ ਦਾ ਕੇਸ ਵੀ ਇਸ ਤੋਂ ਵੱਖਰਾ ਨਹੀਂ ਹੈ। ਗੁਜਰਾਤ ਹਾਈਕੋਰਟ ਦੇ ਇਕ ਉੱਚ ਜੱਜ, ਜੋ ਆਪਣੀ ਇਮਾਨਦਾਰੀ ਲਈ ਮਸ਼ਹੂਰ ਹਨ ਨੂੰ ਇਹ ਜਾਣ ਕੇ ਗਹਿਰਾ ਧੱਕਾ ਲੱਗਾ ਕਿ ਇਕ ਮਸ਼ਹੂਰ ਵਕੀਲ ਨੇ ਆਪਣੇ ਮੁਵਕਿਲ ਤੋਂ ਫੀਸ ਤੋਂ ਇਲਾਵਾ ਪੰਜ ਲੱਖ ਰੁਪਏ ਇਹ ਕਹਿ ਕੇ ਲੈ ਲਏ ਕਿ ਆਪਣੇ ਪੱਖ 'ਚ ਫੈਸਲਾ ਕਰਾਉਣ ਲਈ ਜੱਜ ਨੂੰ ਇਹ ਪੈਸੇ ਦੇਣੇ ਪਏ। ਕਿਉਂਕਿ ਗੁਜਰਾਤ ਦੀ ਨਿਆਂ ਪ੍ਣਾਲੀ ਬਾਕੀ ਭਾਰਤ ਦੇ ਹਾਲਾਤ ਦਾ ਹੀ ਸ਼ੀਸ਼ਾ ਹੈ ਇਸ ਲਈ ਕਿਹਾ ਜਾ ਸਕਦਾ ਹੈ ਕਿ ਇਹ ਸ਼ੁਬਾਈ ਅਦਾਲਤਾਂ 'ਚੋਂ ਹੋ ਰਹੇ ਭ੍ਰਿਸ਼ਟਾਚਾਰ ਤੇ ਜਾਲਸਾਜੀ ਖਤਮ ਕਰਾਉਣ ਦੀ ਦਿਸ਼ਾ 'ਚ ਅਗ੍ਣੀ ਹੈ। ਗੁਜਰਾਤ ਹਾਈਕੋਰਟ ਦੇ ਚੀਫ਼ ਜਸਟਿਸ ਕੇ. ਐਸ. ਰਾਧਾ ਕਿਸ਼ਨਨ ਨੇ ਰਾਜ ਸਰਕਾਰ ਦੇ ਸਰਗਰਮ ਸਹਿਯੋਗ ਨਾਲ ਇਕ ਪੁਖਤਾ ਸੰਦੇਸ਼ ਦਿੰਦੇ ਹੋਇਆ

ਨਿਚਲੀਆਂ ਅਦਾਲਤਾਂ ਦੇ 17 ਜੱਜਾਂ ਨੂੰ ਅਸਮਰਥਾ ਤੇ ਭ੍ਰਿਸ਼ਟਾਚਾਰ ਦੇ ਕਾਰਨ ਮਈ ਮਹੀਨੇ 'ਚ ਰਿਟਾਇਰ ਹੋਣ ਲਈ ਮਜ਼ਬੂਰ ਕਰ ਦਿੱਤਾ। ਇਹ ਕਾਰਵਾਈ ਨਿਆਂ ਇਕ ਸੇਵਾ ਸਬੰਧੀ ਨਵੇਂ ਨਿਯਮਾਂ ਦੇ ਅਧਾਰ 'ਤੇ ਕੀਤੀ ਗਈ ਜੋ 1996 'ਚ ਸਥਾਪਤ ਪਹਿਲੇ ਕੌਮੀ ਨਿਆਂਇਕ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਅਧਾਰ 'ਤੇ ਲਾਗੂ ਕੀਤੇ ਗਏ ਹਨ। ਇਸ ਕਾਰਵਾਈ ਨੂੰ ਭ੍ਰਿਸ਼ਟਾਚਾਰ ਤੇ ਅਸਮਰਥਾ ਤੇ ਕੰਟਰੋਲ ਦੀ ਦਿਸ਼ਾ ਵਿਚ ਪਹਿਲੇ ਵੱਡੇ ਕਦਮ ਵਜੋਂ ਦੇਖਿਆ ਜਾ ਰਿਹਾ ਹੈ ਤੇ ਇਹ ਸਭ ਏਨੀ ਅਸਾਨੀ ਨਾਲ ਨਹੀਂ ਹੋਇਆ ਹੈ।

ਜਿਵੇਂ ਕਿ ਸੰਭਾਵਨਾ ਸੀ, ਜੱਜਾਂ ਖਿਲਾਫ ਉਠਾਏ ਗਏ ਇਸ ਕਦਮ ਨੇ ਅਦਾਲਤੀ ਬਰਾਦਰੀ ਨੂੰ ਜਬਰਦਸਤ ਝਟਕਾ ਦਿੱਤਾ ਹੈ। ਮਿਸਾਲ ਵਜੋਂ ਇਨ੍ਹਾਂ ਵਿਚੋਂ ਪੋਰਬੰਦਰ ਦੇ ਮੁੱਖ ਜ਼ਿਲ੍ਹਾ ਜੱਜ ਕੇ. ਸੀ. ਕੇਲਾ ਜਿਨ੍ਹਾਂ ਨੂੰ ਉਦੰਡ ਬਿਹਾਰ ਅਤੇ ਨਾਕਾਰਤਮਕ ਰਵਈਏ ਲਈ ਸਜ਼ਾ ਮਿਲੀ ਸੀ, ਜਬਰਦਸਤ ਸਦਮੇ 'ਚੋਂ ਹੁਣ ਨਿਕਲੇ ਹਨ। ਕੇਲਾ ਦੇ ਬਿਹਾਰ ਸਬੰਧੀ ਸਮੱਸਿਆ ਰਹੀ ਹੋਵੇਗੀ ਪਰ ਉਨ੍ਹਾਂ ਨੂੰ ਆਪਣੀ ਇਮਾਨਦਾਰੀ ਲਈ ਵੀ ਮੰਨਿਆ ਜਾਂਦਾ ਸੀ ਹਾਲਾਂ ਕਿ ਮਹਿਕਮੇ 'ਚ ਕਈ ਲੋਕਾਂ ਨੂੰ ਉਨ੍ਹਾਂ ਪ੍ਰਤੀ ਹਮਦਰਦੀ ਹੈ। ਪਰ ਉਨ੍ਹਾਂ ਨੇ ਇਸ ਕਨੂੰਨੀ ਕਾਰਵਾਈ ਦਾ ਸੁਆਗਤ ਕਰਦਿਆਂ ਸਹੀ ਦਿਸ਼ਾ 'ਚ ਕਦਮ ਵਧਾਇਆ ਹੈ, ਨਾਲ ਹੀ ਉਨ੍ਹਾਂ ਨੇ ਇਹ ਮੰਗ ਵੀ ਕੀਤੀ ਹੈ ਕਿ ਇਸ ਮੁਹਿੰਮ ਦਾ ਨਿਆਂ ਪ੍ਰਣਾਲੀ ਦੇ ਉੱਚ ਪੱਧਰ ਤੱਕ ਵਿਸਥਾਰ ਕੀਤਾ ਜਾਵੇ। ਗੁਜਰਾਤ ਹਾਈਕੋਰਟ ਦੇ ਰਜਿਸਟਰਾਰ ਪੀ. ਪੀ. ਭੱਟ ਜਿਨ੍ਹਾਂ ਦੀ ਇਸ ਸਮੁੱਚੀ ਕਵਾਇਤ 'ਚ ਮਹੱਤਵਪੂਰਨ ਭੂਮਿਕਾ ਹੈ ਦਾ ਕਹਿਣਾ ਹੈ "ਇਹ ਕਦਮ ਉਠਾਉਣ ਤੋਂ ਪਹਿਲਾਂ ਹਾਈ ਕੋਰਟ ਨੇ ਜੱਜਾਂ ਦੀ ਕਾਰਜਯੋਗਤਾ ਇਮਾਨਦਾਰੀ ਤੇ ਆਚਰਣ ਬਾਰੇ ਇਕ ਵਿਸਥਾਰਿਤ ਜਾਂਚ ਕੀਤੀ ਇਸ ਦੇ ਸ਼ੁਰੂਆਤੀ ਅਮਲ ਤੋਂ ਪਤਾ ਲੱਗਦਾ ਹੈ ਕਿ ਇਸ ਕਾਰਵਾਈ ਦੇ ਬੇਹੱਦ ਸਕਾਰਤਮਕ ਸੰਕੇਤ ਮਿਲੇ ਹਨ। ਉਮੀਦ ਹੈ ਕਿ ਨਿਆਂਇਕ ਮਹਿਕਮਾ ਘੱਟੋ-ਘੱਟ ਮਾਪਦੰਡਾਂ ਦੀ ਪਾਲਣਾ ਕਰੇਗਾ। ਵਰਨਾ ਇਸ ਦੇ ਗੰਭੀਰ ਸਿੱਟਿਆਂ ਦਾ ਸਾਹਮਣਾ ਕਰਨਾ ਪਵੇਗਾ।" ਨਾਲ ਹੀ ਗੁਜਰਾਤ ਬਾਰ ਕੌਂਸਿਲ ਦੇ ਮੁਖੀ ਵਿਜੈ ਪਟੇਲ ਦਾ ਮੰਨਣਾ ਹੈ ਕਿ "ਨਾਕਾਰਾਤਮਕ ਰੁਝਾਣਾਂ ਨੂੰ ਰੋਕਣ ਦੀ ਦਿਸ਼ਾ ਵਿਚ ਇਹ ਕਾਰਗਰ ਕਦਮ ਹੈ ਪਰ ਇਸ ਗੱਲ ਦੀ ਸਾਵਧਾਨੀ ਵਰਤਣੀ ਹੋਵੇਗੀ ਕਿ ਅਜਿਹਾ ਹਰ ਕਦਮ ਨਿਆਂ ਸੰਗਤ 'ਤੇ ਸਬੂਤ 'ਤੇ ਅਧਾਰਤ ਹੋਵੇ।" ਜਿਨ੍ਹਾਂ ਜੱਜਾਂ ਨੂੰ ਦੰਡਿਤ ਕੀਤਾ ਗਿਆ ਉਨ੍ਹਾਂ 'ਚੋਂ ਇਕ ਹੈ ਐਮ. ਐਸ. ਸ਼ੇਖ ਜਿਨ੍ਹਾਂ ਨੇ ਦੁਰਘਟਨਾਵਾਂ ਸਬੰਧੀ ਵੱਖ ਵੱਖ ਮਾਮਲਿਆਂ 'ਚ ਵੱਡੀ ਰਾਸ਼ੀ ਦੀ ਵੰਡ ਦੇ ਆਦੇਸ਼ ਦੇਣ ਦੇ ਦੋਸ਼ 'ਚ ਵਿਭਾਗੀ ਜਾਂਚ ਦਾ ਸਾਹਮਣਾ ਕਰਨਾ ਪੈਂਦਾ ਸੀ, ਗੁਜਰਾਤ ਹਾਈਕੋਰਟ ਨੇ ਉਨ੍ਹਾਂ ਖਿਲਾਫ ਟਿੱਪਣੀ ਕਰਦਿਆਂ ਖਿਚਾਈ ਕੀਤੀ, ਇਕ ਹੋਰ ਜੱਜ ਕੇ. ਐਮ. ਭੱਟ ਜਿਨ੍ਹਾਂ ਨੂੰ ਦੰਡਿਤ ਕੀਤਾ ਗਿਆ ਹੈ ਦੀ ਇਮਾਨਦਾਰੀ 'ਤੇ ਸ਼ੱਕ ਦਾ ਦੋਸ਼ ਸੀ ਕੁੱਝ ਚੋਣਵੇਂ ਮੁਕੱਦਮਿਆਂ 'ਤੇ ਭੱਟ ਵੱਲੋਂ ਸੁਣਾਏ ਗਏ ਫੈਸਲੇ ਦੀ ਗੁਣਵੰਣਤਾ ਵੀ ਸ਼ੱਕ ਦੇ ਦਾਇਰੇ ਵਿਚ ਸੀ ਅਮਰੇਲੀ ਸਥਿਤ ਮੁਖ ਉੱਚ ਦੀਵਾਨੀ ਜੱਜ ਸੀ. ਐਸ. ਗੌੜ ਦੀ ਅਸਮਰਥਾ ਉਨ੍ਹਾਂ ਲਈ ਪ੍ਰੇਸ਼ਾਨੀ ਦਾ ਸਵੱਬ ਬਣੀ, ਅਦਾਲਤੀ ਮਾਮਲਿਆਂ ਦੀ ਮੱਠੀ ਰਫ਼ਤਾਰ ਨਾਲ ਨਿਪਟਣ ਦੇ ਕਾਰਨ ਅਸਤੀਫਾ ਦੇਣਾ ਪਿਆ। ਇਸ ਪ੍ਰਕਾਰ ਦੋ ਹੋਰ ਜੱਜਾਂ - ਏ. ਐਮ. ਰਾਣਾ ਤੇ ਆਰ. ਕੇ ਸਰਗਣੀ - ਖਿਲਾਫ ਵੀ ਕਾਰਵਾਈ ਕੀਤੀ ਗਈ ਅਤੇ ਇਨ੍ਹਾਂ ਦੋਹਾਂ ਜੱਜਾਂ ਨੂੰ ਰਿਟਾਇਰ ਹੋਣ ਲਈ ਕਹਿ ਦਿੱਤਾ ਗਿਆ

ਹਾਲਾਂ ਕਿ ਇਨ੍ਹਾਂ ਦੋਹਾਂ ਜੱਜਾਂ ਦਾ ਅਕਸ ਕਾਫੀ ਅੱਛਾ ਸੀ ਅਤੇ ਇਸ ਵਜ੍ਹਾ ਨਾਲ ਉਨ੍ਹਾਂ ਦੇ ਖਿਲਾਫ ਕਦਮ ਉਠਾਏ ਗਏ, ਕਦਮ ਨੂੰ ਸਖਤ ਦੱਸਿਆ ਗਿਆ ਹੈ। ਕੁਲ ਮਿਲਾ ਕੇ ਵੇਖਿਆ ਜਾਵੇ ਤਾਂ ਜੱਜਾਂ ਨੂੰ ਸੇਵਾ ਮੁਕਤੀ ਲਈ ਮਜ਼ਬੂਰ ਕਰਨਾ ਇਕ ਇਤਿਹਾਸਕ ਘਟਨਾ ਹੈ ਅਤੇ ਲਾਜ਼ਮੀ ਹੀ ਇਸ ਦੇ ਸਾਕਾਰਤਮਕ ਸਿੱਟੇ ਸਾਹਮਣੇ ਆਉਣਗੇ।

ਖਾਸ ਗੱਲ ਇਹ ਹੈ ਕਿ 1999 ’ਚ ਜਾਰੀ ਤਨਖਾਹ ਕਮਿਸ਼ਨ ਦੀ ਰਿਪੋਰਟ ’ਚ ਨਿਆਂਇਕ ਸੇਵਾ ’ਚ ਹੇਠਲੇ ਪੱਧਰ ’ਤੇ ਕੰਮ ਤਰਕ ਸੰਗਤ ਬਣਾਉਣ ਦੇ ਉਦੇਸ਼ ਤਹਿਤ ਵੱਖ ਵੱਖ ਕਿਸਮ ਦੀਆਂ ਸਿਫਾਰਸ਼ਾਂ ਕੀਤੀਆਂ ਗਈਆਂ ਸਨ। ਇਸ ਲਈ ਜੱਜ ਦੇ ਤਨਖਾਹ ਢਾਂਚੇ ’ਚ ਸੁਧਾਰ ਤੇ ਉਨ੍ਹਾਂ ਦੀਆਂ ਸੇਵਾ ਸ਼ਰਤਾਂ ਨੂੰ ਬੇਹਤਰ ਬਣਾਉਣ ਦੇ ਉਪਾਅ ਕੀਤੇ ਗਏ, ਵੇਤਨ – ਕਮਿਸ਼ਨ ਦੀਆਂ ਸਿਫ਼ਾਰਸ਼ਾਂ ’ਚ ਇਕ ਸਿਫ਼ਾਰਸ਼ ਇਹ ਸੀ ਕਿ ਹਾਈਕੋਰਟ ਹੇਠਲੀ ਨਿਆਂ ਪ੍ਰਣਾਲੀ ਦੀ ਇਮਾਨਦਾਰੀ, ਮਾਮਲਿਆਂ ’ਚ ਤੇਜ਼ ਨਿਪਟਾਰਾ ਤੇ ਫੈਸਲਿਆਂ ਦੀ ਗੁਣਵੰਣਤਾ ਵਰਗੇ ਮਾਪਦੰਡਾਂ ਦੇ ਅਧਾਰ ’ਤੇ ਸਮੀਖਿਆ ਕਰੇ ਤਾਂ ਕਿ ਉਨ੍ਹਾਂ ਲੋਕਾਂ ਨੂੰ ਬਾਹਰ ਦਾ ਰਸਤਾ ਵਿਖਾਇਆ ਜਾ ਸਕੇ ਜੋ ਅਸਮਰਥ ਹਨ ਤੇ ਜਿਨ੍ਹਾਂ ਦੀ ਸ਼ਾਖ ਸ਼ੱਕੀ ਹੈ।

ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਅਧਾਰ ’ਤੇ ਨਿਆਂਇਕ ਸੇਵੀ ਨਿਯਮਾਵਲੀ 2005 ’ਚ ਤਿਆਰ ਹੋਈ ਪਰ ਇਸ ਦੇ ਤਹਿਤ ਪਿਛਲੇ ਮਈ ਮਹੀਨੇ ਵਿਚ ਹੀ ਕਾਰਵਾਈ ਹੋਈ ਹਾਲਾਂਕਿ ਪਿਛਲੇ ਸਾਲ ਹੀ ਭਾਰਤ ਦੇ ਮੁਖ ਨਿਆਂਧੀਸ਼ ਕੇ. ਜੀ. ਬਾਲ ਕ੍ਰਿਸ਼ਨ ਨੇ ਦੇਸ਼ ਭਰ ਦੀਆਂ ਹਾਈਕੋਰਟਾਂ ਨੂੰ ਇਕ ਵੱਡਾ ਪੱਤਰ ਲਿਖ ਕੇ ਨਿਰਦੇਸ਼ ਦਿੱਤੇ ਸਨ ਕਿ ਨਵੇਂ ਨਿਆਂਇਕ ਸੇਵਾ ਢਾਂਚੇ ਦੇ ਤਹਿਤ ਉਨ੍ਹਾਂ ਜੱਜਾਂ ਦੀ ਛਾਂਟੀ ਕਰ ਦਿੱਤੀ ਜਾਵੇ ਜਿਨ੍ਹਾਂ ਦੀ ਇਮਾਨਦਾਰੀ ਤੇ ਕਾਰਜ ਸਮਰਥਾ ’ਤੇ ਸੁਆਲੀਆ ਚਿੰਨ ਲੱਗ ਰਹੇ ਹਨ। ਗੁਜਰਾਤ ’ਚ ਉਠਾਇਆ ਗਿਆ ਕਦਮ ਦਰਅਸਲ ਜਸਟਿਸ ਰਾਧਾ ਕ੍ਰਿਸ਼ਨ ਦੀ ਪ੍ਰਤਿਸ਼ਠਾ ਦੇ ਅਨੁਕੂਲ ਹੀ ਹੈ। ਉਨ੍ਹਾਂ ਨੂੰ ਆਪਣੇ ਸਖਤ ਫੈਸਲਿਆਂ ਤੇ ਨਿਆਂਇਕ ਵਿਵਸਥਾ ਦੇ ਸਨਮਾਨ ਦੀ ਸਥਾਪਨਾ ਦੇ ਜਨਤਕ ਭਲਾਈ ਲਈ ਕੀਤੇ ਜਾਣ ਵਾਲੇ ਕੰਮਾਂ ਲਈ ਜਾਣਿਆ ਜਾਂਦਾ ਹੈ। ਹਾਲ ਦੀ ਸਫਾਈ ਮੁਹਿੰਮ ’ਚ ਉਨ੍ਹਾਂ ਦਾ ਹੱਥ ਸਾਫ ਸਾਫ ਵੇਖਿਆ ਜਾ ਸਕਦਾ ਹੈ ਪਰ ਭਾਰਤੀ ਨਿਆਂ ਪ੍ਰਣਾਲੀ ’ਚ ਕਿੰਨੇ ਵੱਡੇ ਪੈਮਾਨੇ ’ਤੇ ਗੰਦਗੀ ਹੈ ਅਤੇ ਇਹ ਕੰਮ ਮਹਿਜ ਇਕ ਸ਼ੁਰੂਆਤ ਹੈ ਹਾਲਾਂਕਿ ਫਿਰ ਵੀ ਇਹ ਕਦਮ ਸਲਾਹੁਣਯੋਗ ਹੈ। ਇਸ ਤੋਂ ਇਲਾਵਾ ਸੁਪਰੀਮ ਕੋਰਟ ਵੱਲੋਂ ਪਿੱਛੇ ਜਿਹੇ ਹੀ ਜਾਰੀ ਕੀਤੇ ਗਏ ਨਿਰਦੇਸ਼ ਬਹੁਤ ਜ਼ਿਆਦਾ ਮਹੱਤਵ ਰੱਖਦੇ ਹਨ ਜਿਸ ਤਹਿਤ ਸੇਵਾ ਮੁਕਤੀ ਪਿੱਛੋਂ ਦਾਗੀ ਜੱਜਾਂ ਨੂੰ ਕਮਿਸ਼ਨ ਆਦਿ ਦੇ ਉੱਚ ਅਹੁਦਿਆਂ ’ਤੇ ਬੈਠਣ ਤੋਂ ਵਾਂਝਿਆ ਕਰ ਦਿੱਤਾ ਹੈ, ਦੇਸ਼ ਦੀ ਸੁਪਰੀਮ ਕੋਰਟ ਨੇ ਵਕੀਲਾਂ ਨੂੰ ਸਖਤ ਚੇਤਾਵਨੀ ਦਿੱਤੀ ਹੈ ਕਿ ਉਹ ਰਜਿਸਟਰਾਰ ਦੇ ਦਫ਼ਤਰ ’ਤੇ ਦਬਾਅ ਬਣਾਉਂਦੇ ਹੋਏ, ਨਿਆਂਇਕ ਅਮਲ ’ਚੋਂ ਆਪਣੀ ਮਰਜੀ ਨਾਲ ਗੈਰ ਹਾਜ਼ਰ ਹੋ ਕੇ ਅਤੇ ਅਦਾਲਤਾਂ ਦੇ ਫੈਸਲਿਆਂ ’ਚ ਦੇਰੀ ਦਾ ਕਾਰਨ ਬਣਦੇ ਹੋਏ ਨਿਆਂ ਪ੍ਰਣਾਲੀ ਨਾਲ ਦੁਰਵਿਹਾਰ ਬਿਲਕੁਲ ਨਾਲ ਕਰਨ। ਪਰ ਦੇਖਣ ਵਾਲੀ ਗੱਲ ਇਹ ਹੈ ਕਿ ਗੁਜਰਾਤ ਦੀ ਇਸ ਉਦਾਹਰਣ ਦੀ ਮੁੜ ਸੁਰਜੀਤੀ ਦੇਸ਼ ਦੀਆਂ ਉਚਤਰ ਅਦਾਲਤਾਂ ਅਤੇ ਭ੍ਰਿਸ਼ਟਾਚਾਰ ਤੇ ਅਸਮਰਥਾ ਨੂੰ ਹੀ ਆਪਣੇ ਆਪ ’ਚ ਕਨੂੰਨ ਬਣਾ ਦੇਣ ਵਾਲੀਆਂ ਅਦਾਲਤਾਂ ’ਚ ਵੀ ਹੁੰਦੀ ਹੈ ਜਾਂ ਨਹੀਂ।

# ਸਿੱਖਿਆ 'ਚ ਨਿੱਜੀ ਹਿੱਸੇਦਾਰੀ ਦੀ ਨੀਤੀ ਕੀ ਸਹੀ ਹੈ?

ਰਾਜੀਵ ਗਾਂਧੀ ਸਮੇਂ (1986) ਨਵੀਂ ਸਿੱਖਿਆ ਨੀਤੀ ਦਾ ਨਾਂ ਦੇ ਕੇ ਸਿੱਖਿਆ ਨੂੰ ਬਾਜ਼ਾਰ ਦੇ ਹਵਾਲੇ ਕਰਨ ਦੀ ਚਾਲ ਚੱਲੀ ਗਈ ਤੇ ਸਿੱਖਿਆ ਵਿਭਾਗ ਦਾ ਨਵਾਂ ਨਾਂ ਮਨੁੱਖੀ ਵਸੀਲੇ ਕਰ ਦਿੱਤਾ ਗਿਆ। ਜ਼ਾਹਿਰ ਹੈ ਕਿ ਕੁਲ ਮਿਲਾ ਕੇ ਮੈਕਾਲੇ ਦੀ ਸਿੱਖਿਆ ਪ੍ਰਣਾਲੀ 'ਤੇ ਹੀ ਅਧਾਰਤ ਭਾਰਤ ਦੀ ਸਿੱਖਿਆ ਨੀਤੀ ਨੂੰ ਬਦ ਤੋਂ ਬਦਤਰ ਵੱਲ ਇਕ ਕਦਮ ਹੋਰ ਧੱਕ ਦਿੱਤਾ ਗਿਆ ਅਤੇ ਉਸ ਨਾਲ ਮਾਨਵ ਕਲਿਆਣ ਦੀ ਥਾਂ ਆਰਥਕ ਨਫਾ-ਨੁਕਸਾਨ ਦੀ ਗੱਲ ਸੋਚੀ ਜਾਣ ਲੱਗੀ। ਇਸ ਕਾਰਪੋਰੇਟ (ਸਨਅਤੀ ਘਰਾਣਿਆਂ) ਦੇ ਪੱਖ 'ਚ ਸਿੱਖਿਆ ਨੇ ਦੋ ਕਦਮ ਹੋਰ ਵਧਾਇਆ ਹੈ ਜਾਂ ਵਧਾਉਣ ਵਾਲਾ ਹੈ। ਇਸ 'ਚ ਪਹਿਲਾ ਕਦਮ ਹੈ ਸਿੱਖਿਆ 'ਚ ਸਾਂਝੇਦਾਰੀ ਅਤੇ ਦੂਜਾ ਹੈ 'ਸਕੂਲ ਵਾਊਚਰ ਪ੍ਰਣਾਲੀ'। 15 ਅਗਸਤ 2007 ਨੂੰ ਪ੍ਰਧਾਨ ਮੰਤਰੀ ਨੇ ਦੇਸ਼ ਦੇ ਨਾਂ ਆਪਣੇ ਸੰਦੇਸ਼ ਵਿਚ 6000 ਨਵੇਂ ਸਕੂਲਾਂ ਦੀ ਸਥਾਪਨਾ ਕਰਨ ਦਾ ਐਲਾਨ ਕੀਤਾ ਸੀ। ਕੇਂਦਰ ਸਰਕਾਰ ਨੇ ਇਸ ਅਧਾਰ 'ਤੇ 2500 ਸਕੂਲ ਜਨਤਕ-ਨਿੱਜੀ-ਸਾਂਝੇਦਾਰੀ ਮਾਡਲ 'ਤੇ ਖੋਹਲਣ ਸਬੰਧੀ ਨਿਰਦੇਸ਼ ਰਾਜ ਸਰਕਾਰਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਭੇਜ ਦਿੱਤੇ ਹਨ। ਸਪੱਸ਼ਟ ਹੈ ਕਿ ਰਾਜ ਸਰਕਾਰਾਂ ਨਿੱਜੀ ਸਾਂਝੇਦਾਰੀ ਨੂੰ ਸਕੂਲ ਖੋਹਲਣ ਲਈ ਸੱਦਾ ਦੇਵੇਗੀ ਅਤੇ ਇਸ ਨਾਲ ਵੱਡੇ ਵਪਾਰੀ ਤੇ ਕਾਰਪੋਰੇਟ ਘਰਾਣਿਆਂ ਲਈ ਨਿੱਜੀਕਰਨ ਦੀ ਦਿਸ਼ਾ 'ਚ ਇਕ ਕਦਮ ਵਧਾਉਣ ਅਤੇ ਸਿੱਖਿਆ ਪ੍ਰਣਾਲੀ 'ਚ ਸਨਮਾਨ ਜਨਕ ਤਰੀਕੇ ਨਾਲ ਪੈਂਠ ਬਣਾਉਣ ਦਾ ਮੌਕਾ ਮਿਲੇਗਾ। ਇਹ ਸਕੂਲ ਜ਼ਿਲ੍ਹਿਆਂ ਦੀਆਂ ਉਨ੍ਹਾਂ ਤਹਿਸੀਲਾਂ ਦੇ ਮੁੱਖ ਦਫ਼ਤਰ 'ਚ ਖੋਲ੍ਹੇ ਜਾਣਗੇ ਜੋ ਸਿੱਖਿਆ ਵਜੋਂ ਪਿਛੜੇ ਨਹੀਂ ਹਨ। ਨਿੱਜੀ ਅਦਾਰਿਆਂ ਲਈ ਮੁਨਾਫਾ ਕਮਾਉਣ ਦਾ ਇਹ ਇਕ ਬੇਹਤਰ ਮੌਕਾ ਹੈ ਕਿਉਂਕਿ ਇਥੇ ਜ਼ਰੂਰਤ ਦੀਆਂ ਸਾਰੀਆਂ ਸਹੂਲਤਾਂ ਉਨ੍ਹਾਂ ਨੂੰ ਅਸਾਨੀ ਨਾਲ ਮੁਹੱਈਆ ਹੋ ਸਕਣਗੀਆਂ ਉਦਾਹਰਣ ਵਜੋਂ ਰਾਜ ਸਰਕਾਰ ਨਿੱਜੀ ਸੰਸਥਾਵਾਂ ਨੂੰ ਜ਼ਮੀਨ ਮੁਹੱਈਆ ਕਰਵਾ ਸਕਦੀ ਹੈ। ਅਫਸਰਸ਼ਾਹੀ ਦੀਆਂ ਅਪਾਰ ਸ਼ਕਤੀਆਂ ਉਨ੍ਹਾਂ ਨੂੰ ਮਿਲ ਸਕਦੀਆਂ ਹਨ। ਜਨਤਕ ਖੇਤਰ ਦੀ ਜ਼ਮੀਨ ਨਵੀਂ ਸੇਵਾ ਦੇ ਨਾਂ 'ਤੇ ਨਿੱਜੀ ਹੱਥਾਂ ਵਿਚ ਵੀ ਜਾ ਸਕੇਗੀ। ਸੰਖੇਪ ਵਿਚ ਸਿੱਧੇ ਤੌਰ 'ਤੇ ਇਹ ਨਿੱਜੀਕਰਨ ਵੱਲ ਵਧਦਾ ਕਦਮ ਹੈ ਅਤੇ 1968, 1987 ਅਤੇ 1992 ਦੀਆਂ ਸਿੱਖਿਆ ਨੀਤੀਆਂ ਪ੍ਰਤੀ ਜੁਆਬਦੇਹੀ ਤੋਂ ਪੱਲਾ ਝਾੜਨਾ ਹੈ। ਜਿਨ੍ਹਾਂ 'ਚ ਨਜ਼ਦੀਕੀ ਸਕੂਲਾਂ ਦੇ ਮਾਧਿਅਮ ਨਾਲ ਸਮਾਜਕ ਨਿਆਂ ਦੀ ਸਥਾਪਨਾ ਅਤੇ ਸਮਤਾ ਲਈ ਬਰਾਬਰ ਸਕੂਲ ਪ੍ਰਣਾਲੀ ਗੱਲ ਕਹੀ ਗਈ ਹੈ। ਸਿੱਖਿਆ ਦੇ ਖੇਤਰ ਵਿਚ ਨਿੱਜੀਕਰਨ ਦੀ ਸ਼ੁਰੂਆਤ ਉੱਚ ਸਿੱਖਿਆ ਦੇ ਪੱਧਰ 'ਤੇ ਹੋ ਚੁੱਕੀ ਹੈ ਜਿੱਥੇ ਕਾਰੋਬਾਰੀਆਂ ਨੂੰ ਵੱਧ ਲਾਭ ਅਤੇ ਘੱਟ ਜੁਆਬਦੇਹੀ ਹੈ ਇਸ ਨਵੀਂ ਨੀਤੀ ਨਾਲ ਤਾਂ ਪੂਰੀ ਸਿੱਖਿਆ ਹੀ ਨਿੱਜੀ ਹੱਥਾਂ 'ਚ ਚਲੀ ਜਾਵੇਗੀ। ਜਨਤਕ ਖੇਤਰ ਦੀ ਕੋਈ ਹੋਂਦ ਨਹੀਂ ਰਹੇਗੀ ਅਤੇ ਇਹ ਅਸਹਿ ਦ੍ਰਿਸ਼ ਹੋਵੇਗਾ ਜਿਸ ਵਿਚ ਸਿੱਖਿਆ ਦੀ ਉੱਚਤਾ ਦੇ ਸਥਾਪਿਤ ਤੇ ਪ੍ਰਚਲਿਤ ਮਾਪਦੰਡ ਵੀ ਢਹਿ ਢੇਰੀ ਹੋ ਜਾਣਗੇ। ਜਾਣੇ-ਪਹਿਚਾਣੇ ਸਿੱਖਿਆ ਸਾਸ਼ਤਰੀ ਡਾ. ਅਨਿਲ ਸਦਗੋਪਾਲ ਨੇ ਤਾਂ ਆਪਣੇ ਇਕ ਰੂ-ਬ-ਰੂ (ਸਿੱਖਿਆ ਵਿਮਰਸ਼

ਜਨਵਰੀ-ਅਪ੍ਰੈਲ-2008) 'ਚ ਸਿੱਧੇ ਕਿਹਾ ਕਿ "ਭਾਰਤ ਸਰਕਾਰ ਜਿਸ ਨੂੰ ਜਨਤਕ-ਨਿੱਜੀ ਸਾਂਝੇਦਾਰੀ ਕਹਿ ਰਹੀ ਹੈ ਉਸ ਨੂੰ ਤਾਂ ਮੇਰੇ ਵੱਲੋਂ ਪੇਸ਼ ਰਾਜਸੀ ਅਰਥ ਸ਼ਾਸਤਰ ਦੇ ਵਿਵੇਚਨ ਤੇ ਦ੍ਰਿਸ਼ਟੀ ਦੇ ਮੱਦੇ ਨਜ਼ਰ ਸਾਂਝੇਦਾਰੀ ਨਹੀਂ ਬਲਕਿ ਮੇਹਨਤਕਸ਼ ਜਨਤਾ ਦੀ ਕਿਰਤ ਤੇ ਜਨਤਕ ਸਾਧਨਾਂ ਦੀ ਜਨਤਕ-ਲੁੱਟ ਜਾਂ ਫਿਰ ਜਨਤਾ ਦੇ ਖਿਲਾਫ ਜਨਤਕ-ਨਿੱਜੀ ਸਾਜਿਸ਼ ਕਹਿਣਾ ਵੱਧ ਸਹੀ ਹੋਵੇਗਾ।" ਡਾ. ਸਦਗੋਪਾਲ ਦੇ ਕਹਿਣ ਦਾ ਭਾਵ ਹੈ ਕਿ ਇਹ ਕੋਈ ਨਵੀਂ ਗੱਲ ਨਹੀਂ ਹੈ। ਭਾਰਤ 'ਚ 1947 ਦੀ ਸੱਤਾ ਬਦਲੀ ਤੋਂ ਬਾਅਦ ਮਿਸ਼ਰਤ ਅਰਥਚਾਰੇ ਦਾ ਸਿਧਾਂਤ ਲਾਗੂ ਕੀਤਾ ਗਿਆ ਜਿਸ ਨੂੰ ਰਾਜ ਸਮਰਥਿਤ ਪੂੰਜੀਵਾਦ ਕਹਿਣਾ ਜ਼ਿਆਦਾ ਸਹੀ ਹੋਵੇਗਾ। ਨਿੱਜੀ ਪੂੰਜੀ ਨੇ ਹਮੇਸ਼ਾ ਹੀ ਦੇਸ਼ ਦੀਆਂ ਨੀਤੀਆਂ ਨੂੰ ਇਸ ਤਰ੍ਹਾਂ ਨਾਲ ਆਪਣੇ ਪੱਖ 'ਚ ਬਦਲਾਇਆ ਕਿ ਵੱਧ ਤੋਂ ਵੱਧ ਮੁਨਾਫ਼ਾ ਕਮਾਇਆ ਜਾ ਸਕੇ ਇਕ ਜ਼ਮਾਨਾ ਸੀ ਜਦ ਮੁੱਖ ਮੰਤਰੀਆਂ ਨਾਲ ਮੁਲਾਕਾਤ ਕਰਨ ਲਈ ਦੇਸੀ ਤੇ ਵਿਦੇਸ਼ੀ ਵੱਡੇ ਪੂੰਜੀਪਤੀਆਂ ਨੂੰ ਉਡੀਕ ਕਰਨੀ ਪੈਂਦੀ ਸੀ। ਹੁਣ ਇਹ ਯੁੱਗ ਹੈ ਕਿ ਜਦ ਬਿਲਗੇਟਸ ਦੀ ਭਾਰਤ ਯਾਤਰਾ ਦੌਰਾਨ ਉਨ੍ਹਾਂ ਦੇ ਹੋਟਲ ਦੇ ਕਮਰੇ ਦੇ ਬਾਹਰ ਮੁੱਖ ਮੰਤਰੀਆਂ ਦੀ ਕਤਾਰ ਲੱਗ ਜਾਂਦੀ ਹੈ। 'ਸਾਂਝੇਦਾਰੀ' ਸਿਰਫ਼ ਵਿੱਤੀ ਆਧਾਰ 'ਚ ਹੀ ਨਹੀਂ ਹੁੰਦੀ ਹੈ। ਉਸ ਦਾ ਰਾਜਸੀ ਅਧਾਰ ਵੀ ਹੁੰਦਾ ਹੈ। ਇਸ ਪ੍ਰਸੰਗ 'ਚ ਮੈਕਾਲੇ ਦੀ ਸਿੱਖਿਆ ਨੀਤੀ 'ਚ ਈਸਟ ਇੰਡੀਆ ਕੰਪਨੀ ਦੇ ਕਾਰੋਬਾਰ ਨੂੰ ਵਧਾਉਣ ਤੇ ਬ੍ਰਿਟਿਸ਼ ਸੱਤਾ ਨੂੰ ਸਥਾਪਤ ਕਰਨ ਦਾ ਜੋ ਆਰਥਕ, ਸਮਾਜਕ ਤੇ ਸਭਿਆਚਾਰਕ ਏਜੰਡਾ ਸੀ ਉਸ 'ਚ ਅਤੇ ਇਸਾਈ ਮਿਸ਼ਨਰੀ ਸਕੂਲਾਂ ਵਿਚਕਾਰ ਇਕ ਅਣ ਐਲਾਨਿਆ ਰਾਬਤਾ ਸੀ। ਭਾਰਤ 'ਚ ਸਿੱਖਿਆ ਤੇ ਸਿੱਖਿਆ ਅਦਾਰਿਆਂ ਦੇ ਨਿੱਜੀਕਰਨ ਦਾ ਇਤਿਹਾਸ ਦੇਖੀਏ ਤਾਂ ਪਹਿਲਾ ਦੌਰ 1970 ਦੇ ਦਹਾਕੇ 'ਚ ਸ਼ੁਰੂ ਹੋਇਆ ਅਤੇ ਦੂਜਾ ਦੌਰ 1990 ਦੇ ਦਹਾਕੇ 'ਚ। 1970 ਦੇ ਦਹਾਕੇ ਤੱਕ ਮੁਠੀਭਰ ਨਿੱਜੀ ਸਕੂਲਾਂ ਦੀ ਗੱਲ ਛੱਡ ਦੇਈਏ ਤਾਂ ਸਭ ਦੇ ਬੱਚੇ ਆਮ ਤੌਰ 'ਤੇ ਇਕ ਸਕੂਲ 'ਚ ਪੜ੍ਹਦੇ ਸਨ। ਲਗਭਗ ਇਸੇ ਸਮੇਂ ਅੰਗਰੇਜ਼ੀ ਮਾਧਿਅਮ ਦੀ ਸਿੱਖਿਆ ਦੀ ਤਲਾਸ਼ ਵਿਚ ਮੱਧ ਵਰਗ ਨੇ ਸਰਕਾਰੀ ਸਕੂਲਾਂ ਤੋਂ ਬਾਹਰ ਆਉਣਾ ਸ਼ੁਰੂ ਕੀਤਾ। 1947 ਪਿੱਛੋਂ ਸਿੱਖਿਅਤ ਜਮਾਤ 'ਚ ਉਮੀਦ ਬਣੀ ਸੀ ਕਿ ਹੁਣ ਭਾਰਤ ਵਿਚ ਦੇਸ਼ ਦੀਆਂ ਵੱਖ ਵੱਖ ਭਾਸ਼ਾਵਾਂ ਨੂੰ ਨਿਆਂਪਾਲਿਕਾ, ਨੌਕਰਸ਼ਾਹੀ ਉਦਯੋਗ-ਵਪਾਰ, ਉੱਚ ਤੇ ਤਕਨੀਕੀ ਸਿੱਖਿਆ, ਖੋਜ, ਨਿਯੋਜਨ ਅਤੇ ਵੱਖ-ਵੱਖ ਪੇਸ਼ਿਆਂ 'ਚ ਵਾਜਬ ਥਾਂ ਮਿਲੇਗੀ। ਪਰ 1970 ਦੇ ਦਹਾਕੇ ਦੇ ਆਉਣ ਤੱਕ ਇਹ ਸਪੱਸ਼ਟ ਹੋ ਗਿਆ ਕਿ ਭਾਰਤ ਦਾ ਉੱਚ ਵਰਗ ਤੇ ਉੱਚ ਵਰਗੀ ਹਾਕਮ ਜਮਾਤ ਅੰਗਰੇਜ਼ੀ ਦਾਬੇ ਕਾਰਨ ਲੇਸ਼ ਮਾਤਰ ਵੀ ਕਦੀ ਨਹੀਂ ਆਉਣ ਦੇਵੇਗਾ। ਅੰਗਰੇਜ਼ੀ ਮਾਧਿਅਮ ਅਤੇ ਵਧਦੀ ਰਾਸ਼ੀ ਤੇ ਰੁਤਬੇ 'ਤੇ ਟਿਕੇ ਕੈਰੀਅਰਾਂ ਦੀ ਤਲਾਸ਼ 'ਚ ਇਹ ਪਲਾਇਨ ਅੱਸੀ ਦੇ ਦਹਾਕੇ ਤੱਕ ਮਹਾਂਪਲਾਇਨ ਦਾ ਰੂਪ ਲੈ ਚੁੱਕਿਆ ਸੀ। ਮੱਧ ਵਰਗ ਦੀ ਮੰਗ ਪੂਰੀ ਕਰਨ ਲਈ ਬਜ਼ਾਰ ਦੇ ਨਿਯਮ ਦੇ ਅਨੁਪਾਤ 'ਚ ਨਿੱਜੀ ਸਕੂਲਾਂ ਖੁੰਭਾਂ ਵਾਂਗੂੰ ਖੁੱਲ੍ਹਣ ਲੱਗੇ। ਇਸ ਪਲਾਇਨ ਦਾ ਸਿੱਧਾ ਅਸਰ ਸਰਕਾਰੀ ਸਕੂਲਾਂ ਦੀ ਗੁਣਵੰਣਤਾ ਤੇ ਪਿਆ ਕਿਉਂਕਿ ਸਮਾਜ ਦੇ ਜਿਸ ਤਬਕੇ ਦੀ ਰਾਜਸੀ ਗਲਿਆਰਿਆਂ ਤੱਕ ਪਹੁੰਚ ਸੀ ਅਤੇ ਆਵਾਜ਼ ਉਠਾਉਣ ਦੀ ਤਾਕਤ ਸੀ, ਉਸ ਦੇ ਸਰਕਾਰੀ ਸਕੂਲਾਂ 'ਚ ਨਾ ਰਹਿਣ ਨਾਲ ਗਿਰਾਵਟ ਸੁਭਾਵਕ ਸੀ।

ਦੂਜਾ ਦੌਰ 1991 ’ਚ ਨਵੀਂ ਆਰਥਕ ਨੀਤੀ ਨਾਲ ਸ਼ੁਰੂ ਹੋਇਆ। ਭਾਰਤ ਸਰਕਾਰ ਦੇ ਸਾਹਮਣੇ ਸੰਸਾਰ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼ ਨੇ ਕਰਜ਼ੇ ਤੇ ਗਰਾਂਟ ਲਈ ਸ਼ਰਤ ਰੱਖੀ। ਇਸ ਸ਼ਰਤ ਦਾ ਨਾਂ ਸੀ, ਢਾਂਚਾ ਢਲਾਈ ਯੋਜਨਾ। ਇਸ ਦੇ ਤਹਿਤ ਸਰਕਾਰ ਲਈ ਇਹ ਲਾਜ਼ਮੀ ਹੋ ਗਿਆ ਕਿ ਉਹ ਆਉਣ ਵਾਲੇ ਸਾਲਾਂ ਵਿਚ ਸਿੱਖਿਆ ਅਤੇ ਸਿਹਤ ਵਰਗੇ ਸਮਾਜਕ ਖੇਤਰਾਂ ’ਚ ਖਰਚ ਘਟਾਵੇ। ਵਿਡੰਬਨਾ ਇਹ ਹੈ ਕਿ ਜਿਸ ਮਹਾਂਸ਼ਕਤੀ ਦੇ ਪ੍ਰਭਾਵ ’ਚ ਸੰਸਾਰ ਬੈਂਕ ਕੰਮ ਕਰਦਾ ਹੈ, ਉਸ ਅਮਰੀਕਾ ’ਚ ਜਨਤਕ ਧਨ ਨਾਲ ਚਲਣ ਵਾਲੀ ਅੱਛੀ ਗੁਣਵੰਣਤਾ ਦੀ ਮਜ਼ਬੂਤ ਸਰਕਾਰੀ ਸਕੂਲ ਪ੍ਰਣਾਲੀ ਦਾ ਇਕ ਲੰਬਾ ਇਤਿਹਾਸ ਹੈ, ਉਹੀ ਦੇਸ਼ ਜਦ ਇਸ ਦੇ ਠੀਕ ਉਲਟ ਸ਼ਰਤ ਭਾਰਤ ’ਤੇ ਠੋਸਦਾ ਹੈ ਤਾਂ ਇਹ ਸੁਆਲ ਉੱਠਣਾ ਸੁਭਾਵਿਕ ਹੀ ਹੈ ਕਿ ਵਿਸ਼ਵ ਬੈਂਕ ਦੀ ਅਸਲੀ ਮੰਸ਼ਾ ਕੀ ਸੀ? ਸਪੱਸ਼ਟ ਹੈ ਕਿ ਜਦ ਭਾਰਤ ਦੇ ਸਰਕਾਰੀ ਸਕੂਲਾਂ ’ਚ ਧਨ ਮੁਹੱਈਆ ਨਹੀਂ ਕਰਵਾਇਆ ਜਾਵੇਗਾ ਤਾਂ ਸਿੱਖਿਆ ਦੀ ਗੁਣਵੰਣਤਾ ’ਚ ਗਿਰਾਵਟ ਆਏਗੀ ਅਤੇ ਗਰੀਬ ਬੱਚਿਆਂ ਦੇ ਮਾਂ-ਬਾਪ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਤੋਂ ਕੱਢ ਲੈਣਗੇ ਤੇ ਫਿਰ ਉਸ ਦਾ ਬਦਲ ਤਲਾਸ਼ਣਗੇ।

ਜਿਵੇਂ 1970 ਦੇ ਦਹਾਕੇ ’ਚ ਮੱਧਵਰਗ ਰਾਹੀਂ ਸਰਕਾਰੀ ਸਕੂਲਾਂ ਤੋਂ ਹਿਜਰਤ ਕਰਨ ’ਤੇ ਮਹਿੰਗੇ ਨਿੱਜੀ ਸਕੂਲਾਂ ਦਾ ਬਜ਼ਾਰ ਖੁੱਲ ਗਿਆ ਸੀ ਠੀਕ ਉਸੇ ਤਰ੍ਹਾਂ 1990 ਦੇ ਦਹਾਕੇ ’ਚ ਗਰੀਬ ਬੱਚਿਆਂ ਲਈ ਵੀ ਘੱਟ ਫੀਸ ਵਾਲੇ ਘਟੀਆ ਗੁਣਵੰਣਤਾ ਦੇ ਨਿੱਜੀ ਸਕੂਲਾਂ ਦਾ ਬਜ਼ਾਰ ਸ਼ੁਰੂ ਹੋਵੇਗਾ। ਇਹ ਗੱਲ ਸੰਸਾਰ ਬੈਂਕ ਪਹਿਲਾਂ ਤੋਂ ਜਾਣਦਾ ਸੀ। ਢਾਂਚਾ ਢਲਾਈ ਪ੍ਰੋਗਰਾਮ ਦੀ ਸ਼ਰਤ ਦਾ ਸਿੱਟਾ ਇਹ ਨਿਕਲਿਆ ਕਿ ਸੰਨ 1991-92 ਤੋਂ ਪ੍ਰਤੀਸ਼ਤ ਦੇ ਰੂਪ ’ਚ ਸਿੱਖਿਆ ’ਚ ਨਿਵੇਸ਼ 4% ਤੋਂ ਲਗਾਤਾਰ ਘੱਟ ਹੁੰਦਾ ਗਿਆ ਅਤੇ 3.5 ਫੀਸਦੀ ਤੱਕ ਪਹੁੰਚ ਗਿਆ। ਦੂਜੇ ਪਾਸੇ ਹੋਇਆ ਇਹ ਕਿ ਮੌਜੂਦਾ ਯੂ. ਪੀ. ਏ. ਸਰਕਾਰ ਦੇ ਸੰਨ 2004 ਦੇ ਗਠਨ ਪਿੱਛੋਂ ਸਿੱਖਿਆ ਤੇ 2 ਫੀਸਦੀ ਉਪ ਕਰ ਲਾ ਕੇ ਹਜ਼ਾਰਾਂ ਕਰੋੜ ਰੁਪਇਆਂ ਦੀ ਰਾਸ਼ੀ ਬਟੋਰੀ ਗਈ ਅਤੇ ਸਰਬ ਸਿੱਖਿਆ ਮੁਹਿੰਮ ਦਾ ਲਗਭਗ 35 ਫੀਸਦੀ ਧਨ ਸੰਸਾਰ ਬੈਂਕ, ਡੀ. ਐਫ. ਆਈ. ਡੀ. ਅਤੇ ਹੋਰ ਕੌਮਾਂਤਰੀ ਅਦਾਰਿਆਂ ਤੋਂ ਆਇਆ। ਸਾਫ ਹੈ ਕਿ ਸਰਕਾਰ ਸਿੱਖਿਆ ਪ੍ਰਤੀ ਆਪਣੀ ਸੰਵਿਧਾਨਿਕ ਜ਼ਿੰਮੇਵਾਰੀ ਤੋਂ ਲਗਾਤਾਰ ਪਿੱਛੇ ਹਟਦੀ ਗਈ। ਰਾਜ ਦੀ ਭੂਮਿਕਾ ਘਟਾਉਣ ਤੇ ਬਜ਼ਾਰ ਦੀ ਭੂਮਿਕਾ ਵਧਾਉਣ ਦੀ ਇਹ ਘਟਨਾ ਨਵ-ਉਦਾਰਵਾਦ ਦੇ ਸਿਧਾਂਤਕ ਖਾਕੇ ਦਾ ਲਾਜਮੀ ਸਿੱਟਾ ਹੈ, ਜਿਸ ਦਾ ਜ਼ਿਕਰ ਵਾਸ਼ਿੰਗਟਨ ਆਮ ਰਾਇ ਵਿਚ ਹੈ। ਰਾਜ ਉਹੀ ਨੀਤੀਆਂ ਬਣਾਉਂਦਾ ਹੈ। ਜੋ ਉਸ ਦੇ ਰਾਜਸੀ ਕਿਰਦਾਰ ਤੇ ਵਰਗੀ ਹਿੱਤਾਂ ਦੇ ਅਨੁਕੂਲ ਹੁੰਦੀਆਂ ਹਨ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਆਪ ਦੇ ਸੁਝਾਅ ਕਿੰਨੇ ਤਰਕਸ਼ੀਲ ਹਨ, ਕਿੰਨੇ ਤਜ਼ਰਬਾਕਾਰ ਹਨ ਜਾਂ ਕਿੰਨੇ ਲੋਕ ਪੱਖੀ ਹਨ। ਨਵ-ਉਦਾਰਵਾਦੀ ਯੁੱਗ ’ਚ ਤਾਂ ਰਾਜ ਨੇ ਤਰਕ, ਅਨੁਭਵ ਤੇ ਜਨਹਿਤ ਦੀ ਗੱਲ ਸੁਨਣੀ ਹੀ ਲੱਗਭਗ ਛੱਡ ਦਿੱਤੀ ਹੈ।

ਹੁਣ ਆਓ ਸਕੂਲ ਵਾਊਚਰ ਪ੍ਰਣਾਲੀ ਸਬੰਧੀ ਗੱਲ ਕਰੀਏ। ਸਕੂਲ ਵਾਊਚਰ ਦਾ ਵਿਚਾਰ ਸਭ ਤੋਂ ਪਹਿਲਾਂ ਸੰਨ 1955 ’ਚ ਨਵ-ਉਦਾਰਵਾਦ ਦੇ ਅਮਰੀਕੀ ਗੁਰੂ ਅਤੇ ਅਰਥ ਸ਼ਾਸਤਰ ’ਚ 1976 ’ਚ ਨੋਬਲ ਪੁਰਸਕਾਰ ਵਿਜੇਤਾ ਪ੍ਰੋਫੈਸਰ ਮਿਲਟਨ ਨੇ ਦਿੱਤਾ। ਇਸ ਵਿਚਾਰ ਦੀਆਂ ਜੜ੍ਹਾਂ ਪ੍ਰੋਫੈਸਰ ਮਿਲਟਨ ਫ੍ਰੀਡਮੈਨ ਦੀ ਅਗਵਾਈ

’ਚ ਵਿਕਸਤ ਨਵ-ਉਦਾਰਵਾਦੀ ਅਰਥ ਸਾਸ਼ਤਰ ਦੇ ਲਈ ਜਾਣੇ-ਪਹਿਚਾਣੇ ਸ਼ਿਕਾਗੋ ਸਕੂਲ ਦੇ ਆਰਥਕ ਦਰਸ਼ਨ ’ਚ ਪਈਆਂ ਹਨ ਜੋ ਵਿੱਤੀ ਅਜ਼ਾਰੇਦਾਰ ਪੂੰਜੀ (ਸਾਮਰਾਜੀ ਪੂੰਜੀ) ’ਤੇ ਟਿਕੇ ਅਖੌਤੀ ਮੁਕਤ ਬਾਜ਼ਾਰ ਦੀ ਦੌੜ ’ਚ ਅੱਖਾਂ ਮੀਚ ਕੇ ਅੰਨੀ ਆਸਥਾ ਰੱਖਣ ਵਾਲੇ ਰਾਜ ਜਨ ਕਲਿਆਣਕਾਰੀ ਭੂਮਿਕਾ ਨੂੰ ਸੀਮਤ ਰੱਖਣ ਵਾਲਾ ਦਰਸ਼ਨ ਹੈ। ਸਕੂਲ ਵਾਊਚਰ ਬੱਚਿਆਂ ਦੇ ਮਾਪਿਆਂ ਨੂੰ ਸਰਕਾਰ ਵੱਲੋਂ ਦਿੱਤਾ ਗਿਆ ਇਕ ਤਹਿਸ਼ੁਦਾ ਕੀਮਤ ਦਾ ਕੂਪਨ ਹੈ ਜਿਸ ਨਾਲ ਉਹ ਆਪਣੇ ਬੱਚੇ ਦੀ ਭਰਤੀ ਕਰਵਾ ਸਕਦੇ ਹਨ ਅਤੇ ਉਹ ਸਕੂਲ ਸਰਕਾਰ ਨੂੰ ਕੂਪਨ ਦੇ ਕੇ ਉਸ ਨੂੰ ਸੂਚਿਤ ਕਰ ਸਕਦਾ ਹੈ। ਇਸ ਵਿਚਾਰ ਦੇ ਹਿਮਾਇਤੀਆਂ ਅਨੁਸਾਰ ਸਕੂਲ ਵਾਊਚਰ ਦੇ ਕਾਰਨ ਸਕੂਲ ਚੁਨਣ ਦਾ ਅਧਿਕਾਰ ਮਾਂ-ਬਾਪ ਨੂੰ ਮਿਲ ਜਾਂਦਾ ਹੈ। ਜਿਸ ਨਾਲ ਉਨ੍ਹਾਂ ਨੂੰ ਤਾਕਤ ਮਿਲਦੀ ਹੈ। ਸਕੂਲ ਲਈ ਪੈਸਾ ਤੱਕ ਵੀ ਸਰਕਾਰ ਤੋਂ ਆਵੇਗਾ, ਪਰ ਸਕੂਲ ਸੰਚਾਲਨ ਦਾ ਕੰਮ ਸਰਕਾਰ ਨਹੀਂ ਕਰੇਗੀ।

ਸੰਨ 2004-05 ’ਚ ਕੇਂਦਰੀ ਸਲਾਹਕਾਰ ਬੋਰਡ (ਕੇਬ) ਨੇ ਸਿੱਖਿਆ ਤੇ ਵਿਚਾਰ ਕਰਨ ਲਈ ਸੱਤ ਸੰਮਤੀਆਂ ਦਾ ਗਠਨ ਕੀਤਾ ਸੀ ਜਿਸ ’ਚ ਪੰਜ ਸਕੂਲੀ ਸਿੱਖਿਆ ’ਤੇ ਅਤੇ ਦੋ ਉੱਚ ਤੇ ਤਕਨੀਕੀ ਸਿੱਖਿਆ ਦੇ ਵੱਖ-ਵੱਖ ਪਹਿਲੂਆਂ ’ਤੇ ਵਿਚਾਰ ਕਰਨ ਲਈ ਸੀ। ਇਨ੍ਹਾਂ ’ਚ ਸਿੱਖਿਆ ਦੇ ਵਿੱਤੀ ਮਾਮਲਿਆਂ ’ਤੇ ਕਈ ਦੂਰਗਾਮੀ ਮਹੱਤਵ ਦੀ ਪ੍ਰਸੰਸਾ ਸੀ। ਗੌਰਤਲਬ ਹੈ ਕਿ ਇਸ ਨਾਲ ਇਕ ਵੀ ਸੰਮਤੀ ਨੇ ਸਕੂਲ ਵਾਊਚਰ ਦਾ ਨਾਂ ਤੱਕ ਨਹੀਂ ਲਿਆ ਬਲਕਿ ਸੱਤ ਸੰਮਤੀਆਂ ’ਚ ਕੁਲ ਮਿਲਾ ਕੇ ਦੇਸ਼ ਦੇ ਜਾਣੇ ਪਹਿਚਾਣੇ ਲਗਭਗ 100 ਸਿੱਖਿਆ ਸ਼ਾਸਤਰੀਆਂ ਤੇ ਬੁੱਧੀਜੀਵੀਆਂ ਦਾ ਵਾਊਚਰ ਦਾ ਵਿਚਾਰ ਪ੍ਰਸੰਸਾ ਦੇ ਲਾਇਕ ਹੀ ਨਹੀਂ ਲੱਗਿਆ।

ਇਸ ਦੇ ਬਾਵਜੂਦ ਸਿਰਫ ਡੇਢ ਸਾਲ ਬਾਅਦ ਦਸੰਬਰ 2006 ’ਚ ਯੋਜਨਾ ਕਮਿਸ਼ਨ ਦੇ ਨਜ਼ਰੀਏ (ਅਪਰੋਚ ਪੇਪਰ) ’ਚ ਇਸ ਦਾ ਜ਼ਿਕਰ ਆ ਗਿਆ। ਅਨੁਮਾਨ ਹੈ ਕਿ ਭਾਰਤ ’ਚ ਵਾਊਚਰ ਪ੍ਰਣਾਲੀ ਦੀ ਪੈਰਵੀ (ਐਨ. ਜੀ. ਓ.) ਸਵੈ ਸੇਵੀ ਸੰਗਠਨ ਕਰਦੇ ਹਨ ਜਿਸ ਦਾ ਪੋਸ਼ਣ ਤੇ ਹੋਰ ਤਰ੍ਹਾਂ ਦੀ ਹਮਾਇਤ ਅਮਰੀਕਾ ਤੇ ਹੋਰ ਤਾਕਤਵਰ ਪੂੰਜੀਵਾਦੀ ਦੇਸ਼ ’ਚ ਨਵ-ਉਦਾਰਵਾਦੀ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਕਰਨ ਵਾਲੀਆਂ ਕੌਮਾਂਤਰੀ ਏਜੰਸੀਆਂ ਕਰਦੀਆਂ ਹਨ। ਇਸ ਲਈ ਪਹਿਲਾਂ ਤਾਂ ਇਹੀ ਸੁਆਲ ਉੱਠਦਾ ਹੈ ਕਿ ਕੀ ਨਵ-ਉਦਾਰਵਾਦ ਦੇ ਚਲਦਿਆਂ ਕੀ ਭਾਰਤ ਨੂੰ ਇਸ ਦਾ ਹੌਲੀ ਹੌਲੀ ਕਮਜ਼ੋਰ ਕੀਤਾ ਜਾਵੇਗਾ ਕਿਉਂਕਿ ਇਹ ਸੁਆਲ ਤਾਂ ਭਾਰਤ ਦੀ ਪ੍ਰਭੂਸਤਾ ਨਾਲ ਵੀ ਜੁੜਿਆ ਹੈ। ਸਕੂਲ ਵਾਊਚਰ ਪ੍ਰਣਾਲੀ ਦੀ ਸਭ ਤੋਂ ਵੱਡੀ ਵਰਤੋਂ ਦੱਖਣੀ ਅਮਰੀਕਾ ਦੇ ਦੋ ਦੇਸ਼ਾਂ ਚਿੱਲੀ ਤੇ ਕੋਲੰਬੀਆ ’ਚ ਹੋਈ ਹੈ। ਨਾਲ ਹੀ ਅਮਰੀਕਾ ਦੇ ਮਿਲਵਾਕੀ (ਵਿਸਕਾਸਿੰਨ ਪ੍ਰਾਂਤ) ਅਤੇ ਕਲੀਵਲੈਂਡ (ਓਹਾਤੋ ਪ੍ਰਾਂਤ) ਇਸ ਦੀ ਬਹੁਚਰਚਿਤ ਉਦਾਹਰਣ ਹੈ।

ਇਨ੍ਹਾਂ ਦੇ ਅਨੁਭਵ ਹਨ ਕਿ ਨਿੱਜੀ ਸਕੂਲਾਂ ’ਚ ਵਿਦਿਆਰਥੀਆਂ ਦੇ ਗਣਿਤ ਤੇ ਭਾਸ਼ਾ (ਸਪੈਨਿਸ਼) ਦੀ ਪ੍ਰੀਖਿਆ ਦੇ ਨੰਬਰ ਸਰਕਾਰੀ ਸਕੂਲਾਂ ਦੀ ਤੁਲਨਾ ’ਚ ਥੋੜਾ ਬੇਹਤਰ ਸਨ। ਪਰ ਕਈ ਖੋਜਾਂ ਤੋਂ ਪਤਾ ਲੱਗਿਆ ਹੈ ਕਿ ਇਸ ਫ਼ਰਕ ਦਾ ਅਸਲੀ ਕਾਰਨ ਇਹ ਹੈ ਕਿ ਨਿੱਜੀ ਸਕੂਲ ਵਾਊਚਰਾਂ ਦੇ ਬਾਵਜੂਦ ਭਰਤੀ ਸਮੇਂ ਭੇਦਭਾਵ ਕਰਦੇ ਹਨ। ਇਹ ਉਨ੍ਹਾਂ ਬੱਚਿਆਂ ਨੂੰ ਚੁਣਦੇ ਹਨ ਜਿਨ੍ਹਾਂ ਦੇ ਮਾਂ-ਬਾਪ ਵੱਧ

ਸਿੱਖਿਅਤ ਹੁੰਦੇ ਹਨ ਜਾਂ ਜਿਨ੍ਹਾਂ ਦਾ ਸਮਾਜਕ ਦਰਜਾ ਉੱਚਾ ਹੁੰਦਾ ਹੈ। ਇਹ ਸਕੂਲ ਭਰਤੀ ਸਮੇਂ (ਬੇਹਤਰ ਸਕੂਲ ਤੇ ਖਾਸ ਕਰਕੇ ਨਿੱਜੀ ਸਕੂਲ) ਮਾਂ-ਬਾਪ ਦੀ ਇੰਟਰਵਿਊ ਲੈਂਦੇ ਹਨ, ਦਾਖਲਾ ਪ੍ਰੀਖਿਆ ਲੈਂਦੇ ਹਨ ਅਤੇ ਬੱਚਿਆਂ 'ਤੇ ਉੱਚੇ ਟੈਸਟ ਸਕੋਰ ਬਣਾ ਕੇ ਰੱਖਣ ਲਈ ਭਾਰੀ ਦਬਾਅ ਪਾਉਂਦੇ ਹਨ। ਸਾਫ ਹੈ ਕਿ ਵਾਊਚਰ ਵੀ ਗਰੀਬ ਬੱਚਿਆਂ ਨੂੰ ਬੇਹਤਰ ਚੁਨਣ ਦਾ ਹੱਕ ਨਹੀਂ ਦਿਵਾ ਸਕੇ ਹਨ ਕਿਉਂਕਿ ਇੰਟਰਵਿਊ ਦੀ ਵਰਤੋਂ ਇਸ ਸ਼੍ਰੇਣੀ ਦੇ ਬੱਚਿਆਂ ਨੂੰ ਬਾਹਰ ਰੱਖਣ ਲਈ ਕੀਤੀ ਗਈ। ਗਰੀਬ ਬੱਚਿਆਂ ਨੂੰ, ਬਾਹਰ ਰੱਖਣ ਲਈ ਨਿੱਜੀ ਸਕੂਲਾਂ ਨੇ ਹੋਰ ਤਰੀਕਿਆਂ ਦੀ ਵੀ ਵਰਤੋਂ ਕੀਤੀ ਜਿਵੇਂ ਗੁੰਝਲਦਾਰ ਦਾਖਲਾ ਪ੍ਰੀਖਿਆ, ਮਹਿੰਗੀ ਵਰਦੀ ਆਦਿ। ਚਿਲੀ ਦੇ ਅਧਿਐਨ ਤੋਂ ਤਾਂ ਇਕ ਹੈਰਾਨਕੁੰਨ ਸਿੱਟਾ ਸਾਹਮਣੇ ਆਇਆ ਹੈ ਕਿ ਦਰਅਸਲ ਵਾਊਚਰ ਵਾਲੇ ਨਿੱਜੀ ਸਕੂਲ ਸਰਕਾਰੀ ਸਕੂਲਾਂ ਦੇ ਮੁਕਾਬਲੇ ਬੇਹਤਰ ਨਹੀਂ ਸਨ। ਭਾਰਤ 'ਚ ਸਿਰਫ ਇਕ ਸਵੈ ਸੇਵੀ ਸੰਗਠਨ (ਐੱਨ. ਜੀ. ਓ.) ਅਤੇ ਮੁਠੀਭਰ ਨਵ-ਉਦਾਰਵਾਦੀ ਪੈਰੋਕਾਰਾਂ ਦੇ ਦਬਾਅ 'ਚ ਆ ਕੇ ਜਿਸ ਹਫੜਾ ਦਫੜੀ 'ਚ ਵਾਊਚਰ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ, ਉਸ ਨਾਲ ਸਾਡੀ ਸਕੂਲੀ ਵਿਵਸਥਾ 'ਤੇ ਦੂਰਗਾਮੀ ਨਾਕਾਰਾਤਮਕ ਅਸਰ ਪੈਣੇ ਤਹਿ ਹਨ; ਠੀਕ ਉਸੇ ਤਰ੍ਹਾਂ ਜਿਵੇਂ ਡੀ. ਪੀ. ਈ. ਪੀ. (ਜ਼ਿਲ੍ਹਾ ਪ੍ਰਾਇਮਰੀ ਸਿੱਖਿਆ ਪ੍ਰੋਗਰਾਮ) ਦਾ ਨੱਬੇ ਦੇ ਦਹਾਕੇ 'ਚ ਪਿਆ ਸੀ। ਪਰ ਨਵ-ਉਦਾਰਵਾਦੀ ਨੀਤੀ ਘਾੜਿਆਂ ਨੂੰ ਇਸ ਦੀ ਚਿੰਤਾ ਕਿਉਂ ਹੋਵੇਗੀ। ਉਨ੍ਹਾਂ ਦਾ ਬੱਚੇ ਉਨ੍ਹਾਂ ਮਹਿੰਗੇ ਸਕੂਲਾਂ 'ਚ ਪੜ੍ਹ ਰਹੇ ਹੋਣਗੇ ਜੋ ਵਾਊਚਰ ਪ੍ਰਣਾਲੀ ਤੋਂ ਬਾਹਰ ਹੋਣਗੇ। ਅਜਿਹੇ 'ਚ ਇਕ ਹੀ ਰਾਹ ਹੈ ਅਤੇ ਉਹ ਰਾਹ ਇਕ ਲੰਮੇ ਜਨਤਕ ਸੰਘਰਸ਼ ਦਾ ਹੈ। ਇਕੱਲੇ ਸਿੱਖਿਆ ਦੇ ਮੁੱਦੇ 'ਤੇ ਅਲੱਗ ਤੋਂ ਅੰਦੋਲਨ ਖੜ੍ਹਾ ਕਰਨਾ ਸੰਭਵ ਨਹੀਂ ਦਿਸਦਾ ਕਿਉਂਕਿ ਲੋਕਾਂ ਲਈ ਉਸ ਵਕਤ ਆਪਣੀ ਹੋਂਦ ਦੀ ਲੜਾਈ ਵੱਧ ਤਰਜੀਹ ਰੱਖਦੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਸਿੱਖਿਆ ਦੀ ਲੜਾਈ ਨੂੰ ਜਲ, ਜੰਗਲ, ਜ਼ਮੀਨ, ਰੋਟੀ-ਰੋਜ਼ੀ ਦੇ ਲਈ ਚਲ ਰਹੇ ਸਹੀ ਜਮਹੂਰੀ ਅੰਦੋਲਨਾਂ ਦੇ ਨਾਲ ਜੋੜ ਕੇ ਚਲਾਇਆ ਜਾਵੇ। ਸਿੱਖਿਆ 'ਚ ਜਨਤਕ-ਨਿੱਜੀ ਸਾਂਝੇਦਾਰੀ ਦੇ ਪ੍ਰਤੀਰੋਧ ਦੀ ਲੜਾਈ ਤਾਂ ਹੀ ਸਿੱਖਿਆ ਦੀ ਲੜਾਈ ਦਾ ਹਿੱਸਾ ਬਣ ਸਕਦੀ ਹੈ।

# ਭ੍ਰਿਸ਼ਟਾਚਾਰ ਦਾ ਨਾਗ ਬਨਾਮ ਸੀ. ਆਰ. ਪੀ. ਐਫ.

ਕੇਂਦਰੀ ਰਿਜ਼ਰਵ ਪੁਲਸ ਫੋਰਸ (ਸੀ. ਆਰ. ਪੀ. ਐਫ.) 'ਚ ਚਲ ਰਹੀ ਭਰਤੀ ਦੇ ਘੋਟਾਲੇ ਸਬੰਧੀ ਦੇਸ਼ ਵਿਆਪੀ ਛਾਪਿਆਂ ਦੇ ਇਕ ਦਿਨ ਪਿੱਛੋਂ 6 ਮਈ 2009 ਨੂੰ ਸੀ. ਬੀ. ਆਈ. ਨੇ ਫੋਰਸ ਦੇ ਆਈ ਜੀ ਪੁਸ਼ਕਰ ਸਿੰਘ ਤੇ ਕਮਾਂਡੈਂਟ ਸਮੇਤ ਅੱਠ ਲੋਕਾਂ ਨੂੰ ਵੱਖ ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕੀਤਾ। ਸੀ. ਬੀ. ਆਈ. ਵੱਲੋਂ ਬਰਾਮਦ ਦਸਤਾਵੇਜਾਂ ਤੋਂ ਪਤਾ ਲੱਗਿਆ ਕਿ ਇਹ ਭ੍ਰਿਸ਼ਟਾਚਾਰ ਬੜੇ ਹੀ ਵਿਉਂਤਬੱਧ ਢੰਗ ਨਾਲ ਸੰਨ 2003 ਤੋਂ ਚਲ ਰਿਹਾ ਸੀ। ਅਜੇ ਤੱਕ ਸੀ. ਬੀ. ਆਈ. ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਹੋ ਸਕੀ ਹੈ ਕਿ ਪਿਛਲੇ 6 ਸਾਲਾਂ 'ਚ ਇਸ ਗਰੋਹ ਨੇ ਕਿੰਨੇ ਲੋਕਾਂ ਨੂੰ ਰਿਸ਼ਵਤ ਲੈ ਕੇ ਸੀ. ਆਰ. ਪੀ. ਐਫ. 'ਚ ਭਰਤੀ ਕਰਵਾਇਆ ਸੀ। ਖਾਸ ਗੱਲ ਇਹ ਹੈ ਕਿ ਸੀ. ਆਰ. ਪੀ. ਐਫ. 'ਚ ਇਹ ਭਰਤੀਆਂ ਨਕਸਲੀਆਂ ਨਾਲ ਲੜਨ ਲਈ ਵਿਸ਼ੇਸ਼ ਫੋਰਸ 'ਕੋਬਰਾ' ਲਈ ਕੀਤੀਆਂ ਜਾ ਰਹੀਆਂ ਸਨ। ਇਸ ਵਿਆਪਕ ਭ੍ਰਿਸ਼ਟਾਚਾਰ ਦੀ ਪੋਲ ਖੋਲ੍ਹਣ ਲਈ ਸੀ. ਬੀ. ਆਈ. ਦੇ ਸੰਯੁਕਤ ਨਿਰਦੇਸ਼ਕ ਐਚ. ਸੀ. ਅਵਸਥੀ ਖੁਦ ਪਟਨਾ 'ਚ ਡੇਰਾ ਲਾ ਕੇ ਜਾਂਚ ਦੀ ਨਿਗਰਾਨੀ ਕਰ ਰਹੇ ਸਨ। ਸੀ. ਆਰ. ਪੀ. ਐਫ. ਦੇ ਆਈ ਜੀ ਪੁਸ਼ਕਰ ਸਿੰਘ ਨੂੰ ਪਟਨਾ 'ਚ ਗ੍ਰਿਫ਼ਤਾਰ ਕੀਤਾ ਗਿਆ। ਉਸ ਦੀ ਰਿਹਾਇਸ਼ ਤੇ ਛਾਪੇ ਦੌਰਾਨ 23 ਲੱਖ ਰੁਪਏ ਨਕਦ ਤੇ 15 ਲੱਖ ਦੇ ਕਿਸਾਨ ਵਿਕਾਸ ਪੱਤਰ ਮਿਲੇ। ਇਸ ਤੋਂ ਇਲਾਵਾ ਹਰਿਆਣਾ ਦੇ ਫਰੀਦਾਬਾਦ ਵਿਚ ਤਿੰਨ ਮਕਾਨਾਂ ਦਾ ਵੀ ਪਤਾ ਲੱਗਿਆ ਹੈ ਜਿਸ 'ਚ ਦੋ ਪੁਸ਼ਕਰ ਸਿੰਘ ਦੇ ਨਾਂ ਹਨ ਜਦ ਕਿ ਤੀਜਾ ਕਿਸੇ ਹੋਰ ਬੰਦੇ ਦੇ ਨਾਂ 'ਤੇ ਹੈ। ਇਸ ਤੋਂ ਇਲਾਵਾ ਸੀ. ਬੀ. ਆਈ. ਨੇ ਇਸ ਭ੍ਰਿਸ਼ਟਾਚਾਰ ਦੇ ਮਾਸਟਰ ਮਾਈਡ ਸੀ. ਆਰ. ਪੀ. ਐਫ. ਦੇ ਬਰਖਾਸਤ ਸਿਪਾਹੀ ਮੁਕੇਸ਼ ਕੁਮਾਰ ਨੂੰ ਝਾਰਖੰਡ ਰਾਜ ਦੇ ਸ਼ਹਿਰ ਜਮਸ਼ੇਦਪੁਰ ਤੋਂ ਗ੍ਰਿਫ਼ਤਾਰ ਕੀਤਾ। ਇਸ ਮਾਮਲੇ 'ਚ ਮੁਕੇਸ਼ ਕੁਮਾਰ ਦੀ ਤੀਜੀ ਪਤਨੀ ਦੱਸੀ ਜਾ ਰਹੀ ਸਵਾਤੀ ਭਾਰਦਵਾਜ ਅਤੇ ਮੁਕੇਸ਼ ਦੀ ਪਹਿਲੀ ਪਤਨੀ ਦੇ ਭਾਈ ਤ੍ਰਿਪੁਰਾਰੀ ਕੁਮਾਰ ਤੇ ਇਕ ਹੋਰ ਵਿਅਕਤੀ ਸਿੰਘੂ ਨਾਥ ਨੂੰ ਵੀ ਗ੍ਰਿਫਤਾਰ ਕੀਤਾ। ਆਈ. ਜੀ. ਪੁਸ਼ਕਰ ਸਿੰਘ ਸਮੇਤ ਇਨ੍ਹਾਂ ਸਾਰਿਆਂ ਨੂੰ ਪਟਨੇ ਦੀ ਵਿਸ਼ੇਸ਼ ਸੀ. ਬੀ. ਆਈ. ਅਦਾਲਤ ਨੇ ਛੇ ਦਿਨ ਦੇ ਰਿਮਾਂਡ 'ਤੇ ਸੀ. ਬੀ. ਆਈ. ਦੇ ਹਵਾਲੇ ਕਰ ਦਿੱਤਾ ਹੈ। ਸੀ. ਬੀ. ਆਈ. ਨੇ ਭ੍ਰਿਸ਼ਟਾਚਾਰ 'ਚ ਸ਼ਾਮਲ ਕਮਾਂਡੈਂਟ ਯਾਦਵਿੰਦਰ ਸਿੰਘ ਨੂੰ ਹਰਿਆਣਾ ਦੇ ਯਮੁਨਾ ਨਗਰ ਤੋਂ ਅਤੇ ਦਲੀਪ ਕੁਮਾਰ ਉਰਫ ਪੱਪੂ ਤੇ ਪ੍ਰਗਟ ਸਿੰਘ ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕੀਤਾ ਹੈ। ਦਿੱਲੀ ਦੇ ਮੈਟਰੋਪੋਲਿਟਨ ਮੈਜਿਸਟਰੇਟ ਤੋਂ ਇਨ੍ਹਾਂ ਤਿੰਨਾਂ ਨੂੰ ਟ੍ਰਾਂਜਿਟ ਰਿਮਾਂਡ ਤੇ ਲੈ ਕੇ ਸੀ. ਬੀ. ਆਈ. ਇਨ੍ਹਾਂ ਨੂੰ ਪਟਨਾ ਲੈ ਗਈ ਹੈ। ਪ੍ਰਗਟ ਸਿੰਘ ਭਰਤੀ ਬੋਰਡ 'ਚ ਤੈਨਾਤ ਕਮਾਡੈਂਟ ਬੀ. ਐਸ. ਸੰਧੂ ਦਾ ਸਾਲਾ ਹੈ। ਸੀ. ਬੀ. ਆਈ. ਨੇ ਕਮਾਡੈਂਟ ਬੀ. ਐੱਸ. ਸੰਧੂ ਦੀ ਮੋਹਾਲੀ ਸਥਿਤ ਰਿਹਾਇਸ਼ 'ਤੇ ਵੀ 5 ਮਈ 2009 ਨੂੰ ਛਾਪਾ ਮਾਰਿਆ ਸੀ ਜਿਸ ਵਿਚ ਉਨ੍ਹਾਂ ਨੂੰ 10 ਨਜਾਇਜ ਕਾਰਤੂਸ ਬਰਾਮਦ ਹੋਏ ਸਨ। ਸੀ. ਬੀ. ਆਈ. ਦੇ ਉੱਚ ਅਧਿਕਾਰੀ ਨੇ ਦੱਸਿਆ ਹੈ ਕਿ ਮੁਕੇਸ਼ ਕੁਮਾਰ ਇਸ ਰੈਕਟ ਦਾ ਮਾਸਟਰ ਮਾਈਂਡ ਹੈ। ਸਾਰੀ ਸਾਜ਼ਿਸ਼ ਉਸ ਦੀ ਰਚੀ ਹੋਈ ਹੈ। ਉਸੇ ਨੇ ਬਿਹਾਰ ਸੈਕਟਰ ਦੇ ਆਈ

ਜੀ ਪੁਸ਼ਕਰ ਸਿੰਘ ਤੇ ਜਮਸ਼ੇਦਪੁਰ 'ਚ ਤੈਨਾਤ ਕਮਾਡੈਂਟ ਯਾਦਵਿੰਦਰ ਸਿੰਘ ਦੇ ਨਾਲ ਮਿਲ ਕੇ ਇਸ ਦੀ ਸਾਜ਼ਿਸ਼ ਰਚੀ। ਮੁਕੇਸ਼ ਕੁਮਾਰ ਦੀ ਤੀਜੀ ਪਤਨੀ ਦੇ ਭਾਈ ਤ੍ਰਿਪੁਰਾਰੀ ਕੁਮਾਰ ਵੀ ਇਸ ਰੈਕਟ 'ਚ ਸ਼ਾਮਲ ਸਨ। ਮੁਕੇਸ਼ ਤੇ ਉਸ ਦੀ ਪਤਨੀ ਸਵਾਤੀ ਭਾਰਦਵਾਜ ਦੀ ਗ੍ਰਿਫ਼ਤਾਰੀ ਸਮੇਂ ਉਨ੍ਹਾਂ ਕੋਲੋਂ ਸੀ. ਬੀ. ਆਈ. ਨੂੰ 60 ਲੱਖ ਰੁਪਏ ਨਕਦ ਬਰਾਮਦ ਹੋਏ ਹਨ। ਇਹ ਗਰੋਹ ਕਾਫੀ ਵਿਉਂਤਬੰਦ ਤਰੀਕੇ ਨਾਲ ਕੰਮ ਕਰਦਾ ਸੀ। ਦਰਅਸਲ ਸੀ. ਆਰ. ਪੀ. ਐਫ. 'ਚ ਸਿਪਾਹੀਆਂ ਦੀ ਚੋਣ ਇਕ ਬੋਰਡ ਕਰਦਾ ਹੈ। ਇਸ ਬੋਰਡ ਦੇ ਮੈਂਬਰਾਂ ਦੀ ਚੋਣ ਆਈ ਜੀ ਪੁਸ਼ਕਰ ਸਿੰਘ ਕਰਦੇ ਸਨ। ਪੁਸ਼ਕਰ ਸਿੰਘ ਭਰਤੀ ਬੋਰਡ 'ਚ ਅਜਿਹੇ ਅਧਿਕਾਰੀਆਂ ਨੂੰ ਰੱਖਦੇ ਸਨ ਜਿਨ੍ਹਾਂ ਰਾਹੀਂ ਰਿਸ਼ਵਤ ਦੇਣ ਵਾਲੇ ਉਮੀਦਵਾਰਾਂ ਦੀ ਚੋਣ ਕਰਵਾਈ ਜਾ ਸਕੇ। ਰਿਸ਼ਵਤ ਦੇਣ ਵਾਲੇ ਉਮੀਦਵਾਰਾਂ ਦੀ ਖੋਜ ਦਲਾਲਾਂ ਰਾਹੀਂ ਕੀਤੀ ਜਾਂਦੀ ਸੀ ਪਰ ਕਈ ਕੇਸਾਂ 'ਚ ਪਾਇਆ ਗਿਆ ਕਿ ਕਮਾਂਡੈਂਟ ਯਾਦਵਿੰਦਰ ਸਿੰਘ ਖੁਦ ਹੀ ਭਰਤੀ ਲਈ ਆਏ ਉਮੀਦਵਾਰਾਂ ਨੂੰ ਮੁਕੇਸ਼ ਕੁਮਾਰ ਜਾਂ ਦੂਜੇ ਦਲਾਲਾਂ ਨਾਲ ਸੰਪਰਕ ਕਰਨ ਨੂੰ ਕਹਿੰਦਾ ਸੀ। ਜਿੱਥੇ ਭਰਤੀ ਯਕੀਨ ਕਰਾਉਣ ਬਦਲੇ ਦਲਾਲ ਰਿਸ਼ਵਤ ਦੀ ਗੱਲ ਕਰ ਲੈਂਦਾ ਸੀ। ਅਜਿਹੇ ਹਰ ਉਮੀਦਵਾਰ ਤੋਂ ਦੋ ਤੋਂ ਤਿੰਨ ਲੱਖ ਰੁਪਏ ਦੀ ਰਿਸ਼ਵਤ ਲਈ ਜਾਂਦੀ ਹੈ ਜਿਸ ਨੂੰ ਗਰੋਹ 'ਚ ਸ਼ਾਮਲ ਵਿਅਕਤੀਆਂ ਦਰਮਿਆਨ ਵੰਡ ਲਿਆ ਜਾਂਦਾ ਸੀ।

# ਸੀ. ਆਰ. ਪੀ. ਐਫ. 'ਚ ਭਰਤੀ ਘੋਟਾਲੇ ਦੀ ਵਿਆਪਕਤਾ

ਇਸ ਤੋਂ ਵੱਧ ਘਾਤਕ ਹੋ ਕੁੱਝ ਨਹੀਂ ਹੋ ਸਕਦਾ ਕਿ ਕੇਂਦਰੀ ਰਿਜ਼ਰਵ ਪੁਲਸ ਫੋਰਸ ਦੀ ਭਰਤੀ 'ਚ ਭ੍ਰਿਸ਼ਟਾਚਾਰ ਹੋਵੇ ਤੇ ਉਸ ਵਿਚ ਕਮਾਂਡੈਂਟ ਤੋਂ ਲੈ ਕੇ ਆਈ ਜੀ ਪੱਧਰ ਦੇ ਅਧਿਕਾਰੀ ਲਿਬੜੇ ਪਾਏ ਜਾਣ। ਸੀ. ਬੀ. ਆਈ. ਨੇ ਇਸ ਭ੍ਰਿਸ਼ਟਾਚਾਰ ਨੂੰ ਉਜਾਗਰ ਕਰਨ ਦੇ ਸਿਲਸਿਲੇ 'ਚ ਜਿਸ ਤਰ੍ਹਾਂ ਦੇਸ਼ ਦੇ ਵੱਖ ਵੱਖ ਸ਼ਹਿਰਾਂ ਵਿਚ 20 ਥਾਵਾਂ 'ਤੇ ਛਾਪੇ ਮਾਰੇ, ਉਸ ਤੋਂ ਨਾ ਸਿਰਫ ਭਰਤੀ ਘਪਲੇ ਦੀ ਵਿਆਪਕਤਾ ਦਾ ਪਤਾ ਲੱਗਦਾ ਹੈ ਬਲਕਿ ਇਸ ਦਾ ਵੀ ਕਿ ਨਿਗਰਾਨੀ ਤਾਣਾ ਬਾਣਾ ਕਿਸ ਹੱਦ ਤੱਕ ਨਿਗਰਿਆ ਹੋਇਆ ਹੈ। ਇਹ ਘਪਲਾ 'ਕੋਬਰਾ' ਦੀ ਭਰਤੀ 'ਚ ਹੋਇਆ। ਕੀ ਇਹ ਰਿਸ਼ਵਤ ਦੇ ਕੇ ਭਰਤੀ ਹੋਏ ਜਵਾਨ ਇਮਾਨਦਾਰੀ ਨਾਲ ਕੰਮ ਕਰਨੇ? ਸਚਾਈ ਜੋ ਵੀ ਹੋਵੇ ਇਹ ਸੁਆਲ ਉੱਠਣਾ ਸੁਭਾਵਿਕ ਹੈ ਕਿ ਕੀ ਇਸ ਘੋਟਾਲੇ 'ਚ ਸ਼ਾਮਲ ਅਧਿਕਾਰੀਆਂ ਨੂੰ ਕਿਸੇ ਪੱਧਰ 'ਤੇ ਰਾਜਸੀ ਸ਼ਹਿ ਤਾਂ ਪ੍ਰਾਪਤ ਨਹੀਂ? ਸਭ ਤੋਂ ਮਹੱਤਵਪੂਰਨ ਇਹ ਹੈ ਕਿ ਲੱਖਾਂ ਦੀ ਰਿਸ਼ਵਤ ਦੇਣ ਵਾਲੇ ਭਾੜੇ ਦੇ ਟੱਟੂ ਹੀ ਹੋਣਗੇ। ਉਕਤ ਸੁਆਲਾਂ ਦਾ ਜੁਆਬ ਜੋ ਮਰਜ਼ੀ ਹੋਵੇ ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਰਾਜਸੀ ਤੰਤਰ 'ਚ ਵਿਆਪਕ ਭ੍ਰਿਸ਼ਟਾਚਾਰ, ਪ੍ਰਸਾਸ਼ਨਿਕ ਤੰਤਰ 'ਚ ਘਪਲੇ ਤੇ ਘੋਟਾਲਿਆਂ ਨੂੰ ਹੱਲਾਸ਼ੇਰੀ ਦੇ ਰਿਹਾ ਹੈ। ਵਿਡੰਬਨਾ ਇਹ ਹੈ ਕਿ ਪ੍ਰਸਾਸ਼ਨਿਕ ਤੰਤਰ ਦਾ ਭ੍ਰਿਸ਼ਟਾਚਾਰ ਕਦੇ ਨਾ ਕਦੇ ਪਕੜ 'ਚ ਆਉਂਦਾ ਰਹਿੰਦਾ ਹੈ, ਪਰ ਰਾਜਸੀ ਤੰਤਰ 'ਚ ਵਧਦੇ ਭ੍ਰਿਸ਼ਟਾਚਾਰ ਦੀ ਕੋਈ ਚਰਚਾ ਤੱਕ ਨਹੀਂ ਹੁੰਦੀ ਹੈ। ਇਹ ਕਦੀ ਕਦਾਈਂ ਹੁੰਦੀ ਵੀ ਹੈ ਤਾਂ ਇਸ ਦਾ ਨਿਪਟਾਰਾ ਵੀ ਜਲਦੀ ਹੀ ਖੋਜ ਕੇ ਉਸ ਨੂੰ ਬੰਦ ਕਰ ਦਿੱਤਾ ਜਾਂਦਾ ਹੈ। ਇਹ ਇੰਨੀ ਸ਼ਰਮਨਾਕ ਗੱਲ ਹੈ ਕਿ ਰਾਜਸੀ ਭ੍ਰਿਸ਼ਟਾਚਾਰ ਖਤਮ ਕਰਨ ਦੀਆਂ ਗੱਲਾਂ ਕਰਨ ਦੇ ਨਾਲ ਹੀ ਇਹ ਸਭ ਕੁਲ ਬਿਨਾ ਸੰਕੋਚ ਚੱਲ ਰਿਹਾ ਹੈ ਜਿਸ ਨਾਲ ਰਾਜਸੀ ਤੰਤਰ ਦਿਨ-ਬ-ਦਿਨ ਵੱਧ ਭ੍ਰਿਸ਼ਟ ਹੋ ਰਿਹਾ ਹੈ। ਕੀ ਇਹ ਕਿਸੇ ਤੋਂ ਛੁਪਿਆ ਹੈ ਕਿ ਰਾਜਨੀਤੀ 'ਚ ਅਜਿਹੇ ਤੱਤਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ ਜੋ ਆਪਣੇ ਅਹੁਦਿਆਂ ਦੀ ਦੁਰਵਰਤੋਂ ਕਰਕੇ ਜਾਂ ਤਾਂ ਕਮਾਂਡੈਂਟ ਬੀ. ਐਸ. ਸੰਧੂ ਦਾ ਸਾਲਾ ਪ੍ਰਗਟ ਸਿੰਘ ਤੇ ਮੁਕੇਸ਼ ਕੁਮਾਰ ਦਾ ਸਾਲਾ ਤ੍ਰਿਪੁਰਾਰੀ ਕੁਮਾਰ ਮਹੱਤਵਪੂਰਨ ਉਦਾਹਰਣਾਂ ਹਨ। ਸਿਰਫ਼ ਧਨ ਦੀ ਹੇਰਾਫੇਰੀ ਹੀ ਭ੍ਰਿਸ਼ਟਾਚਾਰ ਨਹੀਂ ਹੈ। ਜੇ ਕੋਈ ਵਿਅਕਤੀ, ਸੰਸਥਾ ਜਾਂ ਵਿਭਾਗ ਆਪਣੇ ਫਰਜ਼ ਸਹੀ ਤਰੀਕੇ ਨਾਲ ਨਹੀਂ ਨਿਭਾ ਰਿਹਾ ਤਾਂ ਇਹ ਵੀ ਇਕ ਕਿਸਮ ਦਾ ਭ੍ਰਿਸ਼ਟਾਚਾਰ ਹੈ। ਕਈ ਵਾਰ ਅਜਿਹਾ ਭ੍ਰਿਸ਼ਟ ਆਚਰਜ ਧਨ ਦੀ ਹੇਰਾਫੇਰੀ ਤੋਂ ਵੀ ਮਾੜੇ ਸਿੱਟੇ ਕੱਢਦਾ ਹੈ। ਇਸ ਪੂਰੇ ਪ੍ਰਬੰਧ ਦੇ ਖੋਖਲੇਪਣ ਨੂੰ ਜ਼ਾਹਰ ਕਰਦਾ ਹੈ ਤੇ ਲੋਕਾਂ ਦਾ ਪ੍ਰਬੰਧ ਤੋਂ ਵਿਸ਼ਵਾਸ ਉੱਠਦਾ ਜਾਂਦਾ ਹੈ। ਜਿੰਨਾ ਗੰਭੀਰ ਮਾਮਲਾ ਭਾਰਤ 'ਚ ਭ੍ਰਿਸ਼ਟਾਚਾਰ ਦਾ ਹੈ ਉਨਾ ਹੀ ਕਿਸੇ ਸੰਸਥਾ ਦੇ ਸਹੀ ਢੰਗ ਨਾਲ ਕੰਮ ਕਰਨ ਦਾ ਹੈ। ਜਿਸ ਸੀ. ਬੀ. ਆਈ. ਨੇ ਭਾਰਤੀ ਘਪਲੇ ਨੂੰ ਨੰਗਿਆਂ ਕੀਤਾ ਉਸ ਬਾਰੇ ਵੀ ਕਾਂਗਰਸ ਜਨਰਲ ਸਕੱਤਰ ਰਾਹੁਲ ਗਾਂਧੀ ਖੁਦ

ਮੰਨਦੇ ਹਨ ਕਿ ਸਰਕਾਰੀ ਏਜੰਸੀਆਂ ਹਾਕਮ ਪਾਰਟੀ ਦੇ ਦਬਾਅ ਹੇਠ ਕੰਮ ਕਰਦੀਆਂ ਹਨ। ਸੱਚ ਦੀ ਇਸ ਪਰਤ ਤੋਂ ਪਰਦਾ ਉੱਠਣ ਨਾਲ ਕੇਂਦਰ ਸਰਕਾਰ ਖੁਦ ਨੰਗੀ ਹੋ ਗਈ ਜੋ ਬੇਸੁਰਾ ਰਾਗ ਅਲਾਪਣ ਦਾ ਕੋਈ ਮੌਕਾ ਨਹੀਂ ਛੱਡਦੀ ਕਿ ਸੀ. ਬੀ. ਆਈ. ਤਾਂ ਸਾਫ ਸੁਥਰੀ ਹੈ ਤੇ ਸਰਕਾਰ ਉਸ 'ਚ ਕੋਈ ਦਖ਼ਲ ਅੰਦਾਜ਼ੀ ਨਹੀਂ ਕਰਦੀ। ਜੇ ਇਉਂ ਹੈ ਤਾਂ ਕਤਰੋਚੀ ਨੂੰ ਕਲੀਨ ਚਿੱਟ ਕਿਵੇਂ ਮਿਲ ਗਈ? ਜੇ ਰਾਜਨੀਤੀ 'ਚ ਭ੍ਰਿਸ਼ਟ ਆਚਰਨ ਦੀ ਇਉਂ ਹੀ ਅਣਦੇਖੀ ਹੁੰਦੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦ ਹਰੇਕ ਸਰਕਾਰੀ ਏਜੰਸੀ ਤੇ ਵਿਭਾਗ ਭ੍ਰਿਸ਼ਟਾਚਾਰ 'ਚ ਡੁੱਬਿਆ ਨਜ਼ਰ ਆਵੇਗਾ।

# ਕੌਮੀ ਪਹਿਚਾਣ ਪੱਤਰ ਯੋਜਨਾ

ਸੰਯੁਕਤ ਪ੍ਰਗਤੀਸ਼ੀਲ ਗਠਜੋੜ (ਯੂ. ਪੀ. ਏ.) ਦੀ ਸਰਕਾਰ ਨੂੰ ਲਾਲ ਕ੍ਰਿਸ਼ਨ ਅਡਵਾਨੀ ਦੇ ਸੁਪਨਿਆਂ ਦਾ ਭਾਰਤ ਬਣਾਉਣ ਦੀ ਜਲਦੀ ਹੈ। ਅਡਵਾਨੀ ਦੇ ਸੁਪਨਿਆਂ ਦੇ ਭਾਰਤ ਵਿਚ ਹਰੇਕ ਨਾਗਰਿਕ ਦੀ ਇਕ ਜਨਮ ਕੁੰਡਲੀ (ਵਿਸ਼ੇਸ਼ ਨਾਗਰਿਕਤਾ ਸੰਖਿਆ) ਹੋਣੀ ਸੀ। ਉਸ ਜਨਮ ਕੁੰਡਲੀ ਵਿਚ ਉਸ ਦੇ ਬਾਰੇ ਹਰ ਜਾਣਕਾਰੀ ਮੁਹੱਈਆ ਰਹਿਣੀ ਸੀ, ਉਸ ਜਨਮ ਕੁੰਡਲੀ ਵਿਚ ਉਸ ਦੀ ਫੋਟੋ, ਉਸ ਦੇ ਅੰਗੂਠੇ ਦੇ ਨਿਸ਼ਾਨ, ਅੱਖਾਂ ਦਾ ਰੰਗ, ਘਰ-ਬਾਰ ਦਾ ਬਿਓਰਾ ਯਾਨੀ ਕਿਸੇ ਵੀ ਵਿਅਕਤੀ ਬਾਰੇ ਪੂਰਨ ਸੂਚਨਾ ਹੋਣੀ ਸੀ। ਇਸ ਤਰ੍ਹਾਂ ਅਡਵਾਨੀ ਦੇਸ਼ ਦੀ ਸੁਰੱਖਿਆ, ਘੁਸਪੈਠੀਆਂ ਅਤੇ ਅੱਤਵਾਦ ਦੇ ਨਾਂ 'ਤੇ ਦੇਸ਼ ਦੇ ਹਰੇਕ ਨਾਗਰਿਕ ਦੀ ਪਹਿਚਾਣ ਨੂੰ ਆਧੁਨਿਕ ਤਕਨੀਕ ਦੀ ਵਰਤੋਂ ਕਰਕੇ ਦਰਜ ਕਰ ਲੈਣਾ ਚਾਹੁੰਦੇ ਸਨ। ਇਸ ਸਭ ਨਾਲ ਭਾਰਤ ਨੂੰ ਇਕ ਪੂਰਨ ਪੁਲਸ ਰਾਜ 'ਚ ਤਬਦੀਲ ਕਰਨ ਦੀ ਯੋਜਨਾ ਸੀ। ਅਡਵਾਨੀ ਦੀ ਇਸ ਯੋਜਨਾ ਨੂੰ ਮਨਮੋਹਨ ਸਿੰਘ ਨੇ ਝਪਟ ਲਿਆ। ਅਡਵਾਨੀ ਜੋ ਕੰਮ ਆਪਣੀ ਹਕੂਮਤ ਦੌਰਾਨ ਨਹੀਂ ਕਰ ਸਕੇ, ਉਸ ਨੂੰ ਯੂ. ਪੀ. ਏ. ਸਰਕਾਰ ਨੇ ਕਰਨ ਦਾ ਬੀੜਾ ਚੁੱਕ ਲਿਆ ਹੈ। ਇਹ ਬੀੜਾ ਹੈ ਭਾਰਤ ਦੇ ਹਰੇਕ ਨਾਗਰਿਕ ਨੂੰ ਵਿਸ਼ੇਸ਼ ਪਹਿਚਾਣ ਸੰਖਿਆ (ਯੁਨੀਕ ਆਈਡੈਂਟੀ ਫਿਕੇਸ਼ਨ) ਦੇਣ ਦਾ ਹੈ। ਇਸ ਲਈ ਭਾਰਤ ਸਰਕਾਰ ਰਾਸ਼ਟਰੀ ਪਹਿਚਾਣ ਪੱਤਰ ਜਾਰੀ ਕਰਨ ਲਈ ਇਕ ਵਿਸ਼ੇਸ਼ ਅਥਾਰਟੀ (ਰਾਸ਼ਟਰੀ ਪਹਿਚਾਣ ਅਥਾਰਟੀ) ਬਣਾਈ ਗਈ ਹੈ। ਯੂਨੀਕ ਆਈ ਡੈਂਟਿਟੀ ਫਿਕਸੇਸ਼ਣ ਪ੍ਰੋਗਰਾਮ ਲਈ ਗਠਿਤ ਇਸ ਵਿਸ਼ੇਸ਼ ਅਥਾਰਟੀ ਬੋਰਡ ਦੇ ਮੁਖੀ ਤੇ ਕਾਰਜਕਾਰੀ ਅਧਿਕਾਰੀ (ਸੀ. ਈ. ਓ.) ਨੰਦਨ ਨੀਲੇਕਣੀ ਨੂੰ ਬਣਾਇਆ ਗਿਆ ਹੈ। ਇਸ ਪੂਰੇ ਪ੍ਰੋਗਰਾਮ ਵਿਚ ਅਨੁਮਾਨ ਲਾਇਆ ਜਾ ਰਿਹਾ ਹੈ ਕਿ ਡੇਢ ਲੱਖ ਕਰੋੜ ਰੁਪਿਆ ਖਰਚ ਹੋਵੇਗਾ। ਯਾਨੀ ਲੋਕਾਂ ਦੇ ਡੇਢ ਲੱਖ ਕਰੋੜ ਰੁਪਏ ਨੂੰ ਖਰਚ ਕੇ ਕੇਂਦਰ ਸਰਕਾਰ ਦੇਸ਼ ਦੇ ਹਰ ਨਾਗਰਿਕ ਦਾ ਬਿਓਰਾ ਆਪਣੇ ਪਾਸ ਦਰਜ ਕਰੇਗੀ। ਵੈਸੇ ਇਹ ਯੋਜਨਾ ਭਾਰਤ ਸਰਕਾਰ ਦੇ ਦਿਮਾਗ ਦੀ ਅਨੋਖੀ ਪੈਦਾਇਸ਼ ਨਹੀਂ ਹੈ ਬਲਕਿ ਪੂਰੀ ਦੁਨੀਆਂ 'ਚ ਲਗਭਗ 56 ਦੇਸ਼ਾਂ 'ਚ ਇਸ ਤਰ੍ਹਾਂ ਦੇ ਰਾਸ਼ਟਰੀ ਪਹਿਚਾਣ ਪੱਤਰ ਜਾਰੀ ਕੀਤੇ ਹੋਏ ਹਨ। ਇਨ੍ਹਾਂ ਦੇਸ਼ਾਂ ਵਿਚ ਫਰਾਂਸ, ਜਰਮਨੀ, ਚੀਨ, ਬ੍ਰਾਜੀਲ, ਜਾਪਾਨ, ਇਜ਼ਰਾਇਲ ਵਰਗੇ ਦੇਸ਼ ਸ਼ਾਮਲ ਹਨ। ਬ੍ਰਿਟੇਨ ਤੇ ਅਮਰੀਕਾ ਵਿਚ ਇਸ ਤਰ੍ਹਾਂ ਦੇ ਪਹਿਚਾਣ ਪੱਤਰ ਨਹੀਂ ਹਨ ਪਰ ਇਨ੍ਹਾਂ ਦੇਸ਼ਾਂ ਵਿਚ ਵਿਦੇਸ਼ੀ ਲੋਕਾਂ ਪ੍ਰਤੀ ਕਠੋਰ ਕਨੂੰਨ ਪਹਿਲਾਂ ਤੋਂ ਮੌਜੂਦ ਹਨ। ਇਹ ਮਹੱਤਵਪੂਰਨ ਸੁਆਲ ਕਿਸੇ ਰਾਸ਼ਟਰੀ ਪਹਿਚਾਣ ਪੱਤਰ ਨੂੰ ਜਾਰੀ ਕਰਨ ਅਤੇ ਨਾ ਕਰਨ ਦਾ ਉਨਾ ਨਹੀਂ ਜਿੰਨਾ ਇਸ ਯੋਜਨਾ ਦੇ ਛਿਪੇ ਘ੍ਰਿਣਿਤ ਏਜੰਡੇ ਤੇ ਰਾਜਨੀਤੀ ਦਾ ਹੈ। ਭਾਜਪਾ ਇਸ ਦੇ ਰਾਹੀਂ ਬੰਗਲਾ ਦੇਸੀ ਨਾਗਰਿਕਾਂ ਨੂੰ ਬੰਗਲਾ ਦੇਸ਼ ਵਾਪਸ ਭੇਜਣਾ ਚਾਹੁੰਦੀ ਹੈ। ਇਸ ਸਭ ਦੇ ਜ਼ਰੀਏ ਉਸ ਦਾ ਦੇਸ਼ ਦੀਆਂ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣਾ ਅਤੇ ਖਾਸ ਕਰਕੇ ਦੰਗਿਆਂ ਸਮੇਂ ਬਹੁਤ ਸੌਖਾ ਹੋ ਜਾਵੇਗਾ। ਯੂ. ਪੀ . ਏ. ਸਰਕਾਰ ਦੀ ਇਹ ਯੋਜਨਾ ਆਉਣ ਵਾਲੇ ਦਿਨਾਂ 'ਚ ਨਵੀਂ ਕਿਸਮ ਦੀ ਵੰਡ ਅਤੇ ਆਮ ਮੇਹਨਤਕਸ਼ਾਂ ਦੀ ਲੁੱਟ-ਘਸੁੱਟ ਦਾ ਜ਼ਰੀਆ ਬਣਨ ਵਾਲੀ

ਹੈ। ਜੋ ਵੀ ਵਿਅਕਤੀ ਇਸ ਤੋਂ ਵਾਂਝਾ ਹੋਵੇਗਾ ਉਸ ਨੂੰ ਅਤਿਵਾਦ ਵਿਰੋਧੀ ਸਮੇਤ ਕਈ ਕਾਲੇ ਕਨੂੰਨਾਂ ਦਾ ਸਾਹਮਣਾ ਕਰਨਾ ਪਵੇਗਾ। ਅੱਜ ਵੀ ਆਮ ਮੇਹਨਤਕਸ਼ਾਂ-ਮਜ਼ਦੂਰਾਂ ਨੂੰ ਪਹਿਚਾਣ ਪੱਤਰ ਬਣਾਉਣ ਲਈ ਦਰ ਦਰ ਭਟਕਣਾ ਪੈਂਦਾ ਹੈ ਕਿਉਂਕਿ ਇਸ ਪੂਰੀ ਯੋਜਨਾ 'ਚੋਂ ਤਕਨੀਕੀ ਗੁੰਝਲਾਂ ਬਹੁਤ ਹਨ, ਇਸ ਲਈ ਸਰਕਾਰ ਨੇ ਦੇਸ਼ ਦੇ ਪੂੰਜੀਪਤੀਆਂ 'ਚ ਸਭ ਤੋਂ ਘਿਣ੍ਰਿਤ ਵਿਅਕਤੀਆਂ 'ਚੋਂ ਇਕ ਨੰਦਨ ਨੀਲੇਕਣੀ ਦਾ ਛੋਟਾ ਅਤੇ ਕਿਉਂਕਿ ਉਸ ਨੂੰ ਆਪਣੀ ਹੈਸੀਅਤ ਦੇ ਅਨਰੂਪ ਹੀ ਅਹੁਦਾ ਸਵੀਕਾਰ ਕਰਨਾ ਚਾਹੁੰਦਾ ਸੀ ਇਸ ਲਈ ਉਸ ਨੂੰ ਕੇਂਦਰੀ ਮੰਤਰੀ ਦਾ ਦਰਜਾ ਦਿੱਤਾ ਗਿਆ। ਨੰਦਨ ਨੀਲੇਕਣੀ ਸਾਹਿਬ ਤਾਂ ਹੀ ਦੇਸ਼ ਸੇਵਾ ਕਰਨਗੇ ਜਦ ਸੇਵਾ ਬਦਲੇ ਉਚਿਤ ਮੇਵਾ ਮਿਲੇਗਾ।

# ਸੰਸਦੀ ਪ੍ਰਬੰਧ ਦੇ ਸੰਕਟ ਦਾ ਹੱਲ ਕਿਵੇਂ?

ਬ੍ਰਿਟੇਨ ਦੀ ਸੰਸਦੀ ਵਿਵਸਥਾ ਇਸ ਸਮੇਂ ਸੰਕਟ ਵਿਚ ਹੈ। ਇਸ ਸੰਕਟ ਦੀ ਸ਼ੁਰੂਆਤ ਭ੍ਰਿਸ਼ਟਾਚਾਰ ਦੇ ਬਹੁਤ ਛੋਟੇ ਜਿਹੇ ਮੁੱਦੇ ਨਾਲ ਹੋਈ ਪਰ ਇਸ ਨੇ ਤਿੰਨ ਹੀ ਮੁਖ ਸਰਮਾਏਦਾਰ ਪਾਰਟੀਆਂ ਅਤੇ ਸਾਰੇ ਸੰਸਦਾਂ ਨੂੰ ਲਪੇਟ ਲਿਆ ਹੈ। ਕੁਝ ਸਾਲ ਪਹਿਲਾਂ ਇਸ ਗੱਲ ਦਾ ਖੁਲਾਸਾ ਹੋਣਾ ਸ਼ੁਰੂ ਹੋਇਆ ਕਿ ਬ੍ਰਿਟੇਨ ਦੇ ਸਾਂਸਦ ਆਪਣੇ ਵੱਖ ਵੱਖ ਭੱਤਿਆਂ ਸਬੰਧੀ ਹੇਰਾਫੇਰੀ ਕਰਦੇ ਹਨ, ਉਹ ਖਰਚ ਨੂੰ ਲੋੜੋਂ ਵੱਧ ਵਿਖਾਉਂਦੇ ਹਨ ਜਾਂ ਬਿਨਾਂ ਖਰਚੇ ਦੇ ਭੱਤੇ ਲੈ ਲੈਂਦੇ ਹਨ। ਅਜਿਹਾ ਕਰਨ ਵਾਲਿਆਂ ਵਿਚ ਸਭ ਪਾਰਟੀਆਂ ਦੇ ਮੈਂਬਰ ਸ਼ਾਮਲ ਹਨ। ਸੰਸਦ ਵੱਲੋਂ ਹੇਰਾਫੇਰੀ ਦੀਆਂ ਇਹ ਰਾਸ਼ੀਆਂ ਮਾਮੂਲੀ ਹਨ। ਘੱਟੋ ਘੱਟ ਉਹ ਉਸ ਵਿਸ਼ਾਲ ਰਾਸ਼ੀ ਦੇ ਸਾਹਮਣੇ ਤਾਂ ਕੁਝ ਵੀ ਨਹੀਂ ਹੈ ਜੋ ਸਰਕਾਰ ਨੇ ਕਈ ਵਿੱਤੀ ਸੰਸਥਾਵਾਂ ਨੂੰ ਦਿਵਾਲੀਆ ਹੋਣ ਤੋਂ ਬਚਾਉਣ ਲਈ ਖਰਚ ਕੀਤੀ ਸੀ। ਉਹ ਰਾਸ਼ੀ ਸੈਂਕੜੇ ਅਰਬ ਪਾਊਂਡ ਦੀ ਸੀ ਜਦ ਕਿ ਸੰਸਦਾਂ ਦੇ ਘਪਲੇ ਤਾਂ ਸਿਰਫ ਕਰੋੜ ਪਾਊਂਡ ਦੇ ਹੀ ਹੋਣਗੇ। ਪਰ ਤਦ ਵੀ ਇਸ 'ਤੇ ਚਾਰੋਂ ਪਾਸੇ ਹੱਲਾ ਮਚ ਗਿਆ। ਭਾਰਤ ਦੇ ਕਰੋੜਾਂ ਦਾ ਹੇਰਫੇਰ ਕਰਨ ਵਾਲੇ ਅਤੇ ਇਸ ਲਈ ਸਾਂਸਦ ਬਨਣ ਵਾਲੇ ਸਾਂਸਦਾਂ ਨੂੰ ਤਾਂ ਸਮਝ 'ਚ ਹੀ ਨਹੀਂ ਆਵੇਗਾ ਕਿ ਬ੍ਰਿਟੇਨ 'ਚ ਇੰਨਾ ਹੱਲਾ ਕਿਵੇਂ ਮੱਚਿਐ। ਬ੍ਰਿਟੇਨ 'ਚ ਮੱਚਿਆ ਹੱਲਾ ਅਸਲ 'ਚ ਹੇਰਾਫੇਰੀ ਦੀਆਂ ਛੋਟੀਆਂ ਛੋਟੀਆਂ ਰਾਸ਼ੀਆਂ 'ਤੇ ਨਹੀਂ ਹੈ। ਹੱਲਾ ਅਸਲ ਵਿਚ ਸੰਸਦੀ ਵਿਵਸਥਾ ਦੀ ਸਥਿਤੀ 'ਤੇ ਹੈ। ਇਸ ਘਪਲੇ ਦੇ ਅੰਦਰ ਹੀ ਸੰਸਦੀ ਵਿਵਸਥਾ ਪ੍ਰਤੀ ਪਲ ਰਹੇ ਰੋਹ ਨੂੰ ਉਜਾਗਰ ਕਰ ਦਿੱਤਾ। ਸਾਰੇ ਪੂੰਜੀਵਾਦੀ ਦੇਸ਼ਾਂ ਵਾਂਗੂੰ ਇੰਗਲੈਂਡ 'ਚ ਵੀ ਇਹ ਗੱਲ ਆਮ ਲੋਕ ਬਹੁਤ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ ਕਿ ਪੂੰਜੀਵਾਦੀ ਰਾਜਸੀ ਪਾਰਟੀਆਂ ਉਨ੍ਹਾਂ ਦੀ ਜ਼ਿੰਦਗੀ ਦੀਆਂ ਸਮੱਸਿਆਵਾਂ ਤੋਂ ਬਹੁਤ ਦੂਰ ਹਨ। ਤਿੱਖਾ ਆਰਥਕ ਸੰਕਟ ਆਉਂਦਾ ਹੈ ਤਾਂ ਸਰਕਾਰ ਵੱਡੀਆਂ-ਵੱਡੀਆਂ ਪੂੰਜੀਵਾਦੀ ਸੰਸਥਾਵਾਂ ਤੇ ਪੂੰਜੀਪਤੀਆਂ ਨੂੰ ਬਚਾਉਂਦੀ ਹੈ ਮਜ਼ਦੂਰਾਂ ਤੇ ਹੋਰ ਮੇਹਨਤਕਸ਼ਾਂ ਨੂੰ ਨਹੀਂ। ਪੂੰਜੀਪਤੀਆਂ 'ਤੇ ਅਰਬਾਂ ਰੁਪਏ ਲੁਟਾਏ ਜਾਂਦੇ ਹਨ ਜਦ ਕਿ ਮਜ਼ਦੂਰਾਂ ਨੂੰ ਮਰਨ ਲਈ ਸੜਕਾਂ 'ਤੇ ਛੱਡ ਦਿੱਤਾ ਜਾਂਦਾ ਹੈ। ਲੇਬਰ ਪਾਰਟੀ ਮਜ਼ਦੂਰਾਂ ਦੀ ਨਹੀਂ ਪੂੰਜੀਪਤੀਆਂ ਦੀ ਸੇਵਾ ਲਈ ਤਤਪਰ ਹੈ। ਆਪਣੇ ਸਹਿਜ ਬੋਧ ਨਾਲ ਇਸ ਨੂੰ ਮਹਿਸੂਸ ਕਰਨ ਕਰਕੇ ਆਮ-ਮੇਹਨਤਕਸ਼ ਜਨਤਾ ਪੂੰਜੀਵਾਦੀ ਸੰਸਦੀ ਰਾਜਨੀਤੀ ਅਤੇ ਪੂੰਜੀਵਾਦੀ ਪਾਰਟੀਆਂ ਪ੍ਰਤੀ ਬੇਰੁਖ ਹੁੰਦੀ ਜਾ ਰਹੀ, ਇਹ ਸਭ ਤੋਂ ਵੱਧ ਚੋਣਾਂ 'ਚ ਬਹੁਤ ਘੱਟ ਫੀਸਦੀ 'ਚ ਜਾਹਰ ਹੁੰਦਾ ਹੈ। ਪਰ ਮੌਜੂਦਾ ਹੇਰਾਫੇਰੀ ਵਰਗਾ ਕੋਈ ਮਾਮਲਾ ਉਜਾਗਰ ਹੋ ਜਾਂਦਾ ਹੈ ਤਾਂ ਲੋਕਾਂ ਦੀ ਇਹ ਬੇਰੁਖੀ ਗੁੱਸੇ 'ਚ ਬਦਲ ਜਾਂਦੀ ਹੈ। ਤਦ ਪੂੰਜੀਵਾਦੀ ਸਿਆਸਤ ਅਤੇ ਰਾਜਨੇਤਾ ਲੋਕਾਂ ਦੀ ਘ੍ਰਿਣਾ ਦੇ ਸਿੱਧੇ ਨਿਸ਼ਾਨੇ 'ਤੇ ਆ ਜਾਂਦੀ ਹੈ। ਪੂੰਜੀਵਾਦੀ ਸੰਸਦੀ ਸਿਆਸਤ ਦਾ ਨਿਰਮਾਤਾ ਲੋਕ ਇਸ ਗੱਲ ਨੂੰ ਸਮਝਦੇ ਹਨ। ਇਸ ਲਈ ਇਸ ਸੰਕਟ ਸਮੇਂ ਗਾਰਡਨ ਬਰਾਊਨ ਐਂਡ ਕੰਪਨੀ ਬ੍ਰਿਟੇਨ ਦੀ ਸੰਸਦੀ ਵਿਵਸਥਾ 'ਚ ਵੱਡੀਆਂ ਤਬਦੀਲੀਆਂ ਦਾ ਪ੍ਰਸਤਾਵ ਲਿਆਉਣਾ ਚਾਹੁੰਦੇ ਹਨ। ਇਸ ਦਾ ਉਦੇਸ਼ ਲੋਕਾਂ 'ਚ ਸੰਸਦੀ ਵਿਵਸਥਾ ਪ੍ਰਤੀ ਘਟਦੇ ਵਿਸ਼ਵਾਸ ਨੂੰ ਮੁੜ ਸਥਾਪਤ ਕਰਨਾ ਹੈ। ਇਨ੍ਹਾਂ

ਸੁਧਾਰਾਂ ਵਿਚ ਉਪਰੀ ਸਦਨ (ਹਾਊਸ ਆਫ਼ ਲਾਰਡਸ) ਲਈ ਚੋਣ ਤੋਂ ਲੈ ਕੇ ਚੋਣਾਂ 'ਚ ਸਰਕਾਰੀ ਧਨ ਦੀ ਵਰਤੋਂ ਦੀਆਂ ਗੱਲਾਂ ਹਨ।

ਪੂੰਜੀਵਾਦੀ ਵਰਗ ਦੇ ਚਿੰਤਾ ਮਗਨ ਨੁਮਾਇੰਦੇ ਇਨ੍ਹਾਂ ਸੁਧਾਰਾਂ ਰਾਹੀਂ ਸੰਸਦੀ ਵਿਵਸਥਾ ਤੋਂ ਜਨਤਾ ਦੇ ਹੋ ਰਹੇ ਮੋਹਭੰਗ ਨੂੰ ਰੋਕਣਾ ਚਾਹੁੰਦੇ ਹਨ ਪਰ ਉਨ੍ਹਾਂ ਦੀ ਇੱਛਾ ਅੰਦਰੂਨੀ ਇੱਛਾ (ਮ੍ਰਿਗ ਤ੍ਰਿਸ਼ਨਾ) ਹੀ ਬਣ ਕੇ ਰਹਿ ਜਾਵੇਗੀ। ਪੂੰਜੀਵਾਦ ਦੇ ਮਰਨ ਦੀ ਇਸ ਬੇਲਾ ਵਿਚ ਕੀ ਸੰਸਦੀ ਪ੍ਰਬੰਧ 'ਚ ਸੁਧਾਰ ਆਮ ਮੇਹਨਤਕਸ਼ ਲੋਕਾਂ ਦੀ ਜ਼ਿੰਦਗੀ 'ਚ ਕੋਈ ਬੇਹਤਰੀ ਲਿਆਵੇਗਾ? ਅਜਿਹਾ ਹੋ ਨਹੀਂ ਸਕਦਾ। ਅਜਿਹਾ ਕਰਨ ਲਈ ਸਰਮਾਏਦਾਰਾ ਜਮਾਤ ਦੇ ਮੁਨਾਫ਼ੇ 'ਤੇ ਰੋਕ ਲਾਉਣੀ ਪਵੇਗੀ ਅਤੇ ਪੂੰਜੀਵਾਦੀ ਜਮਾਤ ਮੁਨਾਫੇ ਦੇ ਸੰਕਟ ਤੋਂ ਪਹਿਲਾਂ ਹੀ ਬਹੁਤ ਗ੍ਰਸਿਤ ਹੈ। ਉਹ ਪਹਿਲਾਂ ਹੀ ਮੁਨਾਫ਼ਾ ਵਖਾਉਣ ਲਈ ਬਹੁਤ ਛਟਪਟਾ ਰਿਹਾ ਹੈ। ਇਸ ਛਟਪਟਾ ਨੇ ਮੌਜੂਦਾ ਵਿਸ਼ਵੀ ਆਰਥਕ ਸੰਕਟ ਤੱਕ ਪੂੰਜੀਪਤੀ ਜਮਾਤ ਨੂੰ ਪਹੁੰਚਾਇਆ ਹੈ ਅਜਿਹੇ 'ਚ ਪੂੰਜੀਪਤੀ ਜਮਾਤ ਦੇ ਮੁਨਾਫ਼ੇ 'ਤੇ ਕੋਈ ਮਹੱਤਵਪੂਰਨ ਲਗਾਮ ਸਰਮਾਏਦਾਰ ਸਵੀਕਾਰ ਨਹੀਂ ਕਰਨਗੇ।

ਅਜਿਹੇ ਵਿਚ ਸੰਸਦੀ ਪ੍ਰਬੰਧ 'ਚ ਸੁਧਾਰ ਬਹੁਤ ਜਲਦੀ ਹੀ ਇਸ ਗੱਲ ਨੂੰ ਉਜਾਗਰ ਕਰ ਦੇਣਗੇ ਕਿ ਇਨ੍ਹਾਂ ਸੁਧਾਰਾਂ ਨਾਲ ਆਮ ਲੋਕਾਂ ਦੀ ਜ਼ਿੰਦਗੀ 'ਚ ਕੋਈ ਤਬਦੀਲੀ ਨਹੀਂ ਹੋਈ ਕਿ ਜਿਥੋਂ ਤੱਕ ਆਮ ਜਨਤਾ ਦੀ ਜ਼ਿੰਦਗੀ ਦਾ ਸੁਆਲ ਹੈ। ਨਵੀਂ-ਪੁਰਾਣੀ ਵਿਵਸਥਾ ਸਭ ਇਕ ਵਰਗੀ ਹੈ ਅਤੇ ਅਜਿਹਾ ਹੋਵੇਗਾ ਕਿਉਂ ਨਹੀਂ। ਅੱਜ ਹੀ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿਚ ਭਾਂਤ ਭਾਂਤ ਦੀ ਸੰਸਦੀ ਵਿਵਸਥਾ ਮੌਜੂਦ ਹੈ। ਅਮਰੀਕਾ 'ਚ ਰਾਸ਼ਟਰਪਤੀ ਪ੍ਰਣਾਲੀ ਲਾਗੂ ਹੈ ਤਾਂ ਬ੍ਰਿਟੇਨ 'ਚ ਪ੍ਰਧਾਨ ਮੰਤਰੀ ਪ੍ਰਣਾਲੀ ਲਾਗੂ ਹੈ। ਫਰਾਂਸ 'ਚ ਸਥਿਤੀ ਵਿਚ ਵਿਚਾਲੇ ਵਾਲੀ ਹੈ। ਹੋਰ ਵੀ ਭਿੰਨਤਾਵਾਂ ਮੌਜੂਦ ਹਨ। ਇਸ ਦੇ ਬਾਵਜੂਦ ਸਭ ਥਾਂ ਸੰਸਦੀ ਵਿਵਸਥਾ ਦਾ ਇਕੋ ਜਿਹਾ ਹਾਲ ਹੈ ਅਤੇ ਲੋਕਾਂ ਦੀ ਨਜ਼ਰ ਵਿਚ ਉਨ੍ਹਾਂ ਦੀ ਇਕੋ ਜਿਹੀ ਸਥਿਤੀ। ਸਭ ਥਾਂ ਕਰੀਬ ਅੱਧੀ ਜਨਤਾ ਪੂੰਜੀਵਾਦੀ ਰਾਜਨੀਤੀ ਪ੍ਰਤੀ ਨਾ ਉਮੀਦ ਹੈ। ਅਜਿਹੇ 'ਚ ਗਾਰਡਨ ਬਰਾਊਨ ਐਂਡ ਕੰਪਨੀ ਦੇ ਸੰਸਦੀ ਸੁਧਾਰ ਕੰਮ ਨਹੀਂ ਆਉਣ ਵਾਲੇ। ਪੂੰਜੀਵਾਦੀ ਸੰਸਦੀ ਪ੍ਰਣਾਲੀ ਐਸੇ ਹੀ ਘਿਸੜਦੀ ਰਹੇਗੀ। ਜਦ ਤੱਕ ਮੇਹਨਤਕਸ਼ ਲੋਕ ਉਸ ਨੂੰ ਚੁਕੇ ਇਤਿਹਾਸ ਦੇ ਕੂੜੇਦਾਨ (ਰੱਦੀ ਦੀ ਟੋਕਰੀ) 'ਚ ਨਹੀਂ ਸੁੱਟ ਦਿੰਦੇ।

# ਮਾਓਵਾਦੀਆਂ ਨੂੰ ਉੜੀਸਾ 'ਚ ਲੋਕ-ਹਮਾਇਤ ਕਿੰਨੀ?

ਆਮ ਤੌਰ 'ਤੇ ਨਕਸਲੀਆਂ ਅਤੇ ਮਾਓਵਾਦੀਆਂ ਨੂੰ ਮੁਖ ਧਾਰਾ ਤੋਂ ਬੇਮੁਖ ਮੰਨਿਆ ਜਾਂਦਾ ਹੈ ਕਿਉਂਕਿ ਨਕਸਲੀਆਂ ਦੀਆਂ ਸਰਗਰਮੀਆਂ ਰੂਪੋਸ਼ ਰੂਪ 'ਚ ਸੰਚਾਲਿਤ ਹੁੰਦੀਆਂ ਹਨ। ਇਸ ਲਈ ਉਨ੍ਹਾਂ ਬਾਰੇ 'ਬਾਹਰੀ ਦੁਨੀਆ' 'ਚ ਕਈ ਭਰਮ–ਭੁਲੇਖੇ ਵੀ ਹਨ ਪਰ ਉੜੀਸਾ ਦੇ ਘੱਟੋ ਘੱਟ 17 ਜ਼ਿਲ੍ਹਿਆਂ ਵਿਚ ਨਕਸਲੀਆਂ ਸਬੰਧੀ ਕੋਈ ਭੁਲੇਖੇ ਨਹੀਂ ਹਨ। ਸੁਦੂਰ ਪੇਂਡੂ ਖੇਤਰਾਂ ਵਿਚ ਨਕਸਲੀਆਂ ਦਾ ਰੋਜ਼ਾਨਾ ਜ਼ਿੰਦਗੀ 'ਚ ਦਖਲ ਇਸ ਹੱਦ ਤੱਕ ਵਧ ਗਿਆ ਹੈ ਕਿ ਆਮ ਲੋਕਾਂ ਦੇ ਲਈ ਉਹ ਵੀ 'ਅਨਿਖੜਵਾਂ ਅੰਗ' ਹੋ ਗਏ ਹਨ। ਅੱਜ ਸਥਿਤੀ ਇਹ ਹੈ ਕਿ ਸਰਕਾਰ ਨਕਸਲੀਆਂ ਨੂੰ ਨਾ ਤਾਂ ਵਿਚਾਰਕ ਮੋਰਚੇ 'ਤੇ ਹਰਾ ਸਕੀ ਹੈ ਅਤੇ ਨਾ ਹੀ ਜੰਗ ਦੇ ਮੋਰਚੇ 'ਤੇ। ਹਾਲਾਤ ਏਨੇ ਬੇਕਾਬੂ ਹੁੰਦੇ ਜਾ ਰਹੇ ਹਨ ਕਿ ਜੇ ਇਥੇ ਵੀ ਲਾਲਗੜ੍ਹ ਦੋਹਰਾਇਆ ਗਿਆ ਤਾਂ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ।

ਉੜੀਸਾ 'ਚ ਪਿਛਲੇ ਦੋ ਸਾਲਾਂ ਤੋਂ ਆਦੀਵਾਸੀਆਂ ਤੇ ਪੇਂਡੂਆਂ ਦੀ ਲੁਟ ਘਸੁਟ ਹੁੰਦੀ ਆਈ ਹੈ। ਆਦੀਵਾਸੀਆਂ ਦੀ ਜ਼ਮੀਨ ਖੋਹੀ ਜਾਂਦੀ ਰਹੀ ਹੈ। ਸਰਕਾਰੀ ਪੱਧਰ 'ਤੇ ਉਨ੍ਹਾਂ ਨੂੰ ਨਿਆਂ ਨਹੀਂ ਮਿਲਿਆ, ਜੋ ਜ਼ਿਆਦਾਤਰ ਪਹਾੜੀ ਜਨਜਾਤੀਆਂ ਨੇ ਨਕਸਲੀਆਂ ਤੋਂ ਨਿਆਂ ਲਈ ਬੇਨਤੀ ਕਰਨੀ ਸ਼ੁਰੂ ਕਰ ਦਿੱਤੀ ਤਾਂ ਉਨ੍ਹਾਂ 'ਤੇ ਪੇਂਡੂਆਂ–ਆਦੀਵਾਸੀਆਂ ਨੂੰ ਸਰਕਾਰੀ ਅਧਿਕਾਰੀਆਂ, ਵਿਚੋਲਿਆਂ ਅਤੇ ਸ਼ਹਿਰ ਦੀ ਜ਼ਮੀਨ ਮਾਫੀਆ ਤੋਂ ਰਾਖੀ ਕਰਨੀ ਸ਼ੁਰੂ ਕੀਤੀ ਤਾਂ ਉਨ੍ਹਾਂ 'ਤੇ ਪੇਂਡੂਆਂ ਦਾ ਵਿਸ਼ਵਾਸ ਭਰਵਾਂ ਹੁੰਦਾ ਗਿਆ। ਹੌਲੀ, ਹੌਲੀ ਸਰਕਾਰੀ ਲੁੱਟ ਨਾਸੂਰ ਬਣਦੀ ਗਈ ਅਤੇ ਨਕਸਲੀਆਂ ਦੇ ਨਿਆਂ ਸਿਧਾਂਤ ਦੀ ਪੁਸ਼ਟੀ ਹੋਣ ਲੱਗੀ। ਉੜੀਸਾ ਦੀ ਮੌਜੂਦਾ ਸਥਿਤੀ ਇਕ ਭ੍ਰਿਸ਼ਟ ਪ੍ਰਣਾਲੀ ਦੇ ਸਾਹਮਣੇ ਖੜਦੀ ਜਨਤਾ ਦੀ ਸਭ ਤੋਂ ਜਿਉਂਦੀ ਜਾਗਦੀ ਮਿਸਾਲ ਹੈ। ਮਾਹਰਾਂ ਦਾ ਮੰਨਣਾ ਹੈ ਕਿ ਸਰਕਾਰਾਂ ਨਸਲਵਾਦ ਨੂੰ ਅੱਜ ਤੱਕ ਸਿਰਫ ਇਕ ਕਨੂੰਨੀ ਸਮੱਸਿਆ ਮੰਨ ਕੇ ਚੱਲ ਰਹੀਆਂ ਸਨ ਜਦ ਕਿ ਇਕ ਸਮਾਜਕ ਤੇ ਆਰਥਕ ਸਮੱਸਿਆ ਵੀ ਹੈ। ਸੰਘਣੇ ਜੰਗਲਾਂ 'ਚ ਜਿਥੇ ਸਰਕਾਰੀ ਯੋਜਨਾਵਾਂ ਦੀ ਰੋਸ਼ਨੀ ਦੀ ਇਕ ਕਿਰਨ ਤੱਕ ਨਹੀਂ ਪਹੁੰਚਦੀ, ਉਥੇ ਨਕਸਲੀਆਂ ਵੱਲੋਂ ਸਿਹਤ ਸਹੂਲਤਾਂ ਤੋਂ ਲੈ ਕੇ ਬੁਨਿਆਦੀ ਢਾਂਚੇ ਤੱਕ ਦੀ ਉਸਾਰੀ ਕੀਤੀ ਜਾ ਰਹੀ ਹੈ। ਜਿਥੇ ਆਦੀਵਾਸੀਆਂ ਨੂੰ ਇਕ ਰਿਪੋਰਟ ਥਾਣੇ 'ਚ ਲਿਖਵਾਉਣ ਲਈ ਸੌ ਪਾਪੜ ਵੇਲਣੇ ਪੈਂਦੇ ਸਨ। ਜਦ ਕਿ ਨਕਸਲੀਆਂ ਵੱਲੋਂ ਬਿਨਾਂ ਕਿਸੇ ਰਿਪੋਰਟ ਦੇ ਉਨ੍ਹਾਂ ਦੀ ਸਮੱਸਿਆ ਦਾ ਹੱਲ ਕਰ ਦਿੱਤਾ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਪੇਂਡੂ ਲੋਕਾਂ ਨੂੰ ਨਿਆਂ ਦੇ ਆਕਰਸ਼ਣ ਤੋਂ ਦੂਰ ਰੱਖਣਾ ਸਰਕਾਰ ਦੇ ਲਈ ਮੁੱਖ ਚੁਣੌਤੀ ਹੋ ਗਈ ਹੈ। ਸਰਕਾਰ ਮਾਓਵਾਦੀਆਂ ਦਾ ਸਾਹਮਣਾ ਕਰਨ ਲਈ ਅੱਗੇ ਵਧੇ ਵੀ ਤਾਂ ਕਿਵੇਂ? ਸਥਾਨਕ ਪੁਲਸ ਕੋਲ ਨਾ ਤਾਂ ਬੁਲਟ ਪਰੂਫ ਜਾਕਟਾਂ ਹੁੰਦੀਆਂ ਹਨ ਤੇ ਨਾ ਹੀ ਕਿਸੇ ਪਿੰਡ 'ਚ ਮਾਓਵਾਦੀਆਂ ਦੀ ਸੂਚਨਾ ਦੇਣ ਵਾਲਾ ਕੋਈ ਮੁਖਬਰ ਹੀ ਮਿਲਦਾ ਹੈ। ਜੇ ਕਦੀ ਕਦਾਈ ਕੋਈ ਪੁਲਸ ਟਾਊਟੀ ਕਰਨ ਦੀ ਕੋਸ਼ਿਸ਼ ਕਰਦਾ ਵੀ ਹੈ ਤਾਂ ਉਸ ਦੀ ਮੌਤ ਨਿਸਚਿਤ ਹੋ ਜਾਂਦੀ ਹੈ। ਮਾਲਕਾਨਾ ਗਿਰੀ, ਕੋਰਾਪੁਟ ਤੇ ਰਾਇਗੜ੍ਹਾ ਵਰਗੇ ਆਂਧਰਾ

ਪ੍ਰਦੇਸ਼ ਦੇ ਨਾਲ ਲੱਗਦੇ ਆਦੀਵਾਸੀ ਬਹੁਗਿਣਤੀ ਜ਼ਿਲ੍ਹਿਆਂ 'ਚ ਪਿਛਲੇ ਤਿੰਨ ਮਹੀਨਿਆਂ ਤੋਂ ਮਾਓਵਾਦੀਆਂ ਨੇ ਪੂਰੀ ਹਕੂਮਤ ਕਾਇਮ ਕਰ ਰੱਖੀ ਹੈ। ਘਾਤ ਲਾ ਕੇ ਸਰਕਾਰੀ ਫੋਰਸਾਂ ਤੇ ਹਮਲਾ ਕਰਨਾ ਜਾਂ ਬਾਰੂਦੀ ਸੁਰੰਗ ਵਿਸਫੋਟ ਕਰਕੇ ਗਸ਼ਤੀ ਦਲ ਦਾ ਸਫਾਇਆ ਕਰ ਦੇਣਾ ਆਮ ਗੱਲ ਹੈ। ਜੂਨ ਦੇ ਮਹੀਨੇ ਹੀ ਦਸ ਪੁਲਸੀਏ ਮਾਰੇ ਗਏ। ਰਾਜ ਸਰਕਾਰ ਬੇਵੱਸ ਹੈ ਤੇ ਨਕਸਲੀਆਂ ਦਾ ਇਕ 'ਸੁਰੱਖਿਅਤ ਖੇਤਰ' ਬਣ ਗਿਆ ਹੈ। ਨਕਸਲੀਆਂ ਨਾਲ ਲੜਨ ਲਈ ਨਾ ਤਾਂ ਸਮਾਜਕ ਮੋਰਚੇ 'ਤੇ ਅਤੇ ਨਾ ਹੀ ਸਿੱਧਮ ਸਿੱਧੇ ਲੜਾਈ ਦੀ ਰਣਨੀਤੀ ਟਿਕ ਸਕੀ ਹੈ। 1617 ਜੂਨ ਨੂੰ ਜਿਸ ਪੁਲਸ ਅਧਿਕਾਰੀ ਨੇ ਸੰਬਲਪੁਰ 'ਚ ਮਾਓਵਾਦੀਆਂ ਦੇ ਨਾਲ ਮੁੱਠਭੇੜ 'ਚ ਆਪਣੀ ਜਾਨ ਗਵਾਈ, ਉਨ੍ਹਾਂ ਦੀ ਉਮਰ 56 ਸਾਲ ਸੀ ਵਿਧਾਨ ਸਭਾ 'ਚ ਸਰਕਾਰ ਕੇਂਦਰ ਦੇ ਮੱਥੇ ਠੀਕਰਾ ਭੰਨ ਰਹੀ ਹੈ। ਮੁੱਖ ਮੰਤਰੀ ਨੇ ਤਾਂ ਗੈਰ ਆਦੀਵਾਸੀਆਂ ਵੱਲੋਂ ਕਬਜੇ 'ਚ ਲਈ ਜ਼ਮੀਨ ਦੀ ਵਾਪਸੀ ਲਈ ਮਾਲ ਵਿਭਾਗ ਨੂੰ ਕਿਹਾ ਹੈ। ਪਰ ਸਿਰਫ ਮਾਲ ਵਿਭਾਗ ਨੂੰ ਕਹਿਣ ਨਾਲ ਕੁਝ ਨਹੀਂ ਹੋਣਾ। ਸਰਕਾਰ ਨੇ ਜ਼ਮੀਨ ਦੀ ਕਾਣੀ ਵੰਡ ਖਤਮ ਕਰਨ ਲਈ ਜ਼ਮੀਨੀ ਸੁਧਾਰ ਕਰਨੇ ਪੈਣਗੇ। ਮਾਓਵਾਦੀਆਂ 'ਤੇ ਆਮ ਲੋਕਾਂ ਦਾ ਭਰੋਸਾ ਬੱਝ ਚੁੱਕਿਆ ਹੈ ਜਿਸ ਦੇ ਟੁੱਟਣ ਦੀ ਗੱਲ ਤਾਂ ਦੂਰ, ਇਹ ਹੋਰ ਵੀ ਗੂੜਾ ਹੁੰਦਾ ਜਾਣਾ ਹੈ।

# ਜਿਉਂਦਿਆਂ ਦੇ ਬੁੱਤ ਲੱਗਣ ਤੋਂ ਕੀ ਭਾਵ ਹੈ?

ਕਹਾਵਤ ਹੈ ਕਿ ਇਕ ਤਸਵੀਰ 100 ਸ਼ਬਦਾਂ ਦੇ ਬਿਆਨ ਦੇ ਬਰਾਬਰ ਹੁੰਦੀ ਹੈ ਪਰ ਆਦਮਕਦ ਬੁੱਤ ਸ਼ਾਇਦ 10 ਲੱਖ ਸ਼ਬਦਾਂ ਜਾਂ ਉਸ ਤੋਂ ਵੀ ਵੱਧ ਦੇ ਬਰਾਬਰ ਹੁੰਦੇ ਹਨ, ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਘੱਟੋ ਘੱਟ ਇਹ ਮੰਨਦੀ ਲੱਗਦੀ ਹੈ। ਆਪਣੇ ਪ੍ਰਤੀ ਉਸ ਦਾ ਹਮੇਸ਼ਾ ਹੀ ਅਨੁਰਾਗ ਰਿਹਾ ਹੈ, ਜੋ ਸੱਤਾ 'ਚ ਉਨ੍ਹਾਂ ਦੇ ਚੌਥੇ ਕਾਰਜਕਾਲ ਦੌਰਾਨ ਕਬੰਗ ਆਤਮ ਮੁਘਧਾ 'ਚ ਬਦਲ ਗਿਆ ਹੈ, ਉਤਰੀ ਕੋਰੀਆ ਦੇ ਕਿਮ-ਜੋਂਗ-ਇਲ ਨੂੰ ਛੱਡ ਦੇਈਏ ਤਾਂ ਦੁਨੀਆਂ ਦੇ ਜੀਵਿਤ ਨੇਤਾਵਾਂ 'ਚੋਂ ਕਿਸੇ ਨੂੰ ਵੀ ਆਪਣੇ ਬੁੱਤ ਲਾਉਣ ਦਾ ਉਨਾ ਸ਼ੌਂਕ ਨਹੀਂ ਹੈ। ਇਕੱਲੇ ਲਖਨਊ ਵਿਚ 413 ਏਕੜ ਤੋਂ ਵੱਧ ਬੇਹੱਦ ਕੀਮਤੀ ਜ਼ਮੀਨ ਤੇ ਫੈਲੇ ਪੰਜ ਬਾਗ ਤੇ ਸਮਾਰਕ ਹਨ ਜਿਨ੍ਹਾਂ ਵਿਚ ਮਾਇਆਵਤੀ ਦੀ ਕਾਂਸੀ ਤੇ ਸੰਗਮਰਮਰ ਦੀਆਂ ਅਨੇਕਾਂ ਮੂਰਤੀਆਂ ਲੱਗੀਆਂ ਹਨ ਜਦਕਿ ਇਨੇ ਹੀ ਹੋਰ ਥਾਈਂ ਬਸਪਾ ਬਾਨੀ ਕਾਂਸ਼ੀਰਾਮ ਦੀਆਂ ਇਸ ਤਰ੍ਹਾਂ ਦੀਆਂ ਮੂਰਤੀਆਂ ਹਨ। ਇਸ ਤੋਂ ਇਲਾਵਾ ਇਨ੍ਹਾਂ ਪਾਰਕਾਂ 'ਚ ਬਸਪਾ ਦੇ ਚੋਣ ਨਿਸ਼ਾਨ ਹਾਥੀ ਦੀਆਂ 60 ਮੂਰਤੀਆਂ ਵੀ ਸਥਾਪਤ ਕੀਤੀਆਂ ਗਈਆਂ ਹਨ ਜਿਸ ਨਾਲ ਸਰਕਾਰੀ ਖਜ਼ਾਨੇ 'ਤੇ 52.2 ਕਰੋੜ ਦਾ ਬੋਝ ਪਿਆ। ਇਸ ਦੇ ਮੁਕਾਬਲੇ ਕਾਂਸ਼ੀਰਾਮ ਤੇ ਮਾਇਆਵਤੀ ਦੀਆਂ ਮੂਰਤੀਆਂ 'ਤੇ ਘੱਟ ਲਾਗਤ ਆਈ ਹੈ। ਜੋ ਕ੍ਰਮਵਾਰ 3.37 ਕਰੋੜ ਤੇ 3.49 ਕਰੋੜ ਰੁਪਏ ਹੈ। ਬਦਤਰ ਗੱਲ ਤਾਂ ਇਹ ਹੈ ਕਿ ਮਾਇਆਵਤੀ ਦੇ ਸੁਪਨਿਆਂ ਦੀਆਂ ਯੋਜਨਾਵਾਂ (ਪ੍ਰੋਜੈਕਟ) ਦੀ ਉਸਾਰੀ ਕਰਨ ਲਈ ਰਾਜ ਸਰਕਾਰ ਨੇ ਲਗਭਗ ਇਕ ਦਰਜਨ ਸਰਕਾਰੀ ਇਮਾਰਤਾਂ ਨੂੰ ਢਹਿ ਢੇਰੀ ਕਰ ਦਿੱਤਾ। ਇਨ੍ਹਾਂ ਵਿਚ ਹੋਰਾਂ ਤੋਂ ਇਲਾਵਾ ਪ੍ਰਸੰਪਤੀ ਵਿਭਾਗ ਦੇ ਛੇ ਦਿਉ ਕੱਦ ਬੰਗਲੇ ਅਤੇ ਇਕ ਵੱਡਾ ਖੇਡ ਸਟੇਡੀਅਮ ਵੀ ਸ਼ਾਮਲ ਹੈ, ਕੁਝ ਇਮਾਰਤਾਂ ਵਿਚ ਤਾਂ ਦੁਰਲੱਭ ਰਿਕਾਰਡ ਤੇ ਰਾਜ ਦੀਆਂ ਨਦੀਆਂ ਤੇ ਨਹਿਰਾਂ ਦੇ ਪ੍ਰਾਚੀਨ ਨਕਸ਼ੇ ਰੱਖੇ ਹੋਏ ਸਨ। ਪਰ ਹੁਣ ਸਭ ਕੁਝ ਮਲਬੇ 'ਚ ਦੱਬ ਗਿਆ ਹੈ, ਕਿਹਾ ਜਾਂਦਾ ਹੈ ਕਿ ਮਾਇਆਵਤੀ ਦੀ ਯੋਜਨਾ ਲਖਨਊ ਦੇ ਗੋਮਤੀ ਨਗਰ ਤੋਂ ਆਸਿਆਨਾ ਦੇ ਚਾਰੋਂ ਪਾਸੇ ਮਾਇਆ ਵਿਹਾਰ ਬਣਾਉਣ ਦੀ ਹੈ। ਪਿਛਲੇ ਹਫਤੇ ਸੁਪਰੀਮ ਕੋਰਟ ਨੇ ਰਾਜ ਸਰਕਾਰ ਤੋਂ ਇਸ ਗੱਲ 'ਤੇ ਜੁਆਬ ਤਲਬ ਕੀਤਾ ਜਿਸ ਨੂੰ "ਜਨਤਾ ਦੇ ਪੈਸੇ ਦੀ ਅੰਨੇਵਾਹ ਵਰਤੋਂ" ਕਰਾਰ ਦਿੱਤੀ ਗਈ ਹੈ। ਅਦਾਲਤ ਨੇ ਇਹ ਨਿਰਦੇਸ਼ 40 ਸਾਲਾ ਅਧਿਵਕਤਾ ਰਵੀਕਾਂਤ ਦੀ ਦਾਇਰ ਇਕ ਜਨਹਿਤ ਪਟੀਸ਼ਨ 'ਤੇ ਸੁਣਵਾਈ ਦੇ ਦੌਰਾਨ ਦਿੱਤਾ। ਜਾਣੇ-ਪਹਿਚਾਣੇ ਸਮਾਜਕ ਵਰਕਰ ਤੇ ਨੈਸ਼ਨਲ ਨੈਟਵਰਕ ਆਫ ਲਾਇਰਜ ਫਾਰ ਰਾਈਟਸ ਐਂਡ ਜਸਟਿਸ ਤੇ ਸੈਂਟਰ ਫਾਰ ਲੀਗਲ ਰਿਸਰਚ ਐਂਡ ਟਰੇਨਿੰਗ ਨਾਂ ਦੇ ਗੈਰ-ਸਰਕਾਰੀ ਸੰਗਠਨਾਂ ਨਾਲ ਵੀ ਜੁੜੇ ਰਵੀਕਾਂਤ ਨੇ ਇਸ ਮਾਮਲੇ ਨਾਲ ਸਬੰਧਤ ਅੰਕੜੇ ਇਕੱਠੇ ਕਰਨ ਲਈ ਸੂਚਨਾ ਅਧਿਕਾਰ ਦੀ ਵਰਤੋਂ ਕੀਤੀ ਸੀ ਤਾਂ ਕਿ "ਸਰਕਾਰੀ ਪੈਸੇ ਅਤੇ ਜ਼ਮੀਨ ਦੀ ਦੁਰਵਰਤੋਂ ਕਰਕੇ ਆਪਣੀਆਂ ਮੂਰਤੀਆਂ ਲਗਵਾਉਣ ਦੀ ਸਨਕ ਦਾ ਝੂਠਾ ਮਹਿਮਾ ਮੰਡਲ ਕਰਨ" 'ਤੇ ਜਨਤਾ ਦੀ 2000 ਕਰੋੜ ਰੁਪਏ ਤੋਂ ਵੱਧ ਰਕਮ ਦੀ ਬਰਬਾਦੀ ਨੂੰ ਅਦਾਲਤ ਦੇ ਧਿਆਨ 'ਚ ਲਿਆਂਦਾ ਜਾ ਸਕੇ।

ਅਦਾਲਤ ਨੇ ਇਸ ਪ੍ਰਵਾਹ ਦੇ ਨਾਲ ਹੀ ਵਿਰੋਧੀ ਧਿਰ ਨੇ ਵੀ ਹੱਲਾ ਬੋਲ ਦਿੱਤਾ ਅਤੇ ਰਾਜ ਭਰ 'ਚ ਸ਼ੋਕ ਦਿਵਸ ਮਨਾ ਕੇ ਮਾਇਆਵਤੀ ਦੇ ਕਥਿਤ ਕੁਸਾਸ਼ਨ ਦਾ ਪਰਦਾਫਾਸ਼ ਕੀਤਾ। ਸਾਬਕਾ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਨੇ ਤਾਂ ਇਥੋਂ ਤੱਕ ਐਲਾਨ ਕਰ ਦਿੱਤਾ ਕਿ ਜੇ ਸਮਾਜਵਾਦੀ ਪਾਰਟੀ ਸੱਤਾ ਵਿਚ ਵਾਪਸ ਆਈ ਤਾਂ ਸਭ ਮੂਰਤੀਆਂ ਤੇ ਪਾਰਕਾਂ ਨੂੰ ਢਹਿ ਢੇਰੀ ਕਰ ਦੇਵੇਗੀ।

ਪਾਰਟੀ ਦੀ ਰਾਜ ਇਕਾਈ ਦੇ ਮੁਖੀ ਅਖਿਲੇਸ ਯਾਦਵ ਨੇ ਮੁੱਖ ਮੰਤਰੀ 'ਤੇ ਲਖਨਊ ਦੀ ਸਭਿਆਚਾਰਕ ਤੇ ਵਸਤੂ ਕਲਾਤਮਕ ਪਹਿਚਾਣ ਨੂੰ ਤਬਾਹ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਦਾ ਕਹਿਣਾ ਸੀ "ਸਦਾਮ ਹੁਸੈਨ ਦੇ ਬੁੱਤਾਂ ਨੂੰ ਢਹਿ ਢੇਰੀ ਕਰ ਦੇਣ ਵਾਲੇ ਇਰਾਕੀਆਂ ਵਾਂਗੂੰ ਲਖਨਊ ਦੇ ਲੋਕ ਇਨ੍ਹਾਂ ਬੁੱਤਾਂ ਨੂੰ ਵੀ ਖਾਕ 'ਚ ਮਿਲਾ ਦੇਣਗੇ ਕਿਉਂਕਿ ਉਹ ਇਕ ਹੰਕਾਰੀ ਸਖਸ਼ ਦੇ ਸੁਪਨਿਆਂ ਦੇ ਘਟੀਆ ਭਾਵਾਂ ਨੂੰ ਜ਼ਾਹਰ ਕਰਨ ਤੋਂ ਸਿਵਾ ਹੋਰ ਕੁਝ ਵੀ ਨਹੀਂ ਹੈ।" ਪਰ ਜਾਣੇ ਪਹਿਚਾਣੇ ਸਭਿਆਚਾਰਕ ਵਿਗਿਆਨੀ ਤੇ ਦਲਿਤ ਮਾਹਰ ਬਦਰੀ ਨਰਾਇਣ ਦਾ ਕਹਿਣਾ ਹੈ ਕਿ ਮਾਇਆਵਤੀ ਦੇ ਮਨਸੂਬੇ ਉਨ੍ਹਾਂ ਦਾ ਮਹਿਜ 'ਝੂਠਾ ਮਹਿਮਾ ਮੰਡਲ' ਨਹੀਂ ਹੈ, ਅਲੋਚਨਾ ਦੇ ਬਾਵਜੂਦ ਉਹ ਸਿਰਫ ਸਮਾਜਕ-ਰਾਜਸੀ ਪ੍ਰਤੀਕਾਂ ਦੀ ਰਚਨਾ ਕਰਨਾ ਚਾਹੁੰਦੀ ਸੀ ਤਾਂ ਕਿ ਬ੍ਰਾਹਮਣੀ ਸਮਾਜ 'ਚ ਹਾਸ਼ੀਏ 'ਤੇ ਧੱਕੇ ਵਿਚ ਆਤਮ ਵਿਸ਼ਵਾਸ ਜਾਗ ਸਕੇ ਉਨ੍ਹਾਂ ਦਾ ਕਹਿਣਾ ਹੈ, "ਮੂਰਤੀਆਂ ਯਾਦਾਂ ਨੂੰ ਤਾਜ਼ਾ ਕਰਦੀਆਂ ਹਨ, ਅਜਿਹਾ ਫਰਾਂਸੀਸੀ ਇਨਕਲਾਬ ਪਿੱਛੋਂ ਫਰਾਂਸ 'ਚ ਹੋ ਚੁੱਕਿਆ ਹੈ। ਜਦ ਵੱਡੀ ਗਿਣਤੀ 'ਚ ਪਾਠਸ਼ਲਾਵਾਂ ਅਤੇ ਬੁੱਤ ਉਗ ਆਏ ਸਨ। ਉਨ੍ਹਾਂ ਦਾ ਤਰਕ ਹੈ ਕਿ ਮਾਇਆਵਤੀ ਦਾ ਮਨਸੂਬਾ ਯਾਦਾਂ ਨੂੰ ਹਰਾ ਭਰਾ ਕਰਕੇ ਉਨ੍ਹਾਂ ਨੂੰ ਵੋਟਾਂ 'ਚ ਬਦਲਣਾ ਹੈ। ਹਾਲ ਦੀ ਘੜੀ ਅਰਬਾਂ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਪਾਰਕਾਂ ਤੇ ਸਮਾਰਕਾਂ ਪ੍ਰਤੀ ਮਾਇਆਵਤੀ ਦਾ ਅਨੁਰਾਗ 1995 ਤੋਂ ਸ਼ੁਰੂ ਹੋਇਆ ਸੀ ਜਦ ਉਹ ਭਾਜਪਾ ਦੀ ਹਮਾਇਤ ਨਾਲ ਮੁਖ ਮੰਤਰੀ ਦੀ ਕੁਰਸੀ 'ਤੇ ਬੈਠੀ ਅਤੇ ਉਨ੍ਹਾਂ ਨੇ ਦਿੱਲੀ ਦੇ ਇਕ ਪ੍ਰਸਿੱਧ ਵਸਤੂਕਾਰ ਨੂੰ ਇਨ੍ਹਾਂ ਨੂੰ ਡਿਜ਼ਾਇਨ ਕਰਨ ਦੀ ਜ਼ਿੰਮੇਵਾਰੀ ਸੌਂਪੀ, ਸ਼ੁਰੂ 'ਚ ਲਖਨਊ ਦੇ ਵਿਚਕਾਰ ਸਥਿਤ ਗੋਮਤੀ ਨਗਰ ਦੀਆਂ ਉਨ੍ਹਾਂ ਯੋਜਨਾਵਾਂ (ਪ੍ਰੋਜੈਕਟਾਂ) ਦੀ ਸ਼ੁਰੂਆਤ ਲਈ ਅਤੇ ਰਾਜ 'ਚ ਦਲਿਤ ਮਜ਼ਬੂਤੀ ਦੇ ਪ੍ਰਤੀਕ ਵਜੋਂ ਇਸ ਸਮਾਰਕ ਦਾ ਨਾਂ ਮਹਾਨ ਸਮਾਜ ਸੁਧਾਰਕ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦੇ ਨਾਂ 'ਤੇ ਰੱਖਿਆ ਗਿਆ ਕਿਉਂਕਿ "ਸੱਤਾ ਦੀ ਚਾਬੀ ਹੁਣ ਦਲਿਤਾਂ ਦੇ ਹੱਥ ਵਿਚ ਹੈ" ਜਦ ਤੱਕ ਮਾਇਆਵਤੀ ਸੁਪਨਿਆਂ ਦੀ ਆਪਣੀ ਯੋਜਨਾ ਨੂੰ ਪੂਰਨ ਆਕਾਰ ਦਿੰਦੀ, ਭਾਜਪਾ ਨੇ ਉਸ ਦੀ ਸਰਕਾਰ ਤੋਂ ਹਮਾਇਤ ਵਾਪਸ ਲੈ ਲਈ ਪਰ ਉਸ ਪਿੱਛੋਂ ਉਹ ਜਦ ਕਦੀ ਸੱਤਾ 'ਚ ਵਾਪਸ ਆਈ, ਉਨ੍ਹਾਂ ਨੇ ਆਪਣੇ ਪ੍ਰੋਜੈਕਟਾਂ ਦਾ ਐਲਾਨ ਕੀਤਾ, ਜਿਨ੍ਹਾਂ 'ਤੇ ਸੈਂਕੜੇ ਕਰੋੜ ਰੁਪਏ ਦੀ ਲਾਗਤ ਆਉਣੀ ਸੀ। ਅਦਾਲਤ 'ਚ ਦਾਇਰ ਪਟੀਸ਼ਨ 'ਚ ਰਵੀਕਾਂਤ ਨੇ ਉਸ ਅਜੀਬੋ ਗਰੀਬ ਘਟਨਾ ਦਾ ਵੀ ਜ਼ਿਕਰ ਕੀਤਾ ਹੈ ਜਿਸ 'ਚ ਮਾਇਆਵਤੀ ਨੇ 14 ਅਪ੍ਰੈਲ 2008 ਨੂੰ ਅੰਬੇਦਕਰ ਜੈਯੰਤੀ 'ਤੇ ਬਸਪਾ ਬਾਨੀ ਕਾਂਸ਼ੀ ਰਾਮਦੇ ਨਾਲ ਆਪਣੀ ਇਸ ਮੂਰਤੀ ਦਾ ਉਦਘਾਟਨ ਕੀਤਾ ਸੀ। ਦੋਸ਼ ਹੈ ਕਿ ਵੱਖ ਵੱਖ ਵਿਭਾਗਾਂ ਵੱਲੋਂ ਸਭਿਆਚਾਰਕ ਵਿਭਾਗ ਨੂੰ 2000 ਕਰੋੜ ਰੁਪਏ ਦੀ ਰਕਮ ਦਿੱਤੀ ਗਈ ਸੀ ਜਿਸ ਨੇ ਬੁੱਤਾਂ ਤੇ ਮੂਰਤੀਆਂ ਦੇ ਨਿਰਮਾਣ 'ਤੇ 2008-2009 'ਚ 1200

ਕਰੋੜ ਰੁਪਏ ਅਤੇ 2009-10 ’ਚ 600 ਕਰੋੜ ਰੁਪਏ ਦੀ ਰਕਮ ਮਨਜ਼ੂਰ ਕੀਤੀ ਸੀ, ਰਾਜ ਦੇ ਵਿਧਾਨ ਮੰਡਲ ਨੇ ਇਨ੍ਹਾਂ ਮੂਰਤੀਆਂ-ਪਾਰਕਾਂ ਸਮਾਰਕਾਂ ਦੇ ਬਜਟ ਨੂੰ ਮਨਜ਼ੂਰੀ ਵੀ ਦਿੱਤੀ। ਰਵੀਕਾਂਤ ਦੀ ਪਟੀਸ਼ਨ ’ਚ ਕਿਹਾ ਗਿਆ ਹੈ ਕਿ ਸਰਕਾਰੀ ਖਜ਼ਾਨੇ ਤੋਂ ਕਰੋੜਾਂ ਰੁਪਏ ਦੀ ਰਕਮ ਦੀ ਵਰਤੋਂ ਕਰਕੇ ਮੁੱਖ ਮੰਤਰੀ ਦੀਆਂ ਮੂਰਤਆਂ ਲਗਵਾਉਣਾ ਸਰਕਾਰ ਦੀ ਮਨਮਾਨੀ ਨੀਤੀ ਹੈ ਜਿਸ ਨਾਲ ਵਿਅਕਤੀ ਵਿਸ਼ੇਸ਼ ਨੂੰ ਲਾਭ ਮਿਲ ਰਿਹਾ ਹੈ, “ਉਕਤ ਨੀਤੀ ਨਾਲ ਮੁੱਖ ਮੰਤਰੀ ਦੇ ਭਾਈ-ਭਤੀਜਾਵਾਦ ਅਤੇ ਤਾਨਾਸ਼ਾਹੀ ਕਾਰਜਸ਼ੈਲੀ ਦੀ ਬਦਬੂ ਆਉਂਦੀ ਹੈ ਜੋ ਕਿਸੇ ਲੋਕਰਾਜੀ ਵਿਵਸਥਾ ਦੇ ਉਲਟ ਹੈ, ਬੁੱਤ ਲਗਵਾਉਣ ਦੀ ਇਸ ਨੀਤੀ ’ਤੇ ਅਮਰ ਮਹਾਨ ਨੇਤਾਵਾਂ ਦੇ ਬੁੱਤਾਂ ਦੀ ਆੜ ’ਚ ਕੀਤਾ ਜਾ ਰਿਹਾ ਹੈ ਪਰ ਉਸਾਰੇ ਗਏ ਸਮਾਰਕਾਂ, ਬੁੱਤਾਂ ਨੂੰ ਧਿਆਨ ਨਾਲ ਵੇਖਣ ’ਤੇ ਲੱਗਦਾ ਹੈ ਕਿ ਇਹ ਕੰਮ ਮੁੱਖ ਮੰਤਰੀ ਦੇ ਮਹਿਮਾ ਮੰਡਲ ਦੀ ਖਾਤਰ ਕੀਤਾ ਜਾ ਰਿਹਾ ਹੈ। ਇਸ ਗੱਲ ਦੇ ਡਰ ’ਚ ਕਿ ਮਾਇਆਵਤੀ ਸੁਪਰੀਮ ਕੋਰਟ ਦੇ ਮੂਡ ਨੂੰ ਸਮਝਣ ਤੋਂ ਇਨਕਾਰ ਕਰ ਸਕਦੀ ਹੈ। ਰਵੀਕਾਂਤ ਨੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਹੁਣ ਤੱਕ ਸਰਕਾਰ ਨੋਟਿਸ ਦਾ ਜਵਾਬ ਨਾ ਦੇਵੇ, ਅੱਗੇ ਉਸਾਰੀ ਬੰਦ ਕਰਵਾ ਦਿੱਤੀ ਜਾਵੇ, ਉਧਰ ਆਪਣੇ ਬਚਾਅ ’ਚ ਮਾਇਆਵਤੀ ਨੇ ਕਿਹਾ, “ਮੇਰੇ ਵਿਰੋਧੀ ਕਹਿ ਰਹੇ ਹਨ ਕਿ ਸਮਾਰਕਾਂ ਬੁੱਤਾਂ ਦੀ ਉਸਾਰੀ ’ਤੇ ਖਰਚ ਕੀਤੀ ਗਈ ਰਾਸ਼ੀ ਨਾਲ ਬਹੁਤ ਸਾਰੇ ਕਾਲਜ, ਸਕੂਲ, ਹਸਪਤਾਲ ਤੇ ਫੈਕਟਰੀਆਂ ਖੋਲ੍ਹੀਆਂ ਜਾ ਸਕਦੀਆਂ ਹਨ, ਪਰ ਇਹ ਗੱਲ ਸਹੀ ਨਹੀਂ ਹੈ ਮਾਇਆਵਤੀ ਨੇ ਆਪਣੇ ਖਾਸ ‘ਮੁਝੇ ਕੋਈ ਪਰਵਾਹ ਨਹੀਂ ਹੈ’ ਵਾਲੇ ਅੰਦਾਜ਼ ’ਚ ਇਸ ਗੱਲ ਦਾ ਵੀ ਖੰਡਨ ਕੀਤਾ ਕਿ ਲੋਕ ਨਿਰਮਾਣ ਵਿਭਾਗ ਨੇ ਵਿਕਾਸ ਰਾਸ਼ੀ ਨੂੰ ਇਨ੍ਹਾਂ ਪ੍ਰੋਜੈਕਟਾਂ ਵੱਲ ਮੋੜ ਦਿੱਤਾ ਉਸ ਮੁਤਾਬਕ “ਇਹ ਲੋਕਾਂ (ਦਲਿਤਾਂ) ਦੇ ਵਿਚਾਰਕ ਮਜ਼ਬੂਤੀਕਰਨ ਦੇ ਅਮਲ ਦਾ ਹਿੱਸਾ ਹੈ।” ਸੰਨ 2005 ’ਚ ਇਲਾਹਾਬਾਦ ਹਾਈਕੋਰਟ ਦੀ ਲਖਨਊ ਪੀਠ ਨੇ ਇਹ ਨਿਰਦੇਸ਼ ਦਿੱਤਾ ਕਿ “ਸੜਕਾਂ, ਉਨ੍ਹਾਂ ਦੇ ਚੌਰਾਹਿਆਂ ਤੇ ਅਜਿਹਾ ਕੋਈ ਢਾਂਚਾ ਨਾ ਬਣਾਇਆ ਜਾਵੇ ਜਾਂ ਖੜ੍ਹਾ ਕੀਤਾ ਜਾਵੇ ਜੋ ਨਜ਼ਰ ਦੇ ਮੂਹਰੇ ਰੁਕਾਵਟ ਬਣਦਾ ਹੋਵੇ ਜਾਂ ਟ੍ਰੈਫਿਕ ਦੀ ਰਫ਼ਤਾਰ ’ਚ ਅੜਿਕਾ ਹੁੰਦਾ ਹੋਵੇ ਜਾਂ ਕਿਸੇ ਤਰ੍ਹਾਂ ਨਾਲ ਜੋਖਮ ਪੂਰਨ ਤੇ ਹਾਨੀਕਾਰਕ ਹੋਵੇ।” ਅਦਾਲਤ ਨੇ ਇਹ ਵੀ ਨਿਰਦੇਸ਼ ਵੀ ਦਿੱਤਾ ਸੀ ਕਿ “ਟ੍ਰੈਫਿਕ ਦੀ ਰਾਖੀ ਤਾਂ ਹੀ ਪੱਕੀ ਕੀਤੀ ਜਾ ਸਕਦੀ ਹੈ ਜਦ ਸੜਕਾਂ ਦੇ ਦੋਨੋਂ ਪਾਸੇ ਕਿਨਾਰਿਆਂ ’ਤੇ ਦ੍ਰਿਸ਼ਟੀਗੋਚਰਤਾ ਪੂਰਨ ਤੇ ਅੜਿਕਾ ਰਹਿਤ ਹੋਵੇ, ਕੋਈ ਵੀ ਅੜਿਕਾ ਸੜਕ ਤੋਂ 3 ਫੁੱਟ ਉੱਚੀ ਘੱਟੋ ਘੱਟ ਦਿਸਦੀ ਤਿਕੋਣ ਤੋਂ ਹਟਕੇ ਹੋਣੀ ਚਾਹੀਦੀ ਹੈ।” ਸੰਨ 2005 ’ਚ ਇਹ ਪਟੀਸ਼ਨ ਦਾਇਰ ਕਰਨ ਵਾਲੇ ਸਾਬਕਾ ਰਾਜ ਸਭਾ ’ਚ ਸਮਾਜਵਾਦੀ ਪਾਰਟੀ ਦੇ ਮੈਂਬਰ ਵੀਰੇਂਦਰ ਭਾਟੀਆ ਦਾ ਕਹਿਣਾ ਹੈ ਕਿ ਪਹਿਲੀ ਵਾਰੀ ਸੁਪਰੀਮ ਕੋਰਟ ਨੇ ਪੈਸੇ ਦੀ ਮਨਜ਼ੂਰੀ ਖਿਲਾਫ ਨੋਟਿਸ ਜਾਰੀ ਕੀਤੇ ਹਨ। ਅਦਾਲਤ ਨੇ ਇਹ ਵੀ ਸੰਕੇਤ ਦਿੱਤਾ ਹੈ ਕਿ ਇਹ ਰਾਜ ਸਰਕਾਰ ਤੋਂ ਕੁਝ ਵੱਡੇ ਸੁਆਲ ਪੁੱਛ ਸਕਦੀ ਹੈ। ਭਾਟੀਆ ਦਾ ਇਹ ਵੀ ਕਹਿਣਾ ਹੈ ਕਿ ਅਦਾਲਤ ਦੇ ਆਦੇਸ਼ਾਂ ਦੀ ਉਲੰਘਣਾ ਕਰਨ ਵਾਲੇ ਕੁਝ ਉੱਚ ਅਧਿਕਾਰੀਆਂ ’ਤੇ ਮਾਨਹਾਨੀ ਦੇ ਦੋਸ਼ ’ਚ ਮਾਮਲਾ ਦਰਜ ਕੀਤਾ ਜਾ ਸਕਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਇਆਵਤੀ ਲਈ ਅੱਗੇ ਮੁਸ਼ਕਲ ਦੌਰ ਹੈ, ਸੁਪਰੀਮ ਕੋਰਟ ਦੇ ਨੋਟਿਸ ਜਾਰੀ ਕਰਨ ਨਾਲ ਸਿਰਫ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਨੇ ਡਰ ਜਤਾਇਆ ਸੀ

ਕਿ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਉੱਤਰ ਪ੍ਰਦੇਸ਼ ਨੂੰ ਛੱਡ ਕੇ ਦੇਸ਼ ਭਰ ਦੇ ਪਾਰਟੀ ਅਹੁਦੇਦਾਰਾਂ ਦੀ ਬੈਠਕ ਬੁਲਾ ਕੇ ਦੱਸਿਆ ਸੀ ਕਿ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਸੁਪਰੀਮ ਕੋਰਟ ਦਾ ਫੈਸਲਾ ਉਨ੍ਹਾਂ ਖਿਲਾਫ ਆਉਣ 'ਤੇ ਉਹ ਗ੍ਰਿਫਤਾਰ ਕਰ ਲਈ ਗਈ ਤਾਂ ਉਨ੍ਹਾਂ ਨੂੰ ਅੱਗੇ ਨਿਰਦੇਸ਼ ਮੀਤ ਪ੍ਰਧਾਨ ਰਾਜਾ ਰਾਮ ਤੇ ਮੁੱਖ ਸਕੱਤਰ ਬਾਬੂ ਸਿੰਘ ਕੁਸ਼ਵਾਰਾ ਦੇਣਗੇ। ਹੁਣ ਤਾਂ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਵੀ ਇਸ ਮਾਮਲੇ 'ਚ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ 'ਤੇ ਵਾਰ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬੁੱਤਾਂ ਦੀ ਉਸਾਰੀ 'ਤੇ ਸਰਕਾਰੀ ਖਜ਼ਾਨੇ ਤੋਂ ਖਰਚ ਕੀਤੀ ਗਈ ਭਾਰੀ ਰਕਮ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਜਨਤਾ ਨੂੰ ਸਿਖਿਅਤ ਕਰਨ ਦੇ ਕਾਰਜ 'ਚ ਵਰਤੀ ਜਾ ਸਕਦੀ ਸੀ। ਭਾਜਪਾ ਬੁਲਾਰੇ ਹਿਰਦੇ ਨਰਾਇਣ ਦੀਕਸ਼ਤ ਵੀ ਇਹ ਕਹਿਕੇ ਇਸ ਚਰਚਾ 'ਚ ਸ਼ਾਮਲ ਹੋ ਗਏ ਕਿ ਸਰਕਾਰ ਨੇ ਰਾਜ ਦੇ ਵਿਕਾਸ ਲਈ ਕੁਝ ਨਹੀਂ ਕੀਤਾ ਹੈ, ਉਨ੍ਹਾਂ ਦੇ ਦਾਅਵੇ ਅਨੁਸਾਰ, ਮੁੱਖ ਮੰਤਰੀ ਨੇ ਖੁੱਲ੍ਹੇਆਮ ਇਹ ਸਵੀਕਾਰ ਕੀਤਾ ਹੈ ਕਿ ਬੁੱਤਾਂ ਅਤੇ ਸਮਾਰਕਾਂ 'ਤੇ ਖਰਚ ਕੀਤੀ ਗਈ 2000 ਕਰੋੜ ਰੁਪਏ ਦੀ ਰਕਮ ਲੋਕ ਨਿਰਮਾਣ ਵਿਭਾਗ ਤੋਂ ਮਿਲੀ ਹੈ, ਇਸ ਦਾ ਮਤਲਬ ਇਹ ਹੈ ਕਿ ਸੜਕਾਂ ਤੇ ਲੋਕ ਨਿਰਮਾਣ ਲਈ ਰੱਖਿਆ ਗਿਆ ਪੈਸਾ ਉਨ੍ਹਾਂ ਦੀਆਂ ਆਪਣੀਆਂ ਮੂਰਤੀਆਂ (ਬੁੱਤਾਂ) ਨੇ ਖਾ ਲਿਆ ਹੈ। ਇਹ ਸੁਆਲ ਸੁਪਰੀਮ ਕੋਰਟ ਦੇ ਸਾਹਮਣੇ ਵੀ ਆਇਆ ਸੀ। ਸ਼ਕਤੀ ਵਾਹਿਨੀ ਨਾਮੀ ਸੰਗਠਨ ਰਾਹੀਂ ਮਨੁੱਖਾਂ ਦੇ ਨਜਾਇਜ਼ ਵਪਾਰ ਤੇ ਬਾਲ ਮਜ਼ਦੂਰੀ ਦੇ ਖਿਲਾਫ ਕੰਮ ਕਰਦੇ ਆਏ ਰਵੀਕਾਂਤ ਨੇ ਆਪਣੀ ਪਟੀਸ਼ਨ 'ਚ ਉਤਰ ਪ੍ਰਦੇਸ਼ ਦੀ ਸੋਚਣ ਯੋਗ ਤਸਵੀਰ ਖਿੱਚੀ ਹੈ। ਆਪਣੇ ਸਹਿਯੋਗੀ ਸ਼ਕੁਅਰ ਦੇ ਨਾਲ ਮਿਲ ਕੇ ਉਨ੍ਹਾਂ ਨੇ ਸੁਪਰੀਮ ਕੋਰਟ ਨੂੰ ਉੱਤਰ ਪ੍ਰਦੇਸ਼ ਦੀ ਦੁਰਦਸ਼ਾ ਤੇ ਉਥੇ ਵਿਕਾਸ ਦੀ ਘਾਟ ਦੀ ਜਾਣਕਾਰੀ ਦਿੱਤੀ ਉਨ੍ਹਾਂ ਦੀ ਪਟੀਸ਼ਨ ਨੇ ਇਸ ਤੱਥ ਨੂੰ ਸਾਹਮਣੇ ਲਿਆਂਦਾ ਕਿ ਉਤਰ ਪ੍ਰਦੇਸ਼ ਵਰਗੇ ਰਾਜ ਵਿਚ ਜੋ ਅਖੌਤੀ ਬੀਮਾਰ ਰਾਜਾਂ ਦਾ ਅੰਗ ਹੈ ਅਤੇ ਮਨੁੱਖੀ ਵਿਕਾਸ ਸੂਚਕਾਂਕ ਦੇ ਮਾਮਲੇ 'ਚ ਦੇਸ਼ ਦੇ ਹੇਠਲੇ ਰਾਜਾਂ ਵਿਚ ਸ਼ਾਮਲ ਹੈ।

ਇਹ ਸਰਕਾਰੀ ਪੈਸੇ ਦੀ ਦੁਰਵਰਤੋਂ ਹੈ। ਹੇਠਾਂ ਦਿੱਤੇ ਤੱਥਾਂ ਦੀ ਰੋਸ਼ਨੀ 'ਚ ਇਹ ਦੁਰਵਰਤੋਂ ਵੱਧ ਸਪੱਸ਼ਟ ਹੋ ਜਾਂਦੀ ਹੈ।

✪ ਉਤਰ ਪ੍ਰਦੇਸ਼ ਦੀ 56.27 ਫੀਸਦੀ ਸਾਖਰਤਾ ਦਰ (2001 ਦੀ ਮਰਦਮ ਸ਼ੁਆਰੀ ਮਰਦ 68.82 ਫੀਸਦੀ ਤੇ ਔਰਤਾਂ 42.22 ਫੀਸਦੀ) ਦੇਸ਼ 'ਚ ਘੱਟੋ ਘੱਟ ਹੈ।

✪ ਉਥੇ ਮਾਵਾਂ ਦੀ ਮੌਤ ਦਰ ਦੇਸ਼ 'ਚ ਸਭ ਤੋਂ ਵੱਧ ਹੈ।

✪ ਨਵਜਾਤ ਸਿਸ਼ੂ ਮੌਤ ਦਰ ਸਬੰਧੀ ਇਹ ਸਭ ਤੋਂ ਉਚੀ ਦਰ ਵਾਲੇ ਪੰਜ ਰਾਜਾਂ ਵਿਚ ਸ਼ਾਮਲ ਹੈ।

✪ 2001 ਦੀ ਜਨਗਣਨਾ ਅਨੁਸਾਰ ਉੱਥੇ ਬਾਲ ਮਜ਼ਦੂਰਾਂ ਦੀ ਸੰਖਿਆ ਸਭ ਤੋਂ ਵੱਧ ਹੈ।

✪ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ 5.9 ਕਰੋੜ ਲੋਕਾਂ ਦੇ ਨਾਲ ਉਥੇ ਸਭ ਤੋਂ ਵੱਧ ਗਰੀਬ ਵਸਦੇ ਹਨ।

✪ ਉਥੋਂ ਦੇ 97,122, ਪਿੰਡਾਂ ਵਿਚੋਂ 56977 ਪਿੰਡਾਂ (59%) 'ਚ ਹੀ ਬਿਜਲੀ ਪਹੁੰਚੀ ਹੈ।

ਜ਼ਾਹਿਰ ਹੈ ਕਿ ਉਤਰ ਪ੍ਰਦੇਸ਼ ਦੀਆਂ ਆਪਣੀਆਂ ਸਮਾਜਕ-ਆਰਥਕ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਵੱਧ ਪੈਸੇ ਦੀ ਦਰਕਾਰ ਹੈ ਏਨਾ ਹੀ ਨਹੀਂ ਸੇਵਾ ਮੁਕਤ ਆਈ. ਪੀ. ਐਸ. ਅਧਿਕਾਰੀ ਤੇ ਦਲਿਤ ਮੁਕਤੀ ਮੋਰਚਾ ਦੇ ਮੁਖੀ ਐਸ. ਆਰ. ਦਰਿਆਪੁਰੀ ਅਨੁਸਾਰ "ਮਾਇਆਵਤੀ ਦੀ ਹਕੂਮਤ 'ਚ ਉਨ੍ਹਾਂ ਦਾ ਰਾਜਸੀ ਅਧਾਰ ਮੰਨੇ ਜਾਂਦੇ ਦਲਿਤਾਂ ਦੀ ਦੁਰਦਸ਼ਾ ਵਧੀ ਹੈ।" ਉਹ ਦੱਸਦੇ ਹਨ ਕਿ ਬੀਤੇ ਸਾਲ ਤੱਕ ਬੰਦੇਲਖੰਡ 'ਚ 12 ਅਤੇ ਪ੍ਰਦੇਸ਼ ਦੇ ਹੋਰ ਜ਼ਿਲ੍ਹਿਆਂ 'ਚ 11 ਦਲਿਤਾਂ ਨੇ ਆਤਮ ਹੱਤਿਆ ਕੀਤੀ ਅਤੇ ਕਰੀਬ 25 ਦਲਿਤ ਭੁੱਖ ਕਾਰਨ ਮਰ ਗਏ, "ਇਸ ਭਿਅੰਕਰ ਆਫਤ ਦੇ ਬਾਵਜੂਦ ਦਲਿਤ ਮੁੱਖ ਮੰਤਰੀ ਮਾਇਆਵਤੀ ਨੇ ਇਹ ਦਾਅਵਾ ਕਰਨ ਦੀ ਜੁਰਅਤ ਵਿਖਾਈ ਹੈ ਕਿ ਉਤਰ ਪ੍ਰਦੇਸ਼ ਵਿਚ ਕੋਈ ਵਿਅਕਤੀ ਭੁੱਖ ਨਾਲ ਮਰਿਆ ਹੀ ਨਹੀਂ ਤੇ ਨਾ ਹੀ ਕਿਸੇ ਨੇ ਆਤਮ ਹੱਤਿਆ ਕੀਤੀ।"

ਮਾਇਆਵਤੀ ਦੀਆਂ ਗੱਲਾਂ ਤਾਂ ਕਈ ਵਿਕਾਸ ਪ੍ਰੋਜੈਕਟਾਂ ਦੀ ਸ਼ੇਖੀ ਮਾਰਦੀਆਂ ਹਨ ਪਰ ਇਹ ਸਿਰਫ ਅਜਿਹੇ ਪ੍ਰੋਜੈਕਟ ਹਨ ਜਿਨ੍ਹਾਂ ਨੂੰ ਲਾਗੂ ਕਰਨਾ ਕਠਿਨ ਹੈ। ਇਨ੍ਹਾਂ 'ਚ ਗ੍ਰੇਟ ਨਾਇਡਾ ਤੇ ਆਗਰਾ ਵਿਚਕਾਰ 165 ਕਿਲੋਮੀਟਰ ਲੰਬਾ ਯਮੁਨਾ ਅਕੈਸਪ੍ਰੈਸ-ਵੇ, ਧੁਰ ਪੂਰਵ ਸਥਿਤ ਬਲੀਆ ਨੂੰ ਗ੍ਰੇਟਰ ਨੋਇਡਾ ਨਾਲ ਜੋੜਨ ਵਾਲਾ ਅੱਠ ਲਾਇਨ ਦਾ 1047 ਕਿਲੋ ਮੀਟਰ ਲੰਬਾ ਗੰਗਾ-ਐਕਸਪ੍ਰੈਸ-ਵੇ ਬਾਰਾ 'ਚ 1980 ਮੈਗਾਵਾਟ ਸਮਰੱਥਾ ਵਾਲੀ ਤੇ ਇਲਾਹਾਬਾਦ ਦੇ ਨਜ਼ਦੀਕ ਕਰਛਾਨਾ 'ਚ 1300 ਮੈਗਾਵਾਟ ਸਮਰਥਾ ਵਾਲੇ ਵੱਡੇ ਬਿਜਲੀ ਪ੍ਰੋਜੈਕਟ ਅਤੇ ਕਾਨਪੁਰ ਤੇ ਆਗਰਾ ਵਿਚ ਨਿੱਜੀ-ਸਰਕਾਰੀ ਭਾਗੀਦਾਰੀ ਰਾਹੀਂ ਲਾਗੂ ਕੀਤੀ ਜਾਣ ਵਾਲੀ ਇਨਪੁਟ ਅਧਾਰਤ ਫ੍ਰੈਂਚਾਇਜੀ ਬਿਜਲੀ ਵੰਡ ਪ੍ਰਣਾਲੀ ਸ਼ਾਮਲ ਹੈ। ਹਾਲ ਹੀ ਦੇ ਲੋਕ ਸਭਾ ਚੋਣਾਂ 'ਚ ਆਪਣੀਆਂ ਜੜ੍ਹਾਂ ਤੋਂ ਹਿਲ ਗਈ ਮਾਇਆਵਤੀ ਦੀ ਅਗਵਾਈ ਵਾਲੀ ਬਸਪਾ ਸਰਕਾਰ ਨੇ ਇਹ ਸੋਚਣਾ ਸ਼ੁਰੂ ਕੀਤਾ ਹੈ ਕਿ ਉਤਰ ਪ੍ਰਦੇਸ਼ ਨੂੰ ਵਿਕਸਿਤ ਰਾਜਾਂ ਦੀ ਸ੍ਰੇਣੀ 'ਚ ਲੈਣ ਜਾਣ ਲਈ ਇਕ ਮਜ਼ਬੂਤ ਸੰਰਚਨਾ ਦੀ ਉਸਾਰੀ ਕਰਨੀ ਜ਼ਰੂਰੀ ਹੈ। ਸਰਕਾਰੀ ਸੂਤਰਾਂ ਅਨੁਸਾਰ ਮਾਇਆਪਤੀ ਨੂੰ ਅਹਿਸਾਸ ਹੋ ਗਿਆ ਹੈ ਕਿ ਕਮਜ਼ੋਰ ਚੁਣਾਵੀ ਪ੍ਰਦਰਸ਼ਨ ਦੀ ਮੁੱਖ ਵਜ੍ਹਾ ਵਿਕਾਸ ਤੇ ਅਨੁਸਾਸ਼ਨ ਦੀ ਘਾਟ ਹੈ। ਪਿਛਲੇ ਹਫਤੇ ਹੀ ਰਾਜ ਦੇ ਆਰਥਕ, ਸਨਅਤੀ ਤੇ ਸਮਾਜਕ ਵਿਕਾਸ ਲਈ ਰਚਨਾਤਮਕ ਸੁਧਾਰ ਪ੍ਰਤੀ ਮਜ਼ਬੂਤ ਪ੍ਰਤੀਬੱਧਤਾ ਦਿਖਾਉਂਦੇ ਹੋਏ ਰਾਜ ਸਰਕਾਰ ਨੇ ਤਰਜੀਹ ਦੇ ਅਧਾਰ 'ਤੇ ਰਚਨਾਤਮਕ ਵਿਕਾਸ ਦੇ ਪ੍ਰੋਜੈਕਟਾਂ ਨੂੰ ਲਾਗੂ ਕਰਨ 'ਚ ਤੇਜੀ ਲਿਆਉਣ ਲਈ ਇਕ ਉਚ ਪੱਧਰੀ ਸੰਮਤੀ ਤੇ ਮਜ਼ਬੂਤ ਤੰਤਰ ਦਾ ਗਠਨ ਕੀਤਾ ਹੈ ਪਰ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸ਼ਿਵਪਾਲ ਯਾਦਵ ਮੁਤਾਬਕ ਇਹ ਲੋਕਾਂ ਨੂੰ ਗੁਮਰਾਹ ਕਰਨ ਤੇ ਇਹ ਧਰਵਾਸ ਦੇਣ ਤੋਂ ਸਿਵਾ ਕੁਝ ਨਹੀਂ ਹੈ। ਹਰ ਕਿਸੇ ਨੂੰ ਪਤਾ ਹੈ ਕਿ ਬਹੁਤੀਆਂ ਯੋਜਨਾਵਾਂ ਮਾਇਆਵਤੀ ਦੇ ਨਿੱਜੀ ਲਾਭ ਦੀ ਖਾਤਰ ਹਨ ਅਤੇ ਖੁਦ ਨੂੰ ਲੋਕਾਂ ਦੀ ਯਾਦਦਾਸ਼ਤ 'ਚ ਬਣਾਈ ਰੱਖਣ ਲਈ ਹਨ, ਨਿਰਸੰਦੇਹ ਬੁੱਤਾਂ ਦੇ ਰੂਪ ਵਿਚ।

# ਬਾਲੀਵੁੱਡ ਦੀ ਬਦਨੁਮਾ ਅਸਲੀਅਤ

ਸੰਨ 2005 'ਚ ਪ੍ਰਦਰਸ਼ਿਤ ਆਪਣੀ ਪਹਿਲੀ ਫਿਲਮ ਵਿਚ ਸ਼ਾਇਨੀ ਅਹੂਜਾ ਨੇ ਇਕ ਕੈਥੋਲਿਕ ਪਾਦਰੀ ਦੀ ਭੂਮਿਕਾ ਅਦਾ ਕੀਤੀ ਸੀ। ਜਿਸ ਵਿਚ ਉਹ ਇਕ ਲੜਕੀ ਨੂੰ ਉਸ ਦੀ ਸ਼ਾਦੀ ਦੀ ਰਾਤ ਹੀ ਆਪਣੇ ਨਾਲ ਯੌਨ ਸਬੰਧ ਬਣਾਉਣ ਲਈ ਮਜ਼ਬੂਰ ਕਰਦੇ ਹਨ। ਉਹ ਉਸ ਨੂੰ ਆਪਣੇ ਕਮਰੇ 'ਚ ਬੁਲਾਉਂਦੇ ਹਨ, ਬਿਸਤਰੇ 'ਤੇ ਸੁਟਦੇ ਹਨ ਅਤੇ ਫਿਰ ਆਪ ਉਸ 'ਤੇ ਡਿੱਗ ਪੈਂਦੇ ਹਨ। ਫ਼ਿਲਮ ਦਾ ਨਾਂ ਸੀ ਸਿਨਜ (ਪਾਪ) ਅੱਜ ਉਹ ਅਹੂਜਾ ਆਪਣੀ ਨੌਕਰਾਣੀ ਨਾਲ ਬਲਾਤਕਾਰ ਦੇ ਦੋਸ਼ ਵਿਚ ਔਸ਼ਿਵਾੜਾ ਦੇ ਥਾਣੇ ਵਿਚ ਦੂਜੇ 16 ਲੋਕਾਂ ਦੇ ਨਾਲ ਬੰਦ ਹੈ ਤਾਂ ਉਹ ਦ੍ਰਿਸ਼ ਜ਼ਰੂਰ ਉਸ ਨੂੰ ਪ੍ਰੇਸ਼ਾਨ ਕਰ ਰਿਹਾ ਹੋਵੇਗਾ। ਇਹ ਘਟਨਾ ਅਭਿਨੇਤਾ-ਨਿਰਦੇਸ਼ਕ ਦੀਪਕ ਤਿਜੋਰੀ ਦੀ 13 ਸਾਲਾ ਬੇਟੀ ਦੇ ਅਗਵਾਅ ਤੇ ਬਲਾਤਕਾਰ ਨਾਲ ਬਾਲੀਵੁੱਡ ਦੇ ਹੈਰਾਨ ਰਹਿ ਜਾਣ ਦੇ ਇਕ ਦਮ ਪਿੱਛੋਂ ਆਈ ਹੈ। ਇਹ ਅਪਰਾਧ ਜਿਸ ਦੇ ਦੋਸ਼ੀ ਅਹੂਜਾ ਹਨ, ਬਾਲੀਵੁੱਡ ਦੇ ਖੁੱਲ੍ਹੇ ਤੇ ਲਚੀਲੇ ਨੈਤਿਕ ਮਾਫਦੰਡਾਂ ਦੇ ਮੱਦੇਨਜ਼ਰ ਵੀ ਬੇਹੱਦ ਘਿਨੌਣਾ ਹੈ। ਇਹ ਨੌਜਵਾਨ ਲੜਕੀ ਜਦ 14 ਜੂਨ ਦੀ ਰਾਤ ਨੂੰ 8 ਵਜੇ ਥਾਣੇ 'ਚ ਰਿਪੋਟ ਲਿਖਵਾਉਣ ਆਈ ਤਾਂ ਪੁਲਸ ਦੀ ਪਹਿਲੀ ਪ੍ਰਤੀਕਿਰਿਆ ਕਿਰਿਆ ਦੋਸ਼ ਨੂੰ ਖਾਰਜ ਕਰਨ ਦੀ ਸੀ ਜਦ ਰੋਂਦੀ ਹੋਈ ਲੜਕੀ ਤੇ ਉਸ ਦੇ ਘਰ ਵਾਲੇ ਰਿਪੋਟ ਲਿਖਵਾਉਣ 'ਤੇ ਅੜੇ ਰਹੇ ਤਾਂ ਉੱਚ ਅਧਿਕਾਰੀਆਂ ਨੇ ਮਾਮਲੇ ਦੀ ਪੜਤਾਲ ਦਾ ਫੈਸਲਾ ਲਿਆ। ਅਹੂਜਾ ਨੂੰ ਉਸੇ ਰਾਤ ਪੁੱਛਗਿੱਛ ਲਈ ਉਨ੍ਹਾਂ ਦੇ ਤਾਰਾਪੁਰ ਅਪਾਰਟਮੈਂਟ ਦੀ ਛੇਵੀਂ ਮੰਜ਼ਿਲ ਦੇ ਫਲੈਟ ਤੋਂ ਰਾਤ ਨੌਂ ਵਜੇ ਲਿਆਂਦਾ ਗਿਆ ਅਤੇ ਉਸੇ ਰਾਤ ਪੁਲਿਸ ਨੇ ਲੜਕੀ ਦਾ ਬਿਆਨ ਦਰਜ ਕੀਤਾ ਅਤੇ ਉਸ ਨੂੰ ਮੈਡੀਕਲ ਚੈੱਕਅੱਪ ਲਈ ਭੇਜ ਦਿੱਤਾ ਗਿਆ। ਅੱਧੀ ਰਾਤ ਤੱਕ ਸ਼ੁਰੂਆਤੀ ਮੈਡੀਕਲ ਰਿਪੋਟ ਨੇ ਬਲਾਤਕਾਰ ਦੀ ਪੁਸ਼ਟੀ ਕਰ ਦਿੱਤੀ ਸੀ। ਅਗਲੀ ਸਵੇਰੇ 4 ਵਜੇ ਅਹੂਜਾ ਨੂੰ ਬਲਾਤਕਾਰ ਦੇ ਦੋਸ਼ 'ਚ ਆਈ. ਪੀ. ਸੀ. ਦੀ ਧਾਰਾ 376 ਤੇ ਲੜਕੀ ਨੂੰ ਜਬਰਨ ਰੋਕੀ ਰੱਖਣ ਦੇ ਅਪਰਾਧ 'ਚ ਧਾਰਾ 342 ਅਤੇ ਪੀੜਤ ਲੜਕੀ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਲਈ ਧਾਰਾ 506 ਦੇ ਤਹਿਤ ਗ੍ਰਿਫ਼ਤਾਰ ਕੀਤਾ ਗਿਆ। ਦਸ ਸਾਲ ਪਹਿਲਾਂ ਉਨ੍ਹਾਂ ਦੀ ਪਤਨੀ ਬਣੀ ਅਨੁਪਮ ਪਾਂਡੇ ਪਤੀ ਦੇ ਨਾਲ ਖੜੀ ਨਜ਼ਰ ਆਈ ਇਥੋਂ ਤੱਕ ਕਿ ਉਨ੍ਹਾਂ ਨੇ ਇਕ ਪ੍ਰੈਸ ਕਾਨਫਰੰਸ ਵੀ ਕਰ ਲਈ। ਨਿਊਯਾਰਕ 'ਚ ਇਕ ਆਈ ਟੀ ਫਰਮ ਵਿਚ ਪਬਲਸਿਸਟ (ਪ੍ਰਚਾਰ ਅਧਿਕਾਰੀ) ਵਜੋਂ ਕੰਮ ਕਰਨ ਵਾਲੀ ਅਨੁਪਮਾ ਨੇ ਵਿਆਹੁਤਾ ਜੀਵਨ ਦਾ ਬਹੁਤਾ ਸਮਾਂ ਨਿਊਯਾਰਕ ਵਿਚ ਹੀ ਬਤਾਇਆ ਹੈ। ਪ੍ਰੈਸ ਕਾਨਫਰੰਸ 'ਚ ਉਨ੍ਹਾਂ ਨੇ ਕਿਹਾ ਕਿ "ਬਸ ਇਕ ਹੀ ਸੱਚ ਹੈ ਕਿ ਸ਼ਾਇਨੀ ਬੇਕਸੂਰ ਹੈ, ਮੈਂ ਉਨ੍ਹਾਂ ਨੂੰ ਪਿਛਲੇ 15 ਸਾਲਾਂ ਤੋਂ ਜਾਣਦੀ ਹਾਂ, ਉਹ ਸੇਲਿਬ੍ਰੇਟੀ ਹੈ, ਇਸ ਲਈ ਆਸਾਨੀ ਨਾਲ ਨਿਸ਼ਾਨਾ ਬਣ ਗਏ।" ਪੁਲਸ ਨੇ ਇਸ ਨੂੰ ਰਿਕਾਰਡ 'ਚ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਉਸ ਦਾ ਕਹਿਣਾ ਸੀ ਕਿ ਅਹੂਜਾ ਨੂੰ ਜਦ ਪਹਿਲੀ ਵਾਰੀ ਪੁੱਛ ਗਿੱਛ ਲਈ ਲਿਆਂਦਾ ਗਿਆ ਤਾਂ ਉਨ੍ਹਾਂ ਨੇ ਬਲਾਤਕਾਰ ਦੀ ਗੱਲ ਕਬੂਲ ਕਰ ਲਈ ਸੀ। ਹਾਲਾਂਕਿ ਕਬੂਲਨਾਮਾ ਅਦਾਲਤ 'ਚ ਮੰਨਣਯੋਗ ਨਹੀਂ

ਹੈ। ਹੁਣ ਇਹ ਸਪੱਸ਼ਟ ਹੋ ਚੁੱਕਿਆ ਹੈ ਕਿ ਦਿੱਲੀ ਦੇ ਇਕ ਫ਼ੌਜੀ ਅਧਿਕਾਰੀ ਦਾ 36 ਸਾਲਾ ਬੇਟਾ, ਜਿਸ ਨੇ ਆਰਮੀ ਪਬਲਿਕ ਸਕੂਲ ਤੇ ਹੰਸਰਾਜ ਕਾਲਜ ਵਰਗੀਆਂ ਸਿੱਖਿਆ ਸੰਸਥਾਵਾਂ 'ਚ ਸਿੱਖਿਆ ਹਾਸਲ ਕੀਤੀ, ਆਪਣਾ ਬਹੁਤਾ ਸਮਾਂ ਥਾਣੇ ਦੀ ਹਵਾਲਾਤ ਅਤੇ ਅਦਾਲਤ ਦੇ ਚੱਕਰ ਲਾਉਂਦੇ ਗੁਜਰੇਗਾ ਅਤੇ ਇਹ ਵੀ ਸਪੱਸ਼ਟ ਹੋ ਗਿਆ ਹੈ ਕਿ ਆਪਣੇ ਸਿਤਾਰਿਆਂ ਚਾਹੇ ਉਹ ਸੰਜੇ ਦੱਤ ਰਹੇ ਹੋਣ ਜਾਂ ਬਲਾਤਕਾਰ ਦੇ ਦੋਸ਼ੀ ਮਧੁਰ ਭੰਡਾਰਕਰ – ਦੀ ਹਮਾਇਤ ਵਿਚ ਖੜੇ ਰਹਿਣ ਵਾਲੇ ਬਾਲੀਵੁਡ ਨੇ ਇਸ ਵਾਰ ਮੂੰਹ ਫੇਰਨ ਦਾ ਫੈਸਲਾ ਲਿਆ ਹੈ। ਅਹੂਜਾ ਦੀ ਫਿਲਮ (ਵੋ ਲਮਹੇਂ) ਦੇ ਨਿਰਦੇਸ਼ਕ ਮੋਹਿਤਪੁਰੀ ਸਾਫ ਕਹਿੰਦੇ ਹਨ "ਬਲਾਤਕਾਰ ਦਾ ਯੌਨ ਸਬੰਧ ਨਾਲ ਕੋਈ ਸਰੋਕਾਰ ਨਹੀਂ ਹੈ, ਇਹ ਤਾਂ ਤਾਕਤ ਪ੍ਰਦਰਸ਼ਨ ਦਾ ਜ਼ਰੀਆ ਹੈ।" ਸੰਘਰਸ਼ਸ਼ੀਲ ਅਭਿਨੇਤਰੀਆਂ ਦੇ ਨਾਲ ਸੋਨਾ, ਸੈਟ 'ਤੇ ਸ਼ਰਾਬ ਪੀ ਕੇ ਆਉਣਾ, ਕਾਲੇ ਹਿਰਨ ਦਾ ਸ਼ਿਕਾਰ ਅਤੇ ਇਥੋਂ ਤੱਕ ਕਿ ਸੜਕ 'ਤੇ ਸੁੱਤੇ ਲੋਕਾਂ ਨੂੰ ਕੁਚਲ ਦੇਣਾ, ਬਾਲੀਵੁੱਡ ਸਫ਼ਲ ਲੋਕਾਂ ਦੇ ਦੁਰਵਿਹਾਰ ਨੂੰ ਸਨਕ ਸਮਝ ਕੇ ਖਾਰਿਜ ਕਰਦਾ ਰਿਹਾ ਹੈ। ਪਰ ਇਸ ਵਾਰੀ ਅਜਿਹਾ ਨਹੀਂ ਹੋਇਆ। ਬਦਕਿਸਮਤੀ ਨਾਲ ਅਹੂਜਾ ਏਨੇ ਵੱਡੇ ਅਭਿਨੇਤਾ ਨਹੀਂ ਹਨ ਜਿੰਨੇ ਉਹ ਬਣਨ ਦੀ ਉਮੀਦ ਰੱਖਦੇ ਹਨ। 2005 'ਚ ਸੁਧੀਰ ਮਿਸ਼ਰ ਦੀ ਫ਼ਿਲਮ ਹਜ਼ਾਰ ਖਾਹਿਸ਼ਾਂ ਅਜਿਹੀਆਂ 'ਚ ਉਹ ਮਦੁਭਾਸ਼ੀ ਵਿਕ੍ਰੇਤਾ ਬਣੇ ਹਨ ਜੋ ਸਫਲ ਹੋਣ ਨੂੰ ਬੇਤਾਬ ਹਨ। ਪਿਛਲੇ ਪੰਜ ਸਾਲਾਂ 'ਚ ਉਨ੍ਹਾਂ ਨੇ 14 ਫਿਲਮਾਂ ਵਿਚ ਕੰਮ ਕੀਤਾ ਪਰ ਉਨ੍ਹਾਂ ਦੀ ਸਭ ਤੋਂ ਹਿੱਟ ਫਿਲਮ ਅਨੁਰਾਗ ਬਸੂ ਦੀ ਗੈਂਗਸਟਰ ਰਹੀ ਹੈ। ਜਿਸ ਵਿਚ ਉਨ੍ਹਾਂ ਨੇ ਪਿਆਰ 'ਚ ਡੁੱਬੇ ਅਪਰਾਧੀ ਦੀ ਭੂਮਿਕਾ ਕੀਤੀ ਸੀ। ਉਸ ਦੌਰ 'ਚ ਉਨ੍ਹਾਂ ਦੇ ਨਾਲ ਕੰਮ ਕਰਨ ਵਾਲੇ ਯਾਦ ਕਰਦੇ ਹਨ ਕਿ ਅਹੂਜਾ ਕਿਹਾ ਕਰਦੇ ਸਨ ਕਿ ਉਹ ਇਕ ਦਿਨ ਅਮਿਤਾਬ ਬਚਨ ਤੋਂ ਵੀ ਵੱਡੇ ਅਭਿਨੇਤਾ ਬਣਨਗੇ। ਇਹ ਸਵੈ ਵਿਸ਼ਵਾਸ ਗਲਤ ਸਾਬਤ ਹੋਇਆ, ਤਿੰਨ ਵੱਡੀਆਂ ਫ਼ਿਲਮਾਂ ਫਲਾਪ ਹੋ ਗਈਆਂ। ਤਨੂਜਾ ਚੰਦਰਾ ਦੀ ਜ਼ਿੰਦਗੀ ਰਾਕਸ ਮਿਸ਼ਰ ਦੀ ਖੋਇਆ-ਖੋਇਆ ਚਾਂਦ ਕੁਣਾਲ ਸ਼ਿਵਦਾਸਾਨੀ ਦੀ ਹਾਈਜੈਕ, ਫਿਲਮ ਨਿਰਮਾਤਾ ਮਹੇਸ਼ ਭੱਟ ਕਹਿੰਦੇ ਹਨ, "ਮੈਨੂੰ ਯਾਦ ਹੈ ਕਿ ਮੈਂ ਉਸ ਨੂੰ ਕਿਹਾ ਸੀ, ਲੋਕਾਂ ਦੀ ਝੂਠੀ ਪ੍ਰਸੰਸਾ 'ਤੇ ਯਕੀਨ ਕਰਕੇ ਉਹ ਆਪਣਾ ਕੈਰੀਅਰ ਤਬਾਹ ਕਰ ਰਿਹਾ ਹੈ।" ਇਹ ਉਹ ਸਮਾਂ ਸੀ ਜਦ ਅਹੂਜਾ ਨੇ ਪੈਸੇ ਦੀ ਤਾਕਤ ਦੇ ਸੁਆਦ ਨੂੰ ਚੱਖਣਾ ਸ਼ੁਰੂ ਕੀਤਾ ਸੀ ਅਤੇ ਉਹ ਇਕ ਫਿਲਮ ਲਈ 1.5 ਤੋਂ 2 ਕਰੋੜ ਤੱਕ ਦੀ ਮੰਗ ਕਰਨ ਲੱਗੇ ਸਨ ਅਤੇ ਨਿਰਮਾਤਾ ਉਨ੍ਹਾਂ ਨੂੰ ਦੇ ਵੀ ਰਹੇ ਸਨ। ਭੱਟ ਕਹਿੰਦੇ ਹਨ, "ਉਨ੍ਹਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਸੀ ਕਿ ਬੰਦੇ ਨੂੰ ਉਨੀ ਹੀ ਕੀਮਤ ਮੰਗਣੀ ਚਾਹੀਦੀ ਹੈ ਜਿੰਨੀ ਵਾਪਸ ਕਰ ਸਕੇ।" ਸ਼ਾਇਨੀ ਆਪਣੇ ਕੈਰੀਅਰ ਨੂੰ ਫਿਰ ਲਾਈਨ 'ਤੇ ਲਿਆਉਣਾ ਚਾਹੁੰਦੇ ਸਨ ਪਰ ਦੁੱਖ ਦੀ ਗੱਲ ਹੈ ਕਿ ਅਜਿਹਾ ਨਹੀਂ ਹੋਇਆ "ਗੈਗਸਟਰ ਅਤੇ ਲਾਈਫਇਨ ਏ ਮੇਟਰੋ" 'ਚ ਉਨ੍ਹਾਂ ਨੂੰ ਨਿਰਦੇਸ਼ਤ ਕਰਨ ਵਾਲੇ ਬਸੂ ਦੱਸਦੇ ਹਨ ਕਿ ਪਿੱਛੇ ਜਿਹੇ ਹੀ ਉਨ੍ਹਾਂ ਦੀ ਉਸ ਨਾਲ ਗੱਲਬਾਤ ਹੋਈ ਸੀ ਅਤੇ ਉਨ੍ਹਾਂ ਨੇ ਮੰਨਿਆ ਸੀ ਕਿ ਅੱਜ ਕੱਲ ਉਨ੍ਹਾਂ ਕੋਲ ਕੋਈ ਫਿਲਮ ਨਹੀਂ ਹੈ। ਪਿੱਛੇ ਜਿਹੇ ਹੀ ਪ੍ਰਦਰਸ਼ਿਤ ਜਾਹਨੁ ਬਰੂਆ ਦੀ ਫਿਲਮ ਹਰ ਪਲ ਪ੍ਰਦਰਸ਼ਨ ਲਈ ਸਾਲ ਭਰ ਤੋਂ ਤਿਆਰ ਅਤੇ ਪੈਸੇ ਦੀ ਵਜ੍ਹਾ ਕਰਕੇ ਉਨ੍ਹਾਂ ਨੇ ਸਮੀਖਿਅਕਾਂ ਦੀ ਚਹੇਤੀ ਬਣ ਗਈ ਫਿਲਮ "ਓਏ ਲੱਕੀ ਓਏ" ਠੁਕਰਾ

ਦਿੱਤੀ ਸੀ। ਅਹੂਜਾ ਦੇ ਨਾਲ ਤਿੰਨ ਫਿਲਮਾਂ "ਹਜ਼ਾਰੋਂ ਖ਼ੁਵਾਹਿਸ਼ੇ" ਰੁਚੀ ਨਰਾਇਣ ਦੀ ਕਲ-ਟੂਮਾਰੋ ਐਂਡ ਥਸਟਰਡੇ ਅਤੇ ਖੋਇਆ ਖੋਇਆ ਚਾਂਦ ਦਾ ਨਿਰਦੇਸ਼ਨ ਜਾਂ ਨਿਰਮਾਣ ਕਰਨ ਵਾਲੇ ਸੁਧੀਰ ਮਿਸ਼ਰ ਕਹਿੰਦੇ ਹਨ "ਮੈਂ ਤਾਂ ਕਲਪਨਾ ਵੀ ਨਹੀਂ ਕਰ ਸਕਦਾ ਕਿ ਇਹ ਲੜਕਾ ਕਿਸੇ ਨਾਲ ਬਲਾਤਕਾਰ ਕਰ ਸਕਦਾ ਹੈ। ਮੇਰੇ ਨਾਲ ਬਹੁਤ ਸਾਰੀਆਂ ਲੜਕੀਆਂ ਕੰਮ ਕਰਦੀਆਂ ਹਨ, ਉਹ ਸਭ ਬੇਹੱਦ ਤੇਜ਼ ਹਨ ਜੇ ਉਸ ਨੇ ਕਿਸੇ ਨਾਲ ਬਦਤਮੀਜ਼ੀ ਕੀਤੀ ਹੁੰਦੀ ਤਾਂ ਉਹ ਉਸ ਨੂੰ ਮਜ਼ਾ ਚਖਾ ਦਿੰਦੀ, ਅਹੂਜਾ ਤੇ ਉਸ ਦੀ ਪਤਨੀ ਮਹੀਨਾ ਭਰ ਪਹਿਲਾਂ ਮੈਨੂੰ ਮਿਲੇ ਸਨ, ਉਸ ਨੇ ਮੈਨੂੰ ਦੱਸਿਆ ਕਿ ਉਹ ਵੱਡੇ ਘਰ 'ਚ ਆਪਣੇ ਮਾਂ-ਬਾਪ ਨੂੰ ਲਿਆਉਣਾ ਚਾਹੁੰਦਾ ਹੈ।" ਮੁੰਬਈ 'ਚ ਬਤੌਰ ਮਾਡਲ ਆਪਣਾ ਕੈਰੀਅਰ ਸ਼ੁਰੂ ਕਰਨ ਵਾਲੇ ਅਹੂਜਾ ਨੇ ਲਗਭਗ 60 ਇਸ਼ਤਿਹਾਰਬਾਜ਼ੀਆਂ ਕੀਤੀਆਂ, ਮੀਡੀਆ 'ਚ ਪ੍ਰਚਾਰ ਦਾ ਉਨ੍ਹਾਂ ਨੂੰ ਜਨੂੰਨ ਸੀ, ਕਾਲਮ 'ਚ ਕਿੰਨੀ ਖ਼ਬਰ ਛਪਦੀ ਹੈ, ਇਸ ਦਾ ਵੀ ਉਨ੍ਹਾਂ 'ਤੇ ਨਸ਼ਾ ਸੀ ਅਤੇ ਅਖਬਾਰਾਂ 'ਚੋਂ ਫੋਟੋ ਛਪਵਾਉਣ ਦਾ ਵੀ। ਉਹ ਪੰਜ ਪ੍ਰਚਾਰ ਬਦਲੇ ਚੁਕੇ ਹਨ, ਕਿਸੇ ਨਾਲ ਉਨ੍ਹਾਂ ਦੀ ਬਣਦੀ ਨਹੀਂ, ਲੋਕਾਂ 'ਚ ਰਹਿਣ ਦਾ ਉਨ੍ਹਾਂ ਨੂੰ ਚੱਜ ਨਹੀਂ ਹੈ" ਬਾਲੀਵੁੱਡ 'ਚ ਤਾਂ ਸਬੰਧ ਬਹੁਤ ਮਹੱਤਵਪੂਰਨ ਹੁੰਦੇ ਹਨ ਖਾਸ ਕਰਕੇ ਉਦੋਂ ਜਦੋਂ ਚਰਿਤਰ ਦਾ ਸਬੂਤ ਚਾਹੀਦਾ ਹੈ। ਸਬੰਧ ਉਦੋਂ ਵੀ ਮਹੱਤਵਪੂਰਨ ਹੁੰਦੇ ਹਨ ਜਦ ਕੈਰੀਅਰ ਨਵੇਂ ਸਿਰੇ ਤੋਂ ਸ਼ੁਰੂ ਕਰਨਾ ਹੈ। ਜਿਵੇਂ ਸੰਜੇ ਦੱਤ ਤੇ ਸਲਮਾਨ ਖਾਨ ਨੇ ਆਪਣੀ ਜੇਲ ਯਾਤਰਾ ਤੋਂ ਵਾਪਸ ਪਰਤ ਕੇ ਦੱਸਿਆ ਹੈ। ਅਹੂਜਾ ਕਦੀ ਵੀ ਨਰਮ ਸਖਸ਼ ਵਜੋਂ ਨਹੀਂ ਜਾਣੇ ਜਾਂਦੇ। ਇਡੰਬਨਾ ਹੀ ਹੈ ਕਿ ਹਮੇਸ਼ਾ ਫਰੰਟ ਪੇਜ 'ਤੇ ਛਪਣ ਜਾਂ ਫਿਲਮੀ ਪ੍ਰੋਗਰਾਮਾਂ 'ਚ ਫਰੰਟ ਸੀਟ 'ਤੇ ਬੈਠਣ ਨੂੰ ਬੇਤਾਬ ਅਹੂਜਾ ਨੇ ਪੁਲਸ ਵੈਨ 'ਚ ਬੈਠਦਿਆਂ ਹੀ ਚਿਹਰਾ ਢਕ ਕੇ ਸਭ ਤੋਂ ਵੱਡੀ ਸ਼ੋਹਰਤ ਹਾਸਲ ਕਰ ਲਈ। ਪਹਿਲੇ ਸਕੈਂਡਲ ਆਦਮੀ ਨੂੰ ਰੋਚਕ ਤਾਂ ਲੱਗਦੇ ਹਨ, ਹੁਣ ਤਾਂ ਉਨ੍ਹਾਂ ਨੂੰ ਤੋੜ ਵੀ ਸਕਦੇ ਹਨ। ਇਥੋਂ ਤੱਕ ਕਿ ਇਸ ਮਾਮਲੇ 'ਚ ਰਿਅਲਟੀ ਟੀ. ਵੀ. ਜਿਸ ਤੇ ਥੱਕੇ-ਹਾਰੇ ਸਿਤਾਰੇ ਦਰਸ਼ਕਾਂ ਤੋਂ ਨਵਾਂ ਜੀਵਨ ਹਾਸਲ ਕਰਨ ਦੀ ਉਮੀਦ ਰੱਖਦੇ ਹਨ, ਪਰ ਅਹੂਜਾ ਨੂੰ ਨਵਾਂ ਜੀਵਨ ਮਿਲਣ ਦੀ ਉਮੀਦ ਨਹੀਂ ਹੈ।

# ਆਂਧਰਾ ਪ੍ਰਦੇਸ਼ 'ਚ ਜਬਰ ਦਾ ਦੌਰ

ਪਸ਼ੂਪਤੀ ਤੋਂ ਤਿਰੂਪਤੀ ਤੱਕ ਆਪਣੀ ਸਰਗਰਮ ਮੌਜੂਦਗੀ ਦਰਜ ਕਰਵਾ ਚੁੱਕੇ ਮਾਓਵਾਦੀ ਸੰਗਠਨ ਆਪਣੀਆਂ ਯੋਜਨਾਵਾਂ ਨੂੰ ਅੰਜ਼ਾਮ ਦੇ ਕੇ ਰਾਜਾਂ ਭਾਵੇਂ ਸਰਕਾਰ ਨੂੰ ਲਲਕਾਰ ਰਹੇ ਹਨ ਪਰ ਆਂਧਰਾ ਪ੍ਰਦੇਸ਼ 'ਚ ਮਾਓਵਾਦੀਆਂ ਖਿਲਾਫ ਚਲਾਈ ਗਈ 'ਗ੍ਰੇਹਾਊਂਡਸ' ਮੁਹਿੰਮ ਪਿੱਛੋਂ ਨਕਸਲੀ ਨੇਤਾ ਰਾਜ ਤੋਂ ਬਾਹਰ ਵੀ ਪਲਾਇਨ ਕੀਤੇ ਹਨ। ਲਿਟੇ ਤੋਂ ਟਰੇਨਿੰਗ ਲੈ ਕੇ ਆਂਧਰਾ ਪ੍ਰਦੇਸ਼ ਤੇ ਦੂਜੇ ਰਾਜਾਂ 'ਚ ਆਪਣੇ ਸਾਥੀਆਂ ਲਈ ਬਾਰੂਦੀ ਸੁਰੰਗਾਂ ਵਿਛਾਉਣ 'ਚ ਰਵਾਇਤੀ ਨਕਸਲੀ ਨੇਤਾ ਪਟੇਲ ਸੁਧਾਕਰ ਰੇਡੀ ਪੁਲਸ ਕਾਰਵਾਈ ਦੌਰਾਨ ਸ਼ਹੀਦ ਹੋ ਗਏ। ਸਰਕਾਰ ਦੀ ਇਸ ਕਾਰਵਾਈ ਕਾਰਨ ਨਕਸਲੀ ਰਾਜ ਤੋਂ ਬਾਹਰ ਵੀ ਪਲਾਇਨ ਹੋਏ ਹਨ, ਹੁਣ ਉਹ ਆਂਧਰਾ, ਉੜੀਸਾ, ਛਤੀਸਗੜ (ਦਾਂਤੇਵਾੜਾ), ਝਾਰਖੰਡ, ਕਰਨਾਟਕ ਤੇ ਮਹਾਂਰਾਸ਼ਟਰ ਵੱਲ ਰੁਖ ਕਰਨ ਲੱਗੇ ਹਨ। ਆਂਧਰਾ ਪ੍ਰਦੇਸ਼ ਦੇ ਕੁਲ 22 ਜ਼ਿਲ੍ਹਿਆਂ ਵਿਚੋਂ ਲਗਭਗ 10 ਜ਼ਿਲ੍ਹੇ ਨਕਸਲ ਪ੍ਰਭਾਵਿਤ ਜਾਣੇ ਜਾਂਦੇ ਹਨ। ਖਾਸ ਕਰਕੇ ਉਤਰੀ ਤਿਲੰਗਾਨਾ ਖੇਤ 'ਚ ਮਾਓਵਾਦੀ ਸੰਗਠਨਾਂ ਦਾ ਖਾਸਾ ਅਸਰ ਰਿਹਾ ਹੈ। ਅਦਿਲਾਬਾਦ, ਨਿਜਮਾਬਾਦ, ਮੇਡਕ, ਵਾਰੰਗਲ, ਕਰੀਮ ਨਗਰ ਦੇ ਅਲਾਵਾ ਕਰਨੂਲ ਆਦਿ ਜ਼ਿਲ੍ਹਿਆਂ ਵਿਚ ਮਾਓਵਾਦੀ ਆਪਣਾ ਜਨਤਕ ਆਧਾਰ ਬਣਾਉਣ 'ਚ ਸਫਲ ਰਹੇ ਹਨ। 2005 'ਚ ਆਪਣੀ ਕਾਰਵਾਈ 'ਚ ਨਕਸਲੀਆਂ ਨੇ 320 ਲੋਕਾਂ ਨੂੰ ਨਿਸ਼ਾਨਾ ਬਣਾ ਕੇ ਆਂਧਰਾ ਪ੍ਰਦੇਸ਼ ਦੀ ਸਰਕਾਰ ਦੇ ਲਈ ਚਣੌਤੀ ਪੈਦਾ ਕਰ ਦਿੱਤੀ ਸਿੱਟੇ ਵਜੋਂ ਰਾਜ ਦੇ ਮੁੱਖ ਮੰਤਰੀ ਵਾਵੀ ਰਾਜਸ਼ੇਖਰ ਰੇਡੀ ਨੂੰ ਨਕਸਲੀਆਂ ਖਿਲਾਫ ਆਪਣੀ ਰਣਨੀਤੀ 'ਚ ਭਾਰੀ ਤਬਦੀਲੀ ਕਰਨੀ ਪਈ। 'ਗ੍ਰੇਹਾਊਂਡਸ ਮੁਹਿੰਮ ਰਾਹੀਂ ਸਰਕਾਰੀ ਨਕਸਲੀਆਂ ਖਿਲਾਫ ਗੁਰੀਲਾ ਯੁੱਧ ਛੇੜਨ ਲਈ ਮਜ਼ਬੂਰ ਹੋਈ ਜਿਸ ਕਾਰਨ ਵੱਡੀ ਗਿਣਤੀ 'ਚ ਨਕਸਲੀ ਨੇਤਾ ਬਾਹਰ ਵੀ ਦੂਜੇ ਸੂਬਿਆਂ 'ਚ ਗਏ ਹਨ। ਹਾਲਾਂਕਿ ਅਨਿਆਂ, ਅਤਿਆਚਾਰ ਤੇ ਗੈਰ ਬਰਾਬਰੀ ਦੇ ਮੁੱਦੇ 'ਤੇ ਹਥਿਆਰਬੰਦ ਸੰਘਰਸ਼ ਕਰ ਰਹੇ ਮਾਓਵਾਦੀਆਂ ਦੇ ਪ੍ਰਭਾਵ ਨੂੰ ਖਤਮ ਕਰਨਾ ਸਰਕਾਰ ਲਈ ਸੰਭਵ ਨਹੀਂ ਹੈ।

ਅਪ੍ਰੈਲ 27 ਨੂੰ ਹੁਗਲੀ 'ਚ ਲੋਕ ਸਭਾ ਚੋਣਾਂ ਦੇ ਬਾਈਕਾਟ ਦੀ ਅਪੀਲ ਕਰਕੇ ਪੰਜ ਨਕਸਲੀਆਂ ਸਮੇਤ ਪੁਲਸ ਨੇ 30 ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਕਰਨਾਟਕ 'ਚ ਨਕਸਲੀ ਸਰਗਰਮੀਆਂ ਭਾਵੇਂ ਨਾ ਮਾਤਰ ਹੀ ਹੋਣ ਪਰ ਰਾਜਾਂ ਦੀਆਂ ਖੁਫੀਆ ਏਜੰਸੀਆਂ ਇਹ ਮੰਨਦੀਆਂ ਹਨ ਕਿ ਨਕਸਲੀ ਇਥੇ ਵਿਸਥਾਰ ਕਰ ਰਹੇ ਹਨ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਪਿੱਛੇ ਜਿਹੇ ਪੂਰੇ ਹੋਏ ਲੋਕ ਸਭਾ ਚੁਣਾਵ ਦੌਰਾਨ 162 ਪੋਲਿੰਗ ਬੂਥ ਨਕਸਲ ਪ੍ਰਭਾਵਤ ਸਨ। ਗ੍ਰਹਿ ਮੰਤਰਾਲੇ 'ਚ ਨਕਸਲ ਡੇਸਰ 'ਤੇ ਤੈਨਾਤ ਇਕ ਅਧਿਕਾਰੀ ਨੇ ਮੰਨਿਆ ਕਿ ਵਿਤਕਰਾ, ਪੁਲਸੀ ਅਤਿਆਚਾਰ, ਜੰਗਲ ਤੇ ਜ਼ਮੀਨ ਖੋਹ ਲਏ ਜਾਣ ਤੋਂ ਇਲਾਵਾ ਲੁਟ, ਜਬਰ ਤੇ ਅਨਿਆਂ ਖਿਲਾਫ ਬੰਦੂਕ ਉਠਾਉਣ ਨੂੰ ਮਜ਼ਬੂਰ ਹੋਏ ਗਰੀਬ ਆਦੀਵਾਸੀ ਨੌਜਵਾਨਾਂ ਨੇ ਪੁਲਸ 'ਚ ਖਾਲੀ ਅਸਾਮੀਆਂ ਭਰਨ 'ਚ ਤੇਜੀ ਲਿਆਉਣ ਦਾ ਨਿਰਦੇਸ਼ ਦਿੱਤਾ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਵਿਚਾਰਧਾਰਾ ਨਾਲ ਜੁੜੇ ਨਕਸਲੀ ਸਮੱਸਿਆਵਾਂ ਦਾ ਰਾਹ ਜਾਂ ਹੱਲ ਸਿਰਫ ਬੰਦੂਕ ਨਹੀਂ ਹੋ ਸਕਦਾ ਉਨ੍ਹਾਂ ਲਈ ਆਰਥਕ ਤੇ ਸਮਾਜਕ ਤੌਰ 'ਤੇ ਪਹਿਲ ਦੀ ਲੋੜ ਹੈ। ਸਮੱਸਿਆ ਦਾ ਹੱਲ ਸਿਆਸੀ-ਆਰਥਕ ਹੈ।

# ਰਾਹੁਲ ਹੋਵੇ ਜਾਂ ਵਰੁਣ-ਕਿਸੇ ਤੋਂ ਉਮੀਦ ਹੈ ਕੋਈ?

ਰਾਹੁਲ ਤੇ ਵਰੁਣ ਗਾਂਧੀ ਦੀਆਂ ਚੋਣਾਂ ਸਮੇਂ ਤੁਲਨਾ ਦਾ ਜੋ ਦੌਰ ਸ਼ੁਰੂ ਹੋਇਆ ਸੀ, ਉਹ ਰੁਕਦਾ ਨਜ਼ਰ ਨਹੀਂ ਆ ਰਿਹਾ ਹੈ। ਮੀਡੀਆ 'ਚ ਇਨ੍ਹਾਂ ਦੋਹਾਂ ਦੀ ਤੁਲਨਾ ਕਰਦੇ ਸਮੇਂ ਕਿਹਾ ਜਾ ਰਿਹਾ ਹੈ ਕਿ ਇਕ ਦੀ ਰਾਜਨੀਤੀ ਰਚਨਾਤਮਕ ਤੇ ਦੂਜੀ ਦੀ ਵਿਨਾਸ਼ਕਾਰੀ ਹੈ। ਮੀਡੀਆ ਇਕ ਪਾਸੇ ਰਾਹੁਲ ਦੇ ਕਿਸੇ ਦਲਿਤ ਦੇ ਘਰ ਰੋਟੀ ਖਾਂਦੇ ਹੋਏ ਜਾਂ ਬੱਠਲ 'ਚ ਮਿੱਟੀ ਢੋਂਦੇ ਵਿਖਾਇਆ ਗਿਆ ਹੈ ਤਾਂ ਦੂਜੇ ਪਾਸੇ ਵਰੁਣ ਗਾਂਧੀ ਨੂੰ ਤੇਜ਼ ਤਰਾਰ ਫਿਰਕੂ ਭਾਸ਼ਣ ਦਿੰਦੇ ਹੋਏ ਵਿਖਾਇਆ ਜਾਂਦਾ ਹੈ। ਇਕ ਕਾਂਗਰਸ ਦਾ ਯੁਵਰਾਜ ਹੈ ਤੇ ਦੂਜੇ ਨੂੰ ਆਰ. ਐਸ. ਐਸ. ਨੇ ਗੋਦ ਲਿਆ ਹੋਇਆ ਹੈ। ਵੇਖਿਆ ਜਾਵੇ ਤਾਂ ਦੋਨੋਂ ਇਕ ਹੀ ਵੰਸ (ਦਰੱਖਤ) ਦੀਆਂ ਟਹਿਣੀਆਂ ਹਨ। ਇਕ ਦਾ ਬਾਪ ਰਾਜੀਵ, ਦੂਜੇ ਦਾ ਬਾਪ ਸੰਜੇ ਅਤੇ ਇਨ੍ਹਾਂ ਦੋਹਾਂ ਦੀ ਮਾਂ ਇੰਦਰਾ ਗਾਂਧੀ। ਇੰਦਰਾ ਗਾਂਧੀ ਐਮਰਜੈਂਸੀ ਦਾ ਐਲਾਨ ਕਰਨ ਵਾਲੀ, ਭਾਰਤ ਦੇ ਸੰਵਿਧਾਨ 'ਚ ਸਮਾਜਵਾਦ ਘਸੋੜਨ ਵਾਲੀ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸੰਮੇਲਨ ਨੂੰ ਸੰਬੋਧਿਤ ਕਰਨ ਵਾਲੀ। ਇੰਦਰਾ ਗਾਂਧੀ ਦੀ ਰਾਜਨੀਤੀ ਆਰ. ਐਸ. ਐਸ. ਦੇ ਸੇਵਕ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਦਿਲ ਦੇ ਏਨੀ ਨੇੜੇ ਸੀ ਕਿ ਇਕ ਸਮੇਂ ਉਹ ਇੰਦਰਾ ਗਾਂਧੀ ਨੂੰ 'ਦੁਰਗ ਮਾਂ' ਕਹਿ ਬੈਠੇ। ਵਾਜਪਾਈ ਦੇ ਮੂੰਹ 'ਚੋਂ ਦੁਰਗਾ ਸ਼ਬਦ ਕਿਉਂ ਨਿਕਲਿਆ ਕਿਉਂਕਿ ਗਾਂਧੀ ਨੇ ਇਕ ਮੁਸਲਿਮ ਦੇਸ਼ ਪਾਕਿਸਤਾਨ ਦੇ ਦੋ ਟੋਟੇ ਕਰ ਦਿੱਤੇ ਸਨ। ਇਸ ਤਰ੍ਹਾਂ ਰਾਜੀਵ ਗਾਂਧੀ ਨੇ ਬਾਬਰੀ ਦਾ ਤਾਲਾ ਖੁਲਵਾ ਕੇ 'ਰਾਮ ਲੀਲਾ' ਦੇ ਦਰਸ਼ਨ ਦੀ ਛੋਟ ਦੇ ਕੇ ਕੀ ਸੰਘ-ਭਾਜਪਾ ਦੀ ਮਨਪਸੰਦ ਰਾਜਨੀਤੀ ਨਹੀਂ ਕੀਤੀ ਸੀ। ਅਸਲ ਵਿਚ ਰਾਸ਼ਟਰੀ ਸਵੰਮ ਸੇਵਕ ਸੰਘ (ਆਰ. ਐਸ. ਐਸ. - ਭਾਜਪਾ) ਦੀ ਦਿੱਕਤ ਇਹ ਹੈ ਕਿ ਉਨ੍ਹਾਂ ਦੀ ਸਾਰੀ ਤੇਜ਼ ਤਰਾਰੀ ਦੇ ਬਾਵਜੂਦ ਉਨ੍ਹਾਂ ਦੀ ਪੂਰੀ ਦੀ ਪੂਰੀ ਰਾਜਨੀਤੀ ਕਾਂਗਰਸ 'ਚ ਸਮੋ ਜਾਂਦੀ ਹੈ ਅਤੇ ਇਹ ਅੱਜ ਤੋਂ ਨਹੀਂ ਆਰ. ਐਸ. ਐਸ. ਦੇ ਜਨਮ ਤੋਂ ਹੈ। ਲਾਲਾ ਲਾਜਪਤ ਰਾਏ, ਮਦਨ ਮੋਹਨ ਮਾਲਵੀਆ, ਬਾਲ ਗੰਗਾਧਰ ਤਿਲਕ, ਮਹਾਤਮਾ ਗਾਂਧੀ ਆਦਿ ਸਭ ਪ੍ਰਤੀਕ ਪੁਰਸ਼ਾਂ ਦੀਆਂ ਰਚਨਾਵਾਂ ਤੇ ਵਾਕਾਂ 'ਚ ਇਹ ਸਭ ਤਰਕ, ਤੱਥ ਪ੍ਰਣਾਮ, ਇਤਿਹਾਸ ਦੇ ਹਵਾਲੇ ਆਦਿ ਮਿਲ ਜਾਣਗੇ ਜੋ ਅੱਜ ਤੱਕ, ਆਰ. ਐਸ. ਐਸ. ਦਿੰਦਾ ਆ ਰਿਹਾ ਹੈ। ਜਿਸ "ਲੋਹ ਪੁਰਸ਼" ਦੀ ਨਕਲ ਕਰਕੇ ਅਡਵਾਨੀ ਨੂੰ "ਲੋਹ ਪੁਰਸ਼" ਐਲਾਨਿਆ ਜਾ ਰਿਹਾ ਹੈ, ਉਹ ਵੀ ਕੱਟੜ ਕਾਂਗਰਸੀ ਸਨ। ਸਰਦਾਰ ਬਲਵ ਭਾਈ ਭਾਜਪਾਈ ਮੰਨਦੇ ਹਨ ਯਾਨੀ ਸੰਘ ਆਪਣੀ ਸਾਰੀ ਹਿੰਦੂ ਫਾਸਿਸਟ ਵਿਚਾਰਧਾਰਾ ਦੇ ਨਾਲ ਕਾਂਗਰਸ 'ਚ ਸਮਾਅ ਜਾਂਦਾ ਹੈ। ਜਿਨ੍ਹਾਂ ਨੇਤਾਵਾਂ ਦੀ ਭਾਜਪਾਈ ਨਕਲ ਕਰਦੇ ਹਨ ਉਹ ਵੀ ਕਾਂਗਰਸੀ ਅਤੇ ਕਾਂਗਰਸ ਤਿਲਕ ਦੇ ਜ਼ਮਾਨੇ ਤੋਂ ਲੈ ਕੇ ਅੱਜ ਤੱਕ ਕੀ ਕਰਦੀ ਰਹੀ ਹੈ। ਤਿਲਕ ਨੂੰ ਆਪਣੇ ਬ੍ਰਾਹਮਣ ਹੋਣ 'ਤੇ ਫਖਰ ਸੀ। ਤਿਲਕ 'ਗਣੇਸ਼ ਮਹਾਉਤਸਵ' ਦੇ ਆਯੋਜਨ ਦੀ ਸ਼ੁਰੂਆਤ ਕਰਦੇ ਹਨ ਅਤੇ ਬਾਲ ਵਿਆਹ ਦੇ ਹਮਾਇਤੀ ਸਨ। ਗਾਂਧੀ ਜੀ ਤਿਲਕ ਤੋਂ ਕੋਈ ਖਾਸ ਵੱਖਰੇ ਨਹੀਂ ਸਨ। ਜਾਤੀ ਪ੍ਰਥਾ, ਵਰੁਣਾਸ਼ਰਮ ਸਮੇਤ ਹਿੰਦੂ ਧਰਮ ਦੀਆਂ ਸਾਰੀ ਕਿਸਮ ਦੀਆਂ ਵਿਕਿਰਤੀਆਂ ਦੇ ਹਮਾਇਤੀ ਬਸ ਸੁਧਾਰਾਂ ਦੇ ਨਾਂ

’ਤੇ ਅਸਪ੍ਰਸ਼ਤਾ ਦਾ ਵਿਰੋਧ ਅਤੇ ਸ਼ੂਦਰਾਂ ਨੂੰ ‘ਹਰੀਜਨ’ ਐਲਾਨ ਕਰਨਾ ਇਸ ਤਰ੍ਹਾਂ ਨਹਿਰ ਦੀ ਹਕੂਮਤ ਸਮੇਂ ਵੀ ਬਾਬਰੀ ਮਸਜਿਦ ਵਿਚ ਰਾਮਲਲਾ ਦੀ ਮੂਰਤੀ ‘ਪ੍ਰਗਟ’ ਹੋਈ ਸੀ। ਭਿੰਡਰਾਂਵਾਲਾ, ਬਾਲ ਠਾਕਰੇ ਤੋਂ ਲੈ ਕੇ ਰਾਜ ਠਾਕਰੇ ਕਾਂਗਰਸ ਦੀ ਹੀ ਪੈਦਾਇਸ਼ ਹੈ। ਇਸ ਵਿਚ ਆਉਂਦਾ ਹੈ, ਤਾਂ ਨਾ ਉਸ ਨੂੰ ਕੋਈ ਦਿੱਕਤ ਹੁੰਦੀ ਹੈ, ਨਾ ਕਾਂਗਰਸ ਨੂੰ। ਕਲ ਨੂੰ ਵਰੁਣ ਗਾਂਧੀ ਕਾਂਗਰਸ ’ਚ ਆ ਜਾਵੇ ਤਾਂ ਰਾਜਸੀ ਪ੍ਰਤੀਬੱਧਤਾ ਤੇ ਅਸੁਵਿਧਾ ਨੂੰ ਛੱਡ ਦਿੱਤਾ ਜਾਵੇ ਤਾਂ ਵਰੁਣ ਗਾਂਧੀ ਦੀ ਰਾਜਨੀਤੀ, ਸ਼ੈਲੀ ਸਭ ਕਾਂਗਰਸ ’ਚ ਜਜ਼ਬ ਹੋ ਜਾਵੇਗੀ। ਇਸ ਦੇ ਉਲਟ ਭਾਜਪਾ ਜਦ ਕਾਂਗਰਸ ਦੀ ਨੀਤੀ ਦਾ ਅਨੁਸ਼ਰਨ ਕਰਦੀ ਹੈ ਜਾਂ ਆਪਣੇ ਆਪ ਨੂੰ ਉਸ ’ਚ ਢਾਲਣ ਦੀ ਕੋਸ਼ਿਸ਼ ਕਰਦੀ ਹੈ ਤਾਂ ਉਹ ਕਾਂਗਰਸ ਦੀ ਜ਼ਮੀਨ ਹਾਸਲ ਕਰਨ ਦੀ ਥਾਂ ’ਤੇ ਆਪਣੀ ਜ਼ਮੀਨ ਵੀ ਗੁਆ ਬੈਠਦੀ ਹੈ। ਜ਼ਮੀਨ ਖੋਹਣ ਦਾ ਡਰ ਉਸ ਨੂੰ ਖਾੜਕੂ ਹਿੰਦੂਤਵ ਦੇ ਜੁਮਲੇ ਦੁਹਰਾਉਣ ਨੂੰ ਮਜ਼ਬੂਰ ਕਰ ਦਿੰਦਾ ਹੈ। ਭਾਰਤੀ ਜਨਤਾ ਪਾਰਟੀ ਭਾਰਤ ਵਿਚ ਦੋ-ਪਾਰਟੀ ਪ੍ਰਣਾਲੀ ਦੀ ਹਮਾਇਤੀ ਹੈ। ਜੇ ਅਜਿਹਾ ਹੋ ਜਾਵੇ ਤਾਂ ਉਸ ਨੂੰ ਇਹ ਆਸ ਬੱਝ ਜਾਂਦੀ ਹੈ ਕਿ ਇਕ ਵਾਰੀ ’ਚ ਨਾ ਸਹੀ ਦੋ ਵਾਰੀ ’ਚ ਚੋਣਾਂ ਪਿੱਛੋਂ ਤਾਂ ਉਸ ਦਾ ਨੰਬਰ ਸੱਤਾ-ਸੁੱਖ ਹਾਸਲ ਕਰਨ ਦਾ ਆ ਹੀ ਜਾਂਦਾ ਹੈ। ਜਿਵੇਂ ਅਮਰੀਕਾ ’ਚ ਡੈਮੋਕ੍ਰੇਟਾਂ ਨੂੰ ਰਿਪਬਲਿਕਾਂ ਦੇ ਦੋ ਵਾਰ ਹਕੂਮਤੀ ਸੁੱਖ (ਬੁਸ਼ ਦੇ ਦੋ ਵਾਰੀ ਰਾਸ਼ਟਰਪਤੀ ਬਣਨ) ਭੋਗ ਲੈਣ ਪਿੱਛੋਂ ਉਨ੍ਹਾਂ ਦਾ (ਡੇਮੋਕ੍ਰੇਟ-ਓਬਾਮਾ) ਨੰਬਰ ਆ ਗਿਆ। ਅਜਿਹਾ ਨਾ ਹੋਣ ਕਰਕੇ ਵਿਚਾਰੇ ਅਡਵਾਨੀ ਉਡੀਕ ਕਰਦੇ ਹੀ ਰਹਿ ਗਏ। ਹੁਣ ਤਾਂ ਕਬਰ ਵੀ ਦੂਰ ਨਹੀਂ ਹੈ। ਭਾਜਪਾ ਤੇ ਕਾਂਗਰਸ ’ਚ ਇਕ ਵੱਡਾ ਫਰਕ ਇਹ ਹੈ ਕਿ ਕਾਂਗਰਸ ਨੂੰ ਦੇਸ਼ ਦੇ ਵੱਡੇ ਪੂੰਜੀਪਤੀ ਤੇ ਅਜ਼ਾਰੇਦਾਰ ਘਰਾਣਿਆਂ ਦੀ ਹਮਾਇਤ ਹਾਸਲ ਹੋਣ ਦੇ ਨਾਲ ਉਸ ਦਾ ਸਰਬ ਭਾਰਤੀ ਅਧਾਰ ਹੈ। ਇਸ ਗੱਲ ਦੀ ਖਿੱਲੀ ਨਰੇਂਦਰ ਮੋਦੀ ਕਾਂਗਰਸ ਨੂੰ 125 ਸਾਲ ਦੀ ਬੁੱਢੀ ਕਹਿ ਕੇ ਉਠਾ ਰਿਹਾ ਸੀ, ਇਹ ਗੱਲ ਕਾਂਗਰਸ ਦੇ ਹੱਕ ਵਿਚ ਜਾਂਦੀ ਹੈ। ਕਾਂਗਰਸ ਪਾਰਟੀ ਭਾਰਤ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੇ ਵਿਸ਼ਵਾਸ ਤੇ ਕਸੌਟੀ ਉੱਪਰ ਖਰੀ ਉਤਰੀ ਪਾਰਟੀ ਹੈ। ਬਿਡਲਾ, ਟਾਟਾ ਆਪਣੇ ਬਾਪ-ਦਾਦਿਆਂ ਦੇ ਜ਼ਮਾਨੇ ਤੋਂ ਕਾਂਗਰਸ ਨਾਲ ਰਹੇ ਹਨ।

ਕਾਂਗਰਸ ਦੀ ਸਿਆਸਤ ਇਸ ਤਰ੍ਹਾਂ ਭਾਰਤ ਦੀ ਵੱਡੀ ਦਲਾਲ ਸਰਮਾਏਦਾਰੀ ਦੇ ਹਿੱਤਾਂ ਨੂੰ ਪੂਰਨ ਵਾਲੀ ਹੈ। ਸਿਆਸਤ ਆਪਣੇ ਕਿਰਦਾਰ ਵਿਚ ਜਿਉਂ ਦੀ ਤਿਉਂ ਪ੍ਰਬੰਧ ਨੂੰ ਰੱਖਣ ਵਾਲੀ, ਸਮਝੌਤਾ ਪ੍ਰਸਤ, ਮੱਠੀ ਰਫ਼ਤਾਰ ਦੇ ਸੁਧਾਰਾਂ ਦੀ ਹਮਾਇਤੀ (ਯਾਨੀ ਬੁਨਿਆਦੀ ਤਬਦੀਲੀ ਤੇ ਖਾੜਕੂ ਸੁਧਾਰਾਂ ਤੋਂ ਪ੍ਰਹੇਜ) ਰਹੀ ਹੈ। ਇਹ ਸਿਆਸਤ, ਕਿਸ ਹੱਦ ਤੱਕ ਮੱਧਯੁੱਗੀ ਜਾਗੀਰੂ ਮੁੱਲਾਂ ਨਾਲ ਸਮਝੌਤਾ ਕਰਨ ਵਾਲੀ ਰਹੀ ਹੈ। ਇਸ ਦੀ ਉਦਾਹਰਣ ਤਿਲਕ-ਗਾਂਧੀ ਦੇ ਦਰਸ਼ਨ ਤੋਂ ਲੈ ਕੇ ਨਹਿਰੂ ਵੱਲੋਂ ਜਾਗੀਰਦਾਰਾਂ ਨੂੰ ਪ੍ਰੀਵੀ ਪਰਸ ਦੇਣ ’ਚ ਵੇਖੇ ਜਾ ਸਕਦੇ ਹਨ। ਦੂਜੇ ਪਾਸੇ ਇਸ ਨੂੰ ਅਧੁਨਿਕ ਉਦਯੋਗ ਧੰਦੇ ਯਾਨੀ ਪੂੰਜੀਵਾਦੀ ਵਿਕਾਸ ਵੀ ਚਾਹੀਦਾ ਹੈ ਪਰ ਇਹ ਵਿਕਾਸ ਅਜਿਹੇ ਤੇਜ ਸੁਧਾਰਾਂ ਜਾਂ ਇਨਕਲਾਬੀ ਢੰਗ ਨਾਲ ਨਾ ਹੋ ਜਾਵੇ ਕਿ ਕਿਸਾਨ, ਦਸਤਕਾਰ, ਮਜ਼ਦੂਰ ਇਸ ਪਾਸੋਂ ਹੀ ਹਕੂਮਤ ਖੋਹ ਲੈਣ। ਜਾਗੀਰਦਾਰੀ ਦਾ ਪੂਰਾ ਨਾਸ਼ ਕਰ ਦੇਣ। ਨਹਿਰੂ ਦਾ ਪੂਰਾ ਅਰਸਾ ਅਜਿਹੀਆਂ ਹੀ ਉਲਟ ਕਲਾਬਾਜ਼ੀਆਂ ਦਾ ਅਰਸਾ ਹੈ। ‘ਆਜ਼ਾਦੀ’ ਦੀ ਲੜਾਈ ’ਚ ਗਰਮ-ਗਰਮ ਗੱਲਾਂ ਕਰਨ ਵਾਲਾ ਨਹਿਰੂ

ਰਾਜਿਆਂ-ਮਹਾਰਾਜਿਆਂ-ਠਾਕੁਰਾਂ-ਜ਼ਿਮੀਦਾਰਾਂ ਦੇ ਸਾਹਮਣੇ ਮੱਖਣ ਤੋਂ ਵੱਧ ਮੁਲਾਇਮ ਹੋ ਜਾਂਦੇ ਹਨ। ਜਾਗੀਰਦਾਰੀ ਖਤਮ ਹੈ ਪਰ ਇਉਂ ਹੀ ਉਹ ਆਪਣੇ ਆਪ ਨੂੰ ਆਰਾਮ ਨਾਲ ਸਰਮਾਏਦਾਰ ਜਮਾਤ 'ਚ ਬਦਲ ਸਕਣ ਇਸ ਦੇ ਲਈ ਨਹਿਰੂ-ਇੰਦਰਾ ਨੇ ਪੂਰਾ ਬੰਦੋਬਸਤ ਕੀਤਾ। ਤਿਲਕ, ਗਾਂਧੀ, ਨਹਿਰੂ, ਪਟੇਲ, ਇੰਦਰਾ, ਰਾਜੀਵ ਕਿਸੇ ਦੇ ਵੀ ਵਿਚਾਰਾਂ ਦੀ ਪੜਤਾਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਮੱਧਯੁਗੀ ਮੁੱਲਾਂ ਨਾਲ ਤਾਲਮੇਲ ਬਿਠਾਉਂਦੇ ਹੋਈ ਪੂੰਜੀਪਤੀ ਜਮਾਤ ਦੇ ਹਿੱਤਾਂ ਦੀ ਰਾਖੀ ਕਰਨ ਤੇ ਉਨ੍ਹਾਂ ਦੇ ਸੁਆਰਥਾਂ ਨੂੰ ਅੱਗੇ ਵਧਾਉਣ ਦੀ ਬਹੁਤ ਖ਼ੂਬਸੂਰਤੀ ਨਾਲ ਕਸਰਤ ਕੀਤੀ ਗਈ ਹੈ। ਇਹ ਸਾਰੇ ਕੰਮ 'ਚ ਮਾਹਰ ਸਨ ਤੇ ਹੁਣ ਰਾਹੁਲ ਤੋਂ ਕੀ ਉਮੀਦ ਕਰ ਰਹੀ ਹੈ ਦੇਸ਼ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ। ਇਹੀ ਕਿ ਉਹ ਆਪਣੀ ਵੰਸ ਰਵਾਇਤ ਨੂੰ ਅੱਗੇ ਵਧਾਉਣ। ਉਹ ਕਾਂਗਰਸੀਆਂ ਦਾ ਹੀ ਨਹੀਂ ਦਲਾਲ ਸਰਮਾਏਦਾਰੀ ਦਾ ਵੀ ਯੁਵਰਾਜ ਹੈ। ਉਹ ਅਜਿਹੇ ਕੰਮ ਕਰੇ ਕਿ ਮਜ਼ਦੂਰ, ਕਿਸਾਨ, ਦਲਿਤ, ਆਦੀਵਾਸੀ, ਔਰਤਾਂ ਯਾਨੀ ਸਭ ਲੁੱਟੇ ਕੁੱਟੇ ਜਾਂਦੇ ਉਸ ਨੂੰ ਆਪਣਾ ਰਹਿਨੁਮਾ ਮੰਨ ਲੈਣ। ਉਸ 'ਚ ਆਪਣਾ ਅਕਸ ਵੇਖਣ ਤੇ ਭਾਰਤੀ ਦਲਾਲ ਸਰਮਾਏਦਾਰੀ ਦੀ ਉਮਰ ਲੰਬੀ ਕਰਨ ਲਈ ਗੱਲਾਂ ਦੀ ਉਹ ਜਾਦੂਗਿਰੀ ਵਿਖਾਉਣ ਜਿਵੇਂ ਉਸ ਦੇ ਬਾਪ, ਦਾਦੀ, ਦਾਦਾ, ਪਿਤਾ ਨੇ ਵਿਖਾਈ ਸੀ ਅਤੇ ਵਿਚਾਰੇ ਵਰੁਣ ਗਾਂਧੀ ਦੀ ਦਿੱਕਤ ਇਹ ਹੈ ਕਿ ਗਾਂਧੀ ਪਰਿਵਾਰ ਹੋਣ ਦੇ ਬਾਵਜੂਦ ਗਾਂਧੀ ਪਰਿਵਾਰ ਤੋਂ ਬਾਹਰ ਹਨ ਅਤੇ ਕਦੀ ਕਿਸਮਤ ਨੇ ਸਾਥ ਦਿੱਤਾ ਤਾਂ ਕਦੀ ਵੇਚਾਰੇ ਦਾ ਹਾਲ ਨੇਪਾਲ ਦੇ ਯੁਵਰਾਜ ਪਾਰਸ ਵਾਂਗੂੰ ਨਾ ਹੋਵੇ ਜਿਸ ਨੂੰ ਆਪਣਾ ਦੇਸ਼ ਛੱਡ ਕੇ ਭੱਜਣਾ ਪਿਆ।

# ਨਕਸਲੀ ਸਮੱਸਿਆਵਾਂ ਦੇ ਹੱਲ ਦਾ ਰਾਹ ਕੀ ਹੋਵੇ?

ਸ੍ਰੀ ਲੰਕਾ ਸਰਕਾਰ ਨੇ ਲਿਬਰੇਸ਼ਨ ਟਾਈਗਰਸ ਆਫ ਤਾਮਿਲ ਇਲਮ (ਲਿਟੇ) ਖਿਲਾਫ ਅਗਸਤ 2006 ਤੋਂ ਜਿਸ ਬੇਰਹਿਮ ਫੌਜੀ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਉਹ ਤਿੰਨ ਸਾਲਾਂ ਪਿੱਛੋਂ ਲਿਟੇ ਤੇ ਫੌਜੀ ਜਿੱਤ ਅਤੇ ਉਸ ਦੀ ਪੂਰੀ ਲੀਡਰਸ਼ਿਪ ਦਾ ਮੁਕੰਮਲ ਸਫਾਇਆ ਕਰਨ ਦੇ ਨਾਲ ਖਤਮ ਹੋ ਚੁਕੀ ਹੈ। ਸ੍ਰੀ ਲੰਕਾ ਸਰਕਾਰ ਨੇ ਇਹ ਜਿੱਤ ਸਾਮਰਾਜੀ ਦੇਸ਼ਾਂ, ਖਾਸ ਤੌਰ 'ਤੇ ਅਮਰੀਕੀ ਸਾਮਰਾਜਵਾਦ ਅਤੇ ਭਾਰਤ-ਪਾਕਿਸਤਾਨ ਦੀਆਂ ਸਰਕਾਰਾਂ ਦੀ ਪੂਰਨ ਰਾਜਸੀ, ਆਰਥਕ ਤੇ ਫੌਜੀ ਮਦਦ ਨਾਲ ਹਾਸਲ ਕੀਤੀ ਹੈ। ਸੁਭਾਵਿਕ ਤੌਰ 'ਤੇ ਇਹ ਸਭ ਤਾਕਤਾਂ ਇਸ ਜਿੱਤ ਦਾ ਜਸ਼ਨ ਮਨਾ ਰਹੀਆਂ ਹਨ। ਇਨ੍ਹਾਂ ਸਾਰਿਆਂ ਨੇ ਸ੍ਰੀ ਲੰਕਾ 'ਚ ਤਮਿਲ ਜਨਤਾ ਵੱਲੋਂ ਸਾਹਮਣਾ ਕੀਤੀਆਂ ਜਾ ਰਹੀਆਂ ਸਮੱਸਿਆਵਾਂ ਨੂੰ ਸਿਰਫ 'ਮਾਨਵੀ' ਸਹਾਇਤਾ ਤੇ ਮੁੜ ਵਸੇਬੇ ਦੇ ਸੁਆਲ ਤੱਕ ਸੀਮਤ ਕਰ ਦਿੱਤਾ ਹੈ। ਸ੍ਰੀ ਲੰਕਾ ਦੀ ਹਕੂਮਤੀ ਪ੍ਰਣਾਲੀ, ਸਾਮਰਾਜੀ ਤੇ ਦੁਨੀਆਂ ਭਰ ਦੇ ਪਿਛਾਖੜੀ ਇਸ ਸਮੱਸਿਆ ਨੂੰ ਨਕਾਰਨ ਦੀਆਂ ਕਿੰਨੀ ਵੀ ਕੋਸ਼ਿਸ਼ ਕਰ ਲੈਣ ਇਹ ਸਮੱਸਿਆ ਬੁਨਿਆਦੀ ਤੌਰ 'ਤੇ ਸ੍ਰੀ ਲੰਕਾ 'ਚ ਤਮਿਲ ਜਨਤਾ ਦੇ ਆਤਮ-ਨਿਰਣੇ ਦੇ ਅਧਿਕਾਰ ਦਾ ਮਸਲਾ ਹੇ। ਦਹਾਕਿਆਂ ਦੇ ਨਸਲਵਾਦੀ ਜਬਰ-ਜ਼ੁਲਮ ਪਿੱਛੋਂ ਇਹ 1970 ਦੇ ਦਹਾਕੇ 'ਚ ਇਕ ਵਿਸਫੋਟ ਵਜੋਂ ਸਾਹਮਣੇ ਆਇਆ ਸੀ। ਸਿੰਹਾਲੀ ਬਹੁਗਿਣਤੀ ਸ੍ਰੀ ਲੰਕਾ 'ਚ ਸਿੰਹਾਲੀ ਕੌਮਾਂਤਰੀਵਾਦੀ ਹਕੂਮਤੀ ਵਰਗਾਂ, ਉਨ੍ਹਾਂ ਦੇ ਰਾਜਸੀ ਨੁਮਾਇੰਦਿਆਂ ਤੇ ਸਿੰਹਾਲੀ ਬਹੁਗਿਣਤੀ ਫੌਜ ਦਾ ਇਸ ਸਮੱਸਿਆ ਪ੍ਰਤੀ ਆਪਣਾ ਵੱਖਰਾ ਹੀ ਨਜ਼ਰੀਆ ਰਿਹਾ ਹੈ। ਉਹ ਸ਼ੁਰੂ ਤੋਂ ਹੀ ਇਸ ਨੂੰ ਬੁਨਿਆਦੀ ਤੌਰ 'ਤੇ ਰਾਜਸੀ ਸਮੱਸਿਆ ਦਾ ਫੌਜ ਹੱਲ ਕਰਨ ਦੀ ਕੋਸ਼ਿਸ਼ ਕਰਦੇ ਆਏ ਹਨ। ਪਰ ਜਦ ਤੱਕ ਤਾਮਿਲ ਲੋਕਾਂ ਦੇ ਵਿਸ਼ਾਲ ਅੰਦੋਲਨਾਂ 'ਚ ਆਤਮ-ਨਿਰਣੇ ਦੇ ਅਧਿਕਾਰ ਅਤੇ ਸਵੈ ਸਾਸ਼ਣ ਦੇ ਅਧਾਰ 'ਤੇ ਇਸ ਦੇ ਰਾਜਸੀ ਹੱਲ 'ਤੇ ਜੋਰ ਦਿੱਤਾ ਜਾਂਦਾ ਰਿਹਾ ਤਦ ਤੱਕ ਸ੍ਰੀ ਲੰਕਾਈ ਰਾਜ ਇਸ ਤੇ ਫੌਜੀ ਹਮਲੇ ਦਾ ਰਾਹ ਨਹੀਂ ਠੋਸ ਸਕੀ ਸੀ। ਉਸ ਸਮੇਂ ਸ੍ਰੀ ਲੰਕਾ ਵਿਚ ਤਾਮਿਲਾਂ ਦੇ ਹਿਤ 'ਚ ਕੰਮ ਕਰਨ ਵਾਲੇ ਕਈ ਸੰਗਠਨ ਸਨ। ਪਰ ਜਦ ਮੁਕਤੀ ਸੰਘਰਸ਼ 'ਚ ਲੱਗੇ ਹੋਰ ਗਰੁੱਪਾਂ ਦਾ ਸਫਾਇਆ ਕਰਕੇ ਤਾਮਿਲ ਲੋਕਾਂ ਦੇ ਅੰਦੋਲਨ 'ਤੇ ਲਿਟੇ ਨੇ ਆਪਣਾ ਕੰਟਰੋਲ/ਦਾਬਾ ਕਾਇਮ ਕਰ ਲਿਆ ਅਤੇ ਵੱਖ ਤਾਮਿਲ ਇਲਮ (ਦੇਸ਼) ਦੀ ਸਥਾਪਨਾ ਨੂੰ ਇਸ ਦਾ ਇਕੋ ਇੱਕ ਹੱਲ ਦੱਸਦੇ ਹੋਇਆਂ ਫੌਜੀ ਹੱਲ ਕਰਨ 'ਤੇ ਉਤਰ ਆਇਆ ਤਾਂ ਹਾਲਾਤ ਬਦਲ ਗਏ। ਇਸ ਪਿੱਛੋਂ ਫੌਜੀ ਝੜਪਾਂ ਨੇ ਪੂਰੇ ਅੰਚਲ ਨੂੰ ਆਪਣੀ ਗ੍ਰਿਫਤ 'ਚ ਲੈ ਲਿਆ। ਹਾਲਾਂ ਕਿ ਫਰਵਰੀ 2002 'ਚ ਐਲਾਨੇ ਜੰਗ ਬੰਦੀ ਇਕਰਾਰ ਸਮਝੌਤੇ ਨੇ ਸ੍ਰੀ ਲੰਕਾ 'ਚ ਤਾਮਿਲ ਜਨਤਾ ਦੇ ਜਮਹੂਰੀ ਅਧਿਕਾਰਾਂ ਨੂੰ ਰਾਜਸੀ ਤਰੀਕੇ ਨਾਲ ਹਾਸਲ ਕਰਨ ਲਈ ਇਕ ਇਤਿਹਾਸਕ ਮੌਕਾ ਮੁਹੱਈਆ ਕੀਤਾ ਸੀ ਪਰ ਲਿਟੇ ਇਸ ਨੂੰ ਮੰਨਣ ਲਈ ਤਿਆਰ ਨਹੀਂ ਸੀ। ਇਹ ਤਾਮਿਲ ਇਲਮ ਤੋਂ ਘੱਟ ਕੁਝ ਵੀ ਸਵੀਕਾਰ ਕਰਨ ਨੂੰ ਤਿਆਰ ਨਹੀਂ ਸੀ। ਇਸ ਲਈ ਉਸ ਨੇ ਜੰਗਬੰਦੀ ਦੇ ਅਰਸੇ ਨੂੰ ਆਪਣੇ ਆਪ ਨੂੰ ਫਿਰ ਤੋਂ ਹਥਿਆਰਾਂ ਨਾਲ ਲੈਸ ਕਰਨ ਅਤੇ ਆਪਣੇ ਕੰਟਰੋਲ ਵਾਲੇ ਇਲਾਕਿਆਂ 'ਚ ਬਰਾਬਰ ਦੀ ਸਰਕਾਰ ਨੂੰ ਮਜ਼ਬੂਤ ਬਣਾਉਣ ਲਈ ਵਰਤਿਆ। ਸ੍ਰੀ ਲੰਕਾ 'ਚ ਨਵੰਬਰ 2005 ਦੀਆਂ ਰਾਸ਼ਟਰਪਤੀ ਚੋਣਾਂ 'ਚ ਜਿਸ ਵਿਚ ਜੰਗਬੰਦੀ ਦੇ ਪੱਖੀ ਰਨੀਲ ਵਿਕਰਮ ਸਿੰਘ ਅਤੇ

ਯੁਧ ਖੋਰ ਮਹਿੰਦਰਾ ਰਾਜ ਪਕਸੇ ਵਿਚਕਾਰ ਸਖਤ ਸਖਤ ਟੱਕਰ ਸੀ ਲਿਟੇ ਵੱਲੋਂ ਤਾਮਿਲ ਇਲਾਕਿਆਂ 'ਚ ਬਾਈਕਾਟ ਕੀਤੇ ਜਾਣ ਨਾਲ ਮਹਿੰਦਰਾ ਰਾਜ ਪਕਸੇ ਨੂੰ ਚੋਣਾਂ ਜਿੱਤਣ 'ਚ ਮਦਦ ਮਿਲੀ। ਜਲਦੀ ਹੀ ਜੰਗ ਖੋਰ ਰਾਸ਼ਟਰਪਤੀ ਰਾਜ ਪਕਸੇ ਨੇ ਸੈਨਾ ਨੂੰ ਹਥਿਆਰਾਂ ਨਾਲ ਲੈਸ ਕੀਤਾ ਅਤੇ ਉਸ ਨੂੰ ਸਭ ਸ਼ਕਤੀਆਂ ਮੁਹੱਈਆ ਕਰਕੇ ਜਦ ਤੱਕ ਅੰਤਿਮ ਜਿੱਤ ਨਹੀਂ ਹੋਈ, ਤਦ ਤੱਕ ਕਿਸੇ ਵੀ ਕੀਮਤ 'ਤੇ ਚੌਤਰਫਾ ਯੁੱਧ ਛੇੜਨ ਲਈ ਕਿਹਾ। ਅੱਜ ਸ੍ਰੀ ਲੰਕਾ ਦੀ ਸੈਨਾ ਨੇ ਲਿਟੇ 'ਤੇ ਪੂਰਨ ਜਿੱਤ ਹਾਸਲ ਕਰ ਲਈ ਹੈ। ਸਿਟੇ ਵਜੋਂ ਤਿੰਨ ਦਹਾਕਿਆਂ ਦੇ ਬੇਰਹਿਮ ਟਕਰਾਅ ਤੇ ਤਾਮਿਲ ਲੋਕਾਂ ਦੀ ਕਸ਼ਟਪੂਰਨ ਦੁਰਦਸ਼ਾ ਪਿੱਛੋਂ ਸਮੱਸਿਆ ਇਕ ਵਾਰੀ ਫਿਰ ਤੋਂ ਉਥੇ ਹੀ ਆ ਖੜੀ ਹੋਈ ਹੈ।

1983-84 ਦੌਰਾਨ ਜਦ ਤਾਮਿਲ ਲੋਕਾਂ ਦੇ ਜਮਹੂਰੀ ਅਧਿਕਾਰਾਂ ਲਈ ਸੰਘਰਸ਼ ਨੇ ਵਿਸ਼ਾਪ ਰੂਪ ਧਾਰਨ ਕਰ ਲਿਆ ਸੀ ਅਤੇ ਟੀ. ਈ. ਐਲ. ਓ. ਪੀ. ਐਲ. ਓ. ਟੀ. ਈ., ਈ. ਪੀ. ਆਰ. ਐਲ. ਐਫ. ਅਤੇ ਐਲ. ਟੀ. ਟੀ. ਈ. ਵਰਗੇ ਕਿੰਨੇ ਹੀ ਜੁਝਾਰੂ ਸੰਗਠਨ ਉਭਰ ਆਏ ਸਨ ਜਿਨ੍ਹਾਂ ਨੂੰ ਇੰਦਰਾ ਗਾਂਧੀ ਸਰਕਾਰ ਅਤੇ RAW (ਰਿਸਰਚ ਐਂਡ ਏਨਾਲਿਸਿਸ ਵਿੰਗ, ਭਾਰਤ ਦੀ ਇਕ ਗੁਪਤ ਸੰਸਥਾ ਜੋ ਵਿਦੇਸ਼ 'ਚ ਜਾਸੂਸੀ ਕਰਦੀ ਹੈ) ਵੱਲੋਂ ਸਿਖਲਾਈ ਦਿੱਤੀ ਜਾਂਦੀ ਸੀ ਅਤੇ ਹਥਿਆਰਾਂ ਨਾਲ ਲੈਸ ਕੀਤਾ ਜਾ ਰਿਹਾ ਸੀ, ਉਸ ਵਕਤ ਇਹ ਸਮਝ ਨਹੀਂ ਸਮਝ ਸਹੀ ਬਣਦੀ ਸੀ ਕਿ ਸਾਮਰਾਜ ਦੇ ਇਸ ਯੁੱਗ 'ਚ ਖਾਸ ਕਰਕੇ ਜਦ ਅਮਰੀਕੀ ਸਾਮਰਾਜ ਦੀ ਅਗਵਾਈ 'ਚ ਸਾਮਰਾਜ ਨੇ ਨਵ-ਬਸਤੀਵਾਦੀ ਤਰੀਕਿਆਂ ਨਾਲ ਲੁਟ ਤੇ ਜਬਰ ਤੇਜ ਕੀਤਾ ਹੋਇਆ ਹੈ, ਕੌਮੀ ਮੁਕਤੀ ਲਈ ਆਤਮ-ਨਿਰਣੇ ਦੇ ਅਧਿਕਾਰ ਲਈ ਹੋ ਰਹੇ ਕਿਸੇ ਵੀ ਸੰਘਰਸ਼ ਸਾਮਰਾਜ ਵਿਰੋਧੀ ਨਵ ਜਮਹੂਰੀ ਇਨਕਲਾਬ ਨਾਲ ਜੋੜਿਆ ਜਾਣਾ ਚਾਹੀਦਾ ਹੈ। ਉਸ ਸਮੇਂ ਸ੍ਰੀ ਲੰਕਾ ਵਿਚ ਅਮਰੀਕੀ-ਪ੍ਰਸਤ ਸਰਕਾਰ ਸੀ। ਇਸ ਨੂੰ ਕਮਜ਼ੋਰ ਕਰਨ ਲਈ ਸੋਵੀਅਤ ਸੰਧੀ ਤਹਿਤ ਭਾਰਤ ਦੀ ਦਲਾਲ ਸਰਕਾਰ ਰਾਹੀਂ ਉਥੇ ਸਿਹਾਲੀ-ਤਾਮਿਲ ਟਕਰਾਅ ਨੂੰ ਤੇਜ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਤਾਂਕਿ ਆਮ ਤੌਰ 'ਤੇ ਇਸ ਪੂਰੇ ਦੀਪ 'ਤੇ ਅਤੇ ਖਾਸ ਕਰਕੇ ਤ੍ਰਿੰਕੋਮਾਲੀ ਬੰਦਰਗਾਹ 'ਤੇ ਸੋਵੀਅਤ ਸੰਘ ਦਾ ਪ੍ਰਭਾਵ ਸਥਾਪਤ ਕੀਤਾ ਜਾ ਸਕੇ। ਇਸ ਨੂੰ ਧਿਆਨ 'ਚ ਰੱਖ ਕੇ ਸ੍ਰੀ ਲੰਕਾ ਦੀਆਂ ਮਾਰਕਸਵਾਦੀ-ਲੈਨਿਨਵਾਦੀ ਤਾਕਤਾਂ ਨੂੰ ਤਾਮਿਲ ਲੋਕਾਂ ਦੇ ਸੰਘਰਸ਼ ਦੀ ਹਮਾਇਤ ਕਰਨੀ ਚਾਹੀਦੀ ਸਿੰਘਲੀ ਤੇ ਤਾਮਿਲ ਲੋਕਾਂ ਵਿਚਕਾਰ ਆਪਸੀ ਤਾਲਮੇਲ ਵਿਕਸਤ ਕਰਨਾ ਚਾਹੀਦਾ ਸੀ। ਕਮਿਊਨਿਸਟ ਪਾਰਟੀ ਜਥੇਬੰਦ ਕਰਕੇ ਅਮਰੀਕੀ ਤੇ ਸੋਵੀਅਤ ਸਾਮਰਾਜ ਦੋਹਾਂ ਖਿਲਾਫ, ਭਾਰਤੀ ਵਿਸਥਾਰਵਾਦ ਖਿਲਾਫ ਤੇ ਸ੍ਰੀ ਲੰਕਾ ਦੇ ਦਲਾਲ ਹਾਕਮਾਂ ਖਿਲਾਫ, ਸੰਘਰਸ਼ ਦੀ ਅਗਵਾਈ ਕਰਨੀ ਚਾਹੀਦੀ ਹੈ। ਉਹ ਮਜ਼ਦੂਰ ਵਰਗ 'ਤੇ ਆਪਣੀ ਲੀਡਰਸ਼ਿਪ ਸਥਾਪਤ ਕਰਨ ਅਤੇ ਤਾਮਿਲ ਡੇ ਸਿੰਘਲੀ ਲੋਕਾਂ ਦੀ ਕੌਮੀ ਮੁਕਤੀ ਤੇ ਨਵ-ਜਮਹੂਰੀ ਕ੍ਰਾਂਤੀ ਲਈ ਸੰਘਰਸ਼ ਨੂੰ ਅਗਵਾਈ ਮੁਹੱਈਆ ਕਰਨ। ਇਸ ਤਰ੍ਹਾਂ ਹੀ ਲੋਕਾਂ ਦੇ ਜਮਹੂਰੀ ਸ੍ਰੀਲੰਕਾ ਦਾ ਨਿਰਮਾਣ ਕੀਤਾ ਜਾ ਸਕਦਾ ਹੈ ਅਤੇ ਸਮਾਜਵਾਦ ਵੱਲ ਅੱਗੇ ਵਧਿਆ ਜਾ ਸਕਦਾ ਹੈ। ਸੰਖੇਪ ਵਿਚ ਸਾਮਰਾਜਵਾਦ ਤੇ ਮਜ਼ਦੂਰ ਕ੍ਰਾਂਤੀ ਦੇ ਇਸ ਯੁੱਗ ਵਿਚ, ਜਦ ਨਵ-ਬਸਤੀਵਾਦੀ ਤਰੀਕੇ ਨਾਲ ਲੁਟ ਦਿਨ-ਬ-ਦਿਨ ਵਧਦੀ ਜਾ ਰਹੀ ਹੈ, ਆਤਮ ਨਿਰਣੇ ਦੇ ਅਧਿਕਾਰ ਲਈ ਸੰਘਰਸ਼ ਨੂੰ ਲੋਕਾਂ ਦੇ ਜਨਵਾਦ ਲਈ ਸੰਘਰਸ਼ ਤੋਂ ਵੱਖ ਰੱਖਣਾ ਆਤਮਘਾਤੀ ਹੈ।

# ਅਮੀਰਾਂ ਦੇ ਇਲਾਜ ਲਈ ਪੰਜ ਤਾਰਾ ਹਸਪਤਾਲ

ਤੁਸੀਂ ਜਦੋਂ ਵੀ ਕਿਸੇ ਹਸਪਤਾਲ 'ਚ ਪੈਰ ਰੱਖਦੇ ਹੋ, ਆਪ ਦੇ ਨੱਕ-ਮੂੰਹ ਹਸਪਤਾਲ ਦੀ ਇਕ ਜਾਣੀ-ਪਹਿਚਾਣੀ ਬਦਬੂ ਨਾਲ ਭਰ ਜਾਂਦੇ ਹਨ ਪਰ ਦਿਲੀ ਦੇ ਫੋਰਟਿਸ ਲਾ-ਫੇਮੇ ਹਸਪਤਾਲ 'ਚ ਆਪ ਦਾ ਸੁਆਗਤ ਸੰਤਰੇ ਦੀ ਭਿੰਨੀ ਭਿੰਨੀ ਖੁਸ਼ਬੋ ਨਾਲ ਹੁੰਦਾ ਹੈ। ਇਸ ਤਰ੍ਹਾਂ ਬੈਂਗੂਲਰ 'ਚ ਨੇਸਟ ਹਸਪਤਾਲ ਦੇ ਉਡੀਕ ਘਰ 'ਚ ਆਉਂਦੇ ਹੀ ਆਪ ਹੈਰਾਨ ਰਹਿ ਜਾਓਗੇ, ਪੂਣੇ ਦੇ ਓਈਸਟਰ ਐਂਡ ਪਰਲ ਹਸਪਤਾਲ 'ਚ ਆਪ ਆਪਣਾ ਸਮਾਂ ਸਾਈਬਰ ਕੈਫੇ ਜਾਂ ਮਾਸਾਜ ਪਾਰਲਰ 'ਚ ਬਿਤਾ ਸਕਦੇ ਹੋ। ਹਸਪਤਾਲ ਆਉਣ ਜਾਣ ਦੇ ਝੰਜਟ ਦੀ ਚਿੰਤਾ ਹੈ? ਬੈਂਗੂਲਰ ਦੇ ਕ੍ਰੇਡਲ ਹਸਪਤਾਲ 'ਚ ਇਕ ਲਕਜਰੀ ਕਾਰ ਆਪਣੇ ਇਸ਼ਾਰੇ 'ਤੇ ਤਿਆਰ ਖੜੀ ਮਿਲੇਗੀ। ਤੁਸੀਂ ਹਮੇਸ਼ਾ ਇਹੀ ਮੰਨ ਸਕਦੇ ਹੋ ਕਿ ਚਾਹੇ ਜਿਨੇ ਮਰਜੀ ਦੋਸਤਾਨਾ ਕਰਮਚਾਰੀ ਹੋਣ ਤੇ ਖੁਸ਼ਨੁਮਾ ਮਾਹੌਲ ਹੋਵੇ, ਹਸਪਤਾਲ ਕੋਈ ਹੋਟਲ ਨਹੀਂ ਪਰ ਨਵੇਂ ਜਣੇਪਾ ਕੇਂਦਰ ਇਸ ਤਰ੍ਹਾਂ ਦੀ ਸੋਚ ਨੂੰ ਬਦਲ ਰਹੇ ਹਨ ਜੋ ਅਮੀਰਜਾਦਿਆਂ ਲਈ ਹਨ ਜਿਥੇ ਉਹ ਖਾਸੀ ਰਕਮ ਖਰਚ ਕਰਕੇ ਜਣੇਪੇ ਦੀ ਪੀੜ ਦੀ ਥਾਂ ਆਨੰਦ ਦਾ ਮੌਕਾ ਬਣਾ ਸਕਦੇ ਹਨ। ਹੁਣ ਉਥੇ ਮਰੀਜ ਦੀ ਭਰਪੂਰ ਆਓ ਭਗਤ ਹੀ ਇਸ ਦਾ ਮੰਤਰ ਹੈ ਪਿਛਲੇ ਮਹੀਨੇ ਲਾ ਫੇਮੇ ਨੂੰ ਜਨਮ ਦੇਣ ਵਾਲੀ ਦਿੱਲੀ ਦੀ ਨਮਰਤਾ ਮਾਨ ਯਾਦ ਕਰਦੀ ਹੈ, "ਇਹ ਸਿਰਫ ਅਰਾਮਦੇਹ ਹੀ ਨਹੀਂ ਸੀ, ਉਨ੍ਹਾਂ ਨੇ ਮੇਰੀ ਏਨੀ ਆਓ ਭਗਤ ਕੀਤੀ ਜਿਵੇਂ ਮੈਂ ਕੋਈ ਵਿਸ਼ੇਸ਼ ਹਸਤੀ ਹੋਵਾਂ।" ਬੈਂਗੂਲਰ ਦੇ ਕ੍ਰੇਡਲ ਵਿਚ ਇਕ ਨਿਰਦੇਸ਼ਕ ਰੋਹਿਤ ਐਮ. ਏ. ਕਹਿੰਦੇ ਹਨ, "ਬਹੁਤੀਆਂ ਔਰਤਾਂ ਨੂੰ ਅਜਿਹਾ ਹੀ ਅਨੁਭਵ ਹੁੰਦਾ ਹੈ, ਹੋਰ ਹੋਵੇ ਵੀ ਕਿਉਂ ਨਾ? ਬੱਚੇ ਨੂੰ ਜਨਮ ਦੇਣਾ ਇਕ ਔਰਤ ਦੇ ਜੀਵਨ 'ਚ ਕੋਈ ਸਧਾਰਨ ਘਟਨਾ ਨਹੀਂ ਹੈ। 'ਬਰਥ' ਨਾਂ ਦੇ ਇਕ ਰਸਾਲੇ ਦੇ ਮਾਰਚ 2007 ਦੇ ਅੰਕ 'ਚ ਛਪੇ ਇਕ ਅਧਿਐਨ ਅਨੁਸਾਰ ਔਰਤਾਂ ਆਪਣੇ ਜਣੇਪੇ ਦੇ ਅਨੁਭਵ ਨੂੰ ਲੰਮੇ ਸਮੇਂ ਤੱਕ ਆਪਣੀ ਯਾਦਦਾਸ਼ਤ 'ਚ ਸੰਜੋਈ ਰੱਖਦੀਆਂ ਹਨ ਅਤੇ ਪਿੱਛੋਂ ਇਹ ਉਨ੍ਹਾਂ ਦੇ ਆਤਮ ਸਨਮਾਨ ਨੂੰ ਵੀ ਪ੍ਰਭਾਵਿਤ ਕਰਦਾ ਹੈ। ਕੋਲਕਾਤਾ 'ਚ ਹਾਲ ਹੀ 'ਚ ਬਣੇ ਕੋਲੰਬੀਆ ਏਸ਼ੀਆ, ਜੋ ਦੇਸ਼ ਦੇ ਪੂਰਵੀ ਹਿੱਸੇ ਵਿਚ ਇਕੋ ਇਕ ਬੁਟੀਕ ਜਣੇਪਾ ਕੇਂਦਰ ਹੈ, ਦੇ ਚੀਫ ਡਾਇਰੈਕਟਰ ਅਰਿੰਦਰਾ ਬੈਨਰਜੀ ਕਹਿੰਦੇ ਹਨ, "ਇਥੋਂ ਤੱਕ ਕਿ ਦਸ ਸਾਲ ਪਹਿਲਾਂ ਤੱਕ ਇਸ ਗੱਲ 'ਚ ਔਰਤਾਂ ਦੀ ਮਰਜੀ ਨਹੀਂ ਚਲਦੀ ਸੀ ਕਿ ਉਹ ਕਦੋਂ, ਕਿਥੇ ਤੇ ਕਿਵੇਂ ਬੱਚੇ ਨੂੰ ਜਨਮ ਦੇਣਗੀਆਂ, ਅੱਜ ਦੀਆਂ ਔਰਤਾਂ ਕਿਤੇ ਵੱਧ ਅਧਿਕਾਰ ਰੱਖਦੀਆਂ ਹਨ ਕਿਉਂਕਿ ਉਹ ਆਮ ਤੌਰ 'ਤੇ ਆਰਥਕ ਤੌਰ 'ਤੇ ਆਤਮ ਨਿਰਭਰ ਹੁੰਦੀਆਂ ਹਨ। ਉਨ੍ਹਾਂ ਕੋਲ ਜ਼ਿਆਦਾ ਵਿਕਲਪ ਹੁੰਦੇ ਹਨ ਅਤੇ ਉਹ ਆਪਣੇ ਇਸ ਅਨੁਭਵ ਨੂੰ ਵਿਸ਼ੇਸ਼ ਬਣਾਉਣਾ ਚਾਹੁੰਦੀਆਂ ਹਨ।"

ਇਹੀ ਵਜ੍ਹਾ ਹੈ ਕਿ ਉਸ ਦੇਸ਼ 'ਚ ਇਹ ਇਕ ਅੱਛਾ ਕਾਰੋਬਾਰ ਹੋ ਸਕਦਾ ਹੈ ਜਿਥੇ ਜਣੇਪਾ ਹਸਪਤਾਲ 'ਚ ਭਰਤੀ ਹੋਣ ਦਾ ਦੂਜਾ ਸਭ ਤੋਂ ਵੱਡਾ ਕਾਰਨ ਹੈ। ਸੀ. ਆਈ. ਆਈ. ਮਾਰਕਿੰਸੇ ਰਿਪੋਰਟ (ਹੈਲਥ ਕੇਅਰ ਇੰਨ ਇਡੀਆ 2002) ਦੇ ਮੁਤਾਬਕ ਭਾਰਤੀ ਹਸਪਤਾਲਾਂ 'ਚ ਹਰ ਸਾਲ 5.45 ਕਰੋੜ ਗਰਭਪਤੀ ਔਰਤਾਂ ਜਣੇਪੇ

ਲਈ ਭਰਤੀ ਹੁੰਦੀਆਂ ਹਨ। 6000 ਕਰੋੜ ਰੁਪਏ ਦੇ ਇਸ ਬਾਜ਼ਾਰ 'ਚ ਕਰੀਬ 2500 ਕਰੋੜ ਖਾਂਦੇ ਪੀਂਦੇ ਵਰਗ ਤੋਂ ਆਉਂਦੇ ਹਨ। 2012 ਤੱਕ ਇਹ ਬਾਜ਼ਾਰ 11000 ਕਰੋੜ ਰੁਪਏ ਤੱਕ ਹੋ ਸਕਦਾ ਹੈ। ਜਿਸ ਵਿਚ ਅਮੀਰ ਪਰਿਵਾਰਾਂ ਦਾ ਯੋਗਦਾਨ 6400 ਕਰੋੜ ਰੁਪੈ ਦਾ ਹੋਵੇਗਾ। ਦੱਸਿਆ ਜਾਂਦਾ ਹੈ ਕਿ ਬੈਂਗਲੂਰ ਵਰਗੇ ਸ਼ਹਿਰ ਵਿਚ ਹਰ ਰੋਜ਼ 400 ਤੋਂ ਵੱਧ ਬੱਚੇ ਜਨਮ ਲੈਂਦੇ ਹਨ ਇਨ੍ਹਾਂ 'ਚੋਂ 15 ਫੀਸਦੀ ਮਾਪੇ ਵਿਸ਼ੇਸ਼ ਸਹੂਲਤਾਂ ਵਾਲੇ ਜਣੇਪੇ ਦਾ ਖਰਚਾ ਸਹਾਰ ਸਕਦੇ ਹਨ। ਸਾਲ 2004-05 ਦੇ ਆਸ ਪਾਸ ਦੇਸ਼ 'ਚ ਇਸ ਤਰ੍ਹਾਂ ਦੇ ਸਿਰਫ ਦੋ ਹੀ ਕੇਂਦਰ ਸਨ - ਅਪੋਲੋ ਸਮੂਹ ਦਾ ਦ ਕ੍ਰੇਡਲ ਅਤੇ ਫੋਰਟਿਸ ਸਮੂਹ ਦਾ ਲਾ ਫੇਮੇ ਪਰ 2009 ਤੱਕ ਆਉਂਦੇ ਆਉਂਦੇ ਇਨ੍ਹਾਂ ਨੂੰ ਉਂਗਲੀਆਂ 'ਤੇ ਗਿਣਨਾ ਮੁਸ਼ਕਲ ਹੋ ਗਿਆ ਹੈ। ਕ੍ਰੇਡਲ ਹੁਣ ਬੈਂਗਲੂਰ, ਗੁੜਗਾਂਵ ਤੇ ਕੋਝੀ ਕੋਡ 'ਚ ਖੁੱਲ੍ਹ ਗਿਆ ਹੈ। ਵਾਕਹਰਟ ਹਸਪਤਾਲ ਸਮੂਹ ਨੇ ਬੈਂਗਲੂਰ 'ਚ ਦ ਨੇਸਟ ਨਾਂ ਹੇਠ ਇਕ ਕੇਂਦਰ ਖੋਲ੍ਹ ਦਿੱਤਾ ਹੈ। ਮੌਜੂਦਾ ਹਸਪਤਾਲ ਵੀ ਹੁਣ ਆਪਣੇ ਇਥੇ ਡਿਜ਼ਾਈਨਰ 'ਪ੍ਰਸੂਤੀ ਸੂਰਮਟ' ਖੁੱਲ੍ਹਣ ਲੱਗੇ ਹਨ - ਵਰਗੇ ਮੁੰਬਈ 'ਚ ਹੀਰਾ ਨੰਦਾਨ ਤੇ ਲੀਲਾਵਤੀ ਹਸਪਤਾਲ, ਪੂਣੇ ਵਿਚ ਔਈਸਟਰ ਐਂਡ ਪਰਲ ਹਸਪਤਾਲ, ਕੋਲਕਾਤਾ ਤੇ ਬੈਂਗਲੂਰ 'ਚ ਕੋਲੰਬਿਆ ਏਸ਼ੀਆ ਤੇ ਦਿੱਲੀ 'ਚ ਮੂਲਚੰਦ ਹਸਪਤਾਲ ਵਗੈਰਾ ਇਹ ਸਿਰਫ ਸੁਖਦ ਅਹਿਸਾਸ ਅਤੇ ਸੰਤਰੇ ਦੀ ਖੁਸ਼ਬੂ ਭਰ ਹੀ ਨਹੀਂ ਹਨ, ਡਿਜ਼ਾਈਨਰ ਪ੍ਰਸੂਤੀ ਕੇਂਦਰਾਂ ਦਾ ਉਦੇਸ਼ ਐਲ. ਡੀ. ਆਰ. ਪੀ. (ਲੇਬਰ-ਡਿਲਵਰੀ-ਰਿਕਵਰੀ-ਪੋਸਟ ਮਾਰਟਮ) ਸਿਊਟ ਮੁਹੱਈਆ ਕਰਾਉਣਾ ਹੁੰਦਾ ਹੈ, ਇਹ ਵਿਚਾਰ 1990 ਦੇ ਦਹਾਕੇ 'ਚ ਅਮਰੀਕਾ ਤੋਂ ਸ਼ੁਰੂ ਹੋਇਆ ਤਾਂ ਕਿ ਔਰਤ ਨੂੰ ਜਣੇਪੇ ਦੇ ਚਾਰ ਪੜਾਵਾਂ ਦੀ ਪ੍ਰੇਸ਼ਾਨੀ ਤੋਂ ਘੱਟ ਗੁਜਰਨਾ ਪਵੇ ਅਤੇ ਉਸ ਨੂੰ ਵੱਧ ਤੋਂ ਵੱਧ ਏਕਾਂਤ ਮਿਲ ਸਕੇ। ਮੁੰਬਈ ਦੇ ਐਲ. ਐਚ. ਹੀਰਾਦਾਨੀ ਹਸਪਤਾਲ 'ਚ ਕੰਸਲਟੈਂਟ ਜਣੇਪਾ ਤੇ ਔਰਤ ਰੋਗ ਮਾਹਰ ਡਾ. ਅਨੀਤਾ ਸੋਨੀ ਕਹਿੰਦੀ ਹੈ ਕਿ ਔਰਤ ਦੀ ਇਕ ਹੀ ਥਾਂ ਦੇਖਭਾਲ ਹੋਣ ਨਾਲ, ਉਸ ਦਾ ਮਾਨਸਕ ਤਣਾਅ ਵੀ ਘੱਟ ਹੁੰਦਾ ਹੈ ਕਿਉਂਕਿ ਸਿਊਟ ਪਰਿਵਾਰ ਦੇ ਨਾਲ ਮਾਂ ਨੂੰ ਰੁਕਣ ਲਈ ਹੱਲਾਸ਼ੇਰੀ ਦਿੰਦਾ ਹੈ।" ਜ਼ਾਹਿਰ ਹੈ ਇਨ੍ਹਾਂ ਸਭ ਸਹੂਲਤਾਂ ਦੀ ਅੱਛੀ ਖਾਸੀ ਕੀਮਤ ਵੀ ਹੁੰਦੀ ਹੋਵੇਗੀ। ਜਿਥੇ ਗੁਆਂਢ ਦੇ ਜਣੇਪਾ ਘਰ ਇਕ ਜਣੇਪੇ ਲਈ ਕਰੀਬ 20000 ਰੁਪਏ ਵਸੂਲ ਕਰਦੇ ਹਨ। ਉਥੇ ਜਣੇਪਾ ਸਈਊਟ 'ਚ ਜਣੇਪੇ ਦਾ ਖਰਚ 50000 ਰੁਪਏ ਤੋਂ 2 ਲੱਖ ਤੱਕ ਹੋ ਸਕਦਾ ਹੈ। ਹਸਪਤਾਲ ਔਸਤਨ ਇਕ ਜਣੇਪਾ ਸਿਊਟ 'ਤੇ ਕਰੀਬ 20 ਲੱਖ ਰੁਪਏ ਖਰਚ ਕਰਦੇ ਹਨ। ਜੇ ਤੁਸੀਂ ਸਾਧਾਰਨ ਪੈਕੇਜ ਲੈਂਦੇ ਹੋ ਤਾਂ ਵੀ ਆਪ ਨੂੰ ਉਥੇ ਵਿਸ਼ੇਸ਼ ਸੇਵਾ ਦਿੱਤੀ ਜਾਂਦੀ ਹੈ। ਔਰਤ ਨੂੰ ਜਣੇਪੇ ਲਈ ਹਸਪਤਾਲ 'ਚ ਦਾਖਲ ਕਰਨ ਤੋਂ ਬਹੁਤ ਪਹਿਲਾਂ ਹੀ ਇਹ ਕੇਂਦਰ ਮਾਤਾ-ਪਿਤਾ ਨੂੰ ਜਣੇਪੇ ਤੋਂ ਪਹਿਲਾਂ ਸਾਰੀ ਜਾਣਕਾਰੀ ਦਿੰਦੇ ਹਨ। ਜ਼ਰੂਰੀ ਕਸਰਤ ਕਰਵਾਉਂਦੇ ਹਨ ਅਤੇ ਪਰਿਵਾਰ ਵਾਲਿਆਂ ਨੂੰ ਹਰ ਤਰ੍ਹਾਂ ਦੀ ਸਲਾਹ ਦਿੰਦੇ ਹਨ। ਔਸਟਰ ਐਂਡ ਪਰਲ ਦੀ ਨਿਰਦੇਸ਼ਕ ਡਾ. ਅਮਿਤਾ ਫਡਨੀਸ ਕਹਿੰਦੀ ਹੈ, "ਬੱਚੇ ਦੇ ਜਨਮ 'ਚ ਪਿਤਾ ਨੂੰ ਸਰਗਰਮ ਭੂਮਿਕਾ ਅਦਾ ਕਰਨ ਲਈ ਹੱਲਾਸ਼ੇਰੀ ਦਿੱਤੀ ਜਾਂਦੀ ਹੈ।" ਨਵਜਾਤ ਸ਼ਿਸ਼ੂ ਦੀ ਵਿਸਥਾਰਿਤ ਜਾਂਚ ਕੀਤੀ ਜਾਂਦੀ ਹੈ। ਇਹ ਕੇਂਦਰ ਸ਼ਿਸ਼ੂ ਦੇ ਲਈ ਵਾਅਰ, ਵੈਂਟੀਲੇਟਰ ਤੇ ਹੋਰ ਅਧੁਨਿਕ ਤਕਨੀਕ ਨਾਲ ਲੈਸ ਹੁੰਦੇ ਹਨ, ਜਣੇਪੇ ਪਿੱਛੋਂ ਮਾਂ ਦੀ ਪੂਰੀ ਦੇਖਭਾਲ ਕੀਤੀ ਜਾਂਦੀ ਹੈ। ਇਨ੍ਹਾਂ ਕੇਂਦਰਾਂ ਦੇ ਵਿਸ਼ਾਲ ਸਿਊਟ

’ਚ ਰਿਮੋਟ ਨਾਲ ਕੰਟਰੋਲ ਹੋਣ ਵਾਲੇ ਬਿਸਤਰੇ ਹੁੰਦੇ ਹਨ ਜੋ ਜਣੇਪੇ ਸਮੇਂ ਅਰਾਮਦੇਹ ਕੁਰਸੀ ’ਚ ਬਦਲ ਜਾਂਦੇ ਹਨ, ਇਨ੍ਹਾਂ ’ਚ ਛੁਪੇ ਹੋਏ ਉਪਕਰਣ ਲੱਗੇ ਹੁੰਦੇ ਹਨ ਜੋ ਜਣੇਪਾ ਸ਼ੁਰੂ ਹੋਣ ’ਤੇ ਉਂਗਲ ਦੇ ਇਸ਼ਾਰੇ ਨਾਲ ਬਾਹਰ ਆ ਜਾਂਦੇ ਹਨ, ਇਥੇ ਨਿੱਜੀ ਪਸੰਦ ਵਾਲਾ ਭੋਜਨ, ਆਗੰਤੁਕਾਂ ਤੋਂ ਮਿਲਣ ਵਾਲੀ ਪੂਰੀ ਛੋਟ ਅਤੇ ਪਰਿਵਾਰ ਲਈ ਰਹਿਣ ਦੀ ਥਾਂ ਵੀ ਹੁੰਦੀ ਹੈ ਜਿਥੇ ਰਸੋਈ, ਫਰਿਜ, ਮਾਈਕਰੋਵੇਵ ਅਤੇ ਟੀ. ਵੀ. ਸਭ ਕੁਝ ਹੁੰਦਾ ਹੈ। ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਲਈ ਜੇਬ ਢਿੱਲੀ ਕਰਨੀ ਪੈਂਦੀ ਹੈ। ਕੋਈ ਐਰਾ ਗੈਰਾ ਇਹ ਸਹੂਲਤ ਨਹੀਂ ਲੈ ਸਕਦਾ। ਗਰੀਬ ਤਾਂ ਕੀ ਹੇਠਲਾ ਮੱਧ ਵਰਗ ਵੀ ਇਹ ਸਹੂਲਤਾਂ ਲੈਣ ਤੋਂ ਕੋਹਾਂ ਦੂਰ ਪਿਆ ਹੈ। ਨਵੇਂ ਜ਼ਮਾਨੇ ਦੇ ਅਮੀਰ ਮਾਪੇ ਇਨ੍ਹਾਂ ਖਰਚਿਆਂ ਦੀ ਪ੍ਰਵਾਹ ਨਹੀਂ ਕਰਦੇ। ਨੇਸਟ ਵਿਚ ਟੇਂਡਰ ਲਵਿੰਗ ਕੇਅਰ ਪੈਕੇਜ ਦਾ ਬਿਲ ਕਰੀਬ 72000 ਰੁਪਏ ਆਉਂਦਾ ਹੈ। ਅਮੀਰ ਮਾਪੇ ਖੁਸ਼ ਹੋ ਕੇ ਇਥੇ ਆਉਂਦੇ ਹਨ ਮਹੀਨੇ ’ਚ 120 ਜਣੇਪੇ ਦ ਕ੍ਰੇਡਲ ਵਿਚ ਕੀਤੇ ਜਾਂਦੇ ਹਨ। ਛੋਟੀਆਂ ਛੋਟੀਆਂ ਚੀਜ਼ਾਂ ਦਾ ਵੀ ਖਿਆਲ ਰੱਖਿਆ ਜਾਂਦੈ। ਗਰਭ ਕੋਈ ਬੀਮਾਰੀ ਨਹੀਂ ਹੈ ਬਲਕਿ ਇਹ ਅਨੰਦ ਦਾ ਮੌਕਾ ਹੈ। ਸਹਿਜ ਜਣੇਪੇ ਨੂੰ ਹੱਲਾਸ਼ੇਰੀ ਦੇਣੀ ਚਾਹੀਦੀ ਹੈ ਤੇ ਵੱਧ ਤੋਂ ਵੱਧ ਅਰਾਮਦੇਹ ਬਣਾਇਆ ਜਾਣਾ ਚਾਹੀਦਾ ਹੈ।

# ਚਿੜੀਆਘਰ ਜਾਂ ਮੌਤ ਦਾ ਪਿੰਜਰਾ

ਖਚਾਖਚ ਭਰੇ ਹੋਏ ਪਿੰਜਰੇ, ਗੰਦਗੀ ਤੇ ਜਾਨਵਰਾਂ ਲਈ ਭੋਜਨ ਜਾਂ ਪਾਣੀ ਦੀ ਘਾਟ, ਸਾਲਾਂ ਤੋਂ ਮੁੰਬਈ ਦੀ ਵੀਰਮਾਤਾ ਜੀਜਾ ਬਾਈ ਭੋਸਲੇ ਭਾਇਰਖਲਾ ਚਿੜੀਆਘਰ ਦੇ ਨਾਂ 'ਤੇ ਇਕ ਵੱਡਾ ਮਜ਼ਾਕ ਬਣਿਆ ਹੋਇਆ ਹੈ ਅਤੇ ਪਿਛਲੇ ਦੋ ਸਾਲਾਂ 'ਚ ਚੀਤੇ, ਸ਼ੇਰਾਂ ਤੇ ਦਰਿਆਈ ਘੋੜਿਆਂ ਦੀ ਗੈਰ-ਕੁਦਰਤੀ ਮੌਤ ਪਿੱਛੋਂ ਦੇਸ਼ ਦੇ ਸਭ ਤੋਂ ਪੁਰਾਣੇ ਚਿੜੀਆਘਰਾਂ 'ਚੋਂ ਇਕ ਭਾਇਰਖਲਾ ਦੇ ਬਣੇ ਰਹਿਣ ਸਬੰਧੀ ਗੰਭੀਰ ਸੁਆਲ ਉੱਠ ਖੜੇ ਹੋਏ ਹਨ। ਕੌਮੀ ਚਿੜੀਆਘਰ ਨੀਤੀ ਅਨੁਸਾਰ ਚਿੜੀਆਘਰ ਨੂੰ ਵਣਜੀਵਾਂ ਦੀ ਰਾਖੀ ਅਤੇ ਜਨਤਾ ਨੂੰ ਇਸ ਸਬੰਧੀ ਸਿਖਿਅਤ ਕਰਨਾ ਚਾਹੀਦਾ ਹੈ ਪਰ ਭਾਇਰਖਲਾ ਜਿਥੇ 196 ਦੁੱਧ ਪਿਲਾਉਣ ਵਾਲੇ ਜਾਨਵਰ ਤੇ 436 ਪੰਛੀ ਹਨ, ਇਨ੍ਹਾਂ 'ਚੋ ਇਕ ਵੀ ਨਹੀਂ ਕਰਦਾ, ਜ਼ਿਆਦਾਤਰ ਬਾਡਾਂ 'ਤੇ ਕੋਈ ਸੂਚਨਾ ਬੋਰਡ ਵੀ ਨਹੀਂ ਲੱਗਿਆ ਹੈ ਅਤੇ ਪ੍ਰਾਣੀ ਅਜਿਹੇ ਮਹੌਲ 'ਚ ਜਿਉਣ ਲਈ ਮਜ਼ਬੂਰ ਹਨ ਜਿਥੇ ਰੋਜ਼ਾਨਾ ਔਸਤਨ 6000 ਲੋਕ ਉਨ੍ਹਾਂ ਦੇ ਪਿੰਜਰਿਆਂ ਵਿਚ ਦੀ ਝਾਤੀਆਂ ਮਾਰਦੇ ਹਨ ਤੇ ਉਨ੍ਹਾਂ ਨੂੰ ਸਤਾਉਂਦੇ ਹਨ ਕਿਉਂਕਿ ਦਰਸ਼ਕਾਂ 'ਤੇ ਨਜ਼ਰ ਰੱਖਣ ਲਈ ਇਸ ਚਿੜੀਆਘਰ 'ਚ ਕੋਈ ਵੀ ਨਹੀਂ ਹੈ। ਪਲਾਂਟਸ ਐਂਡ ਐਨੀਮਲ ਵੈਲਫੇਅਰ ਸੋਸਾਇਟੀ (P+wso), ਥਾਣੇ ਦੇ ਸੰਸਥਾਪਕ ਨਿਲੇਸ਼ ਭਾਂਗੇ ਅਨੁਸਾਰ "ਦਰਿਆਈ ਘੋੜੇ ਬੀਮਾਰ ਹਨ, ਬਾਂਦਰਾਂ ਨੂੰ ਚਮੜੀ ਦੇ ਰੋਗ ਹਨ ਤੇ ਬਹੁਤੇ ਜਾਨਵਰਾਂ ਲਈ ਪੀਣ ਦਾ ਪਾਣੀ ਨਹੀਂ ਹੈ, ਆਜ਼ਾਦ ਤੇ ਤਣਾਅ ਮੁਕਤ ਰਹਿਣ ਦੇ ਆਦੀ ਪ੍ਰਾਣੀਆਂ ਨੂੰ ਕੈਦ ਕਰਕੇ ਨਹੀਂ ਰੱਖਿਆ ਜਾਣਾ ਚਾਹੀਦਾ।"

ਇਹ ਨਿਸ਼ਚੈ ਹੀ ਇਕ ਵੱਡਾ ਮੁੱਦਾ ਹੈ ਪਰ ਪ੍ਰਾਣੀਆਂ ਦੀ ਮੌਤ ਦਰ 'ਚ ਆਈ ਤੇਜ਼ੀ ਸਬੰਧੀ ਉਚ ਅਧਿਕਾਰੀ ਜੋ ਦਲੀਲਾਂ ਦਿੰਦੇ ਹਨ ਉਹ ਬਹੁਤ ਹੀ ਲੱਚਰ ਹਨ। ਮੁੰਬਈ ਦਾ ਮਹਾਂਪੌਰ ਸੁਭਾ ਰਾਉਲ ਕਹਿੰਦੀ ਹੈ, "ਕੁਝ ਪ੍ਰਾਣੀਆਂ ਦੀ ਉਮਰ ਪੂਰੀ ਹੋ ਗਈ ਸੀ ਇਸ ਲਈ ਉਹ ਮਰ ਗਏ। ਕੁਝ ਮੌਤਾਂ ਦਾ ਕਾਰਨ ਗਲੋਬਲ ਵਾਰਮਿੰਗ ਤੇ ਵਾਇਰਲ ਇਨਫੈਕਸ਼ਨ ਹੈ ਜੋ ਉਨ੍ਹਾਂ ਨੂੰ ਆਸ ਪਾਸ ਦੇ ਵਾਤਾਵਰਣ ਤੋਂ ਹੋਈ।" ਚਿੜੀਆਘਰ ਦੀ ਦੁਰਦਸ਼ਾ ਦਾ ਕਾਰਨ, ਇਸ ਦਾ ਸੰਚਾਲਨ ਕਰਨ ਵਾਲੀ ਬਹੁਮੁੰਬਈ ਮਿਊਂਸਪਲ ਕਾਰਪੋਰੇਸ਼ਨ (BMC) ਦੇ ਪਾਸ ਨਾ ਹੋਣਾ ਨਹੀਂ ਬਲਕਿ ਇਸ ਦੇ ਠੀਕ ਉਲਟ ਨਿਗਮ ਚਿੜੀਆਘਰ ਦੇ ਸੁਧਾਰ ਲਈ ਆਏ 480 ਕਰੋੜ ਰੁਪਏ 'ਤੇ ਕੁੰਡਲੀ ਮਾਰੀ ਬੈਠਾ ਹੈ। ਇਸ ਧਨ ਦੀ ਵਰਤੋਂ ਪ੍ਰਾਣੀਆਂ ਦੇ ਰਹਿਣ ਸਹਿਣ 'ਚ ਸੁਧਾਰ ਲਈ ਨਹੀਂ ਬਲਕਿ ਚਿੜੀਆਘਰ ਨੂੰ 'ਕੌਮਾਂਤਰੀ ਦਿਖ' ਦੇਣ ਲਈ ਹੋਵੇਗਾ। ਇਸ ਬਹੁਮੰਤਵੀ ਮਾਸਟਰ ਪਲੈਨ 'ਚ 53 ਏਕੜ ਦਾ ਰੂਪ ਬਦਲਿਆ ਜਾਵੇਗਾ ਅਤੇ ਅਫਰੀਕੀ ਹਾਥੀ ਤੇ ਧਰੁਵੀ ਭਾਲੂ ਵਰਗੀਆਂ ਆਕਰਸ਼ਕ ਵਿਦੇਸ਼ੀ ਪ੍ਰਜਾਤੀਆਂ ਨੂੰ ਇਥੇ ਲਿਆਂਦਾ ਜਾਵੇਗਾ। ਇਸ ਬਾਰੇ ਚਿੜੀਆਘਰ ਦੇ ਅਧਿਕਾਰੀ ਸਫਾਈ ਦਿੰਦੇ ਹਨ, "ਤਾਂ ਕਿ ਭਾਰਤੀ ਤੇ ਵਿਦੇਸ਼ੀ ਪ੍ਰਜਾਤੀਆਂ 'ਚ ਫਰਕ ਵਿਖਾਇਆ ਜਾ ਸਕੇ।" ਹਾਲਾਂ ਕਿ ਇਹ ਸਪੱਸ਼ਟ ਨਹੀਂ ਹੈ ਕਿ ਇਸ ਵਿਚ ਚਿੜੀਆਘਰ ਦਾ ਸੰਚਾਲਨ ਕਰਨ ਵਾਲੇ ਮੌਜੂਦਾ ਅਧਿਕਾਰੀ ਤਾਣੇ ਬਾਣੇ ਦਾ ਪੁਨਰਗਠਨ ਸ਼ਾਮਲ ਹੈ ਜਾਂ ਨਹੀਂ ਪਰ ਇਸ ਵਿਚ ਕੋਈ

ਸ਼ੱਕ ਨਹੀਂ ਕਿ ਉਸ ਨੂੰ ਤਾਂ ਛੇੜਿਆ ਹੀ ਨਹੀਂ ਜਾਵੇਗਾ। ਵਣਜੀਵ ਮਾਹਰ ਅਤੇ ਬੀ. ਐਮ. ਸੀ. ਵੱਲੋਂ 2006 'ਚ ਸਥਾਪਤ ਕੀਤੀ ਗਈ ਚਿੜੀਆਘਰ ਸੁਧਾਰ ਕਮੇਟੀ ਦੇ ਮੈਂਬਰ ਬਿੱਟੂ ਸਹਿਗਲ ਕਹਿੰਦੇ ਹਨ।" ਚਿੜੀਆਘਰ ਦੇ ਸਾਹਮਣੇ ਸਭ ਤੋਂ ਵੱਡੀ ਪ੍ਰੇਸ਼ਾਨੀ ਇਹ ਹੈ ਕਿ ਇਥੇ ਪ੍ਰਾਣੀਆਂ ਲਈ ਨਾ ਤਾਂ ਸਹੀ ਪ੍ਰਬੰਧ ਹੈ, ਨਾ ਹੀ ਉਨ੍ਹਾਂ ਦੀ ਸਹੀ ਦੇਖਭਾਲ ਹੁੰਦੀ ਹੈ, ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ ਪ੍ਰਾਣੀ ਉਥੇ ਹੀ ਜਾਂਦੇ ਹਨ ਜਿਥੇ ਟੱਟੀ-ਪੇਸ਼ਾਬ ਕਰਦੇ ਹਨ। ਪ੍ਰਾਣੀਆਂ ਤੇ ਵੱਡੇ ਮਾਸਾਹਾਰੀ ਜੀਵਾਂ ਨੂੰ ਕੈਦ ਨਹੀਂ ਕੀਤਾ ਜਾਣਾ ਚਾਹੀਦਾ। ਸੈਂਟਰਲ ਜ਼ੂ ਅਥਾਰਟੀ, ਦਿਲੀ ਦੇ ਮੈਂਬਰ ਸਕੱਤਰ ਵੀ ਬੀ. ਆਰ. ਸ਼ਰਮਾ ਕਹਿੰਦੇ ਹਨ। "ਚਿੜੀਆਘਰ ਦੇ ਮੁਖੀ ਬਾਗਬਾਨੀ ਮਾਹਰ ਵੀ ਹਨ" ਇਥੇ ਪਸ਼ੂ ਦੇ ਡਾਕਟਰਾਂ ਨੂੰ ਪ੍ਰਸਾਸਨਿਕ ਕੰਮ ਵੀ ਕਰਨਾ ਪੈਂਦਾ ਹੈ ਅਤੇ ਬੀਮਾਰ ਜਾਨਵਰਾਂ ਦਾ ਇਲਾਜ ਕਰਨ ਦੀ ਬਜਾਏ ਉਹ ਕਾਗਜੀ ਕਾਰਵਾਈ 'ਚ ਉਲਝੇ ਰਹਿੰਦੇ ਹਨ, ਇਥੋਂ ਤੱਕ ਕਿ ਚਿੜੀਆਘਰ ਦੇ ਅਧਿਕਾਰੀ ਬੀ. ਐਮ. ਸੀ. ਅਧਿਕਾਰੀਆਂ ਦੀ ਇਜਾਜ਼ਤ ਬਗੈਰ ਜਾਨਵਰਾਂ ਦਾ ਇਲਾਜ ਤੱਕ ਨਹੀਂ ਕਰ ਸਕਦੇ। ਬੰਬੇ ਵੈਟਨਰੀ ਕਾਲਜ ਦੇ ਇਕ ਉਚ ਡਾਕਟਰ ਕਹਿੰਦੇ ਹਨ ਕਿ 'ਇਸ ਤਰ੍ਹਾਂ ਨਾਲ ਕਈ ਵਾਰੀ ਰੋਗ ਦੀ ਪਹਿਚਾਣ ਕਰਨ ਤੇ ਸਹੀ ਸਮੇਂ 'ਤੇ ਇਲਾਜ ਕਰਨ 'ਚ ਕਾਫੀ ਦੇਰ ਹੋ ਜਾਂਦੀ ਹੈ।" ਮਸਲਨ 2007 'ਚ ਇਕ ਬੀਮਾਰ ਤੇ ਦੂਏ ਦਾ ਇਲਾਜ ਸ਼ੁਰੂ ਕਰਨ ਵਿਚ ਚਿੜੀਆਘਰ ਦੇ ਅਧਿਕਾਰੀਆਂ ਨੂੰ ਛੇ ਮਹੀਨੇ ਦਾ ਸਮਾਂ ਲੱਗਿਆ। ਤਦ ਤੱਕ ਵੀ ਜਿਉਂਦਾ ਬਚ ਨਹੀਂ ਸਕਿਆ ਸੀ। ਤਿੰਨ ਮਹੀਨੇ ਪਹਿਲਾਂ ਬੰਬੇ ਹਾਈਕੋਰਟ ਨੇ ਨਗਰ ਨਿਯਮ ਤੇ ਵਣ ਸਕੱਤਰ ਨੂੰ ਜਾਨਵਰਾਂ ਨੂੰ ਸਾਫ ਰੱਖਣਾ ਪਾਣੀ ਦੇਣ ਤੇ ਪਿੰਜਰਿਆਂ ਨੂੰ ਸਾਫ ਸੁਥਰੇ ਰੱਖਣ ਦੇ ਨਿਰਦੇਸ਼ ਦਿੱਤੇ ਸਨ। ਇਹ ਹੁਕਮ ਨੂੰ ਵੀ ਇਕ ਕੰਨੋ ਸੁਣਕੇ ਦੂਜੇ ਕੰਨੋ ਕੱਢ ਦਿੱਤਾ ਗਿਆ। ਪੀਪਲ ਫਾਰ ਏਥੀਕਲ ਟ੍ਰੀਟਮੈਂਟ ਆਫ ਐਨੀਮਲਜ਼ (ਪੇਟਾ) ਅਤੇ PAWS ਵਰਗੇ ਗੈਰ ਸਰਕਾਰੀ ਸੰਗਠਨ ਇਸ ਮਾਮਲੇ 'ਤੇ BMC ਨਾਲ ਭਿੜ ਗਏ ਹਨ ਅਤੇ ਉਨ੍ਹਾਂ ਨੇ ਚਿੜੀਆਘਰ ਨੂੰ ਬੰਦ ਕਰਕੇ ਅਤੇ ਪ੍ਰਾਣੀਆਂ ਨੂੰ ਬੋਰੀਵਲੀ ਸਥਿਤ ਸੰਜੇ ਗਾਂਧੀ ਨੈਸ਼ਨਲ ਪਾਰਕ ਵਿਚ ਸ਼ਿਫਟ ਕਰਨ ਦੀ ਮੰਗ ਕੀਤੀ ਹੈ। ਭਾਰਤ 'ਚ ਪੇਟਾ ਦੀ ਪ੍ਰਮੁੱਖ ਅਧਿਕਾਰੀ ਅਨੁਰਾਧਾ ਸਾਹਨੀ ਕਹਿੰਦੀ ਹੈ ਕਿ 'ਰਾਨੀਬਾਗ 'ਚ ਅਸਲ 'ਚ ਚਿੜੀਆਘਰ ਬਣਨਾ ਹੀ ਨਹੀਂ ਚਾਹੀਦਾ ਸੀ ਬਲਕਿ ਇਸ ਨੂੰ ਤਾਂ ਬਾਟਨੀਕਲ ਗਾਰਡਨ ਵਜੋਂ ਰਾਖ਼ਵਾਂ ਰੱਖਣਾ ਚਾਹੀਦਾ ਸੀ। ਜਿਥੇ ਬੇਹਤਰ ਸਹੂਲਤ ਹੋਵੇ ਪ੍ਰਾਣੀਆਂ ਨੂੰ ਉਥੇ ਭੇਜ ਦੇਣਾ ਚਾਹੀਦਾ ਸੀ ਅਤੇ ਜਿਥੇ ਕੁਦਰਤ ਰਹਿਣ ਸਹਿਣ ਹੋਵੇ।" ਹਾਲਾਂ ਕਿ ਰਾਉਲ ਦਾ ਕਹਿਣਾ ਹੈ ਕਿ ਇਸ ਤਬਦੀਲੀ 'ਚ ਕੁਦਰਤੀ ਪਿਆਰਿਆਂ ਪਸ਼ੂਆਂ ਦੇ ਡਾਕਟਰਾਂ ਤੇ ਬਾਗਬਾਨੀ ਮਾਹਰਾਂ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਪਰ ਜੇ ਵਾਤਾਵਰਨ ਵਾਦੀਆਂ ਦੀ ਮੰਨੀਏ ਤਾਂ ਜ਼ਰੂਰਤ ਹੈ ਤਾਂ ਸਿਰਫ ਬੀ. ਐਮ. ਸੀ. ਦੀ ਉਦਾਸੀਨਤਾ ਦੀ ਮੁਰੰਮਤ ਕਰਨ ਤੇ ਯੋਜਨਾ ਬੱਧ ਖੁੱਲੇ ਬਾੜੇ, ਅੱਛੇ ਕਿਸਮ ਦਾ ਖਾਣਾ, ਸਾਫ ਪਾਣੀ ਤੇ ਤੁਰੰਤ ਇਲਾਜ ਮੁਹੱਈਆ ਕਰਾਉਣ ਵਰਗੇ ਜ਼ਰੂਰੀ ਕਦਮ ਚੁਕਣ ਦੀ ਲੋੜ ਹੈ ਤਾਂ ਕਿ ਇਸ ਪ੍ਰਣਾਲੀ ਰੱਖ ਨੂੰ ਬਚਾਇਆ ਜਾ ਸਕੇ।

# ਕੀ ਹੈ ਲਾਲਗੜ੍ਹ ਦਾ ਸੱਚ?

ਲਾਲਗੜ੍ਹ ਪੱਛਮੀ ਬੰਗਾਲ ਦਾ ਇਕ ਪਿਛੜਿਆ ਆਦੀਵਾਸੀ ਇਲਾਕਾ ਅਚਾਨਕ ਚਰਚਾ 'ਚ ਕਿਵੇਂ ਆ ਗਿਆ? ਕੇਂਦਰ ਸਰਕਾਰ ਨੇ ਸੀ. ਆਰ. ਪੀ. ਐਫ., ਤੇ ਬੀ. ਐਸ. ਐਫ. ਦੀਆਂ ਕੰਪਨੀਆਂ ਭੇਜ ਦਿੱਤੀਆਂ ਹਨ। ਉਹ ਲਾਲਗੜ੍ਹ ਦੇ ਸਮੁੱਚੇ ਇਲਾਕੇ ਵਿਚ ਪੱਛਮੀ ਬੰਗਾਲ ਦੀ ਪੁਲਸ ਨਾਲ ਮਿਲ ਕੇ ਪਿੰਡ-ਪਿੰਡ ਵਿਚ 'ਮਾਓਵਾਦੀਆਂ' ਤੋਂ ਮੁਕਤ ਕਰਵਾ ਰਹੀਆਂ ਹਨ। ਇਹ ਮੁਹਿੰਮ ਦੌਰਾਨ ਉਹ ਆਦੀਵਾਸੀ ਜਨਤਾ ਤੇ ਕਹਿਰ ਵਰਤਾ ਰਹੀਆਂ ਹਨ। ਉਨ੍ਹਾਂ ਨੂੰ ਜਥੇਬੰਦ ਹੋ ਕੇ ਆਪਣੇ ਅਧਿਕਾਰਾਂ ਅਤੇ ਸਵੈਮਾਨ ਦੀ ਰਾਖੀ ਕਰਨ ਦੀ ਸਜ਼ਾ ਦੇਣ ਲਈ ਕੇਂਦਰ ਤੇ ਰਾਜ ਸਰਕਾਰ ਅਰਧ-ਸੈਨਿਕ ਬਲਾਂ, ਕੋਬਰਾ ਤੇ ਗ੍ਰੇਰਾਊਂਡ ਵਰਗੇ ਖ਼ੂੰਖਾਰ ਕਸਾਈ ਬਲਾਂ ਦੀ ਵਰਤੋਂ ਕਰ ਰਹੀਆਂ ਹਨ। ਲਾਲਗੜ੍ਹ ਦਾ ਆਦੀਵਾਸੀ ਇਲਾਕਾ ਪਿਛਲੇ 8 ਮਹੀਨਿਆਂ ਤੋਂ ਪੁਲਸ ਜੁਲਮ ਵਿਰੁੱਧ ਸੰਘਰਸ਼ ਦਾ ਪ੍ਰਤੀਕ ਬਣ ਚੁਕਿਆ ਹੈ। ਇਹ ਲੁੱਟੇ ਤੇ ਕੁੱਟੇ ਜਾਂਦਿਆਂ ਦੇ ਹਕੂਮਤ ਵਿਰੁੱਧ ਸੰਘਰਸ਼ ਦੀ ਮਿਸਾਲ ਬਣਦਾ ਜਾ ਰਿਹਾ ਹੈ। ਇਸ ਨੇ ਹਾਕਮ ਜਮਾਤ ਦੀ ਸਥਾਪਤੀ ਨੂੰ ਚੁਣੌਤੀ ਦਿੱਤੀ ਹੈ। ਭਲਾ ਇਸ ਚੁਣੌਤੀ ਨੂੰ ਸੀ. ਪੀ. ਐਮ. ਦੀ ਅਗਵਾਈ ਵਾਲੇ ਖੱਬੇ ਮੋਰਚੇ ਦੀ ਕਿਵੇਂ ਬਰਦਾਸ਼ਤ ਕਰ ਸਕਦੀ ਸੀ? ਉਹ ਸਥਾਪਤ ਢਾਂਚੇ ਨੂੰ ਜਿਉਂਦਾ ਰੱਖਣ ਦੀ ਪੱਖੀ ਹੈ। ਲਾਲਗੜ੍ਹ ਦੀ ਆਦੀਵਾਸੀ-ਮੂਲਵਾਸੀ ਜਨਤਾ ਦਾ ਪੁਲਸ ਅਤਿਆਚਾਰ ਵਿਰੁੱਧ ਸੰਘਰਸ਼ ਪਿਛਲੇ ਨਵੰਬਰ ਮਹੀਨੇ ਤੋਂ ਚੱਲ ਰਿਹਾ ਹੈ। 2 ਨਵੰਬਰ ਨੂੰ ਸਾਲ ਬੋਨੀ ਇਲਾਕੇ 'ਚ ਮੁੱਖ ਮੰਤਰੀ ਬੁਧਾਦੇਵ ਭੱਟਾਚਾਰੀਆ ਦੇ ਕਾਫਲੇ 'ਤੇ ਜ਼ਮੀਨੀ ਸੁਰੰਗ ਦਾ ਵਿਸਫੋਟ ਹੋਇਆ ਸੀ। ਇਸ 'ਚ ਮਾਓਵਾਦੀਆਂ ਦਾ ਹੱਥ ਦੱਸਿਆ ਜਾ ਰਿਹਾ ਸੀ। ਪੁਲਸ ਆਪਣੀ ਨਾਕਾਮੀ 'ਤੇ ਪਰਦਾ ਪਾਉਣ ਲਈ ਸਮੁੱਚੇ ਇਲਾਕੇ 'ਚ ਮਾਓਵਾਦੀਆਂ ਨੂੰ ਤਲਾਸ਼ਣ ਦੇ ਬਹਾਨੇ ਪਿੰਡ ਪਿੰਡ ਪੁਲਸ ਛਾਪੇ ਮਾਰਨ ਲੱਗੀ। ਇਸ 'ਚ ਪਿੰਡ ਦੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਮਾਰਕੁੱਟ ਕੀਤੀ। ਔਰਤਾਂ ਤੇ ਲੜਕੀਆਂ ਦੀ ਤਲਾਸ਼ੀ ਦੇ ਨਾਂ 'ਤੇ ਬੇਇਜ਼ਤੀ ਕੀਤੀ। ਪੁਲਸ ਅਤਿਆਚਾਰ ਦੇ ਸ਼ਿਕਾਰ ਆਦੀਵਾਸੀਆਂ ਦੀ ਸਹਿਣ ਸ਼ਕਤੀ ਬਰਦਾਸ਼ਤ ਦੀ ਸੀਮਾ ਪਾਰ ਕਰਦੀ ਜਾ ਰਹੀ ਸੀ। ਉਨ੍ਹਾਂ ਦਾ ਗੁੱਸਾ ਫੁਟਨਾ ਹੀ ਸੀ ਅਤੇ ਉਹ ਫੁੱਟਿਆ ਵੀ। ਹਜ਼ਾਰਾਂ ਆਦੀਵਾਸੀਆਂ ਨੇ ਲਾਲਗੜ੍ਹ ਦੇ ਥਾਣੇ ਨੂੰ ਬਾਕੀ ਇਲਾਕੇ ਤੋਂ ਕੱਟ ਦਿੱਤਾ। ਪੱਛਮੀ ਮਿਦਨਾਪੁਰ ਜ਼ਿਲ੍ਹੇ ਦਾ ਇਹ ਇਲਾਕਾ ਲੁਟ-ਘਸੁਟ ਤੇ ਜਬਰ-ਜੁਲਮ ਦਾ ਸ਼ਿਕਾਰ ਆਦੀਵਾਸੀ ਇਲਾਕਾ, ਸਭ ਕੁਝ ਸਹਿਣ ਕਰਨ ਵਾਲਾ ਇਲਾਕਾ ਹੁਣ ਪੁਲਸ ਅਤਿਆਚਾਰ ਵਿਰੁਧ ਉੱਠ ਖੜਾ ਹੋਇਆ ਸੀ। ਬੁਧਾਦੇਵ ਭੱਟਾਚਾਰੀਆ ਦੀ ਸਰਕਾਰ ਜਿੰਦਲ ਸਟੀਲ ਪਲਾਂਟ ਲਈ 4500 ਏਕੜ ਜ਼ਮੀਨ ਦੇ ਚੁਕੀ ਸੀ। ਇਹ 4500 ਏਕੜ ਜ਼ਮੀਨ ਉਹ ਜ਼ਮੀਨ ਸੀ ਜੋ ਭੂਮੀ ਸੁਧਾਰ ਪ੍ਰੋਗਰਾਮ ਤਹਿਤ ਭੂਮੀਹੀਣ ਆਦੀਵਾਸੀਆਂ ਵਿਚਕਾਰ ਵੰਡੀ ਜਾਣੀ ਸੀ ਇਸ 'ਚ ਕੁਝ ਜੰਗ ਦੀ ਜ਼ਮੀਨ ਵੀ ਆਉਂਦੀ ਸੀ। ਬੁਧਾਦੇਵ ਭੱਟਾਚਾਰੀਆ ਦੀ ਖੱਬੇਪੱਖੀ ਸਰਕਾਰ ਦੀ ਪੂੰਜੀਪਤੀ ਪ੍ਰਸਤ ਸਰਕਾਰ ਦੇ ਰਵੱਈਏ ਨਾਲ ਪੱਛਮੀ ਬੰਗਾਲ ਦੀ ਮਜ਼ਦੂਰ-ਮੇਹਨਤਕਸ਼ ਆਵਾਮ ਵਿਚਕਾਰ ਗੁੱਸਾ ਪਹਿਲਾਂ ਹੀ ਪਣਪ ਰਿਹਾ ਸੀ। ਸਿੰਗੂਰ ਅਤੇ ਵਿਸ਼ੇਸ਼ ਤੌਰ 'ਤੇ ਨੰਦੀਗ੍ਰਾਮ 'ਚ ਇਸ

ਦੀ ਉਦਾਹਰਣ ਵੀ ਮਿਲ ਰਹੀ ਸੀ। ਜਿੰਦਲ ਸਟੀਲ ਪਲਾਂਟ ਨੂੰ ਜ਼ਮੀਨ ਮੁਹੱਈਆ ਕਰਵਾਉਣ ਨਾਲ ਆਦੀਵਾਸੀ ਜਨਤਾ 'ਚ ਗੁੱਸਾ ਸੀ। ਪਰ ਹੁਣ ਉਨ੍ਹਾਂ ਵਿਰੁੱਧ ਪੁਲਿਸ ਅੱਤਿਆਚਾਰ ਆਪਣੀ ਸਿਖ਼ਰਾਂ ਤੇ ਪਹੁੰਚ ਗਿਆ ਸੀ ਤਾਂ ਉਹ ਜਥੇਬੰਦ ਪ੍ਰਤਿਕਾਰ ਦੇ ਨਾਲ ਜਾ ਖੜ੍ਹੇ ਹੋਏ। ਉਨ੍ਹਾਂ ਨੇ ਪੁਲਿਸ ਅੱਤਿਆਚਾਰ ਵਿਰੁੱਧ ਜਨ ਸਥਾਰੋਨੇਟ ਕਮੇਟੀ ਦਾ ਗਠਨ ਕੀਤਾ, ਪੁਲਸ ਅਤਿਆਚਾਰ, ਵਿਰੁੱਧ ਮੰਗ ਪੱਤਰ ਪੇਸ਼ ਕੀਤਾ। ਜ਼ਿਲਾ ਪ੍ਰਸਾਸ਼ਨ ਤੇ ਰਾਜ ਸਰਕਾਰ ਦੇ ਨਾਲ ਇਨ੍ਹਾਂ ਮੰਗਾਂ ਦੇ ਅਧਾਰ 'ਤੇ ਗੱਲਬਾਤ ਦੀ ਪੇਸ਼ਕਸ਼ ਕੀਤੀ। ਰਾਜ ਸਰਕਾਰ ਗੜਬੜ ਹੋ ਗਈ। ਲਲਿਤ ਮੋਦੀ ਆਪਣੇ ਕੁਝ ਦੋਸਤਾਂ ਨਾਲ ਵਿਲਸਨ ਦੇ ਘਰ ਗਏ ਅਤੇ ਅਲੈਕਜੇਂਡਰ ਕਮਰੇ ਤੋਂ ਕੱਢਿਆ ਕਾਰ 'ਚ ਸੁੱਟਿਆ ਤੇ ਫਿਰ ਦੱਬ ਕੇ ਉਸ ਦੀ ਕੁੱਟ ਮਾਰ ਕੀਤੀ ਤੇ ਉਸ ਨੂੰ ਇਕ ਥਾਂ ਬੰਦ ਕਰ ਦਿੱਤਾ। ਕਿਸੇ ਚਸ਼ਮਦੀਦ ਗਵਾਹ ਨੇ ਪੁਲਸ ਨੂੰ ਖਬਰ ਕਰ ਦਿੱਤੀ, ਪੁਲਿਸ ਨੇ ਲਲਿਤ ਮੋਦੀ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਕੇ ਹਵਾਲਾਤ 'ਚ ਬੰਦ ਕਰਕੇ ਰੱਖਿਆ। ਲਲਿਤ ਮੋਦੀ 'ਤੇ ਕਈ ਧਾਰਾਵਾਂ ਤਹਿਤ ਮਾਮਲੇ ਦਰਜ ਕੀਤੇ ਗਏ ਅਤੇ ਲੰਬੀ ਸੁਣਵਾਈ ਪਿੱਛੋਂ ਉਨ੍ਹਾਂ ਨੂੰ ਦੋਸ਼ੀ ਐਲਾਨ ਦਿੱਤਾ ਗਿਆ। ਕੁਲ ਸਜਾ 175 ਮਹੀਨਿਆਂ ਦੀ ਸੀ। ਉਸ ਨੂੰ ਲੰਬੇ ਜ਼ੁਰਮਾਨੇ ਪਿੱਛੋਂ ਪੰਜ ਸਾਲ, ਫਿਰ ਦੋ ਸਾਲ, ਫਿਰ ਪੰਜ ਸਾਲ ਦੀ ਨਿਗਰਾਨੀ ਨਿਰੀਖਣ ਆਦੇਸ਼ 'ਚ ਬਦਲ ਦਿੱਤਾ ਗਿਆ। ਇਸ ਦੇ ਸਾਰੇ ਦਸਤਾਵੇਜ ਸੁਪਰੀਮ ਕੋਰਟ 'ਚ ਮੌਜੂਦ ਹਨ।

ਲਲਿਤ ਮੋਦੀ ਦਾ ਕਾਲਾ ਅਧਿਆਇ ਆਪ ਪੜ ਹੀ ਚੁੱਕੇ ਹੋ, ਹੁਣ ਤੁਸੀਂ ਖੁਦ ਸੋਚੋ, ਜਿਸ ਬੰਦੇ ਦਾ ਵਜੂਦ ਪੂਰੀ ਤਰ੍ਹਾਂ ਗੁਨਾਹਾਂ 'ਚ ਡੁੱਬਿਆ ਹੋਵੇ ਉਸ ਵਿਅਕਤੀ ਨੂੰ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਲੋਹਤ ਕਿਵੇਂ ਰਾਜਸਥਾਨ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨਗੀ ਅਹੁਦੇ ਤੇ ਰੱਖਣਾ ਪਸੰਦ ਕਰਦੇ ਹਨ? ਇਸ ਨਾਲ ਵੀ ਉਨ੍ਹਾਂ ਦੀ ਦਿੱਖ 'ਤੇ ਦਾਗ ਲੱਗਣ ਦੀ ਸੰਭਾਵਨਾ ਸੀ। ਪਰ ਅਸ਼ੋਕ ਗਲੋਹਤ ਇਕ ਰਾਜਨੀਤੀ ਬਾਜ ਹਨ ਉਹ ਖੁੱਲ ਕੇ ਲਲਿਤ ਮੋਦੀ ਦੀ ਮੁਖਾਲਫਿਤ ਕਰਨ ਤੋਂ ਬਚੇ ਰਹੇ। ਦਰਅਸਲ ਗਲੋਹਤ ਦਾ ਕੰਮ ਕਰਨ ਦਾ ਤਰੀਕਾ ਵੀ ਇਹੀ ਹੈ। ਉਹ ਬੇਹੱਦ ਸਰਗਰਮ ਹੋ ਕੇ ਲੋਕਾਂ ਦੀਆਂ ਨਜ਼ਰਾਂ 'ਚ ਸਰਕਾਰ ਦੀ ਪਾਰਟੀ ਨਹੀਂ ਬਣਾਉਣਾ ਚਾਹੁੰਦੇ। ਅਸ਼ੋਕ ਗਲੋਹਤ ਨੂੰ ਇਸ ਦੀ ਸਮਝ ਸੀ ਕਿ ਲਲਿਤ ਮੋਦੀ ਦੇ ਭਾਜਪਾ ਹੀ ਨਹੀਂ ਕਾਂਗਰਸ ਦੇ ਵੀ ਵੱਡੇ-ਵੱਡੇ ਨੇਤਾਵਾਂ ਨਾਲ 'ਅੱਛੇ' ਸਬੰਧ ਹਨ। ਬੀ. ਸੀ. ਸੀ. ਆਈ. 'ਚ ਵੀ ਉਨ੍ਹਾਂ ਦੀ ਤੂਤੀ ਬੋਲਦੀ ਹੈ। ਇਹ ਸਭ ਸਮਝਦੇ ਹੋਏ ਅਸ਼ੋਕ ਗਲੋਹਤ ਖਾਮੋਸ਼ ਰਹਿ ਕੇ ਲਲਿਤ ਮੋਦੀ ਵਿਰੁੱਧ ਰਾਜਸਥਾਨ ਕ੍ਰਿਕਟ ਐਸੋਸੀਏਸ਼ਨ ਦੀ ਚੋਣ ਆਈ ਤਾਂ ਲਲਿਤ ਮੋਦੀ ਇਸ 'ਚ ਹਰ ਪਾਸਿਓਂ ਚਿੱਤ ਹੋ ਗਏ।

ਉਂਜ ਤਾਂ ਅਸ਼ੋਕ ਗਲੋਹਤ ਲਲਿਤ ਮੋਦੀ ਦੀ ਇਕਾਈ ਰਾਜਸਥਾਨ ਤੋਂ ਕਰਾਉਣ ਲਈ ਜ਼ਰੂਰ ਸਫਲ ਹੋ ਗਏ ਹਨ ਪਰ ਉਸ ਵਰਗੇ ਨਾਗ ਨੂੰ ਕੁਚਲਣ ਵਿਚ ਉਹ ਅਜੇ ਤੱਕ ਸਫਲ ਨਹੀਂ ਹੋ ਸਕੇ। ਲਲਿਤ ਮੋਦੀ ਦੀ ਹੇਰਾਫੇਰੀ ਦਾ ਇਕ ਅਧਿਆਇ ਤੁਹਾਡੇ ਸਾਹਮਣੇ ਆਇਆ ਹੈ ਅਤੇ ਵੰਨਗੀ ਵੀ ਦੇਖੋ। ਲਲਿਤ ਮੋਦੀ ਦਾ ਕ੍ਰਿਕਟ ਪ੍ਰੇਮ ਨਵਾਂ ਨਹੀਂ ਹੈ। ਸੰਨ 1990 'ਚ ਤਾਂ ਉਨ੍ਹਾਂ ਬੀ. ਸੀ. ਸੀ. ਆਈ. ਦੇ ਉਸ ਵੇਲੇ ਦੇ ਮੁਖੀ ਮਾਧਵਰਾਓ ਸਿੰਧੀਆ ਦੇ ਸਾਹਮਣੇ ਇੰਡੀਅਨ ਪ੍ਰੀਮੀਅਰ ਲੀਗ ਦਾ ਪਹਿਲਾ ਪ੍ਰਸਤਾਵ ਰੱਖਿਆ ਸੀ ਪਰ ਉਸ ਦਾ ਇਹ ਪ੍ਰਸਤਾਵ ਜਮ ਨਹੀਂ ਸਕਿਆ। ਉਹ ਬੀ.

ਸੀ. ਸੀ. ਆਈ. 'ਚ ਘੁਸਪੈਂਠ ਦਾ ਵਿਚਾਰ ਕਰਨ ਲੱਗੇ। ਇਸ ਕ੍ਰਮ 'ਚ ਉਨ੍ਹਾਂ ਦਾ ਧਿਆਨ ਰਾਜਸਥਾਨ 'ਤੇ ਜਾ ਕੇ ਠਹਿਰਿਆ। ਸਿੰਧੀਆ ਪ੍ਰੀਵਾਰ ਨਾਲ ਉਨ੍ਹਾਂ ਦਾ ਪ੍ਰੀਵਾਰਕ ਸਬੰਧ ਤੇ ਡੂੰਘੀ ਦੋਸ਼ੀ ਹੈ। ਇਯ ਲਈ ਉਹ ਰਾਜਸਥਾਨ ਦੀ ਮੁੱਖ ਮੰਤਰੀ ਵਸੁੰਦਰਾ ਰਾਜੇ ਸਿੰਧੀਆ ਦੇ ਚਰਨੀਂ ਜਾ ਲੱਗੇ ਹਨ। ਮਹਾਂਰਾਣੀ ਨੇ ਉਨ੍ਹਾਂ ਨੂੰ ਹੱਥੋਂ ਹੱਥੀਂ ਲਿਆ। ਲਲਿਤ ਨੇ ਉਨ੍ਹਾਂ ਨੂੰ ਆਪਣੀ ਮੰਸ਼ਾ ਦੱਸੀ ਤਾਂ ਮਹਾਂਰਣੀ ਦਾ ਵਰਦਾਨ ਸਵਰੂਪ ਹੱਥ ਲਲਿਤ ਦੇ ਸਿਰ ਆ ਲੱਗਿਆ। ਫਿਰ ਕਿਸ ਗੱਲ ਦੀ ਦੇਰੀ ਸੀ ਹੇਰਾਫੇਰੀ ਤੇ ਜੋੜਤੋੜ ਦੀ ਰਾਜਨੀਤੀ ਸ਼ੁਰੂ ਹੋ ਗਈ। ਜ਼ਿਲ੍ਹਾ ਸੰਘਾਂ ਦੇ ਅਹੁਦੇਦਾਰਾਂ ਨਾਲ ਸੰਪਰਕ ਕੀਤਾ ਗਿਆ। ਉਨ੍ਹਾਂ ਨੂੰ ਆਪਣੇ ਪੱਖ ਵਿਚ ਕਰਨ ਲਈ ਸਾਮ-ਧਾਮ ਦੀ ਦੱਬ ਕੇ ਵਰਤੋਂ ਕੀਤੀ। ਸਰਕਾਰ ਨੂੰ ਸਾਥ ਦੇਣਾ ਹੀ ਸੀ, ਕਾਨੂੰਨ ਤੱਕ ਵੀ ਬਦਲ ਦਿੱਤਾ ਗਿਆ। ਆਰ. ਸੀ. ਏ. 'ਚ ਵੋਟਰ ਦੀ ਹੈਸੀਅਤ ਰੱਖਣ ਵਾਲੇ ਅਧਿਕਾਰੀਆਂ ਨੂੰ ਲਲਿਤ ਮੋਦੀ ਦੇ ਪੱਖ 'ਚ ਵੋਟ ਪਾਉਣ ਲਈ ਕਿਹਾ ਗਿਆ ਅਤੇ ਇਸ ਤਰ੍ਹਾਂ ਮਹਾਂਰਾਣੀ ਵਸੁੰਦਰਾ ਰਾਜੇ ਸਿੰਧੀਆ ਦੀ ਨਾਦਰਸ਼ਾਹੀ ਦੀ ਬਦੌਲਤ ਲਲਿਤ ਮੋਦੀ ਰਾਜਸਥਾਨ ਦੇ ਕ੍ਰਿਕਟ 'ਚ ਸਾਲਾਂ ਤੋਂ ਚਲੇ ਆ ਰਹੇ ਕਿਸ਼ੋਰ ਰੂੰਗਟਾ ਰਾਜ ਨੂੰ ਸਮਾਪਤ ਕਰਨ 'ਚ ਸਫਲ ਹੋ ਗਏ ਅਤੇ 21 ਫਰਵਰੀ 2005 ਨੂੰ ਦਰਅਸਲ ਹਾਕਮ ਤੇ ਲੁਟੇਰੇ ਵਰਗਾਂ ਦੀ ਸਤਾ ਇਸ ਤੋਂ ਪ੍ਰੇਸ਼ਾਨ ਹੈ। ਆਦੀਵਾਸੀ ਜਨਤਾ ਸਭ ਉਲਟਾ ਦੇ ਰਹੀ ਹੈ। ਰਾਜਨੀਤੀ ਧਨ ਪਸ਼ੂਆਂ ਦਾ ਧੰਦਾ ਹੈ ਅਤੇ ਲਾਲਗੜ੍ਹ ਦੇ ਆਦੀਵਾਸੀ ਧਨ ਪਸ਼ੂਆਂ ਨੂੰ ਪੁੱਛ ਹੀ ਨਹੀਂ ਰਹੇ ਹਨ। ਪੁਲਸ ਪ੍ਰਸਾਸ਼ਨ ਗਰੀਬ, ਆਦੀਵਾਸੀ ਦਲਿਤਾਂ ਹਿਕਾਰਤ ਦੀ ਨਜ਼ਰ ਨਾਲ ਵੇਖਦਾ ਹੈ। ਲੜਾਈ ਜਮਾਤੀ ਹੈ। ਪੁਲਸ ਉਨ੍ਹਾਂ ਨੂੰ ਗੁਲਾਮ ਸਮਝਦੀ ਹੈ ਪਰ ਲਾਲਗੜ੍ਹ ਦੇ ਆਦੀਵਾਸੀਆਂ ਨੇ ਪੁਲਸ ਦੀ ਇਸ ਸਮਝ ਦੀ ਹਵਾ ਕੱਢ ਦਿੱਤੀ ਹੈ। ਉਹ ਜਥੇਬੰਦ ਤਰੀਕੇ ਨਾਲ ਆਪਣੀਆਂ ਸਮੱਸਿਆਵਾਂ ਦਾ ਹੱਲ ਕੱਢਣ ਲੱਗੇ ਹਨ ਉਹ ਸਥਾਨਕ ਵਿਵਸਥਾ ਦੇ ਵਿਰੋਧ 'ਚ ਜਾਂਦੇ ਹਨ। ਇਸ ਲਈ ਕੇਂਦਰ ਸਰਕਾਰ ਤੇ ਰਾਜ ਸਰਕਾਰ ਅਜਿਹੇ ਮਾਣਮੱਤੇ ਘੋਲ ਨੂੰ ਕੁਚਲਣ ਲਈ ਬਜਿਦ ਹੈ। ਕੇਂਦਰ ਤੇ ਰਾਜ ਸਰਕਾਰ ਆਦੀਵਾਸੀਆਂ ਤੇ ਦਲਿਤਾਂ ਦੇ ਹਿੱਤ ਵਿਚ ਜੇ ਕੋਈ ਕਦਮ ਉਠਾਉਂਦੀ ਹੈ ਤਾਂ ਸਿਰਫ ਲੁਟੇਰੀ ਜਮਾਤ ਦੀ ਵਿਵਸਥਾ ਦੀ ਹਿਫਾਜ਼ਤ ਲਈ ਪਰ ਜਦ ਲੁੱਟ ਘਸੁੱਟ ਦੀ ਸ਼ਿਕਾਰ ਆਬਾਦੀ ਆਪਣੀ ਆਵਾਜ਼ ਬੁਲੰਦ ਕਰਦੀ ਹੈ ਅਤੇ ਆਪਣੇ ਹੱਕਾਂ ਲਈ ਜਾਬਰਾਂ ਵਿਰੁੱਧ ਤੇ ਸਵੈਮਾਨ ਲਈ ਉੱਠ ਖੜੀ ਹੁੰਦੀ ਹੈ ਤਾਂ ਲੁਟੇਰੇ ਹਾਕਮਾਂ ਦੇ ਪ੍ਰਤੀਨਿਧ ਬੌਖਲਾ ਜਾਂਦੇ ਹਨ ਅਿਤੇ ਹਰ ਸੰਭਵ ਤਰੀਕੇ ਨਾਲ ਉਨ੍ਹਾਂ ਦੇ ਸਵੈਮਾਨ ਨੂੰ ਪੈਰਾਂ ਹੇਠ ਕੁਚਲਨ ਦਾ ਕੰਮ ਕਰਦੇ ਹਨ। ਲਾਲਗੜ੍ਹ 'ਚ ਕੇਂਦਰ ਤੇ ਰਾਜ ਸਰਕਾਰ ਇਹੀ ਕਰ ਰਹੀ ਹੈ।

# ਪ੍ਰਚੂਨ ਬਾਜ਼ਾਰ ਦੀ ਕੌਣ ਕਰੂਗਾ ਰਾਖੀ?

ਪ੍ਰਚੂਨ ਬਾਜ਼ਾਰ ਸਬੰਧੀ ਇਹ ਲੇਖ ਬਾਜ਼ਾਰ 'ਚ ਦੇਸੀ-ਵਿਦੇਸ਼ੀ ਪੂੰਜੀਪਤੀ ਘਰਾਣਿਆਂ ਦੀ ਘੁਸਪੈਂਠ ਦੀ ਤੜਫ ਤੇ ਸਾਜ਼ਿਸ਼ ਨੂੰ ਦਰਸਾਉਂਦਾ ਹੈ। ਭਾਰਤ ਸਰਕਾਰ ਤੇ ਸੰਸਦ ਵਿਚ ਸੱਤਾ ਤੇ ਵਿਰੋਧੀ ਧਿਰ 'ਚ ਬੈਠੀਆਂ ਪਾਰਟੀਆਂ ਇਸ ਸਾਜ਼ਿਸ਼ ਵਿਚ ਉਨ੍ਹਾਂ ਦੇ ਨਾਲ ਹਨ। ਪੂੰਜੀਵਾਦੀਆਂ ਵਿਚ ਛੋਟੇ ਉਤਪਾਦਕਾਂ, ਛੋਟੇ ਵਪਾਰੀਆਂ ਦੀ ਤਬਾਹੀ ਬਰਬਾਦੀ ਲਗਾਤਾਰ ਜਾਰੀ ਰਹਿੰਦੀ ਹੈ। ਵੱਡੀ ਪੂੰਜੀ ਛੋਟੀ ਪੂੰਜੀ ਨੂੰ ਖਤਮ ਕਰ ਜਾਂਦੀ ਹੈ। ਅਜਿਹੇ 'ਚ ਇਹ ਲੇਖ ਸਵਾਲ ਨੂੰ ਢੰਗ ਸਿਰ ਪੇਸ਼ ਕਰਦਾ ਹੈ।

ਪੂਰਤੀ ਤੇ ਵੰਡ ਦੋਨਾਂ ਨੂੰ ਕੰਟਰੋਲ ਕਰਕੇ ਕੰਪਨੀ ਸਸਤਾ ਮਾਲ ਖਰੀਦ ਕੇ ਉਸ ਨੂੰ ਉੱਚੀਆਂ ਕੀਮਤਾਂ 'ਤੇ ਵੇਚ ਸਕਦੀ ਹੈ। ਪ੍ਰਚੂਨ ਬਾਜ਼ਾਰ 'ਚ ਸਿੱਧਾ ਵਿਦੇਸ਼ੀ ਨਿਵੇਸ਼ ਦਾ ਮਾਮਲਾ ਇਕ ਵਾਰੀ ਫਿਰ ਤੋਂ ਸੁਰੱਖਿਆ ਵਿਚ ਹੈ। ਇਥੇ ਇਕ ਪਾਸੇ ਅਸਿੱਧੇ ਤੌਰ 'ਤੇ ਜਿੱਤ ਕੇ ਆਈ ਕਾਂਗਰਸ ਸਰਕਾਰ ਨੇ ਸ਼ੁਰੂ ਤੋਂ ਹੀ ਇਸ ਖੇਤਰ 'ਚ 26 ਤੋਂ 49 ਫੀਸਦੀ ਨਿਵੇਸ਼ ਦੀ ਇਜਾਜ਼ਤ ਦੇਣ ਦੇ ਸਪੱਸ਼ਟ ਸੰਕੇਤ ਦਿੱਤੇ ਹਨ ਉਥੇ ਇਸ ਵਿਸ਼ੇ ਸਬੰਧੀ ਗਠਿਤ ਇਕ ਸੰਸਦੀ ਸੰਮਤੀ ਨੇ ਕਰਿਆਨੇ ਦੇ ਸਮਾਨ ਫਲ ਤੇ ਸਬਜ਼ੀਆਂ ਦੇ ਖੁਦਰਾ ਬਜ਼ਾਰ ਦੇ ਖੇਤਰ ਵਿਚ ਵਿਦੇਸ਼ੀ ਹੀ ਨਹੀਂ ਬਲਕਿ ਵੱਡੇ ਦੇਸੀ ਕਾਰਪੋਰੇਟ ਪੂੰਜੀਪਤੀਆਂ ਦੀ ਘੁਸਪੈਂਠ ਨੂੰ ਪੂਰੀ ਤਰ੍ਹਾਂ ਪਾਬੰਦੀਸ਼ੁਦਾ ਕੀਤੇ ਜਾਣ ਦੀ ਗੱਲ ਕਹੀ ਗਈ ਹੈ। ਇਹ ਨਹੀਂ ਮੁਰਲੀ ਮਨੋਹਰ ਜੋਸ਼ੀ ਦੀ ਪ੍ਰਧਾਨਗੀ 'ਚ ਗਠਿਤ ਇਸ 31 ਮੈਂਬਰੀ ਸੰਮਤੀ ਨੇ ਇਕ ਕਦਮ ਅੱਗੇ ਵਧ ਕੇ ਦੇਸ਼ 'ਚ ਪੂੰਜੀਪਤੀਆਂ ਵਲੋਂ ਖੋਲ੍ਹੇ ਜਾ ਰਹੇ ਦਿਓਕੱਦ 'ਮਾਲਾ' 'ਚ ਖਪਤਕਾਰੀ ਵਸਤਾਂ ਵੇਚੇ ਜਾਣ 'ਤੇ ਪਾਬੰਦੀ ਲਾਏ ਜਾਣ ਦੀ ਜ਼ੋਰਦਾਰ ਵਕਾਲਤ ਕੀਤੀ ਹੈ। ਪਿਛਲੇ ਦਰਵਾਜ਼ੇ ਤੋਂ ਫਰੈਂਚਾਈ ਦੇ ਸਹਾਰੇ ਪ੍ਰਚੂਨ ਬਾਜ਼ਾਰ 'ਚ ਦਾਖਲੇ 'ਤੇ ਨਿਗਰਾਨੀ ਰੱਖਣ ਲਈ "ਕੈਸ਼ ਐਂਡ ਕੈਰੀ" ਲਾਇਸੈਂਸੀ 'ਤੇ ਵੀ ਨਜ਼ਰ ਰੱਖਣ ਦੀ ਗੱਲ ਕੀਤੀ ਗਈ ਹੈ। ਹਾਲਾਂ ਕਿ ਇਸ ਬੰਦ ਦਰਵਾਜ਼ੇ ਵਿਚਕਾਰ ਇਕ ਖਿੜਕੀ ਖੁੱਲ੍ਹੀ ਰੱਖੀ ਗਈ ਹੈ-ਕਮੇਟੀ ਦਾ ਪ੍ਰਸਤਾਵ ਹੈ ਕਿ 'ਪ੍ਰਚੂਨ ਖੇਤਰ 'ਚ ਪ੍ਰਤੱਖ ਵਿਦੇਸ਼ੀ ਨਿਵੇਸ਼ ਲਾਗੂ ਕਰਨ ਤੋਂ ਪਹਿਲਾਂ ਸਰਕਾਰ ਨੂੰ ਆਪਣੇ ਕਾਨੂੰਨੀ ਤੇ ਪੈਮਾਨਿਕ ਢਾਂਚੇ ਨੂੰ ਦਰੁਸਤ ਕਰ ਲੈਣਾ ਚਾਹੀਦਾ ਹੈ' ਜਾਨਣ ਵਾਲੇ ਇਸ ਚੋਰੀ ਮੋਰੀ ਦੀ ਹਕੀਕਤ ਖੂਬ ਜਾਣਦੇ ਹਨ। ਆਓ ਪਹਿਲਾਂ ਤਾਂ ਵੇਖੀਏ ਕਿ ਮਾਮਲਾ ਹੈ ਕੀ? ਨੱਬੇ ਦੇ ਦਹਾਕੇ ਵਿਚ ਆਰਥਕ ਨੀਤੀਆਂ ਦੇ ਬੇਹੱਦ ਸ਼ੁਰੂਆਤੀ ਦੌਰ ਵਿਚ ਹੀ ਜਦ ਵਿਦੇਸ਼ੀ ਪੂੰਜੀ ਨਿਵੇਸ਼ ਦੇ ਲਈ ਰਾਹ ਖੋਲ੍ਹੇ ਗਏ ਤਾਂ ਖੇਤੀ ਪਿੱਛੋਂ ਦੇਸ਼ ਦੇ ਇਸ ਸਭ ਤੋਂ ਵੱਡੇ ਅਸੰਗਠਿਤ ਖੇਤਰ 'ਤੇ ਵੀ ਦੇਸੀ ਵਿਦੇਸ਼ੀ ਪੂੰਜੀਪਤੀਆਂ ਦੀ ਗਿਰ੍ਝੀ ਨਜ਼ਰ ਪੈ ਗਈ ਸੀ। ਸਿੱਟੇ ਵਜੋਂ 1993 'ਚ ਹੀ ਉਸ ਵੇਲੇ ਦਾ ਵਿੱਤ ਮੰਤਰੀ ਮਨਮੋਹਨ ਸਿੰਘ ਨੇ ਇਸ ਖੇਤਰ ਵਿਚ, ਕਨੂੰਨ 'ਚ ਜ਼ਰੂਰੀ ਤਬਦੀਲੀਆਂ ਕੀਤੀਆਂ ਸਨ। ਇਸ ਦੌਰ ਵਿਚ ਬਹੁਕੌਮੀ ਕੰਪਨੀ 'ਡੇਅਰੀ ਫਾਰਮ' ਨੇ ਸਭ ਤੋਂ ਪਹਿਲਾਂ ਭਾਰਤੀ ਬਾਜ਼ਾਰ 'ਚ ਘੁਸਪੈਂਠ ਕੀਤੀ ਪਰ ਨਰਸਿੰਮਾ ਰਾਓ ਦੀ ਸਰਕਾਰ ਦੇ ਪਤਨ ਪਿੱਛੋਂ ਸੱਤਾ 'ਚ ਆਈ ਸਾਂਝਾ ਮੋਰਚਾ ਸਰਕਾਰ ਦੇ ਦੌਰ ਵਿਚ ਖੱਬੀਆਂ ਪਾਰਟੀਆਂ ਦੇ ਦਬਾਅ ਹੇਠ ਉਸ ਵੇਲੇ ਦੇ ਵਿੱਤ ਮੰਤਰੀ ਪੀ. ਚਿਦੰਬਰਮ ਨੂੰ 1996 'ਚ ਕਾਨੂੰਨਾਂ 'ਚ ਫਿਰ ਤੋਂ ਫੇਰ ਬਦਲ

ਕਰਨੇ ਪ੍ਰਚੂਨ ਬਾਜ਼ਾਰ ’ਚ ਵਿਦੇਸ਼ੀ ਨਿਵੇਸ਼ ’ਤੇ ਰੋਕ ਲਾਉਣੀ ਪਈ। ਨਵ ਉਦਾਰਵਾਦ ਦੀ ਅੰਨੀ ਸਮਰਥਕ ਭਾਰਤੀ ਜਨਤਾ ਪਾਰਟੀ ਸ਼ੁਰੂ ਤੋਂ ਹੀ ਇਸ ਖੇਤਰ ਵਿਚ ਵਿਦੇਸ਼ੀ ਨਿਵੇਸ਼ ਸਬੰਧੀ ਉਨ੍ਹਾਂ ਦੀ ਮੁਖਬਰ ਨਹੀਂ ਰਹੀ ਹੈ। ਛੋਟੇ ਦੁਕਾਨਦਾਰਾਂ ਨੇ ਆਪਣੇ ਪੁਰਾਣੇ ਵੋਟ ਬੈਂਕ ਨੂੰ ਵੇਖਦੇ ਹੋਇਆਂ ਪਾਰਟੀ ਦਾ ਇਹ ਸਟੈਂਡ ਕੋਈ ਵੀ ਸਮਝ ਸਕਦਾ ਹੈ। ਪਰ ਇਹ ਸਮਝ ਲੈਣਾ ਨਾਦਾਨੀ ਹੋਵੇਗੀ ਕਿ ਦੱਖਣ ਪੰਥ ਤੇ ਖੱਬੇ ਪੰਥ ਦਾ ਇਹ ਵਿਰੋਧ ਇਕੋ ਜਿਹਾ ਹੈ। ਆਪਣੀ ਹਕੂਮਤ ’ਚ ਅਨੇਕਾਂ ਵਾਰੀ ਐਨ. ਡੀ. ਏ. ਦੇ ਮੰਤਰੀਆਂ ਨੇ ਇਸ ਨੂੰ ਲਾਗੂ ਕਰਨ ਦੇ ਸੰਕੇਤ ਦਿੱਤੇ। ਮਾਮਲੇ ’ਤੇ ਭਾਜਪਾ ਦਾ ਪੂਰਾ ਨਜ਼ਰੀਆ ਵਿੱਤ ਮੰਤਰੀ ਦੇ ਸਾਬਕਾ ਸਲਾਹਕਾਰ ਰਹੇ ਅਤੇ ਸੰਘ ਦੇ ਅੰਦਰ ਸਵਦੇਸੀ ਲਾਬੀ ਦੇ ਆਲੋਚਕ ਰਹੇ ਮੋਹਨ ਗੁਰੂ ਸੁਆਮੀ ਦੇ ਇਸ ਪ੍ਰਸੰਗ ਦੇ ਲਿਖਿਤ ਇਕ ਖੋਜ ਪੱਤਰ ਐਫ. ਡੀ. ਆਈ. ਇਨ ਇੰਡੀਆਜ਼ ਰੀਟੇਲ ਸੈਕਟਰ; ਮੋਰ ਬੈਡ ਦੈਨ ਗੁਡ, (ਦੇਖੋ ਸੈਂਟਰ ਫਾਰ ਪਾਲਿਸੀ ਅਲਟਰਨੇਟਿਵ ਦੀ ਵੈੱਬ ਸਾਈਟ) ਤੋਂ ਸਪੱਸ਼ਟ ਹੋ ਜਾਂਦਾ ਹੈ। ਇਥੇ ਇਹ ਖੁਦਰਾ ਖੇਤਰ ਵਿਚ ਵਿਦੇਸ਼ੀ ਨਿਵੇਸ਼ ਦੇ ਸਾਰੇ ਮਾੜੇ ਪ੍ਰਭਾਵਾਂ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ ‘ਭਾਰਤੀ ਪ੍ਰਚੂਨ ਖੇਤਰ ਦੀਆਂ ਸਮੱਸਿਆਵਾਂ ਦਾ ਅਧਿਐਨ ਕਰਨ ਲਈ ਇਕ ਕੌਮੀ ਕਮਿਸ਼ਨ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਇਹ ਅਜਿਹੀਆਂ ਨੀਤੀਆਂ ਬਣਾ ਸਕੇ ਜੋ ਉਨ੍ਹਾਂ ਨੂੰ, ਪ੍ਰਤੱਖ ਵਿਦੇਸ਼ੀ ਨਿਵੇਸ਼ ਨਾਲ ਨਿਪਟਣ ਲਈ ਸਮਰਥ ਬਣਾ ਸਕੇ – ਜਦ ਕਦੀ ਉਹ ਆਉਣਗੇ (ਯਾਨੀ ਆਉਣਾ ਤਾਂ ਤਹਿ ਹੈ) ਨਾਲ ਹੀ ਉਹ ਚਾਹੁੰਦੇ ਹਨ ਕਿ ‘ਵਿਦੇਸ਼ੀ ਕੰਪਨੀਆਂ ਦੇ ਦਾਖਲੇ ਦਾ ਅਮਲ ਮੱਠਾ ਹੋਣਾ ਚਾਹੀਦਾ ਹੈ ਅਤੇ ਸਮਾਜਕ ਸੁਰੱਖਿਆਤਮਕ ਉਪਾਵਾਂ ਦਾ ਪੂਰਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ। ਸ਼ੁਰੂਆਤੀ ਦੌਰ ਵਿਚ ਉਨ੍ਹਾਂ ਨੂੰ ਸਿਰਫ਼ ਮੈਟਰੋ ਸ਼ਹਿਰਾਂ ਵਿਚ ਸੁਪਰ ਮਾਰਕਿਟ ਖੋਲ੍ਹਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ‘ਸੰਘ ਦੀ ਦੂਜੀ ਲੀਹ ਦੇ ਬੁਲਾਰੇ ਤੇ ਸਵਦੇਸ਼ੀ ਜਾਗਰਣ ਮੰਚ ਦੇ ਨੇਤਾ ਗੁਰੂਮੂਰਤੀ ਜੋ ਪ੍ਰਤੱਖ ਵਿਦੇਸ਼ੀ ਨਿਵੇਸ਼ ਦੇ ਤਿੱਖੇ ਵਿਰੋਧ ਲਈ ਜਾਣੇ ਜਾਂਦੇ ਰਹੇ ਹਨ, ਨੇ 26 ਜਨਵਰੀ 1998 ’ਚ ਏ. ਐਸ. ਪਨੀਰਸੇਲਵਨ ਨੂੰ ਦਿੱਤੀ ਗਈ ਇਕ ਇੰਟਰਵਿਊ ’ਚ ‘ਭਾਜਪਾ ਦੀਆਂ ਆਰਥਕ ਤਰਜੀਹਾਂ ਗਿਣਦੇ ਹੋਏ ਵਿਦੇਸ਼ੀ ਨਿਵੇਸ਼ ਬਾਰੇ ਕਿਹਾ ਕਿ – ‘ਖਪਤਕਾਰ ਖੇਤਰ ਵਿਚ ਪ੍ਰਤੱਖ ਵਿਦੇਸ਼ੀ ਨਿਵੇਸ਼ ਨਹੀਂ ਹੋਣਾ ਚਾਹੀਦਾ। ਹਾਲ ਦੀ ਘੜੀ ਇਸ ਲਈ ਆਪਣੇ ਆਰਥਿਕ ਹਿੱਤਾਂ ਪ੍ਰਤੀ ਪੂਰਵਾਗ੍ਰਹਿਤ ਹੋਏ ਬਿਨਾਂ ਰਾਹ ਕੱਢੇ ਜਾ ਸਕਦੇ ਹਨ। 1970 ਦੇ ਕੌਮੀਕਰਨ ਦੌਰ ਵਿਚ ਜਿਸ ਤਰ੍ਹਾਂ ਯੂਨੀਲਿਵਰ ਨੂੰ ਆਉਣ ਦੀ ਇਜਾਜ਼ਤ ਦਿੱਤੀ ਗਈ, ਉਹੀ ਮਾਡਲ ਅਪਣਾਉਣਾ ਚਾਹੀਦਾ ਹੈ।” ਉਨ੍ਹਾਂ ਦਾ ਦੁਖ ਹੈ ਕਿ ਸਾਡੇ ਦਰਮਿਆਨ ਸੌਦੇਬਾਜ਼ੀ (ਬਾਰਗੇਨਿੰਗ) ਕਰਨ ਦੀ ਘਾਟ ਹੈ। ਸਾਫ ਹੈ ਕਿ ਇਹ ਸਾਰੀਆਂ ਚੋਰ ਮੋਰੀਆਂ ਵਿਰੋਧ ਦੇ ਪਖੰਡ ਦਾ ਪਰਦਾਫਾਸ਼ ਕਰਦੀਆਂ ਹਨ ਅਤੇ ਇਹੀ ਉਸ ਸੱਚ ਦਾ ਅਸਲੀ ਸੱਚ ਹੈ। ਇਹੀ ਨਹੀਂ ਇਹ ਜੋ ਵਿਰੋਧ ਹੈ ਉਹ ਵੀ ਸਿਰਫ ਵਿਦੇਸ਼ੀ ਪੂੰਜੀ ਦਾ ਹੈ। ਦੇਸੀ ਪੂੰਜੀਪਤੀਆਂ ਦੇ ਇਸ ਬਾਜ਼ਾਰ ’ਤੇ ਕਬਜ਼ੇ ਸਬੰਧੀ ਉਨ੍ਹਾਂ ਨੂੰ ਕੋਈ ਇਤਰਾਜ ਨਹੀਂ। ਇਸ ਖੇਤਰ ’ਤੇ ਉਨ੍ਹਾਂ ਦੇ ਕਬਜੇ ਨਾਲ ਪ੍ਰਚੂਨ ਬਾਜ਼ਾਰ ’ਚ ਲੱਗੇ ਪੰਜ ਕਰੋੜ ਤੋਂ ਵੱਧ ਲੋਕਾਂ ਦੇ ਰੁਜ਼ਗਾਰ ਅਤੇ ਸ਼ਹਿਰਾਂ ਦੇ ਸੰਤੁਲਨ ’ਤੇ ਕੋਈ ਪ੍ਰਭਾਵ ਨਹੀਂ ਪਵੇਗਾ, ਇਨ੍ਹਾਂ ਸਵਦੇਸ਼ੀ ਪੂੰਜੀ ਦੇ ਸਮਰਥਕਾਂ ਨੂੰ ਵਹਿਮ ਹੈ। ਦਰਅਸਲ ਸਵਦੇਸ਼ੀ ਜਾਗਰਨ ਮੰਚ ਦਾ ਇਹ ਪੂਰਾ ‘ਵਿਰੋਧ’ ਇਸੇ ਮੇਲਭਾਵ ਨੂੰ ਵਧਾਉਣ ਅਤੇ ਇਸ ਦੇ

ਹਿੱਤਾਂ ਨੂੰ ਭਾਰਤੀ ਪੂੰਜੀਪਤੀਆਂ ਦੇ ਹਿੱਤਾਂ 'ਚ ਤਬਦੀਲ ਕਰਨ ਦਾ ਯਤਨ ਹੈ। ਜਿਸ 'ਚ ਆਮ ਲੋਕਾਂ ਨਾਲ ਕੋਈ ਹਮਦਰਦੀ ਨਹੀਂ। ਇਸ ਲਈ ਤਾਂ ਬੰਗਲੌਰ ਵਿਚ ਜਰਮਨ ਰਿਟੇਲਰ ਮੈਟਰੋ ਏ. ਜੀ. ਦੇ ਆਉਣ 'ਤੇ ਉਨ੍ਹਾਂ ਦੇ ਵਿਰੋਧ 'ਚ ਲਿਖੇ ਹੋਏ ਲੇਖ (ਜੋ ਉਨ੍ਹਾਂ ਦੀ ਵੈੱਬਸਾਈਟ 'ਤੇ ਹੈ) ਵੱਡਾ ਹਿੱਸਾ ਬਜਾਜ ਤੇ ਦੂਜੇ ਪੂੰਜੀਪਤੀਆਂ ਪ੍ਰਤੀ ਉਨ੍ਹਾਂ ਦੀ ਵਫ਼ਾਦਾਰੀ ਤੇ ਉਨ੍ਹਾਂ ਦੇ ਹਿੱਤਾਂ ਲਈ ਗੁਰੂ ਮੂਰਤੀ ਵੱਲੋਂ ਨਿਭਾਈ ਗਈ ਵਿਚੋਲੇ ਦੀ ਭੂਮਿਕ ਦੀ ਜੈ ਜੈ ਕਾਰ ਨੂੰ ਸਮਰਪਿਤ ਹੈ। ਖੈਰ ਇਨ੍ਹਾਂ ਸਾਰਿਆਂ ਦੇ ਦਰਮਿਆਨ ਭਾਰਤੀ ਮੱਧਵਰਗ ਦਾ ਵੱਡ ਆਕਾਰੀ ਰੀਟੇਲ ਚੇਨ ਚਲਾਉਣ ਵਾਲੇ ਵਾਲ ਮਾਰਟ, ਕੈਰੀਫੋਰ, ਟੈਸਕੋ ਵਰਗੀਆਂ ਬਹੁਕੌਮੀ ਕਾਰਪੋਰੇਸ਼ਨਾਂ ਨੂੰ ਹਮੇਸ਼ਾ ਆਕਰਸ਼ਿਤ ਕਰਦੇ ਰਹੇ ਹਨ। ਤੇ ਭਾਰਤ ਸਰਕਾਰ ਉੱਪਰ ਅੰਦਰੋਂ ਤੇ ਬਾਹਰੋਂ ਦੋਨਾਂ ਪਾਸਿਆਂ ਤੋਂ ਦਬਾਅ ਬਣਾਏ ਜਾਂਦੇ ਰਹੇ ਇਹ ਦਬਾਅ ਵਿਸ਼ਵ ਵਪਾਰ ਸੰਗਠਨ ਦੇ ਦੋਹਾਂ ਸ਼ੈਸ਼ਨ ਦੌਰਾਨ ਆਪਣੀ ਸਿਖਰ 'ਤੇ ਪਹੁੰਚ ਗਿਆ ਜਦ ਭਾਰਤ ਨੂੰ ਸ਼ਰੇਆਮ ਧਮਕੀ ਦਿੱਤੀ ਗਈ ਤਾਂ ਉਨ੍ਹਾਂ ਦੀ ਗੈਟ ਤਹਿਤ ਕੀਤੀ ਜਾ ਰਹੀ ਮਦਦ ਰੋਕ ਦਿੱਤੀ ਜਾਵੇਗੀ ਤੇ ਉਨ੍ਹਾਂ 'ਤੇ ਪਾਬੰਦੀਆਂ ਲਾ ਦਿੱਤੀਆਂ ਜਾਣਗੀਆਂ। ਇਹ ਦਬਾਅ ਅਸਰਦਾਇਕ ਸਾਬਤ ਹੋਇਆ ਅਤੇ ਦਸਵੀਂ ਪੰਜ ਸਾਲਾ ਯੋਜਨਾ ਦਾ ਅੰਸ਼ਿਕ ਤੌਰ 'ਤੇ ਖੋਲ੍ਹਣ ਦਾ ਐਲਾਨ ਕੀਤਾ ਗਿਆ। ਖੱਬੇ ਪੱਖੀ ਪਾਰਟੀਆਂ ਤੇ ਹੋਰ ਹਮਾਇਤੀ ਪਾਰਟੀਆਂ ਦੇ ਇਤਰਾਜ਼ਾਂ ਨੂੰ ਨਜ਼ਰਅੰਦਾਜ ਕਰਦੇ ਹੋਇਆਂ ਸਰਕਾਰ ਨੇ 10 ਫਰਵਰੀ 2006 ਨੂੰ ਜਾਰੀ ਪ੍ਰੈੱਸ ਨੋਟ ਰਾਹੀਂ ਕੁਝ ਸ਼ਰਤਾਂ ਨਾਲ 'ਏਕਲ ਬ੍ਰਾਂਡ ਦੇ ਉਤਪਾਦਕਾਂ ਨੂੰ 51 ਫੀਸਦੀ ਪ੍ਰਤੱਖ ਵਿਦੇਸ਼ੀ ਨਿਵੇਸ਼ ਦੀ ਲੁਟ ਦੇ ਦਿੱਤੀ ਇਸ ਪਿੱਛੋਂ ਥੋਕ ਵਪਾਰ ਅਤੇ ਗੋਦਾਮਾਂ ਵਿਚ ਸਟੋਰ ਦੇ ਖੇਤਰਾਂ ਵਿਚ ਵੀ ਸੱਤ ਪ੍ਰਤੀਸ਼ਤ ਵਿਦੇਸ਼ੀ ਨਿਵੇਸ਼ ਦੀ ਛੋਟ ਦੇ ਦਿੱਤੀ ਗਈ। ਇਸ ਨਾਲ ਬਹੁਕੌਮੀ ਕਾਰਪੋਰੇਸ਼ਨਾਂ ਲਈ ਪਿਛਲੇ ਚੋਰ ਦਰਵਾਜੇ ਖੁੱਲ੍ਹ ਗਏ। ਇਸ ਸੀਮਤ ਪਰ ਮਹੱਤਵਪੂਰਨ ਸਫਲਤਾ ਨਾਲ ਉਤਸ਼ਾਹਿਤ ਵਾਲਮਾਰਟ ਨੇ ਸੁਨੀਲ ਮਿੱਤਲ ਦੀ 'ਭਾਰਤੀ ਇੰਟਰਪ੍ਰਾਈਜਜ਼' ਦੇ ਨਾਲ ਐਮ. ਓ. ਯੂ. 'ਤੇ ਦਸਤਖਤ ਕੀਤੇ ਜਿਸ ਤਹਿਤ ਵਾਲ ਮਾਰਟ ਬੈਕਇੰਡ (ਯਾਨੀ ਵਸਤੂਆਂ ਦੀ ਸਪਲਾਈ) ਸੰਭਾਲੇਗਾ ਅਤੇ ਭਾਰਤੀ ਫਰੰਟ ਇੰਡ (ਯਾਨੀ ਫੰਡ ਪ੍ਰਣਾਲੀ) ਪਰ ਇਹ ਸੀਮਤ ਛੋਟ ਲੁਟ ਦੀ ਉਨ੍ਹਾਂ ਦੀ ਲਾਲਸਾ ਨੂੰ ਪੂਰਾ ਨਹੀਂ ਕਰ ਸਕਦੀ ਇਸ ਲਈ ਹੋਰ ਛੋਟ ਵਾਸਤੇ ਦਬਾਅ ਬਣਾਉਣ ਦਾ ਅਮਲ ਜਾਰੀ ਹੈ। ਵਿਦੇਸ਼ੀ ਕੰਪਨੀਆਂ ਦੀ ਇਸ ਸਰਗਰਮੀ (ਚੌਕਸੀ) ਦੇ ਬਰਮਾਕਸ ਭਾਰਤੀ ਸਨਅਤੀ ਘਰਾਣਿਆਂ ਨੇ ਵੀ ਇਸ ਖੇਤਰ ਵਿਚ ਪੂਰੀ ਤਿਆਰੀ ਨਾਲ ਪ੍ਰਵੇਸ਼ ਕੀਤਾ। ਗੋਇਨਕਾ ਦੇ ਆਰ. ਪੀ. ਜੀ. ਗਰੁੱਪ ਤੇ ਅਦਿਤਿਆ ਬਿਡਲਾ ਗਰੁੱਪ ਤੋਂ ਇਲਾਵਾ ਇਸ ਖੇਤਰ ਦਾ ਸਭ ਤੋਂ ਵੱਡਾ ਨਾਂ ਹੈ ਮੁਕੇਸ਼ ਅੰਬਾਨੀ ਦੇ ਰਿਲਾਇੰਸ ਦਾ ਜਿਸ ਨੇ ਦੇਸ਼ ਵਿਚ 25 ਹਜ਼ਾਰ ਕਰੋੜ ਤੋਂ ਵੱਧ ਦਾ ਨਿਵੇਸ਼ ਕਰਕੇ ਡੇਢ ਹਜ਼ਾਰ ਸ਼ਹਿਰਾਂ 'ਚ ਇਕ ਹਜ਼ਾਰ ਹਾਈਪਰ ਮਾਰਕਿਟ, ਤਿੰਨ ਹਜ਼ਾਰ ਸੁਪਰ ਮਾਰਕਿਟ ਅਤੇ ਪੰਜ ਸੌ ਤੋਂ ਵੱਧ ਸਪੈਸ਼ਿਲਟੀ ਸਟੋਰ ਖੋਲ੍ਹਣ ਦੀ ਯੋਜਨਾ ਨੂੰ ਅਮਲੀ ਰੂਪ ਦੇਣਾ ਸ਼ੁਰੂ ਕਰ ਦਿੱਤਾ ਹੈ। ਰਿਲਾਇੰਸ ਦੀ ਵਿਸੇਸ਼ਤਾ ਇਸ ਤੱਥ 'ਚ ਵੀ ਹੈ ਕਿ ਦੂਜਿਆਂ ਦੀ ਤੁਲਨਾ 'ਚ ਕਾਫੀ ਪਹਿਲਾਂ ਹੀ ਉਸ ਨੇ ਇਸ ਖੇਤਰ ਦੇ ਸਭ ਤੋਂ ਲਾਭਕਾਰੀ ਖੇਤਰ ਅਨਾਜ, ਫਲ ਤੇ ਸਬਜ਼ੀ ਵਪਾਰ ਦੇ ਖੇਤਰ ਵਿਚ ਦਾਖਲੇ ਲਈ ਪੂਰਤੀ ਦੀ ਪੂਰੀ ਤਿਆਰੀ ਕਰ ਲਈ ਸੀ। ਵਾਅਦਾ ਵਪਾਰ ਰਾਹੀਂ ਇਸ ਨੇ ਦੇਸ਼ ਭਰ ਤੋਂ ਭਾਰੀ ਮਾਤਰਾ 'ਚ ਇਨ੍ਹਾਂ ਵਸਤਾਂ

ਦੀ ਖਰੀਦਦਾਰੀ ਕੀਤੀ ਹੈ। ਇਨ੍ਹਾਂ ਦੀ ਕਾਰਜਪ੍ਰਣਾਲੀ ਵਾਲ ਮਾਰਟ ਵਾਂਗੂੰ ਸਿੱਧੇ-ਸਿੱਧੇ ਪੂਰਤੀ ਤੇ ਵੰਡ ਦੋਨੋਂ ਖੇਤਰਾਂ 'ਤੇ ਪੂਰਨ ਕੰਟਰੋਲ ਕਰ ਲੈਣ ਦੀ ਹੈ ਪਿਛਲੀ ਸਰਕਾਰ ਦੌਰਾਨ ਖੇਤੀ ਵਸਤਾਂ ਸੰਮਤੀ ਕਾਨੂੰਨਾਂ (ਏ. ਪੀ. ਐੱਮ. ਸੀ.) 'ਚ ਹੋਏ ਸੁਧਾਰਾਂ ਤੇ ਠੇਕੇ 'ਤੇ ਖੇਤੀ ਪ੍ਰਣਾਲੀ ਨੂੰ ਹੱਲਾ ਸ਼ੇਰੀ ਨੇ ਇਸ ਦਾ ਕੰਮ ਹੋਰ ਸੌਖਾ ਕਰ ਦਿੱਤਾ ਹੈ। ਸਿੱਟੇ ਵਜੋਂ ਪ੍ਰਤੱਖ ਨਿਵੇਸ਼ ਬਿਨਾਂ ਹੀ ਭਾਰਤੀ ਪ੍ਰਚੂਨ ਬਜ਼ਾਰ 'ਚ ਸੰਸਥਾਗਤ ਖੇਤਰ ਦੀ ਤੇਜੀ ਨਾਲ ਵਧ ਰਹੀ ਹੈ। 1999 'ਚ ਕਾਰਪੋਰੇਟ ਜਗਤ ਦੀ ਇਸ ਖੇਤਰ 'ਚ ਕੁਲ ਹਿੱਸੇਦਾਰੀ ਸੀ 15000 ਕਰੋੜ ਰੁਪਏ ਜੋ 2005 'ਚ ਵਧ ਕੇ 35000 ਕਰੋੜ ਹੋ ਗਈ ਅਤੇ ਹੁਣ ਵੀ ਇਹ ਚਾਲੀ ਫੀਸਦੀ ਸਲਾਨਾ ਦੀ ਦਰ ਨਾਲ ਵਧ ਰਹੀ ਹੈ। ਸਰਕਾਰੀ ਅੰਕੜਿਆਂ ਅਨੁਸਾਰ ਜਥੇਬੰਦ ਖੇਤਰ 2003 ਦੇ ਦੋ ਫੀਸਦੀ ਤੋਂ ਵਧ ਕੇ 2008 ਤੱਕ ਪੰਜ ਫੀਸਦੀ ਪ੍ਰਚੂਨ ਬਾਜ਼ਾਰ 'ਤੇ ਕਬਜ਼ਾ ਜਮਾ ਚੁੱਕਿਆ ਹੈ। ਇਸ ਵਾਧੇ ਦਾ ਸਿੱਧਾ ਅਰਥ ਹੈ ਚਾਰ ਕਰੋੜ 20 ਲੱਖ ਦੁਕਾਨਦਾਰਾਂ ਦਾ ਲਗਾਤਾਰ ਖੇਡ ਤੋਂ ਬਾਹਰ ਹੁੰਦੇ ਜਾਣਾ ਇਸ ਤੱਥ ਦੀ ਤਸਦੀਕ ਤਾਂ ਆਪਣੀ ਕਿਤਾਬ ਦ ਵਰਲਡ ਇਜ਼ ਫਲੈਟ 'ਚ ਥਾਮਸ ਐਲ ਫ੍ਰੀਡਮੈਨ ਵੀ ਕਰਦੇ ਹਨ। ਦੇਸ਼ ਵਿਚ ਕੁਲ ਰੁਜ਼ਗਾਰ ਦਾ ਸੱਤ ਫੀਸਦੀ ਮੁਹੱਈਆ ਕਰਵਾਉਣ ਵਾਲੇ ਇਸ ਖੇਤਰ ਦੀ ਤਬਾਹੀ ਦਾ ਅਸਰ ਪਹਿਲਾਂ ਰੁਜ਼ਗਾਰ ਰਹਿਤ ਵਿਕਾਸ ਅਤੇ ਮੰਦੀ ਦੀ ਮਾਰ ਨਾਲ ਜੂਝ ਰਹੇ ਇਸ ਦੇਸ਼ ਦਾ ਕੀ ਹੋਵੇਗਾ, ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਸ ਦੇ ਮਾੜੇ ਪ੍ਰਭਾਵਾਂ 'ਤੇ ਤਾਂ ਪਹਿਲਾਂ ਹੀ ਕਾਫੀ ਕੁਝ ਲਿਖਿਆ ਜਾ ਚੁੱਕਿਆ ਹੈ। ਜਿਸ ਦੇ ਕਾਰਨ ਨਾ ਸਿਰਫ ਭਵਿੱਖ 'ਚ ਅਜ਼ਾਰੇਦਾਰੀ ਜਮਾ ਕਰ ਕੇ ਇਹ ਕੰਪਨੀਆਂ ਮਨਮਾਨੀ ਲੁਟ ਮਚਾਉਣਗੀਆਂ ਬਲਕਿ ਪਹਿਲਾਂ ਤੋਂ ਬਦਹਾਲ ਆਮ ਆਦਮੀ ਲਈ ਰੋਟੀ-ਦਾਲ ਨੂੰ ਹੋਰ ਵੱਧ ਮੁਸ਼ਕਲ ਬਣਾ ਦੇਵੇਗੀ। ਇਸ ਪੂਰੀ ਧਾਰਨਾ ਤੇ ਨਿਗਮਾਂ ਦੀ ਕਾਰਜ ਪ੍ਰਣਾਲੀ ਨੂੰ ਸਮਝਣ ਲਈ ਰਿਲਾਇੰਸ ਦੇ ਅਨੁਭਵ ਨੂੰ ਵੇਖਿਆ ਜਾ ਸਕਦਾ ਹੈ। ਰਿਲਾਇੰਸ ਦੇ ਕੰਮ ਕਰਨ ਦਾ ਤਰੀਕਾ ਬਿਲਕੁਲ ਸਾਫ ਹੈ - ਉਹ ਉਤਪਾਦਕ ਤੇ ਖਪਤਕਾਰ ਦੇ ਵਿਚਕਾਰ ਦੀ ਪੂਰੀ ਕੜੀ (ਆੜਤੀਏ, ਕਮਿਸ਼ਨ ਏਜੰਟ, ਥੋਕ ਵਪਾਰੀਆਂ ਤੇ ਪ੍ਰਚੂਨ ਵਪਾਰੀ) 'ਤੇ ਕਬਜ਼ਾ ਜਮਾ ਲੈਣਾ ਚਾਹੁੰਦਾ ਹੈ। ਇਸ ਅਮਲ 'ਚ ਦਾਅਵਾ ਕੀਤਾ ਜਾਂਦਾ ਹੈ ਕਿ 'ਦਲਾਲਾਂ' ਤੋਂ ਮੁਕਤੀ ਇਕ ਪਾਸੇ ਕਿਸਾਨਾਂ ਨੂੰ ਸਹੀ ਭਾਅ ਦਿਵਾਏਗੀ ਤੇ ਦੂਜੇ ਪਾਸੇ ਖਪਤਕਾਰ ਨੂੰ ਵੀ ਸਹੀ ਕੀਮਤ ਤੇ ਵਸਤਾਂ ਮੁਹੱਈਆ ਕਰਵਾਏਗੀ। ਪਰ ਹਕੀਕਤ ਇਸ ਦੇ ਉਲਟ ਹੈ - ਰਿਲਾਇੰਸ ਨੇ ਹੁਣ ਤੱਕ ਜੋ ਵੀ ਅਨਾਜ, ਫਲ ਤੇ ਸਬਜ਼ੀਆਂ ਖਰੀਦੀਆਂ ਹਨ ਉਹ ਦਲਾਲਾਂ ਰਾਹੀਂ। ਅਜਿਹੇ ਵਿਚ ਉਸ ਨੇ ਸਿਰਫ ਥੋਕ ਤੇ ਪ੍ਰਚੂਨ ਵਪਾਰੀਆਂ ਦੀ ਭੂਮਿਕਾ ਹੀ ਖਤਮ ਕੀਤੀ ਹੈ ਜਿਸ ਨਾਲ ਕਿਸਾਨਾਂ ਨੂੰ ਕੋਈ ਲਾਭ ਨਹੀਂ ਮਿਲਣ ਵਾਲਾ। ਖਪਤਕਾਰ ਲਈ ਜੋ ਰੇਟ ਹੈ ਉਹ ਥੋਕ ਤੇ ਪ੍ਰਚੂਨ ਕੀਮਤ ਦੇ ਵਿਚਕਾਰ ਦੀ ਹੈ ਅਤੇ ਜੇ ਕਿਤੇ ਇਸ ਤੋਂ ਘੱਟ ਹੈ ਤਾਂ ਉਹ ਬਣਾਉਟੀ (ਆਰਜੀ) ਤੌਰ 'ਤੇ ਰੱਖੀ ਗਈ ਹੈ ਜਿਸ ਦਾ ਉਦੇਸ਼ ਛੋਟੇ ਵਪਾਰੀਆਂ ਨੂੰ ਪੂਰੀ ਤਰ੍ਹਾਂ ਨਸ਼ਟ ਕਰਨਾ ਹੈ। ਜਿਸ ਨਾਲ ਭਵਿੱਖ ਵਿਚ ਬਾਜ਼ਾਰ 'ਤੇ ਪੂਰੀ ਤਰ੍ਹਾਂ ਕਬਜਾ ਜਮਾ ਕੇ ਮਨਮਾਨੀ ਲੁਟ ਕੀਤੀ ਜਾ ਸਕੇ। ਥੋਕ ਤੇ ਪ੍ਰਚੂਨ ਕੀਮਤਾਂ ਵਿਚਕਾਰ ਦਾ ਇਹ ਮਾਮੂਲੀ ਫਰਕ ਵੀ ਵੱਡੇ ਸਟੋਰਾਂ ਦੇ ਰੱਖ ਰਖਾਅ ਦੇ ਭਾਰੀ ਖਰਚ ਕਾਰਨ ਲੰਬੇ ਸਮੇਂ ਤੱਕ ਬਣਾਈ ਰੱਖ ਸਕਣਾ ਸੰਭਵ ਨਹੀਂ ਹੋਵੇਗਾ। ਦੂਸਰੇ ਜੇ ਇਹ ਮੰਨ ਵੀ ਲਿਆ

ਜਾਵੇ ਕਿ ਭਵਿੱਖ 'ਚ ਰਿਲਾਇੰਸ ਕਿਸਾਨਾਂ ਤੋਂ ਸਿੱਧਾ ਅਨਾਜ ਖਰੀਦ ਸਕੇਗਾ ਤਾਂ ਵੀ ਕਿਸਾਨਾਂ ਦੀ ਸਥਿਤੀ ਬੇਹਤਰ ਹੋਣ ਦੀ ਕੋਈ ਉਮੀਦ ਨਹੀਂ ਹੈ। ਆਪਣੀ ਵਿਸ਼ਾਲ ਸੌਦੇਬਾਜੀ (Bargaining) ਸਮਰਥਾ ਅਤੇ ਬਾਜ਼ਾਰ 'ਤੇ ਇਜ਼ਾਰੇਦਾਰੀ ਦੇ ਕਾਰਨ ਰਿਲਾਇੰਸ (ਜਾਂ ਕੁਝ ਹੋਰ ਕੰਪਨੀਆਂ ਦੇ ਨਾਲ ਬਣਿਆ ਉਨ੍ਹਾਂ ਦਾ ਕਾਰਟੇਲ) ਕਿਸਾਨਾਂ ਤੋਂ ਮਨਚਾਹੀਆਂ ਕੀਮਤਾਂ 'ਤੇ ਅਨਾਜ ਖਰੀਦਣ ਵਿਚ ਆੜਤੀਆਂ ਤੋਂ ਵੱਧ ਕਾਰਗਰ ਹੋਵੇਗਾ ਅਤੇ ਮੁਨਾਫੇ ਦੀ ਅੰਨੀ ਭੁੱਖ ਕਾਰਨ ਇਹੀ ਅਨਾਜ ਉੱਚੇ ਭਾਵਾਂ 'ਤੇ ਏਅਰ-ਕੰਡੀਸ਼ਨਰ ਦੁਕਾਨਾਂ 'ਚ ਮਿਲੇਗਾ। ਦੂਸਰੇ ਤਰੀਕੇ ਠੇਕੇ ਦੀ ਖੇਤੀ ਬਾਰੇ ਤਾਂ ਹੁਣ ਆਪਾਂ ਸਭ ਜਾਣਦੇ ਹੀ ਹਾਂ। ਇਸ ਸਬੰਧੀ ਵਾਲ ਮਾਰਟ ਬਾਰੇ ਅਮਰੀਕਾ 'ਚ ਕੀਤੇ ਸਰਵੇ ਦੀ ਰਿਪੋਟ ਸਾਡੇ ਲਈ ਅੱਖ ਖੋਲ੍ਹਣ ਵਾਲੀ ਹੋ ਸਕਦੀ ਹੈ ਜਿਸ 'ਚ ਕਿਹਾ ਗਿਆ ਕਿ 'ਅਮਰੀਕਾ ਦੇ ਜਿਨ੍ਹਾਂ ਖੇਤਰਾਂ 'ਚ ਵਾਲਮਾਰਟ ਸਟੋਰ ਖੋਲ੍ਹੇ ਗਏ ਉਥੋਂ ਦੇ ਕਿਸਾਨ ਮੁਕਾਬਲਾਤਨ ਵਧ ਗਰੀਬ ਹੋ ਗਏ।' ਪਰ ਇਹ ਵੀ ਤਸਵੀਰ ਦਾ ਇਕ ਪਹਿਲੂ ਹੀ ਹੈ। ਜੇ ਇਸ ਅਮਲ ਦੇ ਵਿਆਪਕ ਸਮਾਜਕ-ਆਰਥਕ ਪ੍ਰਭਾਵਾਂ ਦੀ ਵਿਵੇਚਨਾ ਕਰੀਏ ਤਾਂ ਕਈ ਦੂਜੇ ਭਿਆਨਕ ਤੱਥ ਸਾਹਮਣੇ ਆਉਂਦੇ ਹਨ। ਆਮ ਤੌਰ 'ਤੇ ਇਹ ਸਟੋਰ ਉਚ ਤੇ ਮੱਧ ਵਰਗੀ ਰਿਹਾਇਸ਼ੀ ਇਲਾਕਿਆਂ ਵਿਚ ਹੀ ਖੋਲ੍ਹੇ ਜਾ ਰਹੇ ਹਨ। ਛੋਟੀਆਂ ਦੁਕਾਨਾਂ ਦੇ ਉਲਟ ਇਥੇ ਇਕ ਸਾਥ ਵੱਡੀ ਖਰੀਦਦਾਰੀ ਨੂੰ ਹੱਲਾਸ਼ੇਰੀ ਦਿੱਤੀ ਜਾਂਦੀ ਹੈ ਸਪੱਸ਼ਟ ਹੈ ਕਿ ਨਿਮਨ ਮੱਧਵਰਗ ਤੇ ਗਰੀਬ ਖਪਤਕਾਰ ਹੁਣ ਵੀ ਛੋਟੀਆਂ ਦੁਕਾਨਾਂ ਤੋਂ ਹੀ ਮਾਲ ਖਰੀਦੇਗਾ। ਇਨ੍ਹਾਂ ਕੰਪਨੀਆਂ ਵੱਲੋਂ ਭਾਰੀ ਮਾਤਰਾ 'ਚ ਬੇਹਤਰ ਗੁਣਵੰਣਤਾ ਦੇ ਸਮਾਨ ਘੱਟੋ ਘੱਟ ਸ਼ੁਰੂਆਤੀ ਦੌਰ 'ਚ, ਸਸਤੀਆਂ ਕੀਮਤਾਂ 'ਤੇ ਖਰੀਦ ਸਕੇਗਾ, ਉਥੇ ਨਿਮਨ ਮੱਧਵਰਗੀ ਤੇ ਗਰੀਬ ਖਪਤਕਾਰ ਘਟੀਆ ਵਸਤਾਂ ਵੱਧ ਭਾਵਾਂ 'ਤੇ ਖਰੀਦਣ ਲਈ ਮਜ਼ਬੂਰ ਹੋਵੇਗਾ ਜਿਸ ਨਾਲ ਪਹਿਲਾਂ ਤੋਂ ਵਿਆਪਕ ਆਰਥਕ ਤੰਗ ਦੇ ਅਧਾਰਾਂ 'ਚ ਹੋਰ ਵਾਧਾ ਹੋਵੇਗਾ। ਜਲੰਧਰ 'ਚ ਰਿਲਾਇੰਸ ਨੇ ਇਹੀ ਕੀਤਾ ਹੈ। ਇਥੇ ਉਹ ਪਹਿਲਾਂ ਭਾਰੀ ਮਾਤਰਾ 'ਚ ਆੜਤੀਆਂ ਤੋਂ ਫਲ ਤੇ ਸਬਜ਼ੀਆਂ ਖਰੀਦਦਾ ਹੈ, ਫਿਰ ਉਸ ਵਿਚੋਂ ਚੰਗੇ-ਚੰਗੇ ਨੂੰ ਛਾਂਟ ਕੇ ਬਾਕੀ ਨੂੰ ਉਸੇ ਭਾਅ 'ਤੇ ਦੁਬਾਰਾ ਆੜਤੀਆਂ ਨੂੰ ਵੇਚ ਦਿੱਤਾ ਜਾਂਦਾ ਹੈ। ਜਿਸ ਨੂੰ ਛੋਟੇ ਵਪਾਰੀ ਉੱਚੇ ਭਾਵਾਂ 'ਤੇ ਖਰੀਦਣ ਲਈ ਮਜ਼ਬੂਰ ਹੁੰਦੇ ਹਨ (ਵੇਖੋ ਫਰੰਟ ਲਾਈਨ 13 ਜੁਲਾਈ 2007) ਮੁਨਾਫੇ ਦੀ ਇਹ ਅਥਾਹ ਸੰਭਾਵਨਾ ਹੀ ਕਾਰਪੋਰੇਸ਼ਨਾਂ ਦੀ ਇਸ ਖਿੱਚ ਦਾ ਕਾਰਨ ਹੈ। 27 ਜੂਨ 2008 ਨੂੰ ਪੇਸ਼ ਇਕ ਰਿਪੋਟ ਅਨੁਸਾਰ ਸਾਲ 2011 ਤੱਕ ਭਾਰਤ 'ਚ ਪ੍ਰਚੂਨ ਖੇਤਰ 'ਚ ਸੰਗਠਿਤ ਵਪਾਰ ਦਾ ਸਿੱਟਾ 50 ਅਰਬ ਅਮਰੀਕੀ ਡਾਲਰ ਦੇ ਬਰਾਬਰ ਹੋ ਜਾਵੇਗਾ। 2007 ਤੋਂ 2015 ਤੱਕ ਵਿਚਕਾਰ ਮਾਲਾਂ ਦੀ ਗਿਣਤੀ 'ਚ ਵਾਧੇ ਦੀ ਦਰ 18.9 ਫੀਸਦੀ ਰਹੇਗੀ ਅਤੇ ਪੇਂਡੂ ਬਾਜ਼ਾਰਾਂ ਦਾ ਪਰਿਣਾਮ ਵਧ ਕੇ ਕੁਲ ਬਾਜ਼ਾਰ ਦਾ ਅੱਧਾ ਹੋ ਜਾਵੇਗਾ। ਰਿਪੋਟ ਅਨੁਸਾਰ ਇਸ ਵਾਧੇ 'ਚ ਸਭ ਤੋਂ ਵੱਡਾ ਹਿੱਸਾ ਹੋਵੇ ਅਨਾਜ ਪਦਾਰਥਾਂ ਅਤੇ ਕਰਿਆਨੇ ਨਾਲ ਸਬੰਧਤ ਵਸਤੂਆਂ ਦਾ। ਇਸ ਆਧਾਰ 'ਤੇ ਭਾਰਤ ਨੂੰ ਰਿਟੇਲ ਵਪਾਰੀਆਂ ਲਈ ਸਭ ਤੋਂ ਆਕ੍ਰਸ਼ਿਕ ਦੇਸ਼ ਵਜੋਂ ਟਿਕਿਆ ਗਿਆ ਹੈ ਅਤੇ ਭਾਰਤ ਨੂੰ ਜਾਰੀ ਇਹ ਇਕੋ ਇਕ ਸਰਟੀਫਿਕੇਟ ਨਹੀਂ ਹੈ। ਪਿੱਛੇ ਜਿਹੇ ਹੀ ਅਮਰੀਕਾ ਸਥਿਤ ਵਿਸ਼ਵੀ ਪ੍ਰਬੰਧ ਸਲਾਹਕਾਰ ਫਰਮ ਏ ਟੀ ਕੈਅਰਨੀ ਵੱਲੋਂ ਜਾਰੀ ਇਕ ਰਿਪੋਟ 'ਚ ਇਹੋ ਕੁਝ ਦੁਹਰਾਇਆ ਗਿਆ ਹੈ। ਇਸ ਅਨੁਸਾਰ ਸੰਸਾਰ ਦੇ 30 ਉਭਰਦੇ

ਅਰਥਚਾਰਿਆਂ 'ਚ ਰਿਟੇਲ ਖੇਤਰ ਵਿਚ ਨਿਵੇਸ਼ ਲਈ ਭਾਰਤ ਸਭ ਤੋਂ ਆਕ੍ਰਸ਼ਕ ਥਾਂ ਹੈ। ਕੈਅਰਨੀ ਵੱਲੋਂ ਭਾਰਤ, ਰੂਸ, ਚੀਨ, ਸੰਯੁਕਤ ਅਰਬ ਅਮੀਰਾਤ ਤੇ ਸਾਊਦੀ ਤੋਂ ਉੱਪਰ ਰੱਖਿਆ ਗਿਆ ਹੈ। ਪਿਛਲੇ ਸਾਲ ਜਾਰੀ ਕੈਅਰਨੀ ਦੀ ਰਿਪੋਟ ਵਿਚ ਭਾਰਤ ਦੀ ਦੂਜੀ ਥਾਂ ਸੀ। ਹਰ ਸਾਲ ਜਾਰੀ ਹੋਣ ਵਾਲੀ ਇਸ ਰਿਪੋਟ ਦੇ ਪਿਛਲੇ ਪੰਜ 'ਚ ਚਾਰ ਵਾਰ ਭਾਰਤ ਨੂੰ ਪਹਿਲੇ ਥਾਂ 'ਤੇ ਰੱਖਿਆ ਗਿਆ ਹੈ। ਇਸ ਰਿਪੋਟ 'ਚ ਇਹ ਉਮੀਦ ਵੀ ਜ਼ਾਹਰ ਕੀਤੀ ਗਈ ਹੈ ਕਿ ਜਲਦੀ ਹੀ ਇਸ ਖੇਤਰ ਦੀਆਂ ਬਚੀਆਂ-ਖੁਚੀਆਂ ਅੜਚਨਾਂ ਨੂੰ ਦੂਰ ਕਰਕੇ ਪ੍ਰਤੱਖ ਵਿਦੇਸ਼ੀ ਨਿਵੇਸ਼ ਦਾ ਰਾਹ ਆਸਾਨ ਕਰ ਦਿੱਤਾ ਜਾਵੇਗਾ ਜਿਸ ਨਾਲ ਦੁਨੀਆ ਦੇ ਵੱਡੇ ਰਿਟੇਲ ਚੇਨ ਚਲਾਉਣ ਵਾਲੇ ਨਿਗਮਾਂ ਨੂੰ ਇਥੇ ਘੁਸਪੈਂਠ ਦਾ ਮੌਕਾ ਮਿਲੇਗਾ। ਸਰਕਾਰ ਵੀ ਇਨ੍ਹਾਂ ਨਿਗਮਾਂ ਨੂੰ ਰਜਿਸਟਰ ਕਰਨ ਲਈ ਬੇਹੱਦ ਉਤਸ਼ਕ ਹੈ। ਵੈਸੇ ਹੀ ਕਾਂਗਰਸ ਦੇ ਮਨ 'ਚ 1993 ਤੋਂ ਹੀ ਇਸ ਸਬੰਧੀ ਕੋਈ ਵਿਸ਼ੇਸ਼ ਦੁਵਿਧਾ ਨਹੀਂ ਰਹੀ ਹੈ। ਯੂ. ਪੀ. ਏ. ਦੇ ਪਿਛਲੇ ਕਾਰਜਕਾਲ 'ਚ ਵੀ ਇਸ ਲਈ ਕਾਫੀ ਯਤਨ ਕੀਤੇ ਗਏ ਪਰ ਖੱਬੀਆਂ ਪਾਰਟੀਆਂ ਦੇ ਸਖਤ ਰੁਖ ਕਾਰਨ ਇਹ ਸੰਭਵ ਨਹੀਂ ਹੋ ਸਕਿਆ। ਪ੍ਰਧਾਨ ਮੰਤਰੀ ਦੀ ਉਤਸਕਤਾ 29 ਜੂਨ 2005 ਨੂੰ ਨਵੇਂ ਮੰਤਰੀਆਂ ਦੇ ਸਹੁੰ ਚੁੱਕ ਸਮਾਗਮ ਪਿੱਛੋਂ ਪੱਤਰਕਾਰਾਂ ਦੇ ਸੁਆਲਾਂ ਦੇ ਜਵਾਬ 'ਚ ਝਲਕਦੀ ਹੈ। ਜਦ ਉਨ੍ਹਾਂ ਨੇ ਕਿਹਾ ਸੀ ਕਿ 'ਅਸੀਂ ਆਪਣੇ ਖੱਬੇਪੱਖੀ ਸਾਥੀਆਂ ਨੂੰ ਪ੍ਰਚੂਨ ਖੇਤਰ 'ਚ ਪ੍ਰਤੱਖ ਵਿਦੇਸ਼ੀ ਨਿਵੇਸ਼ ਲਈ ਮਨਾ ਲੈਣਗੇ। ਮੈਨੂੰ ਉਨ੍ਹਾਂ ਦੀ ਦੇਸ਼ ਭਗਤੀ 'ਤੇ ਪੂਰਾ ਵਿਸ਼ਵਾਸ ਹੈ ਅਤੇ ਹੁਣ ਜਦ ਕਿ ਖੱਬੇ ਪੱਖੀਆਂ ਦਾ ਦਬਾਅ ਵੀ ਨਹੀਂ ਹੈ ਡਾ. ਮਨਮੋਹਨ ਸਿੰਘ ਆਪਣੀ 'ਦੇਸ਼ ਭਗਤੀ' ਦਾ ਲਗਾਤਾਰ ਪ੍ਰਦਰਸ਼ਨ ਕਰ ਸਕਦੇ ਹਨ ਪਿਛਲੀ ਫਰਵਰੀ 'ਚ ਹੀ ਇਸ ਵਿਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਅਤੇ ਹੁਣ ਬੀਤੀ ਦੋ ਜੂਨ ਨੂੰ ਦਿੱਤੇ ਗਏ ਇਕ ਬਿਆਨ 'ਚ ਵਪਾਰ ਤੇ ਸਨਅਤ ਮੰਤਰੀ ਅਨੰਦ ਸ਼ਰਮਾ ਨੇ ਸਰਕਾਰ ਦੀ ਪ੍ਰਤੀਬੱਧਤਾ ਨੂੰ ਸਪੱਸ਼ਟ ਕਰ ਦਿੱਤਾ। ਇਸ ਗੱਲ ਦੀ ਪੂਰੀ ਉਮੀਦ ਕੀਤੀ ਜਾ ਰਹੀ ਹੈ ਕਿ ਆਉਣ ਵਾਲੇ ਬਜਟ 'ਚ ਪ੍ਰਚੂਨ ਖੇਤਰ ਦੀ ਪੂਰੀ ਉਮੀਦ ਕੀਤੀ ਜਾ ਰਹੀ ਹੈ ਕਿ ਆਉਣ ਵਾਲੇ ਬਜਟ 'ਚ ਪ੍ਰਚੂਨ ਖੇਤਰ 'ਚ ਪ੍ਰਤੱਖ ਵਿਦੇਸ਼ੀ ਨਿਵੇਸ਼ 'ਚ 26 ਤੋਂ 49 ਫੀਸਦੀ ਛੋਟ ਦੇ ਦਿੱਤੀ ਜਾਵੇਗੀ ਅਤੇ ਬਹੁਕੌਮੀ ਨਿਗਮ ਸਿੱਧੇ ਦਰਵਾਜੇ ਤੋਂ ਸ਼ਰੇਆਮ ਦਾਖਲ ਹੋ ਸਕਣਗੇ। ਅਜਿਹੇ 'ਚ ਇਹ ਮੁਸ਼ਕਲ ਹੀ ਲੱਗਦਾ ਹੈ ਕਿ ਇਹ ਰਿਪੋਟ ਸਰਕਾਰ ਹੀ ਨਿਸ਼ਚੈ 'ਤੇ ਕੋਈ ਪ੍ਰਭਾਵ ਪਾ ਸਕੇਗੀ। ਸੰਸਦ 'ਚ ਆਪਣੀ ਬੇਹੱਦ ਕਮਜ਼ੋਰ ਸਥਿਤੀ ਅਤੇ ਬੰਗਾਲ ਤੋਂ ਲੈ ਕੇ ਕੇਰਲਾ ਤੱਕ ਆਪਣੀ ਹੀ ਪਾਰਟੀ ਅੰਦਰ ਮਚੇ ਘਸਮਾਨ ਤੋਂ ਪ੍ਰੇਸ਼ਾਨ ਮਾਕਾਪਾ ਦੀ ਅਗਵਾਈ 'ਚ ਸੰਸਦੀ ਖੱਬੇ ਇਸ ਮਾਮਲੇ 'ਤੇ ਰਸਮੀ ਵਿਰੋਧ ਨਾਲ ਅੱਗੇ ਵਧ ਸਕਣਗੇ, ਅਜਿਹਾ ਮੰਨਣ ਲਈ ਕੋਈ ਆਧਾਰ ਨਜ਼ਰ ਨਹੀਂ ਆਉਂਦਾ। ਅਮਰੀਕਾ ਦੇ ਸਭ ਤੋਂ ਭਰੋਸੇਯੋਗ ਢਾਕਰ ਬੀ. ਜੇ. ਪੀ. ਤੋਂ ਐਸੀ ਉਮੀਦ ਕੀਤੀ ਹੀ ਨਹੀਂ ਜਾ ਸਕਦੀ। ਕਾਂਗਰਸ ਦੀ ਇਸ ਸਰਕਾਰ ਦੇ ਦੌਰ 'ਚ ਨਵ ਉਦਾਰਵਾਦ ਦੇ ਘੋੜੇ ਨੇ ਸਰਪਟ ਦੌੜਨਾ ਹੈ। ਦੇਰ ਸਵੇਰ ਲੋਕਾਂ ਦਾ ਰੋਹ ਵੀ ਵਧਣਾ ਹੈ, ਦੇਖਣਾ ਹੈ ਕਿ ਖੁਦ ਜਨਤਕ ਅਧਾਰ ਦਾ ਦਾਅਵਾ ਕਰਨ ਵਾਲੀਆਂ ਤਾਕਤਾਂ ਇਸ ਰੋਹ ਨੂੰ ਕਿੰਨੀ ਸਹੀ ਅਗਵਾਈ ਤੇ ਦਿਸ਼ਾ ਦੇ ਸਕਦੀਆਂ ਹਨ।

# ਅਮੀਰ ਦੇਵਤੇ ਗਰੀਬ ਲੋਕ

ਸੋਨੇ ਤੇ ਧਨ ਦੀ ਮਦਦ ਸੰਸਾਰ ਦੇ ਸਭ ਤੋਂ ਪ੍ਰਸਿੱਧ ਧਨੀ ਮੰਦਰ ਤਿਰੁਪਤੀ ਬਾਲਾ ਜੀ ਤੇ ਸੋਨੇ ਦੀ ਪਰਤ ਚੜ੍ਹਾਉਣ ਦੀ ਯੋਜਨਾ ਹੈ। ਜਿਥੇ ਤਿਰੁਪਤੀ ਬਾਲਾ ਜੀ ਮੰਦਰ ਸਵਰਣ ਯੁਗ 'ਚ ਪੁੱਜ ਗਿਆ ਹੈ ਉਥੇ ਗਰੀਬ ਜਾਣ ਢੱਠੇ ਖ਼ੂਹ ਵਿਚ। ਕਿਸੇ ਨੂੰ ਕੀ ਪ੍ਰਵਾਹ। ਕਰਨਾਟਕਾ ਦੇ ਸੈਰ ਸਪਾਟਾ ਮੰਤਰੀ ਤੇ ਬੇਲਾਰੀ 'ਚ ਖਾਣਾਂ ਦੇ ਮਾਲਕ ਤੇ ਵਪਾਰੀ ਜਨਾਰਦਨ ਰੇਡੀ ਵੱਲੋਂ ਮੰਦਰ 'ਚ ਪਿੱਛੇ ਜਿਹੇ ਹੀ ਭਗਵਾਨ ਨੂੰ ਅਰਪਿਤ 42 ਕਰੋੜ ਦੇ ਹੀਰੇ ਜੜਿਆ ਮੁਕਟ, ਜੋ ਕਿ ਭਗਵਾਨ ਵੇਂਕਟੇ ਸ਼ਵਰ ਨੂੰ 400 ਸਾਲ ਪਹਿਲਾਂ ਵਿਜੈਨਗਰ ਦੇ ਰਾਜਾ ਦੇ ਬਾਅਦ ਤੋਂ ਹੁਣ ਤੱਕ ਦਾ ਸਭ ਤੋਂ ਵੱਡਾ ਦਾਨ ਹੈ। ਇਸ ਗੱਲ ਦਾ ਸੰਕੇਤ ਹੈ ਕਿ ਮੰਦਰ 'ਚ ਕੁਝ ਹੋਣ ਜਾ ਰਿਹਾ ਹੈ। ਪੂਰੇ ਮੰਦਰ ਤੇ ਸੋਨੇ ਦੀ ਚਾਦਰ ਚੜਾਉਣ ਦੀ ਯੋਜਨਾ ਤੇ ਕੰਮ ਸ਼ੁਰੂ ਹੋ ਗਿਆ ਹੈ। ਹੈ ਨਾ ਆਸਥਾ ਦਾ ਸਿਖਰ। ਸੰਸਾਰ ਦੇ ਸਭ ਤੋਂ ਅਮੀਰ ਇਸ ਮੰਦਰ 'ਤੇ ਸੋਨੇ ਦੀ ਪਰਤ ਚੜਾਉਣ ਦੀ ਦਾਨ ਅਧਾਰਤ ਇਸ ਅਨੋਖੀ ਯੋਜਨਾ ਨਾਲ ਲੱਖਾਂ ਲੋਕਾਂ ਦੀ ਸ਼ਰਧਾ ਤੇ ਭਗਤੀ ਦਾ ਇਹ ਕੇਂਦਰ ਅੰਮ੍ਰਿਤਸਰ ਦੇ ਸਵਰਨ ਮੰਦਰ ਤੇ ਵੈਲੂਰ ਦੇ ਸ੍ਰੀ ਪੁਰਮ ਮੰਦਰ ਦੀ ਕਤਾਰ 'ਚ ਦਿਸਣ ਲੱਗੇਗਾ। ਪਹਿਲੇ ਪੜਾਅ 'ਚ ਮੰਦਰ ਦੇ ਗਰਭ ਗ੍ਰਹਿ ਆਨੰਦ ਨਿਲਯਮ ਦੀਆਂ ਬਾਹਰੀ ਤੇ ਅੰਦਰੂਨੀ ਦੀਵਾਰਾਂ 'ਤੇ 300 ਕਿਲੋਗ੍ਰਾਮ ਸੋਨੇ ਦੀ ਪਰਤ ਚੜਾਈ ਜਾਵੇਗੀ। ਇਨ੍ਹਾਂ ਦੀਵਾਰਾਂ 'ਤੇ ਇਮਤਿਹਾਨ ਲੇਖਾਂ ਸ਼ਲੋਕਾਂ ਦਾ ਉਕਰਿਆ ਗਿਆ ਹੈ। ਨਾਲ ਹੀ ਉਨ੍ਹਾਂ ਦੇ ਗੁੰਝਲਦਾਰ ਮੂਲ-ਭਾਵ ਵੀ ਉਕਰੇ ਗਏ ਹਨ। ਤਿਰਮਲਾ-ਤਿਰੁਪਤੀ ਦੇਵ ਸਥਾਨਮ (ਟੀ. ਟੀ. ਡੀ.) ਦੇ ਮੁਖੀ ਤੇ ਪਿਛਲੀ ਲੋਕ ਸਭਾ ਦੇ ਧਨੀ ਮੈਂਬਰ ਦਲਾਵੈ ਕ੍ਰਿਸ਼ਨਾ ਸੁਆਮੀ ਕਹਿੰਦੇ ਹਨ, "ਕਿਉਂਕਿ ਸਪੁਰਮ ਸਵਰਨ ਮੰਦਰ 'ਚ ਕਾਫੀ ਗਿਣਤੀ 'ਚ 'ਭਗਤ' ਆਉਂਦੇ ਹਨ ਇਸ ਲਈ ਅਸੀਂ ਤਹਿ ਕੀਤਾ ਕਿ ਭਗਵਾਨ ਵੇਂਕਟੇਸ਼ਵਰ ਦੇ ਇਸ ਖਾਸ-ਸਥਾਨ ਤੇ ਧਨੀ ਮੰਦਰ ਨੂੰ ਹੋਰ ਹੈਰਾਨਕੁਨ ਬਣਾਇਆ ਜਾਵੇ।"

ਅਨੰਦ ਨਿਲਅਮ ਦੀਆਂ ਬਾਹਰਲੀਆਂ ਦੀਵਾਰਾਂ 'ਤੇ ਪਰਤ ਚੜਾਉਣ ਦਾ ਕੰਮ ਮਾਰਚ 2010 ਤੱਕ ਪੂਰਾ ਹੋ ਜਾਣਾ ਹੈ। ਇਸ ਕੰਮ ਲਈ ਪੂਰੀ ਸਮੱਗਰੀ ਦੇ ਰਹੇ ਟੀ. ਟੀ. ਡੀ. ਨੇ ਪ੍ਰੋਜੈਕਟ ਲਈ ਤ੍ਰਿਪਤੀ ਜਵੈਲਰ ਨਿਖਿਲ ਮਹਿਤਾ ਆਰਟਸ ਐਂਡ ਕ੍ਰਾਫਟਸ ਅਤੇ ਕੱਚੀ ਦੇ ਗਿਆਨਮ ਇੰਟਰਪ੍ਰਾਈਜਸ ਨੂੰ ਅਧਿਕਾਰਿਤ ਕੀਤਾ ਹੈ। ਤਾਂਬੇ ਦੀਆਂ ਚਾਦਰਾਂ 'ਤੇ ਸ਼ੁਧ ਸੋਨੇ ਦੀਆਂ ਪੱਤੀਆਂ ਦੇ ਕੰਮ ਮਾਲਮ ਨੂੰ ਬਣਾਉਣ 'ਚ ਕਰੀਬ 60 ਕਾਰੀਗਰ ਜੁਟੇ ਹਨ। ਇਹ ਕਾਫੀ ਮੁਸ਼ਕਲ ਕੰਮ ਹੈ। ਪਹਿਲਾਂ ਤਾਂਬੇ ਦੀਆਂ ਨਰਮ ਚਾਦਰਾਂ ਨੂੰ ਵਿਸ਼ੇਸ਼ ਭੱਠੀ 'ਚ ਕਾਫੀ ਵੱਧ ਤਾਪਮਾਨ 'ਤੇ ਗਰਮ ਕੀਤਾ ਜਾਂਦਾ ਹੈ। ਇਸ ਪਿੱਛੋਂ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਕਿਉਂਕਿ ਇਹ ਧਿਆਨ ਰੱਖਣਾ ਵੀ ਜ਼ਰੂਰੀ ਹੈ ਕਿ ਦੀਵਾਰ 'ਤੇ ਪਹਿਲਾਂ ਤੋਂ ਮੌਜੂਦ ਹਾਥੀ ਤੇ ਘੋੜਿਆਂ ਦੀ ਕਿਰਤੀਆਂ ਚਾਦਰ ਚੜ੍ਹਾਉਣ ਤੋਂ ਪਹਿਲਾਂ ਟੁੱਟਣ ਨਾਲ ਇਹ ਵੀ ਅਮੀਰਜਾਦੇ ਵੇਖਣਗੇ ਉਚੇਚੇ ਤੌਰ 'ਤੇ ਇਹ ਮੂਰਤੀਆਂ ਸੋਨੇ ਦੀ ਚਾਦਰ ਚੜਾਉਣ ਤੋਂ ਵੀ ਵੱਧ ਸਾਫ ਨਜ਼ਰ ਆਉਣਗੀਆਂ। ਪਹਿਲਾਂ ਤਾਂਬੇ ਦੀਆਂ ਇਨ੍ਹਾਂ ਚਾਦਰਾਂ ਤੇ ਫਿਰ ਉਨ੍ਹਾਂ ਉੱਪਰ ਸੋਨੇ

ਦੀ ਪਤਲੀ ਪਰਤ ਚੜ੍ਹਾਈ ਜਾਂਦੀ ਹੈ। ਤ੍ਰਿਮੁਲਾ 'ਚ ਸ੍ਰੀ ਵੇਂਕਟੇਸ਼ਵਰ ਮਿਊਜ਼ੀਅਮ ਦੀ ਉਤਰੀ ਸ਼ਾਖਾ ਦੀ ਉੱਚ ਸੁਰੱਖਿਆ ਵਾਲੀ ਵਰਕਸ਼ਾਪ 'ਚ ਇਹ ਸਾਰਾ ਕੰਮ ਹੋਵੇਗਾ ਜਿਥੇ ਦਰਵਾਜ਼ਿਆਂ 'ਤੇ ਮੈਟਲ ਡਿਟੇਕਟਰ ਲੱਗੇ ਹਨ ਅਤੇ ਸੀ. ਸੀ. ਟੀ. ਵੀ. ਕੈਮਰੇ ਲਗਾਤਾਰ ਨਜ਼ਰ ਰੱਖਦੇ ਹਨ। ਪੁਰਾਲੇਖ ਸ਼ਾਸਤਰੀ ਤੇ ਕੁਝ ਹਿੰਦੂ ਧਾਰਮਕ ਨੇਤਾਵਾਂ ਨੇ ਸ਼ੰਕਾ ਦਰਸਾਈ ਹੈ ਕਿ ਮੰਦਰਾਂ ਦੀਆਂ ਦੀਵਾਰਾਂ 'ਤੇ ਮੌਜੂਦ 12ਵੀਂ ਸਦੀ ਦੇ ਇਤਿਹਾਸਕ ਤੇ ਧਾਰਮਕ ਮਹੱਤਵ ਦੇ ਬੇਹੱਦ ਕੀਮਤੀ ਆਲੇਖ ਸੋਨੇ ਦੀ ਪਰਤ ਹੇਠ ਖਰਾਬ ਹੋ ਜਾਣਗੇ, ਪਰ ਟੀ. ਟੀ. ਡੀ. ਨੇ ਇਨ੍ਹਾਂ ਨੂੰ ਸੁਰੱਖਿਅਤ ਰੱਖਣ ਦੇ ਸਾਰੇ ਉਪਾਅ ਅਜਮਾਏ ਹਨ, ਟੀ. ਈ. ਡੀ. ਦੇ ਕਾਰਜਕਾਰੀ ਅਧਿਕਾਰੀ ਕੇ. ਵੀ. ਅਣਚਾਰੀ ਕਹਿੰਦੇ ਹਨ, "ਧਾਤ ਦੀ ਪਰਤ ਤੇ ਦੀਵਾਰ ਵਿਚਕਾਰ ਥੋੜੀ ਥਾਂ ਹੋਵੇਗੀ, ਜਿਸ ਨਾਲ ਇਨ੍ਹਾਂ ਆਲੇਖਾਂ ਨੂੰ ਨੁਕਸਾਨ ਨਹੀਂ ਹੋਵੇਗਾ ਅਤੇ ਨਾ ਹੀ ਕਿਸੇ ਤਰ੍ਹਾਂ ਨਾਲ ਇਨ੍ਹਾਂ ਦਾ ਇਤਿਹਾਸਕ ਮਹੱਤਵ ਘਟੇਗਾ, ਇਸ ਦੇ ਲਈ ਅਸੀਂ ਪੁਨਰ ਨਿਰਮਾਣ ਅਤੇ ਸੁਰੱਖਿਆ ਦੀਆਂ ਤਿੰਨ ਵੱਖ ਵੱਖ ਤਕਨੀਕਾਂ ਨਾਲ ਇਨ੍ਹਾਂ ਆਲੇਖਾਂ ਨੂੰ ਫਿਰ ਸੰਭਾਲ ਲਿਆ ਹੈ।" ਭਾਰਤੀ ਪੁਰਾਤਤਵ ਸਰਵੇਖਣ ਦੇ ਇਕ ਦਲ ਨੇ ਇਨ੍ਹਾਂ ਸ਼ਲੋਕਾਂ-ਆਲੇਖਾਂ ਦਾ ਇਕ ਵਿਗਿਆਨਕ ਰਿਕਾਰਡ ਤਿਆਰ ਕਰ ਲਿਆ ਹੈ ਤਾਂ ਕਿ ਆਉਣ ਵਾਲੀਆਂ ਪੀੜੀਆਂ ਉਨ੍ਹਾਂ ਨੂੰ ਵੇਖ ਸਕਣ, ਇਹ ਰਿਕਾਰਡ ਸੁਰੱਖਿਆ ਉਪਾਵਾਂ ਦੇ ਨਾਲ ਪੂਰਾ ਹੋ ਚੁੱਕਿਆ ਹੈ। ਉਥੇ ਟੀ. ਟੀ. ਡੀ. ਦੇ ਹੋਰ ਦਲਾਂ ਨੇ ਵੀ ਇਨ੍ਹਾਂ ਦਾ ਡਿਜ਼ਟਲ ਰਿਕਾਰਡ ਤਾਂ ਰੱਖਿਆ ਹੀ ਹੈ। ਨਾਲ ਹੀ ਇਨ੍ਹਾਂ ਦੀਆਂ ਤਸਵੀਰਾਂ ਦਾ ਮਿਊਜ਼ਮ ਵੀ ਤਿਆਰ ਕੀਤਾ ਹੈ। ਮੰਦਰ ਦੇ ਲਈ ਸੋਨੇ ਦੀ ਇਹ ਚਮਕ ਨਵੀਂ ਨਹੀਂ ਹੈ। ਬਲਕਿ ਇਸ 'ਤੇ ਸੋਨਾ ਚੜ੍ਹਾਉਣ ਦੀਆਂ ਕੋਸ਼ਿਸ਼ਾਂ ਸੰਨ 1267 'ਚ ਈਸਾ ਪਿੱਛੋਂ ਹੀ ਸ਼ੁਰੂ ਕਰ ਦਿੱਤੀਆਂ ਗਈਆਂ ਸਨ, ਜਦ ਪਾਂਡੇ ਰਾਜਾਵਾਂ ਵਿਚੋਂ ਇਕ ਸੁੰਦਰ ਪਹਿਲਾਂ ਹੀ ਅਮੀਰਾਂ ਦੇ ਹੀ ਸਿਰਜੇ ਤੇ ਪਾਲੇ ਪੋਸੇ ਜਾਂਦੇ ਰਹੇ ਹਨ। ਟੀ. ਟੀ. ਡੀ. ਨੂੰ ਉਮੀਦ ਹੈ ਕਿ ਜਿਵੇਂ ਜਿਵੇਂ ਬਾਹਰੀ ਦੀਵਾਰ 'ਤੇ ਕੰਮ ਪੂਰਾ ਹੁੰਦਾ ਜਾਵੇਗਾ ਤਿਵੇਂ-ਤਿਵੇਂ ਹੀ ਇਸ ਯੋਜਨਾ ਲਈ ਅਮੀਰਾਂ ਤੋਂ ਹੋਰ ਵੱਧ ਸੋਨਾ ਤੇ ਧਨ ਵੀ ਆਉਂਦਾ ਹੀ ਰਹਿਣਾ ਹੈ। ਪਿਛਲੇ ਸਾਲ ਇਕ ਅਕਤੂਬਰ ਨੂੰ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਵਾਈ. ਐੱਸ ਰਾਜਸ਼ੇਖਰ ਰੇਡੀ ਨੇ ਇਸ ਯੋਜਨਾ ਦੀ ਸ਼ੁਰੂਆਤ ਕੀਤੀ ਸੀ। ਉਸ ਦੇ ਪਿੱਛੋਂ ਤੋਂ ਹਰ ਅਕਾਰ-ਪ੍ਰਕਾਰ 'ਚ ਧਨ ਤੇ ਸੋਨੇ ਦਾ ਹੜ੍ਹ ਆ ਗਿਆ ਹੈ। ਅਣਾਚਾਰੀ ਦੱਸਦੇ ਹਨ ਸਾਨੂੰ ਇਸ ਯੋਜਨਾ ਲਈ ਹੁਣ ਤੱਕ 42 ਕਿਲੋ ਸ਼ੁੱਧ ਸੋਨਾ ਅਤੇ 5000 ਟਨ ਤਾਂਬੇ ਦੀ ਜ਼ਰੂਰਤ ਹੋਵੇਗੀ। ਅਨੁਮਾਨ ਹੈ ਕਿ ਦੇਵਤਿਆਂ ਦੇ ਮੰਦਿਰ ਦੀਆਂ 5892 ਵਰਗ ਫੁਟ ਦੀਆਂ ਕੰਧਾਂ 'ਤੇ ਸੋਨੇ ਦੀ ਪਰਤ ਚੜ੍ਹਾਉਣ ਦਾ ਖਰਚ 12-71 ਕਰੋੜ ਰੁਪਏ ਹੋਵੇਗਾ ਅਤੇ ਉਸ ਲਈ ਟੀ. ਟੀ. ਡੀ. ਸੋਨੇ ਤੇ ਧਨ ਦੇ ਆਪਣੇ ਪ੍ਰਸਿੱਧ ਖਜ਼ਾਨੇ ਦੀ ਬਜਾਏ ਅਮੀਰ ਸ਼ਰਧਾਲੂਆਂ 'ਤੇ ਨਿਰਭਰ ਹੈ। ਦਾਨ ਦੀ ਰਾਸ਼ੀ ਪਹਿਲਾਂ ਹੀ ਬਥੇਰੀਆਂ ਯੋਜਨਾਵਾਂ 'ਤੇ ਵਰਤੀ ਜਾ ਰਹੀ ਹੈ। ਦੀਵਾਰਾਂ 'ਤੇ ਸੋਨਾ ਚੜ੍ਹਾਉਣ ਦੀ ਯੋਜਨਾ ਪੜਾਅਵਾਰ ਜਾਰੀ ਰਹਿਣੀ ਹੈ। ਟੀ. ਟੀ. ਡੀ. ਦਾ ਬਜਟ ਦੇਸ਼ ਦੀਆਂ ਕਈ ਸ਼ਹਿਰੀ ਵਿਕਾਸ ਅਥਾਰਟੀਆਂ ਤੋਂ ਵੱਧ ਹੈ। 2009-10 'ਚ ਟੀ. ਟੀ. ਡੀ. ਦਾ ਅਨੁਮਾਨਿਤ ਰੈਵਨਿਊ ਹੈ। 363 ਕਰੋੜ ਜੋ 2008-09 ਤੋਂ ਮਿਲੇ ਰੈਵਨਿਊ ਦੀ ਤੁਲਨਾ 'ਚ 232.65 ਕਰੋੜ ਤੋਂ ਵੱਧ ਹੈ। ਅੰਦਰ ਨੂੰ ਆਪਣੇ ਨਿਵੇਸ਼ਾਂ ਤੋਂ ਮਿਲਣ ਵਾਲਾ ਵਿਆਜ 487 ਕਰੋੜ ਰੁਪਏ ਹੋਵੇਗਾ। ਜੋ

2008-09 ’ਚ ਟੀ. ਟੀ. ਡੀ. ਨੂੰ ਮਿਲੇ ਵਿਆਜ ਤੋਂ 230 ਕਰੋੜ ਵੱਧ ਹੈ। ਸਭ ਤੋਂ ਵੱਧ ਹਿੱਸਾ ਹੈ, ਅਮੀਰਜਾਦਿਆਂ ਤੋਂ ਆਉਣ ਵਾਲੇ ਧਨ ਦਾ ਜੋ 521 ਕਰੋੜ ਦੇ ਅੰਕੜੇ ਨੂੰ ਛੂਹ ਲਵੇਗਾ। ਭਗਤ ਮੰਦਰਾਂ ’ਚ ਵਾਲ ਦਾਨ ਕਰਦੇ ਹਨ। ਇਨ੍ਹਾਂ ਵਾਲਾਂ ਦੇ ਵਿਗ ਨਿਰਮਾਤਾਵਾਂ ਕੋਲ ਵੇਚ ਦਿੱਤਾ ਜਾਂਦਾ ਹੈ। ਜਿਸ ਨਾਲ 70 ਕਰੋੜ ਰੁਪਏ ਦੀ ਸਲਾਨਾ ਆਮਦਨ ਹੁੰਦੀ ਹੈ। ਮੰਦਰ ਸ਼ਰਧਾਲੂਆਂ ’ਤੇ ਸਿੱਧਾ ਜੋ ਖਰਚ ਕਰਦਾ ਹੈ ਉਹ ਹੈ ਪ੍ਰਸ਼ਾਦ ਦਾ ਜਿਸ ’ਚ ਮੁਖ ਤੌਰ ’ਤੇ ਲੱਡੂ ਹੁੰਦੇ ਹਨ ਹਾਲਾਂ ਕਿ ਮੰਦਰ ਨੂੰ ਇਸ ਬਦਲੇ ’ਚ 40 ਕਰੋੜ ਰੁਪਏ ਵਾਪਸ ਮਿਲ ਜਾਂਦੇ ਹਨ। ਭਗਤਾਂ ਲਈ ਤਾਂ ਜੋ ਚਮਕਦਾ ਦਿਸੇ ਉਹੀ ਸੋਨਾ ਹੈ।

ਦੂਜੇ ਪਾਸੇ ਸਮੁੱਚਾ ਦੇਸ਼ ਡੋਬਿਆਂ ਤੇ ਸੋਕਿਆਂ ਦੀ ਮਾਰ ਝੱਲ ਰਿਹਾ ਹੈ। ਗਰੀਬੀ ਅਮੀਰੀ ਦਾ ਪਾੜਾ ਵਧ ਰਿਹਾ ਹੈ। ਮਹਿੰਗਾਈ ਛੜੱਪੇ ਮਾਰ ਕੇ ਵਧ ਰਹੀ ਹੈ। ਬੇਰੁਜ਼ਗਾਰਾਂ ਨੂੰ ਬਲੀ ਦੇ ਬੱਕਰੇ ਕੰਪਨੀਆਂ ਵੱਲੋਂ ਬਣਾਇਆ ਜਾ ਰਿਹਾ ਹੈ। ਲੋਕ ਕਰਜ਼ੇ ਹੇਠ ਦਬੇ ਹੋਣ ਕਾਰਨ ਖੁਦਕੁਸ਼ੀਆਂ ਕਰ ਰਹੇ ਹਨ। ਹੈ ਕੋਈ ਮੁਕਾਬਲਾ। ਅਮੀਰਾਂ ਦੇ ਚੋਜ ਨਿਰਾਲੇ ਹਨ। ਮੰਦਰਾਂ ’ਤੇ ਸੋਨੇ ਦਾ ਚੜ੍ਹਨਾ ਤੇ ਗਰੀਬਾਂ ਦਾ ਭੁੱਖ ਨਾਲ ਮਰਨਾ।

# ਕੀ ਛਤੀਸ਼ਗੜ ਸਰਕਾਰ ਝੂਠੀ ਹੈ?

ਜਦ ਵੀ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੀ ਚਰਚਾ ਹੁੰਦੀ ਹੈ ਤਾਂ ਵਿਦਰਭ ਦਾ ਹੀ ਧਿਆਨ ਜੇਹਨ 'ਚ ਆਉਂਦਾ ਹੈ। ਵੱਧ ਤੋਂ ਵੱਧ ਲੋਕ ਕੇਰਲਾ, ਆਂਧਰਾ ਤੇ ਕਰਨਾਟਕ ਦੀ ਗੱਲ ਕਰਦਾ ਹੈ ਤੇ ਕਦੇ ਕਦੇ ਪੰਜਾਬ ਦੀ ਪਰ ਇਹ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਭਾਰਤ ਸਰਕਾਰ ਦੇ ਕੌਮੀ ਕਰਾਈਮ ਰਿਕਾਰਡ ਬਿਊਰੋ ਅਨੁਸਾਰ ਪ੍ਰਤੀ ਵਿਅਕਤੀ ਦੀ ਦਰ ਨਾਲ ਦੇਸ਼ ਵਿਚ ਛਤੀਸ਼ਗੜ 'ਚ ਹਰ ਸਾਲ ਸਭ ਤੋਂ ਵੱਧ ਕਿਸਾਨ ਆਤਮ ਹੱਤਿਆਵਾਂ ਕਰਦੇ ਹਨ। ਪਿਛਲੇ ਸਾਲ ਦੇ ਅੰਕੜਿਆਂ ਅਨੁਸਾਰ ਛਤੀਸ਼ਗੜ ਵਿਚ 1593 ਕਿਸਾਨਾਂ ਨੇ ਆਤਮ ਹੱਤਿਆ ਕੀਤੀ ਭਾਵ ਰੋਜ਼ਾਨਾ ਚਾਰ ਕਿਸਾਨਾਂ ਦੀ ਖੁਦਕੁਸ਼ੀ। ਤੁਸੀਂ ਆਖੋਗੇ ਇਹ ਤਾਂ ਇਕ ਵੱਡੀ ਖ਼ਬਰ ਹੋਣੀ ਚਾਹੀਦੀ ਸੀ ਤੇ ਇਹ ਅੰਕੜਾ ਸਿਰਫ ਇਕ ਸਾਲ ਦਾ ਨਹੀਂ ਹੈ। ਸੰਨ 2000 ਵਿਚ ਸੂਬੇ ਦੇ ਹੋਂਦ 'ਚ ਆਉਣ ਪਿੱਛੋਂ ਹਰ ਸਾਲ ਪ੍ਰਤੀ ਵਿਅਕਤੀ ਕਿਸਾਨ ਆਤਮ ਹੱਤਿਆਵਾਂ ਦੀ ਦਰ 'ਚ ਛਤੀਸ਼ਗੜ ਦੇਸ਼ 'ਚ ਸਭ ਤੋਂ ਉੱਪਰ ਹੈ। ਪਰ ਰਾਜ 'ਚ ਨਾ ਤਾਂ ਅਖ਼ਬਾਰਾਂ 'ਚ ਇਸ ਸਬੰਧੀ ਕੁਝ ਛਪ ਰਿਹਾ ਹੈ, ਨਾ ਕੋਈ ਰਾਜਸੀ ਪਾਰਟੀ ਹੀ ਇਸ ਵਿਸ਼ੇ ਨੂੰ ਚੁਕ ਰਹੀ ਹੈ। ਸੰਨ 2007 'ਚ ਜਿਥੇ ਪ੍ਰਤੀ ਇਕ ਲੱਖ ਲੋਕਾਂ ਵਿਚ ਛਤੀਸ਼ਗੜ 'ਚ 6.49 ਕਿਸਾਨਾਂ ਨੇ ਆਤਮ ਹੱਤਿਆ ਕੀਤੀ ਤਾਂ ਮਹਾਂਰਾਸ਼ਟਰ ਲਈ ਉਹ ਅੰਕੜਾ 4.28 ਦਾ ਸੀ। ਆਂਧਰਾ, ਕਰਨਾਟਕਾ ਤੇ ਕੇਰਲਾ ਲਈ ਇਹ ਅੰਕੜੇ ਕ੍ਰਮਵਾਰ 3.24, 2.57, 3.37 ਸਨ ਤਾਂ ਸੁਆਲ ਇਹ ਹੈ ਕਿ ਜੇ ਅੰਕੜੇ ਇਹ ਕਹਿੰਦੇ ਹਨ ਤਾਂ ਇਹ ਖ਼ਬਰ ਕਿਉਂ ਨਹੀਂ ਬਣਦੀ। ਦੇਸ਼ ਦੀ ਆਬਾਦੀ ਜਾਨਣ ਦਾ ਸਿਰਫ ਇਕ ਹੀ ਤਰੀਕਾ ਹੈ ਮਰਦਸ਼ੁਮਾਰੀ। ਜੇ ਤੁਸੀਂ ਕਹੋ ਤਾਂ ਕਿ ਛਤੀਸ਼ਗੜ ਦੀ ਅਬਾਦੀ ਦੋ ਕਰੋੜ ਨਹੀਂ ਹੈ ਦਰਅਸਲ ਜਨਗਣਨਾ ਵਿਭਾਗ ਝੂਠ ਬੋਲ ਰਿਹਾ ਹੈ। ਤਾਂ ਤਰਕ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਉਸੇ ਤਰ੍ਹਾਂ ਆਤਮ ਹੱਤਿਆਵਾਂ ਦੇ ਅੰਕੜਿਆਂ ਲਈ ਸਾਡੇ ਪਾਸੇ ਪੁਲਸ ਤੋਂ ਸਿਵਾਏ ਹੋਰ ਕੋਈ ਰਾਹ ਨਹੀਂ ਹੈ। ਛਤੀਸ਼ਗੜ ਦੇ ਸਰਕਾਰੀ ਖੰਡਨ ਦੇ ਪ੍ਰਭਾਵ ਵਿਚ ਸਥਾਨਕ ਪੱਤਰਕਾਰ ਤਰਕ ਦਿੰਦੇ ਹਨ ਕਿ ਕਿਸਾਨਾਂ ਨੇ ਆਤਮ ਹੱਤਿਆ ਕੀਤੀ ਹੈ ਪਰ ਉਨ੍ਹਾਂ ਦਾ ਖੇਤੀ ਨਾਲ ਕੋਈ ਸਬੰਧ ਨਹੀਂ ਹੈ। ਪਰ ਉਹ ਇਸ ਬਾਰੇ ਕੁਝ ਨਹੀਂ ਕਹਿੰਦੇ ਕਿ ਆਖਰ ਇਸ ਸਿੱਟੇ 'ਤੇ ਉਹ ਪਹੁੰਚੇ ਕਿਵੇਂ। ਵਿਦਰਭ ਦੀਆਂ ਕਿਸਾਨਾਂ ਹੱਤਿਆਵਾਂ ਜੇ ਆਪ ਗਹਿਰਾਈ ਨਾਲ ਅਧਿਐਨ ਕਰੋ ਤਾਂ ਪਤਾ ਲੱਗਦਾ ਹੈ ਕਿ ਸਰਕਾਰ ਨੇ ਪ੍ਰਚਾਰਿਤ ਕਿਸਾਨ ਆਤਮ ਹੱਤਿਆਵਾਂ ਵਿਚ ਸਿਰਫ 8 ਫੀਸਦੀ ਨੂੰ ਹੀ ਖੇਤੀ ਕਾਰਨ ਹੋਈਆਂ ਆਤਮ ਹੱਤਿਆ ਮੰਨਿਆ ਹੈ। ਉਸੇ ਤਰ੍ਹਾਂ ਛਤੀਸ਼ਗੜ ਵਿਚ ਅਨੇਕਾਂ ਕਿਸਾਨਾਂ ਆਤਮ ਹੱਤਿਆਵਾਂ ਦਾ ਸਰਕਾਰ ਖੇਤੀ ਨਾਲ ਕੋਈ ਸਬੰਧ ਨਹੀਂ ਮੰਨਦੀ। ਛਤੀਸ਼ਗੜ ਦੇ ਮੁੱਖ ਮੰਤਰੀ ਤਾਂ ਇਕ ਕਦਮ ਅੱਗੇ ਜਾ ਕੇ ਕਹਿੰਦੇ ਹਨ "ਛਤੀਸ਼ਗੜ 'ਚ ਕਰਜ਼ੇ ਕਾਰਨ ਅੱਜ ਤੱਕ ਕਿਸੇ ਕਿਸਾਨ ਨੇ ਆਤਮ ਹੱਤਿਆ ਨਹੀਂ ਕੀਤੀ ਹੈ ਅਤੇ ਇਸ ਵਿਸ਼ੇ ਨੂੰ ਉਠਾਉਣ ਵਾਲੇ ਲੋਕਾਂ ਦੀ ਜਾਂਚ ਹੋਣੀ ਚਾਹੀਦੀ ਹੈ।" ਦੂਜਾ ਤਰਕ ਇਹ ਦਿੱਤਾ ਜਾਂਦਾ ਹੈ ਕਿ ਵਿਦਰਭ ਵਾਂਗੂੰ ਛਤੀਸ਼ਗੜ 'ਚ ਨਕਦੀ ਫਸਲਾਂ ਦੀ ਖੇਤੀ ਨਹੀਂ ਹੁੰਦੀ ਇਸ ਲਈ ਕਿਸਾਨਾਂ 'ਤੇ ਇਥੇ ਉਨੀ ਲਾਗਤ

ਨਹੀਂ ਹੈ। "ਪਰ ਥਾਂ ਥਾਂ ਛਤੀਸ਼ਗੜ੍ਹ 'ਚ ਕਿਸਾਨਾਂ ਦੇ ਖਰਚੇ ਵਧ ਰਹੇ ਹਨ ਆਮਦਨੀ ਉਸ ਅਨੁਪਾਤ ਨਾਲ ਨਹੀਂ ਵਧ ਰਹੀ। ਜੇ ਕੋਈ ਬੰਦਾ ਆਪਣੇ ਕਾਰੋਬਾਰ ਤੋਂ ਉਨਾ ਨਹੀਂ ਕਮਾ ਸਕਦਾ ਕਿ ਉਹ ਰੋਟੀ ਰੋਜ਼ੀ ਤੋਂ ਇਲਾਵਾ ਠੀਕ ਤਰ੍ਹਾਂ ਆਪਣਾ ਇਲਾਜ ਕਰਵਾ ਸਕੇ ਤੇ ਆਤਮ ਹੱਤਿਆ ਕਰ ਲਵੇ ਤਾਂ ਇਸ ਨੂੰ ਉਸ ਦੇ ਕਾਰੋਬਾਰ ਨਾਲ ਜੋੜ ਕੇ ਮੰਨਣਾ ਕੀ ਠੀਕ ਨਹੀਂ ਹੈ? ਛਤੀਸ਼ਗੜ੍ਹ ਪੁਲਸ ਕੋਲ ਅਜਿਹੇ ਕੁਝ ਮਾਮਲੇ ਹਨ ਜਿਨ੍ਹਾਂ 'ਚ ਇਹ ਲਿਖਿਆ ਗਿਆ ਹੈ ਕਿ ਆਤਮ ਹੱਤਿਆ ਦਾ ਕਾਰਨ ਕਰਜਾ ਸੀ ਪਰ ਬੀਮਾਰੀ ਨਾਲ ਵੀ ਅਨੇਕਾਂ ਲੋਕਾਂ ਨੇ ਆਤਮ ਹੱਤਿਆ ਕੀਤੀ ਇਸ 'ਚ ਲਗਾਤਾਰ ਘਟਦੀਆਂ ਸਿਹਤ ਸਹੂਲਤਾਂ ਦਾ ਰੋਲ ਹੈ ਆਤਮ ਹੱਤਿਆ ਗੁੰਝਲਦਾਰ ਤੇ ਸਮਾਜਕ ਪੱਖੋਂ ਨਿੰਦਣਯੋਗ ਘਟਨਾ ਹੈ ਇਸ ਲਈ ਪੀੜਤ ਪਰਿਵਾਰ ਇਸ ਵਿਸ਼ੇ ਨੂੰ ਭੁੱਲ ਜਾਣਾ ਚਾਹੁੰਦਾ ਹੈ ਤੇ ਅਕਸਰ ਇਸ 'ਤੇ ਚਰਚਾ ਵੀ ਨਹੀਂ ਕਰਨਾ ਚਾਹੁੰਦਾ ਹੈ। ਇਕ ਬੰਦਾ ਇਕ ਲੱਖ ਕਰਜ਼ੇ ਹੇਠ ਸੀ ਤੇ ਸ਼ਰਾਬ ਪੀਣ ਲੱਗਿਆ। ਸਬੰਧੀ ਦੀ ਸ਼ਰਮ ਦਾ ਮਾਰਾ ਆਤਮ ਹੱਤਿਆ ਕਰ ਗਿਆ। ਛਤੀਸ਼ਗੜ੍ਹ ਦੇ ਅਨੇਕਾਂ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ 'ਤੇ ਕਰਜ਼ਾ ਘੱਟ ਸੀ ਪਰ ਭਾਰੀ ਗਿਣਤੀ 'ਚ ਜਦ ਕਿਸਾਨ ਆਤਮ ਹੱਤਿਆ ਕਰ ਹੀ ਰਹੇ ਹਨ ਤਾਂ ਕੀ ਇਹ ਆਸ ਕਰਨਾ ਬੇਇਮਾਨੀ ਹੈ ਕਿ ਕਿਸੇ ਸਿੱਟੇ 'ਤੇ ਪਹੁੰਚਣ ਤੋਂ ਪਹਿਲਾਂ ਇਸ ਵਿਸ਼ੇ ਤੇ ਇਕ ਵਿਆਪਕ ਜਾਂਚ ਤਾਂ ਹੋਵੇ।

### ਉਦਾਰਵਾਦੀ ਨੌਕਰਸ਼ਾਹ ਤੇ ਭੁੱਖੇ ਪੇਟ ਦੀ ਅੱਗ

ਸੰਨ 2009 ਦੀਆਂ ਚੋਣਾਂ 'ਚ ਕਾਂਗਰਸ ਦੀ ਅਗਵਾਈ 'ਚ ਯੂ. ਪੀ. ਏ. ਦੀ ਕਾਮਯਾਬੀ 'ਚ ਜਿਥੇ ਨਵ-ਉਦਾਰਵਾਦੀ ਚਿੰਤਕ ਚਮਕਦਾਰ ਭਾਰਤ ਦੀ ਦੌੜਦੀ ਤਸਵੀਰ ਦਾ ਅਕਸ ਦੇਖ ਰਹੇ ਹਨ ਅਤੇ ਸਰਕਾਰ ਨੂੰ ਜ਼ਿੰਮੇਵਾਰੀਆਂ ਤੋਂ ਮੁਕਤ ਕਰਾਉਣ ਦੀ ਵਕਾਲਤ ਕਰ ਰਹੇ ਹਨ ਉਥੇ ਸਰਕਾਰ ਦੇ ਅੰਦਰ ਹੀ ਇਕ ਵੱਡੇ ਤਬਕੇ ਦਾ ਮੰਨਣਾ ਹੈ ਕਿ ਇਸ ਫਤਵੇ ਪਿੱਛੇ ਰੁਜ਼ਗਾਰ ਗਰੰਟੀ, ਸੂਚਨਾ ਅਧਿਕਾਰ ਕਾਨੂੰਨ ਦੇ ਨਾਲ ਕਾਂਗਰਸ ਦੇ ਚੁਣਾਵੀ ਮੈਨੀਫੈਸਟੋ ਵਿਚ ਅਨਾਜ ਸੁਰੱਖਿਆ ਦਾ ਵਾਅਦਾ ਮਹੱਤਵਪੂਰਨ ਹੈ ਅੱਧੀ ਆਬਾਦੀ ਦੀਆਂ ਉਮੀਦਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਤਾਂ ਪ੍ਰਣਾਮ ਘਾਤਕ ਹੋਣਗੇ। ਸ਼ਾਇਦ ਇਹੀ ਵਜ੍ਹਾ ਹੈ ਕਿ ਯੂ. ਪੀ. ਏ. ਸਰਕਾਰ ਨੇ ਆਪਣੇ 100 ਦਿਨਾਂ ਦੇ ਏਜੰਡੇ 'ਚ ਅਨਾਜ ਸੁਰੱਖਿਆ ਜਾਂ ਭੋਜਨ ਦੇ ਹੱਕ ਦੀ ਦਾਅਵੇਦਾਰੀ ਨੂੰ ਸਿਧਾਂਤਕ ਤੌਰ 'ਤੇ ਮੰਨ ਕੇ ਕਾਨੂੰਨ ਬਣਾਉਣ ਦੀ ਦਿਸ਼ਾ ਵਿਚ ਕਦਮ ਵਧਾਇਆ ਹੈ। ਹਾਲਾਂਕਿ ਇਸ ਦਾ ਸਿਹਰਾ ਵੀ ਨਾਗਰਿਕ ਸਮਾਜ ਤੇ ਸੁਪਰੀਮ ਕੋਰਟ ਨੂੰ ਦਿੱਤਾ ਜਾਣਾ ਚਾਹੀਦਾ ਹੈ ਜੋ ਪਿਛਲੇ 8 ਸਾਲਾਂ ਤੋਂ ਇਸ ਦਿਸ਼ਾ ਵਿਚ ਯਤਨਸ਼ੀਲ ਹੈ। ਰਾਸ਼ਟਰਪਤੀ ਦੇ ਭਾਸ਼ਣ ਮੁਤਾਬਕ ਅਨਾਜ ਸੁਰੱਖਿਆ ਦਾ ਕਾਨੂੰਨ ਹਰ ਹਾਲਤ 'ਚ ਲਿਆਂਦਾ ਜਾਵੇਗਾ। ਪਰ ਮੌਜੂਦ ਸੁਆਲ ਇਹ ਹੈ ਕਿ ਇਸ ਦਾ ਰੂਪ ਕੀ ਹੋਵੇਗਾ। ਇਸ ਦਿਸ਼ਾ 'ਚ ਬਹੁਤ ਸ਼ੰਕੇ ਹਨ ਜੋ ਨਿਰਮੂਲ ਨਹੀਂ ਹਨ। ਪਹਿਲਾ ਸੁਆਲ, ਭੋਜਨ ਦੇ ਹੱਕ ਦੇ ਕਾਨੂੰਨ ਦੀ ਜ਼ਰੂਰਤ ਕੀ ਹੈ। ਜਿਵੇਂ ਕਿ ਭੋਜਨ ਦੇ ਅਧਿਕਾਰ ਮਾਮਲੇ 'ਚ ਸੁਪਰੀਮ ਕੋਰਟ ਦੇ ਕਮਿਸ਼ਨਰ ਐਨ. ਸੀ. ਸਕਸੈਨਾ ਦਾ ਮੰਨਣਾ ਹੈ ਕਿ 'ਹਾਲ ਦੇ ਸਾਲਾਂ ਵਿਚ ਭਾਰਤ 'ਚ ਹੋਏ ਵਿਕਾਸ ਦਾ ਦੇਸ਼ ਦੀ ਬਹੁਗਿਣਤੀ ਅਬਾਦੀ ਦੀ ਅਨਾਜ ਸੁਰੱਖਿਆ ਅਤੇ ਪੋਸ਼ਣ ਉੱਪਰ ਬੇਹੱਦ ਹੀ ਮਾਮੂਲੀ ਅਸਰ ਹੋਇਆ

ਹੈ। ਪ੍ਰਤੀ ਵਿਅਕਤੀ ਅੰਨ ਦੀ ਉਪਲੱਬਤਾ ’ਚ ਗਿਰਾਵਟ ਦਰਜ ਕੀਤੀ ਗਈ ਹੈ। ਸੰਨ 1993-94 ’ਚ ਖੇਤੀ ਮਜ਼ਦੂਰ ਪਰਿਵਾਰਾਂ ’ਚ ਬੇਰੁਜ਼ਗਾਰਾਂ ਦਾ ਅੰਕੜਾ 9.5 ਫੀਸਦੀ ਸੀ ਉਥੇ ਸੰਨ 2004-05 ’ਚ, ਇਹ ਵਧ ਕੇ 15.3 ਹੋ ਗਿਆ। ਪਰ ਨਵ-ਉਦਾਰਵਾਦੀ ਸੁਆਲ ਉਠਾਉਂਦੇ ਹਨ। ਭੋਜਨ ਦੇ ਹੱਕ ਦਾ ਕਾਨੂੰਨ ਕਿਉਂ ਲਿਆਉਣਾ ਚਾਹੀਦਾ ਹੈ? ਇਸ ਨਾਲ ਸਰਕਾਰ ’ਤੇ ਬੇਲੋੜਾ ਦਬਾਅ ਵਧੇਗਾ, ਅਦਾਲਤੀ ਝਗੜੇ ਵਧਣਗੇ ਅਤੇ ਆਰਥਕ ਸੁਧਾਰਾਂ ਦੀ ਚਾਲ ਮੱਠੀ ਪਵੇਗੀ। ਸਰਕਾਰ ਦੇ ਹੀ ਅੰਕੜਿਆਂ ’ਤੇ ਗੌਰ ਕਰੀਏ ਤਾਂ ਹਾਲਤ ਦੀ ਭਿਅੰਕਰਤਾ ਜ਼ਾਹਰ ਹੁੰਦੀ ਹੈ। ਸੰਨ 1998 ਤੋਂ 2006 ਦੇ ਅੱਠ ਸਾਲਾਂ ਦਰਮਿਆਨ ਕੁਪੋਸ਼ਿਤ ਬੱਚਿਆਂ ਦੀ ਗਿਣਤੀ ’ਚ ਕੋਈ ਫ਼ਰਕ ਨਹੀਂ ਆਇਆ ਅਤੇ ਦੇਸ਼ ਦੀਆਂ ਅੱਧੀਆਂ ਤੋਂ ਵੱਧ ਔਰਤਾਂ ਅਤੇ ਤਿੰਨ ਚੌਥਾਈ ਬੱਚੇ ਅਨੀਮੀਆ (ਖ਼ੂਨ ਦੀ ਘਾਟ) ਦਾ ਸ਼ਿਕਾਰ ਹਨ ਜ਼ਾਹਿਰ ਹੈ ਕਿ ਇਹ ਲੋਕ ਹਨ ਦਮਕਦੇ ਭਾਰਤ ’ਚ ਜਿਨ੍ਹਾਂ ਦੀ ਹਾਜ਼ਰੀ ਨਵ ਉਦਾਰਵਾਦੀ ਖਾਰਜ ਕਰਦੇ ਹਨ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (UMDP) ਦੇ ਪਿੱਛੇ ਜਿਹੇ ਹੀ ਹੋਏ ਇਕ ਸਰਵੇ ਵਿਚ ‘ਦੇਸ਼ ਦੇ ਗਰੀਬ ਸੱਤ ਰਾਜਾਂ ਦੇ 16 ਜ਼ਿਲ੍ਹਿਆਂ ਵਿਚ 7.5 ਫੀਸਦੀ ਪਰਿਵਾਰਾਂ ਨੂੰ ਦੋ ਵਕਤ ਦੀ ਰੋਟੀ ਵੀ ਨਹੀਂ ਮਿਲਦੀ। ਜਦਕਿ 29 ਫੀਸਦੀ ਪਰਿਵਾਰਾਂ ਨੂੰ ਮੁਸ਼ਕਲ ਨਾਲ ਖਾਣਾ ਮਿਲਦਾ ਹੈ।’

ਪੱਛਮੀ ਬੰਗਾਲ ਸਰਕਾਰ ਦਾ ਅਧਿਐਨ ਦੱਸਦਾ ਹੈ ਕਿ ਰਾਜ ’ਚ 15 ਫੀਸਦੀ ਪਰਿਵਾਰਾਂ ਦੇ ਮੈਂਬਰ ਸ਼ਾਇਦ ਹੀ ਕਦੀ ਦੋ ਵਕਤ ਦਾ ਖਾਣਾ ਨਿਯਮਤ ਰੂਪ ਨਾਲ ਖਾਣ ਦੀ ਸਥਿਤੀ ਵਿਚ ਰਹਿਣ। ਕੌਮੀ ਸੈਂਪਲ ਸਰਵੇ ਸੰਗਠਨ (NSSO) ਦੀ ਰਿਪੋਟ ’ਤੇ ਯਕੀਨ ਕਰੀਏ ਤਾਂ ਦੇਸ਼ ਦੀ ਅਬਾਦੀ ਦਾ ਉਪਰੀ ਤਬਕਾ ਭੋਜਨ ਤੋਂ ਜੋ ਕੈਲਰੀ ਹਾਸਲ ਕਰਦਾ ਹੈ ਉਸ ਨਾਲ 30 ਤੋਂ 50 ਫੀਸਦੀ ਤੋਂ ਘੱਟ ਦੇਸ਼ ਦੀ ਅਬਾਦੀ ਨੂੰ ਮੁਹੱਈਆ ਹੁੰਦਾ ਹੈ। ‘ਅੰਕੜਿਆਂ’ ਤੋਂ ਸਾਫ ਹੈ ਕਿ ਦੇਸ਼ ਦੀ ਬਹੁਗਿਣਤੀ ਸੰਖਿਆ ਜਾਂ ਤਾਂ ਭੁੱਖੀ ਹੈ ਜਾਂ ਫਿਰ ਭੋਜਨ ਦੇ ਬਹਾਨੇ ਜੋ ਖਾ ਰਹੀ ਹੈ ਉਸ ਨੂੰ ਇਨਸਾਨੀ ਭੋਜਨ ਕਿਹਾ ਹੀ ਨਹੀਂ ਜਾ ਸਕਦਾ।’

ਸਮਾਜਸੇਵੀ ਜਰਮਾਂ ਦ੍ਰੇਜ ਦਾ ਕਹਿਣਾ ਹੈ ਕਿ ‘ਪ੍ਰਸਤਾਵਿਤ ਕਾਨੂੰਨ ਨੂੰ ਡਰ ਸਰਕਾਰ ਤੋਂ ਨਹੀਂ ਬਲਕਿ ਨਵ-ਉਦਾਰਵਾਦੀਆਂ ਤੇ ਸਰਕਾਰੀ ਮਸ਼ੀਨਰੀ ਤੋਂ ਹੈ। ਕੌਮੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ (ਨਰੇਗਾ) ਅਤੇ ਸੂਚਨਾ ਦੇ ਅਧਿਕਾਰ ਪਿੱਛੋਂ ਨੌਕਰਸ਼ਾਹੀ ਬੁਖਲਾਈ ਹੋਈ ਹੈ। ਅਜਿਹੇ ਵਿਚ ਭੋਜਨ ਦੇ ਹੱਕ ਦੇ ਕਨੂੰਨ ਨੂੰ ਸਰਕਾਰੀ ਮਸ਼ੀਨਰੀ ਨੂੰ ਅਰਾਮਦੇਹ ਕਮਰਿਆਂ ਤੋਂ ਕੱਢ ਕੇ ਤਪਸ਼ ’ਚ ਖੜਾ ਕਰਨਾ ਹੀ ਪੈਣਾ ਹੈ।’ ਖੇਤੀ ਮੰਤਰਾਲੇ ਦੇ ਤਹਿਤ ਭਾਰਤੀ ਖਾਦ ਨਿਗਮ (FCI) ਦੇ ਚੋਟੀ ਦੇ ਅਧਿਕਾਰੀ ਵੀ ਮੰਨਦੇ ਹਨ ਕਿ ਮੰਤਰਾਲੇ ਦੀ ਦਿਲਚਸਪੀ ਸਿਰਫ ਅੰਨ ਦਰਾਮਦ ਤੇ ਬਰਾਮਦ ਤੋਂ ਹੈ। ਜਰਮਾਂ ਸੰਕੇਤ ਦਿੰਦੇ ਹਨ, “ਕਾਨੂੰਨ ਨੂੰ ਸਿਰਫ ਰਸਮੀ ਬਣਾਉਣ ਲਈ ਦੋ ਤਰ੍ਹਾਂ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਇਕ ਤਾਂ ਭੋਜਨ ਦੀ ਥਾਂ ’ਤੇ ਨਕਦੀ ਦਿੱਤੇ ਜਾਣ ਵਕਾਲਤ ਅਤੇ ਦੂਜੇ ਮਿਡ-ਡੇ-ਮੀਲ, ਅੰਤੋਦਿਆ, ਸਮੇਕਿਤ ਬਾਲ ਵਿਕਾਸ ਯੋਜਨਾ, ਆਂਗਣਬਾੜੀ ਅਤੇ ਅਜਿਹੇ ਸਾਰੇ ਪ੍ਰੋਗਰਾਮਾਂ ਨੂੰ ਅਨਾਜ ਸੁਰੱਖਿਆ ਹੱਕ ਦੇ ਕਾਨੂੰਨ ’ਚ ਸ਼ਾਮਲ ਕਰਨ ਦੀਆਂ ਕੋਸ਼ਿਸ਼ਾਂ” ਹੈਰਾਨੀ ਦੀ ਗੱਲ ਹੈ ਕਿ ਫਰਜ ਪ੍ਰਤੀ ਪਹਿਲ ਜਿਥੇ ਸਰਕਾਰ ਵੱਲੋਂ ਹੋਣੀ ਚਾਹੀਦੀ ਸੀ, ਦੇਸ਼ ਦੀ ਉੱਚਕੋਟੀ ਅਦਾਲਤ ਨੂੰ ਵਾਰ ਵਾਰ ਲੋਕ ਨੁਮਾਇੰਦਿਆਂ

ਨੂੰ ਉਨ੍ਹਾਂ ਦੇ ਫਰਜ਼ ਦੀ ਯਾਦ ਦਿਵਾਉਣੀ ਪਈ। ਸੰਨ 2001 ਤੋਂ ਲੈ ਕੇ ਹੁਣ ਤੱਕ ਸੁਪਰੀਮ ਕੋਰਟ ਅਜਿਹੇ ਹੀ ਸਰਕਾਰੀ ਪ੍ਰੋਗਰਾਮਾਂ ਨੂੰ ਵਾਰ ਵਾਰ ਸਰਬ ਵਿਆਪੀ ਬਣਾਉਣ ਦੇ 60 ਤੋਂ ਵੱਧ ਨਿਰਦੇਸ਼ ਜਾਰੀ ਕਰ ਚੁੱਕੀ ਹੈ। ਭੋਜਨ ਦੇ ਹੱਕ 'ਤੇ ਸੁਪਰੀਮ ਕੋਰਟ ਵੱਲੋਂ ਨਿਯੁਕਤ ਹਰਸ਼ ਮੰਦਰ ਦਾ ਮੰਨਣਾ ਹੈ ਕਿ "ਲੰਬੇ ਵਕਤ ਤਾਂ ਨਾਗਰਿਕਾਂ ਦੀ ਬੁਨਿਆਦੀ ਹੱਕਾਂ ਦੀ ਮੁਖੀ ਸੁਪਰੀਮ ਕੋਰਟ ਨੇ ਹੀ ਕੀਤੀ ਹੈ। ਹੁਣ ਵਕਤ ਆ ਗਿਆ ਹੈ ਕਿ ਲੋਕ ਨੁਮਾਇੰਦੇ ਇਸ ਵੱਲ ਖੁਦ ਪਹਿਲ ਕਰਨ। ਇਕ ਪਾਸੇ ਕਾਨੂੰਨ ਦਾ ਮਸੌਦਾ ਤਿਆਰ ਹੋ ਰਿਹਾ ਹੈ ਅਤੇ ਦੂਜੇ ਪਾਸੇ ਨੌਕਰਸ਼ਾਹੀ ਅਤੇ ਦਮਕਦੇ ਭਾਰਤ ਦੇ ਪੈਰੋਕਾਰਾਂ ਤੋਂ ਭੁਖੀ ਆਬਾਦੀ ਰੋਹ 'ਚ ਹੈ। ਸੁਪਰੀਮ ਕੋਰਟ ਵੱਲੋਂ ਭੋਜਨ ਦੇ ਹੱਕ ਦੇ ਕਾਨੂੰਨ ਲਈ ਤੈਨਾਤ ਅਯੁਕਤਾਂ ਦੇ ਮੁੱਖ ਸਲਾਹਕਾਰ ਬਿਮਜ ਪਟਨਾਇਕ ਦਾ ਮੰਨਣਾ ਹੈ ਕਿ 'ਪ੍ਰਸਤਾਵਿਤ ਕਾਨੂੰਨ ਨੂੰ ਕਈ ਪੱਧਰਾਂ 'ਤੇ ਲੱਚਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਨਾਗਰਿਕ ਸਮਾਜ ਚਾਹੁੰਦਾ ਹੈ ਕਿ ਇਸ ਕਾਨੂੰਨ ਵਿਚ ਵੀ ਨਰੇਗਾ ਵਾਂਗੂੰ ਮੁਆਵਾਜ਼ੇ ਤੇ ਸੂਚਨਾ ਦੇ ਅਧਿਕਾਰ ਤਹਿਤ ਅਧਿਕਾਰ ਨੂੰ ਸਜ਼ਾ ਦੇਣ ਵਰਗੀ ਵਿਵਸਥਾ ਪਾਈ ਜਾਵੇ।' ਹਰ ਮੰਦਰ ਦਾ ਕਹਿਣਾ ਹੈ ਕਿ, "ਜੋ ਮਸੌਦਾ ਤਿਆਰ ਹੋਇਆ ਹੈ ਉਸ ਵਿਚ ਸਰਕਾਰ ਦੀ ਮੰਸ਼ਾ ਕੁਝ ਕਰਨ ਦੀ ਹੈ ਅਤੇ ਨੌਕਰਸ਼ਾਹੀ ਦਾ ਮਕਸਦ ਹੈ ਘੱਟੋ ਘੱਟ ਕੀਤਾ ਜਾਵੇ। ਇਹ ਯੋਜਨਾ ਕਮਿਸ਼ਨ ਦੇ ਮੈਂਬਰ ਤੇ ਅਰਥ ਸਾਸ਼ਤਰੀ ਅਭਿਜਿਤ ਸੇਨ ਮੰਨਦੇ ਹਨ, "ਪ੍ਰਸਤਾਵਿਤ ਕਾਨੂੰਨ ਦੇ ਤਹਿਤ ਸਿਰਫ ਭੋਜਨ ਤੱਕ ਆਮ ਆਦਮੀ ਦੀ ਪਹੁੰਚ ਹੀ ਨਹੀਂ, ਉਪਲੱਭਤਾ ਵੀ ਯਕੀਨੀ ਬਣਾਉਣੀ ਜ਼ਰੂਰੀ ਹੈ।' ਸੇਨ ਮੁਤਾਬਕ "ਭਾਰਤ ਬਹੁਤ ਵੱਡਾ ਦੇਸ਼ ਹੈ ਤੇ ਭਾਰੀ ਨਾ ਬਰਾਬਰੀ ਹੈ ਇਹ ਸਰਕਾਰ ਦਾ ਫਰਜ਼ ਹੈ ਕਿ ਆਮ ਆਦਮੀ ਤੱਕ ਭੋਜਨ ਦੀ ਪਹੁੰਚ ਬਣੇ ਅਤੇ ਦੂਰ ਦਰਾਜ ਪਿਛੜੇ ਖੇਤਰਾਂ ਤੱਕ ਅਨਾਜ ਦੀ ਉਪਲੱਭਤਾ ਵੀ ਯਕੀਨੀ ਬਣਾਈ ਜਾਵੇ।" ਸੇਨ ਦਾ ਇਸ਼ਾਰਾ ਜਨਤਕ ਵੰਡ ਪ੍ਰਣਾਲੀ (PDS) ਅਤੇ ਘੱਟੋ ਘੱਟ ਸਹਾਇਕ ਮੁੱਲ 'ਤੇ ਅਨਾਜ ਦੀ ਖਰੀਦ 'ਚ ਮੌਜੂਦ ਖਾਮੀਆਂ (ਸ਼ਾਇਦ ਭ੍ਰਿਸ਼ਟਾਚਾਰ) ਵੱਲ ਹੈ। ਜਦ ਕਿ ਜਰਮਾਂ ਕ੍ਰੇਜ ਦੂਸਰੇ ਪਹਿਲੂਆਂ ਵੱਲ ਵੀ ਇਸ਼ਾਰਾ ਕਰਦੇ ਹਨ। 'ਅਨਾਜ ਦੀ ਬਜਾਏ ਪੈਸਾ ਵੰਡਣਾ ਸ਼ੁਰੂ ਕੀਤਾ ਤਾਂ ਭਾਰੀ ਨਕਾਰਾਤਮਕ ਸਿੱਟੇ ਨਿਕਲਣਗੇ। ਕ੍ਰੇਜ ਮੁਤਾਬਕ 'ਭਾਰਤੀ ਸਮਾਜ 'ਚ ਪੈਸੇ 'ਤੇ ਮਨੁੱਖ ਦਾ ਅਤੇ ਭੋਜਨ 'ਤੇ ਔਰਤ ਦਾ ਹੱਕ ਰਹਿੰਦਾ ਹੈ। ਪ੍ਰਸਤਾਵਿਤ ਕਾਨੂੰਨ ਦਾ ਉਦੈ ਬਹੁ ਗਿਣਤੀ ਆਬਾਦੀ ਨੂੰ ਕੁਪੋਸ਼ਣ ਦੇ ਚੱਕਰ ਤੋਂ ਕੱਢਣਾ ਹੈ। ਔਰਤ ਹੱਥ ਅਨਾਜ਼ ਨਾ ਆਇਆ ਤਾਂ ਅੱਧਾ ਭਾਰਤ ਫਿਰ ਭੁੱਖਾ ਰਹੇਗਾ।' ਬਿਰਾਜ ਪਟਨਾਇਕ ਵੀ ਭਾਰਤ ਦੀ ਹਮਾਇਤ 'ਚ ਕਹਿੰਦੇ ਹਨ 'ਯੋਜਨਾ ਕਮਿਸ਼ਨ ਦੇ ਉਪ ਚੇਅਰਮੈਨ ਮੋਨਟੇਕ ਅਹਲੂਵਾਲੀਆ, ਅਰਥਸ਼ਾਸਤਰੀ ਬਿਬੇਕ ਦੇਬ ਰਾਏ ਤੇ ਅਸ਼ੋਕ ਗੁਲਾਟੀ ਅਨਾਜ ਦੀ ਬਜਾਏ, ਪੈਸਾ ਦੇਣ ਦੇ ਪੱਖ 'ਚ ਹਨ। ਜੋ ਕਾਨੂੰਨ ਨੂੰ ਮੂਲ ਮਕਸਦ ਤੋਂ ਕੋਹਾਂ ਦੂਰ ਲੈ ਜਾਵੇਗਾ।' ਭੁੱਖ ਸਹੂਲਤਾਂ ਤੋਂ ਸਖਣ ਸਮਾਜ ਤੇ ਖੁਸ਼ਹਾਲ ਸਮਾਜ ਵਿਚਕਾਰ ਸੰਘਰਸ਼ ਲਾਜ਼ਮੀ ਹੈ ਜੋ ਜਾਰੀ ਰਹੇਗਾ।

# ਭਾਰਤੀ ਸਿਨੇਮਾ 'ਚ ਅਸ਼ਲੀਲਤਾ ਕਿੰਨੀ ਜਾਇਜ਼?

ਉਂਜ ਤਾਂ ਸੈਂਸਰ ਵਿਚ ਸੋਧ ਦੀ ਮੰਗ ਕਾਫੀ ਦਿਨਾਂ ਤੋਂ ਬਹਿਸ ਦਾ ਮੁੱਦਾ ਬਣੀ ਹੋਈ ਹੈ ਪਰ ਸੰਨ 2009 ਦੇ ਅਪ੍ਰੈਲ ਮਹੀਨੇ ਦੇ ਤੀਜੇ ਹਫ਼ਤੇ ਵਿਚ ਇਹ ਮਾਮਲਾ ਵੱਧ ਗਰਮਾਇਆ। ਸੈਂਸਰ ਬੋਰਡ ਦੇ ਅਧਿਕਾਰੀਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ 'ਸਿਨਮੈਟੋਗ੍ਰਾਫੀ ਐਕਟ 1952 'ਚ ਸੋਧ ਕੀਤੀ ਜਾਵੇ। ਇਹ ਐਕਟ 50 ਸਾਲਾਂ ਤੋਂ ਵੱਧ ਸਮੇਂ ਤੋਂ ਲਾਗੂ ਹੈ। ਅੱਜ ਦੇ ਸਮਾਜ ਅਤੇ ਦਰਸ਼ਕ ਵਰਗ ਨੂੰ ਵੇਖਦੇ ਹੋਇਆਂ ਇਸ ਐਕਟ 'ਚ ਤਬਦੀਲੀ ਜ਼ਰੂਰੀ ਹੈ। ਸੈਂਸਰ ਸਰਟੀਫਿਕੇਸ਼ਨ ਲਈ 15 ਸਾਲ ਲਈ ਨਵੀਂ ਕੈਟੇਗਰੀ ਬਣਾਈ ਜਾਵੇ। ਇਸ ਸਮੇਂ ਫ਼ਿਲਮਾਂ ਨੂੰ ਤਿੰਨ ਕੈਟੇਗਰੀ ਦੇ ਸਰਟੀਫਿਕੇਟ ਦਿੱਤੇ ਜਾਂਦੇ ਹਨ। "ਯੂ" ਸਰਟੀਫਿਕੇਟ ਅਜਿਹੀਆਂ ਫ਼ਿਲਮਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੂੰ ਪਰਿਵਾਰ ਵੇਖ ਸਕੇ। "ਯੂ. ਏ." ਸਰਟੀਫਿਕੇਟ ਅਜਿਹੀਆਂ ਫ਼ਿਲਮਾਂ ਲਈ ਹੈ ਜਿਨ੍ਹਾਂ ਦੇ ਕੁਝ ਦ੍ਰਿਸ਼ ਪਰਿਵਾਰ ਦੇ ਵੇਖਣਯੋਗ ਨਹੀਂ ਹੁੰਦੇ ਅਤੇ 'ਏ' ਸਰਟੀਫਿਕੇਟ ਅਜਿਹੀ ਫ਼ਿਲਮ ਨੂੰ ਦਿੱਤਾ ਜਾਂਦਾ ਹੈ ਜਿਸ ਨੂੰ ਸਿਰਫ ਬਾਲਗ ਹੀ ਵੇਖ ਸਕਦੇ ਹਨ। ਇਸ ਪ੍ਰਸੰਗ 'ਚ ਸੈਂਸਰ ਬੋਰਡ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਸੈਂਸਰ ਬੋਰਡ ਵਿਚ ਸੋਧ ਨਾਲ ਸਬੰਧਿਤ ਸਭ ਦਸਤਾਵੇਜ਼ਾਂ ਨੂੰ ਸੌਂਪ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ, "ਅਸੀਂ ਭਾਰਤ ਸਰਕਾਰ ਨੂੰ ਸੂਚਿਤ ਕੀਤਾ ਹੈ ਕਿ 'ਸਿਨੇਮੇਟੋਗ੍ਰਾਫੀ ਐਕਟ' 'ਚ ਹੁਣ ਸੋਧ ਦੀ ਵੱਧ ਲੋੜ ਹੈ। ਉਨ੍ਹਾਂ 'ਚ ਕੁਝ ਅਜਿਹੇ ਹਨ, ਜੋ ਬਹੁਤ ਟੈਕਨੀਕਲ ਹਨ। ਪਰੰਤੂ ਇਕ ਸੋਧ ਜਿਸ ਦੀ ਜ਼ਰੂਤਰ ਅਸੀਂ ਬਹੁਤ ਹੀ ਗਹਿਰਾਈ ਨਾਲ ਮਹਿਸੂਸ ਕਰਦੇ ਹਾਂ ਅਤੇ ਉਹ ਹੈ ਸਰਟੀਫਿਕੇਸ਼ਨ ਲਈ ਨਵੀਂ ਕੈਟੇਗਿਰੀ ਜਿਸ ਦਾ ਅਰਸਾ 15 ਸਾਲ ਦਾ ਹੋਵੇ। ਇਸ ਦਾ ਮਹੱਤਵਪੂਰਨ ਕਾਰਨ ਇਹ ਹੈ ਕਿ ਫ਼ਿਲਮ ਦਰਸ਼ਕਾਂ ਦਾ ਇਕ ਵੱਡਾ ਵਰਗ ਨਵ-ਬਾਲਗਾਂ ਦਾ ਹੈ। ਇਨ੍ਹੀਂ ਦਿਨੀਂ ਜੋ ਫਿਲਮਾਂ ਬਣ ਰਹੀਆਂ ਹਨ ਉਨ੍ਹਾਂ 'ਚੋਂ ਕੁਝ ਇਸ ਵਰਗ ਦੇ ਦਰਸ਼ਕਾਂ ਲਈ ਹਨ। ਇਨ੍ਹਾਂ ਫ਼ਿਲਮਾਂ 'ਚ ਬਾਲਗਾਂ ਨਾਲ ਸੰਬੰਧਿਤ ਵੱਧ ਕੁਝ ਨਹੀਂ ਹੈ ਪਰ 15 ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵੇਖਣ ਲਈ ਸਹੀ ਨਹੀਂ ਹੈ। ਸਮਾਂ ਬਦਲ ਗਿਆ ਹੈ ਤੇ ਨਵ-ਬਾਲਗ ਮਹੱਤਵਪੂਰਨ ਹੋ ਗਏ ਹਨ। ਥੋੜ੍ਹੀ ਦੇਰ ਠਹਿਰ ਕੇ ਉਸ ਅਧਿਕਾਰੀ ਨੇ ਕਿਹਾ, "ਸੈਸ਼ਨ ਦੇ ਦਹਾਕੇ 'ਚ ਰਾਜ ਕਪੂਰ ਦੀ ਫ਼ਿਲਮ 'ਮੇਰਾ ਨਾਮ ਜੋਕਰ' ਪ੍ਰਦਰਸ਼ਿਤ ਹੋ ਰਹੀ ਸੀ ਜਿਸ ਦੇ ਪਹਿਲੇ ਭਾਗ 'ਚ ਕਿਸ਼ੋਰ ਦੇ ਮਨੋਵਿਗਿਆਨ ਨੂੰ ਵਿਸਲੇਸ਼ਿਤ ਕੀਤਾ ਗਿਆ ਸੀ। ਇਕ ਕਿਸ਼ੋਰ ਆਪਣੀ ਟੀਚਰ ਨੂੰ ਉਸ ਦੇ ਭਾਵੀ ਪਤੀ ਵੱਲੋਂ ਰੋਮਾਂਸ ਕਰਦੇ ਵੇਖਦਾ ਹੈ। ਇਸ ਦ੍ਰਿਸ਼ ਵਿਚ ਅਸ਼ਲੀਲਤਾ ਨਹੀਂ ਹੈ ਫਿਰ ਵੀ ਉਸ ਵਕਤ ਇਸ ਦ੍ਰਿਸ਼ ਨੂੰ ਪਾਸ ਕਰਦੇ ਸਮੇਂ ਕਾਫੀ ਵਿਵਾਦ ਹੋਇਆ ਸੀ। ਫ਼ਿਲਮ 'ਮੇਰਾ ਨਾਮ ਜੋਕਰ' ਦੇ ਲਈ ਤੀਜੇ ਭਾਗ ਵਿਚ ਬਾਲਗ ਹੀਰੋਇਨ (ਪਦਮਨੀ) ਆਪਣੀ ਆਬਰੂ ਬਚਾਉਣ ਲਈ ਮਰਦ ਭੇਸ 'ਚ ਰਹਿੰਦੀ ਹੈ ਅਤੇ ਆਪਣੇ ਕੁੱਤੇ ਦੇ ਨਾਲ ਸੜਕਾਂ 'ਤੇ ਬਾਜੀਗਿਰੀ ਵਿਖਾ ਕੇ ਆਪਣਾ ਗੁਜ਼ਾਰਾ ਕਰਦੀ ਸੀ। ਕੁਝ ਦਿਨਾਂ ਬਾਅਦ ਉਸ ਦੀ ਮੁਲਾਕਾਤ ਫ਼ਿਲਮ ਦੇ ਨਾਇਕ (ਰਾਜ ਕਪੂਰ) ਨਾਲ ਹੁੰਦੀ ਹੈ। ਦੋਨੋਂ ਮਿਲ ਕੇ ਧੰਦਾ ਕਰਦੇ ਹਨ ਅਤੇ ਇਕ ਸਾਥ ਹੀ ਰਹਿੰਦੇ ਹਨ। ਇਕ ਰਾਤ ਨੂੰ ਬਾਜੀਗਰੀ ਦੀ ਰੀਹਰਸਲ ਕਰਦੇ ਵਕਤ ਯੁਵਕ ਬਣੀ

ਗਾਇਕਾ (ਪਦਮਨੀ) ਦੀ ਕਮੀਜ ਚਾਕੂ ਨਾਲ ਕੱਟ ਜਾਂਦੀ ਹੈ। ਫਿਰ ਉਨ੍ਹਾਂ ਦਾ ਸੁਡੌਲ 'ਸਰੀਰ' ਬਾਹਰ ਨਿਕਲ ਆਉਂਦਾ ਹੈ। ਇਸ ਦ੍ਰਿਸ਼ ਨਾਲ ਜਿਥੇ ਨਾਇਕ ਰੋਮਾਂਚਿਤ ਹੋ ਜਾਂਦਾ ਹੈ ਦਰਸ਼ਕ ਵੀ ਹੈਰਾਨ ਰਹਿ ਜਾਂਦੇ ਹਨ। ਕਿਉਂਕਿ ਇਹ ਦ੍ਰਿਸ਼ ਕਥਾ ਵਸਤੂ ਦਾ ਮਹੱਤਵਪੂਰਨ ਅੰਗ ਸੀ, ਨਾ ਕਿ ਦਰਸ਼ਕਾਂ 'ਚ ਵਾਸ਼ਨਾ ਦੀਆਂ ਤਰੰਗਾਂ ਉਠਾਉਣ ਦੀ ਹੀ ਕੋਸ਼ਿਸ਼। ਰਾਜ ਕਪੂਰ ਦੇ ਇਸ ਤਰ੍ਹਾਂ ਦੇ ਦ੍ਰਿਸ਼ਾਂ ਵਿਚ ਅਸ਼ਲੀਲਤਾ ਨਹੀਂ ਹੁੰਦੀ ਸੀ। ਬਲਕਿ ਇਹ ਕਥਾਨਕ ਦੀ ਕੇਂਦਰ ਬਿੰਦੂ ਹੋਇਆ ਕਰਦੀ ਸੀ। ਫਿਰ ਵੀ ਇਨ੍ਹਾਂ ਦ੍ਰਿਸ਼ਾਂ ਨੂੰ ਪਾਸ ਕਰਨ ਲਈ ਫਿਲਮਕਾਰਾਂ ਨੂੰ ਵੱਧ ਮਸ਼ਕਤ ਕਰਨੀ ਹੁੰਦੀ ਸੀ। ਅੱਜ ਤੋਂ 30-35 ਸਾਲ ਪਹਿਲਾਂ ਜਦ ਸਿਨਮੇਟੋਗ੍ਰਾਫੀ ਐਕਟ 'ਚ ਬਦਲਾਅ ਦੀ ਲੋੜ ਸੀ ਜੋ ਅੱਜ ਤਾਂ ਉਹ ਵੱਧ ਮਹੱਤਵਪੂਰਨ ਹੋ ਗਿਆ ਹੈ।" ਮੁੰਬਈ ਦੇ ਹੀ ਸੈਂਸਰ ਬੋਰਡ ਦੇ ਇਕ ਹੋਰ ਅਧਿਕਾਰੀ ਨੇ ਆਪਣੇ ਸਹਿਯੋਗੀ ਦੀਆਂ ਗੱਲਾਂ ਦੀ ਹਮਾਇਤ ਕਰਦੇ ਹੋਏ ਕਿਹਾ, "ਲੋਕਾਂ ਨੂੰ ਸੱਚਮੁੱਚ ਇਹ ਪਤਾ ਹੀ ਨਹੀਂ ਹੈ ਕਿ "ਯੂ/ਏ" ਸਰਟੀਫਿਕੇਟ ਦਾ ਕੀ ਮਤਲਬ ਹੈ ਅਤੇ 'ਏ' ਫਿਲਮ ਕਿਸ ਨੂੰ ਕਹਿੰਦੇ ਹਨ? ਇਸੇ ਕਾਰਨ ਅਸੀਂ ਇਹ ਵੀ ਲਿਖਣਾ ਚਾਹੁੰਦੇ ਹਾਂ ਕਿ ਕਿਸੇ ਫ਼ਿਲਮ ਨੂੰ 'ਯੂ' ਸਰਟੀਫਿਕੇਟ, 'ਯੂ/ਏ' ਸਰਟੀਫਿਕੇਟ ਜਾਂ 'ਏ' ਸਰਟੀਫਿਕੇਟ ਕਿਉਂ ਦਿੱਤਾ ਜਾਂਦਾ ਹੈ? ਇਸ ਫ਼ਿਲਮ ਦਾ ਪ੍ਰਦਰਸ਼ਨ ਰੋਕਣ ਲਈ ਪਟੀਸ਼ਨ ਵੀ ਦਾਇਰ ਕਰ ਦਿੱਤੀ ਗਈ ਸੀ।" ਉਪਰੋਕਿਤ ਅਧਿਕਾਰੀਆਂ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਤੇ ਦੱਸਿਆ, "ਸੈਂਸਰ ਬੋਰਡ ਸ਼ੁਰੂ ਤੋਂ ਹੀ ਵਿਵਾਦ 'ਚ ਫਸਦਾ ਰਿਹਾ ਹੈ। ਇਸ ਕਾਰਨ ਅਸੀਂ ਸਭ ਤਰ੍ਹਾਂ ਦੇ ਝਮੇਲੇ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ।" ਸੈਂਸਰ ਬੋਰਡ ਦੇ ਅਧਿਕਾਰੀਆਂ ਦੀ ਸੋਚ ਗਲਤ ਨਹੀਂ ਹੈ ਕਿਉਂਕਿ ਅੱਜ ਤੋਂ 41 ਸਾਲ ਪਹਿਲਾਂ ਸੰਨ 1968 'ਚ ਫਿਲਮ ਸੈਂਸਰਸ਼ਿਪ 'ਤੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਲਈ ਚੀਫ ਜਸਟਿਸ ਜੀ. ਡੀ. ਖੋਸਲਾ ਵੱਲੋਂ ਤਿਆਰ ਕੀਤੀ ਗਈ ਰਿਪੋਟ ਵਿਚ ਨਿਮਨ ਲਿਖਤ ਬਿਆਨ ਦਰਜ ਹੈ - "ਜੇ ਕਿਸੇ ਕਹਾਣੀ ਵਿਚ ਚੁੰਬਨ ਅਤੇ ਨੰਗਾ ਸਰੀਰ ਦਿਖਾਉਣਾ ਤਰਕ ਸੰਗਤ, ਪ੍ਰਸੰਗਿਕ ਤੇ ਲਾਜ਼ਮੀ ਹੋਵੇ ਤਾਂ ਉਸ ਦ੍ਰਿਸ਼ ਨੂੰ ਕੱਟਣ ਦਾ ਸੁਆਲ ਨਹੀਂ ਉੱਠਣਾ ਚਾਹੀਦਾ।" ਨਿਆਂਮੂਰਤੀ ਖੋਸਲਾ ਦੀ ਇਸ ਸਿਫਾਰਸ਼ 'ਤੇ ਸੰਸਦ 'ਚ ਭੂਚਾਲ ਆ ਗਿਆ ਸੀ। ਅਕਾਸ਼ਬਾਣੀ ਨੇ ਤਦ ਤੱਕ ਇਕ ਸਰਵੇਖਣ ਕਰਵਾਇਆ, ਜਿਸ ਵਿਚ 75 ਫੀਸਦੀ ਲੋਕਾਂ ਨੇ ਇਸ ਰਾਇ ਨਾਲ ਅਸਹਿਮਤੀ ਦਰਸਾਈ। ਪ੍ਰਸਿੱਧ ਅਮਰੀਕੀ ਪੱਤ੍ਰਿਕਾ 'ਲਾਈਫ਼' ਨੇ ਇੰਡਆਜ਼ ਕਿਸਿੰਗ ਕ੍ਰਾਈਸਿਸ ਸਿਰਲੇਖ ਨਾਲ ਆਵਰਣ ਕਥਾ ਪ੍ਰਕਾਸ਼ਿਤ ਕੀਤੀ, ਜੋ ਭਾਰਤ ਨੂੰ ਮੁਸ਼ਕਿਲ ਨਾਲ ਕਦੀ ਵੀ ਮੁੱਖ ਪੰਨੇ 'ਤੇ ਥਾਂ ਦਿੰਦੀ ਸੀ। ਇਸ ਦੇ ਲਗਭਗ ਤਿੰਨ ਦਹਾਕੇ ਪਿੱਛੋਂ ਪ੍ਰਸਿੱਧ ਨਿਰਮਾਤਾ-ਨਿਰਦੇਸ਼ਕ ਅਤੇ ਕੇਂਦਰੀ ਫ਼ਿਲਮ ਪ੍ਰਮਾਣ ਬੋਰਡ (CBFC) ਦੇ ਮੁਖੀ ਵਿਜੈ ਅਨੰਦ ਦੇ ਸੁਝਾਅ 'ਤੇ ਵੀ ਕੁੱਲ ਮਿਲਾ ਕੇ ਵੈਸੇ ਹੀ ਪ੍ਰਤੀਕਿਰਿਆ ਹੋਈ। ਵਿਜੈ ਅਨੰਦ ਨੇ (CBFC) ਦੇ ਮੁੱਖ ਅਹੁਦੇ ਤੋਂ ਉਦੋਂ ਅਸਤੀਫ਼ਾ ਦੇ ਦਿੱਤਾ ਸੀ ਜਦ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਨੇ ਹਲਕੀਆਂ ਕਾਮੁਕ ਫ਼ਿਲਮਾਂ ਦੇ ਪ੍ਰਦਰਸ਼ਨ ਨੂੰ ਮਾਨਤਾ ਦੇਣ ਦੇ ਉਸ ਦੇ ਪ੍ਰਸਤਾਵ 'ਤੇ ਸਖ਼ਤ ਪ੍ਰਤੀਕਿਰਿਆ ਜ਼ਾਹਰ ਕੀਤੀ। ਜ਼ਾਹਿਰ ਹੈ ਅੱਜ ਵੀ ਸਾਡਾ ਸਭਿਆਚਾਰਕ ਸੰਵੇਦਨਾ ਕਿੰਨੀ ਛੂਈ ਮੂਈ ਹੈ। ਸੰਸਦ, ਵਿਚ ਉੱਠੇ ਪੰਜ ਪ੍ਰਸ਼ਨਾਂ ਨਾਲ ਪ੍ਰੇਸ਼ਾਨ ਹੋ ਕੇ ਸੂਚਨਾ-ਪ੍ਰਸਾਰਣ ਮੰਤਰਾਲੇ ਨੇ ਵਿਜੈ ਅਨੰਦ ਨੂੰ ਸਖਤ ਨੋਟ ਭੇਜਿਆ ਕਿ ਉਨ੍ਹਾਂ ਵੱਲੋਂ ਨਿਯੁਕਤ ਛੇ ਸੰਸਦੀ ਸੰਮਤੀ

ਨੂੰ ਭ੍ਰਿਸ਼ਟ ਸੁਝਾਅ ਦੀ ਸਮੀਖਿਆ ਕਰਨ ਦੀ ਜ਼ਰੂਰਤ ਨਹੀਂ ਹੈ। ਵਿਜੈ ਅਨੰਦ ਨੇ ਉਸ ਦੇ ਜੁਆਬ ਵਿਚ ਆਪਣਾ ਅਸਤੀਫਾ ਭੇਜ ਦਿੱਤਾ। ਇਸ ਪ੍ਰਸੰਗ ਵਿਚ ਵਿਜੈ ਅਨੰਦ ਨੇ ਕਿਹਾ ਸੀ, "ਉਨ੍ਹਾਂ ਸਾਡੇ ਬਾਕੀ ਕੰਮਾਂ ਦੀ ਅਣਦੇਖੀ ਕਰਕੇ ਇਕ ਸੁਝਾਅ ਨੂੰ ਕਾਫੀ ਅਹਿਮੀਅਤ ਦੇ ਦਿੱਤੀ ਅਤੇ ਸਾਨੂੰ ਅਵਾਰਾ ਕੁੱਤਿਆਂ ਵਾਂਗੂ ਮੰਨ ਲਿਆ।" ਵਿਜੈ ਅਨੰਦ ਦੀ ਗੱਲ (ਅਵਾਰਾ ਕੁੱਤਿਆਂ) ਗਲਤ ਨਹੀਂ ਸੀ। ਜੇ ਧਿਆਨ ਨਾਲ ਵੇਖਿਆ ਜਾਵੇ ਤਾਂ CBFC ਦੇ ਜੋ ਵੀ ਮੁਖੀ ਬਣੇ ਹਨ, ਉਨ੍ਹਾਂ ਨਾਲ ਮੰਤਰਾਲੇ ਨੇ 'ਕੁੱਤਿਆਂ' ਵਰਗਾ ਹੀ ਵਿਹਾਰ ਕੀਤਾ ਹੈ। ਜਦ ਵਿਜੈ ਅਨੰਦ ਤੋਂ ਪੁੱਛਿਆ ਗਿਆ ਸੀ ਕਿ ਉਹ CBFC 'ਚ ਕੀ ਬਦਲਾਅ ਲਿਆਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਕਿਹਾ ਸੀ ਕਿ "CBFC 'ਚ ਸਿਰਫ ਖੋਖਲੇ ਮੁਹਾਵਰੇ ਚਲਦੇ ਹਨ। 50 ਤੋਂ 80 ਸਾਲਾਂ ਦੀ ਉਮਰ ਦੇ ਲੋਕ ਇਹ ਫੈਸਲਾ ਕਰ ਰਹੇ ਹਨ ਕਿ ਜ਼ਿਆਦਾਤਰ ਦਰਸ਼ਕ, ਜੋ ਨੌਜਵਾਨ ਹੁੰਦੇ ਹਨ ਕੀ ਦੇਖਣਾ ਮੈਨੂੰ ਉਹ ਨਾਗਵਾਰ ਲੱਗਿਆ। ਸਾਡੇ ਇਥੇ ਏਨੀ ਅਸ਼ਲੀਲਤਾ, ਗੀਤ, ਨ੍ਰਿਤ, ਕੂਲੇ ਮਟਕਣਾ, ਹੋਰ ਭੱਦੇ ਦ੍ਰਿਸ਼ ਵਗੈਰ ਕਿਉਂ ਦਿਸਦੇ ਹਨ। ਕਿਉਂਕਿ ਅਸੀਂ ਸਾਧਾਰਣ ਚੁੰਬਣ ਦੀ ਵੀ ਇਜਾਜ਼ਤ ਨਹੀਂ ਦਿੰਦੇ।"

"ਤੁਹਾਡੀ ਗੱਲ ਤੋਂ ਤਾਂ ਪਤਾ ਲੱਗਦਾ ਹੈ ਕਿ ਤੁਸੀਂ ਕਾਮੁਕਤਾ ਨੂੰ ਜਾਇਜ਼ ਠਹਿਰਾਉਣਾ ਚਾਹੁੰਦੇ ਹੋ। ਪਰ ਵਿਜੇ ਅਨੰਦ ਕਹਿੰਦੇ ਹਨ ਕਿ ਮੇਰਾ ਤਾਂ ਇਕ ਸੁਝਾਅ ਹੈ ਕਿ ਨੌਜਵਾਨ ਲਈ ਵਿਸ਼ੇਸ਼ ਸਿਨੇਮਾ ਘਰ ਬਣਾਏ ਜਾਣ। ਕੇਰਲਾ ਹਰ ਸਾਲ 200 ਫ਼ਿਲਮਾਂ ਅਜਿਹੀਆਂ ਬਣਾਉਂਦਾ ਹੈ। ਜਿਨ੍ਹਾਂ 'ਚ ਕਾਮੁਕ ਫਿਲਮਾਂ ਦੀ ਗਿਣਤੀ ਅੱਛੀ-ਖਾਸੀ ਹੁੰਦੀ ਹੈ। ਜਿਸ ਨੂੰ ਬਿਨਾ ਪ੍ਰਮਾਣ ਪੱਤਰ ਦੇ ਵਿਖਾਇਆ ਜਾਂਦਾ ਹੈ। ਏਨੇ ਵੱਡੇ ਦੇਸ਼ 'ਚ ਸਿਨੇਮਾ ਘਰਾਂ 'ਤੇ ਨਜ਼ਰ ਕੌਣ ਰੱਖੇ?"

ਅੱਤਵਾਦੀ ਔਰਤ ਦੀ ਇੱਜ਼ਤ ਨਾਲ ਖੇਡਦੇ ਹਨ ਪਰ CBFC ਦੀ ਤਾਨਾਸ਼ਾਹੀ ਕਾਰਨ ਮਣੀ ਸ਼ੰਕਰ ਨੂੰ ਮਾੜੇ ਦ੍ਰਿਸ਼ ਤੇ ਸੰਵਾਦ ਆਪਣੀ ਫ਼ਿਲਮ 'ਚ ਹਟਾਉਣੇ ਪਏ। ਜਦ ਵਿਜੈ ਅਨੰਦ ਤਰਕ ਦੇ ਰਹੇ ਸਨ ਤਾਂ CBFC ਤੇ ਸਰਕਾਰ ਨੂੰ ਸਮਝਦਾਰੀ ਵਿਖਾਉਣੀ ਚਾਹੀਦੀ ਹੈ। ਉਦੋਂ ਸੂਚਨਾ ਤੇ ਪ੍ਰਸਾਰਣ ਮੰਤਰੀ ਸੁਸ਼ਮਾ ਸਵਰਾਜ ਕਹਿ ਰਹੀ ਸੀ, "ਸਿਨੇਮੇਟੋਗ੍ਰਾਫ ਕਨੂੰਨ 1952 'ਚ ਕਿਸੇ ਤਰ੍ਹਾਂ ਦੀ ਸੋਧ ਜੋ ਭਾਰਤੀ ਦੰਡ ਸੰਚਿਤਾ ਦੇ ਅਨੁਛੇਦ-292 ਤਹਿਤ ਅਪਰਾਧ ਹੈ ਪਰ ਵਿਚਾਰ ਨਹੀਂ ਕੀਤਾ ਜਾ ਸਕਦਾ ਹੈ।"

ਕਨੂੰਨ ਦੇ ਸ਼ਬਦੀ ਅਰਥਾਂ ਦੀ ਰੁਝਾਣ ਦੇਸ਼ ਦੇ ਬਹੁਤੇ ਫ਼ਿਲਮਕਾਰ ਖਾਮੋਸ਼ ਤਾਂ ਹੋ ਜਾਂਦੇ ਹਨ ਪਰ ਇਸ ਕਨੂੰਨ ਦੇ ਚੱਕਰਵਿਊ ਤੋਂ ਬਾਹਰ ਵੀ ਕਈ ਅਪਰਾਧ ਹੋ ਰਹੇ ਹਨ ਉਨ੍ਹਾਂ ਨੂੰ CBFC ਦਾ ਕੋਈ ਵੀ ਅਧਿਕਾਰੀ ਫੜਨ 'ਚ ਅਸਮਰਥ ਹਨ ਅਜਿਹਾ ਕਿਉਂ?

ਜ਼ਾਹਿਰ ਹੈ ਉਹ ਫਿਲਮਕਾਰਾਂ 'ਤੇ ਵਿਸ਼ਵਾਸ ਨਹੀ ਕਰਦੇ। ਸੋ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਸਿਨੇਮੇਟੋਗ੍ਰਾਫ ਕਨੂੰਨ ਰਾਹੀਂ ਫਿਲਮ ਉਦਯੋਗ 'ਤੇ ਕੰਟਰੋਲ ਕਰਦਾ ਹੈ। ਸੋ, ਇਹ ਕਨੂੰਨ ਸੰਨ 1952 'ਚ ਬਣਾਇਆ ਗਿਆ ਸੀ ਅਤੇ ਸੰਨ 1983 'ਚ ਸਿਨੇਮੇਟੋਗ੍ਰਾਫੀ (ਪ੍ਰਮਾਣਨ) ਨਿਯਮ ਜਾਰੀ ਕੀਤੇ ਗਏ। ਇਸ ਵਿਚ ਕੁਝ ਦਿਲਚਸਪ ਖਾਮੀਆਂ ਹਨ। ਫਿਲਮ 'ਫਾਈਟ ਕਲੱਬ' ਤੇ (1999) ਨੂੰ ਵੱਧ ਹਿੰਸਾ ਕਾਰਨ ਪਾਬੰਦੀ ਲਾ ਦਿੱਤੀ ਗਈ ਪਰ ਦਰਸ਼ਕ ਉਸ ਨੂੰ ਸਟਾਰ ਮੂਵੀਜ਼ 'ਤੇ ਵਾਰ ਵਾਰ ਵੇਖ ਸਕਦੇ

ਹਨ। ਇਸ ਤਰ੍ਹਾਂ ਬਰਨਾਡੋ ਬਰਟੋਲੁਚੀ ਦੀ ਕਾਮੁਕ ਦਿਸ਼ਾ ਵਾਲੀ ਫ਼ਿਲਮ 'ਲਾਸਟ ਟੈਂਗੋਇਨ ਪੈਰਿਸ' (1972) ਨੂੰ ਭਾਰਤ ਦੇ ਥਿਏਟਰਾਂ 'ਚ ਵਿਖਾਉਣ ਦੀ ਛੋਟ ਨਹੀਂ ਦਿੱਤੀ ਗਈ ਪਰ ਸੰਨ 2000 'ਚ ਜੀ MGM ਨੇ ਪ੍ਰਾਈਮ ਟਾਈਮ 'ਤੇ ਉਸ ਨੂੰ ਕਈ ਵਾਰੀ ਪ੍ਰਸਾਰਿਤ ਕੀਤਾ। ਫ਼ਿਲਮ 'ਇਸਕੋਰਪੀ ਆਨ ਕਿੰਗ' 'ਸਵਾਰਡ ਫੀਸ' ਤੇ "ਕੈਟ ਵੂਮੈਨ' ਨੂੰ ਨੰਗੇ ਦ੍ਰਿਸ਼ ਤੇ ਸੰਭੋਗ ਦ੍ਰਿਸ਼ ਕਾਰਨ ਪਹਿਲਾਂ ਤਾਂ ਉਸ 'ਤੇ ਭਾਰਤ 'ਚ ਪਾਬੰਦੀ ਲੱਗੀ ਫਿਰ ਇਸ ਦੇ ਕਈ ਦ੍ਰਿਸ਼ ਕੱਟ ਕੇ ਪ੍ਰਦਰਸ਼ਿਤ ਕੀਤਾ ਗਿਆ। ਪਰ ਇਨ੍ਹਾਂ ਫ਼ਿਲਮਾਂ ਨੂੰ ਪੂਰੀ ਤਰ੍ਹਾਂ ਆਪ ਡੀ. ਵੀ. ਡੀ. ਜਾਂ ਵੀ. ਸੀ. ਡੀ. 'ਤੇ ਜਦੋਂ ਚਾਹੋ ਵੇਖ ਸਕਦੇ ਹੋ। ਵਿਦੇਸ਼ੀ ਫ਼ਿਲਮਾਂ ਦੀ ਗੱਲ ਛੱਡੋ ਭਾਰਤ ਦੀ ਹਿੰਦੀ ਫ਼ਿਲਮ 'ਅਸ਼ੋਕਾ' ਨੂੰ CBFC ਨੇ "ਯੂ" ਪ੍ਰਮਾਣ ਪੱਤਰ ਨਹੀਂ ਦਿੱਤਾ ਅਤੇ ਇਸ ਦੇ ਦੋ ਘੰਟੇ ਦੀ ਲੰਬਾਈ ਵੀ ਕੱਟ ਦਿੱਤੀ। ਪਰ ਸਟਾਰ ਪਲੱਸ ਨੇ ਪੰਜ ਘੰਟੇ ਦੀ ਮੂਲ ਫਿਲਮ ਕਾਮੁਕ ਦ੍ਰਿਸ਼ਾਂ ਦੇ ਨਾਲ ਬੱਚਿਆਂ ਦੇ ਸੌਣ ਤੋਂ ਕਾਫੀ ਪਹਿਲਾਂ ਵਿਖਾ ਦਿੱਤੀ। ਹੁਣ ਤੁਸੀਂ ਖੁਦ ਸੋਚੋ – ਭਾਰਤੀ ਫਿਲਮਾਂ 'ਚ ਭੱਦੇ ਦ੍ਰਿਸ਼ਾਂ ਦੀ ਲੋੜ ਕਿੰਨੀ ਕੁ ਹੈ? ਸਭਿਆਚਾਰ ਤੇ ਹਮਲਾ ਪੱਛਮੀ ਤਾਕਤ ਵੱਲੋਂ ਜਾਰੀ ਹੈ। ਇਸ ਤੋਂ ਬਚਣ ਲਈ ਢਾਲ ਕੌਣ ਬਣਦਾ ਹੈ?

# ਕੀ ਬਣੂ ਦਿਲੀ ਮੈਟਰੋ ਦੀ ਉਸਾਰੀ ਦਾ?

12 ਜੁਲਾਈ ਜਗ੍ਹਾ ਜਮਰੂਦਪੁਰ, ਦੱਖਣੀ ਦਿੱਲੀ ਸੁਭਾਹ 5 ਵਜੇ ਜ਼ਬਰਦਸਤ ਧਮਾਕੇ ਅਤੇ ਝਰਨਾਹਟ ਦੇ ਨਾਲ ਮੈਟਰੋ ਦੀ ਉਸਾਰੀ ਅਧੀਨ ਪੁਲ ਡਿੱਗ ਪਿਆ। ਸਥਾਨਕ ਲੋਕਾਂ ਅਨੁਸਾਰ ਉਨ੍ਹਾਂ ਨੂੰ ਅਜਿਹਾ ਲੱਗਿਆ ਜਿਵੇਂ ਭੂਚਾਲ ਆ ਗਿਆ ਹੋਵੇ ਜਾਂ ਕੋਈ ਜ਼ੋਰਦਾਰ ਬੰਬ ਵਿਸਫੋਟ ਹੋਇਆ ਹੋਵੇ। ਇਸ ਪੁਲ ਦੇ ਨਿਰਮਾਣ ਦਾ ਕੰਮ ਗਗਨ ਇੰਡੀਆ ਲਿਮਟਿਡ ਕਰ ਰਹੀ ਸੀ। ਪੁਲ ਦੇ ਡਿੱਗਣ ਨਾਲ ਦਿੱਲੀ ਜਲ ਬੋਰਡ ਦੀ ਅੰਡਰ ਗਰਾਊਂਡ ਪਾਈਪ ਫਟ ਗਈ ਤੇ ਆਸ ਪਾਸ ਦੇ ਇਲਾਕੇ ਵਿਚ ਗੋਡਿਆਂ ਤੱਕ ਪਾਣੀ ਭਰ ਗਿਆ। ਮਜ਼ਦੂਰਾਂ ਤੇ ਸਥਾਨਕ ਨਿਵਾਸੀਆਂ ਅਨੁਸਾਰ 10-12 ਲੋਕਾਂ ਦੇ ਮਰਨ ਅਤੇ ਲਗਭਗ 15 ਲੋਕਾਂ ਦੇ ਜ਼ਖਮੀ ਹੋਣ ਦੀ ਸੰਭਾਵਨਾ ਹੈ। ਜਦ ਕਿ ਵੱਖ ਵੱਖ ਅਖ਼ਬਾਰਾਂ 'ਚ 6 ਲੋਕਾਂ ਦੇ ਹੀ ਮਾਰੇ ਜਾਣ ਦੀ ਖ਼ਬਰ ਛਪੀ ਹੈ। ਅਗਲੇ ਦਿਨ 13 ਜੁਲਾਈ ਮਲਵਾ ਹਟਾਉਣ ਦਾ ਕੰਮ ਚਲ ਰਿਹਾ ਸੀ ਜਿਸ ਲਈ 400 ਟਨ ਵਾਲੀ ਕ੍ਰੇਨ ਲਾਈ ਗਈ ਸੀ ਕਿ ਅਚਾਨਕ ਲਗਭਗ ਦਿਨ 11.30 ਵਜੇ ਮਲਵਾ ਹਟਾਉਣ ਲਈ ਲਾਈ 400 ਟਨ ਵਾਲੀ ਕ੍ਰੇਨ ਟੁੱਟ ਗਈ ਜਿਸ ਨਾਲ 5 ਲੋਕਾਂ ਦੇ ਜ਼ਖਮੀ ਹੋਣ ਦੀ ਪੁਸ਼ਟੀ ਕੀਤੀ ਗਈ ਟੁੱਟੀਆਂ ਤੇ ਉਲਟੀਆਂ ਕ੍ਰੇਨਾਂ ਸੜਕ ਤੇ ਬਣੀਆਂ ਦੁਕਾਨਾਂ ਉੱਪਰ ਡਿੱਗੀਆਂ ਜਿਸ ਨਾਲ 6 ਦੁਕਾਨਾਂ ਤਹਿਸ ਨਹਿਸ ਹੋ ਗਈਆਂ। ਮਾਲਵੇ ਤੇ ਲਾਂਚਰ ਨੂੰ ਹਟਾਉਣ ਲਈ ਛੇ 400 ਟਨ ਵਾਲੀਆਂ ਕ੍ਰੇਨਾਂ ਅਤੇ ਦੋ 250 ਟਨ ਵਾਲੀਆਂ ਕ੍ਰੇਨਾਂ ਲਾਈਆਂ ਗਈਆਂ ਪਰ ਕਲ ਦੀ ਘਟਨਾ ਦੇ ਬਾਵਜੂਦ ਮੌਕੇ 'ਤੇ ਇਕ ਵੀ ਐਬੂਲੈਂਸ ਮੌਜੂਦ ਨਹੀਂ ਸੀ। ਜਖ਼ਮੀਆਂ ਨੂੰ ਏਮਜ਼ ਦੇ ਟ੍ਰਾਮਾ ਸੈਂਟਰ, ਮੂਲਚੰਦ ਹਸਪਤਾਲ ਤੇ ਸਫਦਰ-ਜੰਗ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਘਟਨਾ ਪਿੱਛੋਂ ਡੀ. ਐਮ. ਆਰ. ਸੀ. ਦੇ ਐਮ. ਡੀ. ਈ. ਸ੍ਰੀਧਰ ਨੇ ਅਸਤੀਫ਼ਾ ਦਿੱਤਾ ਪਰ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੇ ਇਸ ਦਾ ਅਸਤੀਫ਼ਾ ਨਾਮੰਜ਼ੂਰ ਕਰ ਦਿੱਤਾ। ਸ਼ੀਲਾ ਦੀਕਸ਼ਤ ਨੇ ਮਰਨ ਵਾਲਿਆਂ ਨੂੰ ਪੰਜ ਲੱਖ ਰੁਪਏ ਗੰਭੀਰ ਰੂਪ 'ਚ ਜ਼ਖਮੀਆਂ ਨੂੰ 2 ਲੱਖ ਅਤੇ ਆਮ ਰੂਪ 'ਚ ਜ਼ਖਮੀ ਹੋਣ ਵਾਲਿਆਂ ਨੂੰ 50 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ ਅਤੇ ਇਕ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਹੈ ਜੋ ਦਸ ਦਿਨਾਂ 'ਚ ਆਪਣੀ ਜਾਂਚ ਰਿਪੋਟ ਸੌਂਪੇਗੀ। ਕੰਟਰੇਕਟਰ ਖਿਲਾਫ਼ ਇਕ ਰਿਪੋਟ (ਲਾਹਪ੍ਰਵਾਹੀ ਕਾਰਨ ਮੌਤ) ਦਰਜ ਕਰ ਲਈ ਗਈ ਹੈ। ਪਿਛਲੇ 8 ਮਹੀਨਿਆਂ 'ਚ ਇਹ ਦੂਜੀ ਘਟਨਾ ਹੈ। ਕੁਝ ਮੈਟਰੋ ਮਜ਼ਦੂਰਾਂ (ਹਰਸ਼ਿਤ ਆਤਮਾ ਰਾਮ ਤੇ ਸੁਨੀਲ) ਨੇ ਕਿਹਾ ਕਿ 'ਪੀਲਰ ਨੰ' 67 ਲਾਂਚਿੰਗ ਦਾ ਫਾਈਨਲ ਕੰਮ ਚੱਲ ਰਿਹਾ ਸੀ ਉਸ ਵਿਚ 10-12 ਦਿਨਾਂ ਤੋਂ ਆ ਚੁੱਕਿਆ ਸੀ ਪਰ ਡੀ. ਐਮ. ਆਰ. ਸੀ. ਵਾਲਿਆਂ ਨੇ ਧਿਆਨ ਨਹੀਂ ਦਿੱਤਾ। ਹਰਸ਼ਿਤ ਨੇ ਕਿਹਾ ਕਿ "ਡਬਲ ਸ਼ਿਫਟ 'ਚ ਕੰਮ ਹੁੰਦਾ ਹੈ ਉੱਪਰੋਂ ਆਡਰ ਸੀ ਕੰਮ ਜਲਦੀ ਕਰਨ ਨਾਲ ਗਲਤੀਆਂ ਹੁੰਦੀਆਂ ਹਨ।" ਇਕ ਸਥਾਨਕ ਨਿਵਾਸੀ ਰਵੀ ਨੇ ਦੱਸਿਆ ਕਿ "ਪੁਲ ਆਪਣੀ ਥਾਂ ਤੋਂ ਕੁਝ ਹਿਲਿਆ ਹੋਇਆ ਸੀ। ਪਿਛਲੇ ਤਿੰਨ ਮਹੀਨਿਆਂ ਤੋਂ ਪੁਲ ਨੂੰ ਰਿਪੇਅਰ ਕੀਤਾ ਜਾ ਰਿਹਾ ਸੀ, ਜਿਸ ਨਾਲ ਪਿਲਰ 'ਚ ਕ੍ਰੈਕ ਆ ਗਿਆ ਸੀ।" ਦਬੀ ਆਵਾਜ਼ 'ਚ ਡੀ. ਐਮ. ਆਰ.

ਸੀ ਦੇ ਮਜ਼ਦੂਰਾਂ ਨੇ ਕੰਮ ਨੂੰ ਜਲਦੀ ਕਰਨ ਦਾ ਦਬਾਅ ਵਧਦਾ ਜਾ ਰਿਹਾ ਹੈ, ਜਿਸ ਦੀ ਵਜ੍ਹਾ ਨਾਲ ਬਹੁਤ ਹੀ ਘੱਟ ਸਮੇਂ 'ਚ ਇਹ ਦੂਜੀ ਵੱਡੀ ਘਟਨਾ ਹੈ। ਇਲਾਕੇ ਦੇ ਲੋਕਾਂ 'ਚ ਭੈਅ ਵਿਆਪਕ ਹੈ ਕਿ ਕਿਧਰੇ ਘਟਨਾ ਫਿਰ ਅਪਰਾਧਿਕ ਲਾਪਰਵਾਹੀ ਹੈ ਬਲਕਿ ਮ੍ਰਿਤਕ ਮਜ਼ਦੂਰਾਂ ਦੀ ਗਿਣਤੀ ਘੱਟ ਦਿਖਾ ਕੇ ਮੁਆਵਜ਼ੇ ਦੀ ਰਕਮ ਬਣਾਉਣ ਦੀ ਘ੍ਰਿਣਤ ਸਾਜ਼ਿਸ਼ ਵੀ ਕਰੀ ਜਾ ਰਹੀ ਹੈ। ਇਕ ਮੰਤਰੀ ਨੇ ਤਾਂ ਬੇਸ਼ਰਮ ਸਫਾਈ ਦਿੰਦੇ ਹੋਏ ਇਹ ਬਿਆਨ ਵੀ ਦਿੱਤਾ ਕਿ "ਪੂਰੀ ਦੁਨੀਆਂ 'ਚ ਦਿੱਲੀ ਮੈਟਰੋ ਦੇ ਹਾਦਸਿਆਂ ਦੀ ਦਰ ਘੱਟੋ ਘੱਟ ਹੈ।" (ਭਾਵ ਇਸ ਲਈ ਮਜ਼ਦੂਰਾਂ ਨੂੰ ਅੱਗੇ ਵੀ ਮਰਨ ਲਈ ਲੋਕਾਂ ਨੂੰ ਇਸ ਘਟਨਾ ਨੂੰ ਸੁਭਾਵਿਕ ਮੰਨ ਕੇ ਤਿਆਰ ਰਹਿਣਾ ਚਾਹੀਦਾ ਹੈ।) ਜੇ ਕਾਮਨ ਵੈਲਥ ਖੇਡਾਂ ਨੇੜੇ ਹਨ ਤਾਂ ਕੰਮ ਕਾਫੀ ਬਾਕੀ ਹੈ ਤਾਂ ਵੱਧ ਮਸ਼ੀਨਾਂ ਵੱਧ ਮਜ਼ਦੂਰ ਮਕੈਨਿਕ ਇੰਜਨੀਅਰ ਆਦਿ ਲਾ ਕੇ ਉਸ ਨੂੰ ਨਬੇੜਿਆ ਜਾ ਸਕਦੈ ਪਰ ਵੱਧ ਮੁਨਾਫ਼ਾ ਕਮਾਉਣ ਲਈ ਤਾਂ ਉਨ੍ਹਾਂ ਹੀ ਮਜ਼ਦੂਰਾਂ ਤੇ ਸਾਧਨਾਂ ਤੋਂ ਵੱਧ ਕੰਮ ਕਰਵਾ ਕੇ ਵੱਧ ਭਾਰ ਵਧਾ ਕੇ ਠੇਕੇਦਾਰ ਤੇ ਡੀ. ਐੱਮ. ਆਰ. ਸੀ. ਜਲਦੀ ਮਚਾ ਰਹੇ ਹਨ। ਇਸੇ ਕਾਰਨ ਦੁਰਘਟਨਾ ਹੋਈ ਹੈ।

# ਵਧਦੀ ਬਦਹਾਲੀ 62 ਸਾਲਾਂ ਤੋਂ ਕਿਸਾਨਾਂ ਦੀ ਕਮਾਈ ਦਿਹਾੜੀ ਮਜਦੂਰਾਂ ਤੋਂ ਵੀ ਘੱਟ ਕਿਉਂ?

ਚਾਲੀ ਸਾਲ ਪਹਿਲਾਂ ਜਦ 17 ਲੱਖ ਟਨ ਕਣਕ ਦਾ ਰਿਕਾਰਡ ਪੈਦਾਵਾਰ ਹੋਈ ਸੀ ਤਾਂ ਸ੍ਰੀਮਤੀ ਗਾਂਧੀ ਨੇ ਮੁਸਕਰਾਉਂਦੇ ਹੋਇਆ ਇਕ ਡਾਕ ਟਿਕਟ ਜਾਰੀ ਕੀਤੀ ਸੀ, ਇਹ ਹਰੇ ਇਨਕਲਾਬ ਦਾ ਨੀਂਹ ਪੱਥਰ ਸੀ ਅਸੀਂ ਅਨਾਜ ਸਬੰਧੀ ਖੁਸ਼ਹਾਲੀ ਦੇ ਯੁੱਗ ਦੀ ਸ਼ੁਰੂਆਤ ਕੀਤੀ ਅਤੇ ਇਸ ਤਰ੍ਹਾਂ ਸਹੀ ਅਰਥਾਂ ਵਿੱਚ ਕੌਮੀ ਪ੍ਰਭੂਸੱਤਾ ਦੀ ਰਾਹ ਵਿਖਾਈ। ਹਰ ਇਨਕਲਾਬ ਹੁਣ ਇਤਿਹਾਸ ਬਣ ਚੁੱਕਿਆ ਹੈ। ਮਜ਼ਬੂਤ ਰਾਜਸੀ ਇਕ ਸ਼ਕਤੀ ਸਰਗਰਮ ਵਿਗਿਆਨਕ ਫਿਰਕੇ ਕਿੰਨੀਆਂ ਸਾਰੀਆਂ ਸੁਰੱਖਿਆਤਮਕ ਯੋਜਨਾਵਾਂ ਅਤੇ ਇਹਨਾਂ ਸਾਰਿਆਂ ਦੇ ਨਾਲ ਬਹਾਦਰ ਕਿਸਾਨ ਵਰਗੇ ਕਈ ਕਾਰਕ ਸਨ ਜਿਸ ਨਾਲ ਦੇਸ਼ ਭੁਖਮਰੀ ਦੀ ਸਥਿਤੀ ਤੋਂ ਬਾਹਰ ਕੱਢਿਆ ਸੀ। ਸਨ 2005 ’ਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਅਮਰੀਕੀ ਉਸ ਵੇਲੇ ਦੇ ਰਾਸ਼ਟਰਪਤੀ ਜਾਰਜ ਬੁਸ਼ ਨੇ ਜਦ ਇਕ ਖੇਤੀ ਤਕਨੀਕ ਸੰਧੀ ’ਤੇ ਦਸਖਤ ਕੀਤੇਤਾਂ ਅਮਰੀਕੀ ਕਾਂਗਰਸ ਦੇ ਸੰਯੁਕਤ ਸੈਸ਼ਨ ਨੂੰ ਸੰਬੋਧਨ ਕਰਦਿਆਂ ਮਨਮੋਹਨ ਸਿੰਘ ਨੇ ਕਿਹਾ ‘ਹਰੇ ਇਨਕਲਾਬ ਨੇ ਲੱਖਾਂ ਨੂੰ ਗਰੀਬੀ ਤੋਂ ਬਾਹਰ ਕੱਢਿਆ। ਮੈਂ ਇਹ ਕਹਿੰਦੇ ਹੋਏ ਕਾਫੀ ਖੁਸ਼ ਹਾਂ ਕਿ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਅਤੇ ਮੈਂ ਖੇਤੀ ਸਬੰਧੀ ਭਾਰਤੀ-ਅਮਰੀਕੀ ਸਹਿਯੋਗ ਦੀ ਦੂਜੀ ਪੀੜੀ ਦੀ ਸ਼ੁਰੂਆਤ ਦਾ ਫੈਸਲਾ ਕੀਤਾ ਹੈ। ‘ਇਸ ਤਰ੍ਹਾਂ ਖੇਤੀ ਦੀ ਮੌਜੂਦਾ ਸੋਚਣਯੋਗ ਸਥਿਤੀ ਨੂੰ ਸਮਝੇ ਬਿਨਾਂ ਭਾਰਤ-ਅਮਰੀਕਾ ਵਿਚਕਾਰ ਖੇਤੀ ਸਿੱਖਿਆ ਤੇ ਖੋਜ ਦੇ ਖੇਤਰ ਵਿੱਚ ਗਿਆਨ ਦੇ ਲੈਣ ਦੇਣ ਪ੍ਰੋਗਰਾਮ ਦੀ ਸ਼ੁਰੂਆਤ ਕਰ ਦਿੱਤੀ ਗਈ। ਅਤੇ 3 ਮਾਰਚ 2006 ਨੂੰ ਜਾਰਜ ਬੁਸ਼ ਨੇ ਹੈਦਰਾਬਾਦ ’ਚ 450 ਕਰੋੜ ਰੁਪਏ ਦੀ ਇਸ ਯੋਜਨਾ ਦਾ ਸੁਭ ਆਰੰਭ ਕੀਤਾ। ਸਚਾਈ ਇਹ ਸੀ ਕਿ ਇਹ ਸੰਧੀ ਭਾਰਤੀ ਖੇਤੀ ਨੂੰ ਸਿੱਧੇ ਅਮਰੀਕੀ ਵਪਾਰਿਕ ਘਰਾਣਿਆ ਦੇ ਅਧੀਨ ਕਰਨ ਵਾਲੀ ਸੀ। ਇਸ ਤਰ੍ਹਾਂ ਕੁਝ ਸਾਲ ਪਹਿਲਾਂ ਭਾਰਤ ’ਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਐਗਰੀਕਲਚਰ ਪ੍ਰੋਡਿਊਸ ਮਾਰਕਿਟਿੰਗ ਕਮੇਟੀ ਕਨੂੰਨ ਵਿੱਚ ਸੁਧਾਰ ਦੀ ਵਕਾਲਤ ਕਰਦੇ ਹੋਇਆਂ ਖੇਤੀ ਲਈ ਇਕ ਖਾਕਾ ਸਾਹਮਣੇ ਰੱਖਿਆ। ਉਦੇਸ਼ ਸੀ ਖੁੱਲ੍ਹੀ ਤੇ ਅਨਬੰਧਿਤ ਮਾਰਕਿਟਿੰਗ, ਜਥੇਬੰਦ ਪ੍ਰਚੂਨ ਬਾਜ਼ਾਰ, ਅਨਾਜ ਨਾਲ ਸਬੰਧਤ ਉਦਯੋਗਾਂ ਲਈ ਕੱਚੇ ਮਾਲ ਦੀ ਲਗਾਤਾਰ ਸਪਲਾਈ ਖੁੱਲ੍ਹਾ ਵਪਾਰ ਤੇ ਨਵੀਂ ਮੰਡੀ ਪ੍ਰਣਾਲੀ ਨੂੰ ਮਾਣਤਾ। ਐਸਾ ਘਰੇਲੂ ਅਨਾਜ ਉਦਯੋਗ ਦੀ ਮੰਗਾਂ ਨੂੰ ਧਿਆਨ ’ਚ ਰੱਖ ਕੇ ਕੀਤਾ ਗਿਆ। ਉਸੇ ਦਿਨ ਪ੍ਰਧਾਨ ਮੰਤਰੀ ਨੇ ਦੇਸ਼ ਦੇ 35 ਉਦਯੋਗਾਂ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਅਤੇ ਹਿੱਸੇਦਾਰਾਂ ਨਾਲ ਗੰਭੀਰ ਚਰਚਾ ਕੀਤੀ ਅਤੇ ਇਹ ਫੈਸਲ਼ਾ ਕੀਤਾ ਕਿ ਅਗਲੇ ਦਸ ਸਾਲਾਂ ਵਿਚ ਖੇਤੀ ਅਧਾਰਤ ਸਨਅਤਾਂ ਨੂੰ ਹੱਲਾਸ਼ੇਰੀ ਦੇਣ ਲਈ ਇਕ ਲੱਖ ਪੰਜਾਹ ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਵੇ ਤਾਂ ਕਿ ਅਨਾਜ ਸਬੰਧੀ ਸਲਾਨਾ ਦਸ ਫੀਸਦੀ ਦੀ ਦਰ ਨੂੰ ਹਾਸਲ ਕੀਤਾ ਜਾ ਸਕੇ। ਹੈਰਾਨੀ ਦੀ ਗੱਲ ਸੀ ਕਿ ਇਸ ਪੂਰੀ ਗੱਲਬਾਤ ’ਚ ਆਰਥਕ ਸੁਧਾਰ ਦੇ ਸਭ ਤੋਂ ਮਹੱਤਵਪੂਰਨ ਪਹਿਲੂ ਯਾਨੀ ਭਾਰਤੀ

ਕਿਸਾਨਾ 'ਤੇ ਕੋਈ ਚਰਚਾ ਨਹੀਂ ਹੋਈ। ਕਹਿਣ ਦੀ ਲੋੜ ਨਹੀਂ ਕਿ ਇਕ ਵਾਰੀ ਫਿਰ ਸਰਕਾਰ ਨੇ ਭਾਰਤ ਦੇ ਛੇ ਕਰੋੜ ਕਿਸਾਨਾਂ ਦੀ ਅਣਦੇਖੀ ਕਰ ਦਿੱਤੀ ਖਾਸ ਕਰਕੇ ਉਸ ਸਰਕਾਰ ਨੇ, ਜੋ 2004 ਵਿੱਚ ਇਸ ਪੇਂਡੂ ਜਨਤਾ ਦੇ ਵੋਟ ਕਾਰਨ ਹੀ ਸੱਤਾ ਵਿੱਚ ਆਈ ਸੀ। ਅੱਜ ਆਰਥਿਕ ਉਦਾਰਵਾਦ ਦੀ ਵੇਦੀ ਤੇ ਖੇਤੀ ਦੀ ਬਲੀ ਚੜ੍ਹਾਈ ਜਾ ਚੁੱਕੀ ਹੈ ਹੈ ਯਾਨੀ ਹੁਣ ਬਾਜ਼ਾਰ ਖੇਤੀ ਦਾ ਨਵਾਂ ਮੰਤਰ ਹੈ। ਜਦੋਂ ਤੋਂ ਆਰਥਕ ਉਦਾਰਵਾਦ ਦੀ ਸ਼ੁਰੂਆਤ ਹੋਈ, ਉਦਯੋਗੀਕਰਨ ਦੇ ਵਿਸਥਾਰ ਲਈ ਢੇਰ ਸਾਰੇ ਨਵੇਂ ਨਿਯਮਾਂ ਦਾ ਐਲਾਨ ਕੀਤਾ ਗਿਆ। ਜਲ, ਜੈਵ-ਵਿਵਧਤਾ, ਜੰਗਲ, ਬੀਜ ਖੇਤੀ ਬਾਜਾਰ ਤੇ ਖਣਿਜ ਵਰਗੀਆਂ ਸਾਂਝੇ ਭਾਈਚਾਰਕ ਸਾਧਨਾਂ 'ਤੇ ਨਿੱਜੀ ਕੰਟਰੋਲ ਲਈ ਨੀਤੀਗਤ ਢਾਂਚਾ ਬਣਾਇਆ ਗਿਆ। ਇਸ ਪਿਛੋਂ ਆਉਣ ਵਾਲੀਆਂ ਸਾਰੀਆਂ ਸਰਕਾਰਾਂ ਨੇ ਉਸ ਦੀ ਨੀਂਹ ਪੱਥਰ ਰੱਖਿਆ, ਜਿਸ ਨੂੰ ਕਿਸਾਨਾਂ ਲਈ ਅਗਿਜਟ ਪਾਲ ਸੀ ਕਿਹਾ ਗਿਆ ਸੀ।' ਅਜਿਹੇ ਸਮੇਂ ਵਿੱਚ ਜਦ ਚਾਲੀ ਫੀਸਦੀ ਕਿਸਾਨ ਖੇਤੀ ਛੱਡਣਾ ਚਾਹੁੰਦੇ ਹੋਣ, ਹਜ਼ਾਰਾਂ ਕਿਸਾਨਾਂ ਜਿਲਤ ਝੱਲਣ ਦੀ ਬਜਾਏ ਜਾਣ ਦੇਣ। ਬੇਹਤਰ ਸਮਝਦੇ ਹੋਣ ਅਤੇ ਪੰਜਾਬ, ਹਰਿਆਣਾ, ਪੱਛਮੀ ਉਤਰ ਪ੍ਰਦੇਸ਼ ਸਮੇਤ ਆਂਧਰ-ਤਾਮਿਲਨਾਡੂ ਦੇ ਕਈ ਇਲਾਕੇ ਹਰੇ ਇਨਕਲਾਬ ਦਾ ਵਾਤਾਵਰਣੀ ਕਹਿਰ ਝੱਲ ਰਹੇ ਹੋਣ, ਠੇਕਾ ਖੇਤੀ ਯਾਨੀ ਠੇਕੇ ਤੇ ਖੇਤੀ ਅਤੇ ਵਪਾਰਕ ਘਰਾਣਿਆਂ ਦੀ ਖੇਤੀ ਨੂੰ ਤਰਜੀਹ ਦੇਣ ਨਾਲ ਸਮੱਸਿਆ ਹੋਰ ਗੰਭੀਰ ਹੋਵੇਗੀ। ਦੀ ਸ਼ੁਰੂਆਤ ਦੇ ਚਾਲੀ ਸਾਲਾਂ ਪਿਛੋਂ ਕੌਮੀ ਖੇਤੀ ਨੀਤੀ ਨੂੰ ਸਿੱਧੇ ਬਦਲਣਾ ਦੇਸ਼ ਨੂੰ ਉਸ ਦੌਰ ਵਿੱਚ ਲੈ ਜਾਵੇਗਾ ਜਦ ਅਸੀਂ ਜਹਾਜ ਤੋਂ ਆਉਣ ਵਾਲੇ ਅਨਾਜ 'ਤੇ ਨਿਰਭਰ ਰਹਿੰਦੇ ਸਾਂ। ਸ਼ਾਇਦ ਅਸੀਂ ਭੁੱਲ ਚੁੱਕੇ ਹਾਂ ਕਿ ਭੀਖ ਦੇ ਕਟੋਰੇ ਨਾਲ ਜਿਉਣਾ ਕਿਹੋ ਜਿਹਾ ਹੁੰਦਾ ਹੈ ਇਸ ਲਈ ਉਹਨਾਂ ਦਿਨਾਂ ਨੂੰ ਯਾਦ ਕਰਨਾ ਜ਼ਰੂਰੀ ਹੈ ਜਦ 1965-66 'ਚ ਅਸੀਂ ਖਾਦ ਸੰਕਟ ਨਾਲ ਜੂਝ ਰਹੇ ਸਾਂ। ਉਹ ਸਭ ਤੋਂ ਭਿਅੰਕਰ ਸਮਾਜਕ ਰਾਜਸੀ ਸੀ ਪਰ ਸਿਰਫ ਦੋ ਸਾਲਾਂ ਵਿਚ ਦੇਸ਼ ਦੇ ਕਿਸਾਨਾਂ ਨੇ ਸਾਨੂੰ ਕੱਢ ਲਿਆ ਸੀ। ਅਨਾਜ ਸਬੰਧੀ ਆਤਮ ਨਿਰਭਰਤਾ ਦੇ ਅਮਲੇ 'ਚ ਛੇੜਛਾੜ ਖਤਰਨਾਕ ਇਸ ਲਈ ਹੈ ਕਿ ਇਹ ਸਾਨੂੰ ਜਹਾਜ ਤੋਂ ਮੂੰਹ ਤਕ ਵਾਲੇ ਦਿਨਾਂ ਵੱਲ ਧੱਕ ਦੇਵੇਗਾ ਜਦ ਅਨਾਜ ਜਹਾਜਾਂ 'ਤੇ ਲੱਦ ਕੇ ਆਉਂਦਾ ਸੀ ਅਤੇ ਸਿੱਧਾ ਭੁੱਖੇ ਲੋਕਾਂ ਤਕ ਪਹੁੰਚਦਾ ਸੀ। ਅਸੀਂ ਕਿਹੜੀਆਂ ਮੁਸ਼ਕਲਾਂ ਵਿੱਚ ਸਾਂ ਇਸ ਨੂੰ ਇਸ ਗੱਲ ਤੋਂ ਸਮਝਿਆ ਜਾ ਸਕਦਾ ਹੈ ਕਿ ਇਕ ਵਾਰੀ ਇਸ ਲੇਖਕ ਨੇ ਉਸ ਵੇਲੇ ਦੇ ਖਾਦ ਮੰਤਰੀ ਸੀ ਸੁਬਰਾਮਨੀਅਮ ਤੋਂ ਪੁੱਛਿਆ ਕਿ ਜਦ ਅਮਰੀਕਾ ਨੇ ਅਨਾਜ ਦੀ ਸਪਲਾਈ ਬੰਦ ਕੀਤੀ ਤਾਂ ਉਹਨਾਂ ਨੇ ਇਸ ਸੰਕਟ ਨੇ ਕਿਵੇਂ ਝੱਲਿਆ? ਸੁਬਰਾਮਣੀਅਮ ਉਸ ਤਣਾਅ ਨੂੰ ਸਬਦਾਂ 'ਚ ਬਿਆਨ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਜੋ ਉਹਨਾਂ ਨੇ ਝੱਲਿਆ ਸੀ। ਉਹਨਾਂ ਮੁਤਾਬਕ ਉਸ ਵੇਲੇ ਦੇ ਅਮਰੀਕੀ ਰਾਸ਼ਟਰਪਤੀ ਲਿੰਡਨ ਜਾਨਸਨ ਭਾਰਤ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸਾਸ਼ਤਰੀ ਦੇ ਉਸ ਬਿਆਨ ਤੋਂ  ਖਫਾ ਸਨ ਜਿਸ ਵਿਚ ਸਾਸਤਰੀ ਜੀ ਨੇ ਵਿਅਤਨਾਮ 'ਚ ਅਮਰੀਕਾ ਦੇ ਯੁੱਧ ਨੂੰ ਹਮਲਾ ਕਰਾਰ ਦਿੱਤਾ ਗਿਆ ਸੀ। ਨਾਰਾਜ ਰਾਸ਼ਟਰਪਤੀ ਜਾਨਸਨ ਨੇ ਭਾਰਤ ਨੂੰ ਸਬਕ ਸਿਖਾਉਣ ਲਈ ਥੋੜ੍ਹੀ-ਥੋੜ੍ਹੀ ਮਾਤਰਾ 'ਚ ਅਨਾਜ ਦੇਣ ਦਾ ਨਿਰਦੇਸ਼ ਦਿੱਤਾ ਗਿਆ ਸੀ। ਸੁਬਰਮਣਯਮ ਨੇਯਾਦ ਕਰਦੇ ਹੋਇਆ ਦੱਸਿਆ ਕਿ ਉਸ ਸਮੇਂ ਸਾਡੇ ਕੋਲ ਏਨਾ ਹੀ ਅਨਾਜ ਬਚਿਆ ਸੀ ਕਿ ਅਸੀਂ ਦਸ ਦਿਨ ਜਾਂ

ਉਸ ਤੋਂ ਕੁਝ ਵੱਧ ਦਿਨ ਹੋਰ ਖਾ ਸਕਦੇ ਸਾਂ ਅਤੇ ਉਸ ਤੋਂ ਵੀ ਬੁਰੀ ਗੱਲ ਇਹ ਸੀ ਕਿ ਕਿਧਰੋਂ ਕੁਝ ਆ ਵੀ ਨਹੀਂ ਰਿਹਾ ਸੀ। ਉਦੋਂ ਉਹਨਾਂ ਅਧਿਕਾਰੀਆਂ ਨੂੰ ਕਿਹਾ ਕਿ ਸਮੁੰਦਰ 'ਚ ਉਹਨਾਂ ਜਹਾਜਾਂ ਦੀ ਪਹਿਚਾਣ ਕਰੀਏ ਜੋ ਅਨਾਜ ਲੈ ਕੇ ਜਾ ਰਹੇ ਹੋਣ ਅਤੇ ਸਭ ਤੋਂ ਨੇੜੇ ਹੋਣੇ ਤਦ ਕਣਕ ਨਾਲ ਲੱਦੇ ਇਕ ਜਹਾਜ ਦੀ ਪਹਿਚਾਣ ਕੀਤੀ ਗਈ ਅਤੇ ਅਮਰੀਕੀ ਰਾਸ਼ਟਰਪਤੀ ਨੂੰ ਇਕ ਸੰਦੇਸ਼ ਭੇਜਿਆ ਕਿਆ ਕਿ ਉਸ ਜਹਾਜ ਨੂੰ ਭਾਰਤ ਵੱਲ ਮੋੜ ਦੇਣ। ਇਹ ਸਾਲ 1965-66 ਦਾ ਸੀ ਜਦ ਭਾਰਤ ਨੂੰ ਦਸ ਲੱਖ ਟਨ ਦੀ ਦਰਾਮਦ ਕਰਨੀ ਪਈ। ਇਕ ਸਾਲ ਬਾਅਦ ਫਿਰ ਭਾਰਤ ਨੇ ਗਿਆਰਾਂ ਲੱਖ ਟਨ, ਅਨਾਜ ਦੀ ਦਰਾਮਦ ਬੰਦ ਕਰ ਦਿੱਤੀ ਅਤੇ ਬਾਰਮਦ 'ਚ ਦਰਾਮਦ ਵੀ ਕਰਨ ਲੱਗਿਆ। ਅਕਾਲ ਪੁਲਣ ਦੀ ਰਣਨੀਤੀ ਦੇ ਲਈ ਦੋ ਪ੍ਰੋਗਰਾਮਾਂ 'ਤੇ ਧਿਆਨ ਦਿੱਤਾ ਗਿਆ। ਇਕ ਉਤਸ਼ਾਹ ਵਜੋਂ ਕਿਸਾਨਾਂ ਨੂੰ ਖਰੀਦ ਮੁੱਲ ਦੇਣਾ ਤਾਂ ਕਿ ਖਾਦ ਦੀ ਪੈਦਾਵਾਰ ਕਰਦੇ ਰਹੀਏ ਅਤੇ ਦੂਸਰਾ ਅਨਾਜ ਦੀ ਕਮੀ ਝੱਲ ਰਹੇ ਇਲਾਕਿਆਂ ਤੱਕ ਅਨਾਜ ਆਦਿ ਲੈ ਜਾਣ ਲਈ ਭਾਰਤ ਖਾਦ ਨਿਗਮ ਦੀ ਸਥਾਪਨਾ ਇਹਨਾਂ ਦੋਹਾਂ ਮਹੱਤਵਪੂਰਨ ਕਦਮਾਂ ਰਾਹੀਂ ਦੇਸ਼ ਅਕਾਲ ਤੇ ਭੁਖਮਰੀ ਦੇ ਪਰਛਾਵੇ ਤੋਂ ਬਾਹਰ ਨਿਕਲਿਆ। ਪਹਿਲੇ ਹਰੇ ਇਨਕਲਾਬ ਦੀ ਸ਼ੁਰੂਆਤ ਦੇ ਚਾਲੀ ਸਾਲਾਂ ਬਾਅਦ ਭਾਰਤੀ ਖੇਤੀ ਫਿਰ ਤੋਂ ਸੰਕਟ ਵਿੱਚ ਹੈ। ਅਨਾਜ ਦੀ ਪੈਦਾਵਾਰ ਘਟ ਰਹੀ ਹੈ। ਮਿੱਟੀ ਦਾ ਦਮ ਘੁੱਟ ਰਿਹਾ ਹੈ ਅਤੇ ਕਿਸਾਨ ਖੇਤੀ ਤੋਂ ਬਾਹਰ ਧੱਕ ਦਿੱਤੇ ਗਏ ਹਨ। ਦੇਸ਼ ਦੇ ਭਰਵੇਂ ਖੇਤੀ ਵਾਲੇ ਇਲਾਕਿਆਂ ਵਿੱਚ ਕੁਦਰਤੀ ਸਾਧਨ ਨਸ਼ਟ ਹੋ ਚੁੱਕੇ ਹਨ ਅਤੇ ਬਾਕੀ ਜੋਤ ਵਾਲੀ ਜਮੀਨ ਵਿੱਚ ਦੂਜੇ ਪੜਾਅ ਦਾ ਵਾਤਾਵਰਣ ਪ੍ਰਵਾਹ ਦਿਖਾਈ ਦੇਣ ਲੱਗਿਆ ਹੈ। ਲਗਾਤਾਰ ਹੋਣ ਵਾਲੀ ਕਿਸਾਨਾਂ ਦੀ ਮੌਤ ਦੇ ਸ਼ੀਸ਼ੇ ਵਿੱਚ ਵੀ ਇਸ ਖੇਤੀ ਦੀ ਉਸ ਬਰਬਾਦੀ ਨੂੰ ਸਾਫ ਵੇਖ ਸਕਦੇ ਹਾਂ ਇਸ ਦੇ ਬਾਵਜੂਦ ਭਾਰਤ ਦੂਜੇ ਹਰੇ ਇਨਕਲਾਬ ਦੀ ਦਿਸ਼ਾ ਵਿੱਚ ਕਦਮ ਵਧਾਉਣ ਦੀ ਤਿਆਰੀ ਕਰ ਰਿਹਾ ਹੈ। ਇਸ ਦੂਜੀ ਹਰੀ ਕ੍ਰਾਂਤੀ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਉਸ ਸਮੇਂ ਕੀਤੀ ਜਾ ਰਹੀ ਹੈ ਜਦ ਪਹਿਲੀ ਹਰੀ ਕ੍ਰਾਂਤੀ ਦੀ ਅਸਫਲਤਾ ਦੇ ਸੰਕੇਤ ਸਾਫ਼ ਨਜ਼ਰ ਆ ਰਹੇ ਹਨ। ਲੇਕਿਨ ਕੀ ਦੂਜੀ ਹਰੀ ਕ੍ਰਾਂਤੀ ਧਨੀ ਤੇ ਸਨਅਤੀ ਦੇਸ਼ਾਂ ਵਿੱਚ ਸਫਲ ਹੋਈ ਹੈ? ਗੌਰ ਕਰਨ ਦੇ ਲਾਇਕ ਗੱਲ ਇਹ ਹੈ ਕਿ ਅਮਰੀਕਾ ਯੂਰਪ ਅਤੇ ਬਾਕੀ ਧਨੀ ਤੇ ਸਨਅਤੀ ਦੇਸ਼ਾਂ ਦੇ ਕਿਸਾਨ ਖੇਤੀ ਛੱਡ ਰਹੇ ਹਨ ਕਿਉਂ? ਇਹ ਵਾਅਦਾ ਕਾਰੋਬਾਰ ਅਤੇ ਵਸਤਾਂ ਦੀ ਅਦਲਾ ਬਦਲੀ ਤੋਂ ਫਾਇਦਾ ਉਠਾ ਸਕਦੇ ਹਨ। ਸੁਪਰ ਮਾਰਕਿਟ ਦੇ ਖੁਦਰਾ ਸਟੋਰਸ ਨਾਲ ਜੁੜੇ ਹੋਣ ਕਰਕੇ ਉਹਨਾਂ ਨੂੰ ਖਪਤਕਾਰ ਮੁੱਲ ਦਾ ਵੱਡਾ ਹਿੱਸਾ ਵੀ ਮਿਲਦਾ ਹੈ। ਫਿਰ ਵੀ ਉਹ ਵੱਡੇ ਪੈਮਾਨੇ 'ਤੇ ਖੇਤੀ ਛੱਡ ਰਹੇ ਹਨ। ਜੇ ਵੈਲਯੂ ਏਡੀ ਸਨ ਕਿਸਾਨ ਦੇ ਹਿੱਤ ਵਿਚ ਹੈ ਤਾਂ ਨਿੱਜੀ ਵਪਾਰ ਤੋਂ ਕਿਸਾਨਾਂ ਨੂੰ ਵੱਖ ਆਮਦਨ ਹੈ ਤਾਂ ਉਹ ਖੇਤੀ ਛੱਡ ਕਿਉਂ ਰਹੇ ਹਨ। ਜਦ ਖੇਤੀ ਦਾ ਇਹ ਫਾਰਮੂਲਾ ਭਾਰਤੀ ਕਿਸਾਨਾਂ ਨੂੰ ਦਾਨ ਵਿੱਚ ਦਿੱਤਾ ਜਾ ਰਿਹਾ ਹੈ, ਨੀਤੀ ਬਣਾਉਣ ਵਾਲੇ ਅਤੇ ਖੇਤੀ ਵਪਾਰ 'ਚ ਲੱਗੀਆਂ ਕੰਪਨੀਆਂ ਸਾਨੂੰ ਇਹ ਦੱਸਦੀਆਂ ਨਹੀਂ ਥੱਕਦੀਆਂ ਕਿ ਸਿਰਫ ਇਹ ਬਦਲਾਅ ਹੀ ਦੂਜੀ ਹਰੀ ਕ੍ਰਾਂਤੀ ਲਿਆਵੇਗਾ ਅਤੇ ਸਾਡੇ ਕਿਸਾਨਾਂ ਨੂੰ ਮੰਡੀ ਦੇ ਚੁੰਗਲ 'ਚੋਂ ਆਜਾਦ ਕਰੇਗਾ। ਉਹ ਸਾਨੂੰ ਇਹ ਨਹੀਂ ਦੱਸਦੇ ਕਿ ਖੇਤੀ ਦਾ ਇਹੀ ਮਾਡਲ ਅਮਰੀਕਾ 'ਚ ਕੰਮ ਨਹੀਂ ਕਰ ਰਿਹਾ ਹੈ, ਉਥੋਂ ਦੇ ਕਿਸਾਨ ਤੇਜੀ ਨਾਲ

ਖੇਤੀ ਛੱਡ ਰਹੇ ਹਨ ਅਤੇ ਖੇਤੀ, ਖੇਤੀ-ਵਪਾਰ 'ਚ ਲੱਗੀਆਂ ਕਾਪੋਰੇਸ਼ਨਾਂ ਦੇ ਹੱਥ ਚਲੀ ਗਈ ਹੈ। ਯੂਰਪ ਵਿੱਚ ਵੀ ਸਬਸਿਡੀ ਸਭ ਤੋਂ ਵੱਧ ਹੈ। ਉਥੇ ਖੇਤੀ ਸ਼ੁਰੂ ਕਰਨ 'ਤੇ ਸਬਸਿਡੀ ਦਿੱਤੀ ਜਾਂਦੀ ਹੈ। ਆਪਣੇ ਪਾਸ ਖੇਤੀ ਹੈ ਤਾਂ ਆਪ ਨੂੰ ਸਬਸਿਡੀ ਮਿਲੇਗੀ। ਗਾਂ, ਸੂਰ ਜਾਂ ਘੋੜੇ ਰੱਖਣ 'ਤੇ ਵੀ ਸਬਸਿਡੀ ਦਿੱਤੀ ਜਾਂਦੀ ਹੈ। ਖੇਤੀ 'ਚ ਕੰਮ ਆਉਣ ਵਾਲੀ ਮਸ਼ੀਨ ਖਰੀਦਣ ਲਈ ਰਿਆਇਤੀ ਦਰ 'ਤੇ ਕਰਜਾ ਮਿਲ ਜਾਂਦਾ ਹੈ, ਜੋ ਪਿੱਛੋਂ ਸਾਫ ਕਰ ਦਿੱਤਾ ਜਾਂਦਾ ਹੈ। ਆਪ ਨੂੰ ਜੈਵ-ਵਿਵਧਤਾ ਬਣਾਈ ਰੱਖਣ ਅਤੇ ਲਾੜੀਆਂ ਲਾਉਣ ਲਈ ਵੀ ਸਬਸਿਡੀ ਮਿਲੇਗੀ ਉੱਥੋਂ ਦੀ ਪੇਂਡੂ ਬੁਨਿਆਦੀ ਸਰਚਨਾ ਵੀ ਬੇਹਤਰ ਤਰੀਕੇ ਨਾਲ ਕੰਮ ਕਰਦੀ ਹੈ ਕਿਸਾਨਾਂ ਨੂੰ ਬੀਮਾ ਤੇ ਕਰਜੇ ਦੀ ਸਹੂਲਤ ਹੈ ਅਤੇ ਉਥੋਂ ਭਾਰਤ ਵਾਂਗੂੰ ਮੰਡੀਆਂ ਵੀ ਨਹੀਂ ਹਨ। ਇਸ ਦੇ ਬਾਵਜੂਦ ਹਰ ਮਿੰਟ ਕੋਈ ਨਾ ਕੋਈ ਕਿਸਾਨ ਖੇਤੀ ਛੱਡ ਦਿੰਦਾ ਹੈ। ਅਮਰੀਕਾ ਵਿੱਚ ਜਿੰਨੇ ਲੋਕ ਖੇਤੀ ਵਿਚ ਹਨ, ਉਸ ਤੋਂ ਵੱਧ ਜੇਲ੍ਹ ਵਿਚ ਹਨ। ਉਹ 70 ਲੱਖ ਲੋਕ ਜਾਂ ਤਾਂ ਜੇਲ੍ਹਾਂ ਵਿੱਚ ਹਨ ਜਾਂ ਫਿਰ ਪੈਰੋਲ 'ਤੇ ਜਾਂ ਜਮਾਨਤ 'ਤੇ। ਸਿਰਫ 7 ਲੱਖ ਲੋਕ ਖੇਤੀ 'ਚ ਲੱਗੇ ਹੋਏ ਹਨ। ਸਾਲ 2000 ਦੀ ਜਨਗਣਨਾ 'ਚ ਕਿਸਾਨਾਂ 'ਚ ਗਿਣਿਆ ਹੀ ਨਹੀਂ ਗਿਆ। ਅਮਰੀਕਾ ਦੇ ਇਤਿਹਾਸ ਵਿੱਚ ਅਜਿਹਾ ਪਹਿਲੀ ਵਾਰੀ ਹੋਇਆ। ਵੈਸੇ ਵੀ ਉਥੇ ਕਿਸਾਨਾਂ ਦੀ ਗਿਣਤੀ ਕਾਫੀ ਘੱਟ ਹੋ ਚੁੱਕੀ ਹੈ। ਇਸ ਲਈ ਅਮਰੀਕਾ ਜਦ ਕਿਸਾਨਾਂ ਦੀ ਗੱਲ ਕਰਦਾ ਹੈ ਤਾਂ ਉਹ ਨਿਗਮਾਂ ਤੇ ਮਸ਼ੀਨਾਂ ਦੀ ਗੱਲ ਵੀ ਕਰ ਰਿਹਾ ਹੁੰਦਾ ਹੈ। ਖੇਤੀ ਸਾਧਨਾ ਦੇ ਨਿਜੀਕਰਣ ਨੂੰ ਹੱਲਾਸ਼ੇਰੀ ਦੇਣ ਵਾਲੇ ਨੀਤੀਗਤ ਸਮੱਸਿਆ ਮਾਮਲੇ ਦੀ ਗੰਭੀਰਤਾ ਨੂੰ ਹੋਰ ਵੀ ਵਧਾ ਰਹੇ ਹਨ। ਜਿਵੇਂ ਖੇਤੀਯੋਗ ਭੂਮੀ ਦਾ ਹੜੱਪਣਾ, ਭਾਰਤੀ ਖੇਤਾ ਦਾ ਵਿਸ਼ਵੀ ਅਰਥਚਾਰੇ ਨਾਲ ਮਿਲਾਨ ਅਤੇ ਕਿਸਾਨ ਨੂੰ ਖੇਤੀ ਤੋਂ ਬਾਹਰ ਦਾ ਰਾਹ ਵਿਖਾਉਣਾ। ਨਵ ਉਦਾਰਵਾਦੀ ਆਰਥਕ ਵਿਕਾਸ ਮਾਡਲ 'ਚ ਇਹ ਸਾਡੀਆਂ ਵਿਸੇਸ਼ਤਾਵਾਂ ਹਨ। ਕਿਤੇ ਨਾ ਕਿਤੇ ਇਹ ਸਾਰੀ ਕਵਾਇਤ ਇਸ ਲਈ ਕੀਤੀ ਜਾ ਰਹੀ ਹੈ ਕਿ ਇਹ ਸਾਬਤ ਕੀਤਾ ਜਾ ਸਕੇ ਕਿ ਛੋਟੀ ਜੋਤ ਵਾਲੀ ਖੇਤੀ ਦੇਸ਼ 'ਤੇ ਬੋਝ ਬਣ ਚੁੱਕੀ ਹੈ ਅਤੇ ਜਿੰਨੀ ਜਲਦੀ ਦੇਸ਼ ਇਹਨਾਂ ਕਿਸਾਨਾਂ ਤੋਂ ਛੁਟਕਾਰਾ ਪਾ ਸਕੇ ਤਾਂ ਇਹ ਆਰਥਕ ਵਿਕਾਸ ਲਈ ਬੇਹਤਰ ਹੋਵੇਗਾ। ਅਨਾਜ ਪੈਦਾਵਾਰ 'ਚ ਵਾਧਾ ਅਤੇ ਖੇਤੀ ਵਸਤਾਂ ਦੀ ਬੇਹਤਰ ਕੀਮਤ ਦਿਵਾਉਣ ਦੇ ਨਾਂ 'ਤੇ ਖੇਤੀ ਸੁਧਾਰ ਲਾਗੂ ਕੀਤੇ ਜਾ ਰਹੇ ਹਨ। ਵਸਤਾਂ ਦੀ ਬੇਹਤਰ ਕੀਮਤ ਦਿਵਾਉਣ ਦੇ ਨਾਂ 'ਤੇ ਖੇਤੀ ਸੁਧਾਰ ਲਾਗੂ ਕੀਤੇ ਜਾ ਰਹੇ ਹਨ। ਤਾਂ ਕਿ ਖੇਤੀ ਦੀ ਪੈਦਾਵਾਰ ਯੋਗਤਾ ਨੂੰ ਨਸ਼ਟ ਕਰ ਦਿੱਤਾ ਜਾਵੇ ਅਤੇ ਖੇਤੀ ਭਾਈਚਾਰੇ ਨੂੰ ਹਾਸ਼ੀਏ 'ਤੇ ਧੱਕਿਆ ਜਾ ਸਕੇ। ਠੇਕਾ ਖੇਤੀ ਵਸਤਾਂ 'ਚ ਵਾਅਦਾ ਕਾਰੋਬਾਰ ਖੇਤੀ ਵਾਲੀ ਜਮੀਨ 'ਚ ਕੰਪਨੀਆਂ ਦੀ ਹਿੱਸੇਦਾਰੀ ਜ਼ਮੀਨ ਨੂੰ ਲੀਜ਼ 'ਤੇ ਦੇਣ ਤੇ ਖੇਤੀ ਵਸਤਾਂ ਦੀ ਸਿੱਧੀ ਖਰੀਦ ਦੀ ਛੋਟੇ ਵਰਗੇ ਕਦਮ ਜ਼ਿਆਦਾਤਰ ਕਿਸਾਨਾਂ ਨੂੰ ਖੇਤੀ ਤੋਂ ਬਾਹਰ ਧੱਕ ਦੇਣਗੇ। ਆਰਥਕ ਵਿਕਾਸ ਦੇ ਨਾਂ 'ਤੇ ਅਸੀਂ ਇਕ ਅਜਿਹੇ ਵਿਕਾਸ ਮਾਡਲ ਨੂੰ ਅਪਣਾ ਰਹੇ ਹਾਂ ਜੋ ਕਹਿੰਦਾ ਹੈ ਕਿ ਜੇ ਦੇਸ਼ ਨੂੰ ਅੱਗੇ ਵਧਾਉਣਾ ਹੈ ਤਾਂ ਖੇਤੀ ਉਪਰ ਨਿਰਭਰਤਾ ਘੱਟ ਕਰਨੀ ਜ਼ਰੂਰੀ ਹੈ। ਇਸ ਨਾਲ ਪਿੰਡਾਂ ਤੋਂ ਸ਼ਹਿਰਾਂ ਵੱਲ ਹਿਜ਼ਰਤ ਵਧੇਗੀ ਅਤੇ ਬੇਚੈਨੀ ਵੀ। ਇਸ ਪ੍ਰਸੰਗ ਵਿੱਚ ਸੰਸਾਰ ਬੈਂਕ ਦੇ ਸਾਬਕਾ ਮੁਖੀ ਅਤੇ ਕੌਮਾਂਤਰੀ ਖੇਤੀ ਰਿਸਰਚ ਸਲਾਹਕਾਰ ਦਲ ਦੇ ਸਾਬਕਾ ਮੁਖੀ ਅਤੇ ਕੌਮਾਂਤਰੀ ਖੇਤੀ

ਰਿਸਰਚ ਸਲਾਹਕਾਰ ਦਲ ਦੇ ਸਾਬਕਾ ਮੁਖੀ ਡਾ. ਇਸਮਾਇਲਸੇਰਾ-ਜੇਡਿਨ ਦੀ ਇਹ ਚੇਤਾਵਨੀ ਯਾਦ ਆਉਂਦੀ ਹੈ ਕਿ ਸੰਨ 2015 ਤਕ ਭਾਰਤ 'ਚ ਪਿੰਡਾਂ ਤੋਂ ਸ਼ਹਿਰਾਂ ਵੱਲ ਹਿਜਰਤ ਕਰਨ ਵਾਲੇ ਲੋਕਾਂ ਦੀ ਸੰਭਾਵਿਤ ਗਿਣਤੀ ਇੰਗਲੈਂਡ ਅਮਰੀਕਾ ਤੇ ਫਰਾਂਸ ਦੀ ਕੁਲ ਅਬਾਦੀ ਵੀਹ ਕਰੋੜ ਹੈ। ਇਸ ਦਾ ਮਤਲਬ ਹੋਇਆ ਕਿ ਅਗਲੇ ਕੁਝ ਸਾਲਾਂ ਵਿੱਚ ਕਰੋੜਾਂ ਉਜੜੇ ਖੇਤੀ ਮਜ਼ਦੂਰ ਸ਼ਹਿਰਾਂ ਵੱਲ ਕੂਚ ਕਰਨਗੇ। ਹਰੀ ਕ੍ਰਾਂਤੀ ਦੀ ਕਹਾਣੀ ਉਦੋਂ ਪੂਰੀ ਹੋਵੇਗੀ।

ਦੇਸ਼ ਦੀ ਕਰੀਬ 60 ਫੀਸਦੀ ਆਬਾਦੀ ਦੀ 85 ਫੀਸਦੀ ਆਮਦਨ ਫਸਲਾਂ ਉਗਾਉਣ ਤੇ ਰੁਜ਼ਗਾਰ ਯੋਜਨਾਵਾਂ ਵਿਚ ਮਜ਼ਦੂਰੀ ਕਰਨ ਤੋਂ ਆਉਂਦੀ ਹੈ। ਪਰ ਇਹ ਹੈਰਾਨ ਕਰ ਦੇਣ ਵਾਲੀ ਗੱਲ ਹੈ ਕਿ ਕੁਝ ਸਾਲਾਂ 'ਚ ਛੋਟੇ ਕਿਸਾਨਾਂ ਨੂੰ ਖੇਤੀ ਤੋਂ ਹੋਣ ਵਾਲੀ ਆਮਦਨ ਦੈਨਿਕ ਮਜ਼ਦੂਰੀ ਕਰਨ ਵਾਲਿਆਂ ਤੋਂ ਵੀ ਘੱਟ ਹੋ ਗਈ ਹੈ। ਉਤਰ ਪ੍ਰਦੇਸ਼ ਦੇ ਕਿਸਾਨਾਂ ਦੀ ਆਮਦਨ ਸਭ ਤੋਂ ਘੱਟ ਯਾਨੀ 1650 ਰੁਪਏ ਮਹੀਨਾ ਹੈ ਮੱਧ ਪ੍ਰਦੇਸ, ਰਾਜਸਥਾਨ ਤੇ ਉੜੀਸਾ ਦੇ ਕਿਸਾਨ ਥੋੜ੍ਹੇ ਹੀ ਬੇਹਤਰ ਹਨ। ਖੇਤੀ ਤੋਂ ਹੋਣ ਵਾਲੀ ਆਮਦਨ ਜੰਮੂ-ਕਸ਼ਮੀਰ ਵਿੱਚ ਸਭ ਤੋਂ ਵੱਧ ਯਾਨੀ 5500 ਰੁਪਏ ਮਹੀਨਾ ਹੈ। ਇਸ ਪਿੱਛੋਂ ਪੰਜਾਬ ਤੇ ਕੇਰਲਾ ਦੀ ਥਾਂ ਹੈ। ਖੇਤੀ ਮੰਤਰਾਲੇ ਮੁਤਾਬਕ ਖੇਤੀ ਤੇ ਹੋਣ ਵਾਲੀ ਆਮਦਨ ਵੀ ਘੱਟ ਹੁੰਦੀ ਜਾ ਰਹੀ ਹੈ। ਕੌਮੀ ਨਮੂਨਾ ਸਰਵੇਖਣ ਸੰਗਠਨ ਦੀ ਇਕ ਰਿਪੋਰਟ ਦੀ ਹੀ ਉਦਾਹਰਣ ਲਵੋ। ਇਸ ਮੁਤਾਬਕ 2003-04 'ਚ ਇਕ ਕਿਸਾਨੀ ਘਰ ਦੀ ਔਸਤ ਆਮਦਨ ਦੋ ਹਜਾਰ ਇਕ ਸੌ 15 ਰੁਪਏ ਸੀ ਜਦ ਇਸ ਦੀ ਤੁਲਨਾ ਸਰਕਾਰ ਦੇ ਇਕ ਚਪੜਾਸੀ ਦੀ ਤਨਖਾਹ 15000 ਰੁਪਏ ਹੈ। ਕੀ ਅਸੀਂ ਅਜਿਹਾ ਨਹੀਂ ਕਰ ਸਕਦੇ ਕਿ ਆਮਦਨ ਘੱਟੋ ਘੱਟ ਇਕ ਸਰਕਾਰੀ ਚਪੜਾਸੀ ਦੇ ਬਰਾਬਰ ਤਾਂ ਹੋਵੇ?

ਬੇਹਤਰ ਤੇ ਜਾਗਰਿਤ ਖੇਤੀ ਖੇਤਰ ਕੌਮ ਦੇ ਅਰਥਚਾਰੇ ਦੇ ਹਿੱਤ ਵਿੱਚ ਹੈ। ਖੇਤੀ ਖੇਤਰ ਨੂੰ ਆਰਥਕ ਤੌਰ 'ਤੇ ਸਮਰਥ ਬਣਾਉਣ ਲਈ ਸ਼ਾਇਦ ਇਕ ਹੀ ਤਰੀਕਾ ਹੈ ਅਤੇ ਉਹ ਹੈ ਛੇਵੇਂ ਤਨਖਾਤ ਕਮਿਸ਼ਨ ਦਾ ਗਠਨ। ਘੱਟੋ ਘੱਟ ਜਮੀਨ ਦੀ ਹੱਦ ਚਾਹੇ ਉਸ 'ਚ ਕਿੰਨੀ ਵੀ ਪੈਦਾਵਾਰ ਹੋਵੇ, ਦੇ ਆਧਾਰ 'ਤੇ ਇਹ ਤਹਿ ਕੀਤਾ ਜਾਵੇ ਕਿ ਕਿਸਾਨਾਂ ਨੂੰ ਇਕ ਨਿਸ਼ਚਤ ਰਾਸ਼ੀ ਮਿਲੇ। ਦੇਸ਼ ਦੇ ਅੰਨਦਾਤਿਆਂ ਨੂੰ ਇਸ ਤਰ੍ਹਾਂ ਭੁੱਖਾ ਨਹੀਂ ਛੱਡਿਆ ਜਾ ਸਕਦਾ।

✪✪✪